

Harkesh Singh Kehal

Academy of the Punjab in North America: http://www.apnaorg.com

ਇਸ ਕਿਤਾਬ ਨੇ ਮੈਨੂੰ ਆਪਣਾ ਭੁਲਿਆ ਵਿਸਰਿਆ ਬਚਪਨ ਅਤੇ ਪਾਕਿਸਤਾਨ ਵਿਚ ਰਹਿ ਗਏ ਮੇਰੇ ਪਿੰਡ ਦੀ ਯਾਦ ਕਰਾ ਦਿੱਤੀ ਹੈ। ਜਿਨ੍ਹਾਂ ਵਸਤਾਂ ਸਬੰਧੀ ਲੇਖਕ ਨੇ ਜਾਣਕਾਰੀ ਦਿੱਤੀ ਹੈ, ਉਨ੍ਹਾਂ ਵਿਚੋਂ ਬਹੁਤੀਆਂ ਲੋਪ ਹੋ ਚੁੱਕੀਆਂ ਹਨ। ਕਈਆਂ ਦਾ ਰੂਪ ਬਦਲ ਗਿਆ ਹੈ। ਉਹ ਪੰਜਾਬ ਦੇ ਲੋਕ ਗੀਤਾਂ ਵਿਚੋਂ ਉਦਾਹਰਨ ਦੇ ਕੇ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਦਾ ਹੈ। ਲੋਕ ਗੀਤ ਵੀ ਸਾਡੇ ਵਿਰਸੇ ਦਾ ਕੀਮਤੀ ਸਰਮਾਇਆ ਹਨ। ਇਸ ਸੱਚਾਈ ਨੂੰ ਭੁਲਣਾ ਨਹੀਂ ਚਾਹੀਦਾ ਕਿ ਜਿਹੜੇ ਲੋਕ ਆਪਣੀ ਮਾਂ ਬੋਲੀ ਅਤੇ ਆਪਣੇ ਸਭਿਆਚਾਰਕ ਵਿਰਸੇ ਨੂੰ ਭੁੱਲ ਜਾਂਦੇ ਹਨ, ਉਸ ਬੋਲੀ ਤੇ ਸਭਿਆਚਾਰ ਦੀ ਮੌਤ ਹੋ ਜਾਂਦੀ ਹੈ। ਮੈਂ ਹਰਕੇਸ਼ ਸਿੰਘ ਕਹਿਲ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਦੇ ਲੋਕ ਜੀਵਨ ਨਾਲ ਜੁੜੀਆਂ ਉਨ੍ਹਾਂ ਮਹੱਤਵਪੂਰਨ ਚੀਜ਼ਾਂ ਵੱਲ ਧਿਆਨ ਦਵਾਇਆ ਹੈ, ਜੋ ਅੱਧੀ ਸਦੀ ਪਹਿਲਾਂ ਤੱਕ ਆਮ ਵੇਖਣ ਵਿਚ ਆਉਂਦੀਆਂ ਸਨ। ਪ੍ਰੋ. ਪੂਰਨ ਸਿੰਘ ਪੁਰਾਣੇ ਪੰਜਾਬ ਨੂੰ ਐਵੇਂ ਆਵਾਜ਼ਾਂ ਨਹੀਂ ਮਾਰਦਾ। ਕਹਿਲ ਦੀਆਂ ਰਚਨਾਵਾਂ ਪੰਜਾਬ ਦੇ ਲੋਕ ਵਿਰਸੇ ਦੀ ਤਰਜਮਾਨੀ ਕਰਦੀਆਂ ਹਨ।

**ਕਰਨੈਲ ਸਿੰਘ ਥਿੰਦ (ਡਾਕਟਰ)**

ਜਦੋਂ ਮਹਿੰਦਰ ਸਿੰਘ ਰੰਧਾਵਾ ਉਚੇਰੀ ਸੇਵਾ ਪ੍ਰਣਾਲੀ ਤੋਂ ਸੇਵਾ-ਮੁਕਤ ਹੋ ਕੇ ਪੰਜਾਬ ਖੇਤੀ ਯੂਨੀਵਰਸਿਟੀ ਦਾ ਵੀ.ਸੀ. ਲੱਗਿਆ ਤਾਂ ਉਸਨੇ ਕੈਂਪਸ ਵਿਚ ਸਮਾਜਿਕ ਇਤਿਹਾਸ ਦਾ ਅਜਾਇਬ ਘਰ ਬਣਾਉਣ ਦਾ ਸੁਪਨਾ ਲਿਆ। ਐਮ. ਐਸ. ਰੰਧਾਵਾ ਨੇ ਉਥੇ ਉਹ ਸਭ ਕੁਝ ਇਕੱਠਾ ਕੀਤਾ ਜੋ ਅਲੋਪ ਹੋ ਰਿਹਾ ਸੀ। ਐਮ. ਐਸ. ਰੰਧਾਵਾ ਦਾ ਇਹ ਕੰਮ [illegible] ਵਾਲਾ ਸੀ। ਇਹ ਕੰਮ ਦਾ ਕਿਤਾਬੀ ਰੂਪ ਮੈਨੂੰ ਸੇਵਾਮੁਕਤ ਪੀ ਸੀ ਐਸ. ਅਧਿਕਾਰੀ ਹਰਕੇਸ਼ ਸਿੰਘ ਕਹਿਲ ਦੀ ਰਚਨਾ **'ਅਲੋਪ ਹੋ ਰਿਹਾ ਪੰਜਾਬੀ ਵਿਰਸਾ'** ਵਿਚ ਮਿਲਿਆ। ਇਹ ਪੁਸਤਕ ਪੜ੍ਹ ਕੇ ਮੇਰੇ ਮਨ ਵਿਚ [illegible] ਵਾਲੇ [illegible] ਕਰਨ ਵਾਲਿਆਂ ਦੇ ਬਰਾਬਰ ਦੇ ਹੋ ਗਏ ਹਨ। ਜੇ ਪਸੰਦ ਨਾ ਆਵੇ ਤਾਂ ਤੁਹਾਡੇ [illegible] ਲਈ ਮੈਂ ਹਾਜ਼ਰ ਹਾਂ। ਹਾਂ, [illegible] ਨੂੰ ਵੇਖਣ ਵਾਲੀ ਅੱਖ ਮਨੁੱਖ ਦੀ ਹੋਣੀ ਚਾਹੀਦੀ ਹੈ।

**ਗੁਲਜ਼ਾਰ ਸਿੰਘ ਸੰਧੂ**

Harkesh Singh Kehal has extensively dwelt on many such ingredients of the rural life of Punjab which almost half a century ago was the indispensable part of people's daily chores. Entire warp woof of life was woven around these artefacts, but the sweeping changes of the recent years have swept away all the remnants of these objects and symbols. The author fondly remembers them and has tried to make a repertoire for future reference. Apart from this the entire collection makes a sensitive discourse of nostalgia which the old generation sentimentally harbours even today.

**Dr. Jaspal Singh**


unistarbooks.com

UNISTAR BOOKS PVT. LTD.
INDIA
Chandigarh : 26-27, Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +919815471219

ISBN 81-7142-869-X

Rs. 300/-


ਅਲੋਪ ਹੋ ਰਿਹਾ ਪੰਜਾਬੀ ਵਿਰਸਾ

ਹਰਕੇਸ਼ ਸਿੰਘ ਕਹਿਲ

ਹਰਕੇਸ਼ ਸਿੰਘ ਕਹਿਲ

# ਅਲੋਪ ਹੋ ਰਿਹਾ ਪੰਜਾਬੀ ਵਿਰਸਾ

ਨਵਾਂ ਸੋਧਿਆ ਤੇ ਵਧਾਇਆ ਸੰਸਕਰਣ



Academy of the Punjab in North America: http://www.apnaorg.com

# ਅਲੋਪ ਹੋ ਰਿਹਾ ਪੰਜਾਬੀ ਵਿਰਸਾ

**ਹਰਕੇਸ਼ ਸਿੰਘ ਕਹਿਲ**

### ਲੇਖਕ ਦੀਆਂ ਹੋਰ ਰਚਨਾਵਾਂ

1. ਲੋਕ ਗੀਤਾਂ ਵਿਚ ਪੰਜਾਬੀ ਜੀਵਨ 1995
2. ਪੰਜਾਬੀ ਲੋਕ ਵਿਰਸਾ 1996
3. ਯਾਦਾਂ ਦਾ ਸੰਸਾਰ(ਸਵੈ ਜੀਵਨੀ) 2001, 2005
4. ਇਕ ਪਿੰਡ ਦੀ ਕਹਾਣੀ-ਸੰਦੌੜ 2003
5. ਮੇਰੇ ਪਿੰਡ ਦੀ ਬਦਲੀ ਨੁਹਾਰ 2004
6. ਲੋਕ ਗੀਤਾਂ ਵਿਚ ਰਿਸ਼ਤੇ ਨਾਤੇ 2007
(ਵੱਡੀ ਮਾਤਰਾ ਵਿਚ ਗੌਰਮਿੰਟ ਆਫ਼ ਇੰਡੀਆ ਨੇ ਖ਼ਰੀਦੀ)
7. ਘੁੱਗੀਮਾਰ ਅਫ਼ਸਰ 2007

Academy of the Punjab in North America: http://www.apnaorg.com

# ਅਲੋਪ ਹੋ ਰਿਹਾ ਪੰਜਾਬੀ ਵਿਰਸਾ

ਹਰਕੇਸ਼ ਸਿੰਘ ਕਹਿਲ

***Alop Ho Riha Punjabi Virsa***

*(Prose)*

*By*

*Harkesh Singh Kehal, P.C.S.(Retd.)*
*V& P.O. Sandaur, Teh. Malerkotla (Sangrur)*
*Now at*
*43, shant Park, Near Aggar Nagar-I, Ludhiana*
*Ph. No. 0161-3265858, 3060858*

***Revised and enlarged edition 2009***

**© Harkesh Singh Kehal, P.C.S. (Retd.)**

**2009**

Price :
ਪ੍ਰਕਾਸ਼ਕ :

Academy of the Punjab in North America: http://www.apnaorg.com

**ਸਮਰਪਿਤ**

ਪਿਆਰੀਆਂ ਧੀਆਂ ਧਿਆਣੀਆਂ
ਹਰਸੁਖਪਾਲ (ਰਾਣੋ) ਹਰਪ੍ਰੀਤਪਾਲ (ਪਿੰਕੀ)
ਹਰਜਸਪਾਲ(ਨੀਟੀ) ਤੇ ਹਰਮੀਤ ਨੂੰ

Academy of the Punjab in North America: http://www.apnaorg.com

# ਤਤਕਰਾ


## ਖੇਤੀਬਾੜੀ ਸਬੰਧੀ

1. ਖੂਹ
2. ਕੋਹ/ਚਰਸ
3. ਹਲਟ
4. ਬੱਗੇ ਬਲਦ
5. ਘੁੰਗਰਾਲਾਂ
6. ਬਾਗੜੀ ਬੋਤੇ
7. ਫਲ੍ਹੇ
8. ਭੇਡਾਂ ਬੱਕਰੀਆਂ
9. ਕੀਲੇ, ਕੀਲੀਆਂ
10. ਛਿਕੁਲੀ
11. ਕਰਾਹ
12. ਸੁਹਾਗਾ, ਸੁਹਾਗੀ
13. ਪੋਰਾ ਬਾਦਸ਼ਾਹ
14. ਜਿੰਦਾ
15. ਤੰਗਲੀ, ਚਾਰ ਸੁੱਤਾ, ਸਲੰਘ ਤੇ ਜੱਟ
16. ਛੱਜ ਛਜਲੀ
17. ਬੋਹਲ ਬਣਾਉਣੇ
18. ਤਿੰਗੜ
19. ਗੁਲੇਲ-ਗੋਪੀਆ
20. ਪੱਟੀ/ਪੱਖਲੀ
21. ਤੂੜੀ ਦੇ ਕੁੱਪ/ਮੂਸਲ
22. ਮੱਕੀ ਦੇ ਮੁਹਾਰੇ
23. ਆਵਤ ਪਾਉਣੀ
24. ਹਲ਼ ਪੰਜਾਲੀ
25. ਹੱਥ ਟੋਕਾ
26. ਰੁੱਖ
27. ਖਰਬੂਜ਼ੇ, ਕਕੜੀਆਂ, ਮਤੀਰੇ, ਚਿੱਭੜ

## ਘਰੇਲੂ ਵਸਤਾਂ ਤੇ ਧੰਦੇ

1. ਚੱਕੀ
2. ਚਰਖਾ
3. ਕੱਤਣੀ
4. ਮਧਾਣੀ
5. ਸੰਦੂਖ
6. ਪੱਖੀਆਂ
7. ਰੂੰ ਵੇਲਨਾ
8. ਦਰੀਆਂ ਬੁਣਨ ਵਾਲਾ ਅੱਡਾ
9. ਨਾਲੇ ਬੁਣਨ ਵਾਲਾ ਅੱਡਾ
10. ਬੋਹੀਏ, ਗੋਹਲੇ
11. ਮੰਜੇ, ਪੀੜ੍ਹੀਆਂ
12. ਟੋਕਰੇ, ਟੋਕਰੀਆਂ
13. ਘੜੇ ਘੜੌਂਜੀਆਂ
14. ਈਨੂੰ
15. ਕੂੰਡਾ ਘੋਟਣਾ
16. ਓਟੇ/ਕੰਧੋਲੀ
17. ਉੱਖਲੀ ਮੋਹਲਾ
18. ਕੱਚੀਆਂ ਕੋਠੀਆਂ
19. ਭੜੋਲੇ, ਭੜੋਲੀਆਂ
20. ਹਾਰੇ, ਹਾਰੀਆਂ
21. ਪਾਥੀਆਂ ਦੇ ਗੁਹਾਰੇ

## ਆਵਾਜਾਈ ਦੇ ਸੰਚਾਰ

1. ਪੈਦਲ
2. ਗੱਡਾ
3. ਰਥ






Academy of the Punjab in North America: http://www.apnaorg.com

4. ਤਾਂਗਾ
5. ਚਿੱਠੀਆਂ

## ਖ਼ੁਰਾਕਾਂ

1. ਦੁੱਧ
2. ਘਿਉ, ਮੱਖਣ
3. ਲੱਸੀ ਦਾ ਪਨੀਰ
4. ਖਿਚੜੀ
5. ਗੁੜ, ਸ਼ੱਕਰ
6. ਚੂਰੀ
7. ਸੱਤੂ, ਢੰਡਿਆਈ
8. ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ
9. ਖੀਰ, ਕੜਾਹ, ਪੂੜੇ
10. ਸੇਮੀਆਂ
11. ਹੋਲਾਂ
12. ਭੂਤ ਪਿੰਨੇ

## ਪਹਿਰਾਵਾ ਤੇ ਗਹਿਣੇ

1. ਘੱਗਰੇ
2. ਫੁਲਕਾਰੀਆਂ
3. ਸੱਗੀ ਫੁੱਲ
4. ਘੁੰਡ ਕੱਢਣਾ
5. ਕੈਂਠਾ
6. ਕੱਚ ਦੀਆਂ ਚੂੜੀਆਂ
7. ਚਾਦਰੇ
8. ਤੁਰਲੇ ਵਾਲੀ ਪੱਗ
9. ਰੁਮਾਲ

## ਤਿਉਹਾਰ ਤੇ ਰਸਮਾਂ

1. ਤੀਆਂ
2. ਲੋਹੜੀ
3. ਵਿਆਹ



4. ਗਿੱਧਾ
5. ਜਾਗੋ ਕੱਢਣੀ ਤੇ ਸੱਜ ਕੁੱਟਣਾ
6. ਕਰੂਏ ਦੇ ਵਰਤ
7. ਬਾਸੀਅੜਾ
8. ਸਾਂਝੀ ਮਾਈ

## ਪੇਂਡੂ ਕਿੱਤੇ/ਆਹਰ

1. ਖਰਾਸ
2. ਕੋਹਲੂ
3. ਭੱਠੀਆਂ
4. ਕੁੰਬਲ
5. ਆਵੀ ਪਾਉਣੀ
6. ਘੁਲਾੜੀ/ਵੇਲਨਾ
7. ਬਾਜ਼ੀ ਪਾਉਣੀ
8. ਰੂੰ ਪਿੰਜਣੀ/ਤਾੜਾ

## ਸਾਂਝ ਤੇ ਪਿਆਰ

1. ਸਾਂਝੇ/ਸੰਯੁਕਤ ਪਰਿਵਾਰ
2. ਪਿਆਰ ਤੇ ਪ੍ਰਾਹੁਣਾਚਾਰੀ
3. ਸੱਥ
4. ਦਰਵਾਜ਼ੇ
5. ਤ੍ਰਿੰਝਣ



Academy of the Punjab in North America: http://www.apnaorg.com

## ਮੁੱਢਲੀ ਗੱਲ

ਦੋ ਢਾਈ ਮਹੀਨੇ ਪਹਿਲਾਂ ਜਦ ਡਾ. ਬਿਕਰਮ ਸਿੰਘ ਘੁੰਮਣ ਦੇ ਹਵਾਲੇ ਨਾਲ ਹਰਕੇਸ਼ ਸਿੰਘ ਕਹਿਲ ਨਾਲ ਮੁਲਾਕਾਤ ਹੋਈ ਤਾਂ ਲੱਗਾ ਕਿ ਇਹ ਜਾਣਿਆ ਪਛਾਣਿਆ ਨਾਂ ਹੈ। ਅਸਲ ਵਿਚ ਮੈਂ ਉਨ੍ਹਾਂ ਦੇ ਪੰਜਾਬ ਦੇ ਪੇਂਡੂ ਜੀਵਨ ਨਾਲ ਸੰਬੰਧਿਤ ਅਖ਼ਬਾਰਾਂ ਵਿਚ ਛਪੇ ਕੁਝ ਲੇਖ ਪੜ੍ਹੇ ਹੋਏ ਸਨ। ਹੋਰ ਗੱਲਬਾਤ ਕਰਦਿਆਂ ਪਤਾ ਚਲਿਆ ਕਿ ਉਨ੍ਹਾਂ ਦੀ ਦਿਲਚਸਪੀ ਪੰਜਾਬ ਦੇ ਸਭਿਆਚਾਰਕ ਵਿਰਸੇ ਨਾਲ ਹੈ ਅਤੇ ਉਹ '**ਲੋਕ ਗੀਤਾਂ ਵਿਚ ਪੰਜਾਬੀ ਜੀਵਨ**', '**ਪੰਜਾਬੀ ਲੋਕ ਵਿਰਸਾ**', '**ਇਕ ਪਿੰਡ ਦੀ ਕਹਾਣੀ-ਸੰਦੌੜ**' ਅਤੇ '**ਮੇਰੇ ਪਿੰਡ ਦੀ ਬਦਲੀ ਨੁਹਾਰ**' ਆਦਿ ਪੁਸਤਕਾਂ ਵੀ ਪ੍ਰਕਾਸ਼ਤ ਕਰਾ ਚੁਕੇ ਹਨ। ਇਨ੍ਹਾਂ ਤੋਂ ਛੁੱਟ ਉਨ੍ਹਾਂ ਨੇ '**ਯਾਦਾਂ ਦਾ ਸੰਸਾਰ**' ਨਾਂ ਹੇਠ ਆਪਣੀ ਸਵੈ-ਜੀਵਨੀ ਵੀ ਲਿਖੀ ਹੈ, ਜੋ ਪੰਜ ਸਾਲ ਪਹਿਲਾਂ ਛਪੀ ਸੀ। ਜਾਣ ਸਮੇਂ ਉਹ 'ਮੇਰੇ ਪਿੰਡ ਦੀ ਬਦਲੀ ਨੁਹਾਰ' ਪੁਸਤਕ ਦੀ ਕਾਪੀ ਅਤੇ '**ਅਲੋਪ ਹੋ ਰਿਹਾ ਪੰਜਾਬੀ ਵਿਰਸਾ**' ਪੁਸਤਕ ਦਾ ਖਰੜਾ ਮੁੱਢਲੇ ਸ਼ਬਦ ਲਿਖਣ ਲਈ ਮੇਰੇ ਹਵਾਲੇ ਕਰ ਗਏ।

ਮੈਨੂੰ ਇਹ ਵੇਖ ਕੇ ਖ਼ੁਸ਼ੀ ਹੋਈ ਕਿ ਹਰਕੇਸ਼ ਸਿੰਘ ਕਹਿਲ ਦੀ ਦਿਲਚਸਪੀ ਮੇਰੇ ਖੋਜ ਖੇਤਰ ਨਾਲ ਮੇਲ ਖਾਂਦੀ ਹੈ। ਇਹ ਸਹਿਵਣ ਸੰਯੋਗ ਦੀ ਗੱਲ ਹੈ ਕਿ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮੇਰੀ ਪੁਸਤਕ '**ਪੰਜਾਬ ਦਾ ਲੋਕ ਵਿਰਸਾ**' (ਭਾਗ ਪਹਿਲਾ) ਅਤੇ ਹਰਕੇਸ਼ ਸਿੰਘ ਕਹਿਲ ਦੀ '**ਪੰਜਾਬੀ ਲੋਕ ਵਿਰਸਾ**' ਨਾਂ ਦੀ ਪੁਸਤਕ ਦੋਨੋਂ ਇਕ ਸਾਲ (1996) ਵਿਚ ਛਪੀਆਂ ਹਨ। ਉਨ੍ਹਾਂ ਨੇ ਆਪਣੇ ਪਿੰਡ ਦੇ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕਰਨ ਉਪਰੰਤ ਮਲੇਰ ਕੋਟਲੇ ਤੋਂ ਗ੍ਰੈਜੂਏਸ਼ਨ ਕਰ ਕੇ ਆਪਣੀ ਸਰਵਿਸ ਦਾ ਸਾਰਾ ਸਮਾਂ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਅਤੇ ਚੰਡੀਗੜ੍ਹ ਵਿਚ ਗੁਜ਼ਾਰਿਆ ਹੈ। ਹੁਣ ਵੀ ਉਹ ਲੁਧਿਆਣੇ ਵਿਚ ਰਹਿ ਰਹੇ ਹਨ। ਪਰ ਉਹ ਆਪਣੇ ਬਚਪਨ ਦੇ ਸੰਸਕਾਰਾਂ ਅਤੇ ਆਪਣੀ ਜੱਦੀ ਪਿੰਡ ਸੰਦੌੜ ਨਾਲ ਜੁੜੀ ਕਿਸੇ ਵੀ ਗੱਲ ਨੂੰ ਉਹ ਭੁਲਾ ਨਹੀਂ ਸਕੇ। ਮਨੁਖ ਗਿਆਨ ਦੀਆਂ ਪੌੜੀਆਂ ਚੜ੍ਹ ਕੇ ਅਤੇ ਤਰੱਕੀਆਂ ਦੀਆਂ ਮੰਜ਼ਲਾਂ ਤਹਿ ਕਰ ਕੇ ਕਿਤੇ ਵੀ ਪੁੱਜ ਜਾਏ, ਉਸ ਦੇ ਮਨ ਅੰਦਰ ਹਮੇਸ਼ਾ ਬਚਪਨ ਜਿਊਂਦਾ ਹੈ। ਹਰਕੇਸ਼ ਸਿੰਘ ਪੂਰੀ ਤਰ੍ਹਾਂ ਆਪਣੀ ਜਨਮ ਭੂਮੀ ਅਤੇ ਲੋਕ ਵਿਰਸੇ ਨਾਲ ਜੁੜਿਆ ਹੋਇਆ ਹੈ। ਕਦੀ ਉਹ ਪੰਜਾਬ ਦੇ ਲੋਕ ਗੀਤਾਂ ਵਿਚੋਂ ਪੰਜਾਬੀ ਜੀਵਨ ਦੀ ਝਲਕ ਵੇਖਦਾ ਹੈ ਅਤੇ ਕਦੀ ਆਪਣੇ ਪਿੰਡ ਸੰਦੌੜ ਦੀ ਕਹਾਣੀ ਪੇਸ਼ ਕਰਦਾ ਹੈ। ਉਸ ਨੂੰ ਆਪਣੇ ਵਿਰਸੇ ਨਾਲ ਮੋਹ ਹੈ, ਜਿਸ ਦਾ ਪ੍ਰਮਾਣ ਉਹ '**ਪੰਜਾਬੀ ਲੋਕ ਵਿਰਸਾ**' ਪੁਸਤਕ ਵਿਚ ਦੇਂਦਾ ਹੈ। ਉਹ ਪੰਜਾਬ ਦੇ ਲੋਕ ਜੀਵਨ ਨਾਲ ਸੰਬੰਧਿਤ '**ਮੇਰੇ ਪਿੰਡ ਦੀ ਬਦਲੀ ਨੁਹਾਰ**' ਦੀ ਸਿਰਜਣਾ ਕਰਦਾ ਹੈ। ਪਰ, ਉਸ



ਦੀ ਤਸੱਲੀ ਨਹੀਂ ਹੁੰਦੀ। ਉਹ ਹਥਲੀ ਪੁਸਤਕ ਰਾਹੀਂ ਇਕ ਵਾਰ ਫੇਰ '**ਅਲੋਪ ਹੋ ਰਿਹਾ ਪੰਜਾਬੀ ਵਿਰਸਾ**' ਨਾਂ ਦੀ ਪੁਸਤਕ ਤਿਆਰ ਕਰਦਾ ਹੈ।

ਇਸ ਪੁਸਤਕ ਨੂੰ ਲੇਖਕ ਨੇ ਸੱਤ ਭਾਗਾਂ ਵਿਚ ਵੰਡਿਆ ਹੈ। ਪਹਿਲਾ ਭਾਗ ਪੰਜਾਬ ਦੀ ਕਿਸਾਨੀ ਅਥਵਾ ਖੇਤੀ ਬਾੜੀ ਨਾਲ ਜੁੜਿਆ ਹੋਇਆ ਹੈ। ਖੂਹ, ਕੋਹ/ਚਰਸ, ਹਲਟ, ਫਲ੍ਹੇ, ਬੱਗੇ ਬਲਦ, ਬੋਹਲ ਬਣਾਉਣੇ, ਤੂੜੀ ਦੇ ਕੁੱਪ, ਮੱਕੀ ਦੇ ਮੁਹਾਰੇ, ਹਲ਼ ਪੰਜਾਲੀ, ਹੱਥ ਟੋਕੇ ਆਦਿ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ। ਇਹ ਸਭ ਕੁਝ ਵਿਸਰਦਾ ਜਾ ਰਿਹਾ ਹੈ। ਖੂਹ ਕੀ ਹੈ? ਇਸ ਦੀ ਪੁਟਾਈ ਕਿਵੇਂ ਹੁੰਦੀ ਹੈ? ਕੋਹ/ਚਰਸ ਕਿਸ ਕੰਮ ਆਉਂਦੇ ਸਨ, ਸਬੰਧੀ ਦੱਸ ਕੇ ਖੂਹ ਤੋਂ ਹਲਟ, ਫਿਰ ਟਿਊਬੈੱਲ ਤੇ ਹੁਣ ਸਮਰਸੀਬਲ ਪੰਪ ਬਾਰੇ ਜ਼ਿਕਰ ਹੈ। ਫਲ੍ਹੇ ਕੀ ਹੁੰਦੇ ਸਨ? ਗਹਾਈ ਦੀਆਂ ਮਸ਼ੀਨਾਂ ਤੇ ਕੰਬਾਈਨਾਂ ਨੇ ਫਲ੍ਹਿਆਂ, ਕੁੱਪਾਂ/ਮੂਸਲਾਂ ਨੂੰ ਹੀ ਭੁਲਾ ਦਿੱਤਾ ਹੈ, ਪਰ ਲੇਖਕ ਨੂੰ ਇਨ੍ਹਾਂ ਬਾਰੇ ਪੂਰਨ ਗਿਆਨ ਹੈ।

ਦੂਸਰਾ ਹਿੱਸਾ ਘਰੇਲੂ ਵਸਤਾਂ ਅਤੇ ਧੰਦਿਆਂ ਬਾਰੇ ਜਾਣਕਾਰੀ ਦੇਂਦਾ ਹੈ। ਚੱਕੀ, ਚਰਖਾ, ਮਧਾਣੀ, ਸੰਦੂਖ, ਪੱਖੀਆਂ, ਰੂੰ ਵੇਲਨਾ, ਦਰੀਆਂ ਬੁਣਨ ਵਾਲਾ ਅੱਡਾ, ਕੱਚੀਆਂ ਕੋਠੀਆਂ ਆਦਿ ਕਿਵੇਂ ਸਾਡੇ ਸਭਿਆਚਾਰ ਦੇ ਅਨਿੱਖੜ ਅੰਗ ਰਹੇ ਹਨ। ਘੜੇ ਘੜੌਂਜੀਆਂ, ਭੜੋਲੇ, ਭੜੋਲੀਆਂ, ਓਟੇ/ਕੰਧੋਲੀਆਂ, ਉਖਲੀ ਮੋਹਲੇ, ਹਾਰੇ ਹਾਰੀਆਂ ਆਦਿ ਚੀਜ਼ਾਂ ਨਾਲ ਜਾਣ ਪਛਾਣ ਕਰਾਈ ਗਈ ਹੈ। ਸੰਦੂਖ ਦੀ ਬਣਤਰ ਦੇ ਨਾਲ ਇਸ ਦੀ ਵਰਤੋਂ ਤੇ ਮਹੱਤਵ ਬਾਰੇ ਲੋੜੀਂਦੀ ਜਾਣਕਾਰੀ ਦਿੱਤੀ ਗਈ ਹੈ। ਇੰਜ ਲਗਦਾ ਹੈ ਕਿ ਸੰਦੂਖ ਜਿਵੇਂ ਸਾਡੇ ਲੋਕ ਵਿਰਸੇ ਦਾ ਅਜਾਇਬ ਘਰ ਹੋਵੇ।

ਤੀਜੇ ਭਾਗ ਵਿਚ ਆਵਾਜਾਈ ਤੇ ਸੰਚਾਰ ਵਿਚ ਪੈਦਲ, ਗੱਡਾ, ਰਥ, ਘੋੜੀਆਂ, ਚਿੱਠੀਆਂ ਸੰਬੰਧੀ ਉਲੇਖ ਹੈ। ਅਗਲਾ ਭਾਗ ਖ਼ੁਰਾਕਾਂ ਸਬੰਧੀ ਹੈ, ਜਿਸ ਵਿਚ ਦੁੱਧ, ਘਿਉ, ਮੱਖਣ, ਲੱਸੀ ਦੇ ਪਨੀਰ, ਗੁੜ, ਸ਼ੱਕਰ, ਛੰਡਿਆਈ ਬਾਰੇ ਦੱਸਿਆ ਗਿਆ ਹੈ। ਪਹਿਰਾਵੇ ਤੇ ਗਹਿਣੇ ਵਾਲੇ ਭਾਗ ਵਿਚ ਘੱਗਰੇ, ਫੁਲਕਾਰੀਆਂ, ਸੱਗੀ ਫੁੱਲ, ਕੈਂਠਾ, ਕੱਚ ਦੀਆਂ ਚੂੜੀਆਂ, ਚਾਦਰੇ ਤੇ ਤੁਰਲੇ ਵਾਲੀਆਂ ਪੱਗਾਂ ਬਾਰੇ ਜ਼ਿਕਰ ਹੈ।

ਛੇਵੇਂ ਅਧਿਆਇ ਵਿਚ ਤੀਆਂ, ਲੋਹੜੀ, ਵਿਆਹ, ਜਾਗੋ ਕੱਢਣੀ, ਛੱਜ ਕੁੱਟਣਾ, ਕਰੂਏ ਦੇ ਵਰਤ, ਬਾਸੀਅੜਾ ਤੇ ਸਾਂਝੀ ਮਾਈ ਤਿਉਹਾਰਾਂ ਤੇ ਰਸਮਾਂ ਸਬੰਧੀ ਭਾਵਪੂਰਣ ਵਾਕਫ਼ੀਅਤ ਦੇਂਦਾ ਹੈ ਜਦ ਕਿ ਅੰਤਲਾ ਅਧਿਆਇ ਪੇਂਡੂ ਕਿੱਤੇ/ਆਹਰ ਨਾਲ ਸਬੰਧਿਤ ਹੈ ਜਿਸ ਵਿਚ ਖਰਾਸ, ਕੋਹਲੂ, ਭੱਠੀਆਂ, ਆਵੀ ਪਾਉਣੀ ਤੇ ਘੁਲਾੜੀ/ਵੇਲਨਾ ਸਬੰਧੀ ਦਸਿਆ ਗਿਆ ਹੈ।

ਮੈਂ ਇਸ ਪੁਸਤਕ ਦੇ ਮੁੱਢਲੇ ਸ਼ਬਦਾਂ ਵਿਚ ਇਨ੍ਹਾਂ ਚੀਜ਼ਾਂ ਦਾ ਜ਼ਿਕਰ ਇਸ ਲਈ ਕੀਤਾ ਹੈ ਕਿਉਂ ਜੋ ਇਹ ਸਾਰੀਆਂ ਵਸਤਾਂ ਕੇਵਲ ਹਰਕੇਸ਼ ਸਿੰਘ ਕਹਿਲ ਦੇ ਪਿੰਡ



Academy of the Punjab in North America: http://www.apnaorg.com

ਸੰਦੌੜ ਤੱਕ ਹੀ ਸੀਮਤ ਨਹੀਂ ਹਨ। ਉਸ ਨੇ ਸਮੁੱਚੇ ਪੰਜਾਬ ਦੇ ਪਿੰਡਾਂ ਦੀ ਵਿਸ਼ੇਸ਼ ਕਰ ਕੇ ਮਾਲਵੇ ਖੇਤਰ ਦੇ ਲੋਕ ਜੀਵਨ ਦੀ ਗੱਲ ਕੀਤੀ ਹੈ। ਇਸ ਪੁਸਤਕ ਨੇ ਮੈਨੂੰ ਆਪਣਾ ਭੁਲਿਆ ਵਿਸਰਿਆ ਬਚਪਨ ਅਤੇ ਪਾਕਿਸਤਾਨ ਵਿਚ ਰਹਿ ਗਏ ਮੇਰੇ ਪਿੰਡ ਦੀ ਯਾਦ ਕਰਾ ਦਿੱਤੀ ਹੈ। ਜਿਨ੍ਹਾਂ ਵਸਤਾਂ ਸਬੰਧੀ ਲੇਖਕ ਨੇ ਜਾਣਕਾਰੀ ਦਿੱਤੀ ਹੈ, ਉਨ੍ਹਾਂ ਵਿਚੋਂ ਬਹੁਤੀਆਂ ਲੋਪ ਹੋ ਚੁੱਕੀਆਂ ਹਨ, ਕਈਆਂ ਦਾ ਰੂਪ ਬਦਲ ਗਿਆ ਹੈ। ਉਹ ਪੰਜਾਬ ਦੇ ਲੋਕ ਗੀਤਾਂ ਵਿਚੋਂ ਉਦਾਹਰਣ ਦੇ ਕੇ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਦਾ ਹੈ। ਲੋਕ ਗੀਤ ਵੀ ਸਾਡੇ ਵਿਰਸੇ ਦਾ ਕੀਮਤੀ ਸਰਮਾਇਆ ਹਨ। ਇਸ ਸਚਾਈ ਨੂੰ ਭੁਲਣਾ ਨਹੀਂ ਚਾਹੀਦਾ ਕਿ ਜਿਹੜੇ ਲੋਕ ਆਪਣੀ ਮਾਂ ਬੋਲੀ ਅਤੇ ਆਪਣੇ ਸਭਿਆਚਾਰਕ ਵਿਰਸੇ ਨੂੰ ਭੁੱਲ ਜਾਂਦੇ ਹਨ, ਉਸ ਬੋਲੀ ਤੇ ਸਭਿਆਚਾਰ ਦੀ ਮੌਤ ਹੋ ਜਾਂਦੀ ਹੈ। ਮੈਂ ਹਰਕੇਸ਼ ਸਿੰਘ ਕਹਿਲ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਦੇ ਲੋਕ ਜੀਵਨ ਨਾਲ ਜੁੜੀਆਂ ਉਨ੍ਹਾਂ ਮਹੱਤਵਪੂਰਣ ਚੀਜ਼ਾਂ ਵੱਲ ਧਿਆਨ ਦਵਾਇਆ ਹੈ, ਜੋ ਅੱਧੀ ਸਦੀ ਪਹਿਲਾਂ ਤਕ ਆਮ ਵੇਖਣ ਵਿਚ ਆਉਂਦੀਆਂ ਸਨ। ਪ੍ਰੋ. ਪੂਰਨ ਸਿੰਘ ਪੁਰਾਣੇ ਪੰਜਾਬ ਨੂੰ ਐਵੇਂ ਆਵਾਜ਼ਾਂ ਨਹੀਂ ਮਾਰਦਾ। ਕਹਿਲ ਦੀਆਂ ਰਚਨਾਵਾਂ ਪੰਜਾਬ ਦੇ ਲੋਕ ਵਿਰਸੇ ਦੀ ਤਰਜਮਾਨੀ ਕਰਦੀਆਂ ਹਨ।

ਮਸ਼ੀਨੀਕਰਨ, ਉਦਯੋਗੀਕਰਨ ਅਤੇ ਸ਼ਹਿਰੀਕਰਨ ਨੇ ਵਰਤਮਾਨ ਮਨੁੱਖ ਨੂੰ ਪਦਾਰਥਵਾਦੀ ਬਣਾ ਦਿੱਤਾ ਹੈ। ਸਾਡੇ ਮਨਾਂ ਦੀ ਸ਼ਾਂਤੀ ਗੁਆਚ ਗਈ ਹੈ। ਪਰਿਵਰਤਨ ਜੀਵਨ ਦਾ ਨਿਯਮ ਹੈ। ਚੰਗੀ ਤਬਦੀਲੀ ਨੂੰ ਜੀ ਆਇਆਂ ਕਹਿਣਾ ਬਣਦਾ ਹੈ। ਖੇਤੀ ਬਾੜੀ ਦਿਆਂ ਸੰਦਾਂ, ਘਰੇਲੂ ਵਸਤਾਂ, ਸੰਚਾਰ ਤੇ ਆਵਾਜਾਈ ਦੇ ਸਾਧਨਾਂ ਵਿਚ ਬਹੁਤ ਕੁਝ ਬਦਲ ਚੁੱਕਾ ਹੈ। ਲੇਖਕ ਨੇ ਜਿਨ੍ਹਾਂ ਵਸਤਾਂ ਵਲ ਧਿਆਨ ਦਵਾਇਆ ਹੈ, ਉਨ੍ਹਾਂ ਵਿਚੋਂ ਬਹੁਤੀਆ ਕੇਵਲ ਅਜਾਇਬ ਘਰ ਵਿਚ ਹੀ ਸ਼ੋਭਾ ਦੇਂਦੀਆਂ ਹਨ। ਪਰ ਇਹ ਨਹੀਂ ਭੁਲਣਾ ਚਾਹੀਦਾ ਕਿ ਇਨ੍ਹਾਂ ਵਿਚ ਹੀ ਪੰਜਾਬ ਦੀ ਆਤਮਾ ਵਸਦੀ ਹੈ। ਹਰਕੇਸ਼ ਸਿੰਘ ਕਹਿਲ ਨੇ ਇਹ ਪੁਸਤਕ ਲਿਖ ਕੇ ਪੰਜਾਬੀ ਦੇ ਸਭਿਆਚਾਰਕ ਵਿਰਸੇ ਨੂੰ ਵੱਡਮੁੱਲੀ ਦੇਣ ਦਿੱਤੀ ਹੈ।


**ਕਰਨੈਲ ਸਿੰਘ ਥਿੰਦ** (ਡਾ.)
ਭੂਤਪੂਰਵ ਪ੍ਰੋਫ਼ੈਸਰ ਤੇ ਰਜਿਸਟਰਾਰ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਭੂਤਪੂਰਵ ਡਾਇਰੈਕਟਰ ਪੀ.ਐਸ.ਯੂ.ਟੀ.ਬੀ.,
ਚੰਡੀਗੜ੍ਹ।


0



## ਆਪਣੇ ਵਲੋਂ

ਜਦੋਂ ਮੈਂ ਆਪਣੇ ਪਿੰਡ ਸੰਦੌੜ ਤੇ ਦੋ ਖੋਜ ਭਰਪੂਰ ਪੁਸਤਕਾਂ '**ਇਕ ਪਿੰਡ ਦੀ ਕਹਾਣੀ-ਸੰਦੌੜ**' ਤੇ '**ਮੇਰੇ ਪਿੰਡ ਦੀ ਬਦਲੀ ਨੁਹਾਰ**' ਲਿਖੀਆਂ ਤਾਂ ਇਨ੍ਹਾਂ ਪੁਸਤਕਾਂ ਨੂੰ ਚੰਗਾ ਹੁੰਗਾਰਾ ਮਿਲਿਆ। ਪਿੰਡਾਂ ਦੀ ਬਦਲ ਰਹੀ ਨੁਹਾਰ, ਰਹਿਣ ਸਹਿਣ ਦੇ ਢੰਗ, ਖੇਤੀ, ਆਰਥਿਕਤਾ, ਰਾਜਨੀਤੀ, ਆਵਾਜਾਈ, ਸੰਚਾਰ, ਵਿਦਿਆ ਵਿਚ ਹੋਈ ਪ੍ਰਗਤੀ ਨੂੰ, ਸਭਿਆਚਾਰਕ ਜੀਵਨ ਵਿਚ ਆਈ ਤਬਦੀਲੀ ਨੂੰ ਪੜ੍ਹ ਕੇ ਪਾਠਕਾਂ ਤੇ ਵਿਦਵਾਨਾਂ ਦੀਆਂ ਕਈ ਚਿੱਠੀਆਂ ਆਈਆਂ। ਇਨ੍ਹਾਂ ਚਿੱਠੀਆਂ ਨੂੰ ਪੜ੍ਹ ਕੇ ਮੇਰੇ ਮਨ ਵਿਚ ਵਿਚਾਰ ਆਇਆ ਕਿ ਜੋ ਖੇਤੀ ਕਰਨ ਦੇ ਪੁਰਾਣੇ ਢੰਗ, ਤਰੀਕੇ, ਸਾਧਨ, ਸੰਦ ਸਨ, ਉਨ੍ਹਾਂ ਬਾਰੇ ਤਾਂ ਨਵੀਂ ਪੀੜ੍ਹੀ ਬਿਲਕੁਲ ਹੀ ਨਹੀਂ ਜਾਣਦੀ। ਖੂਹ ਕਿਹੋ ਜਿਹੇ ਹੁੰਦੇ ਸਨ? ਕਿਵੇਂ ਲੱਗਦੇ ਸਨ? ਖੂਹਾਂ ਵਿਚੋਂ ਕੋਹ/ਚਰਸ ਨਾਲ ਪਾਣੀ ਕਿਵੇਂ ਕੱਢਿਆ ਜਾਂਦਾ ਸੀ। ਹਲਟ ਕਿਹੋ ਜਿਹੇ ਹੁੰਦੇ ਸਨ? ਜਿਨ੍ਹਾਂ ਨਾਲ ਪਾਣੀ ਕੱਢ ਕੇ ਫ਼ਸਲਾਂ ਨੂੰ ਸਿੰਜਿਆ ਜਾਂਦਾ ਸੀ? ਤੂੜੀ ਦੇ ਕੁੱਪ ਕਿਵੇਂ ਬਣਦੇ ਹੁੰਦੇ ਸਨ? ਮੱਕੀ ਦੇ ਮੁਹਾਰੇ ਕਿਵੇਂ ਲੱਗਦੇ ਸਨ? ਘੁਲਾੜੀ ਕਿਹੋ ਜਿਹੀ ਹੁੰਦੀ ਸੀ? ਗੁੜ ਕਿਵੇਂ ਬਣਾਇਆ ਜਾਂਦਾ ਸੀ?

ਏਸੇ ਤਰ੍ਹਾਂ ਪੁਰਾਣੇ ਰਹਿਣ ਸਹਿਣ ਦੇ ਢੰਗਾਂ ਵਿਚ, ਘਰਾਂ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਵਿਚੋਂ ਬਹੁਤੀਆਂ ਅਲੋਪ ਹੋ ਗਈਆਂ ਹਨ। ਕੁਝ ਅਲੋਪ ਹੋਣ ਦੇ ਨੇੜੇ ਹਨ। ਸੰਦੂਖ ਕਿਹੋ ਜਿਹਾ ਹੁੰਦਾ ਸੀ? ਕੀ ਕੀ ਕੰਮ ਆਉਂਦਾ ਸੀ? ਚੱਕੀ ਕੀ ਹੁੰਦੀ ਸੀ? ਕਿਹੋ ਜਿਹੀ ਹੁੰਦੀ ਸੀ? ਕੀ ਕੰਮ ਆਉਂਦੀ ਸੀ? ਰੂੰ ਕਿਵੇਂ ਵੇਲ੍ਹੀ ਜਾਂਦੀ ਸੀ? ਰੂੰ ਵੇਲਨੇ ਕਿਹੋ ਜਿਹੇ ਹੁੰਦੇ ਸਨ? ਦਰੀਆਂ ਬੁਣਨ ਵਾਲੇ ਅੱਡੇ ਅਤੇ ਨਾਲੇ ਬੁਣਨ ਵਾਲੇ ਅੱਡੇ ਕਿਹੋ ਜਿਹੇ ਹੁੰਦੇ ਸਨ? ਉੱਖਲੀ ਕਿਸ ਨੂੰ ਕਹਿੰਦੇ ਸਨ? ਕੀ ਕੰਮ ਆਉਂਦੀ ਸੀ? ਕੋਠੀਆਂ ਕੀ ਹੁੰਦੀਆਂ ਸਨ? ਕਿਵੇਂ ਬਣਦੀਆਂ ਸਨ? ਕੀ ਕੰਮ ਆਉਂਦੀਆਂ ਸਨ? ਭੜੋਲੇ, ਭੜੋਲੀਆਂ, ਓਟੇ/ਕੰਧੋਲੀ ਕੀ ਹੁੰਦੇ ਸਨ? ਇਨ੍ਹਾਂ ਬਾਰੇ ਤਾਂ ਅੱਜਕੱਲ ਦੀ ਪਨੀਰੀ ਨੂੰ ਬਿਲਕੁਲ ਹੀ ਨਹੀਂ ਪਤਾ।

ਮੈਂ ਇਨ੍ਹਾਂ ਸੰਬੰਧੀ ਲੇਖ ਲਿਖਣੇ ਸ਼ੁਰੂ ਕੀਤੇ, ਜਿਸ ਵਿਚ ਉਨ੍ਹਾਂ ਸਮਿਆਂ ਵਿਚ ਇਨ੍ਹਾਂ ਦੀ ਕੀ ਮਹੱਤਤਾ ਹੁੰਦੀ ਸੀ? ਕਿਵੇਂ ਵਰਤੋਂ ਵਿਚ ਆਉਂਦੇ ਸਨ? ਕਿਵੇਂ ਬਣਾਏ ਜਾਂਦੇ ਸਨ? ਹੁਣ ਇਨ੍ਹਾਂ ਦੀ ਥਾਂ ਕੀ ਹੈ? ਇਨ੍ਹਾਂ ਦਾ ਬਦਲਵਾ ਰੂਪ ਕੀ ਹੋ ਗਿਆ ਹੈ? ਹੁਣ ਇਹ ਹਨ ਜਾਂ ਅਲੋਪ ਹੋ ਗਏ ਹਨ? ਨਾਲ ਹੀ ਇਨ੍ਹਾਂ ਦੇ ਸਕੈਚ ਬਣਾ ਕੇ ਇਕ ਇਕ ਅੰਗ/ਪਾਰਟ ਬਾਰੇ ਲਿਖਿਆ? ਨਾਲ ਹੀ ਇਨ੍ਹਾਂ ਨਾਲ ਸਬੰਧਿਤ ਕੁਝ ਲੋਕ ਗੀਤ ਵੀ ਦਿੱਤੇ। ਕਈ ਰਸਾਲਿਆਂ ਨੂੰ ਛਪਣ ਲਈ ਭੇਜੇ। ਛਪਣ ਉਪਰੰਤ ਪਾਠਕਾਂ ਦੀਆਂ ਕਈ ਹੌਂਸਲੇ ਵਧਾਊ ਚਿੱਠੀਆਂ ਆਈਆਂ। ਕਈ ਨੇ ਪ੍ਰੇਰਨਾ ਦਿੱਤੀ ਕਿ 'ਸਾਡੇ ਏਸ



Academy of the Punjab in North America: http://www.apnaorg.com

ਪੁਰਾਣੇ ਵਿਰਸੇ ਨੂੰ ਸਾਂਭਣ ਦੀ ਲੋੜ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਿਰਸੇ ਨੂੰ ਜਾਣ ਸਕਣ।' ਮੈਨੂੰ ਇਨ੍ਹਾਂ ਚਿੱਠੀਆਂ ਤੋਂ ਬਹੁਤ ਉਤਸ਼ਾਹ ਮਿਲਿਆ। ਏਸ ਸਮੇਂ ਦੌਰਾਨ ਹੀ ਮੈਨੂੰ ਅਮਰੀਕਾ ਤੇ ਕੈਨੇਡਾ ਜਾਣਾ ਪੈ ਗਿਆ। ਉਥੇ ਮੇਰੀਆਂ ਲੜਕੀਆਂ ਰਹਿੰਦੀਆਂ ਹਨ। ਮੈਨੂੰ ਅਮਰੀਕਾ ਰਹਿੰਦੇ ਹੋਏ ਕਈ ਮੈਕਸੀਕਨਾਂ ਦੇ ਹੋਟਲਾਂ ਵਿਚ ਖਾਣਾ ਖਾਣ ਦਾ ਮੌਕਾ ਮਿਲਿਆ। ਉਨ੍ਹਾਂ ਦੇ ਕਈ ਹੋਟਲਾਂ ਵਿਚ ਉਨ੍ਹਾਂ ਨੇ ਆਪਣੇ ਪੁਰਾਣੇ ਖੇਤੀ ਦੇ ਸੰਦ, ਘਰਾਂ ਦੇ ਪੁਰਾਣੇ ਵਰਤੋਂ ਦੇ ਸਾਮਾਨ, ਆਵਾਜਾਈ ਲਈ ਪੁਰਾਣੇ ਵਰਤੋਂ ਵਾਲੇ ਸਾਈਕਲ, ਘੋੜੀਆਂ ਦੀਆਂ ਕਾਠੀਆਂ ਅਤੇ ਹੋਰ ਬੜਾ ਨਿੱਕ ਸੁੱਕ ਸਾਂਭ ਕੇ ਰੱਖਿਆ ਹੋਇਆ ਵੇਖਿਆ। ਮੈਨੂੰ ਫੇਰ ਸਾਡੇ ਪੰਜਾਬੀਆਂ ਦੀ ਬਦਕਿਸਮਤੀ ਦਾ ਅਹਿਸਾਸ ਹੋਇਆ ਕਿ ਜਿਹੜਾ ਸਾਡਾ ਪੁਰਾਣਾ ਵਿਰਸਾ ਸੀ, ਉਸ ਨੂੰ ਸਾਂਭਣ ਲਈ ਅਸੀਂ ਕੋਈ ਧਿਆਨ ਨਹੀਂ ਦਿੱਤਾ। ਅਸੀਂ ਪੰਜਾਬੀ ਇਤਿਹਾਸ ਬਣਾਉਣਾ ਜਾਣਦੇ ਹਾਂ, ਪਰ ਸਾਂਭਣਾ ਨਹੀਂ ਜਾਣਦੇ।

ਫੇਰ ਮੈਂ ਕਿਸੇ ਸਮੇਂ ਸਾਡੇ ਮਹੱਤਵਪੂਰਣ ਰਹੇ ਤਿਉਹਾਰ ਤੀਆਂ, ਲੋਹੜੀ, ਕਰੂਏ ਦੇ ਵਰਤ, ਬਾਸੀਅੜਾ, ਸਾਂਝੀ ਮਾਈ ਬਾਰੇ ਲਿਖਿਆ। ਪਹਿਲੇ ਸਮਿਆਂ ਵਿਚ ਲੋਕੀਂ ਪੈਦਲ ਜਾਂਦੇ ਸਨ। ਫੇਰ ਊਠ, ਘੋੜੀ, ਗੱਡਿਆਂ ਤੇ ਰਥਾਂ ਦੀ ਵਰਤੋਂ ਹੋਣ ਲੱਗੀ। ਗੱਡੇ ਤੇ ਰਥ ਕਿਹੋ ਜਿਹੇ ਹੁੰਦੇ ਸਨ? ਉਨ੍ਹਾਂ ਬਾਰੇ ਲਿਖਿਆ। ਹੁਣ ਵਾਲੀ ਪੀੜ੍ਹੀ ਨੇ ਤਾਂ ਰਥ ਵੇਖਿਆ ਹੀ ਨਹੀਂ ਹੈ। ਪੁਰਾਣੀਆਂ ਦੁੱਧ, ਘਿਉ, ਮੱਖਣ, ਲੱਸੀ, ਗੁੜ, ਸ਼ੱਕਰ ਖ਼ੁਰਾਕਾਂ ਵੀ ਹੁਣ ਦਿਨੋ ਦਿਨ ਘਟਦੀਆਂ ਜਾ ਰਹੀਆਂ ਹਨ।

ਕਿਸੇ ਸਮੇਂ ਬਹੂਆਂ ਦੇ ਪਹਿਚਾਣ ਦੇ ਅੰਗ ਰਹੇ ਘੱਗਰੇ, ਸੱਗੀ ਫੁੱਲ ਅਲੋਪ ਹੋ ਗਏ ਹਨ। ਕੈਂਠੇ, ਚਾਦਰੇ ਤੇ ਤੁਰਲੇ ਵਾਲੀਆਂ ਪੱਗਾਂ ਹੁਣ ਕਿਤੇ ਵੀ ਨਜ਼ਰ ਨਹੀਂ ਆਉਂਦੀਆਂ। ਕੱਚ ਦੀਆਂ ਚੂੜੀਆਂ ਦੀ ਛਣਕਾਰ ਹੁਣ ਅਲੋਪ ਹੋ ਗਈ ਹੈ। ਖਰਾਸ, ਕੋਹਲੂ, ਭੱਠੀਆਂ, ਕੁੰਬਲ ਹੁਣ ਕਿਤੇ ਨਹੀਂ ਹਨ। ਘੁਲਾੜੀ ਕਿਤੇ ਕਿਤੇ ਨਜ਼ਰ ਆਉਂਦੀ ਹੈ।

ਕਿਤਾਬ ਦਾ ਆਕਾਰ ਵੱਡਾ ਹੁੰਦਾ ਜਾਂਦਾ ਹੋਣ ਕਰਕੇ ਮੈਂ ਅਲੋਪ ਹੋ ਰਹੇ ਵਿਰਸੇ ਦੇ ਕਈ ਪੱਖਾਂ ਨੂੰ ਕਿਤਾਬ ਵਿਚ ਥਾਂ ਨਹੀਂ ਦੇ ਸਕਿਆ। ਮੈਂ ਡਾ. ਕਰਨੈਲ ਸਿੰਘ ਥਿੰਦ ਹੋਰਾਂ ਦਾ ਅਤੀ ਰਿਣੀ ਹਾਂ, ਜਿਨ੍ਹਾਂ ਨੇ ਆਪਣੇ ਰੁਝੇਵਿਆਂ ਭਰੇ ਸਮੇਂ ਵਿਚੋਂ ਸਮਾਂ ਕੱਢ ਕੇ ਮੁੱਢਲੇ ਸ਼ਬਦ ਲਿਖੇ ਹਨ। ਇਸ ਕਿਤਾਬ ਦੇ ਬਹੁਤੇ ਸਕੈਚ ਮਾਸਟਰ ਅਮਰ ਸਿੰਘ ਸਾਨ੍ਹੇਵਾਲ ਅਤੇ ਕੁਝ ਸਕੈਚ ਮੇਰੇ ਪਿੰਡ ਦੇ ਮਾਸਟਰ ਹਰਦਿਆਲ ਸਿੰਘ ਨੇ ਬਣਾਏ ਹਨ, ਜਿਨ੍ਹਾਂ ਦਾ ਵੀ ਮੈਂ ਧੰਨਵਾਦ ਕਰਦਾ ਹਾਂ।

ਮੈਂ ਅੱਜ ਦੀ ਪੀੜ੍ਹੀ ਨੂੰ ਸਾਡੇ ਪੁਰਾਣੇ ਵਿਰਸੇ ਤੋਂ ਜਾਣੂੰ ਕਰਵਾਉਣ ਦੇ ਇਸ ਯਤਨ ਵਿਚ ਕਿੰਨਾ ਕੁ ਕਾਮਯਾਬ ਹੋਇਆ ਹਾਂ, ਇਹ ਤਾਂ ਪਾਠਕਾਂ ਦੇ ਹੁੰਗਾਰੇ ਤੋਂ ਹੀ



ਪਤਾ ਲੱਗੇਗਾ। ਮੈਨੂੰ ਤੁਹਾਡੇ ਸੁਝਾਵਾਂ ਦੀ ਉਡੀਕ ਰਹੇਗੀ।

**ਹਰਕੇਸ਼ ਸਿੰਘ ਕਹਿਲ**

0

## ਦੂਜੀ ਐਡੀਸ਼ਨ ਬਾਰੇ

ਮੈਂ ਕਿਤਾਬ ਦੇ ਪਹਿਲੇ ਐਡੀਸ਼ਨ ਵਿਚ ਲਿਖਿਆ ਸੀ ਕਿ ਕਿਤਾਬ ਦਾ ਬੜਾ ਆਕਾਰ ਹੁੰਦੇ ਨੂੰ ਵੇਖ ਕੇ ਮੈਂ ਅਲੋਪ ਹੋ ਰਹੇ ਵਿਰਸੇ ਦੇ ਕਈ ਪੱਖਾਂ ਨੂੰ ਸ਼ਾਮਲ ਨਹੀਂ ਕੀਤਾ। ਪਹਿਲੇ ਐਡੀਸ਼ਨ ਨੂੰ ਵਿਦਵਾਨਾਂ ਤੇ ਪਾਠਕਾਂ ਵੱਲੋਂ ਚੰਗਾ ਹੁੰਗਾਰਾ ਮਿਲਣ ਕਾਰਨ ਪਹਿਲਾ ਐਡੀਸ਼ਨ ਖ਼ਤਮ ਹੋ ਗਿਆ ਹੈ। ਹੁਣ ਏਸ ਐਡੀਸ਼ਨ ਵਿਚ ਮੈਂ ਅਲੋਪ ਹੋ ਰਹੇ ਪੰਜਾਬੀ ਵਿਰਸੇ ਦੇ ਉਹ ਰਹਿੰਦੇ ਪੱਖ ਵੀ ਸ਼ਾਮਲ ਕਰ ਦਿੱਤੇ ਹਨ। ਪਰ ਪੰਜਾਬੀ ਵਿਰਸਾ ਤਾਂ ਇਕ ਅਥਾਹ ਸਮੁੰਦਰ ਦੀ ਨਿਆਈਂ ਹੈ। ਇਸ ਵਿਚ ਜਿਵੇਂ ਜਿਵੇਂ ਗੋਤੇ ਲਾਉਂਦੇ ਜਾਓਗੇ, ਤਿਵੇਂ ਤਿਵੇਂ ਹੋਰ ਹੋਰ ਲੱਭਤਾਂ ਮਿਲਦੀਆਂ ਜਾਣਗੀਆਂ।

ਸਾਡੀਆਂ ਪੁਰਾਣੀਆਂ ਖੇਡਾਂ ਤਕਰੀਬਨ ਸਾਰੀਆਂ ਹੀ ਅਲੋਪ ਹੋ ਚੁੱਕੀਆਂ ਹਨ। ਅਲੋਪ ਹੋ ਰਹੀਆਂ ਖੇਡਾਂ ਸਬੰਧੀ ਪਹਿਲਾਂ ਹੀ ਕਈ ਲੇਖਕਾਂ ਨੇ ਕਿਤਾਬਾਂ ਲਿਖੀਆਂ ਹੋਈਆਂ ਹਨ। ਏਸ ਲਈ ਖੇਡਾਂ ਨੂੰ ਮੈਂ ਏਸ ਕਿਤਾਬ ਦਾ ਹਿੱਸਾ ਨਹੀਂ ਬਣਾਇਆ।

ਮੈਨੂੰ ਆਸ ਹੈ ਕਿ ਏਸ ਵਧਾਏ ਤੇ ਸੋਧੇ ਗਏ ਐਡੀਸ਼ਨ ਨੂੰ ਵਿਦਵਾਨ ਤੇ ਪਾਠਕ ਜ਼ਰੂਰ ਪਸੰਦ ਕਰਨਗੇ। ਮੈਂ ਤੁਹਾਡੇ ਸੁਝਾਵਾਂ ਨੂੰ ਤੀਬਰਤਾ ਨਾਲ ਉਡੀਕਾਂਗਾ।

**ਹਰਕੇਸ਼ ਸਿੰਘ ਕਹਿਲ**

0



Academy of the Punjab in North America: http://www.apnaorg.com

# ਖੇਤੀ-ਬਾੜੀ

## ਖੂਹ

ਪਾਣੀ ਤੋਂ ਬਿਨਾਂ ਜੀਵਨ ਸੰਭਵ ਨਹੀਂ ਸੀ ਅਤੇ ਨਾ ਹੀ ਹੁਣ ਹੈ। ਚਾਹੇ ਇਹ ਇਨਸਾਨੀ ਜੀਵਨ ਸੀ, ਚਾਹੇ ਪਸ਼ੂ ਪੰਛੀ ਸਨ। ਬਨਸਪਤੀ ਲਈ ਵੀ ਪਾਣੀ ਓਨਾ ਹੀ ਜ਼ਰੂਰੀ ਸੀ। ਗੁਰਬਾਣੀ ਵਿਚ ਆਉਂਦਾ ਹੈ -

**ਪਹਿਲਾ ਪਾਣੀ ਜੀਉ ਹੈ, ਜਿਤ ਹਰਿਆ ਸਭੁ ਕੋਇ॥**

ਸੰਸਾਰ ਦੇ ਇਤਿਹਾਸ ਤੇ ਨਜ਼ਰ ਮਾਰ ਕੇ ਵੇਖ ਲਵੋ, ਸਭ ਤੋਂ ਪਹਿਲਾਂ ਮਨੁੱਖੀ ਵਸੋਂ ਸਮੁੰਦਰਾਂ, ਦਰਿਆਵਾਂ, ਨਦੀ ਨਾਲਿਆਂ ਦੇ ਕੰਢਿਆਂ ਤੇ ਹੋਈ। ਕਿਉਂ ਜੋ ਉਥੇ ਪਾਣੀ ਉਪਲਬਧ ਸੀ। ਪੰਜਾਬ ਦੇ ਜਿੰਨੇ ਪੁਰਾਣੇ ਸ਼ਹਿਰ ਅਤੇ ਪਿੰਡ ਹਨ, ਉਹ ਸਾਰੇ ਦਰਿਆਵਾਂ, ਨਦੀ ਨਾਲਿਆਂ ਦੇ ਪੱਤਣਾਂ ਦੇ ਨਜ਼ਦੀਕ ਵਸੇ ਹੋਏ ਹਨ। ਏਸੇ ਲਈ ਅਖਾਣ ਹੈ -

ਦਰਿਆ ਦਾ ਹਮਸਾਇਆ,
ਨਾ ਭੁੱਖਾ ਨਾ ਤਿਹਾਇਆ।

ਪੱਤਣਾਂ ਤੋਂ ਹੀ ਮੁਟਿਆਰਾਂ ਪੀਣ ਲਈ ਪਾਣੀ ਭਰਦੀਆਂ ਹੁੰਦੀਆਂ ਸਨ। ਉਸ ਸਮੇਂ ਦੀ ਪੱਤਣ ਤੇ ਖੜੀ ਮੁਟਿਆਰ ਦੇ ਹੁਸਨ ਦੀ ਕਿੰਨੀ ਸੋਹਣੀ ਤਾਰੀਫ਼ ਕੀਤੀ ਗਈ ਹੈ -

ਘੁੰਡ ਕੱਢ ਲੈ ਪੱਤਣ 'ਤੇ ਖੜ੍ਹੀਏ,
ਪਾਣੀਆਂ ਨੂੰ ਅੱਗ ਲੱਗ ਜੂ।

ਫੇਰ ਆਬਾਦੀ ਉਨ੍ਹਾਂ ਥਾਵਾਂ 'ਤੇ ਹੋਣ ਲੱਗੀ, ਜਿਥੇ ਬਾਰਸ਼ਾਂ ਦੇ ਪਾਣੀ ਵਗਦੇ ਰਹਿੰਦੇ ਸਨ। ਲੋਕ ਇਨ੍ਹਾਂ ਪਾਣੀਆਂ ਨੂੰ ਇਕ ਦੋ ਨਵੀਆਂ ਥਾਵਾਂ 'ਤੇ 'ਕੱਠਾ ਕਰ ਲੈਂਦੇ ਸਨ, ਜਿਥੋਂ ਲੋੜ ਅਨੁਸਾਰ ਵਰਤਦੇ ਰਹਿੰਦੇ ਸਨ। ਤੁਸੀਂ ਪੰਜਾਬ ਦੇ ਕਿਸੇ ਪਿੰਡ ਵੱਲ ਝਾਤੀ ਮਾਰ ਲਵੋ, ਹਰ ਪਿੰਡ ਵਿਚ ਕਈ ਟੋਬੇ/ਛੱਪੜ ਹੁੰਦੇ ਸਨ, ਜਿੱਥੇ ਬਾਰਸ਼ਾਂ ਦਾ ਪਾਣੀ 'ਕੱਠਾ ਕੀਤਾ ਜਾਂਦਾ ਸੀ। ਆਮ ਤੌਰ 'ਤੇ ਇਕ ਟੋਬਾ ਪਿੰਡ ਦੇ ਦਰਵਾਜ਼ੇ ਦੇ ਨਜ਼ਦੀਕ ਹੁੰਦਾ ਸੀ ਜਿਸ ਦਾ ਪਾਣੀ ਮਨੁੱਖੀ ਵਸੋਂ ਲਈ ਵਰਤਿਆ ਜਾਂਦਾ ਸੀ। ਦੂਸਰਿਆਂ ਟੋਬਿਆਂ ਦਾ ਪਾਣੀ ਪਸ਼ੂਆਂ ਲਈ ਵਰਤਿਆ ਜਾਂਦਾ ਸੀ। ਕਈਆਂ ਲਈ ਇਹ ਟੋਬੇ/ਛੱਪੜ ਆਪਣੇ ਹੁਸਨ ਦੀ ਨੁਮਾਇਸ਼ ਕਰਨ ਦਾ ਸਾਧਨ ਵੀ ਬਣਦੇ ਸਨ -

ਮਾਂਗ ਤੇ ਸੰਧੂਰ ਭੁੱਕ ਕੇ,
ਰੰਨ ਮਾਰਦੀ ਛੱਪੜ ਤੇ ਗੇੜੇ।



ਛੱਪੜ/ਟੋਬੇ ਸਾਡੇ ਪੇਂਡੂ ਸਭਿਆਚਾਰ ਦੀ ਨਿਸ਼ਾਨੀ ਸਨ। ਛੱਪੜਾਂ ਕਿਨਾਰੇ ਹੀ ਬਾਸੜੀਆਂ ਦੀ ਪੂਜਾ ਕੀਤੀ ਜਾਂਦੀ ਸੀ। ਪਸ਼ੂ ਦੇ ਸੂਣ ਤੋਂ ਪਿੱਛੋਂ ਬੌਲਾ ਦੁੱਧ ਟੋਬੇ/ਛੱਪੜ ਵਿਚ ਪਾਇਆ ਜਾਂਦਾ ਸੀ।



ਜਿਵੇਂ ਮਨੁੱਖੀ ਸੂਝ ਵਧੀ, ਧਰਤੀ ਵਿਚੋਂ ਪਾਣੀ ਕੱਢਣ ਲਈ ਖੂਹੀਆਂ, ਖੂਹ ਲਾਏ ਗਏ। ਇਨ੍ਹਾਂ ਖੂਹੀਆਂ, ਖੂਹਾਂ ਦਾ ਪਾਣੀ ਪੀਣ ਲਈ ਵਰਤਿਆ ਜਾਂਦਾ ਸੀ। ਸਾਰੀ ਵਸੋਂ ਇਨ੍ਹਾਂ ਖੂਹੀਆਂ, ਖੂਹਾਂ ਵਿਚੋਂ ਡੋਲਾਂ/ਬੋਕਿਆਂ ਰਾਹੀਂ ਪਾਣੀ ਕੱਢ ਕੇ ਘੜਿਆਂ ਵਿਚ ਪਾ ਕੇ ਵਰਤਦੀ ਹੁੰਦੀ ਸੀ। ਆਮ ਕਰ ਕੇ ਪਿੰਡਾਂ ਦੇ ਝਿਉਰ ਇਨ੍ਹਾਂ ਖੂਹੀਆਂ, ਖੂਹਾਂ ਵਿਚੋਂ ਪਾਣੀ ਕੱਢ ਕੇ ਲੋਕਾਂ ਦੇ ਘਰੀਂ ਵਹਿੰਗੀਆਂ ਵਿਚ ਕਈ ਕਈ ਘੜੇ ਰੱਖ ਕੇ ਪਹੁੰਚਾਉਂਦੇ ਸਨ। ਝਿਉਰੀਆਂ ਸਿਰਾਂ ਉਪਰ ਕਈ ਕਈ ਘੜੇ ਰੱਖ ਕੇ ਵੀ ਪਾਣੀ ਢੋਹਦੀਆਂ ਹੁੰਦੀਆਂ ਸਨ। ਗੁਰੂ ਅਰਜਨ ਦੇਵ ਜੀ ਨੇ ਜਦ ਛੇਹਰਟਾ ਨਗਰ ਵਸਾਇਆ ਤਾਂ ਪਾਣੀ ਪੀਣ ਲਈ ਤੇ ਜ਼ਮੀਨ ਦੀ ਸਿੰਜਾਈ ਲਈ ਛੇ ਹਰਟਾਂ ਵਾਲਾ ਖੂਹ/ਛੇ ਵਿੱਡਾ ਖੂਹ ਲਗਵਾਇਆ ਸੀ।

ਖੇਤੀ ਉਨ੍ਹਾਂ ਸਮਿਆਂ ਵਿਚ ਸਾਰੀ ਦੀ ਸਾਰੀ ਬਾਰਸ਼, ਕੁਦਰਤ, ਪ੍ਰਕਿਰਤੀ 'ਤੇ ਨਿਰਭਰ ਸੀ -

ਸੂਰਜ ਖੇਤੀ ਪਾਲ ਹੈ, ਚੰਦ ਬਣਾਵੇ ਰਸ।
ਜੇ ਇਹ ਦੋਵੇਂ ਨਾ ਮਿਲਣ, ਖੇਤੀ ਹੋਵੇ ਭਸ।

ਉਨ੍ਹਾਂ ਸਮਿਆਂ ਦੀ ਖੇਤੀ ਨਾਲ ਗੁਜ਼ਾਰਾ ਮੁਸ਼ਕਲ ਨਾਲ ਹੀ ਹੁੰਦਾ ਸੀ। ਖੇਤੀ ਦੀ ਮਾੜੀ ਹਾਲਤ ਸਬੰਧੀ ਉਸ ਸਮੇਂ ਦਾ ਅਖਾਣ ਹੈ -



Academy of the Punjab in North America: http://www.apnaorg.com

ਹਾਲਾਂ ਤਿੰਨ ਸੁਹਾਗੇ ਚਾਰ।
ਛੋਲੇ ਬੀਜੇ ਡੇਢ ਕਨਾਲ।
ਜੋ ਵੀ ਵੱਢ ਲਏ ਸਰਕਾਰ।
ਸਾਨੂੰ ਕੀ ਮਾਮਲੇ ਨਾਲ?

ਫੇਰ ਖੇਤੀਬਾੜੀ ਲਈ ਖੂਹ ਲੱਗਣ ਲੱਗੇ। ਜਿਮੀਂਦਾਰਾਂ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਹੁੰਦੀ ਸੀ, ਇਸ ਲਈ ਕਈ ਕਈ ਪਰਿਵਾਰ ਰਲ ਕੇ ਖੂਹ ਲਾਉਂਦੇ ਸਨ। ਉਨ੍ਹਾਂ ਸਮਿਆਂ ਵਿਚ ਪੰਡਤਾਂ ਦੇ ਬਹੁਤ ਵਹਿਮ ਭਰਮ ਪਾਏ ਹੋਏ ਸਨ, ਇਸ ਲਈ ਖੂਹ ਦੇ ਪਾੜ ਪੱਟਣ ਦਾ ਦਿਨ ਪੰਡਤ ਤੋਂ ਕਢਵਾਇਆ ਜਾਂਦਾ ਸੀ। ਧਰਤੀ ਸੁੱਤੀ ਹੈ ਜਾਂ ਜਾਗਦੀ ਹੈ, ਇਹ ਵੀ ਪੰਡਤ ਹੀ ਦੱਸਦਾ ਸੀ। ਪਾੜ ਦੇ ਟੱਕ ਲਾਉਣ ਤੋਂ ਪਹਿਲਾਂ ਦੇਵੀ ਦੇਵਤੇ ਧਿਆਏ ਜਾਂਦੇ ਸਨ। ਅਰਦਾਸ ਕੀਤੀ ਜਾਂਦੀ ਸੀ। ਫੇਰ ਗੁੜ ਵੰਡਿਆ ਜਾਂਦਾ ਸੀ। ਉਸ ਤੋਂ ਪਿੱਛੋਂ ਖੂਹ ਲਈ ਟੱਕ ਲਾਉਂਦੇ ਸਨ। ਫੇਰ ਕਹੀਆਂ ਨਾਲ ਖੂਹ ਲਈ ਟੋਆ ਪਾਣੀ ਆਉਣ ਦੀ ਪੱਧਰ ਦੇ ਨਜ਼ਦੀਕ ਤੱਕ ਪੱਟਿਆ ਜਾਂਦਾ ਸੀ। ਇਸ ਟੋਏ ਵਿਚ ਇੱਟਾਂ ਨਾਲ ਖੂਹ ਦੀ ਉਸਾਰੀ ਲਈ ਸਭ ਤੋਂ ਹੇਠਾਂ ਲੱਕੜ ਦਾ ਚੱਕ ਰੱਖਿਆ ਜਾਂਦਾ ਸੀ। ਅੱਜ ਦੀ ਪੀੜ੍ਹੀ ਚੱਕ ਕਿਸ ਨੂੰ ਕਹਿੰਦੇ ਸਨ? ਇਹ ਵੀ ਨਹੀਂ ਸਮਝੇਗੀ। ਲੱਕੜ ਦਾ ਗੋਲ ਆਕਾਰ ਦਾ ਓਨੇ ਸਾਈਜ਼ ਦਾ ਡੇਢ ਕੁ ਫੁੱਟ ਚੌੜਾ ਗੋਲ ਚੱਕਰ ਬਣਾਇਆ ਜਾਂਦਾ ਸੀ, ਜਿਸ ਦੇ ਉੱਪਰ ਇੱਟਾਂ, ਚੂਨੇ, ਸੀਮਿੰਟ ਨਾਲ ਖੂਹ ਦੀ ਉਸਾਰੀ ਕੀਤੀ ਜਾਂਦੀ ਸੀ। ਏਸ ਗੋਲ ਆਕਾਰ ਵਾਲੀ ਲੱਕੜ ਦੀ ਬਣੀ ਵਸਤ ਨੂੰ ਚੱਕ ਕਹਿੰਦੇ ਸਨ। ਇਹ ਚੱਕ ਪਾਣੀ ਵਿਚ ਡੁੱਬ ਕੇ ਹਮੇਸ਼ਾਂ ਲਈ ਨਜ਼ਰਾਂ ਤੋਂ ਓਹਲੇ ਹੋ ਜਾਂਦਾ ਸੀ। ਉਸ ਸਮੇਂ ਦਾ ਚੱਕ ਸਬੰਧੀ ਲੋਕ ਗੀਤ ਹੈ –

ਖੜੋਤੀ ਕੁੜੀਏ,
ਚੱਕ ਲਿਆ ਬਜ਼ਾਰ ਵਿਚੋਂ ਦੋਹਣਾ।
ਖੂਹ ਦੇ ਚੱਕ ਵਾਂਗੂੰ,
ਅਸਾਂ ਫੇਰ ਨਾ ਜਗਤ ਤੇ ਆਉਣਾ।
x x x x
ਸੁਪਨਾ ਹੋ ਗਿਆ ਯਾਰਾ,
ਖੂਹ ਦੇ ਚੱਕ ਵਾਂਗੂੰ।

ਖੂਹ ਦੀ ਉਸਾਰੀ ਓਨੀ ਕੀਤੀ ਜਾਂਦੀ ਸੀ, ਜਿੰਨਾ ਖੂਹ ਨੂੰ ਹੇਠਾਂ ਲਾਹ ਕੇ ਲਿਜਾਣਾ ਹੁੰਦਾ ਸੀ। ਖੂਹ ਦੀ ਉਸਾਰੀ ਦੇ ਉਪਰ ਵਿਚਕਾਰ ਥੋੜ੍ਹੀ ਜਿਹੀ ਜਗ੍ਹਾ ਛੱਡ ਕੇ, ਜਿੰਨੀ ਜਗ੍ਹਾ ਵਿਚ ਦੀ ਕਹਾ ਆਸਾਨੀ ਨਾਲ ਖੂਹ ਵਿਚ ਲਮਕਾਇਆ ਜਾ



ਸਕਦਾ ਸੀ ਤੇ ਕੱਢਿਆ ਜਾ ਸਕਦਾ ਸੀ, ਸ਼ਤੀਰੀਆਂ ਪਾ ਕੇ ਆਰਜ਼ੀ ਛੱਤ ਪਾਈ ਜਾਂਦੀ ਸੀ। ਏਸ ਆਰਜ਼ੀ ਛੱਤ ਉੱਪਰ ਖ਼ਾਲੀ ਬੋਰੀਆਂ ਵਿਚ ਮਿੱਟੀ ਭਰ ਕੇ ਰੱਖੀ ਜਾਂਦੀ ਸੀ। ਏਸ ਮਿੱਟੀ ਦੇ ਭਾਰ ਨਾਲ ਖੂਹ ਨੂੰ ਹੇਠਾਂ ਲਾਹੁਣ ਵਿਚ ਮੱਦਦ ਮਿਲਦੀ ਸੀ। ਖੂਹ ਦੀ ਆਰਜ਼ੀ ਛੱਤ ਉੱਪਰ ਇਕ ਦੋਸਾਂਗੜ ਬੰਨ੍ਹੀ ਜਾਂਦੀ ਸੀ, ਗੱਡੀ ਜਾਂਦੀ ਸੀ, ਜਿਸ ਵਿਚ ਭੌਣੀ ਫਿੱਟ ਕੀਤੀ ਜਾਂਦੀ ਸੀ। ਏਸ ਭੌਣੀ ਉੱਪਰ ਦੀ ਕਹੇ ਨੂੰ ਰੱਸਾ ਬੰਨ੍ਹ ਕੇ ਖੂਹ ਵਿਚ ਲਮਕਾਇਆ ਜਾਂਦਾ ਸੀ। ਰੱਸੇ ਦਾ ਦੂਸਰਾ ਸਿਰਾ ਆਦਮੀਆਂ ਦੇ ਹੱਥਾਂ ਵਿਚ ਫੜਿਆ ਹੁੰਦਾ ਸੀ। ਚੱਕ ਉੱਪਰ ਉਸਾਰੇ ਹੋਏ ਖੂਹ ਨੂੰ ਫੇਰ ਖੂਹ ਹੇਠਾਂ ਲਾਹੁਣ ਵਾਲਾ ਝਿਊਰ ਚੱਕ ਦੇ ਹੇਠੋਂ ਬੜੇ ਕਹੇ ਨਾਲ ਥੋੜ੍ਹੀ ਥੋੜ੍ਹੀ ਮਿੱਟੀ ਕੱਢ ਕੇ ਹੇਠਾਂ ਨੂੰ ਲਾਹ ਕੇ ਉਥੇ ਤੱਕ ਲੈ ਜਾਂਦਾ ਸੀ, ਜਿਥੇ ਖੂਹ ਵਿਚ ਕਾਫ਼ੀ ਪਾਣੀ ਹੋ ਜਾਂਦਾ ਸੀ ਤੇ ਧਰਤੀ ਦੀ ਸਖ਼ਤ ਤਹਿ ਵੀ ਆ ਜਾਂਦੀ ਸੀ। ਖੂਹ ਵਿਚ ਝਿਊਰ/ਮਿਸਤਰੀ ਜਿਹੜਾ ਮਿੱਟੀ ਦਾ ਕਹਾ ਭਰਦਾ ਸੀ, ਉਸ ਕਹੇ ਨੂੰ ਬਾਹਰ ਖੜ੍ਹੇ ਬੰਦ ਲੱਜ ਅਤੇ ਭੌਣੀ ਰਾਹੀਂ ਬਾਹਰ ਖਿੱਚ ਲੈਂਦੇ ਸਨ। ਏਸ ਤਰ੍ਹਾਂ ਖੂਹ ਨੂੰ ਹੇਠਾਂ ਪੂਰਾ ਲਾਹੁਣ ਤੱਕ ਕਹਾ ਚਲਦਾ ਰਹਿੰਦਾ ਸੀ। ਬੰਦਿਆਂ ਦੀ ਥਾਂ ਕਹੇ ਨੂੰ ਫੇਰ ਬਲਦਾਂ ਦੀ ਜੋੜੀ ਨਾਲ ਖਿੱਚਿਆ ਜਾਣ ਲੱਗਿਆ। ਖੂਹ ਵਿਚੋਂ ਲਗਾਤਾਰ ਪਾਣੀ ਮਿਲਦਾ ਰਹੇ, ਏਸ ਲਈ ਲਹੇ ਹੋਏ ਖੂਹ ਦੇ ਵਿਚਾਲੇ ਲੋਹੇ ਦੀ 6/7 ਇੰਚ ਗੋਲ ਆਕਾਰ ਦੀ ਪਾਈਪ ਨੂੰ ਨਲਕਾ ਲਾਉਣ ਦੀ ਤਰ੍ਹਾਂ ਕਾਫ਼ੀ ਡੂੰਘਾ ਕਰਕੇ ਲਾਇਆ ਜਾਂਦਾ ਸੀ, ਜਿਸ ਨਾਲ ਲਗਾਤਾਰ ਖੂਹ ਵਿਚ ਪਾਣੀ ਭਰਦਾ ਰਹਿੰਦਾ ਸੀ। ਖੂਹ ਨੂੰ ਪੂਰਾ ਹੇਠਾਂ ਲਾਹੁਣ ਤੋਂ ਪਿਛੋਂ ਆਰਜ਼ੀ ਛੱਤ ਲਾਹ ਦਿੱਤੀ ਜਾਂਦੀ ਸੀ ਤੇ ਖੂਹ ਦੀ ਮੌਣ ਬੰਨ੍ਹ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਖੂਹ ਦੇ ਮੁਕੰਮਲ ਹੋਣ ਤੇ ਖਵਾਜ਼ਾ ਖ਼ਿਜ਼ਰ ਦੀ ਮਿਹਰ ਲਈ ਦਲੀਆ/ਮਿੱਠੇ ਚੌਲ/ਜਾਂ ਕੜਾਹ ਵੰਡਿਆ ਜਾਂਦਾ ਸੀ।

ਇਨ੍ਹਾਂ ਖੂਹਾਂ ਵਿਚੋਂ ਹਲਟ ਨਾਲ ਪਾਣੀ ਕੱਢਿਆ ਜਾਂਦਾ ਸੀ। ਖੂਹ ਕਈ ਆਕਾਰ ਦੇ ਬਣਾਏ ਜਾਂਦੇ ਸਨ। ਛੋਟੇ ਆਕਾਰ ਦੇ ਖੂਹ ਵਿਚ ਇਕ ਹੀ ਹਲਟ ਲੱਗਦਾ ਹੁੰਦਾ ਸੀ। ਬੜੇ ਆਕਾਰ ਦੇ ਖੂਹਾਂ ਵਿਚ ਦੋ ਤੋਂ ਤਿੰਨ ਹਲਟ ਲਗ ਜਾਂਦੇ ਸਨ, ਜਿਨ੍ਹਾਂ ਨੂੰ ਦੋ ਵਿੱਢਾ ਤੇ ਤਿੰਨ ਵਿੱਢੇ ਖੂਹ ਕਿਹਾ ਜਾਂਦਾ ਸੀ। ਇਨ੍ਹਾਂ ਹਲਟਾਂ ਨਾਲ ਸਾਰੇ ਹਿੱਸੇਦਾਰਾਂ ਦੀ ਥੋੜ੍ਹੀ ਥੋੜ੍ਹੀ ਜ਼ਮੀਨ ਨੂੰ ਹੀ ਪਾਣੀ ਲਗਦਾ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਅਜੇ ਮੁਰੱਬੇਬੰਦੀ ਵੀ ਨਹੀਂ ਹੋਈ ਸੀ, ਏਸ ਲਈ ਲੋਕਾਂ ਦੇ ਥੋੜ੍ਹੀ ਥੋੜ੍ਹੀ ਜ਼ਮੀਨ ਦੇ ਖੇਤ ਹੁੰਦੇ ਸਨ। ਲੋਕਾਂ ਵਿਚ ਪ੍ਰੇਮ ਪਿਆਰ ਬਹੁਤ ਹੁੰਦਾ ਸੀ। ਇਕ ਦੂਜੇ ਦੀ ਖੇਤੀ ਵਿਚ ਪੂਰੀ ਮਦਦ ਕਰਦੇ ਹੁੰਦੇ ਸਨ। ਉਨ੍ਹਾਂ ਸਮਿਆਂ ਵਿਚ ਜੇਕਰ ਵੇਲੇ ਸਿਰ ਬਾਰਸ਼ ਨਹੀਂ ਹੁੰਦੀ ਸੀ ਤਾਂ ਕਾਲ ਪੈ ਜਾਂਦਾ ਸੀ। ਖੂਹਾਂ ਦੇ ਲੱਗਣ ਨਾਲ ਲੋਕਾਂ ਨੂੰ ਕਾਲ ਤੋਂ ਵੀ ਕੁਝ ਰਾਹਤ ਮਿਲਣ ਲੱਗੀ –



Academy of the Punjab in North America: http://www.apnaorg.com

ਜਿਸ ਦਾ ਵਗੇ ਖਾਲ,
ਕੀ ਕਰੂੰਗਾ ਉਹਨੂੰ ਕਾਲ।

ਜਿਸ ਜ਼ਮੀਨ ਨੂੰ ਪਾਣੀ ਲਗਦਾ ਸੀ, ਉਹ ਜ਼ਮੀਨ ਹੀ ਸਭ ਤੋਂ ਚੰਗੀ ਲੱਗਦੀ ਹੁੰਦੀ ਸੀ –

ਉਹ ਜ਼ਮੀਨ ਰਾਣੀ,
ਜਿਸ ਦੇ ਸਿਰ ਤੇ ਪਾਣੀ
x x x
ਜਨਾਨੀ ਸੋ ਜੋ ਪੇਕਿਓਂ ਰਾਣੀ,
ਜ਼ਮੀਨ ਸੋ ਜਿਸ ਦੇ ਸਿਰ ਤੇ ਪਾਣੀ।

ਇਨ੍ਹਾਂ ਖੂਹਾਂ 'ਤੇ ਹੀ ਲੋਕ ਨ੍ਹਾਉਂਦੇ ਹੁੰਦੇ ਸਨ। ਜਨਾਨੀਆਂ ਕਪੜੇ ਵੀ ਇਨ੍ਹਾਂ ਖੂਹਾਂ 'ਤੇ ਧੋਂਦੀਆਂ ਹੁੰਦੀਆਂ ਸਨ। ਪੀਣ ਲਈ ਪਾਣੀ ਵੀ ਇਨ੍ਹਾਂ ਖੂਹਾਂ ਤੋਂ ਭਰਦੀਆਂ ਹੁੰਦੀਆਂ ਸਨ। ਪ੍ਰੋਫੈਸਰ ਮੋਹਨ ਸਿੰਘ ਆਪਣੀ "ਖੂਹ ਦੀ ਗਾਧੀ ਉਤੇ" ਕਵਿਤਾ ਵਿਚ ਖੂਹਾਂ ਤੋਂ ਪਾਣੀ ਭਰਦੀਆਂ ਮੁਟਿਆਰਾਂ ਦਾ ਬੜਾ ਸੋਹਣਾ ਜ਼ਿਕਰ ਕਰਦੇ ਹਨ –

ਥੱਲੇ ਥੇਨੂੰ ਜੜੇ ਸਤਾਰੇ,
ਉੱਤੇ ਤਿੰਨ ਤਿੰਨ ਘੜੇ ਉਸਾਰੇ,
ਪਿਆ ਲੱਕ ਖਾਵੇ ਲਚਕਾਰੇ,
ਉਹ ਫਿਰ ਵੀ ਲਾਣ ਨਾ ਪੱਬ ਨੀ,
ਸਾਡੇ ਖੂਹ ਤੇ ਵਸਦਾ ਰੱਬ ਨੀ।

ਪਹਿਲੇ ਸਮਿਆਂ ਵਿਚ ਜ਼ਿਆਦਾ ਨੌਕਰੀਆਂ ਫੌਜ ਵਿਚ ਹੁੰਦੀਆਂ ਸਨ। ਜਦ ਫੌਜੀ ਆਪਣੀ ਛੁੱਟੀ ਕੱਟ ਕੇ ਵਾਪਸ ਜਾਂਦਾ ਹੁੰਦਾ ਸੀ, ਉਸ ਸਮੇਂ ਖੂਹ ਤੇ ਖੜ੍ਹੀ ਉਸ ਦੀ ਵਹੁਟੀ ਦੀ ਹਾਲਤ ਤਰਸਯੋਗ ਹੁੰਦੀ ਸੀ –

ਜਦ ਮਾਹੀ ਚੱਲਿਆ, ਮੈਂ ਖੜੀ ਜਾਂ ਖੂਹ ਤੇ,
ਮੋਟੇ ਮੋਟੇ ਹੰਝੂ ਡਿਗੇ ਗੋਰੇ ਗੋਰੇ ਮੂੰਹ 'ਤੇ।

ਇਕ ਮਾਹੀ ਦੀ ਜੁਦਾਈ, ਉੱਤੋਂ ਸੱਸ ਦੀ ਤਕੜਾਈ ਨਾਲ ਸਿਪਾਹੀ ਦੀ ਵਹੁਟੀ ਦਾ ਬੁਰਾ ਹਾਲ ਹੋ ਜਾਂਦਾ ਸੀ। ਇਸ ਲਈ ਉਹ ਆਪਣੀ ਸੱਸ ਦੀਆਂ ਵਧੀਕੀਆਂ ਦੱਸਣ ਲਈ ਆਪਣੇ ਮਾਹੀ ਨੂੰ ਉਡੀਕਦੀ ਰਹਿੰਦੀ ਸੀ –

ਵੇ ਮੈਂ ਪਾਣੀ ਭਰੇਨੀਆਂ ਖੂਹ ਤੇ,
ਕਦੀ ਆਵੇ ਤਾਂ ਗੱਲਾਂ ਕਰਾਂ ਮੂੰਹ 'ਤੇ,
ਜਿਹੜੀ ਸਾਡੇ ਨਾਲ ਬੀਤੀ ਆ ਲਾਲ।
ਹੋ! ਮਾਹੀਏ ਦੀ ਕਿੱਡੀ ਮਜ਼ਾਜ਼!



ਹੋ! ਸੋਹਣੇ ਦੀ ਕਿੱਡੀ ਮਜ਼ਾਜ਼!

ਖੂਹਾਂ ਤੇ ਪੂਰੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਖੂਹ ਕਈਆਂ ਦੇ ਮਿਲਣ ਸਥਾਨ ਵੀ ਹੁੰਦੇ ਸਨ –

ਲੀੜੇ ਧੋਣ ਦੇ ਬਹਾਨੇ ਜਾਵਾਂ,
ਮਿੱਤਰਾਂ ਦਾ ਖੂਹ ਚੱਲਦਾ।

ਨਲਕਿਆਂ ਦੇ ਲੱਗਣ ਕਰਕੇ ਕਈਆਂ ਦਾ ਖੂਹ 'ਤੇ ਮਿਲਣਾ-ਗਿਲਣਾ ਬੰਦ ਹੋ ਗਿਆ –

ਖੂਹਾਂ ਟੋਬਿਆਂ ਤੇ ਮਿਲਣੋਂ ਰਹਿ ਗਈ,
ਚੰਦਰੇ ਲਵਾ ਲਏ ਨਲਕੇ।

ਖੂਹਾਂ ਦੀ ਪੂਜਾ ਵੀ ਕੀਤੀ ਜਾਂਦੀ ਸੀ। ਦੀਵਾਲੀ ਸਮੇਂ ਖੂਹਾਂ ਤੇ ਦੀਵਾ ਬਾਲਦੇ ਸਨ। ਖੂਹ ਬਾਰੇ ਧਾਰਨਾ ਹੈ ਕਿ ਜਿਹੜੀ ਇਸਤਰੀ ਖੂਹ ਦਾ ਪਹਿਲਾ ਪਾਣੀ ਪੀਵੇਗੀ, ਉਸ ਦੇ ਲੜਕਾ ਪੈਦਾ ਹੋਵੇਗਾ। ਇਕ ਧਾਰਨਾ ਇਹ ਵੀ ਹੈ ਕਿ ਜਿਹੜੀ ਇਸਤਰੀ ਬਾਂਝ ਹੋਵੇ, ਜੇਕਰ ਉਹ ਇਸਤਰੀ ਸੱਤਾਂ ਖੂਹਾਂ ਦਾ ਪਾਣੀ ਇਕੱਠਾ ਕਰਕੇ ਸਵੇਰ ਵੇਲੇ ਕਿਸੇ ਚੌਰਸਤੇ ਵਿਚ ਇਸ਼ਨਾਨ ਕਰੇ ਤਾਂ ਉਸਦੇ ਘਰ ਪੁੱਤਰ ਪੈਦਾ ਹੋਵੇਗਾ।

ਮੁਰੱਬੇਬੰਦੀ ਹੋਣ ਤੇ ਲੋਕਾਂ ਦੀਆਂ ਜ਼ਮੀਨਾਂ ਇਕ-ਇਕ, ਦੋ-ਦੋ ਥਾਂਵਾਂ ਤੇ 'ਕੱਠੀਆਂ ਹੋ ਗਈਆਂ। ਲੋਕਾਂ ਦੀ ਆਰਥਿਕ ਹਾਲਤ ਚੰਗੀ ਹੁੰਦੀ ਗਈ। ਫੇਰ ਬਹੁਤੇ ਪਰਿਵਾਰਾਂ ਨੇ ਆਪਣੇ ਆਪਣੇ ਖੂਹ ਲਾਉਣੇ ਸ਼ੁਰੂ ਕੀਤੇ। ਇਕ ਅਜਿਹਾ ਸਮਾਂ ਵੀ ਆਇਆ, ਜਦ ਹਰ ਪਰਿਵਾਰ ਕੋਲ ਆਪਣਾ ਖੂਹ ਹੁੰਦਾ ਸੀ। ਫੇਰ ਇਨ੍ਹਾਂ ਖੂਹਾਂ ਵਿਚ ਇੰਜਣਾਂ ਨਾਲ ਚੱਲਣ ਵਾਲੇ ਟਿਊਬੈਲ ਲਾਏ ਗਏ। ਫੇਰ ਜ਼ਿਮੀਂਦਾਰਾਂ ਨੇ ਖੂਹੀਆਂ ਉਸਾਰ ਕੇ ਟਿਊਬੈਲ ਲਾਏ। ਬਿਜਲੀ ਆਉਣ ਤੇ ਬਿਜਲੀ ਦੀਆਂ ਮੋਟਰਾਂ ਵਾਲੇ ਟਿਊਬੈਲ ਲੱਗ ਗਏ। ਹੁਣ ਧਰਤੀ ਦਾ ਪਾਣੀ ਐਨੀ ਦੂਰ ਚਲਿਆ ਗਿਆ ਹੈ ਕਿ ਬਹੁਤੇ ਇਲਾਕਿਆਂ ਵਿਚ ਸਮਰਸੀਬਲ ਪੰਪ ਨਾਲ ਹੀ ਟਿਊਬੈਲ ਲੱਗ ਸਕਦੇ ਹਨ।

ਹੁਣ ਮਾਲਵੇ ਦੇ ਇਲਾਕੇ ਦੇ ਕਿਸੇ ਪਿੰਡ ਵਿਚ ਵੀ ਤੁਹਾਨੂੰ ਖੂਹ ਨਹੀਂ ਮਿਲੇਗਾ। ਜ਼ਿਮੀਂਦਾਰਾਂ ਨੇ ਖੂਹਾਂ ਨੂੰ ਭਰ ਕੇ ਖੇਤਾਂ ਵਿਚ ਰਲਾ ਲਿਆ ਹੈ। ਦੁਆਬੇ ਅਤੇ ਮਾਝੇ ਦੇ ਦਰਿਆਵਾਂ ਦੇ ਕੰਢੇ ਵਸੇ ਪਿੰਡਾਂ ਵਿਚ ਪਾਣੀ ਨੇੜੇ ਹੋਣ ਕਰ ਕੇ ਅਜੇ ਵੀ ਕੋਈ ਨਾ ਕੋਈ ਖੂਹ ਚਲਦਾ ਤੁਹਾਨੂੰ ਨਜ਼ਰ ਜ਼ਰੂਰ ਆ ਜਾਵੇਗਾ। ਖੂਹ ਜਿਹੜੇ ਕਿਸੇ ਸਮੇਂ ਖੇਤੀ ਦੀ ਰੀੜ ਦੀ ਹੱਡੀ ਹੁੰਦੇ ਸਨ, ਹੁਣ ਅਲੋਪ ਹੋ ਗਏ ਹਨ।

0



Academy of the Punjab in North America: http://www.apnaorg.com

# ਕੋਹ/ਚਰਸ

ਪੁਰਾਣੇ ਸਮਿਆਂ ਵਿਚ ਇਕ ਕੋਹ ਹੁੰਦਾ ਸੀ, ਜਿਸ ਨਾਲ ਖੂਹ ਵਿਚੋਂ ਪਾਣੀ ਕੱਢਕੇ ਫ਼ਸਲ ਸਿੰਜੀ ਜਾਂਦੀ ਸੀ। ਕਈ ਇਲਾਕਿਆਂ ਵਿਚ ਕੋਹ ਨੂੰ ਚਰਸ ਵੀ ਕਹਿੰਦੇ ਸਨ। ਦੂਰੀ ਦੀ ਮਿਣਤੀ ਵੀ ਉਨ੍ਹਾਂ ਸਮਿਆਂ ਵਿਚ ਕੋਹਾਂ ਵਿਚ ਕੀਤੀ ਜਾਂਦੀ ਸੀ।

ਇਹ ਉਹ ਸਮਾਂ ਸੀ ਜਦ ਮੁਰੱਬੇਬੰਦੀ ਅਜੇ ਹੋਈ ਨਹੀਂ ਸੀ। ਰਾਹ ਉੱਘੜੇ-ਦੁੱਗੜੇ, ਉੱਚੇ, ਨੀਵੇਂ ਹੁੰਦੇ ਸਨ। ਏਸ ਕਰ ਕੇ ਹੀ ਇਨ੍ਹਾਂ ਭੈੜੇ ਰਾਹਾਂ ਤੇ ਸਿਖਰ ਦੁਪਹਿਰੇ ਥੋੜ੍ਹਾ ਜਿਹਾ ਸਫ਼ਰ ਕਰ ਕੇ ਥੱਕੀ ਤੇ ਤਿਹਾਈ ਜਨਾਨੀ ਬਾਰੇ ਅਖਾਣ ਹੈ-

'ਕੋਹ ਨਾ ਚੱਲੀ, ਬਾਬਾ ਤਿਹਾਈ।'

ਕਿਸੇ ਨੂੰ ਪੂਰੇ ਤਸੀਹੇ ਦੇ ਕੇ, ਕਸ਼ਟ ਦੇ ਕੇ ਮਾਰਨ ਨੂੰ 'ਕੋਹ ਕੋਹ ਕੇ ਮਾਰਨਾ' ਕਿਹਾ ਜਾਂਦਾ ਹੈ। ਹੁਣ ਖੂਹਾਂ ਵਿਚੋਂ ਪਾਣੀ ਕੱਢਣ ਵਾਲੇ ਕੋਹਾਂ ਦੀ ਗੱਲ ਕਰਦੇ ਹਾਂ।



ਪਹਿਲਾਂ ਸਾਰੀ ਦੀ ਸਾਰੀ ਖੇਤੀ ਬਾਰਸ਼ਾਂ 'ਤੇ ਨਿਰਭਰ ਹੁੰਦੀ ਸੀ। ਜੇਕਰ ਬਾਰਸ਼ ਵੇਲੇ ਸਿਰ ਹੋ ਜਾਣੀ ਤਾਂ ਫ਼ਸਲਾਂ ਹੋ ਜਾਣੀਆਂ-

ਜੇ ਹਾੜ ਸਾਉਣ ਵੱਸੇ ਮਾਰੋ ਮਾਰ,
ਹਾੜੀ ਸਾਉਣੀ ਹੁੰਦੀ ਬੇ-ਸ਼ੁਮਾਰ।

ਜੇ ਕਰ ਵੇਲੇ ਸਿਰ ਬਾਰਸ਼ ਨਾ ਹੋਣੀ ਤਾਂ ਕਾਲ ਪੈ ਜਾਣਾ -

ਕਿਹੜੇ ਰੱਬ ਦੇ ਕੀਰਨੇ ਪਾਵਾਂ,
ਪਿੰਡ ਵਿਚ ਕਾਲ ਪੈ ਗਿਆ।



ਕਾਲ ਦੇ ਸਮੇਂ ਵਿਚ ਤਾਂ ਜਾਨ ਦੇ ਲਾਲੇ ਪਏ ਹੁੰਦੇ ਸਨ। ਏਸ ਲਈ ਜਨਾਨੀਆਂ ਨੂੰ ਕੋਈ ਵੀ ਤਿਉਹਾਰ, ਵਿਸ਼ੇਸ਼ ਕਰ ਕੇ ਜਨਾਨੀਆਂ ਦਾ ਵਿਸ਼ੇਸ਼ ਤਿਉਹਾਰ ਤੀਆਂ ਵੀ ਚੰਗਾ ਨਹੀਂ ਲੱਗਦਾ ਸੀ -

ਖੇਤ ਉਜਾੜ ਪਿਆ,
ਮੈਂ ਕਿਵੇਂ ਗਿੱਧੇ ਵਿਚ ਜਾਵਾਂ?

ਬਾਰਸ਼ ਬਹੁਤ ਹੋ ਜਾਣੀ, ਝੜੀ ਲੱਗ ਜਾਣੀ ਤਾਂ ਹੜ੍ਹ ਆ ਜਾਣੇ। ਕੱਚੇ ਕੋਠੇ ਢਹਿ ਜਾਣੇ -

ਪੋਹ ਮਾਘ ਦੀ ਝੜੀ
ਕੋਠਾ ਛੱਡੇ ਨਾ ਕੜੀ।

ਉਨ੍ਹਾਂ ਸਮਿਆਂ ਵਿਚ ਪੰਜਾਬ ਦੇ ਕਿਸੇ ਵੀ ਦਰਿਆ 'ਤੇ ਬੰਨ੍ਹ ਨਹੀਂ ਬੰਨ੍ਹਿਆ ਹੋਇਆ ਸੀ ਜਿਸ ਪਾਸੇ ਨੂੰ ਪਾਣੀ ਦਾ ਵਹਾ ਜ਼ਿਆਦਾ ਹੋ ਗਿਆ, ਉਸ ਪਾਸੇ ਹੀ ਦਰਿਆ ਆਪਣਾ ਰੁਖ ਬਦਲ ਲੈਂਦੇ ਸਨ। ਪਿਛਲੇ ਸਮਿਆਂ ਵਿਚ ਸਤਲੁਜ ਦਰਿਆ ਮਾਲਵੇ ਦੇ ਕਈ ਇਲਾਕਿਆਂ ਵਿਚ ਵੱਗਦਾ ਰਿਹਾ ਹੈ। ਫੇਰ ਕਈ ਕਈ ਪਰਿਵਾਰ ਰਲ ਕੇ ਖੂਹ ਲਾਉਣ ਲੱਗੇ। ਖੂਹਾਂ ਵਿਚੋਂ ਫ਼ਸਲ ਸਿੰਜਣ ਲਈ ਕੋਹਾਂ ਨਾਲ ਪਾਣੀ ਕੱਢਿਆ ਜਾਣ ਲੱਗਿਆ।

ਕੋਹ ਦੀ ਬਣਤਰ ਏਸ ਤਰ੍ਹਾਂ ਹੁੰਦੀ ਸੀ।

ਚਮੜੇ ਦੇ ਬਹੁਤ ਬੜੇ ਸਾਰੇ ਗੋਲ ਜਿਹੇ ਆਕਾਰ ਦੇ ਡੋਲ ਜਿਹੇ ਨੂੰ ਕੋਹ ਕਹਿੰਦੇ ਸਨ। ਏਸ ਦੇ ਮੂੰਹ ਉੱਪਰ ਦੇ ਹਿੱਸੇ ਵਿਚ ਗੋਲ ਜਿਹੇ ਆਕਾਰ ਦਾ ਲੋਹੇ ਦਾ ਕੜਾ ਲੱਗਿਆ ਹੁੰਦਾ ਸੀ, ਜਿਸ ਵਿਚ ਰੱਸਾ ਪਾ ਕੇ ਕੋਹ ਨੂੰ ਖੂਹ ਵਿਚ ਲਮਕਾਇਆ ਜਾਂਦਾ ਸੀ। ਕਈ ਕੋਹਾਂ ਵਿਚ ਏਸ ਕੜੇ ਦੇ ਵਿਚਾਲੇ ਲੱਕੜ ਲੱਗੀ ਹੁੰਦੀ ਸੀ। ਕਈਆਂ ਦੇ ਵਿਚਾਲੇ ਲੋਹੇ ਦਾ ਡੰਡਾ ਲੱਗਿਆ ਹੁੰਦਾ ਸੀ। ਏਸ ਲੱਕੜ ਜਾਂ ਲੋਹੇ ਦਾ ਡੰਡੇ ਵਿਚ ਰੱਸਾ ਪਾ ਕੇ ਕੋਹ ਨੂੰ ਖੂਹ ਵਿਚ ਲਮਕਾਇਆ ਜਾਂਦਾ ਸੀ। ਏਸ ਰੱਸੇ ਦਾ ਦੂਸਰਾ ਸਿਰਾ ਬਲਦਾਂ ਦੇ ਗਲ ਪਾਈ ਪੰਜਾਲੀ ਵਿਚ ਇਕ ਕੀਲੀ ਵਿਚ ਪਾਇਆ ਹੁੰਦਾ ਸੀ। ਕੋਹ ਵਿਚ 80 ਕੁ ਕਿਲੋ ਪਾਣੀ ਪੈਂਦਾ ਹੁੰਦਾ ਸੀ। ਦੋ ਬੰਦੇ ਕੋਹ ਨੂੰ ਚਲਾਉਂਦੇ ਸਨ। ਇਕ ਬਲਦਾਂ ਦੀ ਜੋੜੀ ਨੂੰ ਚਲਾਉਂਦਾ ਸੀ। ਦੂਸਰਾ ਭਰੇ ਹੋਏ ਕੋਹ ਨੂੰ ਖੂਹ ਦੀ ਮੌਣ ਕੋਲ ਖੜ੍ਹ ਕੇ ਫੜਦਾ ਹੁੰਦਾ ਸੀ।

ਕੋਹ ਨੂੰ ਖੂਹ ਵਿਚ ਲਮਕਾਉਣ ਤੇ ਕੱਢਣ ਲਈ ਖੂਹ ਦੀ ਮੌਣ ਦੇ ਨਾਲ ਦੋ ਮਜ਼ਬੂਤ ਲੱਕੜਾਂ ਗੱਡੀਆਂ ਹੁੰਦੀਆਂ ਹਨ। ਇਨ੍ਹਾਂ ਲੱਕੜਾਂ ਦੇ ਉੱਪਰ ਲੋਹੇ ਦਾ ਮੋਟਾ ਸਰੀਆ ਪਾਇਆ ਹੁੰਦਾ ਸੀ, ਜਿਸ ਵਿਚ ਭੌਣੀ ਪਾਈ ਹੁੰਦੀ ਸੀ। ਇਸ ਭੌਣੀ ਦੇ ਉਪਰ ਦੀ ਰੱਸੇ ਰਾਹੀਂ ਕੋਹ ਨੂੰ ਖੂਹ ਵਿਚ ਲਮਕਾਇਆ ਜਾਂਦਾ ਸੀ। ਜਦ ਕੋਹ ਪਾਣੀ



Academy of the Punjab in North America: http://www.apnaorg.com

ਨਾਲ ਭਰ ਜਾਂਦਾ ਸੀ ਤਾਂ ਬਲਦਾਂ ਦੀ ਜੋੜੀ ਨਾਲ ਭਰੇ ਕੋਹ ਨੂੰ ਖੂਹ ਵਿਚੋਂ ਬਾਹਰ ਕੱਢਿਆ ਜਾਂਦਾ ਸੀ। ਮੌਣ ਦੇ ਕੋਲ ਖੜਾ ਬੰਦਾ ਕੋਹ ਨੂੰ ਫੜ ਕੇ ਚੁਬੱਚੇ/ਔਲੂ ਵਿਚ ਉਲਟਾਉਂਦਾ ਸੀ। ਔਲੂ ਚੂਨੇ ਨਾਲ ਬਣਾਇਆ ਹੁੰਦਾ ਸੀ। ਔਲੂ ਖੂਹ ਦੀ ਮੌਣ ਦੇ ਬਿਲਕੁਲ ਨਾਲ ਹੀ ਬਣਾਇਆ ਜਾਂਦਾ ਸੀ। ਔਲੂ ਦਾ ਖੂਹ ਦੀ ਮੌਣ ਦੇ ਨਾਲ ਲੱਗਦਾ ਹਿੱਸਾ ਉੱਚਾ ਹੁੰਦਾ ਸੀ ਤੇ ਫੇਰ ਇਹ ਨੀਮਾ ਹੁੰਦਾ ਜਾਂਦਾ ਸੀ ਤਾਂ ਜੋ ਕੋਹ ਦਾ ਪਾਣੀ ਰੋੜ੍ਹ ਨਾਲ ਛੇਤੀ ਖੇਤ ਵਿਚ ਪਹੁੰਚੇ। ਕੋਹ ਨੂੰ ਫੜਨਾ ਤੇ ਔਲੂ ਵਿਚ ਉਲਟਾਉਣਾ ਤਕੜੇ ਬੰਦੇ ਦਾ ਕੰਮ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਸਾਰੇ ਹੀ ਬੰਦੇ ਤਕੜੇ ਹੁੰਦੇ ਸਨ। ਖ਼ੁਰਾਕਾਂ ਚੰਗੀਆਂ ਖਾਂਦੇ ਸਨ।

ਕੋਹਾਂ ਤੋਂ ਬਾਅਦ ਫੇਰ ਹਲਟ ਲੱਗਣ ਲੱਗੇ। ਪਹਿਲਾਂ ਹਲਟਾਂ ਦੇ ਵੈੜ ਲੱਕੜ ਦੇ ਹੁੰਦੇ ਸਨ। ਟਿੰਡਾਂ ਮਿੱਟੀ ਦੀਆਂ ਹੁੰਦੀਆਂ ਸਨ। ਫੇਰ ਹਲਟ ਸਾਰੇ ਦਾ ਸਾਰਾ ਲੋਹੇ ਦਾ ਬਣਨ ਲਗਿਆ। ਫੇਰ ਖੂਹਾਂ ਵਿਚ ਇੰਜਣਾਂ ਨਾਲ ਚੱਲਣ ਵਾਲੇ ਟਿਊਬੈਲ ਲੱਗੇ। ਉਸ ਤੋਂ ਬਾਅਦ ਖੂਹੀਆਂ ਉਸਾਰ ਕੇ ਟਿਊਬੈਲ ਲੱਗੇ। ਫੇਰ ਇੰਜਣਾਂ ਦੀ ਥਾਂ ਬਿਜਲੀ ਦੀਆਂ ਮੋਟਰਾਂ ਆ ਗਈਆਂ। ਹੁਣ ਪਾਣੀ ਐਨਾ ਦੂਰ ਹੋ ਗਿਆ ਹੈ ਕਿ ਸਮਰਸੀਬਲ ਪੰਪਾਂ ਨਾਲ ਹੀ ਪਾਣੀ ਕੱਢਿਆ ਜਾ ਸਕਦਾ ਹੈ।

0

## ਹਲਟ

ਖੂਹ ਵਿਚੋਂ ਟਿੰਡਾਂ ਰਾਹੀਂ ਜਿਸ ਮਸ਼ੀਨਰੀ ਨਾਲ ਪਾਣੀ ਕੱਢਿਆ ਜਾਂਦਾ ਸੀ, ਉਸ ਨੂੰ ਹਲਟ ਕਿਹਾ ਜਾਂਦਾ ਸੀ। ਅੱਜ ਮਾਲਵੇ ਦੇ ਕਿਸੇ ਵੀ ਪਿੰਡ ਵਿਚ ਤੁਹਾਨੂੰ ਹਲਟ ਨਹੀਂ ਮਿਲੇਗਾ। ਦੁਆਬੇ ਅਤੇ ਮਾਝੇ ਦੇ ਪਿੰਡ ਜਿਹੜੇ ਦਰਿਆਵਾਂ ਦੇ ਨੇੜੇ ਹਨ, ਉਥੇ ਕਿਸੇ ਨਾ ਕਿਸੇ ਪਿੰਡ ਵਿਚ ਅੱਜ ਵੀ ਤੁਹਾਨੂੰ ਹਲਟ ਚਲਦਾ ਮਿਲ ਜਾਵੇਗਾ। ਕੋਈ ਸਮਾਂ ਸੀ ਜਦ ਪੰਜਾਬ ਦੀ ਬਾਰੀ ਖੇਤੀ ਬਾਰਸ਼ਾਂ ਤੇ ਨਿਰਭਰ ਹੁੰਦੀ ਸੀ। ਫੇਰ ਖੂਹ ਲੱਗਣ ਤੇ ਹਲਟਾਂ ਦੀ ਸਿੰਜਾਈ ਤੇ ਖੇਤੀ ਦੀ ਕਾਫ਼ੀ ਨਿਰਭਰਤਾ ਹੋ ਗਈ। ਘਰ ਵਰਤੋਂ ਲਈ ਪਾਣੀ ਵੀ ਖੂਹਾਂ ਤੋਂ ਭਰਿਆ ਜਾਂਦਾ ਸੀ। ਖੂਹ ਮਿੱਤਰਾਂ ਦੇ ਮਿਲਣ ਸਥਾਨ ਵੀ ਬਣਦੇ ਰਹੇ ਹਨ –

ਮਿੱਤਰਾਂ ਦਾ ਖੂਹ ਚਲਦਾ,
ਪਾਣੀ ਭਰਨ ਦੇ ਬਹਾਨੇ ਆਵਾਂ।

ਕਈ ਵੇਰ ਇਹ ਹਲਟ "ਟੂ ਇਨ ਵਨ" ਦਾ ਕੰਮ ਵੀ ਦਿੰਦੇ ਸਨ। ਘਰ ਦੀ ਸੁਆਣੀ ਨਾਲੇ ਤਾਂ ਪਾਣੀ ਭਰ ਕੇ ਲੈ ਆਉਂਦੀ ਸੀ, ਨਾਲੇ ਘਰ ਵਾਲੇ ਨੂੰ ਸੁਨੇਹਾ ਦੇ ਆਉਂਦੀ ਸੀ –

ਖੂਹ ਉੱਤੇ ਆ ਮਾਹੀਆ,



ਨਾਲੇ ਸਾਡੀ ਗੱਲ ਸੁਣ ਜਾ,
ਨਾਲੇ ਘੜਾ ਦੇ ਚੁਕਾ ਮਾਹੀਆ।



ਅੱਜ ਦੀ ਪੀੜ੍ਹੀ ਨੂੰ ਹਲਟ ਕਿਹੋ ਜਿਹੇ ਹੁੰਦੇ ਸਨ, ਕੋਈ ਪਤਾ ਨਹੀਂ? ਆਓ, ਹੁਣ ਮੈਂ ਤੁਹਾਨੂੰ ਹਲਟ ਦੀ ਬਣਤਰ ਬਾਰੇ ਦੱਸਦਾ ਹਾਂ।

ਇੱਕ ਬੜਾ ਚੱਕਲਾ ਹੁੰਦਾ ਸੀ। ਏਸ ਚੱਕਲੇ ਦੇ ਦੋ ਪਾਸੇ ਸੀਮਿੰਟ ਦੀ ਉਸਾਰੀ ਨਾਲ ਦੋ ਛੋਟੇ ਜਿਹੇ ਥੰਮ੍ਹ ਬਣੇ ਹੁੰਦੇ ਸਨ, ਜਿਨ੍ਹਾਂ ਨੂੰ ਗੁੱਡੇ/ਮੁੰਨੇ ਕਹਿੰਦੇ ਸਨ। ਏਸ ਥੰਮ੍ਹਾਂ ਉਪਰ ਗਾਡਰ ਪਾਇਆ ਹੁੰਦਾ ਸੀ, ਜਿਸ ਨੂੰ ਧੱਕੜ ਕਹਿੰਦੇ ਸਨ। ਪਹਿਲਾਂ ਮੁੰਨੇ ਵੀ ਲੱਕੜ ਦੇ ਹੁੰਦੇ ਸਨ ਤੇ ਧੱਕੜ ਵੀ ਲੱਕੜ ਦੀ ਹੁੰਦੀ ਸੀ। ਏਸ ਧੱਕੜ ਦੇ ਵਿਚਾਲੇ ਬੜੀ ਸਾਰੀ ਮੋਰੀ ਹੁੰਦੀ ਸੀ, ਜਿਸ ਮੋਰੀ ਵਿਚੋਂ ਦੀ ਲੋਹੇ ਦੀ ਲੱਠ ਪਾ ਕੇ ਚੱਕਲੇ ਵਿਚ ਦੀ ਹੁੰਦੀ ਹੋਈ ਹੇਠਾਂ ਧਰਤੀ ਵਿਚ ਗੱਡੀ ਲੱਕੜ ਤੇ ਫਿੱਟ ਹੁੰਦੀ ਸੀ। ਏਸ ਲੱਠ ਦੇ ਉਪਰਲੇ ਹਿੱਸੇ ਵਿਚ ਲੱਕੜ ਦੀ ਗਰਦਲ/ਗਰਧਨ ਪਾਈ ਹੁੰਦੀ ਸੀ। ਜਿੱਥੇ ਗਰਦਲ ਪਾਈ ਹੁੰਦੀ ਸੀ, ਉਸ ਦੇ ਹੇਠਲੇ ਤੇ ਉਪਰਲੇ ਹਿੱਸੇ ਤੇ ਮੋਟੀ ਚੱਦਰ ਲਾਈ ਹੁੰਦੀ ਸੀ, ਜਿਸ ਨੂੰ ਤਾਲੂਏ ਕਹਿੰਦੇ ਸਨ। ਏਸ ਨਾਲ ਗਰਦਲ ਦੀ ਮਜ਼ਬੂਤੀ ਬਣਦੀ ਸੀ।

ਵੱਡੇ ਚੱਕਲੇ ਨਾਲ ਇਕ ਛੋਟੀ ਚੱਕਲੀ ਹੁੰਦੀ ਸੀ। ਇਹ ਚੱਕਲੀ ਧਰਤੀ ਦੀ ਪੱਧਰ ਤੋਂ ਅੱਧੀ ਹੇਠਾਂ ਅੱਧੀ ਉਭਰ ਫਿੱਟ ਹੁੰਦੀ ਸੀ। ਛੋਟੀ ਚੱਕਲੀ ਵਿਚ ਇਕ ਬੜੀ ਲੋਹੇ ਦੀ ਲੱਠ ਪਾਈ ਹੁੰਦੀ ਸੀ। ਇਹ ਲੱਠ ਧਰਤੀ ਦੀ ਪੱਧਰ ਤੇ ਪਾਈ ਹੁੰਦੀ ਸੀ। ਜੇਕਰ ਇਹ ਲੱਠ ਵਿੰਗੀ ਹੋ ਜਾਂਦੀ ਸੀ ਤਾਂ ਖੂਹ ਵਿਚੋਂ ਪਾਣੀ ਕੱਢਣ ਲਈ ਕੁਝ ਮੁਸ਼ਕਲ ਆਉਂਦੀ ਸੀ। ਏਸ ਤਰ੍ਹਾਂ ਹੀ ਰਾਹ ਦੇ ਖੇਤ ਵਿਚ ਬੀਜੀ ਫ਼ਸਲ ਵੀ ਉਜਾੜੇ



Academy of the Punjab in North America: http://www.apnaorg.com

ਦਾ ਕਾਰਨ ਬਣਦੀ ਸੀ। ਉਸ ਸਮੇਂ ਦੇ ਸਿਆਣੇ ਕਹਿੰਦੇ ਹੁੰਦੇ ਸਨ –

ਰਾਹ ਉੱਤੇ ਖੇਤੀ, ਖੂਹ ਦੀ ਵਿੰਗੀ ਲੱਠ,
ਰੰਨ ਤੰਬਾਖੂ ਛਿਕਣੀ, ਤਿੰਨੇ ਚੌੜ ਚਪੱਟ।
x x x x
ਹਲ ਧੜਕਣੀ, ਰੰਨ ਖੜ੍ਹਕਣੀ
ਖੂਹ ਦੀ ਵਿੰਗੀ ਲੱਠ
ਵਿਚ ਚੌਰਸਤੇ ਖੇਤੀ,
ਚਾਰੇ ਚੌੜ ਚੁਪੱਟ।

ਏਸ ਲੱਠ ਦਾ ਦੂਸਰਾ ਸਿਰਾ ਖੂਹ ਵਿਚ ਜੋ ਬੈੜ ਪਾਇਆ ਹੁੰਦਾ ਸੀ, ਉਸ ਵਿਚੋਂ ਦੀ ਲੰਘ ਕੇ ਖੂਹ ਵਿਚ ਲੱਗੇ ਗਾਡਰ ਤੇ ਫਿੱਟ ਕੀਤਾ ਹੁੰਦਾ ਸੀ। ਖੂਹ ਦੀ ਮੌਣ ਉੱਤੇ ਆਰ ਪਾਰ ਰੱਖੇ ਏਸ ਗਾਡਰ ਨੂੰ ਝੱਲਣ ਕਹਿੰਦੇ ਸਨ। ਬੈੜ ਛੇ ਕੁ ਫੁੱਟ ਗੋਲ ਆਕਾਰ ਦਾ ਲੋਹੇ ਦੀ ਇੰਗਲੈਰਨ ਦਾ ਬਣਿਆ ਹੁੰਦਾ ਸੀ, ਜਿਸ ਵਿੱਚ ਲੋਹੇ ਦੇ ਡੰਡੇ ਲੱਗੇ ਹੁੰਦੇ ਸਨ, ਜਿਨ੍ਹਾਂ ਨੂੰ ਗਜ਼ ਕਹਿੰਦੇ ਸਨ। ਬੈੜ ਵਿਚ ਥੋੜ੍ਹੇ ਥੋੜ੍ਹੇ ਫ਼ਾਸਲੇ ਤੇ ਕਿੱਲੀਆਂ ਲੱਗੀਆਂ ਹੁੰਦੀਆਂ ਸਨ ਤੇ ਇਨ੍ਹਾਂ ਕਿੱਲੀਆਂ ਵਿਚ ਕੰਘੀਆਂ ਲੱਗੀਆਂ ਹੁੰਦੀਆਂ ਸਨ। ਇਨ੍ਹਾਂ ਕੰਘੀਆਂ ਵਿਚ ਹੀ ਖੂਹ ਵਿਚੋਂ ਪਾਣੀ ਨਾਲ ਭਰੀਆਂ ਟਿੰਡਾਂ ਆ ਕੇ ਚੜ੍ਹਦੀਆਂ ਹੁੰਦੀਆਂ ਸਨ। ਬੜੇ ਚੱਕਲੇ ਅਤੇ ਛੋਟੇ ਚੱਕਲੇ ਵਿਚ ਲੱਗੇ ਲੋਹੇ ਦੇ ਗੁੱਲਿਆਂ ਨੂੰ ਬੂੜੀਏ ਕਹਿੰਦੇ ਸਨ। ਛੋਟੇ ਚੱਕ ਦੇ ਨੇੜੇ ਲੋਹੇ ਦਾ ਕੁੱਤਾ ਲੱਗਿਆ ਹੁੰਦਾ ਸੀ। ਕੁੱਤਾ ਇਕ ਕਿਸਮ ਦਾ ਬਰੇਕ ਹੁੰਦਾ ਸੀ। ਜਦ ਚਲਦਾ ਹਲਟ ਘੜਾਇਆ ਜਾਂਦਾ ਸੀ ਤਾਂ ਇਹ ਕੁੱਤਾ ਬਰੇਕ ਦੀ ਤਰ੍ਹਾਂ ਲੱਗ ਜਾਂਦਾ ਸੀ। ਕੁੱਤੇ ਦੇ ਲੱਗਣ ਨਾਲ ਪਾਣੀ ਦੀਆਂ ਭਰੀਆਂ ਹੋਈਆਂ ਟਿੰਡਾਂ ਪਿਛੇ ਖੂਹ ਵਿਚ ਨਹੀਂ ਮੁੜਦੀਆਂ ਸਨ। ਕੁੱਤੇ ਦੀ ਟੱਕ ਟੱਕ ਦੀ ਆਵਾਜ਼ ਹੁੰਦੀ ਸੀ। ਏਸ ਆਵਾਜ਼ ਤੋਂ ਹੀ ਖੂਹ ਚਲਦੇ ਹੋਣ ਬਾਰੇ ਪਤਾ ਲੱਗਦਾ ਹੁੰਦਾ ਸੀ।

ਹਲਟ ਨੂੰ ਚਲਾਉਣ ਲਈ ਗਰਦਲ/ਗਰਧਨ ਨਾਲ ਬਲਦਾਂ ਦੀ ਜੋੜੀ ਜਾਂ ਊਠ ਜੋੜਿਆ ਜਾਂਦਾ ਸੀ। ਗਰਦਲ ਨੂੰ ਗਾਧੀ ਵੀ ਕਹਿੰਦੇ ਸਨ। ਕਈ ਗਰਦਲਾਂ ਦੇ ਅਖ਼ੀਰ ਤੇ ਦੁਸਾਂਗ ਹੁੰਦਾ ਸੀ, ਜਿਸ ਨੂੰ ਸਣ ਦੀ ਰੱਸੀ ਨਾਲ ਬੁਣਿਆ ਹੁੰਦਾ ਸੀ। ਇਸ ਨੂੰ ਹੰਬੜ ਕਹਿੰਦੇ ਸਨ। ਹੰਬੜ ਉਪਰ ਬੈਠ ਕੇ ਵੀ ਬਲਦਾਂ ਦੀ ਜੋੜੀ ਨੂੰ ਹੱਕਿਆ ਜਾਂਦਾ ਸੀ। ਬਲਦਾਂ ਦੀ ਜੋੜੀ ਤੇ ਪੰਜਾਲੀ ਪਾਈ ਹੁੰਦੀ ਸੀ। ਅੰਦਰਲੇ ਬਲਦ ਦਾ ਰੱਸਾ ਗਰਦਲ ਨਾਲ ਏਸ ਹਿਸਾਬ ਨਾਲ ਬੰਨ੍ਹਿਆ ਜਾਂਦਾ ਸੀ ਕਿ ਬਲਦਾਂ ਦੀ ਜੋੜੀ ਖੂਹ ਦੀ ਪੈੜ ਦੇ ਵਿਚ ਵਿਚ ਰਹਿ ਕੇ ਚੱਲੇ। ਗਰਦਲ ਦਾ ਬਾਹਰਲਾ ਹਿੱਸਾ ਜਿਸ ਧਰਤੀ ਤੋਂ ਦੀ ਹੋ ਕੇ ਘੁੰਮਣਾ ਹੁੰਦਾ ਸੀ, ਉਸ ਨੂੰ ਪੈੜ ਕਹਿੰਦੇ ਸਨ। ਏਸ ਤਰ੍ਹਾਂ ਹੀ



ਊਂਠ ਦੇ ਗਲ਼ ਨਾਲ ਢਾਂਗੇ ਦਾ ਇਕ ਸਿਰਾ ਬੰਨ੍ਹ ਕੇ ਢਾਂਗੇ ਦਾ ਦੂਸਰਾ ਸਿਰਾ ਗਰਦਲ ਨਾਲ ਬੰਨ੍ਹਿਆ ਜਾਂਦਾ ਸੀ ਤਾਂ ਜੋ ਊਠ ਪੈੜ ਦੇ ਵਿਚ ਰਹਿ ਕੇ ਹੀ ਚੱਲੇ।

ਪੈੜਾਂ ਕਈ ਹੋਰ ਕਿਸਮਾਂ ਦੀਆਂ ਵੀ ਹੁੰਦੀਆਂ ਹਨ। ਪਹਿਲੇ ਸਮਿਆਂ ਵਿਚ ਸਫ਼ਰ ਪੈਦਲ ਕੀਤਾ ਜਾਂਦਾ ਸੀ। ਜੇਕਰ ਰਾਹ ਰੇਤੇ ਵਾਲਾ ਹੁੰਦਾ ਸੀ ਤਾਂ ਤੁਰਦੇ ਹੋਏ ਰਾਹੀ ਦੇ ਪੈਰਾਂ ਦੀਆ ਪੈੜਾਂ ਦੇ ਨਿਸ਼ਾਨ ਰੇਤੇ ਉਪਰ ਰਹਿੰਦੇ ਜਾਂਦੇ ਸਨ। ਜੇਕਰ ਉਹ ਪੈੜ ਕਿਸੇ ਮਾਸ਼ੂਕ ਦੀ ਹੁੰਦੀ ਸੀ ਤਾਂ ਉਸ ਦਾ ਆਸ਼ਕ ਉਸ ਦੀ ਪੈੜ ਦੇ ਰੇਤੇ ਨੂੰ ਚੁੱਕ ਕੇ ਆਪਣੇ ਮਾਸ਼ੂਕ ਦੇ ਮਿਲਣ ਦਾ ਸੁਪਨਾ ਸਿਰਜ ਲੈਂਦਾ ਸੀ –

ਤੇਰੀ ਸੱਜਰੀ ਪੈੜ ਦਾ ਰੇਤਾ,
ਚੁੱਕ ਚੁੱਕ ਲਾਵਾਂ ਹਿੱਕ ਨੂੰ।

ਪੈੜ ਦੇ ਨਿਸ਼ਾਨਾਂ ਦੀ ਪਛਾਣ ਨੂੰ ਮੁੱਖ ਰੱਖਦੀ ਹੋਈ ਗੋਰੀ ਆਪਣੇ ਗੁਆਚੇ ਹੋਏ ਲੌਂਗ ਦੀ ਭਾਲ ਕਰਨ ਲਈ ਆਪਣੇ ਮਾਹੀ ਨੂੰ ਤਾਕੀਦ ਵੀ ਕਰਦੀ ਹੁੰਦੀ ਸੀ –

ਪਿਛੇ ਪਿਛੇ ਆਉਂਦਾ,
ਮੇਰੀ ਪੈੜ ਵਿਹੰਦਾ ਆਈਂ।
ਚੀਰੇ ਵਾਲਿਆ ਦੇਖਦਾ ਆਈਂ ਵੇ,
ਮੇਰਾ ਲੌਂਗ ਗੁਆਚਾ
ਨਿਗ੍ਹਾ ਮਾਰਦਾ ਆਈਂ ਵੇ,
ਮੇਰਾ ਲੌਂਗ ਗਵਾਚਾ।

ਪਿਛਲੇ ਸਮਿਆਂ ਵਿਚ ਚੋਰਾਂ ਨੂੰ ਪੈਰਾਂ ਦੀਆਂ ਪੈੜਾਂ ਦੇ ਨਿਸ਼ਾਨ ਤੋਂ ਹੀ ਫੜਿਆ ਜਾਂਦਾ ਸੀ, ਜਿਸ ਨੂੰ ਚੋਰ ਦੀ ਪੈੜ ਦੱਬਣਾ ਕਹਿੰਦੇ ਸਨ।

ਘਰ ਬਣਾਉਣ ਲਈ ਵੀ ਪੈੜਾਂ ਦਾ ਸਹਾਰਾ ਲਿਆ ਜਾਂਦਾ ਸੀ। ਇਹ ਪੈੜਾਂ ਲੱਕੜਾਂ ਨੂੰ ਇਕ ਦੂਜੀ ਨਾਲ ਬੰਨ੍ਹ ਕੇ ਬਣਾਈਆਂ ਜਾਂਦੀਆਂ ਸਨ/ਹਨ। ਇਨ੍ਹਾਂ ਪੈੜਾਂ ਦੇ ਸਹਾਰੇ ਹੀ ਕਈ ਕਈ ਮੰਜ਼ਲਾਂ ਦੀ ਉਸਾਰੀ ਕੀਤੀ ਜਾਂਦੀ ਸੀ/ਹੈ। ਹੁਣ ਤਾਂ ਲੱਕੜ ਦੀ ਥਾਂ ਲੋਹੇ ਦੀਆਂ ਪਾਈਪਾਂ ਦੀਆਂ ਪੈੜਾਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਪੈੜਾਂ ਨਾਲ ਅਸਮਾਨ ਛੂੰਹਦੀਆਂ ਬਿਲਡਿੰਗਾਂ ਬਣਾਈਆਂ ਜਾਂਦੀਆਂ ਹਨ।

ਮਿੱਠੀ ਚੀਜ਼ ਚਾਹੇ ਉਹ ਗੁੜ ਹੋਵੇ, ਚਾਹੇ ਉਹ ਮਠਿਆਈ ਹੋਵੇ, ਚਾਹੇ ਉਹ ਲੱਡੂ ਹੋਣ,ਕਿਤੇ ਵੀ ਪਈ ਹੋਵੇ, ਮੱਖੀਆਂ ਉਸ ਤੱਕ ਪਹੁੰਚ ਜਾਂਦੀਆਂ ਹਨ। ਏਸੇ ਤਰ੍ਹਾਂ ਚੁਬਾਰੇ ਵਿਚ ਚੋਰੀਓਂ ਲੱਡੂ ਖਾ ਕੇ ਆਈ ਇਕ ਮੁਟਿਆਰ ਦੀ ਚੋਰੀ ਦੀ ਪੈੜ ਨੂੰ ਮੱਖੀਆਂ ਵੱਲੋਂ ਫੜਨ ਸਬੰਧੀ ਗੀਤ ਹੈ –

ਲੱਡੂ ਖਾ ਕੇ ਚੁਬਾਰਿਓਂ ਉਤਰੀ,
ਮੱਖੀਆਂ ਨੇ ਪੈੜ ਕੱਢ ਲਈ।



Academy of the Punjab in North America: http://www.apnaorg.com

ਮੈਂ ਕਈ ਪੈੜਾਂ ਬਾਰੇ ਦੱਸਿਆ ਹੈ। ਪੈੜਾਂ ਦੀਆਂ ਹੋਰ ਵੀ ਕਈ ਕਿਸਮਾਂ ਹਨ। ਪੈੜਾਂ ਬਾਰੇ ਕਈ ਅਖਾਣ ਅਤੇ ਮੁਹਾਵਰੇ ਵੀ ਹਨ। ਪੈੜਾਂ ਦਾ ਹੋਰ ਵਿਸਥਾਰ ਨਾ ਦਿੰਦਾ ਹੋਇਆ ਮੈਂ ਮੁੜ ਹਲਟ ਦੇ ਲੇਖ ਵੱਲ ਆਉਂਦਾ ਹਾਂ।

ਹਲਟ ਨੂੰ ਚਲਾਉਣ ਲਈ ਗਰਧਨ ਨਾਲ ਬਲਦਾਂ ਦੀ ਜੋੜੀ ਜਾਂ ਊਠ ਜੋੜਿਆ ਜਾਂਦਾ ਸੀ। ਗਰਧਨ/ਗਰਦਲ ਬੜੇ ਚੱਕਲੇ ਤੇ ਛੋਟੀ ਚੱਕਲੀ ਨੂੰ ਘੁੰਮਾਉਂਦੀ ਸੀ। ਛੋਟੀ ਚੱਕਲੀ ਵਿਚ ਜਿਹੜੀ ਲੋਹੇ ਦੀ ਲੱਠ ਪਾਈ ਹੁੰਦੀ ਸੀ, ਉਹ ਖੂਹ ਵਿੱਚ ਲੱਗੇ ਬੈੜ ਨੂੰ ਚਲਾਉਂਦੀ ਸੀ। ਬੈੜ ਚੱਲਣ ਨਾਲ ਜਿਹੜੀ ਟਿੰਡਾਂ ਦੀ ਮਾਲ੍ਹ ਬਣੀ ਹੁੰਦੀ ਸੀ, ਉਹ ਚਲਦੀ ਸੀ। ਇਕ ਦੂਜੀ ਟਿੰਡ ਨੂੰ ਆਪਸ ਵਿਚ ਜੋੜਨ ਨਾਲ ਜਿਹੜੀ ਟਿੰਡਾਂ ਦੀ ਲੜੀ ਬਣ ਜਾਂਦੀ ਸੀ, ਉਸ ਨੂੰ ਮਾਲ੍ਹ ਕਹਿੰਦੇ ਸਨ। ਮਾਲ੍ਹ ਚੱਲਣ ਨਾਲ ਇਕ ਪਾਸੇ ਤੋਂ ਪਾਣੀ ਨਾਲ ਭਰੀਆਂ ਟਿੰਡਾਂ ਆਉਂਦੀਆਂ ਸਨ। ਭਰੀਆਂ ਹੋਈਆਂ ਟਿੰਡਾਂ ਦਾ ਪਾਣੀ ਪਾੜਸਾ ਵਿਚ ਪੈਂਦਾ ਸੀ। ਪਾੜਸੇ ਵਿਚੋਂ ਜਿੱਥੋਂ ਦੀ ਪਾਣੀ ਹੋ ਕੇ ਔਲੂ ਵਿਚ ਜਾਂਦਾ ਸੀ, ਪਾੜਸੇ ਦਾ ਉਹ ਹਿੱਸਾ ਪਰਨਾਲੇ ਦੀ ਸ਼ਕਲ ਦਾ ਹੁੰਦਾ ਸੀ। ਉਸ ਹਿੱਸੇ ਨੂੰ ਪਰਨਾਲਾ ਹੀ ਕਹਿੰਦੇ ਸਨ। ਕਈ ਇਲਾਕਿਆਂ ਵਿਚ ਇਸ ਨੂੰ ਨਸਾਰ ਕਹਿੰਦੇ ਸਨ। ਭਰੀਆਂ ਹੋਈਆਂ ਟਿੰਡਾਂ ਖ਼ਾਲੀ ਹੋ ਕੇ ਬੈੜ ਦੇ ਦੂਸਰੇ ਪਾਸੇ ਦੀ ਹੋ ਕੇ ਖੂਹ ਵਿਚ ਦੁਬਾਰਾ ਭਰਨ ਲਈ ਚਲੀਆਂ ਜਾਂਦੀਆਂ ਸਨ। ਏਸ ਤਰ੍ਹਾਂ ਖੂਹ ਵਿਚੋਂ ਪਾਣੀ ਮਾਲ੍ਹ ਰਾਹੀਂ ਨਿਕਲਦਾ ਰਹਿੰਦਾ ਸੀ। ਔਲੂ ਵਿਚੋਂ ਪਾਣੀ ਖ਼ਾਲ ਵਿਚ ਚਲਿਆ ਜਾਂਦਾ ਸੀ। ਖ਼ਾਲ ਤੋਂ ਪਾਣੀ ਫਿਰ ਖੇਤਾਂ ਨੂੰ ਲਾਇਆ ਜਾਂਦਾ ਸੀ।

ਇਹ ਸੀ ਹਲਟ ਦੀ ਬਣਤਰ। ਲਓ, ਜਾਂਦੇ ਜਾਂਦੇ ਹਲਟ ਸਬੰਧੀ ਇਹ ਲੋਕਗੀਤ ਵੀ ਸੁਣਦੇ ਜਾਓ:–

ਕੱਨੇ ਨੂੰ ਕੱਨਾ ਸਾਹਮਣਾ, ਕਾਂਜਣ ਸਿੱਧੀ ਸ਼ਤੀਰ
ਕਾਂਜਣ ਵਿਚਲਾ ਮੱਕੜਾ, ਮੱਕੜੇ ਵਿਚਲਾ ਤੀਰ
ਲੱਠ ਘੁੰਮੇਟੇ ਖਾਉਂਦੀ, ਜਿਉਂ ਸਈਆਂ ਵਿਚ ਹੀਰ
ਬੂੜੀਏ ਨੂੰ ਬੂੜੀਆ ਮਿਲੇ, ਜਿਉਂ ਭੈਣਾਂ ਨੂੰ ਵੀਰ।
ਕੁੱਤਾ ਟਿਕ ਟਿਕ ਕਰ ਰਿਹਾ, ਮੰਦੀ ਲਿਖੀ ਤਕਦੀਰ।
ਬਲਦਾ ਗਲੀਂ ਪੰਜਾਲੀਆਂ, ਜਿਉਂ ਸ਼ੇਰਾਂ ਗਲੀਂ ਜੰਜੀਰ
ਟਿੰਡਾਂ ਦੇ ਗਲ਼ ਗਾਨੀਆਂ, ਲਿਆਣ ਪਤਾਲੋਂ ਨੀਰ।
ਚੁੱਲ੍ਹੇ 'ਚ ਪਾਣੀ ਇਉਂ ਤੁਰੇ, ਜਿਉਂ ਸੱਪ ਤੁਰੇ ਦਿਲਗੀਰ।
ਨੱਕਿਆਂ ਨੇ ਪਾਣੀ ਵੰਡਿਆ, ਜਿਉਂ ਭਾਈਆਂ ਵੰਡੀ ਜਗੀਰ।
ਨਾਕੀ ਵਿਚਾਰਾ ਇਉਂ ਫਿਰੇ, ਜਿਉਂ ਦਰ ਦਰ ਫਿਰੇ ਫਕੀਰ।
ਗਾਧੀ ਤਖ਼ਤ ਲਾਹੌਰ ਦਾ, ਜਿੱਥੇ ਆ ਆ ਬਹਿਣ ਅਮੀਰ।

0



## ਬੱਗੇ ਬਲਦ

ਇਕ ਉਹ ਸਮਾਂ ਸੀ, ਜਦ ਬਲਦਾਂ ਤੋਂ ਬਿਨਾਂ ਖੇਤੀ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ। ਸਾਰੀ ਦੀ ਸਾਰੀ ਖੇਤੀ ਬਲਦਾਂ ਦੁਆਲੇ ਘੁੰਮਦੀ ਸੀ। ਬਲਦ ਪੰਜਾਬ ਵਿਚ ਹੀ ਹਰ ਘਰ ਵਿਚ ਪੈਦਾ ਹੁੰਦੇ ਸਨ। ਉਨ੍ਹਾਂ ਸਮਿਆਂ ਵਿਚ ਹਰ ਘਰ ਵਿਚ ਦੁੱਧ ਪੀਣ ਲਈ ਮੱਝਾਂ ਦੇ ਨਾਲ ਹੀ ਗਾਈਆਂ ਵੀ ਰੱਖੀਆਂ ਹੁੰਦੀਆਂ ਸਨ। ਜਿਹੜੀਆਂ ਗਾਈਆਂ ਬੱਛੇ ਦਿੰਦੀਆਂ ਸਨ, ਉਹ ਬੱਛੇ ਹੀ ਬੜੇ ਹੋ ਕੇ ਬਲਦ ਬਣਦੇ ਸਨ। ਗਾਈਆਂ ਦੇ ਬੱਚਿਆਂ ਨੂੰ ਬੱਛਰੂ ਕਹਿੰਦੇ ਸਨ/ਹਨ। ਖੇਤੀ ਵਿਚ ਬਲਦਾਂ ਦੀ ਜ਼ਿਆਦਾ ਲੋੜ ਹੁੰਦੀ ਸੀ। ਏਸ ਲਈ ਜੰਮਦੇ ਬੱਛੇ ਨੂੰ, ਜਿੰਨੇ ਸਮੇਂ ਤੱਕ ਉਹ ਕੱਖ ਖਾਣ ਜੋਗਾ ਨਹੀਂ ਹੁੰਦਾ ਸੀ, ਘੱਟੋ ਘੱਟ ਦੋ ਥਣਾਂ ਦਾ ਦੁੱਧ ਚੁੰਘਾਇਆ ਜਾਂਦਾ ਸੀ। ਜਿੰਨੇ ਸਮੇਂ ਤੱਕ ਗਾਂ ਦੁੱਧ ਦਿੰਦੀ ਰਹਿੰਦੀ ਸੀ, ਇਕ ਥਨ ਦਾ ਦੁੱਧ ਫੇਰ ਵੀ ਚੰਘਾਇਆ ਜਾਂਦਾ ਸੀ। ਦੁੱਧ ਦੇ ਨਾਲ ਚੰਗਾ ਦਾਣਾ ਅਤੇ ਚੰਗੇ ਪੱਠੇ ਪਾਏ ਜਾਂਦੇ ਸਨ ਤਾਂ ਜੋ ਬੱਛਾ ਛੇਤੀ ਜੁਆਨ ਹੋ ਕੇ ਖੇਤੀ ਦੇ ਕੰਮ ਵਿਚ ਵਰਤਿਆ ਜਾ ਸਕੇ। ਉਨ੍ਹਾਂ ਸਮਿਆਂ ਵਿਚ ਪੰਜਾਬ ਵਿਚ ਬਲਦਾਂ, ਮੱਝਾਂ, ਬੱਕਰੀਆਂ ਦੀਆਂ ਮੰਡੀਆਂ ਵੀ ਬਹੁਤ ਲੱਗਦੀਆਂ ਹੁੰਦੀਆਂ ਸਨ। ਬਲਦਾਂ ਦੀ ਉਸ ਸਮੇਂ ਦੀ ਰਾਜਿਸਥਾਨ ਦੇ ਸ਼ਹਿਰ ਨਗੌਰ ਦੀ ਮੰਡੀ ਬਹੁਤ ਮਸ਼ਹੂਰ ਹੁੰਦੀ ਸੀ। ਉਥੇ ਦੇ ਵਹਿੜੇ ਅਤੇ ਬਲਦ ਹੁੰਦੇ ਵੀ ਬਹੁਤ ਫੁਰਤੀਲੇ ਸਨ। ਉਨ੍ਹਾਂ ਦੀਆਂ ਬੇਲਾਂ ਵੀ ਲੰਮੀਆਂ ਹੁੰਦੀਆਂ ਸਨ। ਬਲਦਾਂ ਦੀ ਖਰੀਦ ਸਬੰਧੀ ਅਖਾਣ ਹੈ –

ਬਲਦ ਲਈਏ ਲਾਣੇ ਦੇ
ਧੀ ਲਈਏ ਘਰਾਣੇ ਦੀ।





Academy of the Punjab in North America: http://www.apnaorg.com

ਜਿਹੜਾ ਬਲਦ ਚੰਗੇ ਖੇਤੀ ਕਰਨ ਵਾਲੇ ਪਰਿਵਾਰ ਵਿਚੋਂ ਖਰੀਦਿਆ ਜਾਂਦਾ ਸੀ, ਉਹ ਬਲਦ ਹੀ ਖੇਤੀ ਲਈ ਸਭ ਤੋਂ ਵਧੀਆ ਗਿਣਿਆ ਜਾਂਦਾ ਸੀ। ਇਹੋ ਜਿਹੇ ਲਾਣੇ ਵਿਚੋਂ ਖਰੀਦੇ ਗਏ ਬਲਦ ਸਬੰਧੀ ਇਕ ਹੋਰ ਅਖਾਣ ਸੁਣ ਲਵੋ –

ਬਦਲ ਦੇ ਹੱਡ ਵਗਣ ਤੇ ਸੰਢੇ ਦਾ ਮਾਸ

ਲਾਣੇ ਵਾਲੇ ਪਰਿਵਾਰ ਵਿਚੋਂ ਖਰੀਦਿਆ ਬਲਦ ਬੜੀ ਉਮਰ ਤੱਕ ਵੀ ਕੰਮ ਦਿੰਦਾ ਰਹਿੰਦਾ ਸੀ, ਜਦ ਕਿ ਸੰਢਾ (ਝੋਟਾ) ਤਾਕਤਵਰ ਹੁੰਦਾ ਹੋਇਆ ਵੀ ਕੰਮ ਨਹੀਂ ਦਿੰਦਾ ਸੀ। ਮਾੜੇ ਬਲਦਾਂ ਨਾਲ ਖੇਤੀ ਵੀ ਮਾੜੀ ਹੁੰਦੀ ਸੀ –

ਬਲਦ ਮੌਲਾ, ਜੱਟ ਦਾ ਹੱਥ ਹੌਲਾ।<br>
ਜਿਸ ਦੇ ਢੱਗੇ ਮਾੜੇ, ਉਸ ਦੇ ਕਰਮ ਵੀ ਮਾੜੇ।

ਬਲਦਾਂ ਨੂੰ ਢੱਗੇ ਵੀ ਕਿਹਾ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਜ਼ਿਆਦਾ ਖੇਤੀ ਬਾਰਸ਼ਾਂ ਤੇ ਨਿਰਭਰ ਹੁੰਦੀ ਸੀ। ਪਹਿਰ ਦੇ ਤੜਕੇ ਉੱਠ ਕੇ ਹਾਲੀ ਬਲਦਾਂ ਨਾਲ ਹਲ਼ ਜੋੜਦੇ ਸਨ। ਬਲਦਾਂ ਦੇ ਗਲ਼ ਟੱਲੀਆਂ ਪਾਈਆਂ ਹੁੰਦੀਆਂ ਸਨ, ਜਿਨ੍ਹਾਂ ਦੀ ਟੁਣਕਾਰ ਸਵੇਰ ਦੇ ਸ਼ਾਂਤ ਵਾਤਾਵਰਣ ਵਿਚ ਇਕ ਅਲੌਕਿਕ ਨਜ਼ਾਰਾ ਪ੍ਰਦਾਨ ਕਰਦੀ ਸੀ। ਬਲਦਾਂ ਦੀਆਂ ਜੋੜੀਆਂ ਨੂੰ ਪੁੱਤਾਂ ਵਾਂਗ ਪਾਲਿਆ ਜਾਂਦਾ ਸੀ। ਖਾਂਦੇ ਪੀਂਦੇ ਪਰਿਵਾਰ ਬਲਦਾਂ ਨੂੰ ਦੇਸੀ ਘੀ ਵੀ ਚਾਰਦੇ ਹੁੰਦੇ ਸਨ। ਬਲਦਾਂ ਨਾਲ ਹੀ ਵਾਹੀ ਜ਼ਮੀਨ ਤੇ ਸੁਹਾਗਾ ਦਿੱਤਾ ਜਾਂਦਾ ਸੀ। ਬਲਦਾਂ ਨਾਲ ਹੀ ਫ਼ਸਲਾਂ ਦੀ ਬਿਜਾਈ ਕੀਤੀ ਜਾਂਦੀ ਸੀ। ਬਲਦਾਂ ਨਾਲ ਹੀ ਗੱਡਿਆਂ ਨਾਲ ਫ਼ਸਲਾਂ ਨੂੰ ਪਿੜਾਂ ਵਿਚ ਢੋਇਆ ਜਾਂਦਾ ਸੀ। ਬਲਦਾਂ ਨਾਲ ਫਲ੍ਹੇ ਚਲਾਏ ਜਾਂਦੇ ਸਨ। ਦਾਣੇ, ਤੂੜੀ ਨੂੰ ਬਲਦਾਂ ਦੇ ਗੱਡਿਆਂ ਨਾਲ ਹੀ ਘਰੀਂ ਢੋਇਆ ਜਾਂਦਾ ਸੀ। ਬਲਦਾਂ ਨਾਲ ਹੀ ਖੂਹ ਚਲਾਏ ਜਾਂਦੇ ਸਨ। ਹਾਲੀ ਦਾ ਗੀਤ ਵਿਚ ਪ੍ਰੋ. ਮੋਹਨ ਸਿੰਘ ਬੱਗੇ ਬਲਦ ਬਾਰੇ ਲਿਖਦੇ ਹਨ–

ਬੱਲੇ ਬੱਲੇ ਬੱਗਿਆ ਸ਼ੇਰਾ,<br>
ਅਸ਼ਕੇ ਅਸ਼ਕੇ ਵਗਣਾ ਤੇਰਾ।<br>
ਤੂੰ ਚਲਦਾ ਤੇ ਦੁਨੀਆ ਚਲਦੀ,<br>
ਤੂੰ ਖੱਲਦਾ ਤੇ ਦੁਨੀਆ ਖਲਦੀ।<br>
ਤੇਰੇ ਵਰਗਾ ਕਿਹੜਾ ਬਲੀ<br>
ਜਿਸ ਦੇ ਸਿੰਙ ’ਤੇ ਦੁਨੀਆ ਖਲੀ।<br>
ਤਤਾ ਤਤਾ ਤਤਾ ਤਤਾ...।

ਕਈ ਪਿੰਡਾਂ ਦੇ ਬਲਦਾਂ ਦੀਆਂ ਦੂਰ ਦੂਰ ਤੱਕ ਮਸ਼ਹੂਰੀਆਂ ਹੁੰਦੀਆਂ ਸਨ –

ਪਿੰਡਾਂ ਵਿਚੋਂ ਪਿੰਡ ਸੁਣੀਂਦਾ,



ਪਿੰਡ ਸੁਣੀਂਦਾ ਲੱਲੀਆਂ।<br>
ਉੱਥੋਂ ਦੇ ਦੋ ਬਲਦ ਸੁਣੀਂਦੇ,<br>
ਗਲ਼ ਉਨ੍ਹਾਂ ਦੇ ਟੱਲੀਆਂ।<br>
ਨੱਚ ਨੱਚ ਕੇ ਉਹ ਮੱਕੀ ਬੀਜਦੇ,<br>
ਹੱਥ ਹੱਥ ਲੱਗੀਆਂ ਛੱਲੀਆਂ।<br>
ਬੰਤੇ ਦੇ ਬੈਲਾਂ ਨੂੰ,<br>
ਪਾ ਦੇ ਗੁਆਰੇ ਦੀਆਂ ਫਲੀਆਂ।

ਬਲਦਾਂ ਨੂੰ ਖ਼ੁਰਾਕਾਂ ਵੀ ਚੰਗੀਆਂ ਦਿੱਤੀਆਂ ਜਾਂਦੀਆਂ ਹਨ –

ਖੱਟਣ ਗਿਆ ਸੀ ਕੀ ਖੱਟ ਲਿਆਇਆ?<br>
ਖੱਟ ਕੇ ਲਿਆਂਦੇ ਆਰੇ।<br>
ਬੰਤੋ ਨੂੰ ਕਹਿ ਦੀ ਨੀ,<br>
ਮੇਰੇ ਬਲਦ ਭੁੱਖੇ ਨਾ ਮਾਰੇ।

ਪਹਿਲਾਂ ਆਟਾ ਦਾਣਾ ਜਨਾਨੀਆਂ ਘਰਾਂ ਵਿਚ ਹੀ ਚੱਕੀ ਰਾਹੀਂ ਪੀਂਹਦੀਆਂ ਸਨ। ਫੇਖ ਖਰਾਸ ਲੱਗੇ। ਖਰਾਸਾਂ ਨੂੰ ਬਲਦਾਂ ਅਤੇ ਊਠਾਂ ਨਾਲ ਚਲਾਇਆ ਜਾਂਦਾ ਸੀ। ਬਲਦਾਂ ਨੂੰ ਖਰਾਸਾਂ ਤੇ ਜੋੜਨ ਸਮੇਂ ਘੁੰਗਰੂਆਂ ਦੀਆਂ ਬਣੀਆਂ ਘੁੰਗਰਾਲਾਂ ਪਾਈਆਂ ਜਾਂਦੀਆਂ ਸਨ –

ਬੱਲੇ ਬਲਦ ਖਰਾਸੇ ਜਾਣਾ,<br>
ਜੈ ਕੁਰੇ ਕੱਢ ਘੁੰਗਰੂ।<br>
x x x<br>
ਜੋੜੀ ਨਾਰ੍ਹੇ ਤੇ ਬੱਗੇ ਦੀ ਜੋੜਨੀ<br>
ਕੋਠੀ ’ਚੋਂ ਫੜਾ ਦੇ ਘੁੰਗਰੂ।

ਉਨ੍ਹਾਂ ਸਮਿਆਂ ਵਿਚ ਬਰਾਤਾਂ ਗੱਡਿਆਂ, ਰਥਾਂ, ਘੋੜੀਆਂ ਤੇ ਊਠਾਂ ’ਤੇ ਜਾਂਦੀਆਂ ਸਨ। ਗੱਡੇ ਅਤੇ ਰਥਾਂ ਨੂੰ ਜੋੜੇ ਬਲਦਾਂ ਨੂੰ ਪੂਰਾ ਸ਼ਿੰਗਾਰਿਆ ਜਾਂਦਾ ਸੀ। ਸਰਦੀਆਂ ਦੇ ਮੌਸਮ ਵਿਚ ਬਲਦਾਂ ਉੱਪਰ ਰੰਗ-ਬਰੰਗੇ ਝੁੱਲ ਦਿੱਤੇ ਜਾਂਦੇ ਸਨ। ਸਿਰਾਂ ਉਪਰ ਫੁੱਲ ਲਟਕਾਏ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਦੇਸੀ ਘਿਉ ਆਮ ਹੁੰਦਾ ਸੀ। ਵਿਆਹਾਂ ਵਿਚ ਵੀ ਦੇਸੀ ਘਿਉ ਵਰਤਿਆ ਜਾਂਦਾ ਸੀ। ਰਾਹ ਕੱਚੇ ਹੁੰਦੇ ਸਨ। ਵਾਟਾਂ ਦੂਰ ਦੀਆਂ ਹੁੰਦੀਆਂ ਸਨ। ਪਸ਼ੂ ਥੱਕ ਜਾਂਦੇ ਸਨ। ਏਸ ਲਈ ਬਲਦਾਂ, ਘੋੜੀਆਂ ਨੂੰ ਚੰਗੇ ਦਾਣੇ ਪੱਠਿਆਂ ਦੇ ਨਾਲ ਦੇਸੀ ਘਿਉ ਦੀ ਰਸਦ ਵੀ ਦਿੱਤੀ ਜਾਂਦੀ ਸੀ। ਰਥ ਮਿਸਤਰੀ ਰਖਦੇ ਹੁੰਦੇ ਸਨ। ਮਿਸਤਰੀ ਹੀ ਚਲਾਉਂਦੇ ਸਨ। ਉਨ੍ਹਾਂ ਸਮਿਆਂ ਵਿਚ ਵਿਆਹੁਲੀ ਕੁੜੀ ਨਾਲ ਨੈਣ ਭੇਜਣ ਦਾ ਰਿਵਾਜ ਹੁੰਦਾ ਸੀ। ਏਸ ਲਈ ਕਈ ਵੇਰ



Academy of the Punjab in North America: http://www.apnaorg.com

ਰਥਵਾਨ ਆਪਣੇ ਬਲਦਾਂ ਨੂੰ ਤੇਜ ਭਜਾਉਣ ਲਈ ਨੈਣਾਂ ਨੂੰ ਟਕੋਰਾਂ ਲਾਉਣੋਂ ਵੀ ਨਹੀਂ ਟਲਦੇ ਹੁੰਦੇ ਸਨ –

ਬੱਗਿਆ ਚੱਕ ਚੌਕੜੀ,
ਨੈਣ ਨੜੇ ਵਿਚ ਆਈ।

ਆਮ ਤੌਰ ਤੇ ਬੱਗੇ ਬਲਦ ਤੇਜ਼ ਤੇ ਫੁਰਤੀਲੇ ਮੰਨੇ ਜਾਂਦੇ ਸਨ। ਹਲ਼ ਚਲਾਉਣ ਲਈ ਬਲਦਾਂ ਤੇ ਪੰਜਾਲੀ ਪਾਈ ਜਾਂਦੀ ਸੀ। ਪੰਜਾਲੀ ਵਿਚ ਖੱਬੇ ਪਾਸੇ ਜਿਹੜਾ ਬਲਦ ਜੋੜਿਆ ਜਾਂਦਾ ਸੀ, ਉਸ ਬਲਦ ਨੂੰ ਸਿੱਧਾ ਤੋਰਨ ਲਈ 'ਤੱਤਾ ਤੱਤਾ' ਕਿਹਾ ਜਾਂਦਾ ਸੀ। ਜਦ ਬਲਦਾਂ ਦੀ ਜੋੜੀ ਨੂੰ ਖੱਬੇ ਹੱਥ ਮੋੜਨਾ ਹੁੰਦਾ ਸੀ ਤਾਂ ਪੰਜਾਲੀ ਵਿਚ ਸੱਜੇ ਹੱਥ ਜੁੜੇ ਬਲਦ ਨੂੰ 'ਹੱਠ ਹੱਠ' ਕਰ ਕੇ ਮੋੜਿਆ ਜਾਂਦਾ ਸੀ। ਨਾਲ ਦੀ ਨਾਲ ਹੀ ਬਲਦ ਦੇ ਗ਼ਲ ਵਿਚ ਪਾਏ ਰੱਸੇ ਨੂੰ ਖਿੱਚਿਆ ਜਾਂਦਾ ਸੀ। ਏਸ ਤਰ੍ਹਾਂ ਬਲਦਾਂ ਦੀ ਜੋੜੀ ਤੋਂ ਕੰਮ ਲਿਆ ਜਾਂਦਾ ਸੀ। ਗੱਡਿਆਂ ਉਪਰ ਹੀ ਸੰਦੂਖ ਲੱਦ ਕੇ ਲਿਜਾਏ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਬਹੁਤੇ ਪਰਿਵਾਰਾਂ ਦੀ ਆਰਥਿਕ ਹਾਲਤ ਮਾੜੀ ਹੁੰਦੀ ਸੀ। ਏਸ ਲਈ ਕਈ ਪਰਿਵਾਰ ਸੰਦੂਖ ਦੇ ਵੀ ਨਹੀਂ ਸਕਦੇ ਹੁੰਦੇ ਸਨ। ਜੇ ਕਰ ਬਰਾਤੋਂ ਮੁੜਦੇ ਗੱਡੇ ਵਿਚ ਸੰਦੂਖ ਨਹੀਂ ਹੁੰਦਾ ਸੀ ਤਾਂ ਲੜਕੀ ਤੇ ਲੜਕੀ ਦੇ ਭਰਾਵਾਂ ਨੂੰ ਟਕੋਰਾਂ ਵੀ ਲਾਈਆਂ ਜਾਂਦੀਆਂ ਸਨ –

ਗੱਡਾ ਜਾਂਦਾ ਏ ਸੰਦੂਖੋਂ ਖ਼ਾਲੀ,
ਬਹੁਤੇ ਭਰਾਵਾਂ ਵਾਲੀਏ!

ਕਈ ਗਹਿਣਿਆਂ ਦੀਆਂ ਬਹੁਤੀਆਂ ਸ਼ੁਕੀਨ ਜਨਾਨੀਆਂ ਆਪਣੇ ਪਤੀ ਨੂੰ ਬਲਦ ਵੇਚ ਕੇ ਗਹਿਣੇ ਬਣਾਉਣ ਲਈ ਵੀ ਕਹਿੰਦੀਆਂ ਹੁੰਦੀਆਂ ਸਨ। ਪਰ ਪਤੀ ਲਈ ਗਹਿਣਿਆਂ ਨਾਲੋਂ ਪੇਟ ਭਰਨ ਲਈ ਮੁੱਢਲੀ ਲੋੜ ਅਨਾਜ ਪੈਦਾ ਕਰਨ ਦੀ ਹੁੰਦੀ ਸੀ। ਇਸ ਲਈ ਉਹ ਆਪਣੀ ਪਤਨੀ ਨੂੰ ਦਬਕਾ ਮਾਰਦਾ ਹੁੰਦਾ ਸੀ –

ਬਲਦਾਂ ਦੀ ਜੋੜੀ ਵੇਚ ਦੂੰ,
ਤੈਨੂੰ ਗੁੱਤੋਂ ਫੜ ਕੇ ਸੁਹਾਗੇ ਜੋੜੂ?

ਹੁਣ ਸਾਰੀ ਖੇਤੀ ਦਾ ਮਸ਼ੀਨੀਕਰਨ ਹੋ ਚੁੱਕਿਆ ਹੈ। ਜਿਥੇ ਪਹਿਲਾਂ ਹਰ ਘਰ ਬਲਦਾਂ ਦੀਆਂ ਘੱਟੋ ਘੱਟ ਦੋ ਜੋੜੀਆਂ ਹੁੰਦੀਆਂ ਸਨ, ਹੁਣ ਕਿਸੇ ਕਿਸੇ ਘਰ ਬਲਦਾਂ ਦੀ ਇਕ ਜੋੜੀ ਹੈ। ਬਹੁਤੇ ਘਰਾਂ ਵਿਚ ਤਾਂ ਇਕ ਹੀ ਬਲਦ ਰੱਖਿਆ ਹੁੰਦਾ ਹੈ, ਜਿਹੜਾ ਪੱਠੇ ਲਿਆਉਣ ਵਾਲੀ ਰੇਹੜੀ ਲਈ ਵਰਤਿਆ ਜਾਂਦਾ ਹੈ। ਕਈਆਂ ਜ਼ਿਮੀਂਦਾਰਾਂ ਨੇ ਇਕ ਵੀ ਬਲਦ ਨਹੀਂ ਰੱਖਿਆ ਹੁੰਦਾ। ਖਰਾਸਾਂ ਦੀ ਥਾਂ ਆਟੇ ਵਾਲੀਆਂ ਮਸ਼ੀਨਾਂ ਲੱਗ ਗਈਆਂ ਹਨ। ਬਰਾਤਾਂ ਹੁਣ ਕਾਰਾਂ 'ਤੇ ਜਾਂਦੀਆਂ ਹਨ। ਹੁਣ ਪੰਜਾਬ ਵਿਚ ਖੇਡਾਂ ਦਾ ਰੁਝਾਨ ਬਹੁਤ ਵੱਧ ਰਿਹਾ ਹੈ। ਸਰਦੀਆਂ ਦੇ ਮੌਸਮ ਵਿਚ



ਤਾਂ ਪਿੰਡਾਂ ਵਿਚ ਖੇਡਾਂ ਕਰਵਾਉਣ ਦਾ ਹੜ੍ਹ ਹੀ ਆ ਜਾਂਦਾ ਹੈ। ਇਨ੍ਹਾਂ ਖੇਡਾਂ ਵਿਚ ਬਲਦਾਂ ਨਾਲ ਠੋਕਰ ਦੌੜ, ਸੁਹਾਗਾ ਦੌੜ ਤੇ ਗੱਡਾ ਦੌੜਾਂ ਵੀ ਕਰਵਾਈਆਂ ਜਾਂਦੀਆਂ ਹਨ। ਜਿਹੜੇ ਲੋਕ ਇਨ੍ਹਾਂ ਦੌੜਾਂ ਵਿਚ ਹਿੱਸਾ ਲੈਂਦੇ ਹਨ, ਉਹ ਭਜਾਉਣ ਵਾਲੇ ਬਲਦਾਂ ਦੀ ਰੱਜ ਕੇ ਸੇਵਾ ਕਰਦੇ ਹਨ। ਦੇਸੀ ਘਿਉ ਵੀ ਖਵਾਉਂਦੇ ਹਨ। ਭੱਜਣ ਵਾਲੇ ਬਲਦਾਂ ਦਾ ਮੁੱਲ ਲੱਖਾਂ ਤੱਕ ਪੈਂਦਾ ਹੈ।

ਹੁਣ ਖੇਤੀ ਵਿਚ ਬਲਦਾਂ ਦਾ ਯੋਗਦਾਨ ਨਹੀਂ ਦੇ ਬਰਾਬਰ ਰਹਿ ਗਿਆ ਹੈ।

0

## ਘੁੰਗਰਾਲਾਂ

ਆਮ ਤੌਰ ਤੇ ਪੰਜ ਤੋਂ ਪੰਦਰਾਂ ਤੱਕ ਦੀ ਗਿਣਤੀ ਦੇ ਘੰਗਰੂਆਂ ਨੂੰ ਜਦ ਕਿਸੇ ਚਮੜੇ ਦੀ ਵੱਧਰੀ ਵਿਚ ਜਾਂ ਰੱਸੀ ਵਿਚ ਪਰੋ ਲਿਆ ਜਾਂਦਾ ਸੀ/ਹੈ ਤਾਂ ਉਸ ਨੂੰ ਘੁੰਗਰਾਲ ਕਿਹਾ ਜਾਂਦਾ ਸੀ/ਹੈ। ਜਦ ਬਲਦਾਂ ਦੀ ਜੋੜੀ ਨੂੰ ਵਿਆਹਾਂ, ਮੇਲੇ ਜਾਂ ਕਿਸੇ ਹੋਰ ਖੁਸ਼ੀ ਦੇ ਸਮਾਗਮ ਵਿਚ ਗੱਡੇ, ਗੱਡੀ ਤੇ ਰਥ ਜੋੜਿਆ ਜਾਂਦਾ ਸੀ, ਉਸ ਸਮੇਂ ਘੁੰਗਰਾਲਾਂ ਬਲਦਾਂ ਦੇ ਗਲ਼ ਪਾਈਆਂ ਜਾਂਦੀਆਂ ਸਨ। ਜਦ ਕਿਸੇ ਪਰਿਵਾਰ ਦੇ ਖੇਤਾਂ ਦੀ ਵਾਹੀ ਲਈ ਆਵਤ ਪਾਈ ਜਾਂਦੀ ਸੀ, ਉਸ ਸਮੇਂ ਵੀ ਬਲਦਾਂ ਦੀਆਂ ਜੋੜੀਆਂ ਦੇ ਘੁੰਗਰਾਲਾਂ ਪਾਉਣ ਦਾ ਰਿਵਾਜ ਸੀ। ਚਲਦੀਆਂ ਜੋੜੀਆਂ ਦੀਆਂ ਘੁੰਗਰਾਲਾਂ ਜਦ ਛਣਕਦੀਆਂ ਸਨ ਤਾਂ ਇਕ ਅਨੂਠਾ ਨਜ਼ਾਰਾ ਬਣਾਉਂਦੀਆਂ ਸਨ। ਕਈ ਬਲਦਾਂ ਦੇ ਸ਼ੁਕੀਨ ਜੱਟ ਤਾਂ ਹਮੇਸ਼ਾ ਹੀ ਬਲਦਾਂ ਦੇ ਗਲ਼ ਘੁੰਗਰਾਲਾਂ ਪਾ ਕੇ ਰੱਖਦੇ ਸਨ। ਇਕ ਅੱਧਾ ਘੁੰਗਰੂ ਤਾਂ ਤਕਰੀਬਨ ਹਰ ਬਲਦ ਦੇ ਪਾਇਆ ਹੁੰਦਾ ਸੀ।

ਉਨ੍ਹਾਂ ਸਮਿਆਂ ਵਿਚ ਖੇਤੀ ਸਾਰੀ ਬਲਦਾਂ ਤੇ ਊਂਠਾਂ/ਬੋਤਿਆਂ ਨਾਲ ਕੀਤੀ ਜਾਂਦੀ ਸੀ। ਏਸ ਲਈ ਜਦ ਪਹਿਰ ਦੇ ਤੜਕੇ ਉੱਠ ਕੇ ਹਲ਼ ਜੋੜਦੇ ਸਨ, ਖੂਹ ਚਲਾਉਂਦੇ ਸਨ ਤਾਂ ਬਲਦਾਂ ਦੇ ਗਲੀਂ ਪਾਈਆਂ ਘੁੰਗਰਾਲਾਂ ਦੀ ਮਿੱਠੀ ਮਿੱਠੀ ਖਣਕ ਸਵੇਰ ਦੇ ਸ਼ਾਂਤ ਵਾਤਾਵਰਨ ਵਿਚ ਅਨੋਖਾ ਰਸ ਘੋਲ ਦਿੰਦੀ ਸੀ। ਊਠ ਦੇ ਗੋਡਿਆਂ ਨਾਲ ਵੀ ਛੋਟੀ ਘੁੰਗਰਾਲ ਬੰਨ੍ਹੀ ਜਾਂਦੀ ਸੀ, ਜਦ ਊਠ ਨੂੰ ਘੁਲਾੜੀ ਜੋੜਿਆ ਜਾਂਦਾ ਸੀ, ਖਰਾਸ ਜੋੜਿਆ ਜਾਂਦਾ ਸੀ, ਮੇਲੇ 'ਤੇ ਲੈ ਕੇ ਜਾਂਦੇ ਸਨ, ਵਹੁਟੀ ਨੂੰ ਸਹੁਰਿਆਂ ਤੋਂ ਲਿਆਉਣ ਲਈ ਵਰਤਿਆ ਜਾਂਦਾ ਸੀ। ਉਨ੍ਹਾਂ ਸਮਿਆਂ ਦੇ ਗੱਭਰੂਆਂ ਨੂੰ ਆਪਣੇ ਬੋਤਿਆਂ 'ਤੇ ਮਾਣ ਵੀ ਹੁੰਦਾ ਸੀ। ਏਸੇ ਲਈ ਤਾਂ ਹੁੱਬ ਕੇ ਕਹਿੰਦੇ ਸਨ –

ਮੇਰੇ ਬੋਤੇ ਦੇ ਛਣਕਦੇ ਘੁੰਗਰੂ,
ਤੇਰੀ ਨੀ ਪੰਜੇਬ ਛਣਕੇ।



Academy of the Punjab in North America: http://www.apnaorg.com



ਜਦ ਭਾਈ ਭਾਈ ਅੱਡ ਹੋ ਕੇ ਖੇਤੀ ਅੱਡ ਕਰ ਲੈਂਦੇ ਸਨ ਤਾਂ ਜਿਸ ਭਾਈ ਦੇ ਹਿੱਸੇ ਬੋਤੇ/ਬੋਤੀ ਨਹੀਂ ਆਉਂਦੇ ਸਨ ਤਾਂ ਕਈ ਵੇਰ ਉਸ ਦੀ ਵਹੁਟੀ ਆਪਣੇ ਬਾਬਲ ਤੋਂ ਬੋਤੀ/ਮਹਿੰ/ਗਾਂ ਆਦਿ ਦੀ ਮੰਗ ਵੀ ਕਰ ਲੈਂਦੀ ਸੀ–

ਬਾਪੂ ਵੇ! ਅੱਡ ਹੁੰਦੀਆਂ,
ਇਕ ਮਹਿੰ ਲੈ ਦੇ,
ਇਕ ਗਾਂ ਲੈ ਦੇ,
ਇਕ ਬੋਤੀ ਘੁੰਗਰੂਆਂ ਵਾਲੀ,
ਬਾਪੂ ਵੇ! ਅੱਡ ਹੁੰਦੀਆਂ।

ਘੁੰਗਰੂ ਤਾਂ ਕਈ ਮਾਣ-ਮੱਤੀਆਂ ਮੁਟਿਆਰਾਂ, ਜਿਨ੍ਹਾਂ ਨੂੰ ਆਪਣੀ ਚਾਲ/ ਤੋਰ ਤੇ ਮਾਣ ਤੇ ਗੁਮਾਨ ਹੁੰਦਾ ਸੀ, ਆਪਣੀ ਜੁੱਤੀ ਨੂੰ ਲਵਾਉਣ ਦੀ ਫ਼ਰਮਾਇਸ਼ ਵੀ ਕਰਦੀਆਂ ਹੁੰਦੀਆਂ ਸਨ –

ਮੇਰੀ ਜੁੱਤੀ ਨੂੰ ਲਵਾ ਦੇ ਘੁੰਗਰੂ,
ਜੇ ਤੂੰ ਮੇਰੀ ਚਾਲ ਵੇਖਣੀ।
x x x
ਤੇਰੇ ਮਗਰ ਛਣਕਦੀ ਆਵਾਂ,
ਜੁੱਤੀ ਨੂੰ ਲਵਾ ਦੇ ਘੁੰਗਰੂ।

ਇਹ ਘੁੰਗਰੂ ਘੁੰਗਰਾਲਾਂ ਦੇ ਘੁੰਗਰੂਆਂ ਨਾਲੋਂ ਛੋਟੇ ਆਕਾਰ ਦੇ ਹੁੰਦੇ ਸਨ। ਪਿੱਤਲ ਦੇ ਬਣੇ ਹੁੰਦੇ ਸਨ। ਇਹ ਇਕ ਮੂੰਹ ਵਾਲੇ ਵੀ ਹੁੰਦੇ ਸਨ ਤੇ ਚਾਰ ਮੂੰਹਾਂ ਵਾਲੇ ਵੀ ਹੁੰਦੇ ਸਨ। ਹਰ ਘੁੰਗਰੂ ਵਿਚ ਛੋਟੀ ਜਿਹੀ ਕਾਲੇ ਰੰਗ ਦੀ ਗੋਲੀ ਹੁੰਦੀ ਸੀ। ਇਹ



ਗੋਲੀ ਹੀ ਘੁੰਗਰੂ ਦੇ ਖੋਲ ਵਿਚ ਲੱਗ ਲੱਗ ਕੇ ਛਣਕਦੀ ਹੁੰਦੀ ਸੀ, ਸੰਗੀਤ ਪੈਦਾ ਕਰਦੀ ਸੀ। ਜਲਸੇ ਵਾਲੇ ਨਚਾਰ ਤੇ ਪੇਸ਼ਾਵਰ ਨਾਚੀਆਂ ਝਾਂਜਰਾਂ ਪਾ ਕੇ ਨੱਚਦੀਆਂ ਸਨ/ਹਨ। ਸੱਜ ਵਿਆਹੀਆਂ ਮੁਟਿਆਰਾਂ ਵੀ ਝਾਂਜਰਾਂ ਪਾਉਂਦੀਆਂ ਸਨ। ਝਾਂਜਰਾਂ ਦੀ ਛਣਕਾਰ ਦੂਰ ਦੂਰ ਤੱਕ ਸੁਣਾਈ ਦਿੰਦੀ ਸੀ। ਝਾਂਜਰਾਂ ਇਕ ਕਿਸਮ ਦਾ ਅਗਾਊਂ ਸੂਚਨਾ ਦੇਣ ਦਾ ਕੰਮ ਵੀ ਕਰਦੀਆਂ ਸਨ–

ਪੈਰੀਂ ਝਾਂਜਰਾਂ ਤਾਰ ਅੰਗਰੇਜ਼ੀ,
ਮਿੰਟਾਂ 'ਚ ਦੇਣ ਖ਼ਬਰਾਂ।

ਭੰਗੜਾ ਪਾਉਣ ਸਮੇਂ ਵੀ ਝਾਂਜਰਾਂ ਪੈਰਾਂ ਵਿਚ ਬੰਨ੍ਹੀਆਂ ਜਾਂਦੀਆਂ ਹਨ। ਅਗਾਊਂ ਸੂਚਨਾ ਦੇਣ ਸਬੰਧੀ ਮੈਨੂੰ ਇਕ ਲੋਕ ਗੀਤ ਯਾਦ ਆ ਗਿਆ। ਪਹਿਲੇ ਸਮਿਆਂ ਵਿਚ ਨੂੰਹਾਂ ਆਪਣੇ ਸਹੁਰਿਆਂ, ਜੇਠਾਂ ਜਾਂ ਜਿਹੜੇ ਵਿਅਕਤੀ/ਰਿਸ਼ਤੇਦਾਰ ਰਿਸ਼ਤੇ ਵਿਚ ਬੜੀ ਥਾਂ ਲੱਗਦੇ ਹੁੰਦੇ ਸਨ, ਉਨ੍ਹਾਂ ਤੋਂ ਘੁੰਡ ਕੱਢਦੀਆਂ ਸਨ। ਇਸ ਲਈ ਜਿਹੜਾ ਸਹੁਰਾ ਘਰ ਅੰਦਰ ਆਉਣ ਸਮੇਂ ਖੰਘੂਰਾ ਜਾਂ ਕੋਈ ਹੋਰ ਅਗਾਊਂ ਬਿੜਕ ਨਹੀਂ ਕਰਦਾ ਸੀ, ਉਸ ਤੇ ਨੂੰਹਾਂ ਬੜੀਆਂ ਔਖੀਆਂ ਰਹਿੰਦੀਆਂ ਸਨ –

ਸਹੁਰੇ ਗਲ਼ ਟੱਲ ਪਾ ਦਿਓ,
ਵਿਹੜੇ ਵੜਦਾ ਬਿੜਕ ਨੀ ਕਰਦਾ।

ਟੱਲ ਇਕ ਕਿਸਮ ਦਾ ਘੁੰਗਰੂ ਦਾ ਬੜਾ ਰੂਪ ਹੁੰਦਾ ਸੀ, ਪਰ ਉਸ ਦੀ ਬਣਤਰ ਵੱਖਰੀ ਹੁੰਦੀ ਸੀ।

ਘੋੜੀਆਂ ਨੂੰ ਜਦ ਮੇਲੇ, ਰਿਸ਼ਤੇਦਾਰੀਆਂ ਅਤੇ ਸਹੁਰਿਆਂ ਨੂੰ ਜਾਣ ਲਈ ਵਰਤਿਆ ਜਾਂਦਾ ਸੀ, ਉਸ ਸਮੇਂ ਉਨ੍ਹਾਂ ਦੇ ਗੋਡਿਆਂ 'ਤੇ ਵੀ ਝਾਂਜਰਾਂ ਬੰਨ੍ਹੀਆਂ ਜਾਂਦੀਆਂ ਸਨ। ਝਾਂਜਰਾਂ ਤਾਂ ਜਦ ਘੁਮਿਆਰ ਗਧਿਆਂ ਨੂੰ ਮੇਲੇ ਅਤੇ ਵਿਆਹਾਂ ਤੇ ਲੈ ਕੇ ਜਾਂਦੇ ਸਨ, ਉਨ੍ਹਾਂ ਦੇ ਵੀ ਪਾਈਆਂ ਜਾਂਦੀਆਂ ਸਨ। ਛੋਟੇ ਕਟਰੂਆਂ, ਬਛਰੂਆਂ ਦੇ ਗਲ਼ ਵੀ ਇਕ ਘੁੰਗਰੂ ਬੰਨ੍ਹਣ ਦਾ ਰਿਵਾਜ ਹੁੰਦਾ ਸੀ। ਜਦ ਨਾਨਕੀਆਂ ਜਾਗੋ ਕੱਢਦੀਆਂ ਸਨ, ਉਹ ਵੀ ਸੋਟੇ ਨਾਲ ਘੁੰਗਰੂ ਬੰਨ੍ਹ ਕੇ ਜਾਗੋ ਦੇ ਅੱਗੇ ਅੱਗੇ ਖੜਕਾਉਂਦੀਆਂ ਜਾਂਦੀਆਂ ਸਨ। ਨਹਿੰਗ ਸਿੰਘ ਜਦ ਕੂੰਡੇ ਵਿਚ ਸੁੱਖਾ ਰਗੜਦੇ ਹਨ, ਉਨ੍ਹਾਂ ਦੇ ਸੋਟਿਆਂ ਨਾਲ ਵੀ ਘੁੰਗਰੂ ਬੰਨ੍ਹੇ ਹੁੰਦੇ ਸਨ/ਹਨ।

ਹੁਣ ਖੇਤੀ ਵਿਚ ਬਲਦਾਂ ਦੀ ਦਿਨੋ ਦਿਨ ਵਰਤੋਂ ਘਟੀ ਜਾ ਰਹੀ ਹੈ। ਇਸ ਲਈ ਬਲਦਾਂ ਦੀਆਂ ਘੁੰਗਰਾਲਾਂ ਵੀ ਅਲੋਪ ਹੋ ਗਈਆਂ ਹਨ। ਊਠ ਤਾਂ ਬਹੁਤ ਚਿਰ ਪਹਿਲਾਂ ਹੀ ਖੇਤੀ ਵਿਚੋਂ ਲੋਪ ਹੋ ਗਏ ਹਨ। ਰਥਾਂ ਦੀ ਥਾਂ ਹੁਣ ਕਾਰਾਂ ਨੇ ਲੈ ਲਈ ਹੈ। ਜਾਗੋ ਕੱਢਣਾ ਹੁਣ ਇਕ ਸ਼ਗਨ ਜਿਹਾ ਹੀ ਰਹਿ ਗਿਆ ਹੈ। ਘੁੰਗਰਾਲਾਂ ਦੀ ਵਰਤੋਂ ਹੁਣ ਖ਼ਤਮ ਹੋ ਗਈ ਹੈ।

0



Academy of the Punjab in North America: http://www.apnaorg.com

# ਬਾਗੜੀ ਬੋਤੇ

ਬੋਤਾ ਸ਼ਬਦ ਸੁਣਦੇ ਸਾਰ ਹੀ ਇਕ ਲੰਮੀ ਧੌਣ ਵਾਲੇ, ਲੰਮੀਆਂ ਟੰਗਾਂ ਵਾਲੇ, ਲੰਮੀ ਡੀਲ ਡੌਲ ਵਾਲੇ ਪਸ਼ੂ ਦਾ ਦ੍ਰਿਸ਼ ਸਾਡੇ ਸਾਹਮਣੇ ਆ ਜਾਂਦਾ ਹੈ। ਬੋਤਾ ਰਾਜਸਥਾਨ ਦੇ ਰੇਤਲੇ ਇਲਾਕਿਆਂ ਦੀ ਪੈਦਾਇਸ਼ ਹੈ। ਏਸ ਇਲਾਕੇ ਦੇ ਬੋਤਿਆਂ ਨੂੰ ਬਾਗੜੀ ਬੋਤਾ ਕਿਹਾ ਜਾਂਦਾ ਸੀ। ਬੋਤੇ ਵਿਚ ਅੰਨ੍ਹੀ ਤਾਕਤ ਹੁੰਦੀ ਸੀ। ਇਹ ਕਈ ਕਈ ਦਿਨ ਭੁੱਖ ਤੇਹ ਸਹਾਰ ਸਕਦਾ ਸੀ। ਰੇਤਲੇ ਟਿੱਬਿਆਂ ਦੀ ਤੱਤੀ ਰੇਤ ਉਪਰ ਆਸਾਨੀ ਨਾਲ ਤੁਰ ਸਕਦਾ ਸੀ। ਬੋਤਿਆਂ ਦੀ ਉਮਰ ਵੀ ਕਾਫ਼ੀ ਹੁੰਦੀ ਸੀ। ਉਨ੍ਹਾਂ ਸਮਿਆਂ ਵਿਚ ਕਈ ਭੈਣਾਂ ਆਪਣੇ ਵੀਰ ਦੇ ਬਾਗੜੀ ਬੋਤੇ ਦੀ ਤਾਰੀਫ਼ ਵੀ ਬਹੁਤ ਕਰਦੀਆਂ ਹੁੰਦੀਆਂ ਸਨ –

ਮੇਰੇ ਵੀਰ ਦਾ ਬਾਗੜੀ ਬੋਤਾ,
ਡੰਡੀ ਡੰਡੀ ਆਵੇ ਬੁੱਕਦਾ।
x x x
ਜਿਉਂ ਕਾਲੀਆਂ ਘਟਾਂ ਵਿਚ ਬਗਲਾ,
ਬੋਤਾ ਮੇਰੇ ਵੀਰ ਦਾ।



ਬੋਤੇ ਨੂੰ ਕਈ ਇਲਾਕਿਆਂ ਵਿਚ ਉਂਠ ਵੀ ਕਹਿੰਦੇ ਸਨ। ਉਨ੍ਹਾਂ ਸਮਿਆਂ ਵਿਚ ਖੇਤੀ ਵਿਚ ਬੋਤਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਰੇਤਲੇ ਇਲਾਕਿਆਂ ਦੀ ਖੇਤੀ ਵਿਚ ਤਾਂ ਬੋਤਿਆਂ ਦੀ ਵਿਸ਼ੇਸ਼ ਮਹੱਤਤਾ ਹੁੰਦੀ ਸੀ। ਰੇਤਲੇ ਇਲਾਕਿਆਂ ਵਿਚ ਬੋਤੇ ਨੂੰ ਮਾਰੂਥਲ ਦਾ ਜਹਾਜ਼ ਮੰਨਿਆ ਜਾਂਦਾ ਸੀ। ਇਸ ਦੇ ਪਿਛੇ ਠੋਸ ਸਚਾਈ ਸੀ। ਉਨ੍ਹਾਂ ਸਮਿਆਂ ਵਿਚ ਨਾ ਸੜਕਾਂ ਸਨ, ਨਾ ਮੋਟਰਾਂ ਸਨ, ਨਾ ਰੇਲਾਂ ਸਨ, ਇਸ ਲਈ ਆਉਣ ਜਾਣ ਲਈ ਬੋਤਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਢੋਆ ਢੁਆਈ ਵੀ ਬੋਤਿਆਂ 'ਤੇ ਕੀਤੀ ਜਾਂਦੀ ਸੀ। ਵਪਾਰ ਕਰਨ ਵਿਚ ਬੋਤਿਆਂ ਦੀ ਅਹਿਮ ਥਾਂ ਸੀ। ਮਾਲ ਗੱਡੀ ਦੀ ਤਰ੍ਹਾਂ ਭਾਰ ਢੋਣ ਵਾਲੇ ਬੋਤਿਆਂ ਦੀਆਂ 30/40 ਤੱਕ ਦੀਆਂ ਟੋਲੀਆਂ ਬਣੀਆਂ ਹੁੰਦੀਆਂ ਸਨ। ਮੂਹਰਲੇ/ਅਗਲੇ ਬੋਤੇ ਦੀ ਪੂਛ ਨਾਲ ਪਿਛਲੇ ਬੋਤੇ ਦੀ ਮੁਹਾਰ (ਰੱਸਾ) ਬੰਨ੍ਹ ਕੇ ਇਹ ਟੋਲੀਆਂ ਬਣਾਈਆਂ



ਜਾਂਦੀਆਂ ਸਨ।

ਪਹਿਲਾਂ ਖੇਤੀ ਬਲਦਾਂ ਨਾਲ ਕੀਤੀ ਜਾਂਦੀ ਸੀ। ਬਲਦ ਪੰਜਾਬ ਵਿਚ ਹੀ ਪੈਦਾ ਹੁੰਦੇ ਸਨ। ਫੇਰ ਆਵਾਜਾਈ ਵਿਚ ਵਾਧਾ ਹੋਣ ਨਾਲ ਲੋਕਾਂ ਨੇ ਰਾਜਿਸਥਾਨ ਦੇ ਇਲਾਕੇ ਵਿਚੋਂ ਬੋਤੇ ਲਿਆਉਣੇ ਸ਼ੁਰੂ ਕੀਤੇ। ਬੋਤਿਆਂ ਨੂੰ ਖੇਤੀ ਵਿਚ ਵਰਤਿਆ ਜਾਣ ਲੱਗਿਆ। ਬੋਤੀ ਦੇ ਸੱਚੇ ਨੂੰ ਬਤਾਰੂ ਕਹਿੰਦੇ ਹਨ। ਬੋਤਿਆਂ ਨਾਲ ਖੇਤੀ ਦੇ ਉਹ ਸਾਰੇ ਕੰਮ ਕੀਤੇ ਜਾਣ ਲੱਗੇ, ਜੋ ਬਲਦਾਂ ਨਾਲ ਕੀਤੇ ਜਾਂਦੇ ਸਨ। ਕਈ ਕੰਮਾਂ ਵਿਚ ਤਾਂ ਬਲਦਾਂ ਦੀ ਵਰਤੋਂ ਨਾਲੋਂ ਬੋਤਿਆਂ ਦੀ ਵਰਤੋਂ ਕਰਨੀ ਜ਼ਿਮੀਂਦਾਰ ਨੂੰ ਸੌਖੀ ਹੋ ਗਈ। ਜਿੱਥੇ ਖੂਹ ਚਲਾਉਣ ਲਈ ਬਲਦਾਂ ਦੀ ਜੋੜੀ ਨੂੰ ਇਕ ਬੰਦੇ ਨੂੰ ਹੱਕਣਾ ਪੈਂਦਾ ਸੀ, ਉਥੇ ਖੂਹ ਤੇ ਬੋਤਾ ਜੋੜ ਕੇ ਉਸਦੀਆਂ ਅੱਖਾਂ ਤੇ ਖੋਪੇ ਬੰਨ੍ਹ ਕੇ ਬੋਤੇ ਨੂੰ ਤੋਰ ਦਿੱਤਾ ਜਾਂਦਾ ਸੀ। ਫੇਰ ਬੋਤਾ ਚਲਦਾ ਰਹਿੰਦਾ ਸੀ। ਖਰਾਸ ਤੇ ਘੁਲਾੜੀ ਤੇ ਬੋਤੇ ਨੂੰ ਜੋੜ ਕੇ ਅੱਖਾਂ ਤੇ ਖੋਪੇ ਬੰਨ੍ਹ ਦਿੰਦੇ ਸਨ। ਫੇਰ ਚੱਲ ਸੋ ਚੱਲ। ਪਸ਼ੂਆਂ ਲਈ ਪੱਠੇ ਵੀ ਬੋਤਿਆਂ ਤੇ ਢੋਏ ਜਾਂਦੇ ਸਨ। ਫਲ੍ਹੇ ਵੀ ਬੋਤਿਆਂ ਨਾਲ ਚਲਾਏ ਜਾਂਦੇ ਸਨ। ਬੋਤੀ ਦਾ ਦੁੱਧ ਕਈ ਬਿਮਾਰੀਆਂ ਦੇ ਇਲਾਜ ਲਈ ਵੀ ਵਰਤਿਆ ਜਾਂਦਾ ਸੀ।

ਖੇਤੀ ਦੇ ਕੰਮਾਂ ਦੇ ਨਾਲ ਨਾਲ ਬੋਤਿਆਂ ਨੂੰ ਆਉਣ ਜਾਣ ਲਈ ਵੀ ਵਰਤਿਆ ਜਾਂਦਾ ਸੀ। ਬਰਾਤਾਂ ਵਿਚ ਬੋਤਿਆਂ ਨੂੰ ਸ਼ਿੰਗਾਰ ਕੇ, ਪਿੱਤਲ ਦੇ ਕੋਕਿਆਂ ਨਾਲ ਸ਼ਿੰਗਾਰੀਆਂ ਕਾਠੀਆਂ ਪਾ ਕੇ, ਗੱਦੀਆਂ ਪਾ ਕੇ, ਹਾਰ ਹਮੇਲਾਂ ਪਾ ਕੇ, ਰੰਗਲੀਆਂ ਨਕੇਲਾਂ ਨਾਲ ਰੇਸ਼ਮੀ ਰੁਮਾਲ ਬੰਨ੍ਹ ਕੇ, ਮੁਹਾਰਾਂ ਨੂੰ ਲੋਗੜੀ ਦੇ ਫੁੱਲ ਲਾ ਕੇ, ਰੰਗ ਬਰੰਗੇ ਝੁੱਲ ਪਾ ਕੇ, ਗੋਡਿਆਂ ਨਾਲ ਘੁੰਗਰਾਲਾਂ ਬੰਨ੍ਹ ਕੇ ਲਿਜਾਇਆ ਜਾਂਦਾ ਸੀ। ਕਈ ਮੇਲਣਾਂ ਤਾਂ ਬਰਾਤੀਆਂ ਦੇ ਸ਼ਿੰਗਾਰੇ ਬੋਤੇ ਨੂੰ ਵੇਖ ਕੇ ਬੋਤੇ ਦੀ ਮੁਹਾਰ ਬਣਨ ਦੀ ਤਮੰਨਾ ਵੀ ਕਰਦੀਆਂ ਹੁੰਦੀਆਂ ਸਨ –

ਤੇਰੇ ਬੋਤੇ ਦੀ ਮੁਹਾਰ ਬਣ ਜਾਵਾਂ
ਵੇ ਸੋਨੇ ਦੇ ਤਵੀਤਾਂ ਵਾਲਿਆ।

ਬੋਤਿਆਂ ਦੀਆਂ ਮੁਹਾਰਾਂ ਦਾਜ ਵਿਚ ਵੀ ਦਿੱਤੀਆਂ ਜਾਂਦੀਆਂ ਸਨ। ਨਵੀਂ ਵਿਆਹੀ ਵਹੁਟੀ ਨੂੰ ਵੀ ਬੋਤੇ ਤੇ ਬਿਠਾ ਕੇ ਲਿਆਉਂਦੇ ਸਨ। ਜੇਕਰ ਨਵੀਂ ਵਹੁਟੀ ਬੋਤੇ 'ਤੇ ਬੈਠਣ ਤੋਂ ਹਿੱਚਹਿਚਾਹਟ ਕਰਦੀ ਹੁੰਦੀ ਸੀ ਤਾਂ ਪਤੀ ਉਸ ਨੂੰ ਹੌਂਸਲਾ ਦਿੰਦਾ ਹੋਇਆ ਬੋਤੇ ਤੇ ਬੈਠਣ ਲਈ ਕਹਿੰਦਾ ਹੁੰਦਾ ਸੀ–

ਪੰਜ ਸੌ ਦਾ ਬੋਤਾ ਲਿਆਂਦਾ,
ਪੂਰੇ ਸੱਠਾਂ ਦੀ ਕਾਠੀ।
ਨੀ ਚੜ੍ਹ ਜਾ ਬੋਤੇ ਤੇ,
ਮੰਨ ਲੈ ਭੌਰ ਦੀ ਆਖੀ।



Academy of the Punjab in North America: http://www.apnaorg.com

ਉਨ੍ਹਾਂ ਸਮਿਆਂ ਵਿਚ ਬੋਤੇ ਦੀ ਸਵਾਰੀ ਸ਼ਾਹੀ ਸਵਾਰੀ ਮੰਨੀ ਜਾਂਦੀ ਸੀ। ਕਈ ਵੇਰ ਭਜਾਏ ਬੋਤੇ ਤੋਂ ਸੱਜ ਵਿਆਹੀ ਦੀ ਸਤਾਰਿਆਂ ਵਾਲੀ ਜੁੱਤੀ ਵੀ ਡਿਗ ਪੈਂਦੀ ਸੀ-

ਜੁੱਤੀ ਡਿੱਗ ਪਈ ਸਤਾਰਿਆਂ ਵਾਲੀ,
ਨਿਜ ਤੇਰੇ ਬੋਤੇ 'ਤੇ ਚੜ੍ਹੀ।

ਉਨ੍ਹਾਂ ਸਮਿਆਂ ਵਿਚ ਵਿਆਹ ਦੇ ਨੇੜੇ ਕੁੜੀਆਂ ਦੇ ਕੰਨ ਵਿੰਨਣ ਦਾ ਰਿਵਾਜ ਸੀ। ਏਸ ਲਈ ਕਈਆਂ ਦੇ ਸੱਜਰੇ ਵਿੰਨੇ ਕੰਨ ਦੁਖਦੇ ਸਨ-

ਆਹ ਲੈ ਡੰਡੀਆਂ ਜੇਬ ਵਿਚ ਪਾ ਲੈ,
ਬੋਤੇ ਉੱਤੇ ਕੰਨ ਦੁਖਦੇ।

ਬੋਤਿਆਂ ਦੀ ਡੀਲ ਡੌਲ ਵੱਡੀ ਹੋਣ ਕਰ ਕੇ ਬੋਤੇ ਭੱਜਦੇ ਵੀ ਬਹੁਤੇ ਹੁੰਦੇ ਸਨ -

ਟਾਡਾ ਟਾਡਾ ਟਾਡਾ,
ਬੰਤੋ ਦੇ ਮਿੱਤਰਾਂ ਨੇ,
ਬੋਤਾ ਬੀਕਾਨੇਰ ਤੋਂ ਲਿਆਂਦਾ।
ਬੰਤੋ ਉੱਤੇ ਚੜ੍ਹ ਗਈ,
ਬੋਤਾ ਰੇਲ ਦੇ ਬਰਾਬਰ ਜਾਂਦਾ।

ਕਈ ਤਾਂ ਆਪਣੀਆਂ ਵਹੁਟੀਆਂ ਨੂੰ ਸ਼ਿਮਲੇ ਦੀ ਸੈਰ ਵੀ ਬੋਤਿਆਂ ਤੇ ਕਰਾਉਣ ਲਈ ਤਿਆਰ ਹੋ ਜਾਂਦੇ ਸਨ -

ਬੋਤੇ ਉੱਤੇ ਚੜ੍ਹ ਬੰਤੋ,
ਤੈਨੂੰ ਸ਼ਿਮਲੇ ਦੀ ਸੈਰ ਕਰਾਵਾਂ।

ਫੌਜ ਵਿਚ ਬੋਤਿਆਂ ਵਾਲੀਆਂ ਰੈਜ਼ੀਮੈਂਟਾਂ ਵੀ ਬਣੀਆਂ ਹੋਈਆਂ ਹਨ, ਜਿਹੜੀਆਂ ਜ਼ਿਆਦਾ ਰਾਜਸਥਾਨ ਏਰੀਏ ਵਿਚ ਹਨ। 26 ਜਨਵਰੀ ਦੀ ਪਰੇਡ ਵਿਚ ਬੋਤਿਆਂ ਵਾਲੀ ਫੌਜੀ ਰੈਜ਼ੀਮੈਂਟ ਵੀ ਸ਼ਾਮਲ ਹੁੰਦੀ ਹੈ।

ਅੱਜ ਪੰਜਾਬ ਵਿਚ ਕਿਤੇ ਵੀ ਤੁਹਾਨੂੰ ਬੋਤਾ ਨਹੀਂ ਮਿਲੇਗਾ। ਏਸ ਲਈ ਬੋਤੇ ਦੀ ਖੇਤੀ ਵਿਚ ਅਤੇ ਆਵਾਜਾਈ ਵਿਚ ਵਰਤੋਂ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅੱਜ ਸਾਰੀ ਦੀ ਸਾਰੀ ਖੇਤੀ ਦਾ ਮਸ਼ੀਨੀਕਰਨ ਹੋ ਚੁਕਿਆ ਹੈ। ਆਵਾਜਾਈ ਲਈ ਸਕੂਟਰ, ਮੋਟਰ ਸਾਈਕਲ, ਕਾਰਾਂ, ਮੋਟਰਾਂ, ਬੱਸਾਂ, ਰੇਲਾਂ ਹਨ।

0

## ਫਲ੍ਹੇ

ਜੇਕਰ ਸਿਖਰ ਦੁਪਹਿਰੇ ਦੀਵਾ ਲੈ ਕੇ ਵੀ ਤੁਸੀਂ ਪੰਜਾਬ ਦੀ ਖੇਤੀ ਵਿਚੋਂ ਫਲ੍ਹੇ ਭਾਲਣ ਦੀ ਹੁਣ ਕੋਸ਼ਿਸ਼ ਕਰੋਗੇ ਤਾਂ ਵੀ ਫਲ੍ਹੇ ਤੁਹਾਨੂੰ ਨਹੀਂ ਲੱਭਣਗੇ। ਅੱਜ ਦੀ



ਪੀੜ੍ਹੀ ਨੇ ਨਾ ਫਲ੍ਹੇ ਵੇਖੇ ਹਨ, ਨਾ ਹੀ ਫਲ੍ਹੇ ਦੀ ਮੂਰਤ ਵੇਖੀ ਹੋਵੇਗੀ। ਕਿਸੇ ਸਮੇਂ ਫਲ੍ਹਿਆਂ ਤੋਂ ਬਗ਼ੈਰ ਦਾਣੇ ਕੱਢਣ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਉਸ ਸਮੇਂ ਦਾ ਅਖਾਣ ਹੈ -

"ਭੋਂ ਵਾਹਿਆਂ, ਫ਼ਸਲ ਗਾਹਿਆਂ, ਜਾਨ ਨੁਹਾਇਆਂ।"

ਇਹ ਅਖਾਣ ਸਪਸ਼ਟ ਕਰਦਾ ਹੈ ਕਿ ਜ਼ਮੀਨ ਨੂੰ ਵਾਹੁਣ ਨਾਲ ਜ਼ਮੀਨ ਪੈਦਾ ਦਿੰਦੀ ਹੈ। ਫ਼ਸਲ ਗਾਹੁਣ ਨਾਲ ਹੀ ਦਾਣੇ ਕੱਢੇ ਜਾ ਸਕਦੇ ਹਨ। ਬਰੀਕ, ਨਿੱਕੀ ਗਾਹੀ ਚੰਗੀ ਮੰਨੀ ਜਾਂਦੀ ਸੀ-

ਮੁੱਢੋਂ ਵੱਢ ਕੇ ਨਿੱਕੀ ਗਾਹ,
ਘਾਟਾ ਪਵੇ ਤਾਂ ਮੈਨੂੰ ਪਾ।



ਨਹਾਉਣ ਨਾਲ ਹੀ ਸਰੀਰ ਵਿਚ ਜਾਨ ਪੈਂਦੀ ਹੈ, ਫੁਰਤੀ ਆਉਂਦੀ ਹੈ, ਬੰਦਾ ਫੇਰ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਉਨ੍ਹਾਂ ਸਮਿਆਂ ਵਿਚ ਹਾੜ੍ਹੀ ਦੀ ਫ਼ਸਲ ਕੱਢਣ ਲਈ ਡੇਢ ਡੇਢ ਮਹੀਨੇ ਵੀ ਫਲ੍ਹੇ ਚਲਦੇ ਰਹਿੰਦੇ ਹੁੰਦੇ ਸਨ। ਫਲ੍ਹਾ ਕੀ ਹੁੰਦਾ ਸੀ? ਫਲ੍ਹੇ ਦੀ ਵਰਤੋਂ ਕਿਵੇਂ ਹੁੰਦੀ ਸੀ? ਮੈਂ ਤੁਹਾਨੂੰ ਦੱਸਣ ਜਾ ਰਿਹਾ ਹਾਂ।

ਫਲ੍ਹੇ ਦੋ ਸਾਈਜ਼ ਵਿਚ ਹੁੰਦੇ ਸਨ। ਇਕ ਛੋਟਾ ਫਲ੍ਹਾ ਹੁੰਦਾ ਸੀ, ਜਿਸ ਨੂੰ ਬਲਦਾਂ ਦੀ ਇਕ ਜੋੜੀ ਜਾਂ ਉਂਠ ਖਿੱਚਦਾ ਹੁੰਦਾ ਸੀ। ਇਕ ਬੜਾ ਫਲ੍ਹਾ ਹੁੰਦਾ ਸੀ, ਜਿਸ ਨੂੰ ਬਲਦਾਂ ਦੀਆਂ ਦੋ ਜੋੜੀਆਂ ਖਿੱਚਦੀਆਂ ਹੁੰਦੀਆਂ ਸਨ। ਇਸ ਫਲ੍ਹੇ ਨੂੰ ਚੋਖੜਾ ਵੀ ਕਹਿੰਦੇ ਸਨ। ਬੜੇ ਫਲ੍ਹੇ ਨੂੰ ਇਕ ਬਲਦਾਂ ਦੀ ਜੋੜੀ ਤੇ ਇਕ ਉਂਠ ਵੀ ਖਿੱਚਦਾ ਹੁੰਦਾ ਸੀ ਜਾਂ ਦੋਵੇਂ ਉਂਠ ਖਿੱਚਦੇ ਹੁੰਦੇ ਸਨ। ਫਲ੍ਹੇ ਬਣਾਉਣ ਲਈ ਹੇਠਾਂ



Academy of the Punjab in North America: http://www.apnaorg.com

ਬਾਂਸ ਦਾ ਜਾਂ ਪਤਲੀਆਂ ਲੱਕੜਾਂ ਦਾ ਫਰੇਮ ਬਣਾਇਆ ਜਾਂਦਾ ਸੀ। ਇਸ ਦੀ ਲੰਬਾਈ ਜ਼ਿਆਦਾ ਹੁੰਦੀ ਸੀ ਤੇ ਚੌੜਾਈ ਘੱਟ ਹੁੰਦੀ ਸੀ। ਏਸ ਫਰੇਮ ਵਿਚ ਬੇਰੀ ਦੀਆਂ ਝਿੰਗਾਂ, ਕਿਸੇ ਇਲਾਕੇ ਵਿਚ ਜੰਡੀ ਦੀਆਂ ਝਿੰਗਾਂ ਪਾਈਆਂ ਜਾਂਦੀਆਂ ਸਨ। ਇਨ੍ਹਾਂ ਝਿੰਗਾਂ ਉੱਪਰ ਕਪਾਹ ਦੀਆਂ ਜਾਂ ਨਰਮੇ ਦੀਆਂ ਛਿਟੀਆਂ ਪਾਈਆਂ ਜਾਂਦੀਆਂ ਸਨ। ਫੇਰ ਇਨ੍ਹਾਂ ਝਿੰਗਾਂ 'ਤੇ ਛਿਟੀਆਂ ਦੇ ਉਪਰ ਪਤਲੀਆਂ ਸੋਟੀਆਂ ਰੱਖ ਕੇ ਹੇਠਲੇ ਫਰੇਮ ਨਾਲ ਚੰਗੀ ਤਰ੍ਹਾਂ ਬੰਨ੍ਹਿਆ ਜਾਂਦਾ ਸੀ। ਏਸ ਤਰ੍ਹਾਂ ਫਲ੍ਹਾ ਬਣਦਾ ਸੀ।

ਫਲ੍ਹੇ ਦੇ ਫਰੇਮ ਨਾਲ ਇਕ ਲੰਮੀ ਸੋਟੀ ਰੱਸੇ ਨਾਲ ਬੰਨ੍ਹੀ ਜਾਂਦੀ ਸੀ। ਏਸ ਸੋਟੀ ਦਾ ਦੂਸਰਾ ਸਿਰਾ ਬਲਦਾਂ ਦੇ ਗਲ ਪਾਈ ਪੰਜਾਲੀ ਨਾਲ ਬੰਨ੍ਹਿਆ ਜਾਂਦਾ ਸੀ। ਏਸ ਸੋਟੀ ਨੂੰ ਧੂਹ ਕਹਿੰਦੇ ਸਨ। ਕਈ ਇਲਾਕਿਆਂ ਵਿਚ ਏਸ ਲੱਕੜ ਨੂੰ ਖੇਂਜ਼ ਕਹਿੰਦੇ ਸਨ। ਫਲ੍ਹੇ ਨੂੰ ਪੈਲੀ ਵਿਚ ਪਾ ਦਿੰਦੇ ਸਨ ਤੇ ਬਲਦ ਖਿੱਚਣ ਲੱਗ ਜਾਂਦੇ ਸਨ।

ਏਸ ਤਰ੍ਹਾਂ ਹੀ ਜੇਕਰ ਬਲਦਾਂ ਦੀ ਜੋੜੀ ਨਾਲ ਊਂਠ ਜੋੜਿਆ ਜਾਂਦਾ ਸੀ ਤਾ ਊਂਠ ਤੇ ਪਾਈ ਵੇਂਡੀ ਨਾਲ ਦੋ ਲੰਮੇ ਰੱਸੇ ਬੰਨ੍ਹੇ ਜਾਂਦੇ ਸਨ। ਇਨ੍ਹਾਂ ਲੰਮੇ ਰੱਸਿਆਂ ਨੂੰ ਅਖ਼ੀਰ ਤੇ ਇਕ ਡੰਡੇ ਨਾਲ ਬੰਨ੍ਹਿਆ ਜਾਂਦਾ ਸੀ। ਏਸ ਡੰਡੇ ਨੂੰ ਵਿਚਕਾਰ ਤੋਂ ਫਲ੍ਹੇ ਦੇ ਫਰੇਮ ਨਾਲ ਬੰਨ੍ਹਿਆ ਜਾਂਦਾ ਸੀ। ਏਸ ਤਰ੍ਹਾਂ ਊਂਠ ਫਲ੍ਹਾ ਖਿੱਚਦਾ ਹੁੰਦਾ ਸੀ।

ਜੇਕਰ ਬਲਦਾਂ ਦੀਆਂ ਜੋੜੀਆਂ ਕਾਫ਼ੀ ਉਮਰ ਦੀਆਂ ਹੁੰਦੀਆਂ ਸਨ, ਤਾਂ ਬਲਦਾਂ ਦੇ ਵਿਚਾਲੇ ਵੜ ਕੇ ਬਲਦਾਂ ਨੂੰ ਚਲਾਇਆ ਜਾਂਦਾ ਸੀ। ਜੇਕਰ ਵੈੜਕੇ ਹੁੰਦੇ ਸਨ, ਉਨ੍ਹਾਂ ਨੂੰ ਫਲ੍ਹੇ ਦੇ ਪਿੱਛੇ ਤੁਰ ਕੇ ਹੱਕਿਆ ਜਾਂਦਾ ਸੀ। ਊਂਠ ਦੀ ਮੁਹਾਰ ਨੂੰ ਬਲਦਾਂ ਦੀ ਜੋੜੀ ਦੀ ਪੰਜਾਲੀ ਨਾਲ ਬੰਨ੍ਹ ਦਿੱਤਾ ਜਾਂਦਾ ਸੀ। ਚਲਦੇ ਚਲਦੇ ਬਲਦ ਜਦ ਗੋਹਾ ਕਰਦੇ ਹੁੰਦੇ ਸਨ ਤਾਂ ਲਾਂਗੇ ਨੂੰ ਹੱਥ ਉਪਰ ਰੱਖ ਕੇ ਗੋਹਾ ਉਸ ਤੇ ਕਰਾਇਆ ਜਾਂਦਾ ਸੀ। ਏਸ ਕੀਤੇ ਗੋਹੇ ਨੂੰ ਸੈ ਕਹਿੰਦੇ ਸਨ। ਏਸ ਗੋਹੇ ਨੂੰ ਫਲ੍ਹੇ ਉਤੇ ਰੱਖੀ ਟੋਕਰੀ ਵਿਚ ਸੁੱਟ ਦਿੱਤਾ ਜਾਂਦਾ ਸੀ ਜਾਂ ਪੈਲੀ ਵਿਚੋਂ ਬਾਹਰ ਨਿਕਲ ਕੇ ਪਿੜ ਤੋਂ ਬਾਹਰ ਵਗਾਹ ਕੇ ਮਾਰਿਆ ਜਾਂਦਾ ਸੀ। ਏਸ ਤਰ੍ਹਾਂ ਜਦ ਊਂਠ ਲੇਡੇ ਕਰਦਾ ਹੁੰਦਾ ਸੀ ਤਾਂ ਫਲ੍ਹੇ ਉਪਰ ਰੱਖੇ ਬਰਤਨ ਨੂੰ ਊਂਠ ਦੀ ਪਿਠ ਪਿੱਛੇ ਲਾ ਦਿੰਦੇ ਸਨ। ਏਸ ਤਰ੍ਹਾਂ ਲੇਡੇ ਗਾਹੀ ਫ਼ਸਲ ਵਿਚ ਡਿਗਣ ਤੋਂ ਬਚੇ ਰਹਿੰਦੇ ਸਨ।

ਜਦ ਚੰਗੀ ਧੁੱਪ ਚੜ੍ਹ ਜਾਂਦੀ ਸੀ, ਪੈਲੀ ਗਰਮ ਹੋ ਜਾਂਦੀ ਸੀ, ਉਸ ਸਮੇਂ ਫਲ੍ਹੇ ਚਲਾਉਂਦੇ ਹੁੰਦੇ ਸਨ। ਗਾਹੀ ਜਾਂਦੀ ਪੈਲੀ ਨੂੰ ਦੁਪਹਿਰੇ ਫੋਲਿਆ ਜਾਂਦਾ ਸੀ। ਫਲ੍ਹੇ ਹੱਕਣੇ ਵੀ ਕਾਫ਼ੀ ਔਖੇ ਹੁੰਦੇ ਸਨ। ਲੱਤਾਂ ਨੂੰ ਲਾਂਗਾ ਲੱਗ ਲੱਗ ਕੇ ਲੱਤਾਂ ਛਿੱਲੀਆਂ ਜਾਂਦੀਆਂ ਸਨ।

ਉਨ੍ਹਾਂ ਸਮਿਆਂ ਵਿਚ ਖੇਤੀ ਜ਼ਿਆਦਾ ਬਾਰਸ਼ਾਂ ਤੇ ਖੂਹਾਂ ਦੇ ਪਾਣੀਆਂ 'ਤੇ ਨਿਰਭਰ ਹੁੰਦੀ ਸੀ। ਜ਼ਿਮੀਂਦਾਰਾਂ ਦੀ ਆਰਥਿਕ ਹਾਲਤ ਵੀ ਬਹੁਤੀ ਚੰਗੀ ਨਹੀਂ ਹੁੰਦੀ



ਸੀ। ਆਮ ਜ਼ਿਮੀਂਦਾਰਾਂ ਕੋਲ ਇਕ ਹੀ ਬਲਦਾਂ ਦੀ ਜੋੜੀ ਹੁੰਦੀ ਸੀ। ਇਸ ਲਈ ਸਾਰੀ ਜ਼ਮੀਨ ਵਿਚ ਫ਼ਸਲ ਵੀ ਨਹੀਂ ਬੀਜੀ ਜਾਂਦੀ ਸੀ। ਨਾ ਹੀ ਖੂਹਾਂ ਦਾ ਪਾਣੀ ਸਾਰੀ ਜ਼ਮੀਨ ਨੂੰ ਲੱਗਦਾ ਹੁੰਦਾ ਸੀ। ਏਸ ਕਰ ਕੇ ਫ਼ਸਲਾਂ ਦੀ ਪੈਦਾਵਾਰ ਘੱਟ ਹੀ ਹੁੰਦੀ ਸੀ। ਜਿਸ ਕਰ ਕੇ ਫਲ੍ਹਿਆਂ ਨਾਲ ਗਾਹੀ ਕਰ ਕੇ ਦਾਣੇ ਕੱਢ ਲਏ ਜਾਂਦੇ ਸਨ।

ਉਨ੍ਹਾਂ ਸਮਿਆਂ ਵਿਚ ਲੋਕਾਂ ਦਾ ਆਪਸ ਵਿਚ ਪਿਆਰ ਬਹੁਤ ਹੁੰਦਾ ਸੀ। ਇਕ ਦੂਜੇ ਦੀ ਮੱਦਦ ਕਰਦੇ ਸਨ। ਇਕ ਇਕ ਬਲਦ ਵਾਲੇ ਵੀ ਦੂਜੇ ਨਾਲ ਸਾਂਝ ਪਾ ਕੇ ਖੇਤੀ ਕਰਦੇ ਹੁੰਦੇ ਸਨ।

ਜਦ ਫ਼ਸਲਾਂ ਦੇ ਨਵੇਂ ਬੀਜ ਆਏ, ਕੈਮੀਕਲ ਖਾਦਾਂ ਆਈਆਂ, ਲੋਕਾਂ ਨੇ ਟਿਊਬੈਲ ਲਾਏ, ਟ੍ਰੈਕਟਰ ਲਏ, ਉਸ ਸਮੇਂ ਫ਼ਸਲਾਂ ਦੀ ਜ਼ਿਆਦਾ ਪੈਦਾਵਾਰ ਹੋਣ ਲੱਗੀ। ਫੇਰ ਮਸ਼ੀਨਾਂ ਨਾਲ ਦਾਣੇ ਕੱਢਣੇ ਸ਼ੁਰੂ ਹੋਏ। ਹੁਣ ਤਾਂ ਸਾਰਾ ਕੰਮ ਹੀ ਮਸ਼ੀਨਾਂ, ਕੰਬਾਈਨਾਂ ਨਾਲ ਹੋਣ ਲੱਗ ਪਿਆ ਹੈ।

ਫਲ੍ਹਿਆਂ ਦਾ ਹੁਣ ਕਿਤੇ ਨਾਮੋ ਨਿਸ਼ਾਨ ਹੀ ਨਹੀਂ ਹੈ।

0

## ਭੇਡਾਂ ਬੱਕਰੀਆਂ

ਪਹਿਲੇ ਸਮਿਆਂ ਵਿਚ ਪੰਜਾਬ ਦੇ ਬਹੁਤ ਸਾਰੇ ਇਲਾਕੇ ਵਿਚ ਜੰਗਲ ਸਨ। ਜ਼ਮੀਨਾਂ ਬੇਆਬਾਦ ਸਨ। ਪਿੰਡ ਵਸ ਰਹੇ ਸਨ। ਉਨ੍ਹਾਂ ਸਮਿਆਂ ਵਿਚ ਕਈ ਕਈ ਪਰਿਵਾਰ ਭੇਡਾਂ ਪਾਲਦੇ ਸਨ। ਭੇਡਾਂ ਤੋਂ ਹੀ ਉਨ੍ਹਾਂ ਦੀ ਰੋਜ਼ੀ ਰੋਟੀ ਚਲਦੀ ਸੀ। ਬੱਕਰੀਆਂ ਤਾਂ ਉਨ੍ਹਾਂ ਸਮਿਆਂ ਵਿਚ ਹਰ ਘਰ ਹੁੰਦੀਆਂ ਸਨ। ਆਮ ਪਰਿਵਾਰਾਂ ਦਾ ਦੁਧਾਰੂ ਪਸ਼ੂ ਬੱਕਰੀਆਂ ਹੀ ਹੁੰਦੀਆਂ ਸਨ। ਏਸੇ ਕਰਕੇ ਤਾਂ ਮਹਾਤਮਾ ਗਾਂਧੀ ਬੱਕਰੀ ਦੇ ਦੁੱਧ ਦੀ ਵਰਤੋਂ ਕਰਦੇ ਸਨ। ਗਾਈਆਂ, ਮੱਝਾਂ ਉਨ੍ਹਾਂ ਸਮਿਆਂ ਵਿਚ ਖਾਂਦੇ-ਪੀਂਦੇ ਪਰਿਵਾਰਾਂ ਕੋਲ ਹੀ ਹੁੰਦੀਆਂ ਸਨ।

ਭੇਡਾਂ, ਬੱਕਰੀਆਂ ਜੰਗਲਾਂ ਅਤੇ ਗ਼ੈਰ ਆਬਾਦ ਪਈਆਂ ਜ਼ਮੀਨਾਂ ਵਿਚ ਪੈਦਾ ਹੋਏ ਰੁੱਖਾਂ ਦੇ ਪੱਤੇ ਅਤੇ ਘਾਹ ਆਦਿ ਖਾ ਕੇ ਗੁਜ਼ਾਰਾ ਕਰ ਲੈਂਦੀਆਂ ਸਨ। ਇਨ੍ਹਾਂ ਨੂੰ ਖੁੱਲ੍ਹੇ ਆਸਮਾਨ ਥੱਲੇ ਬਣੇ ਵਾੜਿਆਂ ਵਿਚ ਰੱਖਿਆ ਜਾਂਦਾ ਸੀ। ਅੱਜ ਦੀ ਪੀੜ੍ਹੀ ਵਾੜੇ ਕਿਸ ਨੂੰ ਕਹਿੰਦੇ ਹਨ, ਇਹ ਵੀ ਨਹੀਂ ਸਮਝੇਗੀ। ਖੁੱਲ੍ਹੀ ਜਗ੍ਹਾ ਦੇ ਆਲੇ ਦੁਆਲੇ ਕਿੱਕਰਾਂ, ਬੇਰੀਆਂ ਦੀਆਂ ਝਿੰਗਾਂ ਨੂੰ ਧਰਤੀ ਵਿਚ ਗੱਡ ਕੇ ਪਸ਼ੂਆਂ ਲਈ ਬਣਾਈ ਗਈ ਥਾਂ ਨੂੰ ਵਾੜਾ ਕਿਹਾ ਜਾਂਦਾ ਸੀ। ਅੰਦਰ ਜਾਣ ਲਈ ਫਾਟਕ ਲਗਾਇਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਪੰਜਾਬ ਵਿਚ ਭੇਡਾਂ ਦੇ ਇੱਜੜ ਜ਼ਿਆਦਾ ਰੱਖਣ ਕਾਰਨ ਹੀ ਫਾਜ਼ਿਲਕਾ ਦੀ ਮੰਡੀ ਭੇਡਾਂ ਦੀ ਉੱਨ ਦੀ ਸਭ ਤੋਂ ਵੱਡੀ ਮੰਡੀ ਹੁੰਦੀ ਸੀ। ਭੇਡਾਂ ਪਾਲਣ ਨੂੰ ਉਸ ਸਮੇਂ ਦਾ ਵਧੀਆ ਕਿੱਤਾ ਮੰਨਿਆ ਜਾਂਦਾ ਸੀ। ਏਸੇ ਕਾਰਨ



Academy of the Punjab in North America: http://www.apnaorg.com

ਹੀ ਭੇਡਾਂ ਸਬੰਧੀ ਉਸ ਸਮੇਂ ਦਾ ਅਖਾਣ ਹੈ –

ਉਠਾਂ ਵਾਲੇ ਸਦਾ ਕਰਜਾਈ
ਮੱਝਾਂ ਵਾਲੇ ਅੱਧੇ।
ਭੇਡਾਂ ਵਾਲੇ ਸਦਾ ਸੁਖਾਲੇ,
ਭਾਵੇਂ ਮਰ ਜਾਣ ਸੱਭੇ।



ਭੇਡਾਂ ਤੇ ਮੱਝਾਂ ਦੀ ਖਰੀਦ ਸਬੰਧੀ ਸਿਆਣਿਆਂ ਨੇ ਤੱਤ ਕੱਢੇ ਹੋਏ ਸਨ–

ਭੇਡ ਭੂਰੀ, ਮਹਿੰ ਡੱਬੀ,
ਦਾੜ੍ਹੀ ਵਾਲੀ ਰੰਨ।
ਤਿੰਨੇ ਚੀਜ਼ਾਂ ਛੱਡ ਕੇ,
ਸੌਦਾ ਕਰੀ ਨਿਸ਼ੰਗ।

ਭੇਡਾਂ ਸਬੰਧੀ ਇਕ ਮੁਹਾਵਰਾ 'ਭੇਡ ਚਾਲ' ਬਹੁਤ ਜ਼ਿਆਦਾ ਮਸ਼ਹੂਰ ਹੈ। ਭੇਡਾਂ ਦੇ ਇੱਜੜ ਵਿਚੋਂ ਇਕ ਭੇਡ ਜਿਸ ਪਾਸੇ ਨੂੰ ਤੁਰ ਪੈਂਦੀ ਸੀ, ਦੂਜੀਆਂ ਭੇਡਾਂ ਉਸ ਦੀ ਰੀਸੋ–ਰੀਸ ਉਸ ਦੇ ਮਗਰ ਲਗ ਤੁਰ ਪੈਂਦੀਆਂ ਸਨ। ਭੇਡ ਨੂੰ ਇਕ ਸਾਧਾਰਨ ਸਮਝ ਵਾਲਾ ਪਸ਼ੂ ਮੰਨਿਆ ਜਾਂਦਾ ਸੀ। ਏਸੇ ਕਰਕੇ ਹੀ ਇਕ ਸਿੱਧੀ ਸਾਦੀ ਸਾਧਾਰਨ ਸਮਝ ਵਾਲੀ ਮੁਟਿਆਰ ਨੂੰ ਭੇਡ ਨਾਲ ਤੁਲਨਾ ਦੇ ਕੇ ਟਕੋਰ ਲਾਈ ਜਾਂਦੀ ਸੀ–

ਤੂੰ ਕੀ ਜਾਣੇ ਭੇਡੇ?
ਤੋਰ ਸ਼ੁਕੀਨਾਂ ਦੀ।

ਭੇਡਾਂ ਦੀਆਂ ਮੀਂਗਣਾਂ ਤੇ ਪਿਸ਼ਾਬ ਵਿਚ ਨਾਈਟਰੋਜਨ ਦੀ ਬਹੁਤ ਮਾਤਰਾ



ਹੁੰਦੀ ਸੀ/ਹੈ। ਜ਼ਿਮੀਂਦਾਰ ਭੇਡਾਂ ਦੇ ਇੱਜੜ ਨੂੰ ਆਪਣੇ ਖੇਤਾਂ ਵਿਚ ਕਈ ਕਈ ਦਿਨ ਬਿਠਾਉਂਦੇ ਸਨ। ਇੱਜੜਾਂ ਦੇ ਮਾਲਕਾਂ ਦੀ ਪੂਰੀ ਸੇਵਾ ਕਰਦੇ ਸਨ। ਭੇਡਾਂ ਬੱਕਰੀਆਂ ਨੂੰ ਰੋਹੀਆਂ ਵਿਚ ਚਾਰਿਆ ਜਾਂਦਾ ਸੀ। ਲਓ, ਰੋਹੀਆਂ ਵਿਚ ਭੇਡਾਂ ਬਕਰੀਆਂ ਚਾਰਦੇ ਚਰਵਾਹੇ ਬਾਰੇ ਇਕ ਲੋਕਗੀਤ ਵੀ ਸੁਣ ਲਵੋ –

ਨਿੱਕਾ ਹੁੰਦਾ ਮੈਂ ਭੇਡਾਂ ਚਾਰਦਾ,
ਗਲ਼ ਵਿਚ ਰੱਖਦਾ ਕੂਨਾ।
ਤੱਤੀਆਂ ਲੋਆਂ ਨੇ ਪਿੰਡਾ ਜਾਲਤਾ,
ਰਹਿ ਗਿਆ ਹੱਡ ਨਮੂਨਾ।
ਰੋਹੀਆਂ ਦੇ ਵਿਚ ਫਿਰਨ ਬੱਕਰੀਆਂ,
ਜਿਉਂ ਜੰਗਲ ਵਿਚ ਮੂਨਾਂ।
ਘਰ ਦੀ ਨਾਰ ਬਿਨਾਂ,
ਕਾਹਦੀਆਂ ਭਰਾਵੋ ਜੂਨਾਂ।

ਹੁਣ ਪੰਜਾਬ ਵਿਚ ਭੇਡਾਂ ਦੇ ਇੱਜੜ ਤਾਂ ਕੀ, ਇਕ ਭੇਡ ਵੀ ਤੁਹਾਨੂੰ ਦੇਖਣ ਨੂੰ ਨਹੀਂ ਮਿਲੇਗੀ।

ਹੁਣ ਗੱਲ ਕਰਦੇ ਹਾਂ ਬੱਕਰੀਆਂ ਦੀ। ਪਹਿਲੇ ਸਮਿਆਂ ਵਿਚ ਹਰ ਘਰ ਬੱਕਰੀਆਂ ਰੱਖੀਆਂ ਹੁੰਦੀਆਂ ਸਨ। ਪਿੰਡ ਦੀਆਂ ਸਾਰੀਆਂ ਬੱਕਰੀਆਂ ਨੂੰ ਬਾਹਰ ਗ਼ੈਰ ਆਬਾਦ ਤੇ ਸ਼ਾਮਲਾਟ ਪਈਆਂ ਜ਼ਮੀਨਾਂ ਵਿਚ ਚਰਨ ਲਈ ਆਮ ਤੌਰ ਤੇ ਵਾਗੀ ਰੱਖੇ ਹੁੰਦੇ ਸਨ, ਜਿਨ੍ਹਾਂ ਨੂੰ ਹਾੜ੍ਹੀ ਸਉਣੀ ਜਿਨਸ ਦੇ ਰੂਪ ਵਿਚ ਤਨਖਾਹ ਦਿੱਤੀ ਜਾਂਦੀ ਸੀ। ਦੁੱਧ ਦੀ ਜਦ ਵੀ ਲੋੜ ਹੁੰਦੀ ਸੀ, ਬੱਕਰੀ ਨੂੰ ਫੜ ਕੇ ਚੋ ਲੈਂਦੇ ਸਨ –

ਸਾਨੂੰ ਮੱਝ ਨਾਲੋਂ ਬੱਕਰੀ ਚੰਗੀ,
ਟੰਗੋਂ ਫੜ ਦੁੱਧ ਚੋ ਲਿਆ।

ਬੱਕਰੀ ਦੇ ਦੁੱਧ ਦੇ ਫਹੇ ਅੱਖਾਂ ਤੇ ਬੰਨ੍ਹੇ ਜਾਂਦੇ ਸਨ, ਜਿਸ ਨਾਲ ਦੁਖਦੀਆਂ ਅੱਖਾਂ ਨੂੰ ਆਰਾਮ ਆ ਜਾਂਦਾ ਸੀ। ਜੇਕਰ ਕਿਸੇ ਬੱਚੇ ਦੀ ਮਾਂ ਛੋਟੀ ਉਮਰ ਵਿਚ ਮਰ ਜਾਂਦੀ ਸੀ ਤਾਂ ਉਸ ਨੂੰ ਬੱਕਰੀ ਦੇ ਦੁੱਧ ਤੇ ਪਾਲਿਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਬੱਕਰੀਆਂ ਨੂੰ ਵੇਚਣ ਤੇ ਖਰੀਦਣ ਲਈ ਮੰਡੀਆਂ ਲੱਗਦੀਆਂ ਸਨ।

ਜੇਕਰ ਬੱਕਰੀ ਨਰ ਮੇਮਣੇ ਨੂੰ ਜਨਮ ਦਿੰਦੀ ਸੀ ਤਾਂ ਉਸ ਨੂੰ ਵੱਡਾ ਕਰਕੇ ਉਸ ਦਾ ਮੀਟ ਉਂਜ ਜਾਂ ਵਿਆਹ ਸ਼ਾਦੀਆਂ ਵਿਚ ਖਾ ਲੈਂਦੇ ਸਨ। ਏਸੇ ਕਰਕੇ ਤਾਂ ਕਿਹਾ ਜਾਂਦਾ ਸੀ –

ਬੱਕਰਾ ਰੋਵੇ ਜਿੰਦ ਨੂੰ,
ਕਸਾਈ ਰੋਵੇ ਮਿਝ ਨੂੰ।



Academy of the Punjab in North America: http://www.apnaorg.com

x x x

ਬੱਕਰੇ ਦੀ ਮਾਂ,
ਕਿੰਨਾ ਕੁ ਚਿਰ ਸੁੱਖ ਮਨਾਊ।

ਬੱਕਰਿਆਂ ਨੂੰ ਲੋਕੀਂ ਆਪਣੀ ਕੋਈ ਮੁਰਾਦ ਪੂਰੀ ਕਰਨ ਲਈ ਕਿਸੇ ਦੇਵੀ ਦੇਵਤੇ, ਪੀਰ ਦੇ ਦਰਗਾਹ ਤੇ ਚੜ੍ਹਾਉਣ ਦੀ ਸੁਖ ਵੀ ਸੁੱਖਦੇ ਹਨ। ਮਾਲੇਰ ਕੋਟਲੇ ਸ਼ਹਿਰ ਵਿਚ ਹੈਦਰ ਸ਼ੇਖ ਦੀ ਇਕ ਦਰਗਾਹ ਹੈ, ਜਿੱਥੇ ਸੁੱਖ ਪੂਰੀ ਹੋਣ ਤੇ ਲੋਕ ਬੱਕਰੇ ਚੜ੍ਹਾਉਂਦੇ ਹਨ –

ਬੁੱਢੀ ਲਈ ਬੱਕਰਾ,
ਹੈਦਰ ਸ਼ੇਖ ਨੂੰ ਜਾਵੇ।

ਉਨ੍ਹਾਂ ਸਮਿਆਂ ਵਿਚ ਜਦ ਭਾਈ ਭਾਈ ਅੱਡ ਹੁੰਦੇ ਸਨ, ਜੇਕਰ ਵੰਡ ਵੰਡਾਈ ਕਿਸੇ ਭਰਾ ਦੇ ਹਿੱਸੇ ਵਿਚ ਬੱਕਰੀ ਨਹੀਂ ਆਉਂਦੀ ਸੀ ਤਾਂ ਉਸ ਦੀ ਪਤਨੀ ਆਪਣੇ ਘਰ ਵਾਲੇ ਨੂੰ ਬੱਕਰੀ ਖਰੀਦਣ ਲਈ ਕਹਿੰਦੀ ਹੁੰਦੀ ਸੀ–

ਦਰਾਣੀ ਦੁੱਧ ਰਿੜਕੇ,
ਜੇਠਾਣੀ ਦੁੱਧ ਰਿੜਕੇ,
ਅਸੀਂ ਕਿਉਂ ਬੈਠੇ ਚਿਹਕਾਂਗੇ
ਸਿੰਘਾ! ਲਿਆ ਬੱਕਰੀ
ਦੁੱਧ ਰਿੜਕਾਂਗੇ।

ਹੁਣ ਕਿਸੇ ਕਿਸੇ ਪਿੰਡ ਵਿਚ ਤੁਹਾਨੂੰ ਬੱਕਰੀ ਰੱਖੀ ਮਿਲੇਗੀ। ਭੇਡਾਂ ਬੱਕਰੀਆਂ ਰੱਖਣ ਦਾ ਯੁੱਗ ਹੁਣ ਖਤਮ ਹੋ ਗਿਆ ਹੈ।

0

## ਕੀਲੇ, ਕੀਲੀਆਂ

ਕੀਲੇ, ਕੀਲੀਆਂ ਕਈ ਕਿਸਮ ਦੇ ਹੁੰਦੇ ਸਨ। ਕਈ ਕੰਮ ਆਉਂਦੇ ਸਨ। ਕੀਲੇ, ਕੀਲੀਆਂ ਲੱਕੜ ਦੇ ਵੀ ਹੁੰਦੇ ਸਨ, ਲੋਹੇ ਦੇ ਵੀ ਹੁੰਦੇ ਸਨ। ਲੱਕੜ ਦੇ ਮੋਟੇ ਕੀਲਿਆਂ ਨੂੰ ਧਰਤੀ ਵਿਚ ਗੱਡ ਕੇ ਪਸ਼ੂ ਬੰਨ੍ਹੇ ਜਾਂਦੇ ਸਨ। ਇਨ੍ਹਾਂ ਕੀਲਿਆਂ ਦਾ ਧਰਤੀ ਵਿਚ ਗੱਡਣ ਵਾਲਾ ਹਿੱਸਾ ਆਮ ਤੌਰ 'ਤੇ ਮੋਟਾ ਹੁੰਦਾ ਸੀ ਤੇ ਉਪਰਲਾ ਹਿੱਸਾ ਕੁਝ ਪਤਲਾ ਹੁੰਦਾ ਸੀ। ਏਸ ਪਤਲੇ ਹਿੱਸੇ ਵਿਚ ਵਾਢਾ ਪਾਇਆ ਹੁੰਦਾ ਸੀ, ਜਿਸ ਦੇ ਹੇਠਾਂ ਪਸ਼ੂ ਦਾ ਰੱਸਾ ਬੰਨ੍ਹਿਆ ਜਾਂਦਾ ਸੀ। ਲੱਕੜ ਦੇ ਚਾਰ ਕੀਲਿਆਂ ਨੂੰ ਧਰਤੀ ਵਿਚ ਆਮ੍ਹੋ–ਸਾਹਮਣੇ ਗੱਡ ਕੇ ਤੇ ਉਨ੍ਹਾਂ ਨਾਲ ਲੰਮੇ ਲੋਟ ਤੇ ਚੌੜੇ ਲੋਟ ਲੱਕੜਾਂ ਬੰਨ੍ਹ ਕੇ ਦਰੀਆਂ ਬੁਣਨ ਵਾਲਾ ਅੱਡਾ ਬਣਾਇਆ ਜਾਂਦਾ ਸੀ। ਪਹਿਲੇ ਸਮਿਆਂ ਵਿਚ ਕੱਚੇ ਘਰ ਹੁੰਦੇ ਸਨ। ਘਰਾਂ ਦੀਆਂ ਕੰਧਾਂ ਵਿਚ ਲੱਕੜ ਦੇ ਪਤਲੇ ਕੀਲੇ ਗੱਡ ਕੇ, ਉਸ ਉਪਰ ਖੇਤੀ



ਕਰਨ ਵਾਲੇ ਬਹੁਤ ਸਾਰੇ ਸੰਦ ਰੱਖੇ ਜਾਂਦੇ ਸਨ। ਇਨ੍ਹਾਂ ਕੀਲਿਆਂ ਦਾ ਕੰਧ ਵਿਚ ਗੱਡਣ ਵਾਲਾ ਹਿੱਸਾ ਪਤਲਾ ਹੁੰਦਾ ਸੀ। ਗੱਡੇ ਦੇ ਬੜੇ ਵਿੱਡ ਨੂੰ ਜਦੋਂ ਬਹੁਤੀ ਦੇਰ ਵਰਤੋਂ ਵਿਚ ਨਹੀਂ ਲਿਆਉਣਾ ਹੁੰਦਾ ਸੀ ਤਾਂ ਉਸ ਨੂੰ ਲਾਹ ਕੇ ਇਨ੍ਹਾਂ ਕੀਲਿਆਂ ਉਪਰ ਟੰਗੇ ਦਿੰਦੇ ਸਨ। ਕੰਧ ਵਿਚ ਨੇੜੇ ਨੇੜੇ ਦੋ ਕੀਲੇ ਗੱਡ ਕੇ ਉਨ੍ਹਾਂ ਉਪਰ ਫੱਟਾ ਰੱਖ ਕੇ ਉਸ ਦੇ ਉਤੇ ਦਾਤੀਆਂ, ਖੁਰਪੇ ਰੱਖ ਦਿੰਦੇ ਸਨ।



ਜੁਲਾਹੇ ਧਰਤੀ ਵਿਚ ਪਤਲੀਆਂ ਪਤਲੀਆਂ ਸੋਟੀਆਂ ਗੱਡ ਕੇ ਉਸ ਦੇ ਆਲੇ ਦੁਆਲੇ ਖੱਦਰ ਬੁਣਨ ਲਈ ਤਾਣਾ ਤਾਣਦੇ ਸਨ। ਤਣੇ ਹੋਏ ਤਾਣੇ ਨੂੰ ਕੈਂਚੀ ਨਾਲ ਕੱਟ ਕੇ ਇਕ ਡੰਡੇ ਤੇ ਵਲ੍ਹੇਟ ਲੈਂਦੇ ਸਨ। ਫੇਰ ਏਸ ਤਾਣੇ ਨੂੰ ਪਾਣ ਦੇਣ ਲਈ 18/20 ਫੁੱਟ ਦੇ ਫ਼ਾਸਲੇ ਤੇ ਦੋਵੇਂ ਪਾਸੇ ਪਤਲੀਆਂ ਸੋਟੀਆਂ ਦਾ ਕਰਾਸ ਬਣਾ ਕੇ ਧਰਤੀ ਤੇ ਘੜਾਉਂਦੇ ਸਨ। ਇਨ੍ਹਾਂ ਕਰਾਸ ਕੀਤੀਆਂ ਸੋਟੀਆਂ ਦੇ ਸਿਰਿਆਂ ਵਿਚ ਰੱਸਾ ਪਾ ਕੇ ਪਿੱਛੇ ਗੱਡੇ ਕੀਲਿਆਂ ਵਿਚ ਬੰਨ੍ਹਿਆ ਜਾਂਦਾ ਸੀ।

ਜਦ ਖੇਤੀ ਵਿਚ ਟਿਊਬੈਲਾਂ ਨੂੰ ਇੰਜਣਾਂ ਨਾਲ ਚਲਾਇਆ ਜਾਂਦਾ ਸੀ ਤਾਂ ਜਿਹੜੇ ਇੰਜਣ ਥੱਲੇ ਸੀਮਿੰਟ ਦਾ ਪੱਕਾ ਥੜਾ ਨਹੀਂ ਬਣਿਆ ਹੁੰਦਾ ਸੀ, ਉਸ ਇੰਜਣ ਨੂੰ ਲੱਕੜ ਦੇ ਮੋਟੇ ਫੱਟੇ ਤੇ ਫਿੱਟ ਕਰਕੇ ਉਸ ਫੱਟੇ ਦੇ ਅੱਗੇ ਪਿੱਛੇ ਕੀਲੇ ਗੱਡ ਕੇ ਸੈੱਟ ਕੀਤਾ ਜਾਂਦਾ ਸੀ। ਜਦ ਇੰਜਣਾਂ ਤੇ ਮੋਟਰਾਂ ਨੂੰ ਖੇਤ ਵਿਚ ਬਾਹਰ ਕੱਢ ਕੇ ਦਾਣੇ ਕੱਢਦੇ ਸਨ ਤਾਂ ਵੀ ਇੰਜਣਾਂ ਤੇ ਮੋਟਰਾਂ ਨੂੰ ਮੋਟੇ ਫੱਟਿਆਂ ਤੇ ਫਿਟ ਕਰਦੇ ਸਨ। ਉਸ ਦੇ ਅੱਗੇ ਪਿੱਛੇ ਵੀ ਕੀਲੇ ਗੱਡਦੇ ਸਨ ਤਾਂ ਜੋ ਦਾਣੇ ਕੱਢਣ ਦੀਆਂ ਮਸ਼ੀਨਾਂ ਠੀਕ ਚੱਲੀ ਜਾਣ।

ਜਦ ਫੌਜੀਆਂ ਲਈ ਪੱਕੀਆਂ ਬੈਰਕਾਂ ਨਹੀਂ ਹੁੰਦੀਆਂ ਸਨ, ਉਸ ਸਮੇਂ ਫੌਜਾਂ



Academy of the Punjab in North America: http://www.apnaorg.com

ਤੰਬੂਆਂ ਵਿਚ ਰਹਿੰਦੀਆਂ ਸਨ। ਇਹ ਤੰਬੂ ਕੀਲੇ ਗੱਡ ਕੇ ਲਾਏ ਜਾਂਦੇ ਸਨ। ਅੱਜ ਵੀ ਜਿਹੜੇ ਪਹਾੜਾਂ ਦੀਆਂ ਚੋਟੀਆਂ 'ਤੇ ਚੜ੍ਹਦੇ ਹਨ, ਉਹ ਆਪਣੀਆਂ ਰਾਤਾਂ ਤੰਬੂਆਂ ਵਿਚ ਹੀ ਕੱਟਦੇ ਹਨ। ਵਿਆਹ ਸ਼ਾਦੀਆਂ ਤੇ ਹੋਰ ਸਮਾਗਮਾਂ ਲਈ ਸ਼ਾਮਿਆਨੇ ਪਹਿਲਾਂ ਕੀਲੇ ਗੱਡ ਕੇ ਹੀ ਲਾਉਂਦੇ ਸਨ।

ਪਸ਼ੂ ਬੰਨ੍ਹਣ ਵਾਲੇ ਕੀਲਿਆਂ ਨੂੰ ਕਈ ਇਲਾਕਿਆਂ ਵਿਚ ਮੁੰਨੀਆਂ ਵੀ ਕਿਹਾ ਜਾਂਦਾ ਸੀ/ਹੈ। ਜਿਹੜੀ ਲੜਕੀ ਦਾ ਕੱਦ ਮਧਰਾ ਹੁੰਦਾ ਸੀ, ਉਸ ਨੂੰ ਮੁੰਨੀ ਨਾਲ ਤੁਲਨਾ ਦਿੱਤੀ ਜਾਂਦੀ ਸੀ –

ਸਾਡੇ ਪਿੰਡ ਦੀਆਂ ਕੁੜੀਆਂ
ਉੱਚੀਆਂ ਤੇ ਲੰਮੀਆਂ,
ਤੇਰੇ ਪਿੰਡ ਦੀਆਂ ਨੱਢੀਆਂ ਵੇ,
ਜਿਵੇਂ ਵਾੜੇ ਵਿਚ ਮੁੰਨੀਆਂ ਗੱਡੀਆਂ ਵੇ।

ਪਹਿਲੇ ਸਮਿਆਂ ਵਿਚ ਬੋਤਿਆਂ ਨੂੰ ਖੇਤੀ ਦੇ ਕੰਮਾਂ ਦੇ ਨਾਲ ਨਾਲ ਜਾਣ ਆਉਣ ਲਈ ਵੀ ਵਰਤਿਆ ਜਾਂਦਾ ਸੀ। ਜਦ ਭਰਾ ਆਪਣੀ ਭੈਣ ਨੂੰ ਉਸ ਦੇ ਸਹੁਰੇ ਘਰ ਸੰਧਾਰਾ ਦੇਣ ਜਾਂ ਮਿਲਣ ਜਾਂਦਾ ਸੀ ਤਾਂ ਭੈਣ ਨੂੰ ਚਾਅ ਚੜ੍ਹ ਜਾਂਦਾ ਸੀ। ਭਾਈ ਦੀ ਸੇਵਾ ਤਾਂ ਕੀਤੀ ਹੀ ਜਾਂਦੀ ਸੀ, ਬੋਤੇ ਨੂੰ ਵੀ ਵਧੀਆ ਪੱਠੇ (ਭੋ-ਗੁਆਰਾ) ਪਾਇਆ ਜਾਂਦਾ ਸੀ। ਰੰਗਦਾਰ ਮੁੰਨੀਆਂ (ਕੀਲੇ) ਨਾਲ ਬੰਨ੍ਹਿਆ ਜਾਂਦਾ ਸੀ –

ਬੋਤਾ ਬੰਨ੍ਹ ਦੇ ਸਰਵਣਾ ਵੀਰਾ,
ਮੁੰਨੀਆਂ ਰੰਗੀਨ ਗੱਡੀਆਂ।

ਬੱਚਿਆਂ ਦੀ ਇਕ ਖੇਡ ਦਾ ਨਾਂ ਬਾਂਦਰ ਕੀਲਾ ਹੈ। ਏਸ ਖੇਡ ਲਈ ਖੁਲ੍ਹੀ ਥਾਂ ਵਿਚ ਇਕ ਕੀਲਾ ਗੱਡਿਆ ਜਾਂਦਾ ਸੀ। ਕੀਲੇ ਨਾਲ 10/12 ਫੁੱਟ ਦੀ ਰੱਸੀ ਬੰਨ੍ਹੀ ਜਾਂਦੀ ਸੀ। ਕੀਲੇ ਦੇ ਨਾਲ ਖੇਡਣ ਵਾਲੇ ਬੱਚੇ ਆਪਣੀਆਂ ਜੁੱਤੀਆਂ ਦਾ ਢੇਰ ਲਾ ਦਿੰਦੇ ਸਨ। ਜਿਸ ਦੇ ਸਿਰ ਦਾਈ ਹੁੰਦੀ ਸੀ, ਉਹ ਰੱਸੀ ਦਾ ਸਿਰਾ ਫੜ ਕੇ ਕੀਲੇ ਦੁਆਲੇ ਘੁੰਮਦਾ ਸੀ। ਬਾਕੀ ਖਿਡਾਰੀ ਜੁੱਤੀਆਂ ਚੁੱਕਣ ਦੀ ਕੋਸ਼ਿਸ਼ ਕਰਦੇ ਸਨ। ਜੇਕਰ ਦਾਈ ਵਾਲਾ ਮੁੰਡਾ ਜੁੱਤੀਆਂ ਚੁੱਕਣ ਵਾਲੇ ਕਿਸੇ ਮੁੰਡੇ ਨੂੰ ਹੱਥ ਜਾਂ ਪੈਰ ਨਾਲ ਛੂਹ ਲੈਂਦਾ ਸੀ ਤਾਂ ਦਾਈ ਉਸ ਦੇ ਸਿਰ ਆ ਜਾਂਦੀ ਸੀ। ਏਸ ਤਰ੍ਹਾਂ ਫੇਰ ਉਹ ਛੂਹਿਆ ਹੋਇਆ ਮੁੰਡਾ ਦਾਈ ਦਿੰਦਾ ਸੀ ਤੇ ਖੇਡ ਚੱਲਦੀ ਰਹਿੰਦੀ ਸੀ। ਹੁਣ ਦੇ ਬੱਚੇ ਤਾਂ ਏਸ ਖੇਡ ਨੂੰ ਜਾਣਦੇ ਵੀ ਨਹੀਂ।

ਕ੍ਰਿਕਿਟ ਦੀ ਖੇਡ ਨੂੰ ਤਿੰਨ ਕੀਲੇ ਗੱਡ ਕੇ ਖੇਡਿਆ ਜਾਂਦਾ ਹੈ। ਪਰ ਇਨ੍ਹਾਂ ਕੀਲਿਆਂ ਨੂੰ ਵਿਕਟ ਕਹਿੰਦੇ ਹਨ। ਨੇਜ਼ਾ ਬਾਜ਼ੀ ਦੀ ਖੇਡ ਵੀ ਕੀਲਾ ਗੱਡ ਕੇ ਖੇਡੀ ਜਾਂਦੀ ਹੈ। ਇਸ ਖੇਡ ਲਈ ਬੜੇ ਮੈਦਾਨ ਵਿਚ ਇਕ ਕੀਲਾ ਗੱਡਿਆ ਜਾਂਦਾ ਹੈ। ਘੋੜੇ ਉਪਰ ਸਵਾਰ ਖਿਡਾਰੀ ਆਪਣੇ ਹੱਥ ਵਿਚ ਫੜੇ ਨੇਜ਼ੇ ਨਾਲ ਏਸ ਕੀਲੇ ਨੂੰ ਪੱਟ



ਕੇ ਲੈ ਕੇ ਜਾਂਦਾ ਹੈ। ਜ਼ਮੀਨ ਦੀ ਇਕ ਨਿਰਧਾਰਤ ਮਿਣਤੀ ਨੂੰ ਵੀ ਕੀਲਾ ਕਿਹਾ ਜਾਂਦਾ ਹੈ। ਇਸ ਵਿਚ ਅੱਠ ਕਨਾਲ ਜ਼ਮੀਨ ਹੁੰਦੀ ਹੈ।

ਕੀਲਾ ਜ਼ੋਰ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ। ਜਿਹੜਾ ਬੰਦਾ, ਪਰਿਵਾਰ ਪੈਸੇ ਵਜੋਂ, ਪਰਿਵਾਰ ਵਿਚ ਬਹੁਤੇ ਪੁਰਸ਼ ਮੈਂਬਰ ਹੋਣ ਵਜੋਂ, ਸਰਕਾਰੇ ਦਰਬਾਰੇ ਪਹੁੰਚ ਵਜੋਂ, ਕਿਸੇ ਬੜੇ ਸਿਆਸੀ ਨੇਤਾ ਜਾਂ ਬੜੇ ਅਫਸਰ ਦੇ ਰਿਸ਼ਤੇਦਾਰ ਹੋਣ ਵਜੋਂ, ਕਿਸੇ ਆਰਥਿਕ ਪੱਖੋਂ ਕਮਜ਼ੋਰ ਬੰਦਿਆਂ ਦੀ ਥੁੜ ਵਾਲੇ ਤੇ ਸਰੀਰਕ ਪੱਖੋਂ ਕਮਜ਼ੋਰ, ਸਿਆਸੀ ਤੌਰ ਤੇ ਕਮਜ਼ੋਰ ਬੰਦੇ ਨਾਲ ਧੱਕਾ ਕਰਦਾ ਹੈ ਤਾਂ ਉਸ ਬਾਰੇ ਕਿਹਾ ਜਾਂਦਾ ਹੈ, "ਇਹ ਕੀਲੇ ਦੇ ਜ਼ੋਰ ਤੇ ਤੀਂਗੜਦਾ ਹੈ। ਇਸ ਦੀ ਧੌਣ ਵਿਚ ਕੀਲਾ ਹੈ।"

ਕੱਪੜੇ ਟੰਗਣ ਲਈ ਕੰਧਾਂ ਵਿਚ ਲੋਹੇ ਤੇ ਲੱਕੜ ਦੇ ਕੀਲੇ ਲਾਏ ਹੁੰਦੇ ਹਨ। ਲੱਕੜ ਦੇ ਕੀਲੇ ਖਰਾਦ ਕੇ ਤੇ ਰੰਗ ਕਰਕੇ ਵੀ ਬਣਾਏ ਜਾਂਦੇ ਸਨ। ਭੈਣ ਨੂੰ ਆਪਣੇ ਕੋਲ ਆਏ ਆਪਣੇ ਭਾਈ ਦੀ ਐਨੀ ਖੁਸ਼ੀ ਹੁੰਦੀ ਸੀ ਕਿ ਉਸ ਨੂੰ ਭਾਈ ਦਾ ਜੰਜੀਰੀ ਵਾਲਾ ਕੁੜਤਾ ਟੰਗਣ ਲਈ ਕੀਲਾ ਹੀ ਪਸੰਦ ਨਹੀਂ ਆਉਂਦਾ ਸੀ –

ਤੇਰਾ ਸੋਨੇ ਦੀ ਜੰਜੀਰੀ ਵਾਲਾ ਕੁੜਤਾ,
ਕਿਹੜੇ ਕੀਲੇ ਟੰਗਾਂ ਵੀਰਨਾ?

ਲੱਕੜ ਦੇ 8/10 ਫੁੱਟ ਸੋਟੀ ਦੇ ਦੋਵੇਂ ਸਿਰਿਆਂ ਨੂੰ ਮੋਟੀਆਂ ਰੱਸੀਆਂ ਬੰਨ੍ਹ ਕੇ ਛੱਤ ਨਾਲ ਲਟਕਾ ਦਿੰਦੇ ਸਨ। ਇਸ ਨੂੰ ਟੰਗਣਾ ਕਹਿੰਦੇ ਸਨ। ਨਿੱਤ ਵਰਤੋਂ ਦੇ ਕੱਪੜੇ ਇਨ੍ਹਾਂ ਟੰਗਣਿਆਂ ਤੇ ਵੀ ਟੰਗ ਦਿੰਦੇ ਸਨ। ਜਿਨ੍ਹਾਂ ਪਰਿਵਾਰਾਂ ਕੋਲ ਰਜਾਈਆਂ ਗਦੈਲੇ ਰੱਖਣ ਲਈ ਜਗ੍ਹਾ ਨਹੀਂ ਹੁੰਦੀ ਸੀ, ਉਹ ਪਰਿਵਾਰ ਸਿਆਲ ਲੰਘਣ ਪਿਛੋਂ ਰਜਾਈਆਂ ਗਦੈਲਿਆਂ ਨੂੰ ਇਨ੍ਹਾਂ ਟੰਗਣਿਆਂ ਉਪਰ ਰੱਖ ਕੇ ਉਪਰੋਂ ਖੱਦਰ ਦੇ ਕੱਪੜੇ ਨਾਲ ਢਕ ਦਿੰਦੇ ਸਨ ਤੇ ਹੇਠੋਂ ਸੂਈ ਧਾਗੇ ਨਾਲ ਸਿਉਂ ਦਿੰਦੇ ਸਨ।

ਅੱਜ ਤੋਂ 60 ਕੁ ਸਾਲ ਪਹਿਲਾਂ ਪਿੰਡ ਦੀ ਹਰ ਵਹੁਟੀ ਚਾਹੇ ਉਹ ਬੁੜੀ ਵੀ ਹੋ ਜਾਂਦੀ ਸੀ, ਉਸ ਨੂੰ ਘੱਗਰਾ ਪਾਉਣਾ ਪੈਂਦਾ ਸੀ। ਘੱਗਰੇ ਉਪਰ ਸਭ ਤੋਂ ਜ਼ਿਆਦਾ ਕੱਪੜਾ ਲੱਗਦਾ ਸੀ। ਨਵੀਂ ਵਹੁਟੀ ਦੇ ਘੱਗਰਿਆਂ ਵਿਚ ਸਿਲਮੇ ਸਤਾਰਿਆਂ ਵਾਲੇ ਰੇਸ਼ਮੀ ਨਾਲੇ ਪਾਏ ਜਾਂਦੇ ਸਨ। ਕਈ ਵੇਰ ਇਹ ਘੱਗਰੇ ਵੀ ਕੀਲਿਆਂ 'ਤੇ ਟੰਗੇ ਹੁੰਦੇ ਸਨ –

ਕੀਲੇ ਉਤੋਂ ਲਾਹ ਘੱਗਰਾ,
ਵਿਚ ਪਾ ਲੈ ਰੇਸ਼ਮੀ ਨਾਲਾ।

ਪਹਿਲੇ ਸਮਿਆਂ ਵਿਚ ਅੱਜ ਦੀ ਤਰ੍ਹਾਂ ਰਸੋਈਆਂ ਨਹੀਂ ਹੁੰਦੀਆਂ ਸਨ। ਰੋਟੀ ਪਕਾਉਣ ਲਈ ਵਿਹੜੇ ਵਿਚ ਓਟੇ ਬਣੇ ਹੁੰਦੇ ਸਨ। ਕੌਲੀਆਂ, ਗਲਾਸ ਅਤੇ ਹੋਰ ਛੋਟੇ ਭਾਂਡੇ ਰੱਖਣ ਲਈ ਦੋ ਕੀਲੇ ਗੱਡ ਕੇ ਉਸ ਉਪਰ ਫੱਟੀ ਰੱਖ ਕੇ ਭਾਂਡੇ ਰੱਖੇ ਜਾਂਦੇ ਸਨ।



Academy of the Punjab in North America: http://www.apnaorg.com

ਬਾਂਸ ਦੀ ਲੱਕੜ ਦੀਆਂ ਜਾਂ ਦੂਸਰੀ ਲੱਕੜ ਦੀਆਂ ਛੋਟੀਆਂ ਛੋਟੀਆਂ ਕੀਲੀਆਂ ਮੱਕੀ ਦੀਆਂ ਛੱਲੀਆਂ ਨੂੰ ਪੜਦੇ ਪਾੜ ਕੇ ਕੱਢਣ ਲਈ ਵਰਤੀਆ ਜਾਂਦੀਆਂ ਸਨ।

ਸ਼ਮਸ਼ਾਨ ਘਾਟ ਵਿਚੋਂ ਫੁੱਲ ਚੁੱਗਣ ਸਮੇਂ ਰਾਖ ਦੀ ਢੇਰੀ ਤੇ ਚਾਰੇ ਪਾਸਿਆਂ ਤੇ ਛੋਟੀਆਂ ਛੋਟੀਆਂ ਕੀਲੀਆਂ ਗੱਡ ਕੇ ਤੇ ਉਨ੍ਹਾਂ ਦੁਆਲੇ ਧਾਗਾ ਵਲ੍ਹੇਟਣ ਦੀ ਇਕ ਰਸਮ ਵੀ ਕੀਤੀ ਜਾਂਦੀ ਹੈ।

ਹੁਣ ਪਸ਼ੂਆਂ ਲਈ ਪੱਕੀਆਂ ਖੁਰਲੀਆਂ ਬਣੀਆਂ ਹੋਈਆਂ ਹਨ। ਇਨ੍ਹਾਂ ਖੁਰਲੀਆਂ ਵਿਚ ਹੀ ਲੋਹੇ ਦੇ ਕੁੰਡੇ ਫਿੱਟ ਕੀਤੇ ਹੁੰਦੇ ਹਨ, ਜਿਨ੍ਹਾਂ ਨਾਲ ਪਸ਼ੂਆਂ ਨੂੰ ਬੰਨ੍ਹਿਆ ਜਾਂਦਾ ਹੈ। ਪਸ਼ੂ ਬੰਨ੍ਹਣ ਲਈ ਧਰਤੀ ਵਿਚ ਕੀਲੇ ਗੱਡਣ ਦਾ ਰਿਵਾਜ ਖ਼ਤਮ ਹੋਣ ਦੇ ਕਿਨਾਰੇ ਹੈ। ਪਸ਼ੂਆਂ ਲਈ ਹੁਣ ਘਰ ਵੀ ਪੱਕੇ ਹਨ। ਗੱਡਿਆਂ ਦੀ ਥਾਂ ਹੁਣ ਟ੍ਰੈਕਟਰ ਟਰਾਲੀਆਂ ਨੇ ਲੈ ਲਈ ਹੈ। ਦਰੀਆਂ ਬੁਣਨ ਲਈ ਹੁਣ ਲੋਹੇ ਦੇ ਅੱਡੇ ਬਣ ਗਏ ਹਨ। ਸਾਰੀ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਹੈ। ਪੰਜਾਲੀਆਂ ਹੁਣ ਖ਼ਤਮ ਵਰਗੀਆਂ ਹੋ ਗਈਆਂ ਹਨ। ਪੱਟੀਆਂ/ਪੱਖਲੀਆਂ ਦੀ ਥਾਂ ਹੁਣ ਖਾਦ ਦੀਆਂ ਖ਼ਾਲੀ ਬੋਰੀਆਂ ਨੂੰ ਸਿਉਂ ਕੇ ਕੰਮ ਲਿਆ ਜਾਂਦਾ ਹੈ ਜਾਂ ਬਾਜ਼ਾਰ ਵਿਚੋਂ ਪਲਾਸਟਿਕ ਦੇ ਬਣੇ ਬਣਾਏ ਕੱਪੜੇ ਮਿਲ ਜਾਂਦੇ ਹਨ।

ਹੁਣ ਲੋਕ ਨਾ ਦੇਸੀ ਖੱਦਰ ਪਹਿਨਦੇ ਹਨ ਅਤੇ ਨਾ ਹੀ ਜੁਲਾਹੇ ਰਹੇ ਹਨ। ਇਸ ਲਈ ਖੱਦਰ ਬਣਾਉਣ ਲਈ ਤਾਣੀਆਂ ਤਣਨ ਤੇ ਤਾਣੀਆਂ ਨੂੰ ਪਾਣ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇੰਜਣਾਂ ਦੀ ਥਾਂ ਮੋਟਰਾਂ ਨੇ ਲੈ ਲਈ ਹੈ, ਜਿਹੜੀਆਂ ਪੱਕੇ ਤੌਰ 'ਤੇ ਸੀਮਿੰਟ ਦੇ ਬਣੇ ਅੱਡਿਆਂ 'ਤੇ ਫਿੱਟ ਹੁੰਦੀਆਂ ਹਨ। ਬਿਜਲੀ ਗਈ ਤੋਂ ਟਿਊਬੈਲਾਂ ਨੂੰ ਚਲਾਉਣ ਲਈ ਲੋਕਾਂ ਨੇ ਜਰਨੇਟਰ ਰੱਖੇ ਹੋਏ ਹਨ। ਦਾਣੇ ਹੁਣ ਥਰੈਸਰ ਤੇ ਕੰਬਾਈਨਾਂ ਨਾਲ ਕੱਢੇ ਜਾਂਦੇ ਹਨ। ਬਾਂਦਰ ਕੀਲਾ ਖੇਡ ਬਾਰੇ ਅੱਜ ਦੀ ਪੀੜ੍ਹੀ ਜਾਣਦੀ ਹੀ ਨਹੀਂ।

ਕੱਚੇ ਘਰਾਂ ਦੀ ਥਾਂ ਹੁਣ ਪੱਕੇ ਘਰ ਹਨ, ਜਿਨ੍ਹਾਂ ਵਿਚ ਕੀਲਿਆਂ ਦੀ ਥਾਂ ਕੱਪੜੇ ਟੰਗਣ ਲਈ ਖੂੰਟੀਆਂ ਲਾਈਆਂ ਜਾਂਦੀਆਂ ਹਨ। ਕੱਪੜੇ ਟੰਗਣ ਲਈ ਹਰ ਘਰ ਵਿਚ ਅਲਮਾਰੀਆਂ ਬਣੀਆਂ ਹੋਈਆਂ ਹਨ। ਲੋਹੇ ਦੀਆਂ ਅਲਮਾਰੀਆਂ ਵੀ ਬਹੁਤੇ ਘਰਾਂ ਵਿਚ ਹਨ। ਘੱਗਰੇ ਹੁਣ ਅਲੋਪ ਹੀ ਹੋ ਗਏ ਹਨ। ਰਸੋਈਆਂ ਪੱਕੀਆਂ ਹਨ, ਜਿਨ੍ਹਾਂ ਵਿਚ ਬਰਤਨ ਤੇ ਰਸੋਈ ਦਾ ਸਾਮਾਨ ਰੱਖਣ ਲਈ ਅਲਮਾਰੀਆਂ ਬਣਾਈਆਂ ਜਾਂਦੀਆਂ ਹਨ। ਮੱਕੀ ਹੁਣ ਪੰਜਾਬ ਦੀ ਮੁੱਖ ਫ਼ਸਲ ਨਹੀਂ ਰਹੀ। ਇਹ ਹੁਸ਼ਿਆਰਪੁਰ ਅਤੇ ਰੋਪੜ ਜ਼ਿਲ੍ਹਿਆਂ ਦੇ ਕੁਝ ਇਲਾਕਿਆਂ ਵਿਚ ਬੀਜੀ ਜਾਂਦੀ ਹੈ।

ਕੀਲੇ ਕੀਲੀਆਂ ਦਾ ਯੁੱਗ ਹੁਣ ਖ਼ਤਮ ਹੋਣ ਦੇ ਨੇੜੇ ਹੀ ਹੈ।

0



## ਛਿਕਲੀ

ਪਸ਼ੂਆਂ ਦੇ ਮੂੰਹ ਉਪਰ ਬੰਨ੍ਹਣ ਲਈ ਸਣ ਦੀ ਰੱਸੀ ਦੀ ਛੇਕਦਾਰ ਬਣੀ ਗੁਥਲੀ ਨੂੰ ਛਿਕਲੀ ਕਹਿੰਦੇ ਹਨ। ਇਸ ਦੀ ਵਰਤੋਂ ਵੱਖ-ਵੱਖ ਪਸ਼ੂਆਂ ਲਈ ਵੱਖ-ਵੱਖ ਮੰਤਵਾਂ ਲਈ ਕੀਤੀ ਜਾਂਦੀ ਸੀ। ਜਿਹੜੇ ਕਟਰੂ ਵੱਛਰੂ ਮਿੱਟੀ ਖਾਂਦੇ ਹੁੰਦੇ ਸਨ, ਉਨ੍ਹਾਂ ਨੂੰ ਛਿਕਲੀ ਲਾਈ ਜਾਂਦੀ ਸੀ ਤਾਂ ਜੋ ਉਹ ਮਿੱਟੀ ਨਾ ਖਾ ਸਕਣ। ਦੂਜੇ ਜਦ ਇਨ੍ਹਾਂ ਕਟਰੂਆਂ ਵੱਛਰੂਆਂ ਨੂੰ ਵਾੜੇ ਵਿਚ ਹੀ ਖੁਲ੍ਹਾ ਛੱਡਿਆ ਜਾਂਦਾ ਸੀ ਤਾਂ ਛਿਕਲੀ ਲਾਈ ਜਾਂਦੀ ਸੀ ਤਾਂ ਜੋ ਇਹ ਮੱਝਾਂ ਗਾਈਆਂ ਨੂੰ ਚੁੰਘਣ ਨੂੰ ਤੰਗ ਨਾ ਕਰਨ। ਕਈ ਕਟਰੂਆਂ ਵਛਰੂਆਂ ਦੇ ਬਘਿਆੜੀ ਵੀ ਲਾ ਦਿੰਦੇ ਸਨ। ਮਧਾਣੀ ਲੋਟ ਲੱਕੜ ਦੀਆਂ ਕਟਰੂਆਂ ਦੇ ਮੂੰਹ ਤੇ ਲਾਈਆਂ ਕਿੱਲੀਆਂ ਨੂੰ ਬਘਿਆੜੀ ਕਹਿੰਦੇ ਸਨ। ਤੀਜੇ ਜਦ ਮੱਝਾਂ ਗਾਈਆਂ ਦੇ ਨਾਲ ਕਟਰੂਆਂ ਵੱਛਰੂਆਂ ਨੂੰ ਬਾਹਰ ਖੇਤਾਂ ਵਿਚ ਚਾਰਨ ਲੈ ਕੇ ਜਾਂਦੇ ਸਨ, ਉਸ ਸਮੇਂ ਵੀ ਛਿਕਲੀ ਲਾਈ ਜਾਂਦੀ ਸੀ।

ਬਲਦਾਂ ਨੂੰ ਜਦ ਬਾਹਰ ਹਲ਼ ਵਾਹੁਣ, ਫ਼ਸਲ ਬੀਜਣ ਜਾਂ ਖੂਹ ਚਲਾਉਣ ਲੈ ਕੇ ਜਾਂਦੇ ਸਨ, ਉਸ ਸਮੇਂ ਇਨ੍ਹਾਂ ਦੇ ਮੂੰਹਾਂ 'ਤੇ ਛਿਕਲੀਆਂ ਦਿੱਤੀਆਂ ਜਾਂਦੀਆਂ ਸਨ ਤਾਂ ਜੋ ਰਸਤੇ ਵਿਚ ਪੈਂਦੀਆਂ ਫ਼ਸਲਾਂ ਨੂੰ ਬਲਦ ਮੂੰਹ ਨਾ ਮਾਰ ਸਕਣ। ਕਈ ਵੇਰ ਜਿੱਥੇ ਵਾਹੀ ਕਰਨੀ ਹੁੰਦੀ ਸੀ ਜਾਂ ਫ਼ਸਲ ਬੀਜਣੀ ਹੁੰਦੀ ਸੀ, ਜੇਕਰ ਉਸ ਖੇਤ ਦੇ ਨਾਲ ਚਰ੍ਹੀ, ਮੱਕੀ, ਬਾਜਰਾ ਜਾਂ ਕੋਈ ਹੋਰ ਫ਼ਸਲ ਖੜ੍ਹੀ ਹੁੰਦੀ ਸੀ, ਉਸ ਸਮੇਂ ਹਲ਼ ਦੇ ਬਾਹਰਲੇ ਪਾਸੇ ਜਿਹੜਾ ਬਲਦ ਜੋੜਿਆ ਹੁੰਦਾ ਸੀ, ਉਸ ਦੇ ਛਿਕਲੀ ਦਿੱਤੀ ਜਾਂਦੀ ਸੀ ਤਾਂ ਜੋ ਉਹ ਬਲਦ ਨਾਲ ਖੜ੍ਹੀ ਫ਼ਸਲ ਨੂੰ ਮੂੰਹ ਨਾ ਮਾਰੇ। ਇਹ ਛਿਕਲੀ ਉਸ ਸਮੇਂ ਤੱਕ ਦੇ ਕੇ ਰੱਖੀ ਜਾਂਦੀ ਸੀ, ਜਿੰਨੇ ਸਮੇਂ ਤੱਕ ਬਾਹਰ ਖੜ੍ਹੀ ਫ਼ਸਲ ਤੱਕ ਬਲਦ ਦਾ ਮੂੰਹ ਜਾ ਸਕਦਾ ਹੁੰਦਾ ਸੀ।





Academy of the Punjab in North America: http://www.apnaorg.com

ਬੋਤੇ ਬੋਤੀ ਦੇ ਮੂੰਹ 'ਤੇ ਵੀ ਛਿਕੁਲੀ ਦਿੱਤੀ ਜਾਂਦੀ ਸੀ। ਏਸ ਛਿਕੁਲੀ ਦਾ ਆਕਾਰ ਵੱਡਾ ਹੁੰਦਾ ਸੀ। ਏਸ ਕਰਕੇ ਇਸ ਨੂੰ ਛਿਕੁਲਾ ਕਹਿੰਦੇ ਸਨ। ਸਰਦੀ ਦੇ ਮੌਸਮ ਵਿਚ ਬੋਤੇ ਮਸਤੀ ਕਰਦੇ ਹੁੰਦੇ ਸਨ। ਮੱਘੇ ਕੱਢਦੇ ਹੁੰਦੇ ਸਨ। ਏਸ ਲਈ ਬੋਤਿਆਂ ਦੇ ਮੂੰਹ ਤੇ ਵਿਸ਼ੇਸ਼ ਤੌਰ 'ਤੇ ਛਿਕੁਲਾ ਦਿੱਤਾ ਜਾਂਦਾ ਸੀ। ਬੋਤਾ ਬਹੁਤ ਖੋਰੀ ਜਾਨਵਰ ਮੰਨਿਆ ਗਿਆ ਹੈ। ਇਸ ਨੂੰ ਜੇਕਰ ਕੋਈ ਜ਼ਿਮੀਂਦਾਰ ਕਿਸੇ ਕੰਮ ਬਦਲੇ ਨਾਜਾਇਜ਼ ਕੁੱਟ ਦਿੰਦਾ ਸੀ ਤਾਂ ਬੋਤਾ ਗੁੱਸਾ ਆਪਣੇ ਮਨ ਵਿਚ ਰੱਖਦਾ ਹੁੰਦਾ ਸੀ। ਜਦ ਕਦੇ ਵੀ ਬੋਤੇ ਦਾ ਦਾਅ ਲੱਗਦਾ ਸੀ, ਉਹ ਜ਼ਿਮੀਂਦਾਰ ਦੀ ਬਾਂਹ, ਲੱਤ ਜਾਂ ਸਿਰ ਨੂੰ ਫੜ ਲੈਂਦਾ ਸੀ। ਅਜਿਹੇ ਅੜਬ, ਕੁਲੱਛਣੇ ਬੋਤੇ ਬਾਰੇ ਟੱਪਾ ਹੈ-

ਟੁੱਟ ਪੈਣੇ ਦਾ ਕੁਲੱਛਣਾ ਬੋਤਾ,
ਚੜ੍ਹਦੀ ਦੇ ਵੱਢੇ ਦੰਦੀਆਂ।

ਜੇਕਰ ਕੋਈ ਬੰਦਾ ਲੋੜੋਂ ਵੱਧ ਬੋਲਦਾ ਹੋਵੇ ਤਾਂ ਦੂਸਰੇ ਬੰਦੇ ਲਈ ਮਾੜੀ ਭਾਸ਼ਾ ਵਰਤਣੋਂ ਨਾ ਹਟੇ ਤਾਂ ਉਸ ਦੇ ਮੂੰਹ ਨੂੰ ਛਿਕੁਲੀ ਦੇਣ ਦੇ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਕਈ ਬੱਚਿਆਂ ਨੂੰ ਦੰਦੀਆਂ ਵੱਢਣ ਦੀ ਜ਼ਿਆਦਾ ਆਦਤ ਹੁੰਦੀਹੈ। ਉਨ੍ਹਾਂ ਦੀਆਂ ਮਾਵਾਂ ਵੀ ਬੱਚਿਆਂ ਨੂੰ ਡਰਾਉਣ ਲਈ ਕਹਿੰਦੀਆਂ ਹੁੰਦੀਆਂ ਸਨ, "ਫੜੋ ਇਹਨੂੰ। ਲਿਆਓ, ਇਹਦੇ ਮੂੰਹ ਤੇ ਛਿਕੁਲੀ ਦੇਈਏ।"

ਹੁਣ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਹੈ। ਬਲਦਾਂ ਨਾਲ ਹਲ਼ ਵਾਹੁੰਦਾ, ਫ਼ਸਲ ਬੀਜਦਾ ਕੋਈ ਕੋਈ ਹੀ ਨਜ਼ਰ ਆਉਂਦਾ ਹੈ। ਮੱਝਾਂ, ਗਾਈਆਂ, ਕਟਰੂਆਂ, ਵੱਛਰੂਆਂ ਨੂੰ ਬਾਹਰ ਚਾਰਨ ਲਈ ਹੁਣ ਕੋਈ ਖੇਤ ਹੀ ਨਹੀਂ ਰਹੇ। ਮੱਝਾਂ ਗਾਈਆਂ ਘਰ ਹੀ ਰਹਿੰਦੀਆਂ ਹਨ। ਬੋਤੇ ਤਾਂ ਪੰਜਾਬ ਵਿਚੋਂ ਤਕਰੀਬਨ ਅਲੋਪ ਹੀ ਹੋ ਗਏ ਹਨ। ਏਸ ਲਈ ਛਿਕੁਲੀ ਦੀ ਵਰਤੋਂ ਮਾੜੀ ਮੋਟੀ ਕਿਸੇ ਕਟਰੂ ਵੱਛਰੂ ਤੇ ਬੇਸ਼ਕ ਹੁੰਦੀ ਹੋਵੇ।

0

## ਕਰਾਹ

ਉੱਚੀ ਨੀਵੀਂ ਜ਼ਮੀਨ ਨੂੰ ਇਕ ਪੱਧਰ ਕਰਨ ਵਾਲੇ, ਇਕ ਲੈਵਲ ਕਰਨ ਵਾਲੇ ਖੇਤੀ ਸੰਦ ਨੂੰ ਕਰਾਹ ਕਹਿੰਦੇ ਹਨ। ਗ਼ੈਰ-ਆਬਾਦ ਜ਼ਮੀਨਾਂ ਨਾ ਪਹਿਲਾਂ ਪੱਧਰੀਆਂ ਹੁੰਦੀਆਂ ਸਨ ਅਤੇ ਨਾ ਹੀ ਹੁਣ ਹਨ। ਜਿਵੇਂ ਜਿਵੇਂ ਜ਼ਮੀਨਾਂ ਨੂੰ ਆਬਾਦ ਕੀਤਾ ਜਾਣ ਲੱਗਿਆ, ਉਥੇ ਖੇਤੀ ਕੀਤੀ ਜਾਣ ਲੱਗੀ, ਜ਼ਮੀਨਾਂ ਨੂੰ ਪੱਧਰਾ ਕੀਤਾ ਜਾਣ ਲੱਗਿਆ। ਪਹਿਲਾਂ ਖੇਤੀ ਸਾਰੀ ਦੀ ਸਾਰੀ ਬਾਰਸ਼ਾਂ 'ਤੇ ਨਿਰਭਰ ਹੁੰਦੀ ਸੀ।

ਪਹਿਲਾਂ ਉੱਚੀ ਨੀਵੀਂ ਜ਼ਮੀਨ, ਜਿਹੋ ਜਿਹੀ ਵੀ ਹੁੰਦੀ ਸੀ, ਵਾਹ ਕੇ ਛਿੱਟੇ ਨਾਲ ਬੀਜ ਦਿੱਤੀ ਜਾਂਦੀ ਸੀ। ਹੌਲੀ-ਹੌਲੀ ਮਨੁੱਖੀ ਸੂਝ ਵਧਦੀ ਗਈ। ਬਾਰਸ਼ਾਂ ਤੇ ਖੇਤੀ ਦੀ ਨਿਰਭਰਤਾ ਘਟਦੀ ਗਈ। ਸਿੰਜਾਈ ਲਈ ਖੂਹ ਲੱਗੇ। ਨਹਿਰਾਂ ਨਿਕਲੀਆਂ।



ਉਸ ਸਮੇਂ ਜ਼ਮੀਨਾਂ ਨੂੰ ਪੱਧਰ ਕਰਨ ਦੀ ਲੋੜ ਪਈ ਤਾਂ ਜੋ ਪਾਣੀ ਠੀਕ ਢੰਗ ਨਾਲ ਵੱਧ ਤੋਂ ਵੱਧ ਜ਼ਮੀਨ ਨੂੰ ਲੱਗ ਸਕੇ। ਸਿਆਣੇ ਕਹਿੰਦੇ ਹਨ, "ਲੋੜ ਈਜਾਦ ਦੀ ਮਾਂ ਹੈ।" ਏਸ ਲੋੜ ਨੇ ਹੀ ਕਰਾਹ ਦੀ ਕਾਢ ਕੱਢੀ।



ਸ਼ੁਰੂ ਸ਼ੁਰੂ ਵਿਚ ਖੇਤੀ ਬਲਦਾਂ ਨਾਲ ਕੀਤੀ ਜਾਂਦੀ ਸੀ। ਏਸ ਲਈ ਪਹਿਲਾਂ ਬਲਦਾਂ ਦੀ ਇਕ ਜੋੜੀ ਨਾਲ ਚੱਲਣ ਵਾਲਾ ਕਰਾਹ ਹੋਂਦ ਵਿਚ ਆਇਆ। ਕਰਾਹ ਬਣਾਉਣ ਲਈ ਆਮ ਤੌਰ ਤੇ ਦੋ ਜਾਂ ਤਿੰਨ ਫੱਟੇ ਲਾਏ ਜਾਂਦੇ ਸਨ, ਜਿਨ੍ਹਾਂ ਨੂੰ ਜੋੜ ਕੇ ਢਾਈ ਕੁ ਫੁੱਟ ਚੌੜਾਈ ਬਣ ਜਾਂਦੀ ਸੀ ਤੇ ਚਾਰ ਕੁ ਫੁੱਟ ਲੰਬਾਈ ਬਣ ਜਾਂਦੀ ਸੀ। ਇਨ੍ਹਾਂ ਫੱਟਿਆਂ ਨੂੰ ਆਪਸ ਵਿਚ ਜੋੜਿਆ ਜਾਂਦਾ ਸੀ। ਇਨ੍ਹਾਂ ਫੱਟਿਆਂ ਨੂੰ ਹੋਰ ਮਜ਼ਬੂਤੀ ਦੇਣ ਲਈ ਇਨ੍ਹਾਂ ਦੇ ਲੰਬਾਈ ਵਾਲੇ ਪਾਸਿਆਂ ਦੇ ਕਿਨਾਰਿਆਂ ਦੇ ਨੇੜੇ ਉੱਪਰ ਤੋਂ ਹੇਠਾਂ ਤੱਕ ਦੋਵੇਂ ਪਾਸੇ ਡੇਢ ਕੁ ਇੰਚ ਚੌੜੀਆਂ ਪੱਤੀਆਂ ਲਾਈਆਂ ਜਾਂਦੀਆਂ ਸਨ। ਕਰਾਹ ਦੇ ਹੇਠਲੇ ਪਾਸੇ ਵਾਲੇ ਫੱਟੇ ਨਾਲ ਤਿੰਨ ਕੁ ਇੰਚ ਚੌੜੀ ਲੋਹੇ ਦੀ ਪੱਤੀ ਲਾਈ ਜਾਂਦੀ ਸੀ।

ਕਰਾਹ ਦੇ ਪਿਛਲੇ ਪਾਸੇ ਲੰਬਾਈ ਵਾਲੇ ਹਿੱਸੇ ਦੇ ਕਿਨਾਰਿਆਂ ਦੇ 8/9 ਕੁ ਇੰਚ ਹਿੱਸੇ ਨੂੰ ਛੱਡ ਕੇ ਦੋ ਡੰਡੇ ਦੋ ਕੁ ਫੁੱਟ ਲੰਮੇ ਪੱਤੀਆਂ ਨਾਲ ਲਾਏ ਜਾਂਦੇ ਸਨ। ਇਨ੍ਹਾਂ ਡੰਡਿਆਂ ਦੇ ਉਪਰ ਲੰਬਾਈ ਲੋਟ ਇਕ ਹੋਰ ਡੰਡਾ ਲਾਇਆ ਜਾਂਦਾ ਸੀ। ਏਸ ਡੰਡੇ ਨੂੰ ਫੜ ਕੇ ਹੀ ਕਰਾਹ ਚਲਾਇਆ ਜਾਂਦਾ ਸੀ। ਕਰਾਹ ਦੇ ਹੇਠ ਲੱਗੀ ਪੱਤੀ ਤੋਂ 8/9 ਕੁ ਇੰਚ ਉਪਰ ਦੇ ਕਿਨਾਰਿਆਂ ਤੋਂ ਇਕ ਫੁੱਟ ਅੰਦਰ ਕਰਕੇ ਲੋਹੇ ਦੇ ਦੋ ਗੋਲ ਕੁੰਡੇ ਲਾਏ ਹੁੰਦੇ ਸਨ। ਇਨ੍ਹਾਂ ਕੁੰਡਿਆਂ ਵਿਚ ਹੀ ਕਰਾਹ ਚਲਾਉਣ ਵਾਲੀ ਬਲਦਾਂ ਦੀ ਜੋੜੀ ਦੇ ਗਲ ਪਾਈ ਪੰਜਾਲੀ ਦੇ ਰੱਸੇ ਪਾਏ ਹੁੰਦੇ ਸਨ। ਕਰਾਹ ਚਲਾਉਣ ਵਾਲਾ



Academy of the Punjab in North America: http://www.apnaorg.com

ਕਰਾਹ ਦੇ ਡੰਡੇ ਨੂੰ ਫੜ ਕੇ ਕਰਾਹ ਨੂੰ ਜ਼ਮੀਨ ਦੇ ਉੱਚੇ ਹਿੱਸੇ ਤੇ ਲਾਉਂਦਾ ਸੀ। ਹੱਥ ਨਾਲ ਕਰਾਹ ਨੂੰ ਦਾਬ ਦਿੰਦਾ ਸੀ। ਦਾਬ ਦੇਣ ਨਾਲ ਕਰਾਹ ਦੇ ਹੇਠ ਲੱਗੀ ਪੱਤੀ ਜ਼ਮੀਨ ਦੇ ਉੱਚੇ ਹਿੱਸੇ ਵਾਲੀ ਮਿੱਟੀ ਨੂੰ ਧੂ ਕੇ ਨੀਵੇਂ ਹਿੱਸੇ ਵੱਲ ਲੈ ਜਾਂਦੀ ਸੀ। ਨੀਵੇਂ ਹਿੱਸੇ ਤੇ ਮਿੱਟੀ ਛੱਡ ਕੇ ਕਰਾਹ ਨੂੰ ਫੇਰ ਉੱਚੇ ਹਿੱਸੇ ਵੱਲ ਲਿਆਂਦਾ ਜਾਂਦਾ ਸੀ। ਉੱਚੇ ਹਿੱਸੇ ਤੇ ਫੇਰ ਕਰਾਹ ਲਾ ਕੇ ਮਿੱਟੀ ਧੂ ਕੇ ਨੀਵੇਂ ਹਿੱਸੇ ਵੱਲ ਲੈ ਕੇ ਜਾਂਦੇ ਸਨ। ਏਸ ਤਰ੍ਹਾ ਕਰਾਹ ਦੀ ਵਰਤੋਂ ਕੀਤੀ ਜਾਂਦੀ ਸੀ।

ਜਿਉਂ ਜਿਉਂ ਜ਼ਮੀਨਾਂ ਹੋਰ ਆਬਾਦ ਹੁੰਦੀਆਂ ਗਈਆਂ, ਫੇਰ ਦੋ ਬਲਦਾਂ ਦੀਆਂ ਜੋੜੀਆਂ ਨਾਲ ਚੱਲਣ ਵਾਲੇ ਕਰਾਹ ਬਣਨ ਲੱਗੇ। ਫੇਰ ਟਿਊਬਵੈਲ ਲੱਗੇ। ਟ੍ਰੈਕਟਰਾਂ ਨਾਲ ਖੇਤੀ ਹੋਣ ਲੱਗੀ। ਫੇਰ ਟ੍ਰੈਕਟਰਾਂ ਨਾਲ ਚੱਲਣ ਵਾਲੇ ਕਰਾਹ ਬਣੇ। ਵੱਧ ਝਾੜ ਦੇਣ ਵਾਲੀਆਂ ਫ਼ਸਲਾਂ ਦੇ ਬੀਜ ਆਉਣ ਤੇ, ਤੇ ਟ੍ਰੈਕਟਰਾਂ ਲਈ ਕਰਜ਼ਾ ਆਮ ਮਿਲਣ ਕਰਕੇ ਜ਼ਿਮੀਂਦਾਰਾਂ ਨੇ ਸਾਰੀਆਂ ਉੱਚੀਆਂ ਜ਼ਮੀਨਾਂ ਨੂੰ ਕਰਾਹ ਕਰਾਹ ਹੁਣ ਸਾਰੇ ਖੇਤ ਹੀ ਪੱਧਰ ਕਰ ਲਏ ਹਨ। ਹੁਣ ਸਾਰੀ ਦੀ ਸਾਰੀ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਹੈ। ਪਹਿਲੈ ਸਮਿਆਂ ਵਿਚ ਹਲ਼ਾਂ ਨਾਲ ਵਾਹੀ ਕਰਨ ਸਮੇਂ ਹਲਾਂ ਦੀ ਆਵਤ ਪਾਈ ਜਾਂਦੀ ਸੀ। ਹੁਣ ਤਾਂ ਜ਼ਿਮੀਂਦਾਰਾਂ ਲਈ ਟ੍ਰੈਕਟਰਾਂ ਨਾਲ ਕਰਾਹ ਕੇ ਪੱਧਰ ਕਰਨ ਲਈ ਸਪੈਸ਼ਲ ਮਸ਼ੀਨਰੀ ਵੀ ਬਣ ਗਈ ਹੈ, ਜਿਸ ਨੂੰ ਜੋਸੀਬੀ ਮਸ਼ੀਨ ਕਹਿੰਦੇ ਹਨ।

ਇਕ ਬਲਦਾਂ ਦੀ ਜੋੜੀ ਨਾਲ ਜਾਂ ਦੋ ਬਲਦਾਂ ਦੀ ਜੋੜੀ ਨਾਲ ਹੱਥ ਨਾਲ ਚਲਾਉਣ ਵਾਲੇ ਕਰਾਹ ਹੁਣ ਸਾਡੀ ਖੇਤੀ ਵਿਚੋਂ ਲੋਪ ਹੋ ਗਏ ਹਨ।

0

## ਸੁਹਾਗਾ, ਸੁਹਾਗੀ

ਸੁਹਾਗਾ, ਸੁਹਾਗੀ ਉਸ ਖੇਤੀ ਸੰਦ ਨੂੰ ਕਹਿੰਦੇ ਸਨ, ਜਿਸ ਨੂੰ ਵਾਹੀ ਹੋਈ ਜ਼ਮੀਨ ਵਿਚ ਉਠੇ ਡਲਿਆਂ ਤੇ ਫੇਰ ਕੇ ਖੇਤ ਪੱਧਰ ਕੀਤਾ ਜਾਂਦਾ ਸੀ। ਸੁਹਾਗੇ, ਸੁਹਾਗੀ ਦੀ ਵਰਤੋਂ ਜ਼ਿਮੀਂਦਾਰ ਸੁਹਾਗੇ, ਸੁਹਾਗੀ ਉਪਰ ਖੜ੍ਹ ਕੇ ਕਰਦਾ ਸੀ। ਸੁਹਾਗੇ, ਸੁਹਾਗੀ ਨਾਲ ਜ਼ਮੀਨ ਪੱਧਰੀ ਹੋ ਜਾਣ ਕਰਕੇ ਜ਼ਮੀਨ ਵਿਚ ਕਾਫ਼ੀ ਦੇਰ ਤੱਕ ਗਿੱਲ, ਨਮੀਂ ਰਹਿੰਦੀ ਸੀ। ਪਹਿਲੇ ਸਮਿਆਂ ਦੀ ਖੇਤੀ ਕਿਉਂ ਜੋ ਸਾਰੀ ਦੀ ਸਾਰੀ ਬਾਰਸ਼ਾਂ 'ਤੇ ਨਿਰਭਰ ਹੁੰਦੀ ਸੀ, ਏਸ ਲਈ ਖੇਤਾਂ ਵਿਚ ਨਮੀ, ਗਿੱਲ ਰੱਖਣ ਲਈ ਸੁਹਾਗਾ, ਸੁਹਾਗੀ ਦੇਣ ਦੀ ਬਹੁਤ ਜ਼ਰੂਰਤ ਹੁੰਦੀ ਸੀ, ਮਹੱਤਤਾ ਹੁੰਦੀ ਸੀ। ਜ਼ਮੀਨ ਨੂੰ ਕਈ ਵਾਰ ਵਾਹ ਕੇ ਕਈ ਵਾਰ ਸੁਹਾਗਾ, ਸੁਹਾਗੀ ਦੇਣ ਕਾਰਨ ਹੀ ਜੂਨ ਜੁਲਾਈ ਵਿਚ ਹੋਈਆਂ ਬਾਰਸ਼ਾਂ ਦੀ ਗਿੱਲ, ਨਮੀਂ ਅਕਤੂਬਰ-ਨਵੰਬਰ ਤੱਕ ਜਾਂਦੀ ਸੀ। ਏਸ ਰੱਖੀ ਗਿੱਲ ਤੇ ਹੀ ਅਕਤੂਬਰ-ਨਵੰਬਰ ਵਿਚ ਹਾੜੀ ਦੀ ਫ਼ਸਲ ਬੀਜੀ



ਜਾਂਦੀ ਸੀ। ਏਸੇ ਪ੍ਰਸੰਗ ਵਿਚ ਇਕ ਲੋਕ ਗੀਤ ਹੈ -

ਸੁਣ ਓਏ ਵੀਰਨਾ! ਗੱਲ ਸੁਣਾਵਾਂ,
ਲੋਕ ਮਾਰਦੇ ਵਾਧਾ।
ਫੜ ਕੇ ਹਲੀਆ ਵਾਹ ਦੇ ਭੋਂ ਨੂੰ,
ਮਗਰੋਂ ਫੇਰੀ ਸੁਹਾਗਾ।
ਫੜ ਕੇ ਜਿੰਦਰੇ ਕੱਢ ਦੇ ਕਿਨਾਰੇ,
ਵਿਚ ਬੀਜ ਦੇ ਚਰ੍ਹੀ।
ਫ਼ਲ ਤਾਂ ਰੱਬ ਦੇਊ,
ਸੁਸਤੀ ਕਿਉਂ ਐਵੇਂ ਫੜੀ?



ਸਾਡੇ ਸਮਾਜ ਵਿਚ ਜੇਠ ਅਤੇ ਭਰਜਾਈ ਦਾ ਸਬੰਧ, ਰਿਸ਼ਤਾ ਬਹੁਤਾ ਚੰਗਾ ਨਹੀਂ ਰਿਹਾ ਹੈ। ਜੇਠ ਤੇ ਜੇਠਾਣੀ ਬੜੇ ਹੋਣ ਕਰਕੇ ਉਨ੍ਹਾਂ ਦੀ ਘਰ ਦੀ ਕਬੀਲਦਾਰੀ ਵਿਚ ਜ਼ਿਆਦਾ ਚਲਦੀ ਹੁੰਦੀ ਸੀ। ਭਰਜਾਈ ਤੇ ਉਸ ਦੇ ਘਰ ਵਾਲੇ ਦੀ ਘਰ ਵਿਚ ਓਨੀ ਪੁੱਛਗਿੱਛ ਤੇ ਆਦਰ ਮਾਣ ਨਹੀਂ ਹੁੰਦਾ ਸੀ, ਜਿਸ ਕਰਕੇ ਭਰਜਾਈ ਆਪਣੇ ਜੇਠ ਤੇ ਮਨੋ ਸੜਦੀ ਰਹਿੰਦੀ ਸੀ। ਪਰ ਕਹਿ ਕੁਝ ਨਹੀਂ ਸਕਦੀ ਸੀ। ਜੇਕਰ ਰੱਬ ਸਬੱਬੋਂ ਜੇਠ ਦੇ ਸੁਹਾਗੇ ਦਿੰਦੇ ਤੋਂ ਕੋਈ ਥੋੜ੍ਹੀ ਸੱਟ ਫੇਟ ਲੱਗ ਜਾਂਦੀ ਸੀ ਤਾਂ ਭਰਜਾਈ ਆਪਣੇ ਮਨ ਵਿਚ ਖੁਸ਼ੀ ਵੀ ਮਨਾਉਂਦੀ ਸੀ। ਜੇਠ ਪ੍ਰਤੀ ਮਨੋ ਮਨ ਆਪਣੀ ਭੜਾਸ ਕੱਢਦੀ ਹੋਈ ਕਹਿ ਉਠਦੀ ਸੀ -



Academy of the Punjab in North America: http://www.apnaorg.com

ਧੀਆਂ ਵਾਲਾ ਜੇਠ
ਪੁੱਤਾਂ ਵਾਲਾ ਜੇਠ
ਆ ਗਿਆ ਨੀ ਸੁਹਾਗੇ ਹੇਠ
x x x x
ਤੁੱਕਾ ਤੁੱਕਾ ਤੁੱਕਾ
ਸੁਹਾਗੇ ਥੱਲੇ ਆ ਗਿਆ
ਜੇਠ ਬੜਾ ਲੁੱਚਾ।

ਭਲਾ ਦੱਸੋ ਖਾਂ, ਸਾਬਤ ਸਬੂਤਾ ਬੰਦਾ ਸੁਹਾਗੇ ਹੇਠ ਆ ਸਕਦਾ ਹੈ? ਇਹ ਬੋਲੀਆਂ ਤਾਂ ਉਸ ਦਾ ਜੇਠ ਪ੍ਰਤੀ ਵਿਦਰੋਹ ਜ਼ਾਹਰ ਕਰਦੀਆਂ ਹਨ।

ਸੁਹਾਗੇ, ਸੁਹਾਗੀ ਦੀ ਸ਼ਕਲ ਚਪਟੇ ਸ਼ਤੀਰ ਵਰਗੀ ਹੁੰਦੀ ਸੀ। ਇਹ ਦੋ ਸਾਈਜ਼ ਦੇ ਹੁੰਦੇ ਸਨ। ਛੋਟੇ ਸੁਹਾਗੇ ਦਾ ਸਾਈਜ਼ 5/6 ਕੁ ਫੁੱਟ ਹੁੰਦਾ ਸੀ। ਇਸ ਨੂੰ ਸੁਹਾਗੀ ਕਹਿੰਦੇ ਸਨ। ਇਸ ਨੂੰ ਬਲਦਾਂ ਦੀ ਇਕ ਜੋੜੀ ਜਾਂ ਇਕ ਊਠ ਖਿਚਦਾ ਸੀ। ਇਸ ਸੁਹਾਗੀ ਨੂੰ ਇਕ ਜ਼ਿਮੀਂਦਾਰ ਹੀ ਉਪਰ ਖੜ ਕੇ ਚਲਾਉਂਦਾ ਸੀ। ਸੁਹਾਗੇ ਦਾ ਸਾਈਜ਼ 10/12 ਕੁ ਫੁੱਟ ਦਾ ਹੁੰਦਾ ਸੀ। ਇਸ ਨੂੰ ਬਲਦਾਂ ਦੀਆਂ ਦੋ ਜੋੜੀਆਂ ਜਾਂ ਇਕ ਜੋੜੀ ਬਲਦਾਂ ਦੀ ਤੇ ਇਕ ਬੋਤੇ ਨਾਲ ਚਲਾਇਆ ਜਾਂਦਾ ਸੀ। ਦੋਵੇਂ ਬੋਤਿਆਂ ਨਾਲ ਵੀ ਸੁਹਾਗੇ ਨੂੰ ਚਲਾਇਆ ਜਾਂਦਾ ਸੀ। ਸੁਹਾਗੇ ਨੂੰ ਦੋ ਜ਼ਿਮੀਂਦਾਰ ਉਪਰ ਖੜ੍ਹ ਕੇ ਚਲਾਉਂਦੇ ਸਨ।

ਪਹਿਲਾਂ ਖੇਤੀ ਸਾਰੀ ਹੱਥੀਂ ਕੀਤੀ ਜਾਂਦੀ ਸੀ। ਹਲ਼ ਵਾਹ ਕੇ ਜ਼ਿਮੀਂਦਾਰ ਨੂੰ ਥਕਾਵਟ ਹੋ ਜਾਂਦੀ ਸੀ। ਸੁਹਾਗਾ, ਸੁਹਾਗੀ ਦੇਣ ਸਮੇਂ ਜ਼ਿਮੀਂਦਾਰ ਸੁਹਾਗੇ, ਸੁਹਾਗੀ ਉਪਰ ਖੜਦਾ ਸੀ ਤਾਂ ਉਸ ਨੂੰ ਕੁਝ ਆਰਾਮ ਮਿਲਦਾ ਸੀ। ਕੁਝ ਥਕਾਵਟ ਦੂਰ ਹੁੰਦੀ ਸੀ। ਏਸੇ ਕਰਕੇ ਉਸ ਸਮੇਂ ਦਾ ਜੱਟਾਂ ਸਬੰਧੀ ਅਖਾਣ ਹੈ –

"ਜੱਟ ਸੁਹਾਗੇ ਤੇ ਚੜ੍ਹਿਆ ਮਾਣ ਨਹੀਂ।"

ਹੁਣ ਤਾਂ ਜੱਟ ਟ੍ਰੈਕਟਰਾਂ ਤੋਂ ਥੱਲੇ ਪੈਰ ਨਹੀਂ ਲਾਹੁੰਦੇ। ਲਓ, ਸੁਹਾਗੇ ਤੇ ਜੱਟ ਸਬੰਧੀ ਇਕ ਹੋਰ ਅਖਾਣ ਸੁਣੋ –

ਜੱਟ ਨਾ ਜਾਣੇ ਗੁਣਕਰਾ,
ਚਨਾ ਨਾ ਜਾਣੇ ਵਾਹ।
ਉਸ ਦਾ ਗੁਰੂ ਸੁਹਾਗਾ,
ਉਸ ਦਾ ਗੁਰੂ ਸ਼ਾਹ।

ਸੁਹਾਗੇ ਨਾਲ ਸਬੰਧਤ ਮੁਹਾਵਰਾ ਹੈ 'ਸੁਹਾਗਾ ਫੇਰਨਾ'। ਕਈ ਵੇਰ ਜੱਟ ਦੀ ਪੱਕੀ ਕਣਕ, ਜੌਂ, ਛੋਲਿਆਂ, ਸਰ੍ਹੋਂ, ਤਾਰਾਮੀਰਾ ਜਾਂ ਹੋਰ ਕਿਸੇ ਫ਼ਸਲ ਤੇ ਗੜੇ,



ਕਾਕੜੇ ਪੈ ਜਾਂਦੇ ਸਨ ਜਾਂ ਬਹੁਤੇ ਮੀਂਹ ਦੇ ਨਾਲ ਨਾਲ ਤੇਜ ਝੱਖੜ ਹਨੇਰੀ ਆ ਜਾਂਦੀ ਸੀ, ਉਸ ਨਾਲ ਪੱਕੀ ਫ਼ਸਲ ਧਰਤੀ 'ਤੇ ਡਿਗ ਪੈਂਦੀ ਸੀ। ਫ਼ਸਲ ਕਿਰ ਜਾਂਦੀ ਸੀ। ਬਹੁਤ ਨੁਕਸਾਨ ਹੋ ਜਾਂਦਾ ਸੀ। ਝਾੜ ਘਟ ਜਾਂਦਾ ਸੀ। ਉਸ ਸਮੇਂ ਜ਼ਿਮੀਂਦਾਰਾਂ ਦੇ ਮੂੰਹਾਂ ਵਿਚੋਂ ਆਮ ਨਿਕਲਦਾ ਸੀ, "ਫ਼ਸਲ ਤੇ ਤਾਂ ਸੁਹਾਗਾ ਫਿਰ ਗਿਆ।"

ਹੁਣ ਮੈਂ ਤੁਹਾਨੂੰ ਸੁਹਾਗੇ, ਸੁਹਾਗੀ ਦੀ ਬਣਤਰ ਬਾਰੇ ਦੱਸਦਾ ਹਾਂ।

ਆਮ ਤੌਰ ਤੇ ਸੁਹਾਗਾ, ਸੁਹਾਗੀ ਤਿੰਨ ਚਪਟੀਆਂ ਲੱਕੜਾਂ ਨੂੰ ਜੋੜ ਕੇ ਬਣਾਇਆ ਜਾਂਦਾ ਸੀ। ਕਈ ਜ਼ਿਮੀਂਦਾਰ ਦੋ ਲੱਕੜਾਂ ਜੋੜ ਕੇ ਵੀ ਬਣਾ ਲੈਂਦੇ ਸਨ। ਸੁਹਾਗੇ ਦੇ ਫੱਟਿਆਂ ਨੂੰ ਜੋੜਨ ਦੇ ਵਿਚਕਾਰ ਲੱਕੜ ਦੀਆਂ ਗੋਲ ਟੁਕੜੀਆਂ ਪਾਈਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਮਜੰਨੇ ਕਹਿੰਦੇ ਸਨ। ਏਸ ਤਰ੍ਹਾ ਸੁਹਾਗੇ, ਸੁਹਾਗੀ ਦੀ ਚੌੜਾਈ ਇਕ ਫੁੱਟ ਤੋਂ ਡੇਢ ਫੁੱਟ ਤੱਕ ਬਣ ਜਾਂਦੀ ਸੀ। ਸੁਹਾਗੇ, ਸੁਹਾਗੀ ਦੇ ਸਿਰਿਆਂ ਤੋਂ ਡੇਢ ਕੁ ਫੁੱਟ ਛੱਡ ਕੇ ਇਕ ਇਕ ਲੱਕੜ ਉਪਰ ਲਾਈ ਜਾਂਦੀ ਸੀ, ਜਿਸ ਨੂੰ ਕੰਨੇ ਕਹਿੰਦੇ ਸਨ। ਇਹ ਕੰਨੇ ਸੁਹਾਗਾ, ਸੁਹਾਗੀ ਦੀਆਂ ਲੱਕੜਾਂ ਨਾਲੋਂ 6 ਕੁ ਇੰਚ ਮੂਹਰੇ ਵੱਲ ਵਧੇ ਹੁੰਦੇ ਸਨ। ਇਨ੍ਹਾ ਵਧਿਆਂ ਹੋਇਆਂ ਹਿੱਸਿਆਂ ਵਿਚ ਵਾਢੇ ਪਾਏ ਹੁੰਦੇ ਸਨ। ਇਨ੍ਹਾਂ ਵਾਢਿਆਂ ਵਿਚ ਹੀ ਬਲਦਾਂ ਦੀਆਂ ਜੋੜੀਆਂ ਦੇ ਗਲ਼ ਵਿਚ ਪਾਈਆਂ ਪੰਜਾਲੀਆਂ ਤੇ ਊਠਾਂ ਦੀ ਵੈਂਡੀ ਵਿਚ ਪਾਏ ਰੱਸੇ ਸੁਹਾਗਾ, ਸੁਹਾਹਗੀ ਨੂੰ ਖਿੱਚਣ ਲਈ ਪਾਏ ਜਾਂਦੇ ਸਨ। ਬਲਦਾਂ ਦੀਆਂ ਜੋੜੀਆਂ, ਊਂਠ (ਬੋਤੇ) ਇਨ੍ਹਾਂ ਰੱਸਿਆਂ ਨਾਲ ਖਿੱਚ ਕੇ ਹੀ ਸੁਹਾਗੇ, ਸੁਹਾਗੀਆਂ ਨੂੰ ਚਲਾਉਂਦੇ ਸਨ। ਜ਼ਿਮੀਂਦਾਰ ਸੁਹਾਗੇ, ਸੁਹਾਗੀਆਂ ਉਪਰ ਖੜ ਕੇ ਬਲਦਾਂ ਦੀਆਂ ਜੋੜੀਆਂ, ਬੋਤਿਆਂ ਨੂੰ ਕੰਟਰੋਲ ਕਰ ਕੇ ਸੁਹਾਗਾ ਦਿੰਦੇ ਸਨ। ਇਸ ਤਰ੍ਹਾਂ ਸੁਹਾਗੇ, ਸੁਹਾਗੀਆਂ ਨਾਲ ਵਾਹੀ ਹੋਈ ਜ਼ਮੀਨ ਦੇ ਡਲੇ ਭੰਨ ਕੇ ਪੱਧਰੀ ਕੀਤੀ ਜਾਂਦੀ ਸੀ।

ਹੁਣ ਸਾਰੀ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਹੈ। ਹੁਣ ਵਾਹੀ ਹੋਈ ਜ਼ਮੀਨ ਦੇ ਡਲੇ ਭੰਨਣ ਤੇ ਪੱਧਰ ਕਰਨ ਲਈ ਲੋਹੇ ਦੀਆਂ ਇੰਗਲਾਰਨਾਂ ਦੇ ਸੁਹਾਗੇ ਬਣਾਏ ਜਾਂਦੇ ਹਨ, ਜਿਹੜੇ ਟ੍ਰੈਕਟਰਾਂ ਨਾਲ ਚਲਦੇ ਹਨ। ਕੁਝ ਜ਼ਿਮੀਂਦਾਰਾਂ ਕੋਲ ਲੱਕੜ ਦੇ ਸੁਹਾਗੇ ਵੀ ਹਨ। ਪਰ ਚਲਾਏ ਉਹ ਵੀ ਟ੍ਰੈਕਟਰਾਂ ਨਾਲ ਹੀ ਜਾਂਦੇ ਹਨ। ਸੁਹਾਗੀ ਤਾਂ ਸ਼ਾਇਦ ਹੀ ਕਿਸੇ ਜ਼ਿਮੀਂਦਾਰ ਨੇ ਰੱਖੀ ਹੋਵੇ।

0

## ਪੋਰਾ ਬਾਦਸ਼ਾਹ

ਅੱਜ ਤੋਂ ਸੌ ਕੁ ਸਾਲ ਪਹਿਲਾਂ ਲੋਕ ਸਬਰ ਸੰਤੋਖ ਵਾਲੇ ਸਨ। ਧਰਮ ਕਰਮ ਵਿਚ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਸਮਿਆਂ ਵਿਚ ਫ਼ਸਲਾਂ ਦੀ ਬਿਜਾਈ ਛੱਟਾ ਦੇ ਕੇ ਕੀਤੀ ਜਾਂਦੀ ਸੀ। ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹ ਕੇ ਤਿਆਰ ਕਰਦੇ ਸਨ। ਫੇਰ



Academy of the Punjab in North America: http://www.apnaorg.com

ਜਿਹੜੀ ਫ਼ਸਲ ਬੀਜਣੀ ਹੁੰਦੀ ਸੀ, ਉਸ ਫ਼ਸਲ ਦੇ ਬੀਜ ਦਾ ਹੱਥ ਨਾਲ ਛੱਟਾ ਦੇ ਦਿੱਤਾ ਜਾਂਦਾ ਸੀ। ਬੀਜ ਦਾ ਛੱਟਾ ਲੋੜੀਂਦੇ ਬੀਜ ਨਾਲੋਂ ਥੋੜ੍ਹਾ ਜ਼ਿਆਦਾ ਦਿੱਤਾ ਜਾਂਦਾ ਸੀ, ਕਿਉਂ ਜੋ ਕੁਝ ਬੀਜ ਚਿੜੀਆਂ ਜਨੌਰ ਖਾ ਜਾਂਦੇ ਸਨ। ਉਸ ਸਮੇਂ ਦਾ ਅਖਾਣ ਹੈ –

ਕੁਝ ਹਾਲੀ ਦਾ, ਕੁਝ ਪਾਲੀ ਦਾ,
ਕੁਝ ਚਿੜੀ ਜਨੌਰ ਦੀ ਭਿਆਲੀ ਦਾ।



ਛੱਟਾ ਦੇਣ ਪਿਛੋਂ ਜੇ ਹਲਕਾ ਜਿਹਾ ਸੁਹਾਗਾ ਦੇਣ ਦੀ ਲੋੜ ਹੁੰਦੀ ਸੀ ਤਾਂ ਸੁਹਾਗਾ ਦੇ ਦਿੱਤਾ ਜਾਂਦਾ ਸੀ। ਜੇਕਰ ਖੁਰਪੇ ਨਾਲ ਜਾਂ ਤੰਗਲੀ ਨਾਲ ਹਲਾ ਕੇ ਬੀਜ ਨੂੰ ਮਿੱਟੀ ਹੇਠ ਕਰਨਾ ਹੁੰਦਾ ਸੀ ਤਾਂ ਖੁਰਪਾ ਜਾਂ ਤੰਗਲੀ ਫੇਰ ਦਿੱਤੀ ਜਾਂਦੀ ਸੀ। ਛੱਟੇ ਨਾਲ ਸਾਰੇ ਖੇਤ ਵਿਚ ਬੀਜ ਇਕਸਾਰ ਨਹੀਂ ਪੈਂਦਾ ਸੀ। ਕਿਤੇ ਬੀਜ ਜ਼ਿਆਦਾ ਡਿਗ ਪੈਂਦਾ ਸੀ, ਕਿਤੇ ਘੱਟ।

ਸਿਆਣੇ ਕਹਿੰਦੇ ਹਨ, 'ਲੋੜ ਕਾਢ ਦੀ ਮਾਂ ਹੈ'। ਜ਼ਿਮੀਂਦਾਰਾਂ ਨੇ ਫੇਰ ਫ਼ਸਲਾਂ ਦੀ ਬਿਜਾਈ ਹੱਥ ਨਾਲ ਬੀਜ ਕੇਰ ਕੇ ਕਰਨੀ ਸ਼ੁਰੂ ਕੀਤੀ। ਹਾਲੀ ਅੱਗੇ ਅੱਗੇ ਸਿਆੜ ਕੱਢਦਾ ਜਾਂਦਾ ਸੀ। ਦੂਸਰਾ ਬੰਦਾ ਸਿਆੜ ਵਿਚ ਹੱਥ ਨਾਲ ਬੀਜ ਦਾ ਇਕ ਇਕ ਦਾਣਾ ਕਰਕੇ ਕੇਰੀ ਜਾਂਦਾ ਸੀ। ਏਸ ਤਰ੍ਹਾਂ ਫ਼ਸਲ ਬੀਜਣ ਨੂੰ ਕੇਰਾ ਕਰਕੇ ਬਿਜਾਈ ਕਰਨਾ ਕਿਹਾ ਜਾਂਦਾ ਸੀ। ਛੱਟੇ ਨਾਲੋਂ ਏਸ ਢੰਗ ਨਾਲ ਬੀਜੀ ਫ਼ਸਲ ਦਾ ਝਾੜ ਚੰਗਾ ਹੁੰਦਾ ਸੀ। ਪਰ ਕਈ ਵੇਰ ਬੀਜ ਕੇਰਦੇ ਬੰਦੇ ਕੋਲੋਂ ਸਿਆੜ ਵਿਚ ਬੀਜ ਨਹੀਂ ਡਿਗਦਾ



ਸੀ, ਬਾਹਰ ਡਿਗ ਪੈਂਦਾ ਸੀ। ਬਾਹਰ ਡਿੱਗਿਆ ਬੀਜ ਉਗਦਾ ਨਹੀਂ ਸੀ।

ਮਨੁੱਖੀ ਸੂਝ ਤੇ ਤਜਰਬੇ ਨੇ ਫੇਰ ਫ਼ਸਲਾਂ ਦੀ ਬਿਜਾਈ ਪੋਰ ਨਾਲ ਕਰਨ ਦਾ ਢੰਗ ਲੱਭਿਆ। ਪੋਰ ਨਾਲ ਬਿਜਾਈ ਆਮ ਤੌਰ ਤੇ ਹਲੀਗੀ ਨਾਲ ਕੀਤੀ ਜਾਂਦੀ ਸੀ। ਚੱਲ ਚੱਲ ਕੇ ਘਸੇ ਹੋਏ ਦੇਸੀ ਹਲ ਨੂੰ ਹਲੀਗੀ ਕਹਿੰਦੇ ਸਨ। ਹਲ਼ ਡੂੰਘੀ ਵਾਹੀ ਕਰਦਾ ਸੀ। ਬੀਜ ਘੱਟ ਡੂੰਘਾ ਬੀਜਣਾ ਹੁੰਦਾ ਸੀ। ਹਲੀਗੀ ਘੱਟ ਡੂੰਘੀ ਵਾਹੀ ਕਰਦੀ ਸੀ। ਏਸੇ ਕਾਰਨ ਹੀ ਬਹੁਤੀ ਬਿਜਾਈ ਹਲੀਗੀ ਨਾਲ ਕੀਤੀ ਜਾਂਦੀ ਸੀ। ਪੋਰ ਦਾ ਉਪਰਲਾ ਹਿੱਸਾ, ਜਿਸ ਰਾਹੀਂ ਜ਼ਿਮੀਂਦਾਰ ਬੀਜ ਪਾਉਂਦਾ ਸੀ, ਉਹ ਤੇਲ ਵਾਲੀ ਕੀਫ ਦੀ ਤਰ੍ਹਾਂ ਹੁੰਦਾ ਸੀ। ਹੇਠਲਾ ਹਿੱਸਾ ਕੀਫ ਦੇ ਹੇਠਲੇ ਹਿੱਸੇ ਵਰਗਾ ਹੁੰਦਾ ਸੀ। ਪੋਰ ਨੂੰ ਉਪਰ ਤੋਂ ਹਲੀਗੀ ਦੇ ਮੁੰਨੇ ਨਾਲ ਰੱਸੀ ਨਾਲ ਬੰਨ੍ਹਿਆ ਜਾਂਦਾ ਸੀ। ਪੋਰ ਦੇ ਹੇਠਲੇ ਹਿੱਸੇ ਨੂੰ ਹਲੀਗੀ ਦੇ ਮੁੰਨੇ ਦੇ ਹੇਠਲੇ ਮੋਟੇ ਹਿੱਸੇ ਵਿਚ ਲੱਗੇ ਲੋਹੇ ਦੇ ਕਲਿਪ ਵਿਚ ਪਾ ਦਿੱਤਾ ਜਾਂਦਾ ਸੀ। ਬਿਜਾਈ ਕਰਨ ਵਾਲੇ ਜ਼ਿਮੀਂਦਾਰ ਦੇ ਲੱਕ ਨਾਲ ਬੀਜ ਬੰਨ੍ਹਿਆ ਜਾਂਦਾ ਸੀ। ਉਹ ਹਲ਼/ਹਲੀਗੀ ਵੀ ਆਪ ਚਲਾਉਂਦਾ ਸੀ ਤੇ ਪੋਰ ਰਾਹੀਂ ਬੀਜ ਪਾ ਕੇ ਬਿਜਾਈ ਵੀ ਕਰਦਾ ਜਾਂਦਾ ਸੀ। ਇਸ ਬਿਜਾਈ ਨੂੰ ਪੋਰ ਨਾਲ ਬਿਜਾਈ ਕਰਨਾ ਕਹਿੰਦੇ ਸਨ। ਪੋਰ ਨਾਲ ਕੀਤੀ ਬਿਜਾਈ ਨੂੰ ਸਭ ਤੋਂ ਉੱਤਮ ਬਿਜਾਈ ਮੰਨਿਆ ਜਾਂਦਾ ਸੀ। ਪੋਰ ਦੀ ਬਿਜਾਈ ਸਬੰਧੀ ਉਸ ਸਮੇਂ ਦਾ ਅਖਾਣ ਹੈ –

"ਪੋਰਾ ਬਾਦਸ਼ਾਹ, ਕੇਰਾ ਵਜ਼ੀਰ, ਛੱਟਾ ਫ਼ਕੀਰ।"

ਜਦ ਖੇਤੀ ਵਿਚ ਕੈਮੀਕਲ ਖਾਦਾਂ ਦੀ ਵਰਤੋਂ ਹੋਣ ਲੱਗੀ ਤਾਂ ਪਹਿਲਾਂ ਤਾਂ ਜ਼ਿਮੀਂਦਾਰ ਬੀਜ ਦੇ ਵਿਚ ਹੀ ਖਾਦ ਰਲਾ ਕੇ ਪੋਰ ਰਾਹੀਂ ਬੀਜ ਦਿੰਦੇ ਸਨ। ਫੇਰ ਖਾਦ ਵੱਖਰੀ ਤੇ ਬੀਜ ਵੱਖਰਾ ਬੀਜਣ ਲਈ ਇਕ ਖੇਤੀ ਸੰਦ ਦੀ ਕਾਢ ਨਿਕਲੀ, ਜਿਸ ਨੂੰ ਬੀਜ ਤੇ ਖਾਦ ਦੀ ਡਰਿੱਲ ਦਾ ਨਾਂ ਦਿੱਤਾ ਗਿਆ। ਇਹ ਬਲਦਾਂ ਦੀ ਜੋੜੀ ਨਾਲ ਚਲਾਈ ਜਾਂਦੀ ਸੀ। ਆਪਣੇ ਆਪ ਹੀ ਖਾਦ ਤੇ ਬੀਜ ਬੀਜੇ ਜਾਂਦੇ ਸਨ। ਇਹ ਬਿਜਾਈ ਮਸ਼ੀਨਰੀ ਨਾਲ ਹੁੰਦੀ ਸੀ। ਇਸ ਲਈ ਇਕ ਸਾਰ ਬੀਜ ਤੇ ਖਾਦ ਪੈਂਦਾ ਸੀ। ਇਹ ਪੋਰ ਦੀ ਬਿਜਾਈ ਨਾਲੋਂ ਵਧੀਆ ਬਿਜਾਈ ਹੈ।

ਜਦ ਖੇਤੀ ਵਿਚ ਟ੍ਰੈਕਟਰਾਂ ਦੀ ਵਰਤੋਂ ਹੋਣ ਲੱਗੀ, ਫੇਰ ਫ਼ਸਲਾਂ ਦੀ ਬਿਜਾਈ ਟ੍ਰੈਕਟਰਾਂ ਨਾਲ ਚੱਲਣ ਵਾਲੀ ਖਾਦ ਤੇ ਬੀਜ ਵਾਲੀ ਡਰਿੱਲ ਨਾਲ ਹੋਣ ਲੱਗੀ ਹੈ। ਹੁਣ ਸਾਰੀਆਂ ਫ਼ਸਲਾਂ ਦੀ ਬਿਜਾਈ ਟ੍ਰੈਕਟਰਾਂ ਨਾਲ ਹੀ ਹੁੰਦੀ ਹੈ। ਹੁਣ ਛੱਟਾ ਦੇ ਕੇ ਸਿਰਫ਼ ਬ੍ਰਸੀਨ ਹੀ ਬੀਜਿਆ ਜਾਂਦਾ ਹੈ। ਕੇਰੇ ਨਾਲ ਤੇ ਪੋਰੇ ਨਾਲ ਹੁਣ ਕੋਈ ਵੀ ਬਿਜਾਈ ਨਹੀਂ ਕੀਤੀ ਜਾਂਦੀ। ਕਿਉਂ ਜੋ ਹੁਣ ਬਲਦਾਂ, ਊਠਾਂ ਦੀ ਥਾਂ ਸਾਰੀ ਦੀ ਸਾਰੀ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਹੈ।

0



Academy of the Punjab in North America: http://www.apnaorg.com

## ਜਿੰਦਾ

ਖੇਤ ਵਿਚ ਕਿਆਰਿਆਂ ਦੀਆ ਵੱਟਾਂ ਪਾਉਣ ਵਾਲੇ ਲੱਕੜ ਦੇ ਬਣੇ ਇਕ ਖੇਤੀ ਸੰਦ ਨੂੰ ਜਿੰਦਾ ਕਿਹਾ ਜਾਂਦਾ ਹੈ। ਇਕ ਜਿੰਦਾ ਹੋਰ ਹੁੰਦਾ ਹੈ, ਜੋ ਘਰ ਦੇ ਦਰਵਾਜ਼ੇ ਨੂੰ ਘਰ ਤੋਂ ਬਾਹਰ ਜਾਣ ਸਮੇਂ ਘਰ ਦੀ ਰਾਖੀ ਲਈ ਲਾਇਆ ਜਾਂਦਾ ਹੈ। ਪਰ ਇਹ ਜਿੰਦਾ ਲੋਹੇ, ਪਿੱਤਲ, ਦੇਗ ਆਦਿ ਧਾਤ ਦਾ ਬਣਿਆ ਹੁੰਦਾ ਹੈ। ਜਿਥੇ ਖੇਤੀ ਸੰਦ ਵਾਲਾ ਜਿੰਦਾ ਬੜਾ ਉੱਚਾ ਤੇ ਥੋੜਾ ਚੌੜਾ ਹੁੰਦਾ ਹੈ, ਉਥੇ ਦਰਵਾਜ਼ੇ ਨੂੰ ਲਾਉਣ ਵਾਲਾ ਜਿੰਦਾ ਤਾਂ ਹੱਥ ਦੀ ਮੁੱਠੀ ਵਿਚ ਆ ਜਾਂਦਾ ਹੈ। ਜੇਕਰ ਕਿਸੇ ਦਾ ਪ੍ਰੇਮੀ ਦੂਰ ਚਲਿਆ ਜਾਂਦਾ ਸੀ, ਛੇਤੀ ਵਾਪਸ ਨਹੀਂ ਆਉਂਦਾ ਸੀ ਤਾਂ ਉਸ ਪ੍ਰੇਮਣ ਦੀ ਵਿਛੋੜੇ ਦੀ ਹਾਲਤ ਨੂੰ ਵਰਨਣ ਕਰਨ ਸਮੇਂ ਵੀ ਜਿੰਦਰੇ ਦੀ ਵਰਤੋਂ ਕੀਤੀ ਜਾਂਦੀ ਸੀ। ਕਈ ਇਲਾਕਿਆਂ ਵਿਚ ਜਿੰਦੇ ਨੂੰ ਜਿੰਦਰਾ ਵੀ ਕਿਹਾ ਜਾਂਦਾ ਹੈ –

ਜਿੰਦਰਾ ਜੰਗਾਲ ਖਾ ਗਿਆ,
ਚਾਬੀ ਲੈ ਗਿਆ ਦਿਲਾਂ ਦਾ ਜਾਨੀ।



ਇਕ ਪਿਕਚਰ ਬਣੀ ਸੀ, ਸੀ.ਆਈ.ਡੀ.। ਸ਼ਾਇਦ ਇਹ ਰਾਜ ਕਪੂਰ ਨੇ ਬਣਾਈ ਸੀ। ਉਸ ਵਿਚ ਵੀ ਜਿੰਦੇ ਬਾਰੇ ਇਕ ਗਾਣਾ ਆਉਂਦਾ ਸੀ –

ਵੋਹ ਬੜਾ ਈ ਸੀ.ਆਈ.ਡੀ. ਹੈ,
ਨੀਲੀ ਛੱਤਰੀ ਵਾਲਾ।



ਹਰ ਜਿੰਦੇ ਕੀ ਚਾਬੀ ਰੱਖੇ,
ਹਰ ਚਾਬੀ ਕਾ ਤਾਲਾ।

ਜੇ ਜਿੰਦਾ ਸ਼ਬਦ ਦਾ ਕੰਨਾ ਕੱਟ ਦਿਤਾ ਜਾਵੇ ਤਾਂ ਬਾਕੀ ਸ਼ਬਦ ਜਿੰਦ ਰਹਿ ਜਾਂਦਾ ਹੈ। ਜਿੰਦ ਦਾ ਅਰਥ ਹੈ ਜਾਨ, ਪ੍ਰਾਣ। ਜਾਨ ਸਭ ਨੂੰ ਪਿਆਰੀ ਹੁੰਦੀ ਹੈ। ਪਰ ਕਈ ਅਜੇਹੇ ਪ੍ਰੇਮੀ ਵੀ ਹੁੰਦੇ ਹਨ, ਜਿਹੜੇ ਆਪਣੀ ਜਿੰਦ/ਜਾਨ ਨੂੰ ਆਪਣੇ ਪਿਆਰੇ ਤੇ ਵਾਰਨ ਲਈ ਤਿਆਰ ਰਹਿੰਦੇ ਹਨ –

ਜਿੰਦ ਯਾਰ ਦੇ ਮੰਜੇ 'ਤੇ ਨਿਕਲੇ,
ਸੁਰਗਾਂ ਨੂੰ ਜਾਣ ਹੱਡੀਆਂ।

ਦੇਖੋ! ਜਿੰਦਾ ਸ਼ਬਦ ਦੇ ਇਕ ਕੰਨੇ ਦੇ ਕੱਟਣ ਨਾਲ ਬਾਕੀ ਰਹੇ ਸ਼ਬਦ ਜਿੰਦ ਦੇ ਕੀ ਤੋਂ ਕੀ ਅਰਥ ਬਣ ਗਏ ਹਨ? ਕੰਨੇ ਦੀ ਮਾਤਰਾ ਤਾਂ ਕਾਫ਼ੀ ਲੰਮੀ ਹੁੰਦੀ ਹੈ। ਜੇਕਰ ਕਿਸੇ ਸ਼ਬਦ ਦੀ ਬਿੰਦੀ, ਜਿਸ ਦਾ ਛੋਟਾ ਜਿਹਾ ਆਕਾਰ ਹੁੰਦਾ ਹੈ, ਕਿਸੇ ਦੂਸਰੇ ਸ਼ਬਦ ਨਾਲ ਲੱਗ ਜਾਵੇ ਤਾਂ ਇਹ ਗਲਤ ਸ਼ਬਦ ਨਾਲ ਲੱਗੀ ਬਿੰਦੀ ਕਿਸੇ ਦੋਸਤ ਨੂੰ ਦੋਸਤ ਦੀ ਥਾਂ ਮੁਜਰਿਮ, ਗੁਨਾਹਗਾਰ ਬਣਾ ਦਿੰਦੀ ਹੈ। ਲਓ, ਉਰਦੂ ਦਾ ਇਕ ਅਜਿਹਾ ਸ਼ਿਆਰ ਸੁਣੋ –

ਹਮ ਦੁਆ ਲਿਖਤੇ ਰਹੇ,
ਵੋਹ ਦਗਾ ਪੜ੍ਹਤੇ ਰਹੇ,
ਏਕ ਨੁਕਤੇ ਨੇ ਹਮੇ ਤੋ,
ਮਹਿਰਮ ਸੇ ਮੁਜਰਿਮ ਬਣਾ ਦੀਆ।

ਇਹ ਹੈ ਗਲਤ ਥਾਂ ਲੱਗੀ ਬਿੰਦੀ ਦੀ ਕਰਾਮਾਤ। ਕਬੱਡੀ ਦੀ ਖੇਡ ਸਮੇਂ ਵੀ ਕਈ ਵੇਰ ਜਿੰਦੇ ਦੀ ਵਰਤੋਂ ਕੀਤੀ ਜਾਂਦੀ ਸੀ। ਜਦ ਕਬੱਡੀ ਪਾਉਂਦੇ ਸਮੇਂ ਕਿਸੇ ਧਾਵੀ ਨੂੰ ਵਿਰੋਧੀ ਧਿਰ ਦਾ ਖਿਡਾਰੀ ਫੜ ਕੇ ਕੈਂਚੀ ਦਾਅ ਮਾਰਦਾ ਸੀ, ਧਾਵੀ ਨੂੰ ਹਿੱਲਣ ਨਹੀਂ ਦਿੰਦਾ ਸੀ ਤਾਂ ਬਾਹਰ ਖੜੇ ਲੋਕੀਂ ਕਹਿ ਉਠਦੇ ਸਨ – "ਹੁਣ ਲੱਗ ਗੇ ਜਿੰਦੇ! ਹੁਣ ਨੀ ਹਿੱਲ ਸਕਦਾ।"

ਹੁਣ ਮੈਂ ਅਸਲ ਵਿਸ਼ੇ ਤੋਂ ਬਹੁਤਾ ਬਾਹਰ ਨਾ ਜਾਂਦਾ ਹੋਇਆ ਖੇਤੀ ਸੰਦ ਜਿੰਦੇ ਦੀ ਬਣਤਰ ਦੱਸਣ ਜਾ ਰਿਹਾ ਹਾਂ। ਜਿੰਦੇ ਦਾ ਹੱਥਾ ਆਮ ਤੌਰ ਤੇ ਬਾਂਸ ਦੀ ਮੋਟੀ ਸੋਟੀ ਦਾ ਹੁੰਦਾ ਸੀ। ਇਹ ਪੰਜ ਕੁ ਫੁੱਟ ਤੱਕ ਲੰਮਾ ਹੁੰਦਾ ਸੀ। ਲੱਕੜ ਦੇ ਇਕ ਚਾਰ ਕੁ ਫੁੱਟ ਲੰਮੇ ਤੇ ਫੁੱਟ ਕੁ ਚੌੜੇ ਫੱਟੇ ਨੂੰ ਵਿਚਕਾਰ ਤੋਂ ਏਸ ਸੋਟੀ ਨਾਲ ਚੰਗੀ ਤਰ੍ਹਾਂ ਪੱਤੀਆਂ ਲਾ ਕੇ ਜੋੜਿਆ ਹੁੰਦਾ ਸੀ। ਏਸ ਫੱਟੇ ਦਾ ਹੇਠਲਾ 2/3 ਕੁ ਇੰਚ ਹਿੱਸਾ ਟੇਪਰ ਕੀਤਾ ਹੁੰਦਾ ਸੀ। ਏਸ ਟੇਪਰ ਕੀਤੇ ਹਿੱਸੇ ਉਪਰ ਮੇਖਾਂ ਨਾਲ ਇਕ ਪੱਤੀ ਲਾਈ ਹੁੰਦੀ ਸੀ। ਜਦ ਵੱਟਾਂ ਪਾਉਣ ਸਮੇਂ ਜਿੰਦਾ ਵਰਤਿਆ ਜਾਂਦਾ ਸੀ ਤਾਂ ਇਹ ਪੱਤੀ ਲਾਈ ਵਾਲਾ ਹਿੱਸਾ ਧਰਤੀ ਤੋਂ ਮਿੱਟੀ ਕੱਠੀ ਕਰਨ ਵਿਚ ਬਹੁਤ ਸਹਾਈ ਹੁੰਦਾ ਸੀ।



Academy of the Punjab in North America: http://www.apnaorg.com

ਫੱਟੇ ਦੇ ਦੋਵੇਂ ਸਿਰਿਆਂ ਤੋਂ 8/10 ਕੁ ਇੰਚ ਜਗ੍ਹਾ ਛੱਡ ਕੇ ਅੰਦਰਲੇ ਪਾਸੇ ਦੋ ਲੋਹੇ ਦੇ ਕੁੰਡੇ ਚੰਗੀ ਤਰ੍ਹਾਂ ਫਿੱਟ ਕੀਤੇ ਹੁੰਦੇ ਸਨ। ਇਨ੍ਹਾਂ ਦੋਵਾਂ ਕੁੰਡਿਆਂ ਵਿਚ ਪਤਲੇ ਰੱਸੇ ਪਾਏ ਹੁੰਦੇ ਸਨ। ਇਹ ਰੱਸੇ ਆਮ ਤੌਰ ਤੇ 6/7 ਕੁ ਫੁੱਟ ਤੱਕ ਲੰਮੇ ਹੁੰਦੇ ਸਨ। ਇਨ੍ਹਾਂ ਰੱਸਿਆਂ ਦੇ ਸਿਰਿਆਂ ਨੂੰ ਲੱਕੜ ਦੇ ਇਕ ਫੁੱਟ ਕੁ ਤੱਕ ਲੰਮੇ ਡੰਡੇ ਨਾਲ ਬੰਨ੍ਹਿਆ ਹੁੰਦਾ ਸੀ। ਏਸ ਡੰਡੇ ਨੂੰ ਫੜ ਕੇ ਹੀ ਜਿੰਦੇ ਨੂੰ ਖਿੱਚਿਆ ਜਾਂਦਾ ਸੀ।

ਜਿੰਦੇ ਦੀ ਖੇਤ ਵਿਚ ਕਿਆਰਿਆਂ ਦੀਆਂ ਵੱਟਾਂ ਪਾਉਣ ਲਈ ਵਰਤੋਂ ਕੀਤੀ ਜਾਂਦੀ ਸੀ। ਚਾਹੇ ਇਹ ਵੱਟਾਂ ਰੌਣੀ ਕਰਨ ਲਈ ਕਿਆਰਿਆਂ ਦੀਆਂ ਹੋਣ, ਚਾਹੇ ਬੀਜੀ ਫ਼ਸਲ ਦੀਆਂ ਹੋਣ, ਚਾਹੇ ਖਾਲ ਬਣਾਉਣ ਲਈ ਹੋਣ। ਜਿੰਦੇ ਦੀ ਵਰਤੋਂ ਦੋ ਆਦਮੀਆਂ ਨਾਲ ਕੀਤੀ ਜਾਂਦੀ ਸੀ। ਜਿੱਥੇ ਕਿਆਰਿਆਂ ਦੀਆਂ ਜਾਂ ਖਾਲ ਦੀਆਂ ਵੱਟਾਂ ਪਾਉਣੀਆਂ ਹੁੰਦੀਆਂ ਸਨ, ਉਥੇ ਪਹਿਲਾਂ ਇਕ ਆਦਮੀ ਜਿਸ ਥਾਂ ਤੇ ਵੱਟ ਪਾਉਣੀ ਹੁੰਦੀ ਸੀ, ਉਸ ਥਾਂ ਤੇ ਜਾ ਖੜ੍ਹਦਾ ਸੀ। ਦੂਸਰਾ ਆਦਮੀ ਉਸ ਸਾਹਮਣੇ ਖੜੇ ਆਦਮੀ ਦੀ ਸੇਧ ਵਿਚ ਪੈਰ ਨਾਲ ਲਕੀਰ ਖਿੱਚਦਾ ਜਾਂਦਾ ਸੀ। ਏਸ ਤਰ੍ਹਾਂ ਪਹਿਲਾਂ ਉਸ ਖੇਤ ਵਿਚ ਲਕੀਰਾਂ ਕੱਢ ਲਈਆਂ ਜਾਂਦੀਆਂ ਸਨ। ਫੇਰ ਇਕ ਆਦਮੀ ਜਿੰਦੇ ਦੇ ਹੱਥੇ ਨੂੰ ਫੜ ਕੇ ਲਕੀਰ ਵਾਲੀ ਥਾਂ ਤੋਂ ਥੋੜ੍ਹੀ ਦੂਰ ਜਿੰਦੇ ਨੂੰ ਰੱਖਦਾ ਸੀ। ਫੇਰ ਜਿੰਦੇ ਨੂੰ ਦੋਹਾਂ ਹੱਥਾਂ ਨਾਲ ਧਰਤੀ ਤੇ ਦਬਾਉਂਦਾ ਸੀ। ਦੂਸਰਾ ਆਦਮੀ ਜਿੰਦੇ ਵਿਚ ਪਾਏ ਰੱਸਿਆਂ ਨਾਲ ਜਿੰਦਾ ਖਿੱਚਦਾ ਸੀ। ਜਿੰਦੇ ਖਿੱਚਣ ਨਾਲ ਆਈ ਮਿੱਟੀ ਨੂੰ ਲਕੀਰ ਵਾਲੀ ਥਾਂ ਤੇ ਛੱਡ ਦਿੱਤਾ ਜਾਂਦਾ ਸੀ। ਏਸ ਤਰ੍ਹਾਂ ਜਦ ਪੂਰੇ ਕਿਆਰੇ ਦੀ ਇਕ ਪਾਸੇ ਤੋਂ ਵੱਟ ਪੈ ਜਾਂਦੀ ਸੀ ਤਾਂ ਫੇਰ ਜਿੰਦੇ ਨੂੰ ਵੱਟ ਦੇ ਦੂਸਰੇ ਪਾਸੇ ਲਾ ਕੇ ਇਸ ਪਾਈ ਵੱਟ ਨਾਲ ਹੋਰ ਮਿੱਟੀ ਲਾਈ ਜਾਂਦੀ ਸੀ। ਇਸ ਤਰ੍ਹਾਂ ਇਕ ਕਿਆਰੇ ਦੀ ਵੱਟ ਪੈਂਦੀ ਸੀ। ਏਸੇ ਤਰ੍ਹਾਂ ਫੇਰ ਪੂਰੇ ਖੇਤ ਦੀਆ ਵੱਟਾਂ ਪਾਈਆਂ ਜਾਂਦੀਆਂ ਸਨ।

ਪਹਿਲਾਂ ਸਾਰੀ ਖੇਤੀ ਬਲਦਾਂ/ਊਠਾਂ ਨਾਲ ਕੀਤੀ ਜਾਂਦੀ ਸੀ। ਖੇਤਾਂ ਨੂੰ ਪਾਣੀ ਹਲਟਾਂ ਨਾਲ ਦਿੱਤਾ ਜਾਂਦਾ ਸੀ। ਏਸ ਲਈ ਛੋਟੇ ਛੋਟੇ ਕਿਆਰੇ ਪਾਏ ਜਾਂਦੇ ਸਨ ਤਾਂ ਜੋ ਕਿਆਰਿਆਂ ਵਿਚ ਛੇਤੀ ਪਾਣੀ ਲੱਗ ਸਕੇ। ਏਸ ਲਈ ਉਨ੍ਹਾਂ ਸਮਿਆਂ ਵਿਚ ਜਿੰਦੇ ਦੀ ਬਹੁਤ ਵਰਤੋਂ ਹੁੰਦੀ ਸੀ। ਹੁਣ ਤਾਂ ਤਕਰੀਬਨ ਸਾਰੀ ਖੇਤੀ ਦਾ ਮਸ਼ੀਨੀਕਰਨ ਹੋ ਚੁੱਕਿਆ ਹੈ। ਖੇਤਾਂ ਨੂੰ ਪਾਣੀ ਟਿਊਬੈਲਾਂ ਰਾਹੀਂ ਦਿੱਤਾ ਜਾਂਦਾ ਹੈ। ਕਿਆਰਿਆਂ ਦੀਆਂ ਵੱਟਾਂ ਹੁਣ ਟ੍ਰੈਕਟਰਾਂ ਨਾਲ ਪਾਈਆਂ ਜਾਂਦੀਆਂ ਹਨ। ਜ਼ੀਰੀ ਦੇ ਕਿਆਰੇ ਤਾਂ ਕਈ ਜ਼ਿਮੀਂਦਾਰ ਏਕੜ ਏਕੜ ਤੱਕ ਦੇ ਬਣਾ ਲੈਂਦੇ ਹਨ। ਕਣਕ ਦੇ ਕਿਆਰੇ ਵੀ ਬਿੱਘੇ ਬਿੱਘੇ ਤੱਕ ਦੇ ਬਣਾ ਲਏ ਜਾਂਦੇ ਹਨ। ਹੁਣ ਹੱਥ ਜਿੰਦੇ ਨਾਲ ਕਿਸੇ ਛੋਟੇ ਜਿਹੇ ਖੇਤ ਵਿਚ ਹੀ ਕੋਈ ਜ਼ਿਮੀਂਦਾਰ ਤੁਹਾਨੂੰ ਕਿਆਰਿਆਂ ਦੀਆਂ ਵੱਟਾਂ ਪਾਉਂਦਾ ਨਜ਼ਰ ਆਵੇਗਾ।

0



## ਤੰਗਲੀ, ਚਾਰ ਸੁੱਤਾ, ਸਲਘ ਤੇ ਜੱਟ

ਤੰਗਲੀ, ਚਾਰ ਸੁੱਤਾ, ਸਲਘ ਤੇ ਜੱਟ ਖੇਤੀ ਸੰਦ ਹਨ। ਇਹ ਖੇਤੀ ਸੰਦ ਕਣਕ, ਛੋਲੇ, ਜੌਂ, ਸਰ੍ਹੋਂ, ਤਾਰਾਮੀਰਾ, ਮੋਠ, ਮੂੰਗੀ, ਮਾਂਹ ਆਦਿ ਦੀਆਂ ਫ਼ਸਲਾਂ ਦੇ ਦਾਣੇ ਕੱਢਣ ਸਮੇਂ ਕੰਮ ਆਉਂਦੇ ਸਨ। ਸਲਘ ਨੂੰ ਕਈ ਇਲਾਕਿਆਂ ਵਿਚ ਦੋ ਸੁੱਤਾ ਵੀ ਕਹਿੰਦੇ ਸਨ। ਤੰਗਲੀ ਵਿਚ ਸੱਤ ਸੁੱਤਾਂ ਹੁੰਦੀਆਂ ਸਨ। ਚਾਰ ਸੁੱਤੇ ਦੇ ਨਾਂ ਤੋਂ ਹੀ ਜ਼ਾਹਰ ਹੈ ਕਿ ਇਸ ਵਿਚ ਚਾਰ ਸੁੱਤਾਂ ਹੁੰਦੀਆਂ ਸਨ। ਸਲਘ ਵਿਚ ਦੋ ਸੁੱਤਾਂ ਹੁੰਦੀਆਂ ਸਨ। ਏਸੇ ਤਰ੍ਹਾਂ ਜੱਟ ਵਿਚ ਵੀ ਦੋ ਸੁੱਤਾਂ ਹੁੰਦੀਆਂ ਸਨ। ਅੱਜ ਦੀ ਪੀੜ੍ਹੀ ਨੂੰ ਸੁੱਤਾਂ ਕਿਸ ਨੂੰ ਕਹਿੰਦੇ ਸਨ? ਏਸ ਦਾ ਵੀ ਨਹੀਂ ਪਤਾ। ਆਓ, ਪਹਿਲਾਂ ਤੁਹਾਨੂੰ ਸੁੱਤਾਂ ਬਾਰੇ ਦੱਸ ਦਿਆਂ।



ਤੰਗਲੀ ਤੇ ਚਾਰ ਸੁੱਤੇ ਦੀਆਂ ਸੁੱਤਾਂ ਬਣਾਉਣ ਲਈ ਫੁੱਟ ਕੁ ਲੰਮੀ ਤੇ ਡੇਢ ਕੁ ਇੰਚ ਚੌੜੀ ਲੋਹੇ ਦੀ ਪੱਤੀ ਲਈ ਜਾਂਦੀ ਸੀ। ਏਸ ਪੱਤੀ ਦੇ ਇਕ ਸਿਰੇ ਦੇ ਚਾਰ ਕੁ ਇੰਚ ਹੇਠਲੇ ਹਿੱਸੇ ਨੂੰ ਏਸ ਤਰ੍ਹਾਂ ਟੇਪਰ (ਘੱਟ ਘੱਟ ਕਰਨਾ) ਕੀਤਾ ਜਾਂਦਾ ਸੀ ਕਿ ਹੇਠਾਂ ਜਾ ਕੇ ਏਸ ਪੱਤੀ ਦਾ ਆਕਾਰ ਇੰਚ ਦਾ ਤੀਜਾ ਕੁ ਹਿੱਸਾ ਰਹਿ ਜਾਂਦਾ ਸੀ। ਫੇਰ ਏਸ ਪੱਤੀ ਦੇ ਚੌੜੇ ਸਿਰੇ ਨੂੰ ਗੁਲਾਈ ਦੇਣੀ ਸ਼ੁਰੂ ਕੀਤੀ ਜਾਂਦੀ ਸੀ। ਉਪਰੋਂ ਇਹ ਗੁਲਾਈ 100 ਕੁ ਡਿਗਰੀ ਤੋਂ ਹੁੰਦੀ ਹੋਈ ਜਿਉਂ ਜਿਉਂ ਹੇਠਾਂ ਨੂੰ ਆਉਂਦੀ ਜਾਂਦੀ ਸੀ, ਇਹ ਗੁਲਾਈ ਵੱਧਦੀ ਜਾਂਦੀ ਸੀ। ਹੇਠਾਂ ਆ ਕੇ ਇਸ ਪੱਤੀ ਨੂੰ ਬਿਲਕੁਲ ਗੋਲ ਕਰ ਦਿੱਤਾ ਜਾਂਦਾ ਸੀ। ਇਸ ਦੀ ਤਿੱਖੀ ਨੋਕ ਬਣ ਜਾਂਦੀ ਸੀ। ਏਸ ਤਰ੍ਹਾਂ ਇਕ ਸੁੱਤ ਬਣਦੀ ਸੀ। ਜਿਹੜੀ ਤੰਗਲੀ ਦੇ ਲੱਕੜ ਦੀਆਂ ਸੁੱਤਾਂ ਲੱਗੀਆਂ ਹੁੰਦੀਆਂ ਸਨ,



Academy of the Punjab in North America: http://www.apnaorg.com

ਉਨ੍ਹਾਂ ਦੀ ਬਣਤਰ ਵੀ ਲੋਹੇ ਦੀਆਂ ਸੁੱਤਾਂ ਅਨੁਸਾਰ ਹੀ ਬਣਾਈ ਜਾਂਦੀ ਸੀ। ਸਲਘ ਅਤੇ ਜੱਟ ਦੀਆਂ ਦੋ ਸੁੱਤਾਂ ਹੁੰਦੀਆਂ ਸਨ, ਪਰ ਉਹ ਲੱਕੜ ਦੀਆਂ ਬਣੀਆਂ ਹੁੰਦੀਆਂ ਸਨ। ਬਣਤਰ ਉਨ੍ਹਾਂ ਦੀ ਵੀ ਲੋਹੇ ਦੀਆਂ ਸੁੱਤਾਂ ਦੀ ਤਰ੍ਹਾ ਹੀ ਹੁੰਦੀ ਸੀ। ਪਰ ਇਨ੍ਹਾਂ ਸੁੱਤਾਂ ਦੀ ਲੰਬਾਈ ਦੋ ਫੁੱਟ ਦੇ ਕਰੀਬ ਹੁੰਦੀ ਸੀ। ਇਹ ਸਾਈਜ਼ ਵਿਚ ਮੋਟੀਆਂ ਹੁੰਦੀਆਂ ਸਨ।

ਪਹਿਲੇ ਸਮਿਆਂ ਵਿਚ ਖੇਤੀ ਹੱਥੀਂ ਕੀਤੀ ਜਾਂਦੀ ਸੀ। ਕਣਕ, ਛੋਲੇ, ਜੌਂ ਦੀਆਂ ਫ਼ਸਲਾਂ ਨੂੰ ਵੱਢ ਕੇ ਖਲ੍ਹੀਆਂ ਵਿਚ ਲਾਇਆ ਜਾਂਦਾ ਸੀ। ਛੋਲੇ ਪੰਜਾਬ ਵਿਚ ਪਹਿਲਾਂ ਆਮ ਹੁੰਦੇ ਸਨ। ਜਦ ਪੰਜਾਬ ਵਿਚ ਨਰਮੇ ਦੀ ਨਵੀਂ ਨਵੀਂ ਖੇਤੀ ਸ਼ੁਰੂ ਹੋਈ ਸੀ, ਉਸ ਸਮੇਂ ਜੱਟੀ ਬੜਾ ਹੁੱਬ ਕੇ ਕਹਿੰਦੀ ਹੁੰਦੀ ਸੀ –

ਛੋਲੇ ਵੱਢ ਕੇ ਬੀਜ ਦੇ ਨਰਮਾ,
ਚੁੱਗਣ ਨੂੰ ਮੈਂ ਤਕੜੀ।

ਹੁਣ ਤਾਂ ਪੰਜਾਬ ਵਿਚ ਛੋਲੇ ਹੋਣੋਂ ਹੀ ਹਟ ਗਏ ਹਨ। ਸਰ੍ਹੋਂ ਤੇ ਤਾਰਾਮੀਰਾ ਨਾਜ਼ਕ ਫ਼ਸਲਾਂ ਮੰਨੀਆਂ ਗਈਆਂ ਹਨ। ਸਰ੍ਹੋਂ ਤੇ ਇਕ ਟੱਪਾ ਯਾਦ ਆ ਗਿਆ। ਲਓ, ਤੁਸੀਂ ਵੀ ਸੁਣੋ–

ਓਦੋਂ ਕਿਉਂ ਨਾ ਆਇਆ ਮਿੱਤਰਾ?
ਜਦੋਂ ਰੰਗ ਸੀ ਸਰ੍ਹੋਂ ਦੇ ਫੁੱਲ ਵਰਗਾ!

ਸਰ੍ਹੋਂ ਤੇ ਤਾਰੇਮੀਰੇ ਦੀਆਂ ਫ਼ਸਲਾਂ ਦੇ ਦਾਣਿਆਂ ਦੇ ਕਿਰਨ ਦਾ ਡਰ ਹੁੰਦਾ ਸੀ। ਏਸ ਲਈ ਇਨ੍ਹਾਂ ਫ਼ਸਲਾਂ ਨੂੰ ਵੱਢ ਕੇ ਉਸ ਥਾਂ 'ਤੇ 'ਕੱਠਾ ਕੀਤਾ ਜਾਂਦਾ ਸੀ, ਜਿੱਥੇ ਇਨ੍ਹਾਂ ਵਿਚੋਂ ਦਾਣੇ ਕੱਢਣੇ ਹੁੰਦੇ ਸਨ। ਇਨ੍ਹਾਂ ਫ਼ਸਲਾਂ ਨੂੰ ਬਲਦਾਂ ਦੇ ਖੁਰਾਂ ਨਾਲ ਹੀ ਗਾਹਿਆ ਜਾਂਦਾ ਸੀ। ਤੰਗਲੀ ਨਾਲ ਫੋਲ ਕੇ ਟਾਂਗਰ ਇਕ ਪਾਸੇ ਕਰ ਦਿੱਤਾ ਜਾਂਦਾ ਸੀ। ਬਾਕੀ ਰਹੇ ਬਰੀਕ ਟਾਂਗਰ ਨੂੰ ਛੱਜਲੀਆਂ ਨਾਲ ਉਡਾ ਕੇ ਦਾਣੇ ਕੱਢ ਲੈਂਦੇ ਸਨ। ਜੇਕਰ ਸਰ੍ਹੋਂ ਤੇ ਤਾਰੇਮੀਰੇ ਦੀ ਥੋੜ੍ਹੀ ਫ਼ਸਲ ਹੁੰਦੀ ਸੀ ਤਾਂ ਉਸ ਨੂੰ ਸੋਟੀਆਂ ਨਾਲ ਕੁੱਟ ਕੇ ਤੇ ਤੰਗਲੀਆਂ ਨਾਲ ਫੋਲ ਫੋਲ ਕੇ, ਛੱਜਲੀ ਨਾਲ ਉਡਾ ਕੇ ਕੱਢ ਲੈਂਦੇ ਸਨ।

ਕਣਕ, ਛੋਲੇ ਤੇ ਜੌਂ ਦੀਆਂ ਫ਼ਸਲਾਂ ਜਦ ਖਲ੍ਹੀਆਂ ਵਿਚ ਲੱਗੀਆਂ ਸੁੱਕ ਜਾਂਦੀਆਂ ਸਨ, ਤਾਂ ਇਨ੍ਹਾਂ ਨੂੰ ਪਿੜ ਵਿਚ ਢੋਅ ਲੈਂਦੇ ਸਨ। ਫੇਰ ਇਨ੍ਹਾਂ ਨੂੰ ਗਾਹਣ ਲਈ ਪੈਲੀ ਪਾਈ ਜਾਂਦੀ ਸੀ। ਪੈਲੀ ਪਾਉਣ ਸਮੇਂ ਸਲਘ ਤੇ ਜੱਟ ਦੀ ਵਰਤੋਂ ਕੀਤੀ ਜਾਂਦੀ ਸੀ। ਸਲਘ ਤੇ ਜੱਟ ਵਿਚ ਦੋ ਸੁੱਤਾ ਹੋਣ ਕਰਕੇ ਲਾਣ ਖਿੱਚਣਾ ਸੌਖਾ ਹੁੰਦਾ ਸੀ। ਇਨ੍ਹਾਂ ਦੀ ਗ੍ਰਿਫ਼ਤ ਵਿਚ ਲਾਣ ਆ ਵੀ ਬਹੁਤ ਜਾਂਦਾ ਸੀ। ਲਾਣ ਧੂਹਣਾ ਵੀ ਸੌਖਾ ਹੁੰਦਾ ਸੀ। ਪਾਈ ਪੈਲੀ ਨੂੰ ਫਲ੍ਹਿਆਂ ਨਾਲ ਗਾਹਿਆ ਜਾਂਦਾ ਸੀ। ਜਦ ਪੈਲੀ ਦਾ ਉਪਰਲਾ ਹਿੱਸਾ ਕੁਝ ਬਰੀਕ ਹੋ ਜਾਂਦਾ ਸੀ ਤਾਂ ਤੰਗਲੀ, ਚਾਰ ਸੁੱਤੇ, ਸਲਘ ਤੇ ਜੱਟ



ਨਾਲ ਕਈ ਬੰਦੇ ਪੈਲੀ ਨੂੰ ਫੋਲਦੇ ਸਨ। ਪੈਲੀ ਫੋਲਣ ਨਾਲ ਪੈਲੀ ਦਾ ਹੇਠਲਾ ਮੋਟਾ ਲਾਣ ਉਪਰ ਆ ਜਾਂਦਾ ਸੀ। ਫੇਰ ਪੈਲੀ ਨੂੰ ਫਲ੍ਹਿਆਂ ਨਾਲ ਗਾਹ ਕੇ ਬਰੀਕ ਹੋਈ ਨੂੰ ਤੰਗਲੀਆਂ ਤੇ ਚਾਰ ਸੁੱਤੇ ਨਾਲ 'ਕੱਠੀ ਕਰਕੇ ਧੜ੍ਹ ਲਾਈ ਜਾਂਦੀ ਸੀ। ਧੜ੍ਹ ਨੂੰ ਤੰਗਲੀਆਂ ਨਾਲ ਉਡਾ ਕੇ ਦਾਣੇ ਕੱਢ ਲਏ ਜਾਂਦੇ ਸਨ। ਫੇਰ ਛਜਲੀਆਂ ਨਾਲ ਦਾਣਿਆਂ ਦਾ ਬੋਹਲ ਬਣਾਇਆ ਜਾਂਦਾ ਸੀ। ਤੂੜੀ ਦੀ ਤੰਗਲੀਆਂ ਨਾਲ ਧੜ੍ਹ ਲਾ ਦਿੰਦੇ ਸਨ। ਤੂੜੀ ਦੀਆਂ ਤੰਗਲੀ/ਚਾਰ ਸੁੱਤੇ ਨਾਲ ਖੇਸਾਂ ਵਿਚ ਪੰਡਾਂ ਪਾ ਕੇ ਘਰੀਂ ਢੋਅ ਲੈਂਦੇ ਸਨ।

ਛੋਲਿਆਂ ਦੀ ਫ਼ਸਲ ਨੂੰ ਬਲਦਾਂ ਨਾਲ ਗਾਹਿਆ ਜਾਂਦਾ ਸੀ। ਜੇਕਰ ਫ਼ਸਲ ਥੋੜ੍ਹੀ ਹੁੰਦੀ ਸੀ ਤਾਂ ਆਮ ਤੌਰ ਤੇ ਸੋਟਿਆਂ ਨਾਲ ਕੁੱਟ ਕੇ ਕੱਢਿਆ ਜਾਂਦਾ ਸੀ। ਫੇਰ ਟਾਂਗਰ ਨੂੰ ਤੰਗਲੀ/ਚਾਰ ਸੁੱਤੇ ਨਾਲ ਹਿਲਾ ਹਿਲਾ ਕੇ ਇਕ ਪਾਸੇ ਕਰ ਦਿੰਦੇ ਸਨ। ਬਾਕੀ ਰਹੇ ਸੈਂਡ ਨੂੰ ਬਲਦਾਂ ਦੇ ਖੁਰਾਂ ਨਾਲ ਜਾਂ ਸੋਟਿਆਂ ਨਾਲ ਕੁੱਟ ਕੇ ਕੱਢਿਆ ਜਾਂਦਾ ਸੀ। ਫੇਰ ਛੱਜਲੀਆਂ ਨਾਲ ਉਡਾ ਕੇ ਦਾਣੇ ਕੱਢ ਲੈਂਦੇ ਸਨ। ਤੂੜੀ, ਛੋਲਿਆਂ ਦਾ ਟਾਂਗਰ ਪਸ਼ੂਆਂ ਦੀ ਖ਼ੁਰਾਕ ਹੈ। ਤੰਗਲੀ/ਚਾਰ ਸੁੱਤੇ ਨਾਲ ਤੂੜੀ ਨੂੰ ਟੋਕਰਿਆਂ ਵਿਚ ਪਾ ਕੇ ਹੀ ਪਸ਼ੂਆਂ ਦੀ ਖੁਰਲੀ ਵਿਚ ਪਾਉਂਦੇ ਸਨ। ਏਸ ਤਰ੍ਹਾਂ ਤੰਗਲੀ, ਚਾਰ ਸੁੱਤੇ, ਸਲਘ ਤੇ ਜੱਟ ਸੰਦਾਂ ਦੀ ਵਰਤੋਂ ਹੁੰਦੀ ਸੀ।

ਹੁਣ ਮੈਂ ਤੁਹਾਨੂੰ ਇਨ੍ਹਾਂ ਸਾਰਿਆਂ ਦੀ ਬਣਤਰ ਬਾਰੇ ਦੱਸਣ ਲੱਗਿਆ ਹਾਂ। ਤੰਗਲੀ, ਚਾਰ ਸੁੱਤੇ ਤੇ ਸਲਘ ਵਿਚ ਲੱਗੀ ਚਾਰ ਕੁ ਫੁੱਟ ਲੱਕੜ ਨੂੰ ਹੱਥਾ ਕਹਿੰਦੇ ਸਨ। ਤੰਗਲੀ ਵਿਚ ਆਮ ਤੌਰ ਤੇ ਲੋਹੇ ਦੀਆਂ ਸੁੱਤਾਂ ਹੀ ਲੱਗੀਆਂ ਹੁੰਦੀਆਂ ਸਨ। ਕੋਈ ਕੋਈ ਤੰਗਲੀ ਲੱਕੜ ਦੀਆਂ ਸੁੱਤਾਂ ਨਾਲ ਵੀ ਬਣੀ ਹੁੰਦੀ ਸੀ। ਲੱਕੜ ਦੀਆਂ ਸੁੱਤਾਂ ਦੀ ਬਣਤਰ ਵੀ ਲੋਹੇ ਦੀਆ ਸੁੱਤਾਂ ਦੀ ਤਰ੍ਹਾਂ ਹੀ ਹੁੰਦੀ ਸੀ। ਤੰਗਲੀ ਦੀਆਂ ਸੁੱਤਾਂ ਦੀ ਗਿਣਤੀ ਸੱਤ ਹੀ ਹੁੰਦੀ ਸੀ। ਚਾਰ ਸੁੱਤੇ ਵਿਚ ਚਾਰ ਸੁੱਤਾਂ ਹੁੰਦੀਆਂ ਸਨ। ਸੁੱਤਾ ਦੀ ਲੰਬਾਈ ਤੇ ਬਣਤਰ ਬਾਰੇ ਮੈਂ ਉਪਰ ਪਹਿਲਾਂ ਹੀ ਦੱਸ ਆਇਆ ਹਾਂ। ਕਈ ਇਲਾਕਿਆਂ ਵਿਚ ਸੁੱਤਾਂ ਨੂੰ ਸਿੰਗੜ ਵੀ ਕਹਿੰਦੇ ਸਨ।

ਇਨ੍ਹਾਂ ਸੁੱਤਾਂ ਨੂੰ ਪਹਿਲਾਂ ਤਾਂ ਸੁੱਤਾਂ ਦੇ ਪਿਛਲੇ ਪਾਸੇ ਵਿਚਕਾਰ ਜਿਹੇ ਲੋਹੇ ਦੀ ਇੰਚ ਕੁ ਦੀ ਪੱਤੀ ਲਾ ਕੇ ਆਪਸ ਵਿਚ ਇਸ ਤਰ੍ਹਾਂ ਜੋੜਿਆ ਜਾਂਦਾ ਸੀ ਕਿ ਇਸ ਦੇ ਅਗਲੇ ਹਿੱਸੇ ਦੀ ਚੌੜਾਈ 15 ਕੁ ਇੰਚ ਰਹਿ ਜਾਵੇ। ਜਿਉਂ ਜਿਉਂ ਪਿਛੇ ਨੂੰ ਆਵੇ, ਤਿਉਂ ਤਿਉਂ ਘਟਦੀ ਜਾਵੇ। ਅਖੀਰ ਤੇ ਆ ਕੇ ਸੱਤੇ/ਚਾਰ ਸੁੱਤਾਂ ਇਕ ਥਾਂ 'ਕੱਠੀਆਂ ਹੋ ਜਾਣ। ਫੇਰ ਸੁੱਤਾਂ ਦੇ ਅਖੀਰਲੇ ਹਿੱਸੇ ਨੂੰ ਤੰਗਲੀ/ਚਾਰ ਸੁੱਤੇ ਦੇ ਹੱਥੇ ਦੇ ਹੇਠਲੇ ਹਿੱਸੇ ਨਾਲ ਚੰਗੀ ਤਰ੍ਹਾਂ ਪੱਤੀਆਂ ਲਾ ਕੇ ਫਿਟ ਕੀਤਾ ਜਾਂਦਾ ਸੀ। ਇਹ ਸੀ ਤੰਗਲੀ/ਚਾਰ ਸੁੱਤੇ ਦੀ ਬਣਤਰ। ਹੁਣ ਰਹੀ ਸਲਘ ਤੇ ਜੱਟ ਦੀ ਬਣਤਰ। ਸਲਘ ਦਾ ਹੱਥਾ ਵੀ ਚਾਰ



Academy of the Punjab in North America: http://www.apnaorg.com

ਕੁ ਫੁੱਟ ਦਾ ਹੁੰਦਾ ਸੀ। ਸਲਘ ਦੀਆਂ ਸੁੱਤਾਂ 2 ਕੁ ਫੁਟ ਦੀਆਂ ਹੁੰਦੀਆਂ ਸਨ, ਪਰ ਹੁੰਦੀਆਂ ਸਨ ਲੱਕੜ ਦੀਆਂ। ਸੁੱਤਾਂ ਦੇ ਅਖ਼ੀਰਲੇ ਹਿੱਸੇ ਦੇ ਵਿਚ ਹੱਥੇ ਦਾ ਹੇਠਲਾ ਹਿੱਸਾ ਪਾ ਕੇ ਲੋਹੇ ਦੀ ਪੱਤੀ ਲਾ ਕੇ ਚੰਗੀ ਤਰ੍ਹਾਂ ਫਿੱਟ ਕੀਤਾ ਜਾਂਦਾ ਸੀ। ਇਸ ਤਰ੍ਹਾਂ ਸਲਘ ਦੀਆਂ ਸੁੱਤਾਂ ਦੀ ਅਗਲੇ ਹਿੱਸੇ ਦੀ ਚੌੜਾਈ ਅੱਠ ਕੁਇੰਚ ਰਹਿ ਜਾਂਦੀ ਸੀ। ਕਈ ਸਲਘਾਂ ਅੱਗੇ ਇਕ ਤੀਜੀ ਸੁੱਤ/ਸਿੰਗੜ ਵੀ ਲਾਇਆ ਹੁੰਦਾ ਸੀ, ਜਿਸ ਨੂੰ ਬਘਿਆੜਾ ਕਹਿੰਦੇ ਸਨ। ਇਹ ਸਲਘ ਲਾਗਾ ਉੱਚਾ ਸਿੱਟਣ ਲਈ ਵਰਤੀ ਜਾਂਦੀ ਸੀ।

ਹੁਣ ਆਉਂਦੇ ਹਾਂ ਜੱਟ ਵੱਲ। ਜੱਟ ਦਾ ਹੱਥਾ ਵੀ ਚਾਰ ਕੁ ਫੁੱਟ ਦਾ ਹੁੰਦਾ ਸੀ। ਸੁੱਤਾਂ ਏਸ ਦੀਆਂ ਵੀ ਦੋ ਕੁ ਫੁੱਟ ਦੀਆਂ ਹੁੰਦੀਆਂ ਸਨ,ਪਰ ਹੁੰਦੀਆਂ ਸਨ ਲੱਕੜ ਦੀਆਂ। ਇਨ੍ਹਾਂ ਸੁੱਤਾਂ ਨੂੰ ਹੱਥੇ ਨਾਲ ਸਿੱਧਾ ਨਹੀਂ ਜੋੜਿਆ ਜਾਂਦਾ ਸੀ, ਸਗੋਂ 60 ਡਿਗਰੀ ਦੇ ਲੈਵਲ ਦੇ ਨੇੜੇ ਤੇੜੇ ਜੋੜਿਆ ਜਾਂਦਾ ਸੀ। ਸੁੱਤਾਂ ਦੇ ਵਿਚਕਾਰ ਜਿਹੇ ਲੱਕੜ ਦਾ ਇਕ ਛੋਟਾ ਜਿਹਾ ਗੁਟਕਾ ਲਾ ਕੇ, ਉਸ ਗੁਟਕੇ ਵਿਚੋਂ ਦੀ ਦੋਵੇਂ ਪਾਸੇ ਲੋਹੇ ਦੀਆਂ ਪੱਤੀਆਂ ਲਾ ਕੇ ਹੱਥੇ ਨਾਲ ਤਿਰਛੀਆਂ ਜੋੜੀਆਂ ਜਾਂਦੀਆਂ ਸਨ। ਹੱਥੇ ਨਾਲ ਲੱਗੀਆਂ ਇਹ ਪੱਤੀਆਂ ਹੀ ਜੱਟ ਦੀ ਮਜ਼ਬੂਤੀ ਬਣਦੀ ਸੀ। ਏਸ ਮਜ਼ਬੂਤੀ ਕਰਕੇ ਹੀ ਜੱਟ ਬਹੁਤ ਸਾਰੇ, ਕਣਕ, ਛੋਲੇ, ਸਰ੍ਹੋਂ, ਤਾਰੇਮੀਰੇ ਆਦਿ ਦੇ ਲਾਣ ਨੂੰ ਖਿੱਚ ਲੈਂਦਾ ਸੀ, ਧੂਹ ਲੈਂਦਾ ਸੀ।

ਇਹ ਹੈ ਤੰਗਲੀ, ਚਾਰ ਸੁੱਤੇ, ਸਲਘ ਤੇ ਜੱਟ ਦੀ ਬਣਤਰ ਤੇ ਕਰਤਵ।

ਹੁਣ ਸਾਰੀ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਹੈ। ਏਸ ਲਈ ਤੰਗਲੀ, ਚਾਰ ਸੁੱਤੇ, ਸਲਘ ਤੇ ਜੱਟ ਜਿਹੇ ਸੰਦਾਂ ਦੀ ਵਰਤੋਂ ਨਾਂ-ਮਾਤਰ ਹੀ ਰਹਿ ਗਈ ਹੈ।

ਤੰਗਲੀ ਸ਼ਬਦ ਦੀ ਵਰਤੋਂ ਕਈ ਵੇਰ ਅਸੀਂ ਖੇਤੀ ਤੋਂ ਬਿਨਾਂ ਦੂਸਰੇ ਸਮਾਜਿਕ ਵਰਤ ਵਰਤਾਵੇ ਵਿਚ ਵੀ ਕਰ ਲੈਂਦੇ ਹਾਂ। ਜੇਕਰ ਕਿਸੇ ਬੰਦੇ ਦੀ ਉਸ ਦੇ ਕਾਰੋਬਾਰ ਵਿਚੋਂ ਆਮਦਨ ਨਿੱਤ ਦਿਨ ਵਧਦੀ ਰਹੇ ਤਾਂ ਉਸ ਬੰਦੇ ਬਾਰੇ ਕਿਹਾ ਜਾਂਦਾ ਹੈ, "ਉਹ ਤਾਂ ਤੰਗਲੀ ਨਾਲ ਨੋਟ 'ਕੱਠੇ ਕਰਦਾ ਹੈ।' ਜੇਕਰ ਕਿਸੇ ਨੂੰ ਆਪਣੇ ਬਜ਼ੁਰਗਾਂ ਵਲੋਂ ਕਮਾਈ ਹੋਈ ਰਾਸ਼ੀ ਮਿਲ ਜਾਵੇ, ਆਪ ਉਹ ਬੰਦਾ ਕੋਈ ਕੰਮ ਨਾ ਕਰੇ, ਖ਼ਰਚਾ ਖੁੱਲ੍ਹਾ ਕਰੇ ਤਾਂ ਉਸ ਬੰਦੇ ਬਾਰੇ ਕਿਹਾ ਜਾਂਦਾ ਹੈ, 'ਉਹ ਤਾਂ ਤੰਗਲੀ ਨਾਲ ਪੈਸੇ ਉਡਾ ਰਿਹਾ ਹੈ। ਉਸ ਨੇ ਤਾਂ ਪੈਸਿਆਂ ਨੂੰ ਤੰਗਲੀ ਲਾਈ ਹੋਈ ਹੈ।'

0

## ਛੱਜ, ਛਜਲੀ

ਕੋਈ ਸਮਾਂ ਸੀ, ਜਦ ਛੱਜ ਤੇ ਛਜਲੀ ਹਰ ਘਰ ਦੀ ਇਕ ਜ਼ਰੂਰੀ ਵਸਤ ਹੁੰਦੀ ਸੀ। ਇਨ੍ਹਾਂ ਤੋਂ ਬਿਨਾਂ ਨਾ ਘਰ ਦਾ ਅਤੇ ਨਾ ਖੇਤੀ ਦਾ ਗੁਜ਼ਾਰਾ ਹੁੰਦਾ ਸੀ। ਛੱਜ ਦੀ ਵਰਤੋਂ ਘਰਾਂ ਵਿਚ ਹੁੰਦੀ ਸੀ ਤੇ ਛਜਲੀ ਦੀ ਵਰਤੋਂ ਪਿੜਾਂ ਵਿਚ ਦਾਣੇ ਕੱਢਣ ਤੇ



ਬੋਹਲ ਬਣਾਉਣ ਵਿਚ ਹੁੰਦੀ ਸੀ। ਛੱਜ ਦੀ ਮਹੱਤਤਾ ਕਰਕੇ ਅਖਾਣ ਹੈ -

"ਛੱਜ ਨਾ ਬੁਹਾਰੀ, ਕਾਹਦੀ ਭਠਿਆਰੀ।"

ਪਹਿਲੇ ਸਮਿਆਂ ਵਿਚ ਜਦ ਆਟਾ ਪਿਹਾਉਣ ਲਈ ਕਣਕ, ਮੱਕੀ ਤਿਆਰ ਕੀਤੀ ਜਾਂਦੀ ਸੀ, ਜਿਸ ਨੂੰ ਪੀਹਣ ਬਣਾਉਣਾ ਵੀ ਕਹਿੰਦੇ ਸਨ, ਕਣਕ, ਮੱਕੀ ਨੂੰ ਛੱਜ ਨਾਲ ਛੰਡ ਕੇ ਜੋ ਡੱਕੇ, ਘੁੰਡੀ ਤੇ ਹੋਰ ਨਿੱਕ-ਸੁੱਕ ਹੁੰਦਾ ਸੀ, ਬਾਹਰ ਕੱਢਿਆ ਜਾਂਦਾ ਸੀ। ਲਓ, ਛੰਡਣ ਤੇ ਮੈਨੂੰ ਇਕ ਮੁਹਾਵਰਾ ਚੇਤੇ ਆ ਗਿਆ -

"ਛੱਜ ਵਿਚ ਪਾ ਕੇ ਛੰਡਣਾ।"





ਇਸ ਦਾ ਮਤਲਬ ਕਿਸੇ ਨੂੰ ਖੁਲ੍ਹਮ-ਖੁੱਲ੍ਹਾ ਬਦਨਾਮ ਕਰਨਾ ਹੁੰਦਾ ਹੈ। ਏਸੇ ਤਰ੍ਹਾਂ ਘਰਾਂ ਵਿਚ ਦਾਲਾਂ ਨੂੰ ਛੱਜ ਨਾਲ ਛੰਡ ਕੇ, ਸਾਫ਼ ਕਰਕੇ, ਰੱਖਣ ਦਾ ਰਿਵਾਜ ਸੀ। ਘਰ ਵਿਚ ਜਦ ਮੁੰਡਾ ਜੰਮਦਾ ਸੀ ਤਾਂ ਦਾਈ ਨੂੰ ਦਾਣਿਆਂ ਦਾ ਛੱਜ ਭਰ ਕੇ ਤੇ ਉਸ ਉਪਰ ਗੁੜ ਦੀ ਭੇਲੀ ਰੱਖ ਕੇ ਦੇਣ ਦਾ ਰਿਵਾਜ ਸੀ। ਨਾਨਕ ਛੱਕ ਵੇਲੇ ਜੋ ਗਹਿਣੇ, ਟੂੰਮਾਂ, ਤਕਾਦਾ ਪਾਇਆ ਜਾਂਦਾ ਸੀ, ਉਸ ਨੂੰ ਵੀ ਛੱਜ ਵਿਚ ਰੱਖ ਕੇ ਦਿਖਾਉਣ ਦਾ ਰਿਵਾਜ ਸੀ। ਜੇ ਕਿਸੇ ਲੜਕੀ ਨੂੰ ਵਿਆਹ ਵਿਚ ਜ਼ਿਆਦਾ ਗਹਿਣੇ, ਟੂੰਮਾਂ ਪਾਈਆਂ ਜਾਂਦੀਆਂ ਸਨ, ਤਾਂ ਵੀ ਕਿਹਾ ਜਾਂਦਾ ਸੀ -

'ਫਲਾਂ ਕੁੜੀ ਨੂੰ ਛੱਜ ਭਰ ਟੂੰਮਾਂ ਪਾਈਆਂ ਗਈਆਂ ਹਨ।"

ਜੇ ਕਿਸੇ ਕੁੜੀ ਨੂੰ ਦਾਜ ਵਿਚ ਗਹਿਣੇ ਪੂਰੇ ਮਿਲ ਜਾਂਦੇ ਸਨ, ਪਰ ਪਤੀ ਉਸ ਦੀ ਪਸੰਦ ਦਾ ਨਹੀਂ ਹੁੰਦਾ ਸੀ ਤਾਂ ਉਸ ਦੇ ਮੂੰਹੋਂ ਆਪ ਮੁਹਾਰੇ ਇਹ ਬੋਲ ਨਿਕਲਦੇ ਸਨ-



Academy of the Punjab in North America: http://www.apnaorg.com

"ਛੱਜ ਭਰਿਆ ਅਰਬੀ ਦਾ
ਅੱਗ ਲਾਵਾਂ ਗਹਿਣਿਆਂ ਨੂੰ
ਮੁੰਡਾ ਮਿਲਿਆ ਨਾ ਮਰਜ਼ੀ ਦਾ।"

ਛੱਜ ਨਾਲ ਕਈ ਮੁਹਾਵਰੇ ਵੀ ਜੁੜੇ ਹੋਏ ਹਨ ਜਿਵੇਂ 'ਛੱਜ ਛੱਜ ਅੱਥਰੂ ਕੇਰਨਾ', ਬਹੁਤ ਰੋਣਾ, 'ਛੱਜ ਛੱਜ ਭਰ ਲੀਰਾਂ ਲਮਕਣਾ' ਬਹੁਤੀ ਗਰੀਬੀ ਹੋਣਾ, 'ਛੱਜੀਂ ਬੁੱਕੀਂ ਕਮਾਉਣਾ' ਬਹੁਤੀ ਕਮਾਈ ਕਰਨ ਨੂੰ ਕਹਿੰਦੇ ਹਨ। ਛੱਜ ਨਾਲ ਅਖਾਣ ਵੀ ਜੁੜੇ ਹੋਏ ਹਨ –

'ਛੱਜ ਤਾਂ ਬੋਲੇ, ਛਾਨਣੀ ਕੀ ਬੋਲੇ, ਜਿਸ ਵਿਚ ਨੌਂ ਸੌ ਛੇਕ।'

ਜਿਸ ਦਾ ਮਤਲਬ ਹੈ ਇਕ ਮਾੜੇ ਆਦਮੀ ਨੂੰ ਕਿਸੇ ਚੰਗੇ ਪੁਰਸ਼, ਭਲੇ ਪੁਰਸ਼ ਦੇ ਔਗੁਣ ਦੱਸਣ ਦਾ ਕੋਈ ਹੱਕ ਨਹੀਂ ਹੁੰਦਾ। ਜਦ ਝਗੜਾ ਕਰਨ ਵਾਲੀਆਂ, ਲੜਨ ਵਾਲੀਆਂ ਦੋਹਾਂ ਧਿਰਾਂ ਨੂੰ ਫਿਟਕਾਰ ਪਾਉਣੀ ਹੋਵੇ ਤਾਂ ਕਿਹਾ ਜਾਂਦਾ ਹੈ–

'ਛੱਜ ਭਰਿਆ ਤੋਹਾਂ ਦਾ, ਫਿੱਟੇ ਮੂੰਹ ਦੋਹਾਂ ਦਾ।'

ਏਸ ਤਰ੍ਹਾਂ ਛੱਜ ਦੀ ਸਾਡੀ ਨਿੱਤ ਦੀ ਜ਼ਿੰਦਗੀ ਵਿਚ ਕਿਤੇ ਨਾ ਕਿਤੇ ਵਰਤੋਂ ਹੁੰਦੀ ਰਹਿੰਦੀ ਹੈ। ਛੱਜ ਨਾਲ ਸਾਡੇ ਬਹੁਤ ਸਾਰੇ ਲੋਕ ਗੀਤ ਵੀ ਜੁੜੇ ਹੋਏ ਹਨ। ਜਦ ਨਾਨਕੀਆਂ, ਨਾਨਕ ਛੱਕ ਲੈ ਕੇ ਵਿਆਹਾਂ ਤੇ ਪਹੁੰਚਦੀਆਂ ਹੁੰਦੀਆਂ ਸਨ ਤਾਂ ਨਾਨਕਾ ਮੇਲ ਪਿੰਡ ਵੜਦਾ ਹੀ ਗਲੀਆਂ ਵਿਚ ਬੈਠੇ ਬੁੜੇ, ਗਭਰੂਆਂ, ਜਿਸ ਵਿਚ ਬਹੁਤੇ ਛੜੇ ਹੁੰਦੇ ਸਨ, ਬੋਲੀਆਂ ਪਾਉਂਦੀਆਂ ਹੋਈਆਂ, ਠਿੱਠ ਕਰਦੀਆਂ ਹੋਈਆਂ ਵਿਆਹ ਵਾਲੇ ਘਰ ਪਹੁੰਚਦੀਆਂ ਸਨ। ਦਾਦਕੀਆਂ ਪਹਿਲਾਂ ਹੀ ਨਾਨਕੇ ਮੇਲ ਦੀ ਉਡੀਕ ਵਿਚ ਘਰ ਵਿਚ ਬੈਠੀਆਂ ਹੁੰਦੀਆਂ ਸਨ। ਜਦ ਨਾਨਕੀਆਂ, ਦਾਦਕੀਆਂ ਨੂੰ ਨਿੰਦਣ, ਚੋਭਾਂ ਲਾਉਣ ਤੋਂ ਨਹੀਂ ਹਟਦੀਆਂ ਸਨ ਤਾਂ ਦਾਦਕੀਆਂ ਵੀ ਨਾਨਕੀਆਂ ਨਾਲ ਦੋ ਹੱਥ ਕਰਨ ਲਈ ਆਪਣਾ ਮੋਰਚਾ ਖੋਲ੍ਹ ਦਿੰਦੀਆਂ ਸਨ। ਸਭ ਤੋਂ ਪਹਿਲਾਂ ਤਾਂ ਉਹ ਪੋਲਾ ਜਿਹਾ ਵਾਰ ਕਰਦੀਆਂ ਹੁੰਦੀਆਂ ਸਨ–

ਚੰਦ ਉਹਲੇ ਚਾਨਣੀ,
ਪਰਾਤ ਓਹਲੇ ਛੱਜ ਓਇ।
ਨਾਨਕਿਆਂ ਦਾ ਮੇਲ ਆਇਆ,
ਗਾਉਣ ਦਾ ਨਾ ਚੱਜ ਉਇ।

ਦਾਦਕੀਆਂ ਦਾ ਅਗਲਾ ਥੋੜ੍ਹਾ ਜਿਹਾ ਸੇਕ ਲਾਉਣ ਵਾਲਾ ਵਾਰ ਹੁੰਦਾ ਸੀ–

ਛੱਜ ਓਹਲੇ ਛਾਨਣੀ,
ਪਰਾਤ ਓਹਲੇ ਤਵਾ ਓਇ।
ਨਾਨਕਿਆਂ ਦਾ ਮੇਲ ਆਇਆ,



ਸੂਰੀਆਂ ਦਾ ਰਵਾ ਓਇ।

ਦਾਦਕੀਆਂ ਨੂੰ ਨਾਨਕੀਆਂ ਨੇ ਐਨਾ ਜਿੱਚ ਕੀਤਾ ਹੁੰਦਾ ਸੀ ਕਿ ਉਹ ਵੀ ਫੇਰ ਇੱਟ ਦਾ ਜਵਾਬ ਪੱਥਰ ਨਾਲ ਦਿੰਦੀਆਂ ਕਹਿੰਦੀਆਂ ਸਨ–

ਛੱਜ ਓਹਲੇ ਛਾਨਣੀ,
ਪਰਾਤ ਓਹਲੇ ਗੁੱਛੀਆਂ,
ਨਾਨਕਿਆਂ ਦਾ ਮੇਲ ਆਇਆ,
ਸੱਭੇ ਰੰਨਾਂ ਲੁੱਚੀਆਂ।

ਵਿਆਹਾਂ ਵਿਚ ਇਹ ਮਿੱਠੀ ਮਿੱਠੀ, ਥੋੜ੍ਹੀ ਕਰਾਰੀ ਕਰਾਰੀ ਨੋਕ ਝੋਕ ਨਾਨਕੀਆਂ ਤੇ ਦਾਦਕੀਆਂ ਵਿਚ ਚਲਦੀ ਰਹਿੰਦੀ ਸੀ। ਜਾਗੋ ਕੱਢਣ ਤੋਂ ਬਾਅਦ ਨਾਨਕੀਆਂ ਛੱਜ ਕੁੱਟਦੀਆਂ ਸਨ। ਘੁੰਗਰੂਆਂ ਵਾਲੇ ਡੰਡੇ ਨਾਲ ਨਾਲੇ ਛੱਜ ਕੁੱਟੀ ਜਾਂਦੀਆਂ ਸਨ, ਨਾਲੇ ਗੀਤ ਗਾਈ ਜਾਂਦੀਆਂ ਸਨ–

ਤੋੜ ਦਿਓ ਨੀ,
ਇਸ ਭਾਗਾਂ ਵਾਲੇ ਛੱਜ ਨੂੰ ਤੋੜ ਦਿਓ।

ਛੱਜ ਨੂੰ ਕੁੱਟ ਕੁੱਟ ਕੇ ਤੀਲਾ ਤੀਲਾ ਕਰ ਦਿੰਦੀਆਂ ਸਨ। ਇਹ ਤਾਂ ਹੋਇਆ ਛੱਜ ਬਾਰੇ।

ਹੁਣ ਛਜਲੀ ਦੀ ਗੱਲ ਕਰਦੇ ਹਾਂ। ਛਜਲੀ ਦਾ ਨਾਂ ਸੁਣ ਕੇ ਤਾਂ ਲਗਦਾ ਹੈ ਕਿ ਛਜਲੀ ਛੱਜ ਨਾਲੋਂ ਛੋਟੀ ਹੋਣੀ ਚਾਹੀਦੀ ਹੈ, ਪਰ ਹੁੰਦੀ ਛੱਜ ਨਾਲੋਂ ਵੱਡੀ ਹੈ। ਛੱਜ ਨਾਲੋਂ ਦੁੱਗਣੀ ਦੇ ਲੱਗਭੱਗ। ਤੰਗਲੀ ਨਾਲ ਜਦ ਗਾਹੀ ਹੋਈ ਫ਼ਸਲ ਦੀਆਂ ਧੜਾਂ ਨੂੰ ਉਡਾ ਕੇ ਤੂੜੀ ਵੱਖ ਤੇ ਦਾਣੇ ਵੱਖ ਕਰ ਦਿੱਤੇ ਜਾਂਦੇ ਸਨ ਤਾਂ ਉਨ੍ਹਾਂ ਦਾਣਿਆਂ ਵਿਚ ਮੋਟੀਆਂ ਘੁੰਡੀਆਂ ਰਹਿ ਜਾਂਦੀਆਂ ਸਨ। ਇਨ੍ਹਾਂ ਘੁੰਡੀਆਂ ਰਹੇ ਦਾਣਿਆਂ ਨੂੰ ਸੈਂਡ ਕਿਹਾ ਜਾਂਦਾ ਸੀ। ਸੈਂਡ ਨੂੰ ਫੇਰ ਬਲਦਾਂ ਦੇ ਖੁਰਾਂ ਨਾਲ ਗਾਹਿਆ ਜਾਂਦਾ ਸੀ। ਗਾਹੁਣ ਤੋਂ ਬਾਅਦ ਸੈਂਡ ਨੂੰ ਛਜਲੀਆਂ ਵਿਚ ਭਰ ਕੇ ਉਡਾ ਕੇ ਬੋਹਲ ਬਣਾਏ ਜਾਂਦੇ ਸਨ। ਏਸ ਤਰ੍ਹਾਂ ਛਜਲੀ ਬੋਹਲ ਬਣਾਉਣ ਦੇ ਕੰਮ ਆਉਂਦੀ ਸੀ।

ਹੁਣ ਮੈਂ ਤੁਹਾਨੂੰ ਛੱਜ ਤੇ ਛਜਲੀ ਕਿਵੇਂ ਬਣਦੇ ਸਨ, ਉਹ ਦੱਸਣ ਜਾ ਰਿਹਾ ਹਾਂ। ਛੱਜ ਬਣਾਉਣ ਲਈ ਸਲਵਾੜ ਦੇ ਕਾਨਿਆਂ ਦੀਆਂ ਤੀਲਾਂ, ਜਿਸ ਵਿਚ ਬੰਬੂ ਨਿਕਲੇ ਹੁੰਦੇ ਹਨ, ਕਾਨਿਆਂ ਨਾਲੋਂ ਤੋੜੀਆਂ ਜਾਂਦੀਆਂ ਹਨ। ਇਨ੍ਹਾਂ ਤੀਲਾਂ ਨੂੰ ਧਰਤੀ ਤੇ ਦੋ ਤੋਂ ਢਾਈ ਫੁੱਟ ਲੰਮੀ, ਦੋ ਕੁ ਫੁੱਟ ਚੌੜੀ ਸਿਰਕੀ ਬਣਾ ਕੇ ਇਕ ਦੂਜੀ ਨਾਲ ਪੱਠੇ ਦੀ ਵਰਤੋਂ ਕਰਕੇ ਗੁੰਦਿਆ ਜਾਂਦਾ ਹੈ, ਨਗੰਦਿਆ ਜਾਂਦਾ ਹੈ। ਪੱਠਾ ਕੀ ਹੁੰਦਾ ਹੈ? ਇਸ ਨੂੰ ਤੁਸੀਂ ਨਹੀਂ ਸਮਝੋਗੇ? ਮੁਰਦੇ ਗੋਕੇ (ਗਾਂ, ਬਲਦ, ਵੱਛੀ, ਵਹਿੜਕੇ ਨੂੰ ਗੋਕਾ ਕਹਿੰਦੇ ਹਨ) ਦੀ ਪਿੱਠ ਦੇ ਦੋਵੇਂ ਪਾਸਿਆਂ ਤੋਂ ਲੰਮੀਆਂ ਨਾੜਾਂ ਕੱਢੀਆਂ



Academy of the Punjab in North America: http://www.apnaorg.com

ਜਾਂਦੀਆਂ ਸਨ। ਇਨ੍ਹਾਂ ਲੰਮੀਆਂ ਨਾੜਾਂ ਦੇ ਕਈ ਕਈ ਹਿੱਸੇ ਬਣਾ ਕੇ ਸੁਕਾ ਲਏ ਜਾਂਦੇ ਸਨ। ਇਨ੍ਹਾਂ ਸੁੱਕੀਆਂ ਨਾੜਾਂ ਨੂੰ ਪੱਠਾ ਕਹਿੰਦੇ ਸਨ। ਇਹ ਬਹੁਤ ਮਜ਼ਬੂਤ ਹੁੰਦੀਆਂ ਸਨ। ਛੱਜ ਟੁੱਟ ਜਾਂਦਾ ਸੀ, ਪਰ ਪੱਠੇ ਨਹੀਂ ਟੁੱਟਦੇ ਸਨ।

ਬਣੀ ਹੋਈ ਸਿਰਕੀ ਦੇ ਲੰਮੇ ਲੋਟ ਇਕ ਸਿਰੇ ਤੇ ਪੰਜ ਛੇ ਸਲਵਾੜ ਦੇ ਕਾਨੇ ਪੱਠੇ ਨਾਲ ਬੰਨ੍ਹ ਦਿੱਤੇ ਜਾਂਦੇ ਸਨ। ਇਨ੍ਹਾਂ ਬੰਨ੍ਹੇ ਗਏ ਕਾਨਿਆਂ ਤੋਂ ਛੇ ਕੁ ਇੰਚ ਤੇ 90 ਡਿਗਰੀ ਦਾ ਭੰਨ ਪਾ ਦਿੱਤਾ ਜਾਂਦਾ ਸੀ। ਏਸ ਦੇ ਦੂਸਰੇ ਸਿਰੇ ਤੇ ਉਪਰ ਹੇਠਾਂ ਚਾਰ ਚਾਰ ਪੰਜ ਪੰਜ ਤੀਲਾਂ ਬੰਨ੍ਹ ਦਿੱਤੀਆਂ ਜਾਂਦੀਆਂ ਸਨ। ਜਿਸ ਨਾਲ ਛੱਜ ਦਾ ਅਗਲਾ ਹਿੱਸਾ ਵੀ ਮਜ਼ਬੂਤ ਹੋ ਜਾਂਦਾ ਸੀ। ਏਸ ਤਰ੍ਹਾਂ ਹੀ ਲੰਮੇ ਲੋਟ ਦੇ ਹੇਠਲੇ ਹਿੱਸੇ ਤੇ ਦੋ ਤਿੰਨ ਥਾਵਾਂ ਤੇ ਤਿੰਨ-ਤਿੰਨ, ਚਾਰ-ਚਾਰ ਕਾਨੇ ਜਾਂ ਕਾਨਿਆਂ ਦੀ ਥਾਂ ਬਾਂਸ ਦੀਆਂ ਫੱਟੀਆਂ/ਫਾਕੜਾਂ ਬੰਨ੍ਹ ਦਿੰਦੇ ਸਨ ਤਾਂ ਜੋ ਛੱਜ ਵਰਤਣ ਸਮੇਂ ਲਿਚਕੇ ਨਾ, ਮਜ਼ਬੂਤ ਰਹੇ। ਲੰਮੇ ਲੋਟ ਦੇ ਦੋਵੇਂ ਸਿਰਿਆਂ ਨੂੰ ਥੋੜ੍ਹੀ ਥੋੜ੍ਹੀ ਗੁਲਾਈ ਦਿੱਤੀ ਜਾਂਦੀ ਸੀ। ਇਹ ਗੁਲਾਈ ਹੀ ਛੰਡਣ ਸਮੇਂ ਦਾਨਿਆਂ ਨੂੰ ਛੱਜ ਤੋਂ ਬਾਹਰ ਨਹੀਂ ਜਾਣ ਦਿੰਦੀ ਸੀ। ਇਸ ਤਰ੍ਹਾਂ ਛੱਜ ਬਣਦਾ ਸੀ। ਛਜਲੀ ਵੀ ਏਸੇ ਤਰ੍ਹਾਂ ਬਣਾਈ ਜਾਂਦੀ ਸੀ। ਛਜਲੀ ਛੱਜ ਨਾਲੋਂ ਤਕਰੀਬਨ ਦੁੱਗਣੇ ਕੁ ਆਕਾਰ ਦੀ ਹੁੰਦੀ ਸੀ। ਛਜਲੀ ਦੇ ਹੇਠਾਂ ਛੱਜ ਨਾਲੋਂ ਜ਼ਿਆਦਾ ਥਾਵਾਂ ਤੇ ਕਾਨੇ/ਬਾਂਸ ਦੀਆਂ ਫਾਕੜਾਂ ਲਾਈਆਂ ਜਾਂਦੀਆਂ ਸਨ, ਕਿਉਂ ਜੋ ਛਜਲੀ ਵਿਚ ਜ਼ਿਆਦਾ ਦਾਨੇ ਪਾ ਕੇ ਉਡਾਈ ਕੀਤੀ ਜਾਂਦੀ ਸੀ। ਛਜਲੀਆਂ ਨੂੰ ਟੁੱਟਣ ਤੋਂ ਬਚਾਉਣ ਲਈ ਛਜਲੀ ਦੇ ਪਿਛਲੇ ਭੰਨਾਂ ਤੇ ਅਗਲੇ ਹਿੱਸੇ ’ਤੇ ਚੰਮ ਜਾਂ ਸਾਈਕਲ ਦੇ ਟਾਇਰਾਂ ਦੇ ਟੁਕੜੇ ਵੀ ਲਾ ਲੈਂਦੇ ਸਨ। ਹੁਣ ਛਜਲੀਆਂ ਨੂੰ ਪੱਠੇ ਨਾਲ ਗੁੰਦਣ/ਨਗੰਦਣ ਦੀ ਥਾਂ ਪਲਾਸਟਿਕ ਦੀਆਂ ਤਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਹੁਣ ਘਰਾਂ ਵਿਚ ਛੱਜ ਦੀ ਵਰਤੋਂ ਦਿਨੋ ਦਿਨ ਘਟਦੀ ਜਾਂਦੀ ਹੈ। ਫਸਲਾਂ ਦੀ ਵਾਢੀ ਤੇ ਕਢਾਈ ਹੁਣ ਹਾਰਵੈਸਟਿੰਗ ਕੰਬਾਈਨਾਂ ਨਾਲ ਕੀਤੀ ਜਾਂਦੀ ਹੈ। ਇਸ ਲਈ ਦਾਨੇ ਕੱਢਣ ਲਈ ਛਜਲੀ ਦੀ ਵਰਤੋਂ ਵੀ ਹੁਣ ਨਾਮਾਤਰ ਹੀ ਰਹਿ ਗਈ ਹੈ।

0

## ਬੋਹਲ ਬਣਾਉਣੇ

ਕਣਕ, ਜੌਂ, ਛੋਲਿਆਂ, ਸਰ੍ਹੋਂ, ਤਾਰਾਮੀਰਾ, ਮੋਠ, ਮੂੰਗੀ ਆਦਿ ਦੀ ਗਾਹੀ ਹੋਈ ਫ਼ਸਲ ਵਿਚੋਂ ਤੰਗਲੀਆਂ ਨਾਲ ਉਡਾਈ ਕਰ ਕੇ ਤੂੜੀ ਅੱਡ ਕੱਢ ਕੇ ਤੇ ਰਹਿੰਦੇ ਘੁੰਡੀਆਂ ਵਾਲੇ ਦਾਨਿਆਂ ਨੂੰ ਛਜਲੀਆਂ ਨਾਲ ਉਡਾਈ ਕਰਨ ਦੇ ਪਿਛੋਂ ਬਣੇ ਦਾਨਿਆਂ ਦੇ ਢੇਰ ਨੂੰ ਬੋਹਲ ਕਹਿੰਦੇ ਸਨ/ਹਨ। ਪੰਜਾਬ ਵਿਚ ਪਹਿਲਾਂ ਸਾਰੀ ਦੀ ਸਾਰੀ ਖੇਤੀ ਬਾਰਸ਼ਾਂ ’ਤੇ ਨਿਰਭਰ ਹੁੰਦੀ ਸੀ। ਬਾਰਸ਼ਾਂ ਪਵਾਉਣ ਲਈ ਲੋਕੀਂ ਰੱਬ



ਦੀਆਂ ਮਿੰਨਤਾਂ ਕਰਦੇ ਹੁੰਦੇ ਸਨ -

ਰੱਬਾ ਰੱਬਾ ਮੀਂਹ ਵਸਾ,
ਸਾਡੀ ਕੋਠੀ ਦਾਣੇ ਪਾ।

ਉਸ ਸਮੇਂ ਲੋਕਾਂ ਕੋਲ ਤਰਕ ਨਹੀਂ ਸੀ। ਏਸ ਲਈ ਮੀਂਹ ਪਵਾਉਣ ਲਈ ਲੋਕ ਮਿੱਠੇ ਚੌਲਾਂ ਦਾ ਜੱਗ ਕਰਦੇ ਹੁੰਦੇ ਸਨ। ਕੁੜੀਆਂ ’ਕੱਠੀਆਂ ਹੋ ਕੇ ਗੁੱਡੀ ਫੂਕਦੀਆਂ ਹੁੰਦੀਆਂ ਸਨ। ਗੁੜ ਦੀਆਂ ਮਿੱਠੀਆਂ ਰੋਟੀਆਂ ਬਣਾ ਕੇ ਵੰਡਦੀਆਂ ਹੁੰਦੀਆਂ ਸਨ ਤਾਂ ਜੋ ਰੱਬ ਖ਼ੁਸ਼ ਹੋ ਕੇ ਮੀਂਹ ਪਾਵੇ। ਉਨ੍ਹਾਂ ਸਮਿਆਂ ਵਿਚ ਜ਼ਿਮੀਂਦਾਰ ਮੋਟੇ ਅਨਾਜ ਜੁਆਰ, ਬਾਜਰਾ, ਛੋਲੇ, ਜੌਂ, ਮੂੰਗੀ, ਮੋਠ ਥੋੜੀ ਬਹੁਤੀ ਕਣਕ, ਮੱਕੀ ਤੇ ਕਪਾਹ ਬੀਜਦੇ ਸਨ। ਸਾਰੀ ਖੇਤੀ ਬਲਦਾਂ ਨਾਲ ਕੀਤੀ ਜਾਂਦੀ ਸੀ। ਆਮ ਤੌਰ ’ਤੇ ਸਾਲ ਵਿਚ ਇਕ ਹੀ ਫ਼ਸਲ ਹੁੰਦੀ ਸੀ। ਬਹੁਤੀਆਂ ਜ਼ਮੀਨਾਂ ਗ਼ੈਰ ਆਬਾਦ ਹੀ ਪਈਆਂ ਹੁੰਦੀਆਂ ਸਨ। ਇਨ੍ਹਾਂ ਗ਼ੈਰ ਆਬਾਦ ਜ਼ਮੀਨਾਂ ਵਿਚ ਕਈ ਕਿਸਮ ਦੇ ਨਦੀਨ ਜਿਵੇਂ ਭੱਖੜਾ, ਭੱਛਰਾ, ਪੋਲ੍ਹੀ, ਅਲੇਹਾ ਆਮ ਹੁੰਦੇ ਸਨ। ਭੱਖੜੇ ਦੇ ਕੰਡੇ ਸਭ ਤੋਂ ਜ਼ਿਆਦਾ ਔਖੇ ਕਰਦੇ ਹੁੰਦੇ ਹਨ। ਕੱਚੇ ਰਾਹ ਹੁੰਦੇ ਸਨ। ਲੋਕੀਂ ਜ਼ਿਆਦਾ ਨੰਗੇ ਪੈਰੀਂ ਸਫ਼ਰ ਕਰਦੇ ਸਨ। ਨੰਗੇ ਪੈਰੀਂ ਤੁਰਨ ਕਰ ਕੇ ਕਈ ਵੇਰ ਭੱਖੜੇ ਦੇ ਕੰਡੇ ਪੈਰਾਂ ਨੂੰ ਛਲਣੀ ਕਰ ਦਿੰਦੇ ਸਨ। ਕਈ ਸੱਜ-ਵਿਆਹੀਆਂ ਭੱਖੜੇ ਦੇ ਕੰਡਿਆਂ ਤੋਂ ਦੁਖੀ ਹੋ ਕੇ ਆਪਣੇ ਪਤੀਆਂ ਨੂੰ ਕਹਿ ਉਠਦੀਆਂ ਸਨ -

ਗੋਦੀ ਚੁੱਕ ਲੈ ਨਣਦ ਦਿਆ ਵੀਰਾ,
ਪੈਰ ਖਾ ਲਏ ਭੱਖੜੇ ਨੇ।



ਮੈਂ ਲੇਖ ਦੇ ਵਿਸ਼ੇ ਤੋਂ ਥੋੜ੍ਹਾ ਪਾਸੇ ਚਲਿਆ ਗਿਆ ਹਾਂ। ਅਸਲ ਵਿਸ਼ੇ ਵੱਲ ਆਉਂਦਾ ਹਾਂ। ਹੌਲੀ ਹੌਲੀ ਲੋਕਾਂ ਦੀ ਸੂਝ ਵਧੀ। ਕਈ ਪਰਿਵਾਰਾਂ ਨੇ ਰਲ ਕੇ ਖੂਹ



Academy of the Punjab in North America: http://www.apnaorg.com

ਲਾਉਣੇ ਸ਼ੁਰੂ ਕੀਤੇ। ਪਹਿਲਾਂ ਖੂਹਾਂ ਵਿਚੋਂ ਚਰਸਾਂ/ਕੋਹਾਂ ਰਾਹੀਂ ਪਾਣੀ ਕੱਢ ਕੇ ਥੋੜ੍ਹੀ ਥੋੜ੍ਹੀ ਜ਼ਮੀਨ ਨੂੰ ਪਾਣੀ ਲਾਉਣਾ ਸ਼ੁਰੂ ਕੀਤਾ। ਕੋਹਾਂ ਦੀ ਥਾਂ ਫੇਰ ਖੂਹਾਂ ਵਿਚ ਹਲਟ ਲੱਗੇ, ਜਿਸ ਕਰਕੇ ਬਹੁਤੀਆਂ ਜ਼ਮੀਨਾਂ ਨੂੰ ਪਾਣੀ ਲਾਇਆ ਜਾਣ ਲੱਗਿਆ। ਫ਼ਸਲਾਂ ਚੰਗੀਆਂ ਹੋਣ ਲੱਗੀਆਂ। ਉਨ੍ਹਾਂ ਸਮਿਆਂ ਵਿਚ ਸਾਰੀ ਦੀ ਸਾਰੀ ਖੇਤੀ ਹੱਥੀਂ ਕੀਤੀ ਜਾਂਦੀ ਸੀ। ਕਣਕ, ਜੌਂ, ਛੋਲੇ, ਸਰ੍ਹੋਂ ਵੱਢ ਕੇ ਖੇਤਾਂ ਵਿਚ ਹੀ ਖਲ੍ਹੀਆਂ ਲਾ ਦਿੰਦੇ ਸਨ। ਖਲ੍ਹੀਆਂ ਨੂੰ ਕਈ ਇਲਾਕਿਆਂ ਵਿਚ ਮੰਡਲੀਆਂ ਵੀ ਕਹਿੰਦੇ ਸਨ। ਜਦ ਖਲ੍ਹੀਆਂ ਵਿਚ ਲੱਗੀ ਫ਼ਸਲ ਸੁੱਕ ਜਾਂਦੀ ਸੀ ਤਾਂ ਖਲ੍ਹੀਆਂ ਨੂੰ ਪਿੰਡ ਦੇ ਨੇੜੇ ਸ਼ਾਮਲਾਟ ਜ਼ਮੀਨਾਂ ਵਿਚ ਜਾਂ ਜਿਨ੍ਹਾਂ ਦੇ ਖੇਤ ਪਿੰਡ ਦੇ ਨੇੜੇ ਹੁੰਦੇ ਸਨ, ਗੱਡਿਆਂ ਰਾਹੀਂ ਢੋ ਕੇ ਪਿੜ੍ਹ ਪਾਏ ਜਾਂਦੇ ਸਨ। ਜਿਥੇ ਪਿੜ੍ਹ ਪਾਉਣਾ ਹੁੰਦਾ ਸੀ, ਪਹਿਲਾਂ ਉਸ ਜ਼ਮੀਨ ਵਿਚੋਂ ਕਹੀਆਂ, ਖੁਰਪਿਆਂ ਨਾਲ ਘਾਹ, ਫੂਸ ਤੇ ਫ਼ਸਲ ਦੇ ਕਰਚਿਆਂ ਨੂੰ ਚੰਗੀ ਤਰ੍ਹਾਂ ਸਾਫ਼ ਕਰਦੇ ਸਨ, ਫੇਰ ਉਸ ਥਾਂ ਤੇ ਉਠੀ ਮਿੱਟੀ ਨੂੰ ਪਾਣੀ ਛਿੜਕ ਕੇ ਜਮਾਇਆ ਜਾਂਦਾ ਸੀ।

ਫ਼ਸਲ ਨੂੰ ਫਲ੍ਹਿਆਂ ਨਾਲ ਗਾਹਿਆ ਜਾਂਦਾ ਸੀ। ਗਾਹੀ ਹੋਈ ਫ਼ਸਲ ਦੀਆਂ ਧੜਾਂ ਲਾਈਆਂ ਜਾਂਦੀਆਂ ਸਨ। ਧੜਾਂ ਦੀ ਤੰਗਲੀਆਂ ਨਾਲ ਉਡਾਈ ਕੀਤੀ ਜਾਂਦੀ ਸੀ। ਉਡਾਈ ਨਾਲ ਤੂੜੀ ਵੱਖ ਅਤੇ ਦਾਣੇ ਵੱਖ ਹੋ ਜਾਂਦੇ ਸਨ, ਪਰ ਇਨ੍ਹਾਂ ਦਾਣਿਆਂ ਵਿਚ ਮੋਟੀਆਂ ਘੁੰਡੀਆਂ ਰਹਿ ਜਾਂਦੀਆਂ ਸਨ। ਇਨ੍ਹਾਂ ਮੋਟੀਆਂ ਘੁੰਡੀਆਂ ਵਾਲੀ ਕਣਕ, ਜੌਂ ਅਤੇ ਛੋਲਿਆਂ ਦੀ ਫ਼ਸਲ ਨੂੰ ਬਲਦਾਂ ਦੇ ਖੁਰਾਂ ਨਾਲ ਹੀ ਫੇਰ ਗਾਹਿਆ ਜਾਂਦਾ ਸੀ। ਫਲ੍ਹੇ ਨਹੀਂ ਪਾਏ ਜਾਦੇ ਸਨ। ਜਿਥੇ ਬੋਹਲ ਬਣਾਉਣੇ ਹੁੰਦੇ ਸਨ, ਉਸ ਥਾਂ ਤੇ ਪਾਣੀ ਛਿੜਕਿਆ ਜਾਂਦਾ ਸੀ ਤਾਂ ਜੋ ਬੋਹਲ ਵਿਚ ਮਿੱਟੀ ਨਾ ਰਲ ਸਕੇ। ਘੁੰਡੀਆਂ ਵਾਲੀ ਫ਼ਸਲ ਦੇ ਦਾਣਿਆਂ ਨੂੰ ਫੇਰ ਛਜਲੀਆਂ ਵਿਚ ਭਰ ਕੇ ਪਹਿਲਾਂ ਸਿਰ 'ਤੇ ਰੱਖਦੇ ਸਨ, ਫੇਰ ਦੋਨਾਂ ਹੱਥਾਂ ਨਾਲ ਛਜਲੀਆਂ ਨੂੰ ਸਿਰ ਤੋਂ ਉਪਰ ਚੁੱਕ ਕੇ, ਇਕ ਹੱਥ ਨੂੰ ਛਜਲੀ ਦੇ ਵਿਚਾਲੇ ਜਿਹੇ ਰੱਖ ਕੇ ਤੇ ਦੂਸਰੇ ਹੱਥ ਨੂੰ ਛਜਲੀ ਦੇ ਇਕ ਸਿਰੇ ਜਿਹੇ ਨਾਲ ਲਾ ਕੇ ਹਿਲਾਉਂਦੇ ਰਹਿੰਦੇ ਸਨ। ਹਵਾ ਨਾਲ ਦਾਣਿਆਂ ਵਿਚੋਂ ਕੁਝ ਘੁੰਡੀਆਂ ਬੋਹਲ ਦੇ ਉਪਰ ਡਿੱਗ ਪੈਂਦੀਆਂ ਸਨ, ਉਨ੍ਹਾਂ ਘੁੰਡੀਆਂ ਨੂੰ ਬੋਹਲ ਕੋਲ ਰੜਕਾ ਲਈ ਬੈਠਾ ਬੰਦਾ ਬੋਹਲ ਤੋਂ ਲਾਹੁੰਦਾ ਰਹਿੰਦਾ ਸੀ। ਏਸ ਤਰ੍ਹਾਂ ਸਾਰੀ ਫ਼ਸਲ ਦਾ ਬੋਹਲ ਬਣਾਉਂਦੇ ਸਨ।

ਜਦ ਚੀਜ਼ ਕਿਸੇ ਦੀ ਹੋਵੇ ਤੇ ਹੈਂਕੜ ਕੋਈ ਦੂਸਰਾ ਬੰਦਾ ਕਰੇ ਤਾਂ ਉਸ ਲਈ ਅਖਾਣ ਵਰਤਿਆ ਜਾਂਦਾ ਹੈ –

"ਬੋਹਲ ਸਾਈਆਂ ਦਾ ਤੇ ਹਾਵਾ ਚੂੜ੍ਹਿਆ ਦਾ।"

ਬੋਹਲ ਨੂੰ ਪਿਛੇ ਨੂੰ ਧੱਕਣ ਲਈ ਇਕ ਬੜਾ ਫੌੜਾ ਹੁੰਦਾ ਸੀ, ਜਿਸ ਨੂੰ



ਸੱਬਰਕੱਤਾ ਵੀ ਕਹਿੰਦੇ ਸਨ। ਅੱਜ ਦੀ ਪੀੜ੍ਹੀ ਸੱਬਰਕੱਤੇ ਨੂੰ ਵੀ ਨਹੀਂ ਸਮਝੇਗੀ। ਲੱਕੜ ਦੇ ਇਕ ਪੰਜ ਕੁ ਫੁੱਟ ਪਤਲੀ ਸੋਟੀ ਦੇ ਸਿਰੇ ਤੇ ਡੇਢ ਕੁ ਫੁੱਟ ਲੰਮਾ ਤੇ ਫੁੱਟ ਕੁ ਚੌੜੇ ਫੱਟੇ ਵਿਚ ਸੁਰਾਖ ਕੱਢ ਕੇ ਜੋੜੇ ਗਏ ਫੱਟੇ ਨੂੰ ਸੱਬਰਕੱਤਾ ਕਹਿੰਦੇ ਸਨ। ਫੱਟੇ ਦੇ ਪਿਛਲੇ ਪਾਸੇ ਸੋਟੀ ਵਿਚ ਫਾਲ ਲਾਈ ਜਾਂਦੀ ਸੀ, ਜਿਸ ਨੂੰ ਧਤੂਰੀ ਕਹਿੰਦੇ ਸਨ। ਏਸ ਸੱਬਰਕੱਤੇ/ਫੌੜੇ ਨੂੰ ਜੇ ਕਰ ਕਿਸੇ ਦੇ ਮਾਰਿਆ ਜਾਂਦਾ ਸੀ ਤਾਂ ਕੰਬਖਤੀ ਲਿਆ ਦਿੰਦਾ ਸੀ। ਏਸ ਦੀ ਸੱਟ ਬਹੁਤ ਭੈੜੀ ਮੰਨੀ ਜਾਂਦੀ ਸੀ। ਲੱਗਦੇ ਹੱਥ ਫੌੜੇ ਸਬੰਧੀ ਇਕ ਲੋਕ ਗੀਤ ਵੀ ਸੁਣ ਲਵੋ –

ਜੇ ਜੱਟ ਬਿਗੜ ਗਿਆ,<br>
ਢੋਹੀ ਤੋੜ ਦਿਊਂ,<br>
ਮਾਰ ਕੇ ਚਾਰ ਕੁ ਫੌੜੇ।

ਫੌੜਾ ਪਸ਼ੂਆਂ ਦੇ ਗੋਹੇ ਨੂੰ ਪਿੱਛੇ ਹਟਾਉਣ ਲਈ ਵੀ ਕੰਮ ਆਉਂਦਾ ਸੀ।

ਜਦ ਬੋਹਲ ਬਣ ਜਾਂਦਾ ਸੀ ਤਾਂ ਉਸ ਨੂੰ ਸਾਰੇ ਪਾਸਿਆਂ ਤੋਂ ਸੱਬਰਕੱਤ ਨਾਲ ਉਪਰ ਨੂੰ ਕੀਤਾ ਜਾਂਦਾ ਸੀ। ਬੋਹਲ ਦਾ ਹੇਠਲਾ ਆਕਾਰ ਜ਼ਿਆਦਾ ਹੁੰਦਾ ਸੀ। ਜਿਉਂ ਜਿਉਂ ਉਪਰ ਨੂੰ ਹੁੰਦਾ ਜਾਂਦਾ ਸੀ, ਇਹ ਆਕਾਰ ਘਟਦਾ ਜਾਂਦਾ ਸੀ। ਬੋਹਲ ਨੂੰ ਉਪਰ ਤੋਂ ਥੋੜ੍ਹਾ ਪੱਧਰਾ ਕੀਤਾ ਜਾਂਦਾ ਸੀ। ਜਦ ਬੋਹਲ ਬਣ ਜਾਂਦਾ ਸੀ ਤਾਂ ਬੋਹਲ ਦੇ ਨਾਲ ਛਜਲੀਆਂ, ਤੰਗਲੀਆਂ, ਸੱਬਰਕੱਤਾ, ਰੜਕਾ ਅਤੇ ਹੋਰ ਦਾਣੇ ਕੱਢਣ ਵਾਲੇ ਸੰਦ ਰੱਖਣ ਦਾ ਸ਼ਗਨ ਵੀ ਹੁੰਦਾ ਸੀ। ਜੇਕਰ ਬੋਹਲ ਉਸ ਸਮੇਂ ਹੀ ਘਰ ਢੋਣਾ ਹੁੰਦਾ ਸੀ ਤਾਂ ਸਭ ਤੋਂ ਪਹਿਲਾਂ ਸ਼ਰਧਾ ਅਨੁਸਾਰ, ਵਿਤ ਅਨੁਸਾਰ ਕੁਝ ਦਾਣੇ ਪਿੰਡ ਦੇ ਗੁਰੂਦੁਆਰੇ, ਕੁਟੀਆ ਜਾਂ ਪਰਿਵਾਰ ਜਿਸ ਥਾਂ ਦੀ ਮਾਣਤਾ ਕਰਦਾ ਹੁੰਦਾ ਸੀ, ਲਈ ਕੱਢ ਕੇ ਇਕ ਪਾਸੇ ਰੱਖੇ ਜਾਂਦੇ ਸਨ। ਇਹ ਦਾਣੇ ਬੋਹਲ ਚੁੱਕਣ ਤੋਂ ਪਹਿਲਾਂ ਜਾਂ ਪਿਛੋਂ ਇਨ੍ਹਾਂ ਥਾਵਾਂ 'ਤੇ ਪਹੁੰਚਾ ਦਿੱਤੇ ਜਾਂਦੇ ਸਨ। ਫੇਰ ਬੋਹਲ ਨੂੰ ਪੰਡਾਂ ਬੰਨ੍ਹ ਕੇ ਸਿਰ ਤੇ ਜਾਂ ਗੱਡਿਆਂ ਵਿਚ ਰੱਖ ਕੇ ਘਰ ਢੋ ਲਿਆ ਜਾਂਦਾ ਸੀ। ਜੇਕਰ ਬੋਹਲ ਬਣਾਉਂਦਿਆਂ ਦੇਰ ਹੋ ਜਾਂਦੀ ਸੀ ਤਾਂ ਬੋਹਲ ਨੂੰ ਪੱਟੀਆਂ ਅਤੇ ਦੋਲਿਆਂ ਨਾਲ ਢੱਕ ਦਿੱਤਾ ਜਾਂਦਾ ਸੀ। ਬੋਹਲ ਦੇ ਉਪਰ ਅਤੇ ਨਾਲ ਇਕ ਦੋ ਬੰਦੇ ਰਾਖੀ ਲਈ ਪੈਂਦੇ ਹੁੰਦੇ ਸਨ। ਫੇਰ ਸਵੇਰੇ ਉੱਠ ਕੇ ਬੋਹਲ ਨੂੰ ਘਰ ਢੋ ਲਿਆ ਜਾਂਦਾ ਸੀ।

ਜਿਨ੍ਹਾਂ ਜਿਮੀਂਦਾਰਾਂ ਨੇ ਸੀਰੀ ਰੱਖੇ ਹੁੰਦੇ ਸਨ, ਉਨ੍ਹਾਂ ਸੀਰੀਆਂ ਨੂੰ ਹੋਈ ਫ਼ਸਲ ਵਿਚੋਂ ਕੁਝ ਹਿੱਸਾ ਦੇਣਾ ਕੀਤਾ ਹੁੰਦਾ ਸੀ। ਉਹ ਜ਼ਿਮੀਂਦਾਰ ਪਿੜਾਂ ਵਿਚ ਹੀ ਬੋਹਲਾਂ ਨੂੰ ਬਾਣੀਏ ਤੋਂ ਤੁਲਵਾਉਂਦੇ ਸਨ ਜਾਂ ਪੀਪਿਆਂ ਨਾਲ ਬੋਹਲ ਦੀ ਮਿਣਤੀ ਕਰ ਕੇ ਸੀਰੀ ਦਾ ਬਣਦਾ ਹਿੱਸਾ ਪਿੜ ਵਿਚ ਹੀ ਦੇ ਦਿੰਦੇ ਸਨ।

ਉਨ੍ਹਾਂ ਸਮਿਆਂ ਵਿਚ ਫਸਲਾਂ ਦੇ ਭਾਅ ਬਹੁਤੇ ਚੰਗੇ ਨਹੀਂ ਹੁੰਦੇ ਸਨ। ਕਈ ਵੇਰ



Academy of the Punjab in North America: http://www.apnaorg.com

ਜ਼ਿਮੀਂਦਾਰ ਆਪਣਾ ਸਾਰਾ ਬੋਹਲ ਵੀ ਵੇਚ ਦਿੰਦੇ ਸਨ, ਪਰ ਫੇਰ ਵੀ ਥੋੜ੍ਹੇ ਜਿਹੇ ਪੈਸੇ ਹੀ ਜ਼ਿਮੀਂਦਾਰ ਦੇ ਵੱਟੇ ਜਾਂਦੇ ਸਨ। ਉਸ ਸਮੇਂ ਦਾ ਟੱਪਾ ਹੈ –

ਛਿਲਾਂ ਪੰਦਰਾਂ ਨਾ ਜੱਟ ਨੂੰ ਥਿਆਈਆਂ,
ਬੋਹਲ ਸਾਰਾ ਵੇਚ ਘੱਤਿਆ।

ਛਿਲਾਂ, ਪੈਸਿਆਂ ਨੂੰ ਕਿਹਾ ਜਾਂਦਾ ਸੀ। ਬੋਹਲ ਬਣਾਉਣ ਤੋਂ ਪਿਛੋਂ ਥੋੜ੍ਹੇ ਦਾਣੇ ਫੇਰ ਵੀ ਘੁੰਡੀਆਂ ਵਿਚ ਰਹਿ ਜਾਂਦੇ ਸਨ। ਇਨ੍ਹਾਂ ਘੁੰਡੀਆਂ ਨੂੰ ਫੇਰ ਬਲਦਾਂ ਦੇ ਖੁਰਾਂ ਨਾਲ ਹੀ ਗਾਹਿਆ ਜਾਂਦਾ ਸੀ। ਜਿਹੜੇ ਦਾਣੇ ਇਨ੍ਹਾਂ ਘੁੰਡੀਆਂ ਵਿਚੋਂ ਨਿਕਲਦੇ ਸਨ, ਉਨ੍ਹਾਂ ਦਾਣਿਆਂ ਨੂੰ ਗ਼ਰੀਬ ਗੁਰਬਿਆਂ ਵਿਚ ਮੁਫ਼ਤ ਵੰਡਣ ਲਈ ਪਿੰਡ ਵਿਚ ਹੋਕਾ ਦਿੱਤਾ ਜਾਂਦਾ ਸੀ। ਜਿਵੇਂ ਜਿਵੇਂ ਬੁੜੇ, ਬੁੜੀਆਂ, ਮੁੰਡੇ, ਕੁੜੀਆਂ ਆਈ ਜਾਂਦੇ ਸਨ, ਉਨ੍ਹਾਂ ਦੇ ਝੱਗਿਆਂ ਦੇ ਪੱਲਿਆਂ ਵਿਚ ਹੱਥਾਂ ਦੇ ਬੁੱਕਾਂ ਨਾਲ ਦਾਣੇ ਪਾਏ ਜਾਂਦੇ ਸਨ। ਇਨ੍ਹਾਂ ਦਾਣਿਆਂ ਦੀ ਵੰਡ ਨੂੰ ਗੀੜੀ ਵੰਡਣਾ ਕਹਿੰਦੇ ਸਨ। ਗੀੜੀ ਵੰਡਣਾ ਹਾੜ੍ਹੀ ਦੇ ਦਾਣੇ ਕੱਢਣ ਦੀ ਆਖ਼ਰੀ ਕੜੀ ਹੁੰਦੀ ਸੀ।

ਹੁਣ ਮੁੱਖ ਫ਼ਸਲਾਂ ਕਣਕ ਅਤੇ ਜੀਰੀ ਦੀਆਂ ਹਨ। ਸਾਰੀ ਖੇਤੀ ਦਾ ਮਸ਼ੀਨੀਕਰਨ ਹੋ ਚੁਕਿਆ ਹੈ। ਕਣਕ ਅਤੇ ਜੀਰੀ ਦੀ ਬਹੁਤੀ ਫ਼ਸਲ ਮਸ਼ੀਨਾਂ, ਕੰਬਾਈਨਾਂ ਨਾਲ ਕੱਢੀ ਜਾਂਦੀ ਹੈ। ਕੰਬਾਈਨ ਵਿਚੋਂ ਸਿਧੀ ਟਰਾਲੀ ਵਿਚ ਪਾਈ ਜਾਂਦੀ ਹੈ। ਜਿਹੜੀ ਕਣਕ ਥਰੈਸ਼ਰਾਂ ਨਾਲ ਕੱਢੀ ਜਾਂਦੀ ਹੈ, ਉਹ ਵੀ ਟਰਾਲੀਆਂ ਨਾਲ ਮੰਡੀ ਵੇਚਣ ਲਈ ਸਿੱਧੀ ਹੀ ਲੈ ਜਾਂਦੇ ਹਨ। ਜਿਹੜੀ ਜੀਰੀ ਹੱਥੀਂ ਵੱਢ ਕੇ ਕੱਢੀ ਜਾਂਦੀ ਹੈ, ਉਹ ਵੀ ਸਿੱਧੀ ਮੰਡੀ ਲੈ ਜਾਂਦੇ ਹਨ। ਛੋਲੇ ਪੰਜਾਬ ਵਿਚ ਹੋਣੋਂ ਹਟ ਗਏ ਹਨ। ਜੌਂ ਲੋਕੀਂ ਆਪ ਬੀਜਣੋਂ ਹਟ ਗਏ ਹਨ। ਪੰਜਾਬ ਵਿਚ ਕਣਕ ਅਤੇ ਹੋਰ ਕਿਸੇ ਵੀ ਫ਼ਸਲ ਦੀ ਹੁਣ ਕੋਈ ਵੀ ਫਲ੍ਹਿਆਂ ਨਾਲ ਗਾਹੀ ਨਹੀਂ ਕਰਦਾ। ਏਸ ਲਈ ਕਣਕ, ਛੋਲਿਆਂ ਅਤੇ ਜੌਆਂ ਦੇ ਬੋਹਲ ਕਿਥੋਂ ਬਣਨੇ ਹਨ? ਬੋਹਲ ਸ਼ਬਦ ਵੀ ਹੌਲੀ ਹੌਲੀ ਸਾਡੀ ਸ਼ਬਦਾਵਲੀ ਵਿਚੋਂ ਅਲੋਪ ਹੋ ਜਾਣਾ ਹੈ।

0

## ਤਿੰਗੜ

ਤਿੰਗੜ ਖੇਤੀ ਵਿਚ ਕੰਮ ਆਉਣ ਵਾਲੀ ਇਕ ਵਸਤ ਹੁੰਦੀ ਸੀ/ਹੈ। ਇਹ ਸਣ ਦੀ ਰੱਸੀ ਦੀ ਛੇਕਦਾਰ ਬਣੀ ਹੁੰਦੀ ਸੀ। ਇਹ ਆਮ ਤੌਰ 'ਤੇ 7/8 ਕੁ ਫੁੱਟ ਵਰਗਾਕਾਰ ਆਕਾਰ ਦੀ ਹੁੰਦੀ ਸੀ। ਇਸ ਤੋਂ ਛੋਟੇ ਆਕਾਰ ਦੀ ਵੀ ਹੁੰਦੀ ਸੀ, ਜਿਸ ਨੂੰ ਤਿੰਗੜੀ ਕਹਿੰਦੇ ਸਨ। ਇਸ ਦੇ ਚਾਰੇ ਕੋਨਿਆਂ ਤੇ 2/3 ਕੁ ਫੁੱਟ ਦੇ ਪਤਲੇ ਰੱਸੇ ਬੰਨ੍ਹੇ ਹੁੰਦੇ ਸਨ। ਇਸ ਦੀ ਵਰਤੋਂ ਪਸ਼ੂਆਂ ਦੇ ਪੱਠੇ ਊਠ ਤੇ ਲਿਆਉਣ ਸਮੇਂ ਜ਼ਿਆਦਾ ਕੀਤੀ ਜਾਂਦੀ ਸੀ। ਪੱਠਿਆਂ ਨੂੰ ਤਿੰਗੜ ਵਿਚ ਬੰਨ੍ਹ ਕੇ ਊਠ ਦੀ ਪਿੱਠ ਦੇ ਦੋਵੇਂ ਪਾਸੇ



ਲਟਕਾ ਦਿੰਦੇ ਸਨ। ਖੇਤਾਂ ਵਿਚੋਂ ਚੁਗੇ ਕਪਾਹ, ਨਰਮੇ ਦੀਆਂ ਪੰਡਾਂ ਨੂੰ ਤਿੰਗੜ ਵਿਚ ਬੰਨ੍ਹ ਕੇ ਊਠ ਦੇ ਉਪਰ ਦੋਵੇਂ ਪਾਸੇ ਲੱਦ ਕੇ ਲਿਆਉਂਦੇ ਹੁੰਦੇ ਸਨ। ਬਰਸੀਨ ਵੱਢ ਕੇ ਵੀ ਤਿੰਗੜ ਵਿਚ ਬੰਨ੍ਹ ਕੇ ਲਿਆਉਂਦੇ ਸਨ। ਪਹਿਲੇ ਸਮਿਆਂ ਵਿਚ ਕਪਾਹਾਂ ਵਿਚ ਪਸ਼ੂਆਂ ਲਈ ਗਾਜਰਾਂ ਬੀਜਦੇ ਸਨ। ਗਾਜਰਾਂ ਨੂੰ ਸੇਜਿਆ ਸਮੇਤ ਪੱਟ ਕੇ ਤਿੰਗੜ ਵਿਚ ਬੰਨ੍ਹ ਕੇ ਊਠਾਂ ਰਾਹੀਂ ਢੋਹਿਆ ਜਾਂਦਾ ਸੀ। ਖੇਤਾਂ ਵਿਚੋਂ ਜੋ ਹੋਰ ਕੱਖ, ਪੱਠਾ, ਖੱਬਲ ਆਦਿ ਨਿਕਲਦਾ ਸੀ, ਉਹ ਵੀ ਤਿੰਗੜ ਤਿੰਗੜੀਆਂ ਨਾਲ ਢੋਹਿਆ ਜਾਂਦਾ ਸੀ। ਗੱਲ ਕੀ, ਪਹਿਲੇ ਸਮਿਆਂ ਵਿਚ ਤਿੰਗੜ ਦੀ ਹਰ ਰੋਜ਼ ਵਰਤੋਂ ਹੁੰਦੀ ਸੀ।



ਕਈ ਤਿੰਗੜ ਵੱਡੇ ਆਕਾਰ ਦੇ ਬਣਾਏ ਜਾਂਦੇ ਸਨ। ਜਿਨ੍ਹਾਂ ਦੀ ਲੰਬਾਈ 16/18 ਫੁੱਟ ਤੱਕ ਤੇ ਚੌੜਾਈ 10/12 ਫੁੱਟ ਤੱਕ ਹੁੰਦੀ ਸੀ। ਇਨ੍ਹਾਂ ਤਿੰਗੜਾਂ ਨੂੰ ਤੂੜੀ ਦੀਆਂ ਧੜਾਂ ਤੇ ਦੇਣ ਲਈ ਵਰਤਿਆ ਜਾਂਦਾ ਸੀ ਤਾਂ ਜੋ ਤੇਜ ਨ੍ਹੇਰੀ ਵਿਚ ਤੂੜੀ ਉੱਡ ਨਾ ਜਾਵੇ।

ਅਸਮਾਨ ਵਿਚ ਇਕ ਜ਼ਿਆਦਾ ਚਮਕਣ ਵਾਲੇ ਤਿੰਨ ਤਾਰਿਆਂ ਦਾ ਸਮੂਹ ਹੈ, ਜਿਸ ਨੂੰ ਤਿੰਗੜ/ਤਿੰਗੜੀ ਕਹਿੰਦੇ ਹਨ। ਇਨ੍ਹਾਂ ਤਿੰਨਾਂ ਤਾਰਿਆਂ ਦੀ ਚਾਲ ਨੂੰ ਵੇਖ ਕੇ ਹੀ ਪਹਿਲੇ ਸਮਿਆਂ ਵਿਚ ਟਾਈਮ ਦਾ ਪਤਾ ਲਾਇਆ ਜਾਂਦਾ ਸੀ। ਆਮ ਤੌਰ ਤੇ ਇਨ੍ਹਾਂ ਤਿੰਗੜ ਤਾਰਿਆਂ ਨੂੰ ਵੇਖ ਕੇ ਹੀ ਪਹਿਰ ਦੇ ਤੜਕੇ ਉਠ ਕੇ ਲੋਕ ਖੇਤਾਂ ਵਿਚ ਹਲ਼ ਵਾਹੁਣ ਤੇ ਖੂਹ ਚਲਾਉਣ ਲਈ ਉਠਦੇ ਸਨ। ਉਨ੍ਹਾਂ ਸਮਿਆਂ ਵਿਚ ਪਿੰਡਾਂ ਵਿਚ ਘੜੀਆਂ ਅਤੇ ਘੰਟੇ (ਟਾਈਮ ਪੀਸ) ਅਜੇ ਨਹੀਂ ਪਹੁੰਚੇ ਸਨ।



Academy of the Punjab in North America: http://www.apnaorg.com

ਤਿੰਗੜ ਬਣਾਉਣ ਲਈ ਪਹਿਲਾਂ ਸਣ ਦੀ ਰੱਸੀ ਵੱਟੀ ਜਾਂਦੀ ਸੀ। ਵੱਟੀ ਰੱਸੀ ਦੇ ਲੱਛੇ ਬਣਾਏ ਜਾਂਦੇ ਸਨ। ਬਣੇ ਲੱਛਿਆਂ ਨੂੰ ਪਾਣੀ ਵਿਚ ਭਿਉਂ ਕੇ ਥਾਪੀ ਨਾਲ ਚੰਗੀ ਤਰ੍ਹਾਂ ਕੁੱਟ ਕੇ ਮੈਲ ਕੱਢੀ ਜਾਂਦੀ ਸੀ। ਥਾਪੀ ਨਾਲ ਰੱਸੀ ਨੂੰ ਕੁੱਟਣ ਨੂੰ ਰੱਸੀ ਚਿੱਪਣਾ ਕਹਿੰਦੇ ਸਨ। ਚਿੱਪੀ ਹੋਈ ਗਿੱਲੀ ਰੱਸੀ ਨੂੰ ਫੇਰ ਵੱਟ ਚਾੜ੍ਹਿਆ ਜਾਂਦਾ ਸੀ। ਵੱਟ ਚੜ੍ਹੀ ਰੱਸੀ ਨੂੰ ਕਪੜੇ ਨਾਲ ਸੂਤਾ ਫੇਰ ਕੇ ਪਾਣੀ ਕੱਢਿਆ ਜਾਂਦਾ ਸੀ। ਫੇਰ ਏਸ ਰੱਸੀ ਨੂੰ ਧੁੱਪੇ ਬੰਨ੍ਹ ਕੇ ਸੁਕਾਇਆ ਜਾਂਦਾ ਸੀ।

ਸੁੱਕੀ ਹੋਈ ਰੱਸੀ ਨੂੰ ਦੋ ਬੰਦੇ ਦੋ ਸਿਰਿਆਂ ਤੋਂ ਫੜ ਕੇ ਵੱਟ ਚਾੜ੍ਹੀ ਜਾਂਦੇ ਸਨ। ਤੀਸਰਾ ਬੰਦਾ ਤਿੰਗੜ ਦੇ ਜਿੰਨੇ ਜਿੰਨੇ ਇੰਚ ਦੇ ਛੇਕਦਾਰ ਡੱਬੇ ਬਣਾਉਣੇ ਹੁੰਦੇ ਸਨ, ਉਹ ਬਣਾਈ ਜਾਂਦਾ ਸੀ। ਏਸ ਤਰ੍ਹਾਂ ਤਿੰਗੜ ਬੁਣ ਕੇ ਮੁਕੰਮਲ ਕੀਤਾ ਜਾਂਦਾ ਸੀ। ਫੇਰ ਚਾਰੇ ਕੋਨਿਆਂ ਤੇ 2/3 ਕੁ ਫੁੱਟ ਪਤਲੇ ਰੱਸੇ ਬੰਨ੍ਹੇ ਜਾਂਦੇ ਸਨ। ਕਈ ਵੇਰ ਤਿੰਗੜ ਦੇ ਦੋ ਸਿਰਿਆਂ ਤੇ ਰੱਸੇ ਬੰਨ੍ਹੇ ਜਾਂਦੇ ਸਨ ਤੇ ਬਾਕੀ ਦੇ ਦੋ ਸਿਰਿਆਂ ਨਾਲ ਲੱਕੜ ਦੀ ਇਕ 120 ਡਿਗਰੀ ਤੱਕ ਮੁੜੀ ਹੋਈ ਗੁੱਲੀ ਬੰਨ੍ਹੀ ਜਾਂਦੀ ਸੀ। ਕਈ ਤਿੰਗੜਾਂ ਨਾਲ ਲੱਕੜ ਦੀਆਂ ਗੀਲਾਂ ਬੰਨ੍ਹੀਆਂ ਹੁੰਦੀਆਂ ਸਨ। ਇਨ੍ਹਾਂ ਲੱਕੜ ਦੀਆਂ ਗੀਲਾਂ/ਗੁੱਲੀਆਂ ਨਾਲ ਪੱਠਿਆਂ ਨੂੰ ਤਿੰਗੜਾਂ ਵਿਚ ਬੰਨ੍ਹਣਾ ਵੀ ਸੌਖਾ ਹੁੰਦਾ ਸੀ ਤੇ ਖੋਲ੍ਹਣਾ ਵੀ ਸੌਖਾ ਹੁੰਦਾ ਸੀ। ਇਹ ਸੀ ਤਿੰਗੜ ਦੀ ਬਣਤਰ।

ਹੁਣ ਊਂਠ ਹੀ ਪੰਜਾਬ ਵਿਚੋਂ ਅਲੋਪ ਹੋ ਗਏ ਹਨ। ਏਸ ਲਈ ਊਂਠਾਂ ਤੇ ਤਿੰਗੜ ਨਾਲ ਪੱਠੇ ਢੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪੱਠੇ ਹੁਣ ਜ਼ਿਮੀਂਦਾਰ ਜਾਂ ਤਾਂ ਇਕ ਬਲਦ ਵਾਲੀ ਰੇੜ੍ਹੀ ਨਾਲ ਢੋਂਦੇ ਹਨ ਜਾਂ ਟਰੈਕਟਰ ਟਰਾਲੀਆਂ ਨਾਲ। ਨਰਮਾ, ਕਪਾਹ ਦੀ ਢੁਆਈ ਵੀ ਟਰੈਕਟਰ ਟਰਾਲੀਆਂ ਨਾਲ ਕੀਤੀ ਜਾਂਦੀ ਹੈ। ਹੁਣ ਤਿੰਗੜ ਨਾਂ ਦੀ ਖੇਤੀ ਵਸਤ ਪੰਜਾਬ ਵਿਚੋਂ ਲੋਪ ਹੋ ਗਈ ਹੈ।

0

## ਗੁਲੇਲ-ਗੋਪੀਆ

ਸ਼ੁਰੂ ਵਿਚ ਜਦ ਜੰਗਲ ਪੱਟ ਕੇ ਜ਼ਮੀਨਾਂ ਆਬਾਦ ਕੀਤੀਆਂ ਜਾ ਰਹੀਆਂ ਸਨ, ਉਸ ਸਮੇਂ ਖੇਤੀ ਮੁੱਢਲੇ ਦੌਰ ਵਿਚ ਸੀ। ਥੋੜ੍ਹੀ ਜ਼ਮੀਨ ਆਬਾਦ ਹੋਣ ਕਰਕੇ ਥੋੜ੍ਹੀਆਂ ਥੋੜ੍ਹੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਸਨ। ਆਬਾਦੀ ਵੀ ਉਸ ਸਮੇਂ ਥੋੜ੍ਹੀ ਸੀ। ਖੇਤੀ ਉਸ ਸਮੇਂ ਸਾਰੀ ਬਾਰਸ਼ਾਂ ’ਤੇ ਨਿਰਭਰ ਹੁੰਦੀ ਸੀ। ਜੇਕਰ ਬਾਰਸ਼ਾਂ ਵੇਲੇ ਸਿਰ ਹੋ ਜਾਂਦੀਆਂ ਸਨ ਤਾਂ ਖਾਣ ਜੋਗੇ ਦਾਣੇ ਹੋ ਜਾਂਦੇ ਸਨ। ਜੇਕਰ ਵੇਲੇ ਸਿਰ ਬਾਰਸ਼ ਨਹੀਂ ਹੁੰਦੀ ਸੀ, ਤਾਂ ਕਾਲ ਪੈ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਫ਼ਸਲਾਂ ਦੀ ਜੰਗਲੀ ਜਾਨਵਰਾਂ, ਪਸ਼ੂ, ਪੰਛੀਆਂ ਤੋਂ ਰਾਖੀ ਕੀਤੀ ਜਾਂਦੀ ਸੀ। ਫ਼ਸਲਾਂ ਦਾ ਜ਼ਿਆਦਾ ਨੁਕਸਾਨ ਆਮ ਤੌਰ ’ਤੇ ਛੋਟੇ ਪੰਛੀ ਜਿਵੇਂ ਚਿੜੀਆਂ, ਤੋਤੇ, ਗੁਟਾਰਾਂ, ਕਾਂ, ਕਬੂਤਰ



ਅਤੇ ਏਸੇ ਤਰ੍ਹਾਂ ਦੇ ਹੋਰ ਛੋਟੇ ਜਾਨਵਰ ਕਰਦੇ ਹੁੰਦੇ ਸਨ। ਜੰਗਲੀ ਪਸ਼ੂ ਅਤੇ ਅਵਾਰਾ ਪਸ਼ੂ ਵੀ ਨੁਕਸਾਨ ਕਰ ਜਾਂਦੇ ਸਨ। ਮੁੱਖ ਫ਼ਸਲ ਉਨ੍ਹਾਂ ਸਮਿਆਂ ਵਿਚ ਬਾਜਰੇ ਦੀ ਹੁੰਦੀ ਸੀ। ਜੁਆਰ ਵੀ ਬੀਜੀ ਜਾਂਦੀ ਸੀ।



ਜਿਹੜੇ ਖੇਤ ਪਿੰਡ ਦੇ ਨੇੜੇ ਤੇ ਮੁੱਖ ਰਾਹਾਂ ਉਤੇ ਹੁੰਦੇ ਸਨ, ਉਨ੍ਹਾਂ ਖੇਤਾਂ ਦੀ ਆਵਾਰਾ ਪਸ਼ੂਆਂ ਤੋਂ ਰਾਖੀ ਜਾਂ ਤਾਂ ਬੜੀਆਂ ਬੜੀਆਂ ਝੜੀਹਾਂ ਪਾ ਕੇ ਕੀਤੀ ਜਾਂਦੀ ਸੀ ਜਾਂ ਬੇਰੀ, ਕਿੱਕਰ, ਜੰਡ ਆਦਿ ਦੀਆ ਛਿੰਗਾਂ ਦੀ ਵਾੜ ਕਰਕੇ ਕੀਤੀ ਜਾਂਦੀ ਸੀ। ਚਿੜੀਆਂ, ਜਨੌਰਾਂ ਤੋਂ ਫ਼ਸਲ ਦੀ ਰਾਖੀ ਲਈ ਬੀਜੀ ਫ਼ਸਲ ਦੇ ਵਿਚਾਲੇ ਮਨ੍ਹੇ ਬਣਾਏ ਜਾਂਦੇ ਸਨ। ਮਨ੍ਹੇ ਨੂੰ ਕਈ ਇਲਾਕਿਆਂ ਵਿਚ ਮਚਾਨ ਵੀ ਕਹਿੰਦੇ ਸਨ। ਅੱਜ ਦੀ ਪੀੜ੍ਹੀ ਮਨ੍ਹੇ ਕੀ ਹੁੰਦੇ ਸਨ? ਕਿਵੇਂ ਬਣਾਏ ਜਾਂਦੇ ਸਨ? ਇਹ ਵੀ ਨਹੀਂ ਜਾਣਦੀ। ਮਨ੍ਹਾ ਬਣਾਉਣ ਲਈ 10 ਕੁ ਫੁੱਟ ਲੰਮੀਆਂ ਲੱਕੜਾਂ, 8 ਕੁ ਫੁੱਟ ਇਕ ਦੂਜੇ ਤੋਂ ਫ਼ਾਸਲਾ ਛੱਡ ਕੇ ਚਾਰ ਕੋਨਿਆਂ ’ਤੇ ਗੱਡੀਆਂ ਜਾਂਦੀਆਂ ਸਨ। ਇਹ ਇਕ ਕਿਸਮ ਦਾ ਮੰਜੇ ਦੀ ਚੁਗਾਠ ਦਾ ਉੱਚਾ ਤੇ ਬੜਾ ਰੂਪ ਬਣ ਜਾਂਦਾ ਸੀ। ਏਸ ਬਣੇ ਫਰੇਮ ਉਪਰ ਥੋੜ੍ਹੇ ਥੋੜ੍ਹੇ ਫ਼ਾਸਲੇ ਤੇ ਕੁਝ ਹੋਰ ਲੱਕੜਾਂ ਬੰਨ੍ਹੀਆਂ ਜਾਂਦੀਆਂ ਸਨ। ਫੇਰ ਇਨ੍ਹਾਂ ਬੰਨ੍ਹੀਆਂ ਲੱਕੜਾਂ ਉਪਰ ਸਲਵਾੜ ਜਾਂ ਕਾਹੀ ਪਾ ਦਿੱਤੀ ਜਾਂਦੀ ਸੀ। ਏਸ ਤਰ੍ਹਾਂ ਮਨ੍ਹਾ ਬਣਦਾ ਸੀ। ਮਨ੍ਹੇ ਉਪਰ ਬੈਠਣ ਲਈ ਆਮ ਤੌਰ ਤੇ ਜੂਟ ਦੇ ਬਾਰਦਾਨੇ ਦੀਆਂ ਖਾਲੀ ਬੋਰੀਆਂ ਵਿਛਾਈਆਂ ਜਾਂਦੀਆਂ ਸਨ। ਧੁੱਪ ਤੋਂ ਬਚਣ ਲਈ ਮਨ੍ਹਿਆਂ ਉਪਰ ਆਮ ਤੌਰ ਤੇ ਤੂਤ ਦੀਆਂ ਛਿਟੀਆਂ ਨੂੰ ਗੁਲਾਈ ਵਿਚ ਬੰਨ੍ਹ ਕੇ ਉਸ ਉਪਰ ਕਪੜਾ



Academy of the Punjab in North America: http://www.apnaorg.com

ਪਾ ਕੇ ਛੱਤ ਬਣਾ ਲੈਂਦੇ ਸਨ।

ਖੇਤਾਂ ਵਿਚ ਡਰਨਾ ਗੱਡ ਕੇ ਵੀ ਫ਼ਸਲਾਂ ਦੀ ਰਾਖੀ ਕੀਤੀ ਜਾਂਦੀ ਸੀ। ਸੋਟੀਆਂ ਨਾਲ ਬੰਦੇ ਦਾ ਰੂਪ ਬਣਾ ਕੇ ਉਸ ਉਪਰ ਬੰਦੇ ਦੇ ਕੱਪੜੇ ਪਾ ਕੇ ਬਣਾਏ ਸਾਂਗ ਨੂੰ ਡਰਨਾ ਕਹਿੰਦੇ ਸਨ। ਲਗਦੇ ਹੱਥ ਡਰਨੇ ਸਬੰਧੀ ਇਕ ਲੋਕਗੀਤ ਵੀ ਸੁਣੋ –

ਕਾਨਾ ਕਾਨਾ ਕਾਨਾ,
ਪਤਲੇ ਜੇ ਲੱਕ ਵਾਲੀਏ,
ਤੇਰਾ ਗੱਡ ਦਿਆਂ ਖੇਤ ਵਿਚ ਡਰਨਾ।
ਨਾਲੇ ਆਪਣੀ ਕਣਕ ਬਚੂ,
ਨਾਲੇ ਡਰਦਾ ਮਿਰਗ ਨਹੀਂ ਵੜਨਾ।
ਤੋਰ ਕੁਆਰੀ ਦੀ,
ਸਿੱਖ ਲੈ ਹੀਰਿਆ ਹਰਨਾ।

ਮਨ੍ਹੇ ਉਪਰ ਬੈਠ ਕੇ ਰਾਖਾ ਫ਼ਸਲਾਂ ਦੀ ਰਾਖੀ ਕਰਦਾ ਹੁੰਦਾ ਸੀ। ਮਨ੍ਹਾ ਫ਼ਸਲਾਂ ਨਾਲੋਂ ਉੱਚਾ ਹੋਣ ਕਰਕੇ ਫ਼ਸਲਾਂ ਵਿਚ ਪਸ਼ੂ, ਪੰਛੀਆਂ ਦੇ ਵੜਣ ਦਾ ਪਤਾ ਲੱਗ ਜਾਂਦਾ ਸੀ। ਪਸ਼ੂਆਂ ਨੂੰ ਤਾਂ ਫ਼ਸਲ ਵਿਚੋਂ ਡਾਂਗ, ਸੋਟੀਆਂ ਨਾਲ ਕੁੱਟ ਕੇ ਕੱਢ ਦਿੱਤਾ ਜਾਂਦਾ ਸੀ। ਪੰਛੀਆਂ ਨੂੰ ਗੁਲੇਲ ਜਾਂ ਗੋਪੀਏ ਦੀ ਵਰਤੋਂ ਕਰਕੇ ਉਡਾ ਦਿੱਤਾ ਜਾਂਦਾ ਸੀ। ਪੰਛੀਆਂ ਨੂੰ ਕਈ ਵੇਰ ਪੀਪਾ ਖੜਕਾ ਕੇ, ਟਿੰਡ ਖੜਕਾ ਕੇ, ਕਈ ਵੇਰ ਤੋਪੜੇ ਨਾਲ ਭੜਾਕੇ ਚਲਾ ਕੇ, ਕਈ ਵੇਰ ਹੱਥਾਂ ਨਾਲ ਤਾਲੀ ਵਜਾ ਕੇ, ਕਈ ਵੇਰ ਮੂੰਹ ਨਾਲ ਕਈ ਕਿਸਮ ਦੀਆਂ ਆਵਾਜ਼ਾਂ ਕੱਢ ਕੇ ਵੀ ਪੰਛੀਆਂ ਨੂੰ ਉਡਾ ਦਿੱਤਾ ਜਾਂਦਾ ਸੀ। ਗੋਪੀਏ ਨਾਲ ਬਾਜਰੇ ਦੇ ਖੇਤ ਦੀ ਰਾਖੀ ਕਰਕੇ ਇਕ ਰਾਖੇ ਸਬੰਧੀ ਲੋਕ ਗੀਤ ਸੁਣੋ –

ਖੇਤ ਤਾਂ ਆਪਣਾ ਡਬਰਿਆਂ ਖਾ ਲਿਆ,
ਮੇਰਾ ਕਾਲਜਾ ਧੜਕੇ।
ਸਾਰੇ ਜ਼ੋਰ ਦੀ ਮਾਰਾਂ ਗੋਪੀਆ,
ਹੇਠ ਤੂਤ ਦੇ ਖੜ ਕੇ।
ਸੋਹਣੀਏ ਹੀਰੇ ਨੀ,
ਦੇ ਦੇ ਬਾਜਰਾ ਮਲ ਕੇ।
x x x x
ਮਾਹੀ ਮੇਰੇ ਦਾ ਪੱਕਿਆ ਬਾਜਰਾ,
ਤੁਰ ਪਈ ਗੋਪੀਆ ਫੜ ਕੇ।
ਖੇਤ 'ਚ ਜਾ ਕੇ ਹਾਕਰ ਮਾਰੀ,



ਸਿਖਰ ਮਨ੍ਹੇ ਤੇ ਚੜ੍ਹ ਕੇ।
ਉਤਰਦੀ ਦੇ ਆਈਆਂ ਝਰੀਟਾਂ,
ਚੁੰਨੀ ਪਾਟ ਗਈ ਅੜ ਕੇ।
ਵੇ ਟੁਰ ਪ੍ਰਦੇਸ ਗਿਉਂ,
ਦਿਲ ਮੇਰੇ ਵਿਚ ਵਸ ਕੇ।

ਸਾਡੇ ਸਮਾਜ ਵਿਚ ਦਿਉਰ, ਭਰਜਾਈ ਦਾ ਲਾਡਲਾ ਰਿਹਾ ਹੈ। ਇਹ ਰਿਸ਼ਤਾ ਨੋਕ ਝੋਕ ਵਾਲਾ, ਹਾਸੇ ਮਜ਼ਾਕ ਵਾਲਾ ਵੀ ਹੈ। ਦਿਉਰ, ਭਰਜਾਈ ਦੀਆਂ ਬੁੱਤੀਆਂ ਵੀ ਪੂਰੀਆਂ ਕਰਦਾ ਹੈ। ਲੋੜ ਪੈਣ ਤੇ ਭਰਜਾਈ ਦੇ ਹੱਕ ਲਈ ਦਿਉਰ ਆਪਣੀ ਮਾਂ ਨਾਲ ਲੜਾਈ ਵੀ ਲੜ ਲੈਂਦਾ ਹੈ। ਜੇ ਦਿਉਰ ਆਪਣੀ ਭਰਜਾਈ ਨੂੰ ਬਾਜਰੇ ਦੀ ਰਾਖੀ ਕਰਨ ਲਈ ਕਹਿੰਦਾ ਹੈ ਤਾਂ ਭਰਜਾਈ ਆਪਣੇ ਹਾਰ ਸ਼ਿੰਗਾਰ ਦਾ ਵਾਸਤਾ ਪਾ ਕੇ ਦਿਉਰ ਦੇ ਬਾਜਰੇ ਦੀ ਰਾਖੀ ਕਰਨ ਤੋਂ ਮੁਨਕਰ ਹੋ ਜਾਂਦੀ ਹੈ ਤੇ ਕਹਿੰਦੀ ਹੈ –

ਤੇਰੇ ਬਾਜਰੇ ਦੀ ਰਾਖੀ ਦਿਉਰਾ, ਮੈਂ ਨਾ ਬਹਿੰਦੀ ਵੇ।
ਜੇ ਮੈਂ ਤਾੜੀ ਮਾਰ ਉਡਾਵਾਂ, ਮੇਰੀ ਮਹਿੰਦੀ ਲਹਿੰਦੀ ਵੇ।
ਜੇ ਮੈਂ ਚੁਟਕੀ ਮਾਰ ਉਡਾਵਾਂ, ਮੇਰੀ ਮੁੰਦਰੀ ਲਹਿੰਦੀ ਵੇ।
ਜੇ ਮੈਂ ਸੀਟੀ ਮਾਰ ਉਡਾਵਾਂ, ਮੇਰੀ ਸੁਰਖੀ ਲਹਿੰਦੀ ਵੇ।
ਜੇ ਮੈਂ ਚੁੰਨੀ ਨਾਲ ਉਡਾਵਾਂ, ਲਾਲ ਕਿਨਾਰੀ ਲਹਿੰਦੀ ਵੇ।
ਜੇ ਮੈਂ ਅੱਡੀ ਮਾਰ ਉਡਾਵਾਂ, ਮੇਰੀ ਝਾਂਜਰ ਲਹਿੰਦੀ ਵੇ।
ਤੇਰੇ ਬਾਜਰੇ ਦੀ ਰਾਖੀ ਦਿਉਰਾ, ਮੈਂ ਨਾ ਬਹਿੰਦੀ ਵੇ।

ਹੁਣ ਮੈਂ ਤੁਹਾਨੂੰ ਗੁਲੇਲ ਤੇ ਗੋਪੀਆ ਕਿਵੇਂ ਬਣਾਏ ਜਾਂਦੇ ਸਨ, ਕਿਵੇਂ ਵਰਤੋਂ ਵਿਚ ਲਿਆਏ ਜਾਂਦੇ ਸਨ, ਉਹ ਦੱਸਣ ਲੱਗਿਆ ਹਾਂ।

ਗੁਲੇਲ ਬਣਾਉਣ ਲਈ ਇਕ ਲਕੜੀ ਦੀ ਫੁੱਟ ਕੁ ਲੰਬੀ ਸੋਟੀ, ਜਿਸ ਦਾ ਉਪਰਲਾ ਅੱਧਾ ਕੁ ਹਿੱਸਾ ਦੁਸਾਂਗੜ ਹੁੰਦਾ ਸੀ ਤੇ ਦੁਸਾਂਗੜ ਤੋਂ ਹੇਠਾਂ ਇਕ ਬਣ ਜਾਂਦੀ ਸੀ, ਲਈ ਜਾਂਦੀ ਸੀ। ਦੁਸਾਂਗੜ ਦੇ ਦੋਵੇਂ ਉਪਰਲੇ ਸਿਰਿਆਂ ਨਾਲ ਥੋੜ੍ਹੇ ਜਿਹੇ ਵਾਂਢੇ ਪਾਏ ਹੁੰਦੇ ਸਨ। ਇਨ੍ਹਾਂ ਵਾਢਿਆਂ ਨਾਲ ਸਾਈਕਲ ਦੀ ਪੁਰਾਣੀ ਟਿਊਬ ਨੂੰ ਪਾੜ ਕੇ ਇਕ ਫੁੱਟ ਕੁ ਲੰਬੀ ਤੇ ਤਿੰਨ ਕੁ ਇੰਚ ਚੌੜੀ ਵੱਧਰੀ ਪਤਲੀ ਰੱਸੀ ਨਾਲ ਚੰਗੀ ਤਰ੍ਹਾਂ ਬੰਨ ਦਿੱਤੀ ਜਾਂਦੀ ਸੀ। ਏਸ ਤਰ੍ਹਾਂ ਗੁਲੇਲ ਬਣਦੀ ਸੀ। ਗੁਲੇਲ ਨੂੰ ਕਈ ਇਲਾਕਿਆਂ ਵਿਚ ਗੁਲੇਲਾ ਵੀ ਕਹਿੰਦੇ ਸਨ। ਗੁਲੇਲ ਨੂੰ ਚਲਾਉਣ ਲਈ ਖੱਬੇ ਹੱਥ ਦੀ ਮੁੱਠੀ ਵਿਚ ਗੁਲੇਲ ਦੇ ਹੇਠਲੇ ਹਿੱਸੇ ਨੂੰ ਚੰਗੀ ਤਰ੍ਹਾਂ ਫੜਿਆ ਜਾਂਦਾ ਸੀ। ਰਬੜ ਦੀ ਵੱਧਰੀ ਦੇ ਵਿਚਾਲੇ ਠੀਕਰੀ/ਰੋੜਾ ਰੱਖਿਆ ਜਾਂਦਾ ਸੀ। ਰੋੜਾ ਰੱਖੀ ਥਾਂ ਤੋਂ ਵੱਧਰੀ ਨੂੰ ਸੱਜੇ ਹੱਥ ਦੇ ਅੰਗੂਠੇ ਤੇ ਅੰਗੂਠੇ ਦੇ ਨਾਲ ਦੀ ਉਂਗਲ ਦੀ ਦਾਬ ਨਾਲ ਚੰਗੀ ਤਰ੍ਹਾਂ



Academy of the Punjab in North America: http://www.apnaorg.com

ਪਿੱਛੇ ਨੂੰ ਖਿੱਚਿਆ ਜਾਂਦਾ ਸੀ। ਪਿੱਛੇ ਖਿੱਚਣ ਤੋਂ ਪਿਛੋਂ ਜਿਨ੍ਹਾਂ ਪੰਛੀਆਂ ਵੱਲ ਗੁਲੇਲ ਨੂੰ ਚਲਾਉਣਾ ਹੁੰਦਾ ਸੀ, ਉਸ ਵੱਲ ਸੇਧ ਕਰਕੇ ਗੁਲੇਲ ਚਲਾ ਦਿੱਤੀ ਜਾਂਦੀ ਸੀ। ਪੰਛੀ ਬਾਜਰੇ/ਜੁਆਰ ਦੇ ਸਿੱਟਿਆਂ ਨੂੰ ਖਾਣ ਲਈ ਛਿੱਟਿਆਂ ਉਪਰ ਬੈਠੇ ਹੁੰਦੇ ਸਨ। ਗੁਲੇਲ ਵਿਚ ਪਾਈ ਠੀਕਰੀ/ਰੋੜਾ ਪੰਛੀਆਂ ਨੂੰ ਲੱਗਦਾ ਸੀ, ਜਿਸ ਨਾਲ ਪੰਛੀ/ਪੰਛੀਆਂ ਦੇ ਖੇਤ ਵਿਚ ਬੈਠੇ ਝੁੰਡ ਉੱਡ ਜਾਂਦੇ ਸਨ। ਫ਼ਸਲਾਂ ਵਿਚ ਪੰਛੀਆਂ ਦੀ ਆਮ ਤੌਰ ਤੇ ਝੁੰਡਾਂ ਦੇ ਝੁੰਡ ਆ ਕੇ ਬੈਠਦੇ ਹੁੰਦੇ ਸਨ। ਗੁਲੇਲ ਚਲਾਉਣ ਨਾਲ ਕਈ ਵੇਰ ਕਈ ਪੰਛੀ ਮਰ ਵੀ ਜਾਂਦੇ ਸਨ। ਕਈ ਵੇਰ ਸ਼ਿਕਾਰੀ ਗੁਲੇਲ ਨਾਲ ਛੋਟੇ ਪੰਛੀਆਂ ਦਾ ਸ਼ਿਕਾਰ ਵੀ ਕਰ ਲੈਂਦੇ ਸਨ। ਮੀਟ ਬਣਾ ਕੇ ਖਾ ਲੈਂਦੇ ਸਨ।

ਗੋਪੀਆ ਬਣਾਉਣ ਲਈ 3/3 ਕੁ ਫੁੱਟ ਦੀਆਂ ਦੋ ਰੱਸੀਆਂ ਲਈਆਂ ਜਾਂਦੀਆਂ ਸਨ। ਇਕ 8 ਕੁ ਇੰਚ ਲੰਮੀ 4 ਕੁ ਇੰਚ ਚੌੜੀ ਚੰਮ ਦੀ ਟੁਕੜੀ ਜੁੱਤੀਆਂ ਬਣਾਉਣ ਵਾਲੇ ਹਰੀਜਨ ਤੋਂ ਲੈ ਲੈਂਦੇ ਸਨ। ਏਸ ਟੁਕੜੀ ਦੇ ਵਿਚਾਲੇ 1/2 ਇੰਚ ਗਲੀ ਕਢਾਈ ਜਾਂਦੀ ਸੀ। ਟੁਕੜੇ ਦੇ ਦੋਵੇਂ ਪਾਸਿਆਂ ਦੇ ਕਿਨਾਰਿਆਂ ਦੇ ਵਿਚਕਾਰ ਇਕ ਇਕ ਮੋਰੀ ਕੀਤੀ ਜਾਂਦੀ ਸੀ। ਇਨ੍ਹਾਂ ਮੋਰੀਆਂ ਵਿਚ ਰੱਸੀਆਂ ਦੇ ਇਕ ਸਿਰੇ ਨੂੰ ਬੰਨ੍ਹਿਆ ਜਾਂਦਾ ਸੀ। ਰੱਸੀ ਦੇ ਦੂਸਰੇ ਸਿਰਿਆਂ ਵਿਚੋਂ ਇਕ ਰੱਸੀ ਦੇ ਸਿਰੇ ਨੂੰ ਗੰਢ ਮਾਰ ਦਿੱਤੀ ਜਾਂਦੀ ਸੀ। ਦੂਸਰੀ ਰੱਸੀ ਦਾ ਸਿਰਾ ਬਗੈਰ ਗੰਢ ਤੋਂ ਰੱਖਿਆ ਜਾਂਦਾ ਸੀ। ਚੰਮ ਦੇ ਟੁਕੜੇ ਦੇ ਵਿਚਾਲੇ ਕੱਢੀ ਮੋਰੀ ਉਪਰ ਠੀਕਰੀ/ਛੋਟਾ ਰੋੜਾ ਰੱਖਿਆ ਜਾਂਦਾ ਸੀ। ਰੱਸੀ ਦੇ ਸਿਰਿਆਂ ਨੂੰ ਸੱਜੇ ਹੱਥ ਵਿਚ ਫੜ ਕੇ ਚੰਗੀ ਤਰ੍ਹਾਂ ਗੋਪੀਏ ਨੂੰ ਘੁੰਮਾ ਕੇ ਜਿੱਥੇ ਫ਼ਸਲ ਉਪਰ ਪੰਛੀ ਬੈਠੇ ਹੁੰਦੇ ਸਨ, ਉਸ ਹਿੱਸੇ ਵੱਲ ਸੇਧ ਕਰ ਕੇ ਠੀਕਰੀ/ਰੋੜੇ ਨੂੰ ਛੱਡਣ ਲਈ ਬਗ਼ੈਰ ਗੰਢ ਦਿੱਤੀ ਰੱਸੀ ਦੇ ਸਿਰੇ ਨੂੰ ਛੱਡ ਦਿੱਤਾ ਜਾਂਦਾਸ ੀ। ਰੱਸੀ ਛੱਡਣ ਨਾਲ ਠੀਕਰੀ/ਰੋੜਾ ਗੋਪੀਏ ਵਿਚੋਂ ਨਿਕਲ ਕੇ ਪੰਛੀਆਂ ਦੇ ਝੁੰਡ ਵਿਚ ਵੱਜਦਾ ਸੀ, ਜਿਸ ਨਾਲ ਪੰਛੀ ਉੱਡ ਜਾਂਦੇ ਸਨ। ਗੋਪੀਆ ਚਲਾਉਣ ਵਾਲੇ ਦੇ ਹੱਥ ਵਿਚ ਰਹਿ ਜਾਂਦਾ ਸੀ। ਏਸ ਤਰ੍ਹਾਂ ਗੋਪੀਆ ਬਣਦਾ ਸੀ ਤੇ ਗੋਪੀਏ ਦੀ ਵਰਤੋਂ ਕੀਤੀ ਜਾਂਦੀ ਸੀ। ਗੋਪੀਏ ਵਿਚ ਕਈ ਵੇਰ ਚੰਮ ਦੀ ਟੁਕੜੀ ਦੀ ਥਾਂ ਚੰਮ ਜਿੰਨੀ ਲੰਮੀ ਚੌੜੀ ਬਰੀਕ ਤਿੰਗੜੀ ਜਿਹੀ ਬੁਣ ਕੇ, ਜਿਸ ਵਿਚੋਂ ਰੋੜਾ ਨਾ ਡਿੱਗੇ, ਵੀ ਨਾਲ ਗੋਪੀਆ ਬਣਾ ਲਿਆ ਜਾਂਦਾ ਸੀ।

ਹੁਣ ਨਾ ਗੁਲੇਲਾਂ ਰਹੀਆਂ ਹਨ ਅਤੇ ਨਾ ਹੀ ਗੋਪੀਏ। ਹੁਣ ਫ਼ਸਲਾਂ ਦੀ ਰਾਖੀ ਲਈ ਚਿੱਟੇ ਰੰਗ ਦੇ ਚਮਕਦੇ ਰਿਬਨ ਫ਼ਸਲਾਂ ਦੇ ਚਾਰ ਚੁਫੇਰੇ ਬੰਨ੍ਹ ਦਿੱਤੇ ਜਾਂਦੇ ਹਨ। ਇਨ੍ਹਾਂ ਚਮਕਦੇ ਰਿਬਨਾਂ ਦੇ ਹਿੱਲਣ ਨਾਲ ਪੈਂਦੀ ਲਿਸ਼ਕੋਰ ਨਾਲ ਪੰਛੀ ਡਰਦੇ ਫ਼ਸਲਾਂ ਵਿਚ ਨਹੀਂ ਵੜਦੇ। ਪੰਛੀਆਂ ਨੂੰ ਫ਼ਸਲਾਂ ਵਿਚੋਂ ਉਡਾਉਣ ਲਈ ਥੋੜ੍ਹੇ ਥੋੜ੍ਹੇ ਸਮੇਂ ਪਿਛੋਂ ਭੜਾਕਿਆਂ ਦੀ ਆਵਾਜ਼ ਪੈਦਾ ਕਰਨ ਵਾਲੀਆਂ ਮਸ਼ੀਨਾਂ ਵੀ ਮਿਲਦੀਆਂ



ਹਨ। ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਹੁਣ ਇਕ ਅਜਿਹੀ ਮਸ਼ੀਨ ਦੀ ਕਾਢ ਕੱਢੀ ਹੈ, ਜਿਹੜੀ ਵੱਖ-ਵੱਖ ਕਿਸਮ ਦੀ ਆਵਾਜ਼ ਕੱਢ ਕੇ ਫ਼ਸਲਾਂ ਵਿਚ ਬੈਠੇ ਪੰਛੀਆਂ ਨੂੰ ਉਡਾ ਦਿੰਦੀ ਹੈ।

ਸਾਡੀਆਂ ਫ਼ਸਲਾਂ ਦੀ ਰਾਖੀ ਕਰਨ ਵਾਲੇ ਇਹ ਨਿੱਕੇ ਜਿਹੇ ਖੇਤੀ ਸੰਦ ਸਾਡੀ ਅੱਜ ਦੀ ਖੇਤੀ ਵਿਚੋਂ ਬਿਲਕੁਲ ਅਲੋਪ ਹੋ ਗਏ ਹਨ।

0

## ਪੱਟੀ/ਪੱਖਲੀ

ਪੱਟੀ ਨੂੰ ਕਈ ਇਲਾਕਿਆਂ ਵਿਚ ਪੱਖਲੀ ਵੀ ਕਹਿੰਦੇ ਸਨ। ਇਹ ਖੇਤੀ ਦੇ ਕੰਮਾਂ ਵਿਚ ਕੰਮ ਆਉਣ ਵਾਲੀਆਂ ਵਸਤਾਂ ਵਿਚੋਂ ਇਕ ਵਸਤ ਹੁੰਦੀ ਸੀ। ਪਹਿਲੇ ਸਮਿਆਂ ਵਿਚ ਖੇਤੀ ਕਰਨ ਵਾਲੇ ਤਕਰੀਬਨ ਹਰ ਪਰਿਵਾਰ ਕੋਲ ਇਕ ਪੱਟੀ ਜ਼ਰੂਰ ਹੁੰਦੀ ਸੀ। ਪੱਟੀ ਆਮ ਤੌਰ ’ਤੇ 7 ਕੁ ਫੁੱਟ ਚੌੜੀ ਅਤੇ 12/13 ਫੁੱਟ ਲੰਮੀ ਹੁੰਦੀ ਸੀ। ਪੱਟੀ ਸਣ ਦੀ ਰੱਸੀ ਦੀ ਬਣੀ ਹੁੰਦੀ ਸੀ। ਜੇ ਕਿਸੇ ਦੇ ਸੱਟ ਲੱਗੇ, ਉਪਰੇਸ਼ਨ ਕੀਤਾ ਜਾਵੇ, ਉਸ ਉਪਰ ਜੋ ਕੱਪੜਾ ਬੰਨਿਆ ਜਾਂਦਾ ਹੈ, ਉਸ ਨੂੰ ਵੀ ਪੱਟੀ ਕਿਹਾ ਜਾਂਦਾ ਹੈ। ਸਿਰ ਦੇ ਵਾਲਾਂ ਦੀਆਂ ਵੀ ਪਹਿਲੇ ਸਮਿਆਂ ਵਿਚ ਪੱਟੀਆਂ ਗੁੰਦੀਆਂ ਜਾਂਦੀਆਂ ਸਨ। ਜਦ ਬਾਬਰ ਨੇ ਪੰਜਾਬ ’ਤੇ ਹਮਲਾ ਕੀਤਾ ਸੀ, ਇੱਥੋਂ ਦੀਆਂ ਧੀਆਂ, ਭੈਣਾਂ, ਮਾਵਾਂ ਦੀਆਂ ਇੱਜ਼ਤਾਂ ਲੁੱਟੀਆਂ ਸਨ, ਉਸ ਸਮੇਂ ਬਾਬੇ ਨਾਨਕ ਨੇ ਬਾਬਰਬਾਣੀ ਵਿਚ ਕਿਹਾ ਸੀ-

ਜਿਨ ਸਿਰ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰ॥
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚ ਆਵੈ ਧੂੜਿ॥
ਮਹਲਾ ਅੰਦਰਿ ਹੋਦੀਆ ਹੁਣ ਬਹਿਣ ਨ ਮਿਲਨਿ ਹਦੂਰਿ॥
ਆਦੇਸੁ ਬਾਬਾ ਆਦੇਸੁ॥
ਆਦਿ ਪੁਰਖ ਤੇਰਾ ਅੰਤ ਨ ਪਾਇਆ
ਕਰਿ ਕਰਿ ਵੇਖਹਿ ਵੇਸ॥

ਪੱਟੀਆਂ ਤੋਂ ਪਹਿਲੇ ਸਮਿਆਂ ਵਿਚ ਕਈ ਕਿਸਮ ਦੇ ਕੰਮ ਲਏ ਜਾਂਦੇ ਸਨ। ਜਦ ਛੋਲਿਆਂ, ਮੂੰਗੀ, ਮੋਠ, ਮਾਹਾਂ, ਸਰ੍ਹੋਂ, ਤਾਰਾਮੀਰਾ ਦੀਆਂ ਖਲ੍ਹੀਆਂ ਨੂੰ ਪਿੜਾਂ ਵਿਚ ਢੋਣਾ ਹੁੰਦਾ ਸੀ ਤਾਂ ਗੱਡੇ ਦੇ ਵਿੱਢ ਵਿਚ ਪੱਟੀਆਂ ਲਾਈਆਂ ਜਾਂਦੀਆਂ ਸਨ ਤਾਂ ਜੋ ਇਨ੍ਹਾਂ ਫ਼ਸਲਾਂ ਦੇ ਦਾਣੇ ਢੋਣ ਸਮੇਂ ਰਾਹਾਂ ਵਿਚ ਨਾ ਕਿਰਨ। ਜਦ ਫ਼ਸਲਾਂ ਨੂੰ ਗਾਹ ਕੇ ਤੇ ਉਡਾ ਕੇ ਤੂੜੀ ਅੱਡ ਤੇ ਦਾਣੇ ਅੱਡ ਕਰ ਲਏ ਜਾਂਦੇ ਸਨ ਤਾਂ ਤੂੜੀ ਨੂੰ ਉਡਣ ਤੋਂ ਬਚਾਉਣ ਲਈ ਪੱਟੀਆਂ ਨੂੰ ਤੂੜੀ ਉਪਰ ਦਿੱਤਾ ਜਾਂਦਾ ਸੀ। ਤੂੜੀ ਨੂੰ ਜਦ ਘਰੀਂ ਢੋਣਾ ਹੁੰਦਾ ਸੀ, ਉਸ ਸਮੇਂ ਵੀ ਗੱਡੇ ਦੇ ਵਿੱਢ ਵਿਚ ਪੱਟੀਆਂ ਲਾ ਕੇ ਢੋਂਦੇ



Academy of the Punjab in North America: http://www.apnaorg.com

ਸਨ। ਦਾਣੇ ਦੇ ਬੋਹਲਾਂ ਨੂੰ ਵੀ ਪੱਟੀਆਂ ਲੱਗੇ ਗੱਡੇ ਨਾਲ ਢੋਇਆ ਜਾਂਦਾ ਸੀ। ਫ਼ਸਲ ਨੂੰ ਮੰਡੀ ਵੇਚਣ ਜਾਣ ਸਮੇਂ ਵੀ ਪੱਟੀਆਂ ਲੱਗੇ ਗੱਡੇ ਵਿਚ ਲੈ ਕੇ ਜਾਂਦੇ ਸਨ।



ਵਿਆਹ ਸ਼ਾਦੀਆਂ ਤੇ ਹੋਰ ਸਮਾਗਮਾਂ ਵਿਚ ਬੈਠਣ ਸਮੇਂ ਵੀ ਪੱਟੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਹੁਣ ਮੈਂ ਤੁਹਾਨੂੰ ਪੱਟੀਆਂ ਕਿਵੇਂ ਬਣਾਈਆਂ ਜਾਂਦੀਆਂ ਸਨ, ਇਹ ਦੱਸਣ ਜਾ ਰਿਹਾ ਹਾਂ।

ਪੱਟੀ ਬਣਾਉਣ ਲਈ ਪਹਿਲਾਂ ਗਰਨਿਆਂ ਵਿਚੋਂ ਸਣ ਕੱਢੀ ਜਾਂਦੀ ਸੀ। ਸਣ ਦੀਆਂ ਜੁੜੀਆਂ ਬਣਾਈਆਂ ਜਾਂਦੀਆਂ ਸਨ। ਇਨ੍ਹਾਂ ਜੁੜੀਆਂ ਨੂੰ ਪਾਣੀ ਵਿਚ ਭਿਉਂ ਕੇ ਥਾਪੀ ਨਾਲ ਕੁੱਟ ਕੇ ਮੈਲ ਕੱਢੀ ਜਾਂਦੀ ਸੀ। ਫੇਰ ਸਣ ਨੂੰ ਸੁਕਾਇਆ ਜਾਂਦਾ ਸੀ। ਸੁੱਕੀ ਹੋਈ ਸਣ ਨੂੰ ਛੋਟੇ ਜਿਹੇ ਕੱਪੜੇ ਵਿਚ ਵਲ੍ਹੇਟ ਕੇ ਰੱਸੀ ਬਣਾਉਣ ਵਾਲਾ ਵਿਅਕਤੀ ਆਪਣੇ ਮੋਢੇ ਉਪਰ ਰੱਖ ਲੈਂਦਾ ਸੀ। ਮੋਢੇ ਰੱਖੀ ਸਣ ਵਿਚੋਂ ਢਾਈਆਂ ਲੈ ਕੇ ਢੇਰਨੇ ਨਾਲ ਵੱਟ ਵੱਟ ਕੇ ਗੋਲੇ ਬਣਾ ਲੈਂਦੇ ਸਨ। ਅੱਜ ਦੀ ਪੀੜ੍ਹੀ ਢੇਰਨਾ ਕਿਸ ਨੂੰ ਕਹਿੰਦੇ ਸਨ, ਇਹ ਵੀ ਨਹੀਂ ਜਾਣਦੀ। ਮਧਾਣੀ ਲੋਟ ਛੋਟੀਆਂ ਜਿਹੀਆਂ ਕਿੱਲੀਆਂ/ਗੁੱਲੀਆਂ ਦੇ ਬਣਾਏ ਸੰਦ ਨੂੰ ਢੇਰਨਾ ਕਹਿੰਦੇ ਸਨ। ਸਣ ਨੂੰ ਚਰਖੇ ਤੇ ਮੋਟੇ ਤਕਲੇ ਨਾਲ ਕੱਤ ਕੇ ਗਲੋਟੇ ਬਣਾ ਲੈਂਦੇ ਸਨ। ਇਨ੍ਹਾਂ ਵੱਟੀਆਂ ਰੱਸੀਆਂ ਨਾਲ ਹੀ ਪੱਟੀਆਂ ਬਣਾਈਆਂ ਜਾਂਦੀਆਂ ਸਨ। ਪੱਟੀਆਂ ਆਮ ਤੌਰ 'ਤੇ ਮੁਸਲਮਾਨ ਜੁਲਾਹੇ ਬਣਾਉਂਦੇ ਸਨ।

ਪੱਟੀ ਬਣਾਉਣ ਲਈ ਅੱਡਾ ਉਸ ਤਰ੍ਹਾਂ ਦਾ ਹੀ ਬਣਾਇਆ ਜਾਂਦਾ ਸੀ, ਜਿਸ ਤਰ੍ਹਾ ਦਾ ਦਰੀਆਂ ਬੁਣਨ ਵਾਲਾ ਅੱਡਾ ਹੁੰਦਾ ਸੀ। ਪਰ ਇਹ ਅੱਡਾ ਲੰਬਾਈ ਅਤੇ ਚੌੜਾਈ ਵਿਚ ਵੱਡਾ ਹੁੰਦਾ ਸੀ। ਧਰਤੀ ਵਿਚ ਚਾਰ ਕੀਲੇ ਆਹਮੋ-ਸਾਹਮਣੇ ਗੱਡੇ ਜਾਂਦੇ ਸਨ। ਇਨ੍ਹਾਂ ਦੀ ਇਕ ਪਾਸੇ ਤੋਂ 14/15 ਫੁੱਟ ਦੂਰੀ ਹੁੰਦੀ ਸੀ ਤੇ 8/9 ਫੁੱਟ ਚੌੜੇ ਹੁੰਦੇ ਸਨ। ਚੌੜੇ ਲੋਟ ਵਾਲੇ ਕੀਲਿਆਂ ਨਾਲ ਦੋ ਲੱਕੜਾਂ ਰੱਸੀਆਂ ਨਾਲ



ਬੰਨ੍ਹੀਆਂ ਹੁੰਦੀਆਂ ਸਨ। ਇਨ੍ਹਾਂ ਲੱਕੜਾਂ ਉਪਰ ਦੀ ਹੀ ਤਾਣਾ ਤਣਿਆ ਜਾਂਦਾ ਸੀ। ਏਸ ਤਣੇ ਹੋਏ ਤਾਣੇ ਉਪਰ ਘੋੜੀ ਰੱਖੀ ਜਾਂਦੀ ਸੀ। ਏਸ ਘੋੜੀ ਦੀ ਮੱਦਦ ਨਾਲ ਪੱਟੀ ਬਣਾਈ ਜਾਂਦੀ ਸੀ। ਪੱਟੀ ਦੀ ਬੁਣਾਈ ਇੰਨ ਬਿੰਨ ਦਰੀਆਂ ਦੀ ਬੁਣਾਈ ਦੀ ਤਰ੍ਹਾਂ ਹੁੰਦੀ ਸੀ। ਪੱਟੀ ਬੁਣਨ ਤੋਂ ਬਾਅਦ ਪੱਟੀ ਨੂੰ ਅੱਡੇ ਦੇ ਸਿਰੇ ਦੇ ਤਾਣਿਆਂ ਨੂੰ ਕੱਟ ਕੇ ਅੱਡੇ ਤੋਂ ਉਤਾਰ ਲੈਂਦੇ ਸਨ। ਪੱਟੀ ਦੇ ਚਾਰੇ ਪਾਸਿਆਂ ਨਾਲ ਰੱਸਾ ਲਾ ਕੇ ਰੱਸੇ ਨੂੰ ਪੱਟੀ ਨਾਲ ਚੰਗੀ ਤਰ੍ਹਾਂ ਰੱਸੀ ਨਾਲ ਨਗੰਦ ਦਿੱਤਾ ਜਾਂਦਾ ਸੀ। ਇਸ ਨਾਲ ਪੱਟੀ ਦੀਆਂ ਸਾਈਡਾਂ ਹੋਰ ਮਜ਼ਬੂਤ ਬਣ ਜਾਂਦੀਆਂ ਸਨ।

ਹੁਣ ਪੰਜਾਬ ਵਿਚ ਕੋਈ ਵੀ ਪੱਟੀ ਨਹੀਂ ਬੁਣਦਾ। ਨਾ ਹੀ ਖੇਤੀ ਦੇ ਕੰਮਾਂ ਵਿਚ ਪੱਟੀਆਂ ਦੀ ਲੋੜ ਪੈਂਦੀ ਹੈ। ਫ਼ਸਲਾ ਹੁਣ ਹਰਵੈਸਟਿੰਗ ਕੰਬਾਈਨਾਂ ਜਾਂ ਥਰੈਸ਼ਰਾਂ ਨਾਲ ਕੱਢੀਆਂ ਜਾਂਦੀਆਂ ਹਨ। ਟਰਾਲੀਆਂ ਵਿਚ ਭਰ ਕੇ ਸਿੱਧੀਆਂ ਮੰਡੀ ਵਿਚ ਵੇਚਣ ਲਈ ਲੈ ਜਾਂਦੇ ਹਨ। ਬੋਹਲ ਹੁਣ ਬਣਦੇ ਹੀ ਨਹੀਂ ਹਨ। ਗੱਡਿਆਂ ਦੀ ਥਾਂ ਹੁਣ ਟਰਾਲੀਆਂ ਨੇ ਲੈ ਲਈ ਹੈ। ਤੂੜੀ ਵੀ ਟਰਾਲੀਆਂ ਨਾਲ ਢੋਈ ਜਾਂਦੀ ਹੈ। ਟਰਾਲੀ ਦੇ ਵਿੱਢ ਨਾਲ, ਜੇ ਲੋੜ ਪਵੇ ਤਾਂ ਜਿਮੀਂਦਾਰ ਖਾਦ ਦੀਆਂ ਖਾਲੀ ਬੋਰੀਆਂ ਜੋੜ ਕੇ ਲਾ ਲੈਂਦੇ ਹਨ।

ਵਿਆਹ ਤੇ ਹੋਰ ਸਮਾਗਮਾਂ ਵਿਚ ਹੁਣ ਕੁਰਸੀਆਂ ਤੇ ਸੋਫਾਸੈੱਟਾਂ ਦੀ ਵਰਤੋਂ ਹੁੰਦੀ ਹੈ। ਹੇਠਾਂ ਵਿਛਾਉਣ ਲਈ ਦਰੀਆਂ ਹੁਣ ਗੁਰਦਵਾਰਿਆਂ ਜਾਂ ਟੈਂਟ ਵਾਲਿਆਂ ਤੋਂ ਮਿਲ ਜਾਂਦੀਆਂ ਹਨ। ਹੁਣ ਨਾ ਖੇਤੀ ਦੇ ਕੰਮਾਂ ਵਿਚ ਤੇ ਨਾ ਘਰਾਂ ਵਿਚ ਪੱਟੀਆਂ ਦੀ ਕਿਤੇ ਵਰਤੋਂ ਹੁੰਦੀ ਹੈ। ਹੁਣ ਪੱਟੀ/ਪੱਖਲੀ ਨਾਂ ਦੀ ਵਸਤ ਪੰਜਾਬ ਵਿਚੋਂ ਬਿਲਕੁਲ ਅਲੋਪ ਹੋ ਗਈ ਹੈ।

0

## ਤੂੜੀ ਦੇ ਕੁੱਪ/ਮੂਸਲ

ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਭਾਰਤ ਦੀ ਆਰਥਿਕਤਾ ਖੇਤੀ ਦੁਆਲੇ ਘੁੰਮਦੀ ਹੈ। ਭਾਰਤ ਪਿੰਡਾਂ ਦਾ ਦੇਸ਼ ਹੈ। ਭਾਰਤੀ ਦੀ 70 ਪ੍ਰਤੀਸ਼ਤ ਆਬਾਦੀ ਹੁਣ ਵੀ ਪਿੰਡਾਂ ਵਿਚ ਵਸਦੀ ਹੈ। ਪਹਿਲੇ ਸਮਿਆਂ ਵਿਚ ਜਦ ਪੰਜਾਬ ਦੀ ਵਸੋਂ ਝੌਂਪੜੀਆਂ ਤੇ ਕੱਚੀ ਮਿੱਟੀ ਦੇ ਛੋਟੇ ਛੋਟੇ ਬਣੇ ਘਰਾਂ ਵਿਚ ਰਹਿੰਦੀ ਹੁੰਦੀ ਸੀ, ਉਸ ਸਮੇਂ ਮੋਟੇ ਅਨਾਜ ਜੁਆਰ, ਬਾਜਰਾ, ਛੋਲੇ, ਜੌਂ, ਕਣਕ, ਮੋਠ, ਮੂੰਗੀ ਖਾਣ ਜੋਗੇ ਹੀ ਹੁੰਦੇ ਸਨ। ਜਿਵੇਂ ਜਿਵੇਂ ਖੇਤੀ ਲਈ ਪਾਣੀ ਦਾ ਪ੍ਰਬੰਧ ਖੂਹਾਂ, ਨਹਿਰਾਂ ਰਾਹੀਂ ਹੋਣ ਲੱਗਿਆ ਤਾਂ ਮੱਕੀ, ਕਣਕ ਅਤੇ ਕਪਾਹ ਦੀਆਂ ਜ਼ਿਆਦਾ ਫ਼ਸਲਾਂ ਹੋਣ ਲੱਗੀਆਂ।

ਕਣਕ, ਜੌਂ, ਛੋਲਿਆਂ ਦੀਆਂ ਫ਼ਸਲਾਂ ਨੂੰ ਉਨ੍ਹਾਂ ਸਮਿਆਂ ਵਿਚ ਵੱਢ ਕੇ ਖੇਤ ਵਿਚ ਹੀ ਖਲ੍ਹੀਆਂ ਵਿਚ ਲਾ ਦਿੱਤਾ ਜਾਂਦਾ ਸੀ। ਜਦ ਖਲ੍ਹੀਆਂ ਵਿਚ ਲੱਗੀਆਂ ਇਹ



Academy of the Punjab in North America: http://www.apnaorg.com

ਫ਼ਸਲਾਂ ਸੁੱਕ ਜਾਂਦੀਆਂ ਸਨ, ਫੇਰ ਇਨ੍ਹਾਂ ਨੂੰ ਗੱਡਿਆਂ ਰਾਹੀਂ ਢੋ ਕੇ ਪਿੰਡਾਂ ਦੇ ਨੇੜੇ ਪਈਆਂ ਸ਼ਾਮਲਾਟ ਜ਼ਮੀਨਾਂ ਵਿਚ ਜਾਂ ਪਿੰਡ ਦੇ ਨੇੜੇ ਪਈਆਂ ਆਪਣੀਆਂ ਜ਼ਮੀਨਾਂ ਵਿਚ ਪਿੜ ਲਾ ਲੈਂਦੇ ਸਨ। ਸਾਰੀ ਫ਼ਸਲ ਨੂੰ ਇਕ ਥਾਂ 'ਕੱਠਾ ਕਰ ਕੇ ਦਾਣੇ ਕੱਢਣ ਨੂੰ ਪਿੜ ਪਾਉਣਾ ਕਹਿੰਦੇ ਸਨ। ਕਣਕ ਨੂੰ ਫੇਰ ਫਲ੍ਹਿਆਂ ਨਾਲ ਗਾਹਿਆ ਜਾਂਦਾ ਸੀ। ਗਾਹੀ ਹੋਈ ਫ਼ਸਲ ਦੀਆਂ ਧੜਾਂ ਲਾਈਆਂ ਜਾਂਦੀਆਂ ਸਨ। ਧੜਾਂ ਨੂੰ ਤੰਗਲੀਆਂ ਨਾਲ ਉਡਾ ਕੇ ਦਾਣੇ ਅੱਡ ਅਤੇ ਤੂੜੀ ਅੱਡ ਕੀਤੀ ਜਾਂਦੀ ਸੀ।



ਛੋਟੇ ਛੋਟੇ ਘਰ ਹੋਣ ਕਰ ਕੇ ਘਰਾਂ ਵਿਚ ਸਾਰੀ ਤੂੜੀ ਰੱਖਣ ਨੂੰ ਥਾਂ ਨਹੀਂ ਹੁੰਦੀ ਸੀ। ਏਸ ਲਈ ਥੋੜ੍ਹੀ ਜਿਹੀ ਤੂੜੀ ਘਰ ਰੱਖ ਕੇ ਬਾਕੀ ਦੀ ਤੂੜੀ ਦੇ ਕੁੱਪ ਜਾਂ ਤਾਂ ਘਰਾਂ ਦੇ ਵਿਹੜਿਆਂ ਵਿਚ ਜਾਂ ਪਿੜਾਂ ਵਾਲੀ ਥਾਂ ਹੀ ਬੰਨ੍ਹ ਦਿੱਤੇ ਜਾਂਦੇ ਸਨ। ਫੇਰ ਲੋੜ ਅਨੁਸਾਰ ਇਨ੍ਹਾਂ ਕੁੱਪਾਂ ਵਿਚੋਂ ਤੂੜੀ ਕੱਢ ਕੇ ਵਰਤਦੇ ਰਹਿੰਦੇ ਸਨ। ਹਾੜ੍ਹੀ ਦੀ ਫ਼ਸਲ ਕੱਢਕੇ, ਵੇਚ ਕੇ, ਸ਼ਾਹੂਕਾਰ ਦਾ ਕਰਜ਼ਾ ਨਬੇੜ ਕੇ, ਨੰਬਰਦਾਰਾਂ ਨੂੰ ਮਾਮਲਾ ਭਰ ਕੇ, ਤੂੜੀ ਨੂੰ ਸਾਂਭ ਕੇ, ਨਵੇਂ ਕੱਪੜੇ ਸੁਆ ਕੇ ਜੱਟ ਉਨ੍ਹਾਂ ਸਮਿਆਂ ਵਿਚ ਮੇਲਾ ਵੇਖਣ ਜਾਂਦੇ ਹੁੰਦੇ ਸਨ। ਜਿਸ ਸੰਬੰਧੀ ਸਾਡੇ ਕਵੀ ਧਨੀ ਰਾਮ ਚਾਤ੍ਰਿਕ ਨੇ ਬਹੁਤ ਸੋਹਣਾ ਵਰਨਣ ਕੀਤਾ ਹੈ –

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਕਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।



ਹੁਣ ਤਾਂ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਹੈ। ਦਿਨਾਂ ਵਿਚ ਹੀ ਫ਼ਸਲ ਕੱਢ ਕੇ ਮੰਡੀ ਵੇਚ ਦਿੱਤੀ ਜਾਂਦੀ ਹੈ।

ਪਹਿਲੇ ਸਮਿਆਂ ਵਿਚ ਵਿਆਹਾਂ ਵਿਚ ਨਾਨਕੇ ਮੇਲ ਦੀ ਟੌਹਰ ਹੁੰਦੀ ਸੀ। ਨਾਨਕੀਆਂ ਜਾਗੋ ਕੱਢਦੀਆਂ ਹੁੰਦੀਆਂ ਸਨ, ਛੱਜ ਕੁੱਟਦੀਆਂ ਹੁੰਦੀਆਂ ਸਨ। ਗਿੱਧੇ ਵਿਚ ਵੀ ਨਾਨਕੀਆਂ ਦੀ ਸਰਦਾਰੀ ਹੁੰਦੀ ਸੀ। ਜੇਕਰ ਨਾਨਕੀਆਂ ਕਿਸੇ ਕੰਮ ਵਿਚ ਢਿੱਲ ਮੱਠ ਕਰਦੀਆਂ ਹੁੰਦੀਆਂ ਸਨ ਤਾਂ ਦਾਦਕੀਆਂ ਕੁੱਪ ਦੀ ਬੋਲੀ ਪਾ ਕੇ ਉਨ੍ਹਾਂ ਨੂੰ ਉਕਸਾਉਂਦੀਆਂ ਹੁੰਦੀਆਂ ਸਨ, ਤੇਜ਼ ਕਰਦੀਆਂ ਹੁੰਦੀਆਂ ਸਨ –

ਨਾਨਕੀਆਂ ਦਾ ਕੁੱਪ ਬੰਨ੍ਹ ਦਿਉ,
ਪੀਲੀ ਮਿੱਟੀ ਦਾ ਫੇਰ ਦਿਉ ਪੋਚਾ।

ਹੁਣ ਮੈਂ ਤੁਹਾਨੂੰ ਕੁੱਪ ਕਿਵੇਂ ਬੰਨ੍ਹੇ ਜਾਂਦੇ ਸਨ, ਉਸ ਬਾਰੇ ਦੱਸਣ ਜਾ ਰਿਹਾ ਹਾਂ। ਪਹਿਲਾਂ ਕੁੱਪ ਮੰਜਿਆਂ ਨਾਲ ਬੰਨ੍ਹੇ ਜਾਂਦੇ ਸਨ। ਇਹ ਕੁੱਪ ਆਮ ਤੌਰ 'ਤੇ ਛੇ ਮੰਜਿਆਂ ਨਾਲ ਬਣਾਏ ਜਾਂਦੇ ਸਨ। ਏਸ ਤਰ੍ਹਾਂ ਛੇ ਨੁੱਕਰਾ ਕੁੱਪ ਬਣ ਜਾਂਦਾ ਸੀ। ਧਰਤੀ ਉਪਰ ਜਿੰਨੀ ਥਾਂ ਵਿਚ ਕੁੱਪ ਬੰਨ੍ਹਣਾ ਹੁੰਦਾ ਸੀ, ਉਨੀ ਥਾਂ ਵਿਚਕਾਰ ਛੱਡ ਕੇ ਆਲੇ-ਦੁਆਲੇ ਛੇ ਮੰਜਿਆਂ ਨੂੰ ਬਾਹੀਆਂ ਦੇ ਲੋਟ ਖੜਾ ਕਰ ਲੈਂਦੇ ਸਨ। ਮੰਜਿਆਂ ਦੇ ਪਾਵੇ ਬਾਹਰਲੇ ਪਾਸੇ ਹੁੰਦੇ ਸਨ, ਪਿਛਾਂ ਅੰਦਰਲੇ ਪਾਸੇ। ਇਨ੍ਹਾਂ ਮੰਜਿਆਂ ਦੇ ਪਾਵਿਆਂ ਦੇ ਨਾਲ ਦੀ ਰੱਸੇ ਦੇ ਦੋ ਗੇੜ ਦਿੱਤੇ ਜਾਂਦੇ ਸਨ। ਇਹ ਰੱਸਿਆਂ ਦੇ ਗੇੜ ਹੀ ਤੂੜੀ ਨੂੰ ਮੰਜਿਆਂ ਤੋਂ ਬਾਹਰ ਨਹੀਂ ਨਿਕਲਣ ਦਿੰਦੇ ਸਨ। ਮੰਜਿਆਂ ਦੇ ਵਿਚਾਲੇ ਤੂੜੀ ਸਿੱਟੀ ਜਾਂਦੇ ਸਨ, ਨਾਲ ਦੀ ਨਾਲ ਤੂੜੀ ਨੂੰ ਪੈਰਾਂ ਨਾਲ ਦੱਬੀ ਜਾਂਦੇ ਸਨ। ਜਦ ਤੂੜੀ ਮੰਜਿਆਂ ਦੇ ਬਰਾਬਰ ਆ ਜਾਂਦੀ ਸੀ, ਤਾਂ ਮੰਜਿਆਂ ਦੇ ਰੱਸੇ ਖੋਲ੍ਹ ਕੇ ਉਨ੍ਹਾਂ ਛੇ ਮੰਜਿਆਂ ਨੂੰ ਫੇਰ ਪਹਿਲਾਂ ਦੀ ਤਰ੍ਹਾਂ ਉਪਰ ਕਰਕੇ ਰੱਖ ਦਿੰਦੇ ਸਨ। ਉਨ੍ਹਾਂ ਦੁਆਲੇ ਫੇਰ ਰੱਸਿਆਂ ਦੇ ਦੋ ਗੇੜ ਦਿੱਤੇ ਜਾਂਦੇ ਸਨ। ਇਨ੍ਹਾਂ ਦੁਵਾਰੇ ਰੱਖੇ ਮੰਜਿਆਂ ਵਿਚ ਫੇਰ ਤੂੜੀ ਸਿੱਟੀ ਜਾਂਦੇ ਸਨ, ਨਾਲ ਦੀ ਨਾਲ ਦੱਬੀ ਜਾਂਦੇ ਸਨ। ਏਸੇ ਤਰ੍ਹਾਂ ਫੇਰ ਤੀਜੀ ਵੇਰ ਮੰਜੇ ਉਪਰ ਕਰਕੇ ਰੱਖ ਲੈਂਦੇ ਸਨ। ਮੰਜਿਆਂ ਦੇ ਦੁਆਲੇ ਫੇਰ ਰੱਸੇ ਪਾਏ ਜਾਂਦੇ ਸਨ। ਤੂੜੀ ਫੇਰ ਸਿੱਟੀ ਜਾਂਦੀ ਸੀ ਤੇ ਦੱਬੀ ਜਾਂਦੀ ਸੀ। ਕੁੱਪ ਬਣਾਉਣ ਤੋਂ ਬਾਅਦ ਮੰਜੇ ਲਾਹ ਦਿੱਤੇ ਜਾਂਦੇ ਸਨ। ਫੇਰ ਕੁੱਪ ਦੇ ਉਪਰਲੇ ਪਾਸੇ ਸਲਵਾੜ ਕੁੱਪ ਤੋਂ ਬਾਹਰ ਤਕ ਪਾ ਦਿੰਦੇ ਸਨ। ਸਲਵਾੜ ਉਪਰ ਮਿੱਟੀ ਪਾ ਕੇ ਉਸ ਨੂੰ ਲਿੱਪ ਦਿੰਦੇ ਸਨ। ਲਿੱਪਣ ਨਾਲ ਬਾਰਸ਼ ਦਾ ਪਾਣੀ ਕੁੱਪ ਵਿਚ ਨਹੀਂ ਪੈਂਦਾ ਸੀ। ਸਾਈਡਾਂ ਤੇ ਵਧਿਆ ਹੋਇਆ ਸਲਵਾੜ ਬਾਛੜ ਨੂੰ ਰੋਕਦਾ ਹੁੰਦਾ ਸੀ। ਲੋੜ ਅਨੁਸਾਰ ਫੇਰ ਤੂੜੀ ਨੂੰ ਧਰਤੀ ਦੇ ਲੇਵਲ ਤੋਂ ਇਕ ਸਾਈਡ ਤੋਂ ਕੱਢਦੇ ਰਹਿੰਦੇ ਸਨ। ਏਸ ਤਰ੍ਹਾਂ ਮੰਜਿਆਂ ਨਾਲ ਕੁੱਪ ਬਣਦੇ ਸਨ।

ਮੰਜਿਆਂ ਤੋਂ ਬਾਅਦ ਸਲਵਾੜ ਦੇ ਕਾਨਿਆਂ ਨਾਲ, ਕਪਾਹ ਦੀਆਂ ਛਿੜੀਆਂ



Academy of the Punjab in North America: http://www.apnaorg.com

ਨਾਲ ਵੀ ਕਈ ਇਲਾਕਿਆਂ ਵਿਚ ਕੁੱਪ ਬੰਨ੍ਹਣ ਦਾ ਰਿਵਾਜ ਸੀ। ਇਹ ਕੁੱਪ ਗੋਲ ਆਕਾਰ ਵਿਚ ਬੰਨ੍ਹੇ ਜਾਂਦੇ ਸਨ। ਫੇਰ ਕਣਕ ਦੇ ਲਾਣ ਨਾਲ ਕੁੱਪ ਬੰਨ੍ਹਣ ਦਾ ਰਿਵਾਜ ਚੱਲਿਆ। ਇਹ ਕੁੱਪ ਵੀ ਆਮ ਤੌਰ 'ਤੇ ਗੋਲ ਆਕਾਰ ਵਿਚ ਹੀ ਬੰਨੇ ਜਾਂਦੇ ਸਨ। ਜਿਥੇ ਕੁੱਪ ਬੰਨ੍ਹਣਾ ਹੁੰਦਾ ਸੀ, ਉਥੇ ਪਹਿਲਾਂ ਤੂੜੀ ਦਾ ਛੋਟਾ ਜਿਹਾ ਢੇਰ ਸਿੱਟ ਲੈਂਦੇ ਸਨ। ਫੇਰ ਉਸ ਢੇਰ ਦੇ ਦੁਆਲੇ ਕਣਕ ਦੇ ਲਾਣ ਨੂੰ ਚਾਰ ਕੁ ਇੰਚ ਖਾਈ ਪੁੱਟ ਕੇ ਖੜਾ ਕੀਤਾ ਜਾਂਦਾ ਸੀ। ਏਸ ਖੜੇ ਕੀਤੇ ਲਾਣ ਦੇ ਦੁਆਲੇ ਪੱਟੀ ਹੋਈ ਮਿੱਟੀ ਨੂੰ ਹੀ ਖਾਈ ਵਿਚ ਸੁੱਟ ਕੇ ਤੋਹ ਦਿਤਾ ਜਾਂਦਾ ਸੀ, ਜਿਸ ਨਾਲ ਲਾਣ ਮਜ਼ਬੂਤੀ ਨਾਲ ਖੜ੍ਹ ਜਾਂਦਾ ਸੀ। ਕਣਕ ਦੀਆਂ ਬੱਲੀਆਂ ਪਹਿਲਾਂ ਹੀ ਤੋੜ ਲਈਆਂ ਜਾਂਦੀਆਂ ਸਨ। ਏਸ ਖੜ੍ਹੇ ਕੀਤੇ ਲਾਣ ਦੇ ਆਲੇ ਦੁਆਲੇ ਕਣਕ ਦੇ ਲਾਣ ਦੀ ਵੱਟੀ ਹੋਈ ਵੇੜ੍ਹ ਦੇ ਗੇੜੇ ਦਿੱਤੇ ਜਾਂਦੇ ਸਨ। ਇਹ ਵੇੜ੍ਹ ਦੇ ਗੇੜੇ ਹੀ ਤੂੜੀ ਨੂੰ ਕੁੱਪ ਤੋਂ ਬਾਹਰ ਜਾਣ ਨੂੰ ਰੋਕਦੇ ਹੁੰਦੇ ਸਨ। ਕੁੱਪ ਵਿਚ ਹੋਰ ਤੂੜੀ ਸਿੱਟੀ ਜਾਂਦੀ ਸੀ। ਸਿੱਟੀ ਤੂੜੀ ਨੂੰ ਆਦਮੀ ਕੁੱਪ ਵਿਚ ਵੜ੍ਹ ਕੇ ਦੱਬਦੇ ਵੀ ਰਹਿੰਦੇ ਸਨ। ਜਦੋਂ ਕੁੱਪ ਹੋਰ ਉੱਚਾ ਹੋ ਜਾਂਦਾ ਸੀ ਤਾਂ ਕੁੱਪ ਨਾਲ ਪੌੜੀ ਖੜ੍ਹੀ ਕਰ ਕੇ ਕੁੱਪ ਵਿਚ ਤੂੜੀ ਸਿੱਟੀ ਜਾਂਦੀ ਸੀ। ਨਾਲ ਦੀ ਨਾਲ ਕੁੱਪ ਦੁਆਲੇ ਵੇੜ੍ਹ ਦੇ ਗੇੜੇ ਦਿੱਤੇ ਜਾਂਦੇ ਸਨ। ਜਿਉਂ ਜਿਉਂ ਕੁੱਪ ਉਪਰ ਨੂੰ ਜਾਈ ਜਾਂਦਾ ਸੀ, ਤਿਉਂ ਤਿਉਂ ਕੁੱਪ ਦਾ ਘੇਰਾ ਘੱਟ ਕੀਤਾ ਜਾਂਦਾ ਹੁੰਦਾ ਸੀ। ਜਦ ਕੁੱਪ ਵਿਚ ਸਾਰੀ ਤੂੜੀ ਭਰ ਦਿੱਤੀ ਜਾਂਦੀ ਸੀ ਤਾਂ ਕੁੱਪ ਦੇ ਉਪਰਲੇ ਹਿੱਸੇ ਦਾ ਘੇਰਾ ਘੱਟ ਕਰਦੇ ਹੋਏ ਬਿਲਕੁਲ ਹੀ ਉਪਰ ਤੋਂ ਬੰਦ ਕਰ ਦਿੱਤਾ ਜਾਂਦਾ ਸੀ। ਕੁੱਪ ਐਨੀ ਚੰਗੀ ਤਰ੍ਹਾ ਬੰਨ੍ਹੇ ਹੁੰਦੇ ਸਨ ਕਿ ਮੀਂਹ ਦੇ ਪਾਣੀ ਦੀ ਇਕ ਬੂੰਦ ਵੀ ਅੰਦਰ ਨਹੀਂ ਜਾ ਸਕਦੀ ਸੀ।

ਜਦ ਕੁੱਪ ਵਿਚੋਂ ਤੂੜੀ ਕੱਢਣੀ ਹੁੰਦੀ ਸੀ ਤਾਂ ਕੁੱਪ ਨੂੰ ਧਰਤੀ ਦੀ ਪੱਧਰ ਤੋਂ ਤਿੰਨ ਕੁ ਫੁੱਟ ਉੱਚਾ ਤੇ ਤਿੰਨ ਕੁ ਫੁੱਟ ਚੌੜਾ ਦੰਦਲ ਦਾਤੀ ਨਾਲ ਕੱਟ ਲਿਆ ਜਾਂਦਾ ਸੀ ਤੇ ਲੋੜ ਅਨੁਸਾਰ ਤੂੜੀ ਕੱਢਦੇ ਰਹਿੰਦੇ ਸਨ। ਇਹ ਸੀ ਕੁੱਪ ਦੀ ਬਣਤਰ। ਹੁਣ ਪੰਜਾਬ ਵਿਚ ਕਿਤੇ ਕਿਤੇ ਹੀ ਤੁਹਾਨੂੰ ਇਹ ਤੂੜੀ ਦੇ ਕੁੱਪ ਨਜ਼ਰ ਆਉਣਗੇ।

0

## ਮੱਕੀ ਦੇ ਮੁਹਾਰੇ

ਮੱਕੀ ਦੀ ਪੱਕੀ ਫ਼ਸਲ ਨੂੰ ਵੱਢਣ ਤੋਂ ਬਾਅਦ ਮੱਕੀ ਦੇ ਟਾਂਡਿਆਂ ਨੂੰ ਖੜੇ ਲੋਟ ਗੁਲਾਈ ਵਿਚ ਇਕ ਥਾਂ ਕਾਫ਼ੀ ਮਿਕਦਾਰ ਵਿਚ 'ਕੱਠੇ ਕਰ ਕੇ ਲਾਉਣ ਨੂੰ ਮੱਕੀ ਦੇ ਮੁਹਾਰੇ ਲਾਉਣੇ ਕਹਿੰਦੇ ਸਨ। ਸਾਰੀ ਮੱਕੀ ਦੇ ਕਈ ਕਈ ਮੁਹਾਰੇ ਲੱਗਦੇ ਸਨ। ਮੱਕੀ ਦੇ ਟਾਂਡਿਆਂ ਦਾ ਹੇਠਲਾ ਤੇ ਵਿਚਕਾਰਲਾ ਹਿੱਸਾ ਮੋਟਾ ਹੁੰਦਾ ਸੀ। ਜਿਥੇ ਛੱਲੀਆਂ ਲੱਗਦੀਆਂ ਹੁੰਦੀਆਂ ਸਨ, ਉਹ ਤਾਂ ਛੱਲੀਆਂ ਕਰਕੇ ਜ਼ਿਆਦਾ ਮੋਟਾ ਹੁੰਦਾ ਸੀ।



ਛੱਲੀਆਂ ਦੇ ਟਾਂਡੇ ਦਾ ਉਪਰਲਾ ਹਿੱਸਾ ਪਤਲਾ ਹੁੰਦਾ ਜਾਂਦਾ ਸੀ। ਜਿਥੇ ਮੱਕੀ ਦੇ ਟਾਂਡੇ ਦਾ ਛਿੱਟਾ ਨਿਕਲਦਾ ਹੁੰਦਾ ਸੀ, ਉਹ ਬਿਲਕੁਲ ਹੀ ਪਤਲਾ ਹੁੰਦਾ ਸੀ। ਏਸ ਕਰ ਕੇ ਮੱਕੀ ਦੇ ਮੁਹਾਰਿਆਂ ਦਾ ਹੇਠਾਂ ਤੋਂ 3/4 ਕੁ ਫੁੱਟ ਦਾ ਹਿੱਸਾ ਜ਼ਿਆਦਾ ਭਾਰਾ ਹੁੰਦਾ ਸੀ ਤੇ ਉਸ ਤੋਂ ਉਪਰ ਮੁਟਾਈ ਘਟਦੀ ਜਾਂਦੀ ਹੁੰਦੀ ਸੀ। ਮੱਕੀ ਦੇ ਮੁਹਾਰਿਆਂ ਦੀ ਛੇਪ ਵੀ ਲੱਗਭੱਗ ਪਾਥੀਆਂ ਦੇ ਲੱਗੇ ਗੁਹਾਰਿਆਂ ਵਰਗੀ ਹੀ ਹੁੰਦੀ ਸੀ।



ਕਣਕ ਬੀਜਣ ਤੋਂ ਬਾਅਦ ਇਨ੍ਹਾਂ ਮੁਹਾਰਿਆਂ ਵਿਚ ਲੱਗੀ ਮੱਕੀ ਨੂੰ ਡੁੰਗਿਆ ਜਾਂਦਾ ਸੀ। ਮੱਕੀ ਦੀਆਂ ਛੱਲੀਆਂ ਨੂੰ ਪਰਦੇ ਵਿਚੋਂ ਕੱਢਣ ਨੂੰ ਮੱਕੀ ਡੁੰਗਣਾ ਕਹਿੰਦੇ ਸਨ। ਮੱਕੀ ਦੀਆਂ ਛੱਲੀਆਂ ਨੂੰ ਹੱਥਾਂ ਨਾਲ ਪਰਦੇ ਵਿਚੋਂ ਵਾਰ ਵਾਰ ਕੱਢਣ ਨਾਲ ਹੱਥਾਂ ਦੇ ਗੂੰਠੇ ਤੇ ਉਂਗਲੀਆਂ ਦੁਖਣ ਲਗ ਜਾਂਦੀਆਂ ਸਨ। ਏਸ ਲਈ ਪਰਦਿਆਂ ਨੂੰ ਖੋਲ੍ਹਣ ਲਈ ਬਾਂਸ ਦੀ ਲੱਕੜ ਦੀਆਂ ਜਾਂ ਦੂਸਰੀ ਕਿਸੇ ਲੱਕੜ ਦੀਆਂ ਤਿੱਖੀਆਂ ਛੇ ਕੁ ਇੰਚ ਦੀਆਂ ਕਿੱਲੀਆਂ ਬਣਾਈਆਂ ਹੁੰਦੀਆਂ ਸਨ। ਇਨ੍ਹਾਂ ਕਿੱਲੀਆਂ ਨੂੰ ਮੱਕੀ ਦੇ ਟਾਂਡਿਆਂ ਵਿਚ ਡਿੱਗਣ ਤੋਂ ਬਚਾਉਣ ਲਈ ਇਨ੍ਹਾਂ ਦੇ ਸਿਰਿਆਂ ਵਿਚ ਰੱਸੀਆਂ ਪਾਈਆਂ ਹੁੰਦੀਆਂ ਸਨ। ਇਹ ਰੱਸੀ ਮੱਕੀ ਡੁੰਗਣ ਵਾਲੇ ਆਪਣੇ ਹੱਥ ਵਿਚ ਪਾ ਲੈਂਦੇ ਸਨ। ਛੱਲੀਆਂ ਡੁੰਗਣ ਤੋਂ ਪਿਛੋਂ ਘਰ ਲੈ ਜਾਂਦੇ ਸਨ। ਜਦ ਸਾਰੀ ਮੱਕੀ ਡੁੰਗੀ ਜਾਂਦੀ ਸੀ ਤਾਂ ਛੱਲੀਆਂ ਨੂੰ ਸੋਟਿਆਂ ਨਾਲ ਕੁੱਟ ਕੇ ਦਾਣੇ ਕੱਢ ਲਏ ਜਾਂਦੇ ਸਨ। ਬਾਕੀ ਰਹੇ ਗੁੱਲ ਅੱਗ ਬਾਲਣ ਦੇ ਕੰਮ ਆਉਂਦੇ ਸਨ। ਡੁੰਗੀ ਮੱਕੀ ਦੇ ਟਾਂਡਿਆਂ ਦਾ ਟੋਕਾ ਕਰ ਕੇ ਪਸ਼ੂਆਂ ਨੂੰ ਪਾ ਦਿੱਤਾ ਜਾਂਦਾ ਸੀ। ਏਸ ਟੋਕੇ ਵਿਚ ਹਰਾ ਰਲਾ ਕੇ ਵੀ ਵਰਤ ਲਿਆ ਜਾਂਦਾ ਸੀ।

1965-70 ਤੱਕ ਮੱਕੀ ਪੰਜਾਬ ਦੀ ਮੁੱਖ ਫ਼ਸਲ ਰਹੀ ਹੈ। ਦੇਸੀ ਮੱਕੀ ਤੋਂ ਪਿਛੋਂ ਦੋਗਲੀ ਮੱਕੀ ਬੀਜੀ ਜਾਣ ਲੱਗੀ ਸੀ। ਏਸ ਦੀਆਂ ਛੱਲੀਆਂ ਵੀ ਵੱਡੀਆਂ ਹੁੰਦੀਆਂ



Academy of the Punjab in North America: http://www.apnaorg.com

ਸਨ ਤੇ ਝਾੜ ਵੀ ਦੇਸੀ ਮੱਕੀ ਨਾਲੋਂ ਜ਼ਿਆਦਾ ਹੁੰਦਾ ਸੀ। ਇਕ ਚਿੱਟੀ ਮੱਕੀ ਵੀ ਹੁੰਦੀ ਸੀ, ਜਿਸ ਨੂੰ ਪਿੰਡਾਂ ਵਿਚ ਬਤਾਲਣ ਮੱਕੀ ਕਹਿੰਦੇ ਸਨ। ਪਰ ਇਹ ਮੱਕੀ ਬਹੁਤ ਘੱਟ ਬੀਜੀ ਜਾਂਦੀ ਸੀ। ਮੱਕੀ ਨੂੰ ਸੋਟਿਆਂ ਨਾਲ ਕੁੱਟ ਕੇ ਕੱਢਣ ਦੀ ਥਾਂ ਫੇਰ ਮੱਕੀ ਕੱਢਣ ਵਾਲੀਆਂ ਮਸ਼ੀਨਾਂ ਆ ਗਈਆਂ ਸਨ, ਜਿਹੜੀਆਂ ਇੰਜਣਾਂ ਨਾਲ ਚਲਦੀਆਂ ਸਨ।

ਮੱਕੀ ਇਕ ਨਾਜ਼ਕ ਫ਼ਸਲ ਮੰਨੀ ਜਾਂਦੀ ਸੀ। ਇਹ ਨਾ ਸੋਕਾ ਸਹਾਰ ਸਕਦੀ ਸੀ ਤੇ ਜ਼ਿਆਦਾ ਬਾਰਸ਼ਾਂ ਦਾ ਪਾਣੀ ਵੀ ਇਸ ਨੂੰ ਮਾਰ ਦਿੰਦਾ ਸੀ। ਪੰਜਾਬ ਵਿਚ ਮੱਕੀ ਦੀ ਫ਼ਸਲ ਉਸ ਸਮੇਂ ਬੀਜਣੀ ਸ਼ੁਰੂ ਕੀਤੀ ਗਈ ਸੀ ਜਦ ਖੇਤਾਂ ਨੂੰ ਚੋਹਾਂ, ਖੂਹਾਂ ਤੇ ਨਹਿਰੀ ਪਾਣੀ ਲੱਗਣ ਲੱਗਿਆ।

ਸਿਆਣੇ ਕਹਿੰਦੇ ਹਨ ਕਿ ਨਿੱਤ ਨਿੱਤ ਦੇ ਕੰਮ ਕਰਨ ਨਾਲ ਬੰਦੇ ਦਾ ਉਸ ਕੰਮ ਦਾ ਤਜਰਬਾ ਹੋ ਜਾਂਦਾ ਹੈ। ਏਸ ਤਰ੍ਹਾਂ ਸਿਆਣੇ ਜ਼ਿਮੀਂਦਾਰਾਂ ਨੇ ਉਸ ਸਮੇਂ ਹਰ ਫ਼ਸਲ ਦੇ ਤਜਰਬੇ ਕੱਢੇ ਹੋਏ ਸਨ। ਮੱਕੀ, ਕਪਾਹ, ਤਿਲ ਤੇ ਜੌਂ ਕਿੰਨੇ ਕਿੰਨੇ ਫਾਸਲੇ ਤੇ ਬੀਜੇ ਜਾਣੇ ਹਨ, ਉਸ ਸਮੇਂ ਦਾ ਅਖਾਣ ਹੈ –

ਤਿਲ ਵਿਰਲੇ, ਜੌਂ ਸੰਘਣੇ
ਡਾਂਗੋ ਡਾਂਗ ਕਪਾਹ।
ਲੇਫ ਦੀ ਬੁੱਕਲ ਮਾਰ ਕੇ,
ਮੱਕੀ ਵਿਚ ਦੀ ਜਾਹ।

ਲੇਫ਼, ਰਜਾਈ ਨੂੰ ਕਹਿੰਦੇ ਹਨ। ਏਸ ਤਰ੍ਹਾਂ ਮੱਕੀ ਦੀ ਬਿਜਾਈ ਦੂਰ ਦੂਰ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਸੀ। ਉਨ੍ਹਾਂ ਸਮਿਆਂ ਵਿਚ ਦੇਸੀ ਮੱਕੀ ਬੀਜੀ ਜਾਂਦੀ ਸੀ, ਜਿਸ ਦੀਆਂ ਛੋਟੀਆਂ ਛੋਟੀਆਂ ਛੱਲੀਆਂ ਹੁੰਦੀਆਂ ਸਨ। ਬਰੀਕ ਬਰੀਕ ਦਾਣੇ ਹੁੰਦੇ ਸਨ। ਇਹ ਮੱਕੀ ਖਾਣ ਨੂੰ ਵੀ ਮਿੱਠੀ ਹੁੰਦੀ ਸੀ। ਗਿੱਲੀਆਂ ਛੱਲੀਆਂ ਦੇ ਦਾਣੇ ਕੱਢ ਕੇ ਭੁਨਾਏ ਹੋਏ ਮੁਰਮੁਰੇ ਦਾਣੇ ਬਹੁਤ ਸੁਆਦ ਹੁੰਦੇ ਸਨ। ਸੁੱਕੀ ਮੱਕੀ ਦੀਆਂ ਖਿੱਲਾਂ ਬਹੁਤ ਬਣਦੀਆਂ ਸਨ। ਏਸ ਮੱਕੀ ਦੀਆਂ ਭੁੰਨੀਆਂ ਹੋਈਆਂ ਛੱਲੀਆਂ ਵੀ ਬਹੁਤ ਸੁਆਦ ਹੁੰਦੀਆਂ ਸਨ। ਉਨ੍ਹਾਂ ਸਮਿਆਂ ਵਿਚ ਛੱਲੀਆਂ ਭੁੰਨ ਕੇ ਖਾਣ ਦਾ ਰਿਵਾਜ ਵੀ ਬਹੁਤ ਹੁੰਦਾ ਸੀ। ਛੱਲੀਆਂ ਦੀ ਚੋਰੀ ਨੂੰ ਰੋਕਣ ਲਈ ਰਾਖੀ ਵੀ ਰੱਖੀ ਜਾਂਦੀ ਸੀ। ਰਾਖੀ ਕਰਨ ਦੀ ਜ਼ਿੰਮੇਵਾਰੀ ਆਮ ਤੌਰ ਤੇ ਪਰਿਵਾਰ ਦੇ ਛੜੇ ਮੈਂਬਰ ਦੀ ਹੁੰਦੀ ਸੀ। ਏਸੇ ਲਈ ਲੋਕਗੀਤ ਹੈ –

ਰੰਨਾਂ ਵਾਲੇ ਘਰ ਸੌਣਗੇ,
ਛੜੇ ਪੈਣਗੇ ਮੱਕੀ ਦੀ ਰਾਖੀ।

ਕਈ ਵਾਰ ਮੁੱਲ ਦੇ ਰੱਖੇ ਰਾਖੇ ਵੀ ਆਪਣੀ ਗਰਜ਼ ਲਈ ਚੋਰੀ ਕਰਦੇ ਹੁੰਦੇ ਸਨ। ਕਿਉਂ ਜੋ ਕਹਿੰਦੇ ਹਨ, ਚੋਰੀ ਦਾ ਗੁੜ ਮਿੱਠਾ ਹੁੰਦਾ ਹੈ –



ਮੇਰਾ ਯਾਰ ਮੱਕੀ ਦਾ ਰਾਖਾ,
ਡੱਬ 'ਚ ਲਿਆਵੇ ਛੱਲੀਆਂ।

ਮੱਕੀ ਦੀ ਤਾਸੀਰ ਖ਼ੁਸ਼ਕ ਮੰਨੀ ਗਈ ਹੈ। ਕਈ ਆਪਣੇ ਦੂਰ ਦੇ ਮਿੱਤਰਾਂ ਨੂੰ ਰੋਟੀ ਦੀ ਥਾਂ ਛੱਲੀਆਂ ਦੇ ਕੇ ਹੀ ਬੁੱਤਾ ਸਾਰਨ ਦੀ ਕੋਸ਼ਿਸ਼ ਵੀ ਕਰਦੀਆਂ ਹੁੰਦੀਆਂ ਸਨ–

ਲੈ ਜਾ ਛੱਲੀਆਂ,
ਭੁਨਾ ਲਈਂ ਦਾਣੇ
ਮਿੱਤਰਾ ਦੂਰ ਦਿਆ।

ਮਿੱਤਰ ਵੀ ਅੱਗੋਂ ਖ਼ੁਸ਼ਕੀ ਤੋਂ ਡਰਦੇ ਛੱਲੀਆਂ ਲੈਣ ਤੋਂ ਮੁਨਕਰ ਹੋ ਜਾਂਦੇ ਸਨ–

ਮਿੱਤਰਾਂ ਨੇ ਨਹੀਂ ਚੱਬਣੇ
ਤੇਰੇ ਖ਼ੁਸ਼ਕ ਮੱਕੀ ਦੇ ਦਾਣੇ।

ਦੇਸੀ ਮੱਕੀ ਦੀ ਰੋਟੀ ਵੀ ਬਹੁਤ ਸੁਆਦ ਹੁੰਦੀ ਸੀ। ਸਿਆਲ ਵਿਚ ਸਰ੍ਹੋਂ ਦਾ ਸਾਗ ਵਿਚ ਮੱਖਣ ਦਾ ਪੇੜਾ ਤੇ ਮੱਕੀ ਦੀ ਰੋਟੀ ਇਕ ਨਿਆਮਤ ਹੁੰਦੀ ਸੀ। ਸਾਰਾ ਸਿਆਲ ਹੀ ਮੱਕੀ ਖਾਧੀ ਜਾਂਦੀ ਸੀ। ਮੱਕੀ ਪਾਲਣੀ ਵੀ ਬਹੁਤ ਔਖੀ ਹੁੰਦੀ ਸੀ। ਮੱਕੀ ਪੀਹਣੀ ਵੀ ਬਹੁਤ ਔਖੀ ਹੁੰਦੀ ਸੀ। ਤਕੜੀ ਜਨਾਨੀ ਅਤੇ ਤਕੜਾ ਬੰਦਾ ਹੀ ਮੱਕੀ ਪੀਹ ਸਕਦਾ ਸੀ। ਏਸੇ ਲਈ ਤਾਂ ਵਿਆਹਾਂ ਵਿਚ ਤਕੜੇ, ਤਾਕਤਵਾਰ ਕੁੜਮ ਨੂੰ ਦੇਖ ਕੇ ਜਨਾਨੀਆਂ ਸਿੱਠਣੀਆਂ ਦਿੰਦੀਆਂ ਹੁੰਦੀਆਂ ਸਨ–

ਤੁਸੀਂ ਮੱਕੀ ਪਿਹਾ ਲਓ ਜੀ,
ਸਾਡਾ ਕੁੜਮ ਵਹਿੜਕੇ ਵਰਗਾ।

ਮੱਕੀ ਦੀ ਗੋਡੀ ਸਾਉਣ-ਭਾਦੋਂ ਦੇ ਅਤਿ ਗਰਮੀ ਦੇ ਮਹੀਨਿਆਂ ਵਿਚ ਕੀਤੀ ਜਾਂਦੀ ਸੀ। ਗਰਮੀ ਨਾਲ ਸਰੀਰ ਤੇ ਗਰਮੀ ਆਈ ਹੁੰਦੀ ਸੀ। ਮੱਕੀ ਦੇ ਪੱਛ ਲੱਤਾਂ ਬਾਹਾਂ ਤੇ ਜਿਥੇ ਵੀ ਲੱਗਦੇ ਹੁੰਦੇ ਸਨ, ਉਸ ਨਾਲ ਸਰੀਰ ਤੇ ਲਕੀਰਾਂ ਜਿਹੀਆਂ ਖਿੱਚੀਆਂ ਜਾਂਦੀਆਂ ਸਨ। ਉਸ ਥਾਂ ਤੇ ਲਾਲੀ ਆ ਜਾਂਦੀ ਸੀ। ਖਾਜ ਹੋਣੀ ਵੀ ਸ਼ੁਰੂ ਹੋ ਜਾਂਦੀ ਸੀ। ਸਰੀਰ ਨੂੰ ਅੱਚਵੀ ਲੱਗ ਜਾਂਦੀ ਸੀ। ਖੜੀ ਮੱਕੀ ਵਿਚੋਂ ਘਾਹ ਫੂਸ ਕੱਢਣਾ ਵੀ ਬਹੁਤ ਔਖਾ ਹੁੰਦਾ ਸੀ। ਮੱਕੀ ਅਤੇ ਕਪਾਹ ਦੀ ਫ਼ਸਲ ਦੀ ਗੋਡੀ ਤੋਂ ਡਰਦੇ ਹੀ ਜੱਟਾਂ ਦੇ ਪੁੱਤ ਸਾਧ ਬਣ ਜਾਂਦੇ ਸਨ।

ਹੁਣ ਪੰਜਾਬ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਛੱਡ ਕੇ ਹੋਰ ਕਿਤੇ ਵੀ ਮੱਕੀ ਨਹੀਂ ਬੀਜੀ ਜਾਂਦੀ। ਮੱਕੀ ਦੀ ਥਾਂ ਹੁਣ ਜੀਰੀ ਨੇ ਲੈ ਲਈ ਹੈ। ਖੇਤੀ ਹੁਣ ਵਪਾਰ ਬਣ ਗਈ ਹੈ। ਮੱਕੀ ਬੀਜਣਾ ਹੁਣ ਲਾਹੇਵੰਦ ਵੀ ਨਹੀਂ ਰਿਹਾ। ਹੁਣ ਤੁਹਾਨੂੰ ਸਾਰੇ ਪੰਜਾਬ ਵਿਚੋਂ ਸਿਰਫ਼ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹੀ ਮੱਕੀ ਦੇ ਮੁਹਾਰੇ ਲੱਗੇ ਮਿਲਣਗੇ।

0



Academy of the Punjab in North America: http://www.apnaorg.com

# ਆਵਤ ਪਾਉਣੀ

ਸਾਡਾ ਦੇਸ਼ ਖੇਤੀ ਪ੍ਰਧਾਨ ਦੇਸ਼ ਹੈ। ਖੇਤੀ ਪਹਿਲਾਂ ਸਾਰੀ ਦੀ ਸਾਰੀ ਹੱਥੀਂ ਕੀਤੀ ਜਾਂਦੀ ਸੀ। ਇਸ ਲਈ ਇਕ ਨੀਯਤ ਸਮੇਂ ਵਿਚ ਖੇਤਾਂ ਨੂੰ ਵਾਹ ਕੇ ਬੀਜਣਾ ਪੈਂਦਾ ਸੀ। ਜਿਸ ਕਰ ਕੇ ਨੀਯਤ ਸਮੇਂ ਅੰਦਰ ਮਨੁੱਖੀ ਬਲ ਤੇ ਪਸ਼ੂਆਂ/ਬਲਦਾਂ ਦੀ ਜ਼ਿਆਦਾ ਲੋੜ ਹੁੰਦੀ ਸੀ। ਉਨ੍ਹਾਂ ਸਮਿਆਂ ਵਿਚ ਲੋਕਾਂ ਦਾ ਆਪਸ ਵਿਚ ਬਹੁਤ ਪਿਆਰ ਸੀ, ਭਾਈਚਾਰਾ ਸੀ। ਪਰ ਫੇਰ ਵੀ ਕਈ ਪਰਿਵਾਰ ਨੀਯਤ ਸਮੇਂ ਅੰਦਰ ਨਾ ਜ਼ਮੀਨ ਵਾਹ ਸਕਦੇ ਸਨ, ਨਾ ਬੀਜ ਸਕਦੇ ਸਨ, ਨਾ ਹੀ ਫ਼ਸਲ ਵੱਢ ਸਕਦੇ ਸਨ, ਨਾ ਹੀ ਫ਼ਸਲ ਕੱਢ ਸਕਦੇ ਸਨ, ਜਿਸ ਕਰ ਕੇ ਆਵਤ ਪਾਉਣ ਦਾ ਰਿਵਾਜ ਸ਼ੁਰੂ ਹੋਇਆ।



ਆਵਤ ਦਾ ਸ਼ਬਦੀ ਅਰਥ ਹੈ ਆਉਣਾ, ਆਗਮਨ। ਇਸ ਲਈ ਜਦ ਕੋਈ ਪਰਿਵਾਰ ਆਪਣੇ ਭਾਈਚਾਰੇ ਵਿਚੋਂ, ਪਿੰਡ ਵਿਚੋਂ ਅਤੇ ਰਿਸ਼ਤੇਦਾਰੀ ਵਿਚੋਂ ਆਵਤ ਪਾਉਂਦਾ ਸੀ ਤਾਂ ਉਨ੍ਹਾਂ ਦਾ ਬਹੁਤ ਆਗਮਨ ਕੀਤਾ ਜਾਂਦਾ ਸੀ, ਸੇਵਾ ਕੀਤੀ ਜਾਂਦੀ ਸੀ। ਉਸ ਸਮੇਂ ਦੀ ਸੇਵਾ ਵਿਚ ਸ਼ੱਕਰ, ਘੀ, ਕੜਾਹ, ਖੀਰ, ਸੇਵੀਆਂ, ਦੁੱਧ, ਦਹੀਂ ਹੁੰਦੇ ਸਨ। ਆਮ ਤੌਰ ਤੇ ਜਿਨ੍ਹਾਂ ਪਰਿਵਾਰਾਂ ਕੋਲ ਜ਼ਮੀਨ ਜ਼ਿਆਦਾ ਹੁੰਦੀ ਸੀ, ਉਹ ਪਰਿਵਾਰ ਹੀ ਕਈ ਵੇਰ ਵੇਲੇ ਸਿਰ ਵਾਹੀ ਕਰਨ, ਬੀਜਣ ਤੇ ਫ਼ਸਲ ਵੱਢਣ ਤੋਂ ਖੁੰਝ ਜਾਂਦੇ ਸਨ, ਉਹ ਹੀ ਆਵਤ ਪਾਉਂਦੇ ਹੁੰਦੇ ਸਨ। ਜਿਨ੍ਹਾਂ ਪਰਿਵਾਰਾਂ ਵਿਚ ਕੋਈ ਅਚਨਚੇਤ ਮੌਤ ਹੋ ਜਾਂਦੀ ਸੀ, ਬਲਦ ਦੀ ਮੌਤ ਹੋ ਜਾਂਦੀ ਸੀ, ਉਸ ਪਰਿਵਾਰ ਦੀ ਵੀ ਪਿੰਡ ਦੇ ਸਨੇਹੀ ਤੇ ਰਿਸ਼ਤੇਦਾਰ ਆਵਤ ਪਾ ਕੇ ਕੰਮ ਕਰਵਾਉਂਦੇ ਸਨ। ਆਵਤ ਨੂੰ ਸਹਿਕਾਰਤਾ ਦਾ ਮੁਢਲਾ ਰੂਪ ਕਿਹਾ ਜਾ ਸਕਦਾ ਹੈ। ਉਨ੍ਹਾਂ ਸਮਿਆਂ ਵਿਚ ਫ਼ਸਲ ਨੂੰ ਫਲ੍ਹਿਆਂ ਨਾਲ ਗਾਹ ਕੇ ਦਾਣੇ ਕੱਢੇ ਜਾਂਦੇ ਸਨ।



ਥੋੜ੍ਹੀਆਂ ਜ਼ਮੀਨਾਂ ਵਾਲੇ ਪਰਿਵਾਰਾਂ ਕੋਲ ਕਈ ਵੇਰ ਇਕ ਬਲਦ ਜਾਂ ਇਕ ਬਲਦਾਂ ਦੀ ਜੋੜੀ ਹੁੰਦੀ ਸੀ। ਇਸ ਲਈ ਫੇਰ ਅਜੇਹੇ ਪਰਿਵਾਰ ਇਕ ਬਲਦ ਵਾਲੇ ਪਰਿਵਾਰ ਨਾਲ ਜਾਂ ਇਕ ਜੋੜੀ ਵਾਲੇ ਪਰਿਵਾਰ ਨਾਲ ਸਾਂਝ ਪਾ ਕੇ ਖੇਤੀ ਕਰਦੇ ਹੁੰਦੇ ਸਨ। ਪਹਿਲਾਂ ਇਕ ਪਰਿਵਾਰ ਦਾ ਖੇਤ ਵਾਹਿਆ, ਬੀਜਿਆ ਜਾਂਦਾ ਸੀ, ਫੇਰ ਦੂਸਰੇ ਪਰਿਵਾਰ ਦਾ ਖੇਤ ਵਾਹਿਆ, ਬੀਜਿਆ ਜਾਂਦਾ ਸੀ। ਏਸੇ ਤਰ੍ਹਾਂ ਪਹਿਲਾਂ ਇਕ ਪਰਿਵਾਰ ਦੀ ਵਾਢੀ ਤੇ ਦਾਣੇ ਕੱਢ ਲੈਂਦੇ ਸਨ, ਫੇਰ ਦੂਸਰੇ ਪਰਿਵਾਰ ਦੇ। ਇਹ ਵਤੀਰਾ ਪਿੰਡ ਵਿਚ ਆਮ ਹੁੰਦਾ ਸੀ। ਅਸਲ ਵਿਚ ਉਨ੍ਹਾਂ ਸਮਿਆਂ ਵਿਚ ਲੋਕਾਂ ਦਾ ਆਪਸ ਵਿਚ ਪ੍ਰੇਮ ਪਿਆਰ ਬਹੁਤ ਸੀ।

ਉਨ੍ਹਾਂ ਸਮਿਆਂ ਵਿਚ ਖੇਤੀ ਬਾਰਸ਼ਾਂ 'ਤੇ ਨਿਰਭਰ ਹੋਣ ਕਰਕੇ ਲੋਕਾਂ ਕੋਲ ਵਿਹਲ ਵੀ ਬਹੁਤ ਹੁੰਦੀ ਸੀ। ਜ਼ਮੀਨਾਂ ਉੱਚੀਆਂ, ਨੀਵੀਆਂ ਹੁੰਦੀਆਂ ਸਨ। ਟਿੱਬੇ ਤਾਂ ਉਨ੍ਹਾਂ ਸਮਿਆਂ ਵਿਚ ਹਰ ਪਿੰਡ ਵਿਚ ਹੁੰਦੇ ਸਨ। ਇਸ ਲਈ ਜਦ ਟਿੱਬਿਆਂ ਨੂੰ ਕਰਾਹ ਕੇ ਪੱਧਰਾ ਕਰਨਾ ਹੁੰਦਾ ਸੀ ਤਾਂ ਬੰਦਿਆਂ ਅਤੇ ਬਲਦਾਂ ਦੀਆਂ ਜੋੜੀਆ ਦੀ ਆਵਤ ਪਾਈ ਜਾਂਦੀ ਸੀ। ਘਰਾਂ ਦੀਆਂ ਛੱਤਾਂ ਪਾਉਣ ਸਮੇਂ ਵੀ ਆਵਤ ਪਾਉਣ ਦਾ ਰਿਵਾਜ ਹੁੰਦਾ ਸੀ। ਆਵਤ ਵਿਚ ਆਮ ਤੌਰ ਤੇ ਚੰਗੇ ਕਾਮੇ ਤੇ ਜੁਆਨ ਜਾਂਦੇ ਸਨ। ਕਈ ਵੇਰ ਆਵਤ ਗਏ ਬੰਦੇ ਸ਼ਰਤਾਂ ਲਾ ਕੇ, ਬਿਦ ਬਿਦ ਕੇ ਕੰਮ ਕਰਦੇ ਹੁੰਦੇ ਸਨ। ਜਦ ਲਾਊਡ ਸਪੀਕਰਾਂ ਦੀ ਈਜਾਦ ਹੋਈ ਤਾਂ ਕਈ ਵੇਰ ਆਵਤ ਵਿਚ ਆਏ ਬੰਦਿਆਂ ਨੂੰ ਖੁਸ਼ ਕਰਨ ਲਈ ਤੇ ਛੇਤੀ ਕੰਮ ਕਰਵਾਉਣ ਤੇ ਉਕਸਾਉਣ ਲਈ ਵਾਢੀ ਸਮੇਂ ਖੇਤ ਵਿਚ ਲਾਊਡ ਸਪੀਕਰ ਵੀ ਲਾਏ ਜਾਂਦੇ ਸਨ। ਜਿਨ੍ਹਾਂ ਉਪਰ ਆਮ ਤੌਰ ਤੇ ਕਲੀਆਂ ਦੇ ਰੀਕਾਰਡ ਲਾਏ ਜਾਂਦੇ ਸਨ।

ਕਈ ਪਰਿਵਾਰ ਆਪਣੀ ਵਧੀਆ ਹੋਈ ਫ਼ਸਲ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਵਿਖਾਉਣ ਲਈ ਅਤੇ ਰਿਸ਼ਤੇਦਾਰਾਂ ਵਿਚ ਆਪਣੀ ਟੌਹਰ ਬਣਾਉਣ ਲਈ ਵੀ ਆਵਤ ਬੁਲਾਉਂਦੇ ਹੁੰਦੇ ਸਨ। ਆਵਤ ਵਿਚ ਆਉਣ ਤੇ ਜਾਣ ਵਾਲੇ ਬੰਦਿਆਂ ਦੀ ਗਿਣਤੀ ਕੰਮਾਂ ਦੇ ਅਨੁਸਾਰ ਹੀ ਹੁੰਦੀ ਸੀ। ਆਮ ਤੌਰ ਤੇ ਵੱਧ ਤੋਂ ਵੱਧ 20 ਬੰਦਿਆਂ ਤੱਕ ਦੀ ਆਵਤ ਹੁੰਦੀ ਸੀ।

ਹੁਣ ਕੋਈ ਵੀ ਹੱਥੀਂ ਖੇਤੀ ਨਹੀਂ ਕਰਦਾ। ਸਾਰੀ ਖੇਤੀ ਦਾ ਮਸ਼ੀਨੀ ਕਰਨ ਹੋ ਗਿਆ ਹੈ। ਹੁਣ ਪੰਜਾਬ ਦੀ ਬਹੁਤੀ ਖੇਤੀ ਤਾਂ ਭਈਆਂ 'ਤੇ ਨਿਰਭਰ ਹੈ। ਫ਼ਸਲਾਂ ਦੀ ਕਟਾਈ ਤੇ ਕਢਾਈ ਲਈ ਪਿੰਡ ਪਿੰਡ ਕੰਬਾਈਨਾਂ ਹਨ। ਹੁਣ ਪਿੰਡ ਵਿਚ ਨਾ ਕਿਸੇ ਦੇ ਆਵਤ ਆਉਂਦੀ ਹੈ ਅਤੇ ਨਾ ਹੀ ਕਿਸੇ ਦੇ ਜਾਂਦੀ ਹੈ। ਹੁਣ ਦੀ ਪੀੜ੍ਹੀ ਤਾਂ ਆਵਤ ਬਾਰੇ ਬਿਲਕੁਲ ਹੀ ਨਹੀਂ ਜਾਣਦੀ। ਸਾਡੀ ਇਹ ਭਾਈਚਾਰਕ ਸਾਂਝ ਹੁਣ ਬਿਲਕੁਲ ਖ਼ਤਮ ਹੋ ਗਈ ਹੈ। ਅੱਜ ਵਿਅਕਤੀਵਾਦ ਦਾ ਯੁੱਗ ਹੈ।

0



Academy of the Punjab in North America: http://www.apnaorg.com

## ਹਲ਼, ਪੰਜਾਲੀ

ਕੋਈ ਸਮਾਂ ਸੀ, ਜਦ ਖੇਤੀ ਸਭ ਤੋਂ ਉੱਤਮ ਗਿਣੀ ਜਾਂਦੀ ਸੀ–

ਹਲ਼ ਰਾਜਾ, ਹੱਟੀ ਰਾਣੀ,
ਹੋਰ ਸਭ ਕਿੱਤੇ,
ਦੋਜ਼ਖ਼ ਦੀ ਨਿਸ਼ਾਨੀ।

ਉਸ ਸਮੇਂ ਹਲ਼ ਤੇ ਪੰਜਾਲੀ ਤੋਂ ਬਿਨਾਂ ਜ਼ਮੀਨ ਨੂੰ ਵਾਹੁਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ। ਖੇਤੀ ਕਰਨ ਦੇ ਮੁੱਢਲੇ ਸੰਦਾਂ ਵਿਚ ਹਲ਼, ਪੰਜਾਲੀ, ਦਾਤੀ, ਖੁਰਪਾ ਅਤੇ ਕਹੀ ਸਨ। ਉਸ ਸਮੇਂ ਜ਼ਮੀਨਾਂ ਦੀ ਮਲਕੀਅਤ ਰਾਜਿਆਂ, ਨਵਾਬਾਂ ਦੀ ਹੁੰਦੀ ਸੀ, ਜਿਨ੍ਹਾਂ ਨੂੰ ਦਾਣਿਆਂ ਅਤੇ ਤੂੜੀ ਦਾ ਕੁਝ ਨੀਯਤ ਹਿੱਸਾ ਦਿੱਤਾ ਜਾਂਦਾ ਸੀ। ਜਦ ਜ਼ਮੀਨ ਦੀ ਮਲਕੀਅਤ ਜ਼ਿਮੀਂਦਾਰਾਂ ਦੀ ਹੋ ਗਈ ਤਾਂ ਜਿਮੀਂਦਾਰ ਜ਼ਮੀਨਾਂ ਦਾ ਮਾਮਲਾ ਨਕਦੀ ਰੂਪ ਵਿਚ ਦੇਣ ਲੱਗੇ। ਉਨ੍ਹਾਂ ਸਮਿਆਂ ਵਿਚ ਫ਼ਸਲਾਂ ਦੇ ਝਾੜ ਘੱਟ ਹੁੰਦੇ ਸਨ। ਫ਼ਸਲਾਂ ਦਾ ਭਾਅ ਵੀ ਘੱਟ ਮਿਲਦਾ ਸੀ। ਕਈ ਵੇਰ ਸਾਰੀ ਫ਼ਸਲ ਵਿਕ ਜਾਂਦੀ ਸੀ, ਮਾਮਲਾ ਤਾਰਨ ਲਈ ਹਲ਼ ਪੰਜਾਲੀ ਦੀ ਕੁਰਕੀ ਵੀ ਹੋ ਜਾਂਦੀ ਸੀ –

ਹਲ਼ ਪੰਜਾਲੀ ਦੀ ਹੋ ਗਈ ਕੁਰਕੀ,
ਵੇਚ ਕੇ ਖਾ ਲਿਆ ਬੀ।
ਮਾਮਲਾ ਨਹੀਂ ਤਰਿਆ
ਵਾਹੀ ਦਾ ਲਾਹਾ ਕੀ?



ਕਈ ਖੇਤੀ ਕਰਨ ਵਿਚ ਢਿੱਲੇ ਹੁੰਦੇ ਸਨ। ਵੇਲੇ ਸਿਰ ਵਾਹੀ ਨਹੀਂ ਕਰਦੇ ਸਨ, ਜਿਸ ਕਰ ਕੇ ਕਈ ਵੇਰ ਪਤੀ ਪਤਨੀ ਦਾ ਤਕਰਾਰ ਵੀ ਹੋ ਜਾਂਦਾ ਸੀ–



ਜੇ ਮੁੰਡਿਆ ਵੇ ਤੈਂ ਹਲ ਨੀ ਜੋੜਨਾ,
ਮੈਂ ਵੀ ਨੀ ਧਰਨੀ ਦਾਲ ਮੁੰਡਿਆ।
ਰੋਟੀ ਆਊ ਮਿਰਚਾਂ ਦੇ ਨਾਲ ਮੁੰਡਿਆ।

ਚਾਹੇ ਸਾਡੇ ਗੁਰੂਆਂ ਨੇ ਇਸਤਰੀਆਂ ਨੂੰ ਮੰਦਾ ਕਹਿਣ ਤੋਂ ਵਰਜਿਆ ਹੈ, ਫੇਰ ਵੀ ਪੁਰਾਣੇ ਸਮਿਆਂ ਵਿਚ ਇਸਤਰੀਆਂ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਉਸ ਨੂੰ ਨਿਗੂਣੀ ਜਿਹੀ ਗਲਤੀ ਤੇ ਡੰਗਰਾਂ ਦੀ ਤਰ੍ਹਾਂ ਪੰਜਾਲੀ ਦੇ ਹੱਥੇ ਨਾਲ ਹੀ ਕੁੱਟ ਦਿੱਤਾ ਜਾਂਦਾ ਸੀ–

ਮੁੱਕੀ ਨਾ ਮਾਰਦਾ, ਧੱਫਾ ਨਾ ਮਾਰਦਾ,
ਮਾਰਦਾ ਪੰਜਾਲੀ ਵਾਲਾ ਹੱਥਾ।
ਪੰਜਾਲੀ ਟੁੱਟ ਜਾਊਗੀ,
ਮੂਰਖਾ ਵੇ ਜੱਟਾ।

ਪੁਰਾਣੇ ਸਮਿਆਂ ਵਿਚ ਹਰ ਘਰ ਵਿਚ ਛੜੇ ਰਹਿਣ ਕਰ ਕੇ ਤੇ ਛੜਿਆਂ ਦੇ ਨਿੱਤ ਦੇ ਕਲੇਸ਼ ਨੂੰ ਨਬੇੜਨ ਲਈ ਅੱਡ ਕਰਨਾ ਪੈਂਦਾ ਸੀ। ਜਿਸ ਕਰ ਕੇ ਕਈ ਵੇਰ ਛੜੇ ਦੇ ਹਿੱਸੇ ਪੂਰਾ ਹਲ਼ ਆਉਣ ਦੀ ਥਾਂ ਚਊ ਹੀ ਆਉਂਦਾ ਹੁੰਦਾ ਸੀ–

ਰੰਨਾਂ ਵਾਲਿਆਂ ਨੇ ਲੈ ਲਏ
ਹਲ਼ ਤੇ ਪੰਜਾਲੀ
ਛੜੇ ਦੇ ਹਿੱਸੇ ਚਊ।
ਛੜੇ ਦਾ ਚੀਕ ਚਿੰਘਾੜਾ ਪਊ।

ਉਨ੍ਹਾਂ ਸਮਿਆਂ ਵਿਚ ਆਮ ਪਰਿਵਾਰ ਇਕ ਹਲ਼ ਨਾਲ ਹੀ ਖੇਤੀ ਕਰਦੇ ਸਨ। ਇਸ ਲਈ ਅੱਡ ਹੋਣ ਸਮੇਂ ਜਿਸ ਭਾਈ ਨੂੰ ਹਲ਼ ਪੰਜਾਲੀ ਹਿੱਸੇ ਵਿਚ ਨਹੀਂ ਆਉਂਦੀ ਸੀ ਤਾਂ ਉਸ ਦੇ ਘਰ ਵਾਲੀ ਆਪਣੇ ਬਾਬਲ ਤੋਂ ਹਲ਼ ਪੰਜਾਲੀ ਦੀ ਮੰਗ ਕਰਦੀ ਹੁੰਦੀ ਸੀ–

ਇਕ ਹਲ਼ ਲੈ ਦੇ,
ਪੰਜਾਲੀ ਲੈ ਦੇ ਘੁੰਗਰੂਆਂ ਵਾਲੀ,
ਬਾਪੂ ਵੇ! ਮੈਂ ਅੱਡ ਹੁੰਨੀਆਂ।

ਹੁਣ ਮੈਂ ਤੁਹਾਨੂੰ ਹਲ਼ ਦੀ ਬਣਤਰ ਬਾਰੇ ਦੱਸਣ ਲੱਗਿਆਂ ਹਾਂ। ਉਸ ਸਮੇਂ ਦੇਸੀ ਹਲ਼ ਹੁੰਦੇ ਸਨ। ਹਲ਼ ਦੇ ਪਿਛਲੇ ਹਿੱਸੇ ਨੂੰ ਮੁੰਨਾ ਕਹਿੰਦੇ ਸਨ। ਮੁੰਨਾ ਉਪਰ ਤੋਂ ਪਤਲਾ ਤੇ ਹੇਠਾਂ ਨੂੰ ਮੋਟਾ ਹੁੰਦਾ ਜਾਂਦਾ ਸੀ। ਮੁੰਨੇ ਦੇ ਉਪਰਲੇ ਹਿੱਸੇ ਵਿਚ ਹੱਥੀ ਲੱਗੀ ਹੁੰਦੀ ਸੀ। ਏਸ ਹੱਥੀ ਨੂੰ ਫੜ ਕੇ ਹੀ ਹਲ਼ ਚਲਾਇਆ ਜਾਂਦਾ ਸੀ। ਮੁੰਨੇ ਦੇ ਹੇਠਲੇ ਹਿੱਸੇ ਵਿਚ ਇਕ ਬੜਾ ਸੁਰਾਖ਼ ਹੁੰਦਾ ਸੀ, ਜਿਸ ਵਿਚ ਹੱਲ ਪਾਈ ਹੁੰਦੀ ਸੀ। ਹਲ਼ ਦੇ



Academy of the Punjab in North America: http://www.apnaorg.com

ਅਗਲੇ ਹਿੱਸੇ ਦੇ ਸਹਾਰੇ ਬਲਦ ਹਲ਼ ਨੂੰ ਖਿੱਚਦੇ ਸਨ, ਉਸ ਨੂੰ ਹੱਲ ਕਹਿੰਦੇ ਸਨ। ਜਿੱਥੇ ਮੁੰਨੇ ਵਿਚ ਹੱਲ ਪਾਈ ਹੁੰਦੀ ਸੀ, ਉਥੇ ਇਕ ਲੱਕੜ ਦਾ ਫਾਨਾ ਦਿੱਤਾ ਹੁੰਦਾ ਸੀ, ਜਿਸ ਨੂੰ ਓਗ ਕਹਿੰਦੇ ਸਨ। ਇਹ ਓਗ ਹਲ਼ ਨੂੰ ਡੂੰਘਾ ਵਾਹੁਣ ਜਾਂ ਘੱਟ ਡੂੰਘਾ ਵਾਹੁਣ ਲਈ ਕਰਨ ਲਈ ਵਰਤੀ ਜਾਂਦੀ ਸੀ। ਹਲ਼ ਦੇ ਅਗਲੇ ਹਿੱਸੇ ਵਿਚ ਤਿੰਨ ਚਾਰ ਗਲੀਆਂ ਕੱਢੀਆਂ ਹੁੰਦੀਆਂ ਸਨ। ਇਹ ਗਲੀਆਂ ਬਲਦਾਂ ਦੇ ਗਲ਼ ਪਾਈ ਪੰਜਾਲੀ ਵਿਚ ਪਾਏ ਰੱਸੇ ਨੂੰ ਹਲ਼ ਨਾਲ ਪਾ ਕੇ ਐਡਜਸਟ ਕਰਨ ਲਈ ਵਰਤੋਂ ਵਿਚ ਆਉਂਦੀਆਂ ਸਨ। ਬਲਦਾਂ ਉਪਰ ਪੰਜਾਲੀ ਪਾਈ ਹੁੰਦੀ ਸੀ। ਪੰਜਾਲੀ ਵਿਚ ਦੀ ਰੱਸਾ ਪਾ ਕੇ ਹਲ ਵਿਚ ਪਾਈ ਕੀਲੀ ਵਿਚ ਪਾਇਆ ਹੁੰਦਾ ਸੀ। ਏਸ ਰੱਸੇ ਨੂੰ ਹਲਨਾੜੀ ਕਹਿੰਦੇ ਸਨ। ਏਸ ਤਰ੍ਹਾਂ ਬਲਦ ਹੱਲ਼ ਨੂੰ ਖਿੱਚ ਕੇ ਜ਼ਮੀਨ ਦੀ ਵਾਹੀ ਕਰਦੇ ਹੁੰਦੇ ਸਨ।

ਮੁੰਨੇ ਦੇ ਸਭ ਤੋਂ ਹੇਠਲੇ ਹਿੱਸੇ ਵਿਚ ਇਕ ਹੋਰ ਸੁਰਾਖ਼ ਹੁੰਦਾ ਸੀ। ਇਸ ਵਿਚ ਲੱਕੜ ਦਾ ਤਿੱਖਾ ਚਊ ਪਾਇਆ ਹੁੰਦਾ ਸੀ। ਏਸ ਚਊ ਵਿਚ ਲੋਹੇ ਦਾ ਫਾਲਾ ਪਾਇਆ ਹੁੰਦਾ ਸੀ। ਲੋਹੇ ਦੇ ਫਾਲੇ ਨੂੰ ਪਾਉਣ ਲਈ ਲੱਕੜ ਦੇ ਚਊ ਵਿਚ ਇਕ ਲੋਹੇ ਦੀ ਗੋਲ ਪੱਤਰੀ ਲੱਗੀ ਹੁੰਦੀ ਸੀ, ਜਿਸ ਪੱਤਰੀ ਨੂੰ ਕੁੰਡੀ ਕਹਿੰਦੇ ਸਨ। ਇਹ ਲੋਹੇ ਦਾ ਫਾਲਾ ਹੀ ਧਰਤੀ ਵਾਹੁੰਦਾ ਸੀ।

ਇਹ ਸੀ ਉਸ ਸਮੇਂ ਦੇ ਹਲ਼ ਦੀ ਬਣਤਰ। ਉਸ ਤੋਂ ਪਿੱਛੋਂ ਤਾਂ ਹਲ਼ਾਂ ਦੀਆਂ ਹੋਰ ਕਈ ਕਿਸਮਾਂ ਬਣ ਗਈਆਂ ਸਨ। ਹੁਣ ਮੈਂ ਤੁਹਾਨੂੰ ਪੰਜਾਲੀ ਦੀ ਬਣਤਰ ਬਾਰੇ ਦੱਸਦਾ ਹਾਂ।

ਪੰਜਾਲੀ ਦੋ ਲੱਕੜਾਂ ਨੂੰ ਜੋੜ ਕੇ ਬਣਾਈ ਹੁੰਦੀ ਸੀ। ਉਪਰਲੀ ਲੱਕੜ ਮੋਟੀ ਹੁੰਦੀ ਸੀ, ਹੇਠਲੀ ਪਤਲੀ। ਇਨ੍ਹਾਂ ਦੋਵਾਂ ਲੱਕੜਾਂ ਨੂੰ ਦੋ ਥਾਂ 'ਤੇ ਡੰਡੇ ਲਾ ਕੇ ਜੋੜਿਆ ਹੁੰਦਾ ਸੀ। ਇਨ੍ਹਾਂ ਡੰਡਿਆਂ ਨੂੰ ਥੰਮੇ ਕਹਿੰਦੇ ਸਨ। ਉਪਰਲੀ ਮੋਟੀ ਲੱਕੜ ਨੂੰ ਜੂਲਾ ਕਹਿੰਦੇ ਸਨ। ਹੇਠਲੀ ਲੱਗੀ ਪਤਲੀ ਲੱਕੜ ਨੂੰ ਤਲਵਟੀ ਕਹਿੰਦੇ ਸਨ। ਜੂਲੇ ਦੇ ਦੋਵੇਂ ਸਿਰੇ ਜ਼ਿਆਦਾ ਮੋਟੇ ਹੁੰਦੇ ਸਨ ਤੇ ਸਾਈਡਾਂ ਥੋੜ੍ਹੀਆਂ ਗੋਲ ਜਿਹੀਆਂ ਕੀਤੀਆਂ ਹੁੰਦੀਆਂ ਸਨ। ਵਿਚਾਲੇ ਵਾਲਾ ਹਿੱਸਾ ਸਾਈਡਾਂ ਨਾਲੋਂ ਥੋੜ੍ਹਾ ਪਤਲਾ ਹੁੰਦਾ ਸੀ। ਏਸ ਜੂਲੇ ਦੇ ਅਖ਼ੀਰ ਦੇ ਦੋਵੇਂ ਪਾਸਿਆਂ ਤੇ ਸੁਰਾਖ਼ ਹੁੰਦੇ ਸਨ। ਇਨ੍ਹਾਂ ਸੁਰਾਖ਼ਾਂ ਵਿਚ ਅਰਲੀਆਂ ਪਾਈਆਂ ਜਾਂਦੀਆਂ ਸਨ। ਲੱਕੜ ਦੇ ਡੇਢ ਕੁ ਫੁੱਟ ਲੰਮੇ ਡੰਡੇ ਨੂੰ, ਜਿਸ ਦਾ ਉਪਰਲਾ ਹਿੱਸਾ ਥੋੜ੍ਹਾ ਮੋਟਾ ਹੁੰਦਾ ਸੀ, ਅਰਲੀ ਕਹਿੰਦੇ ਸਨ। ਬਲਦਾਂ ਨੂੰ ਜੂਲੇ ਹੇਠ ਜੋੜਿਆ ਜਾਂਦਾ ਸੀ। ਜੂਲੇ ਵਿਚ ਅਰਲੀਆਂ ਪਾ ਦਿੱਤੀਆਂ ਜਾਂਦੀਆਂ ਸਨ। ਇਹ ਅਰਲੀਆਂ ਹੀ ਬਲਦਾਂ ਨੂੰ ਜੂਲੇ ਤੋਂ ਬਾਹਰ ਨਹੀਂ ਨਿਕਲਣ ਦਿੰਦੀਆਂ ਸਨ। ਏਸ ਤਰ੍ਹਾਂ ਪੰਜਾਲੀ ਬਣਦੀ ਸੀ। ਪੰਜਾਲੀ ਵਿਚ ਬਲਦ ਜੋੜੇ ਜਾਂਦੇ



ਸਨ। ਪੰਜਾਲੀ ਨੂੰ ਹਲਨਾੜੀ ਨਾਲ ਹਲ਼ ਨਾਲ ਜੋੜਿਆ ਜਾਂਦਾ ਸੀ। ਪੰਜਾਲੀ ਇਕ ਕਿਸਮ ਦਾ ਬਲਦਾਂ ਨੂੰ ਕੰਟਰੋਲ ਕਰਨ ਵਾਲਾ ਖੇਤੀ ਸੰਦ ਸੀ।

ਪੰਜਾਲੀ ਦੀ ਵਰਤੋਂ ਅਖਾਣਾਂ ਵਿਚ ਵੀ ਕੀਤੀ ਜਾਂਦੀ ਹੈ। ਜਦ ਕਿਸੇ ਕੁਆਰੇ ਅਵਾਰਾ ਫਿਰਨ ਵਾਲੇ ਮੁੰਡੇ ਨੂੰ ਕਾਬੂ ਕਰਨਾ ਹੋਵੇ ਤਾਂ ਉਸ ਲਈ ਅਖਾਣ ਵਰਤਿਆ ਜਾਂਦਾ ਹੈ –

'ਤੇਰੇ ਗਲ਼ ਵਿਚ ਪੰਜਾਲੀ ਪਾਉਣੀ ਪੈਣੀ ਹੈ।'

ਇਹ ਸੀ ਪੰਜਾਲੀ ਤੇ ਹਲ਼ ਦੀ ਬਣਤਰ ਤੇ ਇਨ੍ਹਾਂ ਦਾ ਕਰਤਵ।

ਹੁਣ ਸਾਰੀ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਹੈ। ਖੇਤੀ ਵੀ ਹੁਣ ਵਿਉਪਾਰ ਬਣ ਗਈ ਹੈ। ਬਲਦਾਂ ਨਾਲ ਹਲ਼ ਵਾਹੁਣਾ ਹੁਣ ਲਾਹੇਵੰਦ ਨਹੀਂ ਰਿਹਾ। ਹੁਣ ਕੋਈ ਕੋਈ ਜ਼ਿਮੀਂਦਾਰ ਹੀ ਤੁਹਾਨੂੰ ਜ਼ਮੀਨ ਦੇ ਕੋਈ ਛੋਟੇ ਮੋਟੇ ਟੁਕੜੇ ਨੂੰ ਹਲ਼ ਨਾਲ ਵਾਹੁੰਦਾ ਮਿਲੇਗਾ। ਹੁਣ ਪੰਜਾਲੀ ਤੇ ਹਲ਼ ਦੀ ਵਰਤੋਂ ਨਾਮਾਤਰ ਰਹਿ ਗਈ ਹੈ।

0

## ਹੱਥ ਟੋਕਾ

ਜਦੋਂ ਖੇਤੀ ਮੁੱਢਲੇ ਦੌਰ ਵਿਚ ਸੀ, ਉਸ ਸਮੇਂ ਖਾਣ ਲਈ ਮੋਟੇ ਅਨਾਜ ਜਿਵੇਂ ਜੁਆਰ, ਬਾਜਰੇ ਦੀਆਂ ਫ਼ਸਲਾਂ ਹੀ ਹੁੰਦੀਆਂ ਸਨ। ਜ਼ਿਮੀਂਦਾਰ ਉਨ੍ਹਾਂ ਸਮਿਆਂ ਵਿਚ ਰੱਬ ਅੱਗੇ ਮੀਂਹ ਪਾਉਣ ਦੀ ਅਰਦਾਸ ਕਰਕੇ ਹੋਏ ਵੀ ਕਹਿੰਦੇ ਹੁੰਦੇ ਸਨ–

ਮੀਂਹ ਪਾ ਦੇ, ਲਾ ਦੇ ਝੜੀਆਂ,
ਬੀਜ ਲਈਏ ਜੁਆਰ, ਬਾਜਰਾ।

ਜੁਆਰ ਨੂੰ ਚਰ੍ਹੀ ਵੀ ਕਹਿੰਦੇ ਸਨ। ਜੁਆਰ/ਚਰ੍ਹੀ, ਬਾਜਰੇ ਦੀਆਂ ਹਰੀਆਂ ਫ਼ਸਲਾਂ ਨੂੰ ਪਸ਼ੂਆਂ ਦੇ ਚਾਰੇ ਵਜੋਂ ਵੀ ਵਰਤਿਆ ਜਾਂਦਾ ਸੀ। ਜਦ ਇਹ ਫ਼ਸਲਾਂ ਪੱਕ ਜਾਂਦੀਆਂ ਸਨ, ਛਿੱਟੇ ਆ ਜਾਂਦੇ ਸਨ ਤਾਂ ਕਈ ਵੇਰ ਤਾਂ ਖੜ੍ਹੀਆਂ ਫ਼ਸਲਾਂ ਦੇ ਛਿੱਟੇ ਤੋੜ ਲੈਂਦੇ ਸਨ। ਖੜ੍ਹੀ ਰਹੀ ਫ਼ਸਲ ਨੂੰ ਵੱਢ ਕੇ ਪਸ਼ੂਆਂ ਦੇ ਚਾਰੇ ਲਈ ਵਰਤਦੇ ਰਹਿੰਦੇ ਸਨ। ਕਈ ਵੇਰ ਇਨ੍ਹਾਂ ਪੱਕੀਆਂ ਫ਼ਸਲਾਂ ਨੂੰ ਵੱਢ ਲੈਂਦੇ ਸਨ। ਫੇਰ ਛਿੱਟੇ ਤੋੜਦੇ ਸਨ। ਛਿੱਟੇ ਤੋੜਨ ਤੋਂ ਪਿੱਛੋਂ ਜੁਆਰ ਤੇ ਬਾਜਰੇ ਦੀਆਂ ਛੋਟੀਆਂ ਪੂਲੀਆਂ ਬੰਨ੍ਹ ਕੇ ਇਕ ਥਾਂ 'ਕੱਠੀਆਂ ਕਰ ਲੈਂਦੇ ਸਨ। ਛਿੱਟਿਆਂ ਵਿਚੋਂ ਦਾਣੇ ਕੱਢ ਕੇ ਚੱਕੀ ਨਾਲ ਪੀਹ ਕੇ ਆਟਾ ਬਣਾ ਲੈਂਦੇ ਸਨ। ਉਨ੍ਹਾਂ ਸਮਿਆਂ ਵਿਚ ਸਾਬਤ ਜੁਆਰ, ਬਾਜਰਾ, ਮੂੰਗੀ, ਮੋਠਾਂ ਦੀ ਖਿਚੜੀ ਬਣਾ ਕੇ ਖਾਣ ਦਾ ਰਿਵਾਜ ਵੀ ਸੀ।



Academy of the Punjab in North America: http://www.apnaorg.com



ਪਹਿਲਾਂ ਪਹਿਲ ਜੁਆਰ/ਚਰ੍ਹੀ, ਬਾਜਰੇ ਦੇ ਹਰੇ ਤੇ ਸੁੱਕੇ ਟਾਂਡਿਆਂ ਨੂੰ ਹੱਥ ਨਾਲ ਇਕ ਛੋਟੇ ਜਿਹੇ ਗੰਡਾਸੇ ਨਾਲ ਫੁੱਟ ਫੁੱਟ ਦਾ ਵੱਢ ਕੇ ਪਸ਼ੂਆਂ ਨੂੰ ਪਾਇਆ ਜਾਂਦਾ ਸੀ। ਫੇਰ ਤਿੰਨ ਕੁ ਫੁੱਟ ਦੇ ਫੱਟੇ ਤੇ ਜੜ੍ਹੀ ਦਾਤੀ ਨਾਲ ਚਰੀ, ਬਾਜਰਾ ਤੇ ਟਾਂਡੀ ਦੇ ਪੱਠਿਆਂ ਨੂੰ ਹੱਥ ਨਾਲ ਛੇ ਛੇ ਕੁ ਇੰਚ ਵੱਢ ਕੇ ਪਸ਼ੂਆਂ ਨੂੰ ਪਾਇਆ ਜਾਣ ਲੱਗਿਆ।

ਗੰਡਾਸੇ ਨਾਲ ਤੇ ਫੇਰ ਦਾਤੀ ਨਾਲ ਚਰ੍ਹੀ, ਬਾਜਰੇ ਦੇ ਪੱਠੇ ਵੱਢ ਕੇ ਪਾਉਣ ਤੋਂ ਪਿਛੋਂ ਹੱਥ ਨਾਲ ਟੋਕਾ ਕਰਨ ਵਾਲੀ ਮਸ਼ੀਨ ਹੋਂਦ ਵਿਚ ਆਈ। ਜਿਸ ਨਾਲ ਹਰੀ ਤੇ ਸੁੱਕੀ ਚਰ੍ਹੀ ਬਾਜਰੇ, ਮੱਕੀ ਦੀ ਟਾਂਡੀ ਦਾ ਟੋਕਾ ਕਰ ਕੇ ਪਸ਼ੂਆਂ ਨੂੰ ਪਾਇਆ ਜਾਣ ਲੱਗਿਆ।

ਉਨ੍ਹਾਂ ਸਮਿਆਂ ਵਿਚ ਕੁੜੀਆਂ ਨੂੰ ਜੰਮਦਿਆਂ ਮਾਰਨ ਦਾ ਰਿਵਾਜ ਕਰ ਕੇ ਹਰ ਘਰ ਵਿਚ ਛੜੇ ਰਹਿ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਘੁੰਡ ਕੱਢਣ ਦਾ ਰਿਵਾਜ ਵੀ ਸੀ। ਇਸ ਲਈ ਜਿਸ ਘਰ ਵਿਚ ਜੇਠ ਛੜਾ ਰਹਿ ਜਾਂਦਾ ਸੀ, ਜੇਕਰ ਉਸ ਨੂੰ ਚਰ੍ਹੀ ਦਾ ਟੋਕਾ ਕਰਨਾ ਪੈਂਦਾ ਸੀ ਤਾਂ ਉਸ ਦੀ ਛੋਟੀ ਭਰਜਾਈ ਨੂੰ ਰੁੱਗ ਲਾਉਣ ਸਮੇਂ ਘੁੰਡ ਕੱਢਣਾ ਪੈਂਦਾ ਸੀ। ਉਸ ਸਮੇਂ ਦੀ ਬੋਲੀ ਸੁਣੋ–

ਛੜਾ ਜੇਠ ਕੁਤਰਾ ਕਰੇ,
ਘੁੰਡ ਕੱਢ ਕੇ ਚਰੀ ਦਾ ਰੁਗ ਲਾਵਾਂ।

ਸਮੇਂ ਦੇ ਗੁਜ਼ਰਨ ਨਾਲ ਜਦ ਲੋਕਾਂ ਨੇ ਮੱਕੀ ਬੀਜਣੀ ਸ਼ੁਰੂ ਕੀਤੀ, ਫੇਰ ਹਰੀ ਤੇ ਸੁੱਕੀ ਮੱਕੀ ਦੇ ਟਾਂਡਿਆਂ ਦਾ ਟੋਕਾ ਮਸ਼ੀਨਾਂ ਤੇ ਕੀਤਾ ਜਾਣ ਲੱਗਿਆ। ਚਰ੍ਹੀ,



ਬਾਜਰਾ ਤੇ ਮੱਕੀ ਜਦ ਹਰੀ ਹੁੰਦੀ ਸੀ, ਉਸ ਸਮੇਂ ਤਾਂ ਟੋਕਾ ਕਰਨ ਲਈ ਬਹੁਤਾ ਜ਼ੋਰ ਨਹੀਂ ਲੱਗਦਾ ਹੁੰਦਾ ਸੀ, 'ਕੱਲਾ ਬੰਦਾ ਮਸ਼ੀਨ ਗੇੜ ਲੈਂਦਾ ਸੀ ਤੇ ਦੂਸਰਾ ਬੰਦਾ ਰੁੱਗ ਲਾ ਦਿੰਦਾ ਸੀ। ਜਦ ਸੁੱਕੇ ਟਾਂਡਿਆਂ ਦਾ ਟੋਕਾ ਕਰਨਾ ਹੁੰਦਾ ਸੀ ਤਾਂ ਦੋ ਬੰਦੇ ਮਸ਼ੀਨ ਚਲਾਉਂਦੇ ਸਨ। ਇਹ ਦੋ ਬੰਦੇ ਜਾਂ ਤਾਂ ਮਸ਼ੀਨ ਦੇ ਹੱਥੇ ਨੂੰ ਆਮੋ ਸਾਹਮਣੇ ਖੜ੍ਹ ਕੇ ਫੜ ਕੇ ਚਲਾਉਂਦੇ ਸਨ ਜਾਂ ਇਕ ਦੇ ਹੱਥ ਵਿਚ ਮਸ਼ੀਨ ਦਾ ਹੱਥਾ ਹੁੰਦਾ ਸੀ ਤੇ ਦੂਸਰਾ ਬੰਦਾ ਮਸ਼ੀਨ ਦੇ ਹੱਥੇ ਵਿਚ ਰੱਸਾ ਪਾ ਕੇ ਖੜ੍ਹ ਕੇ ਜਾਂ ਬੈਠ ਕੇ ਰੱਸਾ ਖਿੱਚਦਾ ਹੁੰਦਾ ਸੀ। ਇਕ ਬੰਦਾ ਰੁੱਗ ਲਾਉਂਦਾ ਸੀ। ਸੁੱਕੇ ਟਾਂਡਿਆਂ ਦਾ ਟੋਕਾ ਕਰਨਾ ਔਖਾ ਗਿਣਿਆ ਜਾਂਦਾ ਸੀ।

ਹੱਥ ਨਾਲ ਟੋਕਾ ਕਰਨ ਵਾਲੀ ਮਸ਼ੀਨ ਤੋਂ ਪਿੱਛੋਂ ਬਲਦਾਂ ਨਾਲ ਚੱਲਣ ਵਾਲੀਆਂ ਟੋਕਾ ਮਸ਼ੀਨਾਂ ਲੱਗੀਆਂ। ਜਦ ਇੰਜਣ ਆਮ ਹੋ ਗਏ, ਉਸ ਸਮੇਂ ਸਰਦੇ ਪੁੱਜਦੇ ਜ਼ਿਮੀਂਦਾਰਾਂ ਨੇ ਟੋਕਾ ਮਸ਼ੀਨਾਂ ਇੰਜਣਾਂ 'ਤੇ ਲਾ ਲਈਆਂ। ਬਿਜਲੀ ਆਉਣ ਤੇ ਫੇਰ ਟੋਕਾ ਮਸ਼ੀਨਾਂ ਬਿਜਲੀ ਨਾਲ ਚੱਲਣ ਲੱਗ ਪਈਆਂ। ਹੁਣ ਕਿਸੇ ਕਿਸੇ ਟਾਂਵੇਂ ਘਰ ਹੀ ਹੱਥ ਨਾਲ ਚੱਲਣ ਵਾਲੀ ਟੋਕਾ ਮਸ਼ੀਨ ਤੁਹਾਨੂੰ ਮਿਲੇਗੀ।

ਹੱਥ ਨਾਲ ਟੋਕਾ ਕਰਨ ਵਾਲੀ ਮਸ਼ੀਨ ਕਿਹੋ ਜਿਹੀ ਹੁੰਦੀ ਸੀ, ਹੁਣ ਮੈਂ ਤੁਹਾਨੂੰ ਦੱਸਣ ਜਾ ਰਿਹਾ ਹਾਂ। ਏਸ ਮਸ਼ੀਨ ਦੀਆਂ ਚਾਰ ਇੰਗਲਾਰਨ ਦੀਆਂ ਤਿੰਨ ਕੁ ਫੁੱਟ ਲੰਮੀਆਂ ਲੱਤਾਂ ਹੁੰਦੀਆਂ ਸਨ। ਇਹ ਤਿਰਛੀਆਂ ਕਰ ਕੇ ਜੋੜੀਆਂ ਹੁੰਦੀਆਂ ਸਨ। ਇਨ੍ਹਾਂ ਲੱਤਾਂ ਵਿਚ ਵਿਚਕਾਰ ਜਿਹੇ ਕਰਾਸ ਕਰ ਕੇ ਪੱਤੀਆਂ ਲਾਈਆਂ ਹੁੰਦੀਆਂ ਸਨ ਜੋ ਇਨ੍ਹਾਂ ਲੱਤਾਂ ਨੂੰ ਜੋੜਦੀਆਂ ਸਨ। ਲੱਤਾਂ ਦੇ ਹੇਠਲੇ ਹਿੱਸੇ ਵਾਲੇ ਇੰਗਲਾਰਨ ਨੂੰ ਵਿਚਾਲੇ ਤੋਂ ਕੱਟ ਕੇ ਤਿੰਨ ਕੁ ਇੰਚ ਹਿੱਸੇ ਨੂੰ 90 ਡਿਗਰੀ ਤੇ ਮੋੜਿਆ ਹੁੰਦਾ ਸੀ। ਏਸ ਤਰ੍ਹਾਂ ਹੇਠਾਂ ਜਾ ਕੇ ਇੰਗਲਾਰਨ ਦੇ ਇਕ ਪੈਰ ਦੇ ਦੋ ਹਿੱਸੇ ਬਣ ਜਾਂਦੇ ਸਨ। ਇਨ੍ਹਾਂ ਦੋਵਾਂ ਹਿੱਸਿਆਂ ਵਿਚ ਗਲੀਆਂ ਕੱਢੀਆਂ ਹੁੰਦੀਆਂ ਸਨ। ਜਿੱਥੇ ਟੋਕੇ ਵਾਲੀ ਮਸ਼ੀਨ ਲਾਉਣੀ ਹੁੰਦੀ ਸੀ, ਉਥੇ ਪਹਿਲਾਂ ਧਰਤੀ ਵਿਚ ਲੱਕੜਾਂ ਗੱਡੀਆਂ ਜਾਂਦੀਆਂ ਸਨ। ਫੇਰ ਉਥੇ ਚਾਰੇ ਪੈਰਾਂ ਤੇ ਮਸ਼ੀਨ ਖੜ੍ਹਾਈ ਜਾਂਦੀ ਸੀ। ਚਾਰੇ ਪੈਰਾਂ ਹੇਠਾਂ ਮੋੜੇ ਹੋਏ ਇੰਗਲਾਰਨਾਂ ਵਿਚ ਜਿਹੜੇ 8 ਸੁਰਾਖ਼ ਬਣੇ ਹੁੰਦੇ ਸਨ, ਉਨ੍ਹਾਂ ਸੁਰਾਖ਼ਾਂ ਵਿਚ ਦੀ ਹੇਠਾਂ ਗੱਡੀਆਂ ਲੱਕੜਾਂ ਵਿਚ ਕਿੱਲ ਠੋਕੇ ਜਾਂਦੇ ਸਨ। ਇਸ ਤਰ੍ਹਾਂ ਮਸ਼ੀਨ ਗੱਡੀ ਜਾਂਦੀ ਸੀ।

ਇੰਗਲਾਰਨਾਂ ਦੇ ਫਰੇਮ ਉਪਰ ਕਾਬਲਿਆਂ ਨਾਲ ਮਸ਼ੀਨ ਦਾ ਫਰੇਮ ਫਿੱਟ ਕੀਤਾ ਹੁੰਦਾ ਸੀ। ਮਸ਼ੀਨ ਸਾਰੀ ਲੋਹੇ ਦੀ ਢੇਗ ਦੀ ਬਣੀ ਹੁੰਦੀ ਸੀ। ਮਸ਼ੀਨ ਦੇ ਫਰੇਮ ਦੇ ਅੰਦਰ ਦੋ ਵੇਲ੍ਹਣੇ ਲੱਗੇ ਹੁੰਦੇ ਸਨ। ਇਨ੍ਹਾਂ ਦੇ ਪਿਛਲੇ ਪਾਸੇ ਫਰੇਮ ਵਿਚ ਲੋਹੇ ਦੀ ਚਾਦਰ ਦਾ ਜਾਂ ਲੱਕੜ ਦਾ ਬਣਾ ਕੇ ਪਾਰਸਾ ਫਿੱਟ ਕੀਤਾ ਜਾਂਦਾ ਸੀ। ਏਸ ਪਾਰਸੇ



Academy of the Punjab in North America: http://www.apnaorg.com

ਰਾਹੀਂ ਹੀ ਚਰ੍ਹੀ, ਬਾਜਰਾ, ਮੱਕੀ, ਬਰਸੀਨ, ਚਟਾਲਾ ਜਾਂ ਹੋਰ ਚਾਰੇ ਦਾ ਟੋਕਾ ਕਰਨ ਲਈ ਰੁੱਗ ਲਾਇਆ ਜਾਂਦਾ ਸੀ। ਮਸ਼ੀਨ ਦੇ ਅੰਦਰ ਲੱਗੇ ਵੇਲਨੇ ਹੀ ਏਸ ਰੁੱਗ ਨੂੰ ਅੱਗੇ ਖਿੱਚਦੇ ਰਹਿੰਦੇ ਸਨ।

ਮਸ਼ੀਨ ਦੇ ਫਰੇਮ ਦੇ ਬਾਹਰ ਦੇ ਇਕ ਸਾਈਡ ਤੇ ਚਾਲ ਨੂੰ ਧੁਰੇ ਵਿਚ ਫਿੱਟ ਕਰ ਕੇ ਪਾਇਆ ਹੁੰਦਾ ਸੀ। ਏਸ ਚਾਲ ਦੀਆਂ ਦੋਵੇਂ ਸਾਈਡਾਂ ਤੇ ਦੋ ਗਰਾਰੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਮਸ਼ੀਨ ਦੇ ਅੰਦਰ ਜੋ ਵੇਲਨੇ ਪਾਏ ਹੁੰਦੇ ਸਨ, ਉਨ੍ਹਾਂ ਦੇ ਸਾਈਡਾਂ ਦੇ ਸਿਰਿਆਂ ਵਿਚ ਫਿੱਟ ਕੀਤਾ ਜਾਂਦਾ ਸੀ। ਚਾਲ ਦੇ ਧੁਰੇ ਵਿਚ ਮਸ਼ੀਨ ਦੇ ਗੋਲ ਚੱਕਰ ਨੂੰ ਫਿੱਟ ਕੀਤਾ ਜਾਂਦਾ ਸੀ। ਇਹ ਗੋਲ ਚੱਕਰ ਵੀ ਲੋਹੇ ਦੀ ਦੇਗ ਦਾ ਬਣਿਆ ਹੁੰਦਾ ਸੀ। ਇ ਚੱਕਰ ਵਿਚ ਕਾਬਲਿਆਂ ਨਾਲ ਦੋ ਗੰਡਾਸੇ ਫਿੱਟ ਕੀਤੇ ਜਾਂਦੇ ਸਨ, ਜੋ ਟੋਕਾ ਕਰਦੇ ਸਨ। ਏਸ ਚੱਕਰ ਵਿਚ ਹੀ ਮਸ਼ੀਨ ਚਲਾਉਣ ਲਈ ਲੋਹੇ ਦਾ ਰਾਡ ਲੱਗਿਆ ਹੁੰਦਾ ਸੀ, ਜਿਸ ਉਪਰ ਲੱਕੜ ਦਾ ਖੋਲ੍ਹ ਵਾਲਾ ਹੱਥਾ ਚਾੜ੍ਹਿਆ ਹੁੰਦਾ ਸੀ। ਏਸ ਹੱਥੇ ਨੂੰ ਫੜ੍ਹ ਕੇ ਮਸ਼ੀਨ ਦਾ ਚੱਕਰ ਘੁੰਮਾਇਆ ਜਾਂਦਾ ਸੀ। ਚੱਕਰ ਦੇ ਘੁੰਮਣ ਨਾਲ ਚਾਲ ਘੁੰਮਦੀ ਸੀ। ਚਾਲ ਘੁੰਮ ਕੇ ਗਰਾਰੀਆਂ ਨੂੰ ਘੁੰਮਾਉਂਦੀ ਸੀ। ਇਹ ਗਰਾਰੀਆਂ ਹੀ ਮਸ਼ੀਨ ਅੰਦਰ ਲੱਗੇ ਵੇਲਨਿਆਂ ਨੂੰ ਘੁੰਮਾਉਂਦੀਆਂ ਸਨ। ਵੇਲਨਿਆਂ ਦੇ ਘੁੰਮਣ ਨਾਲ ਮਸ਼ੀਨ ਵਿਚ ਜੋ ਚਾਰੇ ਦਾ ਰੁੱਗ ਲੱਗਿਆ ਹੁੰਦਾ ਸੀ, ਉਹ ਅੱਗੇ ਚੱਲਦਾ ਸੀ। ਅੱਗੇ ਗਏ ਰੁੱਗ ਨੂੰ ਗੰਡਾਸੇ ਕੱਟਦੇ ਰਹਿੰਦੇ ਸਨ। ਇਸ ਤਰ੍ਹਾ ਚਰ੍ਹੀ, ਬਾਜਰੇ, ਮੱਕੀ ਦੇ ਟਾਂਡਿਆਂ ਦਾ ਅਤੇ ਹੋਰ ਚਾਰਿਆਂ ਦਾ ਟੋਕਾ ਹੁੰਦਾ ਰਹਿੰਦਾ ਸੀ। ਏਸ ਮਸ਼ੀਨ ਨੂੰ ਘੱਟ ਘੱਟ ਦੋ ਬੰਦਿਆਂ ਨਾਲ ਚਲਾਇਆ ਜਾਂਦਾ ਸੀ। ਇਕ ਬੰਦਾ ਮਸ਼ੀਨ ਗੇੜ੍ਹਦਾ ਸੀ, ਦੂਸਰਾ ਰੁੱਗ ਲਾਉਂਦਾ ਸੀ।

ਇਹ ਸੀ ਮਸ਼ੀਨ ਦੇ ਕੰਮ ਕਰਨ ਦੀ ਵਿਧੀ।

0

## ਰੁੱਖ

'ਇਕ ਰੁੱਖ ਸੌ ਸੁੱਖ' ਇਕ ਪ੍ਰਮਾਣੀਕ ਸਚਾਈ ਹੈ। ਜਿਹੜੇ ਦੇਸ਼ਾਂ ਨੇ ਇਸ ਸੱਚਾਈ ਨੂੰ ਪੱਲੇ ਬੰਨ੍ਹਿਆ ਹੋਇਆ ਹੈ, ਉਹ ਕਾਫ਼ੀ ਹੱਦ ਤੱਕ ਅੱਜ ਦੇ ਪ੍ਰਦੂਸ਼ਤ ਵਾਤਾਵਰਣ ਤੋਂ ਬਚੀਆਂ ਹੋਈਆਂ ਹਨ। ਰੁੱਖ ਸਾਡੀ ਧਰਤੀ ਦਾ ਸ਼ਿੰਗਾਰ ਹਨ। ਗਰਮੀ ਨੂੰ ਰੁੱਖ ਘਟਾਉਂਦੇ ਹਨ। ਰੁੱਖਾਂ ਵਿਚ ਵੀ ਜਾਨ ਹੁੰਦੀ ਹੈ। ਰੁੱਖ ਬੋਲ ਨਹੀਂ ਸਕਦੇ, ਪਰ ਉਹ ਬੰਦਿਆਂ ਦੇ ਦੁੱਖ ਵਿਚ ਸ਼ਾਮਲ ਜ਼ਰੂਰ ਹੁੰਦੇ ਹਨ –

ਰੁੱਖ ਬੋਲ ਨਾ ਸਕਦੇ ਭਾਵੇਂ,
ਬੰਦਿਆਂ ਦੇ ਦੁੱਖ ਪੁੱਛਦੇ।

ਮਨੁੱਖ ਅਤੇ ਰੁੱਖ ਦੀ ਸਾਂਝ ਜਨਮ ਤੋਂ ਲੈ ਕੇ ਮੌਤ ਤੱਕ ਹੈ। ਏਸੇ ਕਰ ਕੇ ਪੁਰਾਣੇ



ਬਜ਼ੁਰਗ ਕਹਿੰਦੇ ਸਨ ਕਿ ਹਰ ਮਨੁੱਖ ਨੂੰ ਘੱਟੋ ਘੱਟ ਦੋ ਰੁੱਖ ਜ਼ਰੂਰ ਲਾਉਣੇ ਚਾਹੀਦੇ ਹਨ। ਇਕ ਰੁੱਖ ਉਸ ਨੂੰ ਆਪਣੇ ਘਰ ਦੇ ਵਿਹੜੇ ਵਿਚ ਛਾਂ ਲਈ ਲਾਉਣਾ ਚਾਹੀਦਾ ਹੈ। ਇਕ ਰੁੱਖ ਉਸ ਦੇ ਮਰਨ ਉਪਰੰਤ ਦਾਹ ਸੰਸਕਾਰ ਲਈ ਲਾਉਣਾ ਚਾਹੀਦਾ ਹੈ। ਸਿਆਣੇ ਇਹ ਵੀ ਕਹਿੰਦੇ ਹਨ ਕਿ ਰੁੱਖਾਂ ਨੂੰ ਲਾਉਣਾ ਤੇ ਰੁੱਖਾਂ ਦੀ ਪਾਲਣਾ ਕਰਨਾ ਧੀਆਂ ਪੁੱਤਰਾਂ ਦੀ ਪਾਲਣਾ ਕਰਨ ਵਰਗਾ ਹੁੰਦਾ ਹੈ। ਰੁੱਖਾਂ ਨੂੰ ਵੱਢਣਾ ਬੰਦੇ ਨੂੰ ਕਤਲ ਕਰਨ ਦੇ ਬਰਾਬਰ ਸਮਝਿਆ ਜਾਂਦਾ ਹੈ। ਸਾਰੀ ਦੁਨੀਆਂ ਜਲ ਅਤੇ ਥਲ ਤੇ ਆਧਾਰਤ ਹੈ। ਥਲ ਕਿਸੇ ਸਮੇਂ ਸਾਰਾ ਜੰਗਲ ਹੀ ਹੁੰਦਾ ਸੀ। ਜਿਸ ਤਰ੍ਹਾਂ ਮਾਂ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦੀ ਹੈ, ਬਿਲਕੁਲ ਇਸੇ ਤਰ੍ਹਾਂ ਕਿਸੇ ਸਮੇਂ ਰੁੱਖ/ਜੰਗਲ ਮਨੁੱਖਤਾ ਨੂੰ ਪਾਲਦੇ ਰਹੇ ਹਨ। ਰੁੱਖ ਜੀਵਨ ਦਾਤਾ ਹਨ। ਰੁੱਖ ਪੰਛੀਆਂ ਦੇ ਰੈਣ ਬਸੇਰੇ ਹਨ। ਪੰਜਾਬ ਵੀ ਕਿਸੇ ਸਮੇਂ ਸਾਰਾ ਜੰਗਲ ਹੁੰਦਾ ਸੀ। ਬਠਿੰਡੇ ਵੱਲ ਦੇ ਏਰੀਏ ਨੂੰ ਜੰਗਲ ਦਾ ਇਲਾਕਾ ਕਿਹਾ ਜਾਂਦਾ ਸੀ। ਰੋਪੜ, ਮਾਛੀਵਾੜੇ ਦੇ ਏਰੀਏ ਨੂੰ ਵੀ ਜੰਗਲ ਕਹਿੰਦੇ ਸਨ।

ਮਨੁਖੀ ਹੋਂਦ ਦੇ ਸ਼ੁਰੂ ਦੇ ਸਮੇਂ ਵਿਚ ਮਨੁਖ ਜੰਗਲਾਂ ਵਿਚ ਪੈਦਾ ਹੁੰਦੇ ਫਲ ਖਾ ਕੇ ਗੁਜ਼ਾਰਾ ਕਰਦਾ ਹੁੰਦਾ ਸੀ। ਜੰਗਲ ਦੀ ਲੱਕੜ ਤੋਂ ਹੀ ਧਰਤੀ ਨੂੰ ਆਬਾਦ ਕਰਨ ਦੇ ਸੰਦ ਬਣੇ। ਜੰਗਲ ਦੀ ਲੱਕੜ ਤੋਂ ਹੀ ਝੁੱਗੀਆਂ ਬਣੀਆਂ। ਕੱਚੇ ਘਰ ਬਣੇ। ਫੇਰ ਪੱਕੇ ਘਰਾਂ ਵਿਚ ਵੀ ਜੰਗਲ ਵਿਚੋਂ ਪੈਦਾ ਹੁੰਦੀ ਲੱਕੜੀ ਲੱਗੀ। ਪਿੰਡਾਂ ਵਿਚ ਸ਼ਾਮਲਾਟ ਜ਼ਮੀਨਾਂ ਵਿਚ ਰੁੱਖਾਂ ਦੇ ਝੁੰਡਾਂ ਦੇ ਝੁੰਡ ਹੁੰਦੇ ਸਨ, ਜਿਨ੍ਹਾਂ ਨੂੰ ਕਈ ਇਲਾਕਿਆਂ ਵਿਚ ਝਿੜ੍ਹੀ ਅਤੇ ਬੰਨ੍ਹੇ ਵੀ ਕਹਿੰਦੇ ਹਨ। ਜ਼ਿਮੀਂਦਾਰਾਂ ਦੇ ਖੇਤਾਂ ਵਿਚ ਵੀ ਬਹੁਤ ਰੁੱਖ ਹੁੰਦੇ ਸਨ, ਜਿਨ੍ਹਾਂ ਵਿਚ ਪਿੱਪਲ, ਬਰੋਟੇ, ਕਿੱਕਰਾਂ, ਬੇਰੀਆਂ, ਟਾਹਲੀਆਂ, ਜੰਡ, ਨਿੰਮਾਂ ਆਦਿ ਹੁੰਦੇ ਸਨ। ਹਰ ਘਰ ਵਿਚ ਰੁੱਖ ਲੱਗੇ ਹੁੰਦੇ ਸਨ, ਜਿਹੜੇ ਗਰਮੀਆਂ ਤੋਂ ਬਚਾਉਂਦੇ ਸਨ। ਉਨ੍ਹਾਂ ਸਮਿਆਂ ਵਿਚ ਜਨਾਨੀਆਂ ਘਰਾਂ ਵਿਚ ਤ੍ਰਿਵੈਣੀ ਲਾਉਣ ਲਈ ਕਹਿੰਦੀਆਂ ਹੁੰਦੀਆਂ ਸਨ–

ਵਿਹੜੇ ਲਾ ਤ੍ਰਿਵੈਣੀ
ਛਾਵੇਂ ਬਹਿ ਕੇ ਕੱਤਿਆ ਕਰੂੰ।

ਦਿਨੋ ਦਿਨ ਵਧ ਰਹੀ ਆਬਾਦੀ ਤੇ ਉਦਯੋਗੀਕਰਨ ਨੇ ਜੰਗਲਾਂ, ਰੁੱਖਾਂ ਨੂੰ ਸਭ ਤੋਂ ਵੱਧ ਨੁਕਸਾਨ ਪੁੰਚਾਇਆ ਹੈ। ਰੁੱਖ ਨਾਲੋਂ ਤਾਂ ਜੇਕਰ ਟਾਹਣੀ ਵੀ ਤੋੜੀ ਜਾਵੇ ਤਾਂ ਵੀ ਰੁੱਖ ਰੋਂਦਾ ਹੈ। ਅਸੀਂ ਤਾਂ ਰੁੱਖਾਂ ਦਾ ਪੰਜਾਬ ਵਿਚੋਂ ਖੁਰਾ ਖੋਜ ਮਿਟਾਉਣ ਦੇ ਨੇੜੇ ਹੀ ਪਹੁੰਚ ਗਏ ਹਾਂ।

**ਪਿੱਪਲ** : ਸਾਡੇ ਧਰਮ ਗ੍ਰੰਥ ਪਿੱਪਲ ਦੇ ਰੁੱਖ ਨੂੰ ਪਵਿੱਤਰ ਮੰਨਦੇ ਹਨ। ਪਿੱਪਲ ਦੇ ਰੁੱਖ ਦੀ ਪਹਿਲਾਂ ਵੀ ਪੂਜਾ ਕੀਤੀ ਜਾਂਦੀ ਸੀ ਅਤੇ ਅੱਜ ਵੀ ਕੀਤੀ ਜਾਂਦੀ ਹੈ, ਪਰ ਪਹਿਲਾਂ ਨਾਲੋਂ ਘੱਟ–



Academy of the Punjab in North America: http://www.apnaorg.com

ਪਿੱਪਲਾ ਵੇ ਹਰਿਆਲਿਆ,
ਤੇਰਾ ਪੂਜਾਂ ਮੁੱਢ।
ਤੈਨੂੰ ਪੂਜ ਕੇ ਪਿੱਪਲਾ,
ਮੈਂ ਕਦੇ ਨਾ ਪਾਵਾਂ ਦੁੱਖ।
x x x
ਪੱਤੇ ਪੱਤੇ ਗੋਬਿੰਦ ਬੈਠਾ,
ਟਾਹਣੀ ਟਾਹਣੀ ਦੇਵਤਾ।
ਮੁੱਢ ਤੇ ਸ੍ਰੀ ਕ੍ਰਿਸ਼ਨ ਬੈਠਾ,
ਧੰਨ ਬ੍ਰਹਮਾ ਦੇਵਤਾ।

ਹਿੰਦੂ ਮੱਤ ਵਾਲੇ ਪਿੱਪਲ ਵਿਚ ਤ੍ਰੈਮੂਰਤੀ ਦਾ ਨਿਵਾਸ ਮੰਨਦੇ ਹਨ। ਜੜ੍ਹ ਵਿਚ ਬ੍ਰਹਮਾ, ਤਣੇ ਵਿਚ ਵਿਸ਼ਨੂੰ, ਟਾਹਣੀਆਂ ਵਿਚ ਸ਼ਿਵ ਜੀ ਦਾ ਨਿਵਾਸ ਮੰਨਿਆ ਜਾਂਦਾ ਹੈ। ਪਿੱਪਲ ਦਾ ਰੁੱਖ ਸਭ ਤੋਂ ਵੱਧ ਆਕਸੀਜਨ ਦੇਣ ਵਾਲਾ ਰੁੱਖ ਮੰਨਿਆ ਜਾਂਦਾ ਹੈ। ਦਿਨ ਦੇ ਨਾਲ ਇਹ ਰਾਤ ਵੇਲੇ ਵੀ ਆਕਸੀਜਨ ਛੱਡਦਾ ਹੈ। ਪਿੱਪਲ ਦੇ ਰੁੱਖ ਨੂੰ ਬ੍ਰਹਮਾ ਵੀ ਕਹਿੰਦੇ ਹਨ। ਪਿੱਪਲ ਦੀ ਪੂਜਾ ਕਰਨ ਸਮੇਂ ਕਈ ਸੁੱਖਣਾ ਵੀ ਸੁੱਖੀਆਂ ਜਾਂਦੀਆਂ ਸਨ/ਹਨ–

ਮੈਂ ਨਿੱਤ ਬ੍ਰਹਮੇ ਜਲ ਪਾਵਾਂ
ਵੀਰ ਤੇਰੀ ਜੜ੍ਹ ਲੱਗ ਜੇ।

ਵਿਸ਼ਵਾਸ ਹੈ ਕਿ ਜੇਕਰ ਨਿਰਸੰਤਾਨ ਜਨਾਨੀਆਂ ਸੂਰਜ ਚੜ੍ਹਦੇ ਸਾਰ ਪਿੱਪਲ ਦੀ ਜੜ੍ਹ ਵਿਚ 40 ਦਿਨ ਪਾਣੀ ਪਾਉਣ ਤਾਂ ਸੰਤਾਨ ਦੀ ਪ੍ਰਾਪਤੀ ਹੋ ਜਾਂਦੀ ਹੈ। ਧੰਨ ਦੌਲਤ ਦੇ ਚਾਹਵਾਨ ਐਤਵਾਰ ਨੂੰ ਇਸ ਦੀ ਪੂਜਾ ਕਰਦੇ ਹਨ। ਪਿਤਰਾਂ ਨੂੰ ਪਾਣੀ ਵੀ ਪਿੱਪਲਾਂ ਰਾਹੀਂ ਪਹੁੰਚਾਣ ਦਾ ਵਿਸ਼ਵਾਸ ਕੀਤਾ ਜਾਂਦਾ ਹੈ।

ਲੋਕ ਆਪਣੀਆਂ ਮੰਨਤਾਂ ਮੰਨਣ ਲਈ ਪਿੱਪਲ ਦੇ ਤਣੇ ਦੁਆਲੇ ਕੱਚੇ ਸੂਤ ਦੇ ਧਾਗੇ ਲਪੇਟ ਦਿੰਦੇ ਹਨ ਜੜ੍ਹ ਵਿਚ ਸੰਧੂਰ ਭੁੱਕਦੇ ਹਨ। ਜੜ੍ਹ ਵਿਚ ਪਾਣੀ ਪਾਉਂਦੇ ਹਨ। ਇਕ ਧਾਰਨਾ ਇਹ ਵੀ ਹੈ ਕਿ ਜੇਕਰ ਕੁਆਰੀਆਂ ਕੁੜੀਆਂ ਪਿੱਪਲ ਦੀ ਪੂਜਾ ਕਰਨ ਤਾਂ ਉਨ੍ਹਾਂ ਨੂੰ ਚੰਗਾ ਪਤੀ ਮਿਲ ਜਾਂਦਾ ਹੈ। ਪਿੱਪਲ ਨੂੰ ਵੱਢਣਾ ਪਾਪ ਸਮਝਿਆ ਜਾਂਦਾ ਹੈ। ਪਿੱਪਲ ਨੂੰ ਚੁੱਲ੍ਹੇ ਵਿਚ ਜਲਾਣਾ ਵੀ ਪਾਪ ਮੰਨਿਆ ਜਾਂਦਾ ਹੈ। ਏਸੇ ਕਰਕੇ ਹੀ ਲੋਕ ਪਿੱਪਲ ਨੂੰ ਵੱਢ ਕੇ ਗੁਰੂਦੁਆਰੇ ਜਾਂ ਮੰਦਰ ਜਾਂ ਬ੍ਰਾਹਮਣ ਨੂੰ ਜਾਲਣ ਲਈ ਦਿੰਦੇ ਹਨ। ਪਿੱਪਲ ਤੇ ਨਿੰਮ ਦਾ ਵਿਆਹ ਕਰਨ ਦੀ ਧਾਰਨਾ ਵੀ ਹੈ। ਮਹਾਤਮਾ ਬੁੱਧ ਨੂੰ ਪਿੱਪਲ ਦੇ ਰੁੱਖ ਥੱਲੇ ਗਿਆਨ ਪ੍ਰਾਪਤ ਹੋਇਆ ਸੀ। ਇਸ ਲਈ ਬੁੱਧ ਧਰਮ ਵਾਲੇ ਪਿੱਪਲ ਦੇ ਰੁੱਖ ਨੂੰ ਬੋਧੀ ਰੁੱਖ ਕਹਿੰਦੇ ਹਨ। ਪਿੱਪਲ ਨੂੰ ਬਰੋਟੇ ਦੀ ਪਤਨੀ ਮੰਨਣ ਦੀ ਵੀ ਧਾਰਨਾ ਸੀ।



ਪਿੱਪਲ ਦੀਆਂ ਗੋਲ੍ਹਾਂ (ਫਲ) ਨੂੰ ਜਾਨਵਰ ਬੜਾ ਖ਼ੁਸ਼ ਹੋ ਕੇ ਖਾਂਦੇ ਹਨ। ਪਿੱਪਲ ਦੇ ਪੱਤਿਆਂ ਨੂੰ ਪਸ਼ੂਆਂ ਦੇ ਚਾਰੇ ਲਈ ਵਰਤਿਆ ਜਾਂਦਾ ਹੈ। ਪਿੱਪਲ ਦੀਆਂ ਟਾਹਣੀਆਂ ਤੇ ਪੱਤੇ ਹਾਥੀਆਂ ਦਾ ਮਨਭਾਉਂਦਾ ਖਾਜਾ ਹੈ। ਪਿੱਪਲ ਦੇ ਸੱਕ ਤੋਂ ਕੱਪੜੇ ਰੰਗਣ ਲਈ ਰੰਗ ਬਣਾਏ ਜਾਂਦੇ ਹਨ। ਦਵਾਈਆਂ ਬਣਾਈਆਂ ਜਾਂਦੀਆਂ ਹਨ। ਜਦ ਨਵੀਂ ਵਿਆਹੀ ਵਹੁਟੀ ਘਰ ਆਉਂਦੀ ਹੈ ਤਾਂ ਸੱਸ ਗੜਵੀ ਵਿਚ ਪਾਣੀ ਪਾ ਕੇ ਵਿਚ ਪਿੱਪਲ ਦੀ ਟਾਹਣੀ ਰੱਖ ਕੇ ਸ਼ਗਨ ਕਰਦੀ ਹੈ, ਜਿਸ ਦਾ ਮਤਲਬ ਹੁੰਦਾ ਹੈ ਕਿ ਪਰਿਵਾਰ ਦੀ ਪਿੱਪਲ ਵਾਂਗ ਹੀ ਜੜ੍ਹ ਲੱਗ ਜਾਵੇ, ਪਿੱਪਲ ਵਾਂਗ ਹੀ ਪਰਿਵਾਰ ਵਧੇ ਫੁਲੇ। ਪਹਿਲੇ ਸਮਿਆਂ ਵਿਚ ਫੁੱਲ ਗੰਗਾ ਵਿਚ ਪਾਉਣ ਤੋਂ ਪਹਿਲਾਂ ਕੁਝ ਦਿਨ ਪਿੱਪਲ ਨਾਲ ਬੰਨ੍ਹ ਕੇ ਰੱਖੇ ਜਾਂਦੇ ਸਨ। ਪੁਰਾਣੇ ਗਹਿਣਿਆਂ ਵਿਚ ਇਕ ਮਸ਼ਹੂਰ ਗਹਿਣਾ ਪਿੱਪਲ ਪੱਤੀਆਂ ਦਾ ਹੁੰਦਾ ਸੀ–

ਆਹ ਲੈ ਨੱਤੀਆਂ, ਕਰਾ ਲੀਂ ਪਿੱਪਲ ਪੱਤੀਆਂ,
ਕਿਸੇ ਕੋਲ ਗੱਲ ਨਾ ਕਰੀਂ।

ਪਿੱਪਲ ਸਬੰਧੀ ਸਾਡੇ ਸਮਾਜ ਵਿਚ ਇਕ ਧਾਰਨਾ ਹੈ, ਜੇਕਰ ਕਿਸੇ ਦੀ ਰਾਸ਼ੀ ਮੰਗਲੀਕ ਹੈ, ਰਾਸ਼ੀਆਂ ਨੂੰ ਮੰਨਣ ਵਾਲੇ ਉਸ ਦਾ ਵਿਆਹ ਮੰਗਲੀਕ ਰਾਸ਼ੀ ਵਾਲੇ ਨਾਲ ਹੀ ਕਰਦੇ ਹਨ। ਜੇ ਲੜਕੀ ਮੰਗਲੀਕ ਹੋਵੇ, ਲੜਕਾ ਮੰਗਲੀਕ ਨਾ ਹੋਵੇ ਤਾਂ ਸਮਾਜ ਵਿਚ ਰਿਵਾਜ ਪ੍ਰਚਲਿਤ ਹੈ, ਮੰਗਲੀਕ ਲੜਕੀ ਦੀ ਸ਼ਾਦੀ ਪਹਿਲਾਂ ਪਿੱਪਲ ਦੇ ਰੁੱਖ ਨਾਲ ਕਰ ਦਿੱਤੀ ਜਾਂਦੀ ਹੈ। ਏਸ ਤਰ੍ਹਾਂ ਮੰਗਲੀਕ ਹੋਣ ਦੇ ਸਾਰੇ ਬੁਰੇ ਅਸਰ ਖ਼ਤਮ ਹੋ ਜਾਂਦੇ ਹਨ। ਫੇਰ ਮੰਗਲੀਕ ਲੜਕੀ ਦੀ ਸ਼ਾਦੀ ਗ਼ੈਰ ਮੰਗਲੀਕ ਲੜਕੇ ਨਾਲ ਕਰ ਦਿੱਤੀ ਜਾਂਦੀ ਹੈ।

ਤੀਆਂ ਸਮੇਂ ਕੁੜੀਆਂ ਪਿੱਪਲ ਦੇ ਰੁੱਖ ਤੇ ਪੀਂਘਾਂ ਪਾਉਂਦੀਆਂ ਸਨ।

ਵਾਰੀ ਜਾਵਾਂ ਪਿੱਪਲਾਂ ਤੋਂ,
ਜਿਥੇ ਝੂਟੇ ਲਵੇ ਜਵਾਨੀ।
x x x
ਸੁਣ ਪਿੱਪਲਾ ਵੇ ਮੇਰੇ ਪਿੰਡ ਦਿਆ,
ਪੀਘਾਂ ਤੇਰੇ ’ਤੇ ਪਾਈਆਂ।
ਦਿਨ ਤੀਆਂ ਦੇ ਆ ਗੇ ਨੇੜੇ,
ਉਠ ਪੇਕਿਆਂ ਨੂੰ ਆਈਆਂ।
ਹਾੜ ਮਹੀਨੇ ਬੈਠਣ ਛਾਵੇਂ,
ਪਿੰਡ ਦੀਆਂ ਮੱਝਾਂ ਗਾਈਆਂ।
ਪਿੱਪਲਾ ਸਹੁੰ ਤੇਰੀ,
ਝੱਲੀਆਂ ਨਾ ਜਾਣ ਜੁਦਾਈਆਂ।



Academy of the Punjab in North America: http://www.apnaorg.com

x x x x

ਪਿੱਪਲਾ ਵੇ ਮੇਰੇ ਪੇਕੇ ਪਿੰਡ ਦਿਆ,
ਤੇਰੀਆਂ ਠੰਡੀਆਂ ਛਾਵਾਂ।
ਢਾਬ ਤੇਰੀ ਦਾ ਗੰਧਲਾ ਪਾਣੀ,
ਉੱਤੋਂ ਬੂਰ ਹਟਾਵਾਂ।
ਸਭੇ ਸਹੇਲੀਆਂ ਸਹੁਰੇ ਗਈਆਂ,
ਕੀਹਨੂੰ ਹਾਲ ਸੁਣਾਵਾਂ।
ਚਿੱਠੀਆਂ ਬੇਰੰਗ ਭੇਜਦਾ,
ਕਿਹੜੀ ਛਉਣੀ 'ਚੋਂ ਲੁਆ ਲਿਆ ਨਾਵਾਂ।

ਪਿੱਪਲ ਦਾ ਰੁੱਖ ਬਹੁਤ ਭਾਰਾ ਹੁੰਦਾ ਹੈ। ਕਈ ਵੇਰ ਇਸ ਨੂੰ ਡਿੱਗਣ ਤੋਂ ਬਚਾਉਣ ਲਈ ਏਸ ਦੁਆਲੇ ਕੱਚੀ ਜਾਂ ਪੱਕੀ ਚੌਕੜੀ ਬਣਾ ਦਿੱਤੀ ਜਾਂਦੀ ਸੀ। ਕਿਉਂ ਜੋ ਪਿੱਪਲ ਦਾ ਰੁੱਖ ਜ਼ਿਆਦਾ ਪਿੰਡ ਵਿਚ, ਪਿੰਡ ਦੇ ਨੇੜੇ ਤੇ ਸਾਂਝੀਆਂ ਥਾਵਾਂ ਤੇ ਲਾਇਆ ਹੁੰਦਾ ਸੀ, ਏਸ ਲਈ ਇਹ ਚੌਕੜੀਆਂ ਬੈਠਣ ਦੇ ਕੰਮ ਵੀ ਆਉਂਦੀਆਂ ਸਨ। ਪਿੱਪਲ ਦਾ ਰੁੱਖ ਕਈ ਵੇਰ ਸੱਥ ਦਾ ਕੰਮ ਵੀ ਦਿੰਦਾ ਸੀ। ਪਿੱਪਲ ਦੁਆਲੇ ਬਣੀਆਂ ਚੌਕੜੀਆਂ ਲੱਗਦੀਆਂ ਵੀ ਸੋਹਣੀਆਂ ਸਨ। ਕਈ ਇਲਾਕਿਆਂ ਵਿਚ ਚੌਕੜੀਆਂ ਨੂੰ ਥੜੇ ਵੀ ਕਹਿੰਦੇ ਸਨ –

ਥੜਿਆਂ ਬਾਂਝ ਨਾ ਸੋਂਹਦੇ ਪਿੱਪਲ,
ਫੁੱਲਾਂ ਬਾਂਝ ਫੁਲਾਹੀਆਂ।





ਪਿੱਪਲ ਦੀ ਉਮਰ ਹਜ਼ਾਰ ਸਾਲ ਤੋਂ ਉੱਪਰ ਦੱਸੀ ਜਾਂਦੀ ਹੈ। ਪਿੱਪਲ ਦਾ ਦੁੱਧ, ਛਿੱਲ, ਲੱਕੜ, ਤੇ ਜੜ੍ਹਾਂ ਕਈ ਦੁਆਈਆਂ ਵਿਚ ਵਰਤੀਆਂ ਜਾਂਦੀਆਂ ਹਨ। ਪੱਤੇ ਸੱਪ ਦੇ ਡੰਗ ਦੇ ਇਲਾਜ ਲਈ ਵਰਤੇ ਜਾਂਦੇ ਹਨ।

ਹੁਣ ਪਿੱਪਲ ਦਾ ਰੁੱਖ ਪੰਜਾਬ ਵਿਚੋਂ ਤਕਰੀਬਨ ਖ਼ਤਮ ਹੋਣ ਦੇ ਨੇੜੇ ਹੈ।

**ਬਰੋਟਾ**: ਬਰੋਟੇ ਨੂੰ ਕਈ ਇਲਾਕਿਆਂ ਵਿਚ ਬੋਹੜ ਵੀ ਕਹਿੰਦੇ ਹਨ। ਬਰੋਟੇ ਦਾ ਰੁੱਖ ਸਾਰੇ ਰੁੱਖਾਂ ਨਾਲੋਂ ਜ਼ਿਆਦਾ ਭਾਰਾ ਹੁੰਦਾ ਹੈ। ਦੂਰ ਦੂਰ ਤੱਕ ਫੈਲਿਆ ਹੁੰਦਾ ਸੀ। ਏਸ ਲਈ ਬਰੋਟੇ ਦਾ ਰੁੱਖ ਸਭ ਤੋਂ ਵੱਧ ਆਕਸੀਜਨ ਪੈਦਾ ਕਰਦਾ ਹੈ। ਜਿਵੇਂ ਜਿਵੇਂ ਏਸ ਦੇ ਟਾਹਣੇ ਦੂਰ ਦੂਰ ਤੱਕ ਫੈਲਦੇ ਜਾਂਦੇ ਸਨ, ਤਿਵੇਂ ਤਿਵੇਂ ਇਨ੍ਹਾਂ ਟਾਹਣਿਆਂ ਵਿਚੋਂ ਕੁਝ ਤਣੇ ਨਿਕਲ ਕੇ ਧਰਤੀ ਵੱਲ ਆਉਂਦੇ ਜਾਂਦੇ ਸਨ। ਫੇਰ ਇਹ ਤਣੇ ਧਰਤੀ ਵਿਚ ਲੱਗ ਕੇ ਜੜ੍ਹਾਂ ਬਣ ਜਾਂਦੇ ਸਨ। ਧਰਤੀ ਵਿਚ ਲੱਗੇ ਇਨ੍ਹਾਂ ਤਣਿਆਂ ਨੂੰ ਬਰੋਟੇ ਦੀ ਦਾਹੜੀ ਕਹਿੰਦੇ ਸਨ। ਇਹ ਧਰਤੀ ਵਿਚ ਲੱਗੇ ਤਣੇ ਹੀ ਬਰੋਟੇ ਦੇ ਪਸਾਰੇ ਦਾ ਕਾਰਨ ਬਣਦੇ ਸਨ। ਪਹਿਲੇ ਸਮਿਆਂ ਵਿਚ ਪੰਜਾਬ ਦੇ ਹਰ ਪਿੰਡ ਵਿਚ ਬਰੋਟੇ ਦੇ ਰੁੱਖ ਆਮ ਲੱਗੇ ਹੁੰਦੇ ਸਨ। ਜਦ ਪਾਲੀ ਪਸ਼ੂਆਂ ਨੂੰ ਚਾਰ ਕੇ ਦੁਪਹਿਰ ਸਮੇਂ ਟੋਬੇ ਪਾਣੀ ਪਿਆਉਣ ਤੇ ਨਹਾਉਣ ਲਿਆਂਦੇ ਸਨ ਤਾਂ ਪਾਲੀ ਇਨ੍ਹਾਂ ਬਰੋਟੇ, ਪਿੱਪਲਾਂ ਦੀ ਛਾਂ ਹੇਠ ਹੀ ਬੈਠਦੇ ਹੁੰਦੇ ਸਨ। ਗਰਮੀਆਂ ਦੇ ਮੌਸਮ ਵਿਚ ਲੋਕ ਬਰੋਟੇ, ਪਿੱਪਲਾਂ ਦੀ ਛਾਵੇਂ ਦੁਪਹਿਰਾ ਕੱਟਦੇ ਹੁੰਦੇ ਸਨ।

ਜੇਕਰ ਕੋਈ ਲੜਕੀ ਆਪਣੇ ਸਹੁਰੇ ਘਰ ਖੁਸ਼ ਨਹੀਂ ਹੁੰਦੀ ਸੀ ਤਾਂ ਉਸ ਨੂੰ ਬਰੋਟੇ ਦੀਆਂ ਠੰਡੀਆਂ ਤੇ ਗੂੜ੍ਹੀਆਂ ਛਾਵਾਂ ਵੀ ਕੋਈ ਧਰਵਾਸ ਨਹੀਂ ਦਿੰਦੀਆਂ ਸਨ–

ਘੁੰਮ ਘੁੰਮ ਕੇ ਬਰੋਟਿਆ, ਤੇਰੀ ਛਾਵੇਂ ਮੈਂ ਖੜ੍ਹੀ,
ਖੜੀ ਖੜੀ ਮੈਂ ਸੁਕਾਵਾਂ ਕਾਲੇ ਪੀਲੇ ਕੇਸ।
ਹਵਾ ਨਹੀਂ ਲੱਗਦੀ, ਕੇਸ ਨਹੀਂ ਸੁੱਕਦੇ,
ਹੁਣ ਚੇਤੇ ਆਂਵਦਾ, ਵੇ ਬਾਬਲ! ਤੇਰਾ ਦੇਸ।

ਨੂੰਹ ਸੱਸ ਦਾ ਰਿਸ਼ਤਾ ਸਾਡੇ ਸਮਾਜ ਵਿਚ ਬਹੁਤਾ ਸੁਖਾਵਾਂ ਰਿਸ਼ਤਾ ਨਹੀਂ ਹੈ। ਸੱਸਾਂ ਹਮੇਸ਼ਾਂ ਹੀ ਨੂੰਹਾਂ ਨੂੰ ਆਨੇ-ਬਹਾਨੇ ਤੰਗ ਕਰਦੀਆਂ ਰਹਿੰਦੀਆਂ ਸਨ। ਏਸੇ ਕਰ ਕੇ ਨੂੰਹਾਂ ਆਪਣੇ ਮਨਾਂ ਦੀ ਭੜਾਸ ਸੱਸਾਂ ਦੇ ਅਜੀਬ ਵਤੀਰੇ ਦੱਸ ਕੇ ਕੱਢਦੀਆਂ ਹੁੰਦੀਆਂ ਸਨ–

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਡੌਰੂ।
ਸੱਸ ਮੇਰੀ ਬਰੋਟੇ ਚੜ੍ਹਗੀ,
ਸਹੁਰਾ ਪਾਵੇ ਖੌਰੂ।



Academy of the Punjab in North America: http://www.apnaorg.com

ਬਰੋਟੇ, ਪਿੱਪਲਾਂ ਤੇ ਹੋਰ ਰੁੱਖਾਂ ਤੋਂ ਬਿਨਾਂ ਤਾਂ ਪਿੰਡ ਵੀ ਸੋਹਣੇ ਨਹੀਂ ਲੱਗਦੇ ਸਨ–

ਰੁੱਖਾਂ ਬਾਂਝ ਨਾ ਸੋਂਹਦੀ ਨਗਰੀ,
ਭਾਵੇਂ ਲੱਖ ਹਵੇਲੀਆਂ ਖੜ੍ਹੀਆਂ।

ਬਰੋਟੇ ਦੇ ਰੁੱਖਾਂ ਤੇ ਕੁੜੀਆ ਤੀਆਂ ਸਮੇਂ ਪੀਘਾਂ ਪਾਉਂਦੀਆਂ ਸਨ। ਬਰੋਟੇ ਦੇ ਰੁੱਖਾਂ ਦੇ ਟਾਹਣਿਆਂ ਦਾ ਫੈਲਾਉ ਏਸ ਤਰ੍ਹਾਂ ਦਾ ਹੁੰਦਾ ਸੀ ਕਿ ਏਸ ਤੇ ਪੀਘਾਂ ਪਾਉਣੀਆਂ ਵੀ ਸੌਖੀਆਂ ਹੁੰਦੀਆਂ ਸਨ। ਪੀਘਾਂ ਦੀਆਂ ਹੀਂਘਾਂ ਚੜ੍ਹਾਉਣੀਆਂ ਵੀ ਸੌਖੀਆਂ ਹੁੰਦੀਆਂ ਸਨ–

ਮੇਰੇ ਯਾਰ ਨੇ ਬਰੋਟਾ ਲਾਇਆ,
ਪੀਂਘ ਪਾਵਾਂ ਉਸ ਦੇ ਉੱਤੇ।

ਅਸੀਂ ਆਮ ਜ਼ਿੰਦਗੀ ਵਿਚ ਸੱਚ ਝੂਠ ਦਾ ਫ਼ੈਸਲਾ ਕਰਨ ਲਈ ਕਿਸੇ ਦੇਵੀ, ਦੇਵਤੇ, ਗੁਰੂ ਦੀ ਸਹੁੰ ਪਵਾ ਕੇ ਫ਼ੈਸਲਾ ਕਰਦੇ ਹਾਂ। ਏਸੇ ਤਰ੍ਹਾਂ ਪਹਿਲੇ ਸਮਿਆਂ ਵਿਚ ਬਰੋਟੇ ਦੀ ਸਹੁ ਪਵਾ ਕੇ ਸੱਚ ਝੂਠ ਦੇ ਫ਼ੈਸਲੇ ਕੀਤੇ ਜਾਂਦੇ ਸਨ–

ਬੋਹੜ ਦਿਲਾਂ ਦੀਆਂ ਜਾਣੇ,
ਇਹਦੇ ਕੋਲ ਝੂਠ ਨਾ ਬਕੀਂ।

ਬਰੋਟੇ ਦੀਆਂ ਲਾਲ ਲਾਲ ਗੋਲ੍ਹਾਂ ਵੀ ਖਾਣ ਦੇ ਕੰਮ ਆਉਂਦੀਆਂ ਸਨ। ਹੁਣ ਬਰੋਟਾ ਬਹੁਤ ਘੱਟ ਪਿੰਡਾਂ ਵਿਚ ਮਿਲੇਗਾ।

**ਨਿੰਮ**: ਨਿੰਮ ਦਾ ਰੁੱਖ ਵੀ ਪੁਰਾਣੇ ਸਮਿਆਂ ਵਿਚ ਆਮ ਲਾਇਆ ਜਾਂਦਾ ਸੀ। ਨਿੰਮ ਦੇ ਰੁੱਖ ਦੇ ਫਲ, ਪੱਤੇ ਤੇ ਲੱਕੜ ਕਈ ਬੀਮਾਰੀਆਂ ਦੇ ਇਲਾਜ ਲਈ ਵਰਤੀ ਜਾਂਦੀ ਸੀ। ਫੋੜੇ ਵਾਲੇ ਜ਼ਖ਼ਮ ਨੂੰ ਨਿੰਮ ਦੇ ਉਬਾਲੇ ਪੱਤਿਆਂ ਨਾਲ ਧੋ ਕੇ ਦਵਾਈ ਲਾਣ ਨਾਲ ਫੋੜਿਆਂ ਨੂੰ ਛੇਤੀ ਆਰਾਮ ਆ ਜਾਂਦਾ ਸੀ। ਪੱਤਿਆਂ ਨੂੰ ਸੁਕਾ ਕੇ ਗਰਮ ਕੱਪੜਿਆਂ ਵਿਚ ਤੇ ਰੇਸ਼ਮੀ ਕੱਪੜਿਆਂ ਵਿਚ ਪਾਣ ਨਾਲ ਕੱਪੜਿਆਂ ਨੂੰ ਕੀੜਾ ਨਹੀਂ ਲੱਗਦਾ ਸੀ। ਨਿੰਮ ਦੀਆਂ ਨਮੋਲੀਆਂ ਦੀ ਕਈ ਦਵਾਈਆਂ ਵਿਚ ਵਰਤੋਂ ਹੁੰਦੀ ਸੀ। ਨਿੰਮ ਦੀ ਲੱਕੜ ਦਾ ਹੀ ਲੂਣ, ਮਿਰਚ, ਮਸਾਲਾ ਆਦਿ ਰਗੜਣ ਲਈ ਘੋਟਣਾ ਬਣਾਇਆ ਜਾਂਦਾ ਸੀ। ਲੂਣ, ਮਿਰਚ, ਮਸਾਲਾ ਆਦਿ ਨਿੱਤ ਰਗੜਣ ਕਰਕੇ ਘੋਟਣੇ ਦੀ ਲੱਕੜ ਦਾ ਕੁਝ ਅੰਸ਼ ਪਰਿਵਾਰ ਦੇ ਜੀਆਂ ਅੰਦਰ ਜਾਂਦਾ ਰਹਿੰਦਾ ਸੀ। ਜਿਹੜਾ ਕਈ ਬਿਮਾਰੀਆਂ ਤੋਂ ਬਚਾਉਂਦਾ ਸੀ। ਹੋਰ ਤਾਂ ਹੋਰ, ਜੇਕਰ ਕੋਈ ਅੜਬ ਸੱਸ ਆਪਣੀ ਨੂੰਹ ਨੂੰ ਤੰਗ ਕਰਨੋਂ ਨਹੀਂ ਹਟਦੀ ਸੀ, ਤਾਂ ਸੱਸ ਨੂੰ ਕੁੱਟਣ ਲਈ ਧੀਆਂ ਆਪਣੇ ਬਾਬਲ ਤੋਂ ਨਿੰਮ ਦੇ ਘੋਟਣੇ ਦੀ ਹੀ ਮੰਗ ਕਰਦੀਆਂ ਹੁੰਦੀਆਂ ਸਨ–

ਸੱਸ ਕੁੱਟਣੀ ਪੈਣੀ ਬਾਪੂ,
ਨਿੰਮ ਦਾ ਘੜਾ ਦੇ ਘੋਟਣਾ।



ਨਿੰਮ, ਪਿੱਪਲ ਤੇ ਬਰੋਟਾ ਇਕ ਥਾਂ ’ਕੱਠੇ ਲਾਉਣ ਨੂੰ ਤ੍ਰਿਵੈਣੀ ਕਹਿੰਦੇ ਸਨ। ਤ੍ਰਿਵੈਣੀ ਲਾਉਣ ਨੂੰ ਪਵਿੱਤਰ ਕਾਰਜ ਮੰਨਿਆ ਜਾਂਦਾ ਸੀ। ਨਿੰਮ ਦੇ ਰੁੱਖ ਤੇ ਪੀਘਾਂ ਵੀ ਪਾਈਆਂ ਜਾਂਦੀਆਂ ਸਨ–

ਪਿੰਡਾਂ ਵਿਚੋਂ ਪਿੰਡ ਛਾਂਟਿਆ,
ਪਿੰਡ ਛਾਂਟਿਆ ਭਾਰੀ।
ਨਿੰਮ ਨਾਲ ਝੂਟਦੀਏ,
ਤੇਰੀ ਪੀਂਘ ਟੁਣਿਆਂ ਹਾਰੀ।
x x x x
ਤੇਰੀ ਸਿਖਰੋਂ ਪੀਂਘ ਟੁੱਟ ਜਾਵੇ,
ਨਿੰਮ ਨਾਲ ਝੂਟਦੀਏ।
x x x x
ਤੇਰੇ ਝੁਮਕੇ ਲੈਣ ਹੁਲਾਰੇ,
ਨਿੰਮ ਨਾਲ ਝੂਟਦੀਏ।

ਨਿੰਮ ਦੀ ਲੱਕੜ ਨੂੰ ਘੁਣ ਜਾਂ ਕੋਈ ਹੋਰ ਕੀੜਾ ਨਹੀਂ ਲੱਗਦਾ। ਏਸ ਕਰਕੇ ਨਿੰਮ ਦੀ ਲੱਕੜ ਨੂੰ ਚੰਗਾ ਮੰਨਿਆ ਜਾਂਦਾ ਸੀ। ਆਮ ਤੌਰ ਤੇ ਸੰਦੂਖ ਨਿੰਮ ਦੀ ਲੱਕੜ ਦੇ ਬਣਾਏ ਜਾਂਦੇ ਸਨ। ਪਹਿਲੇ ਸਮਿਆਂ ਵਿਚ ਵਿਆਹ ਛੋਟੀ ਉਮਰ ਵਿਚ ਕਰਨ ਕਰਕੇ ਮੁਕਲਾਵੇ ਕਈ ਕਈ ਸਾਲਾਂ ਬਾਅਦ ਦਿੱਤੇ ਜਾਂਦੇ ਸਨ। ਮੁਕਲਾਵਾ ਦੇਣ ਸਮੇਂ ਹੀ ਸੰਦੂਖ ਦਿੱਤਾ ਜਾਂਦਾ ਸੀ। ਕਈ ਮਨਚਲੇ ਗੱਭਰੂ ਤਾਂ ਮੁਕਲਾਵੇ ਜਾਂਦੀ ਨਿੰਮ ਦੇ ਸੰਦੂਕ ਵਾਲੀ ਮੁਟਿਆਰ ਨੂੰ ਸਹੁਰਿਆਂ ਦੇ ਪਿੰਡ ਬਾਰੇ ਪੁੱਛਣ ਤੋਂ ਵੀ ਗੁਰੇਜ਼ ਨਹੀਂ ਕਰਦੇ ਹੁੰਦੇ ਸਨ–

ਕਿਹੜੇ ਪਿੰਡ ਮੁਕਲਾਵੇ ਜਾਣਾ?
ਨਿੰਮ ਦੇ ਸੰਦੂਕ ਵਾਲੀਏ!

ਨਿੰਮ ਦੇ ਰੁੱਖ ਦਾ ਹਰ ਹਿੱਸਾ ਕੌੜਾ ਹੁੰਦਾ ਹੈ। ਨਿੰਮ ਦੀ ਦਾਤਣ ਵੀ ਬਹੁਤ ਗੁਣਕਾਰੀ ਮੰਨੀ ਜਾਂਦੀ ਹੈ। ਬੱਚੇ ਦੀ ਪੈਦਾਇਸ਼ ਸਮੇਂ ਨਿੰਮ ਦੀਆਂ ਟਾਹਣੀਆਂ ਦਰਵਾਜ਼ਿਆਂ ’ਤੇ ਬੰਨ੍ਹੀਆਂ ਜਾਂਦੀਆਂ ਹਨ, ਜਿਸ ਕਰਕੇ ਮਾੜੀਆਂ ਰੂਹਾਂ ਦੂਰ ਰਹਿੰਦੀਆਂ ਸਨ। ਕਈ ਕਬੀਲਿਆਂ ਵਿਚ ਨਿੰਮ ਦੇ ਰੁੱਖਾਂ ਨੂੰ ਸਹੁਰੇ ਤੇ ਜੇਠ ਦੀ ਪਦਵੀ ਦਿੱਤੀ ਜਾਂਦੀ ਸੀ, ਜਿਸ ਕਰਕੇ ਇਸਤਰੀਆਂ ਨਿੰਮ ਦੇ ਰੁੱਖ ਤੋਂ ਘੁੰਡ ਕੱਢਦੀਆਂ ਸਨ। ਕਈ ਕਬੀਲੇ ਨਿੰਮ ਨੂੰ ਪਵਿੱਤਰ ਮੰਨਦੇ ਹਨ।

**ਬੇਰੀ**: ਪਹਿਲੇ ਸਮਿਆਂ ਬੇਰੀਆਂ ਦੇ ਬੇਰ ਹੀ ਪਿੰਡਾਂ ਦਾ ਇਕੋ ਇਕ ਫਲ ਹੁੰਦਾ ਸੀ। ਖੇਤਾਂ ਵਿਚ, ਝਿੜੀਆਂ, ਬੰਨ੍ਹਿਆਂ ਵਿਚ ਬੇਰੀਆਂ ਆਮ ਹੀ ਲੱਗੀਆਂ ਹੁੰਦੀਆਂ ਸਨ। ਬੇਰੀਆਂ ਨੂੰ ਬੇਰ ਲੱਗਦੇ ਵੀ ਬਹੁਤ ਹੁੰਦੇ ਸਨ। ਮੁੰਡੇ, ਕੁੜੀਆਂ ਬੇਰ ਲਿਆਉਣ



Academy of the Punjab in North America: http://www.apnaorg.com

ਲਈ ਤੁਰੇ ਹੀ ਰਹਿੰਦੇ ਸਨ। ਕਿਹੜੀ ਬੇਰੀ ਦੇ ਬੇਰ ਕੱਚੇ ਹੁੰਦੇ ਸਨ? ਕਿਹੜੀ ਬੇਰੀ ਦੇ ਬੇਰ ਪੱਕ ਗਏ ਹੁੰਦੇ ਸਨ? ਕਿਹੜੀ ਬੇਰੀ ਦੇ ਬੇਰ ਬੜੇ ਬੜੇ ਹੁੰਦੇ ਸਨ? ਹਰ ਇਕ ਨੂੰ ਪਤਾ ਹੁੰਦਾ ਸੀ। ਛੜੇ ਕਿਉਂਕਿ ਜ਼ਿਆਦਾ ਵਿਹਲੇ ਰਹਿੰਦੇ ਹੁੰਦੇ ਸਨ, ਇਸ ਲਈ ਛੜਿਆਂ ਨੂੰ ਬੇਰਾਂ ਬਾਰੇ ਕੁਝ ਜ਼ਿਆਦਾ ਹੀ ਪਤਾ ਹੁੰਦਾ ਸੀ। ਉਸ ਸਮੇਂ ਦਾ ਲੋਕਗੀਤ ਹੈ –

ਕਿਹੜੀ ਬੇਰੀ ਨੂੰ ਕੱਚੇ ਬੇਰ ਲੱਗਦੇ,
ਕਿਹੜੀ ਨੂੰ ਲੱਗਦੇ ਗੜੌਂਦੇ,
ਪੁੱਛੋ ਛੜਿਆਂ ਨੂੰ,
ਸਾਰੀ ਰਾਤ ਨੀਂ ਸੌਂਦੇ।

ਬੇਰਾਂ ਨੂੰ ਸੋਟੀ ਨਾਲ ਜਾਂ ਢਾਂਗੇ ਨਾਲ ਝਾੜਿਆ ਜਾਂਦਾ ਸੀ। ਬੇਰੀਆਂ ਉਪਰ ਚੜ੍ਹ ਕੇ ਟਾਹਣਿਆਂ ਨੂੰ ਹਲੂਣਾ ਦੇ ਵੀ ਬੇਰ ਝਾੜਦੇ ਸਨ। ਝੋਲੇ ਭਰ ਕੇ ਜਾਂ ਝੱਗਿਆਂ (ਕੁੜਤਿਆਂ) ਦੇ ਅਗਲੇ ਪੱਲਿਆਂ ਵਿਚ ਬੇਰ 'ਕੱਠੇ ਕਰਕੇ ਘਰਾਂ ਨੂੰ ਲਿਆਉਂਦੇ ਸਨ। ਖਾਣ ਪਿਛੋਂ ਜਿਹੜੇ ਬੇਰ ਬਚੇ ਰਹਿੰਦੇ ਸਨ, ਉਨ੍ਹਾਂ ਨੂੰ ਸੁਕਾ ਲੈਂਦੇ ਸਨ। ਸੀਜ਼ਨ ਲੰਘਣ ਤੋਂ ਪਿਛੋਂ ਲੋੜ ਅਨੁਸਾਰ ਖਾਂਦੇ ਰਹਿੰਦੇ ਸਨ। ਜੇ ਕਿਸੇ ਦੇ ਗੋਰੇ ਮੂੰਹ 'ਤੇ ਝਰੀਟਾਂ ਆਈਆਂ ਹੁੰਦੀਆਂ ਸਨ ਤਾਂ ਉਨ੍ਹਾਂ ਨੂੰ ਬੇਰ ਖਾਣ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ–

ਗੋਰੇ ਰੰਗ 'ਤੇ ਝਰੀਟਾਂ ਆਈਆਂ,
ਬੇਰੀਆਂ ਦੇ ਬੇਰ ਖਾਣੀਏ।

ਜੇਕਰ ਕਿਸੇ ਦੇ ਵਿਆਹ ਹੋਏ ਨੂੰ ਕਾਫ਼ੀ ਸਾਲ ਹੋ ਜਾਂਦੇ ਸਨ, ਪਰ ਕੋਈ ਬੱਚਾ ਨਹੀਂ ਹੁੰਦਾ ਸੀ ਤਾਂ ਉਸ ਮੁਟਿਆਰ ਨੂੰ ਮਿੱਠੀ ਜਿਹੀ ਟਕੋਰ ਲਾਈ ਜਾਂਦੀ ਸੀ–

ਬੇਰੀਆਂ ਨੂੰ ਬੇਰ ਲੱਗ ਗੇ,
ਤੈਨੂੰ ਕੁਝ ਨਾ ਲੱਗਾ ਮੁਟਿਆਰੇ?

ਬੇਰੀਆਂ ਦੇ ਬੇਰਾਂ ਦੇ ਨਾਲ ਬੇਰੀਆਂ ਦੇ ਪੱਤੇ ਵੀ ਕੰਮ ਆਉਂਦੇ ਸਨ। ਬੇਰੀਆਂ ਦੇ ਪੱਤੇ ਬੱਕਰੀਆਂ ਦੀ ਮਨ ਭਾਉਂਦੀ ਖ਼ੁਰਾਕ ਹੁੰਦੇ ਸਨ। ਏਸ ਲਈ ਜਿਹੜੀ ਮੁਟਿਆਰ ਦਾ ਬੱਕਰੀ ਖਰੀਦਣ ਨੂੰ ਮਨ ਕਰਦਾ ਹੁੰਦਾ ਸੀ, ਉਹ ਪਹਿਲਾਂ ਆਪਣੇ ਪਤੀ ਨੂੰ ਬੇਰੀਆਂ ਲਾਉਣ ਦੀ ਸਿਫ਼ਾਰਿਸ਼ ਕਰਦੀ ਹੁੰਦੀ ਸੀ–

ਚਿੱਤ ਬੱਕਰੀ ਲੈਣ ਨੂੰ ਕਰਦਾ,
ਬੰਨੇ ਬੰਨੇ ਲਾ ਦੇ ਬੇਰੀਆਂ।

ਹੁਣ ਤੁਹਾਨੂੰ ਪੰਜਾਬ ਵਿਚ ਕਿਸੇ ਦੇ ਖੇਤ ਵਿਚ ਵੀ ਬੇਰੀ ਦਾ ਰੁੱਖ ਨਜ਼ਰ ਨਹੀਂ ਆਵੇਗਾ। ਹਾਂ, ਪਿਉਂਦੀ ਬੇਰੀਆਂ ਦੇ ਬਾਗ਼ ਲੋਕਾਂ ਨੇ ਵਪਾਰਕ ਤੌਰ 'ਤੇ ਜ਼ਰੂਰ ਲਾਏ ਹੋਏ ਹਨ। ਬੇਰੀ ਸਬੰਧੀ ਪ੍ਰੋ. ਮੋਹਨ ਸਿੰਘ ਦੀ ਮਸ਼ਹੂਰ ਕਵਿਤਾ 'ਛੱਤੋ ਦੀ ਬੇਰੀ' ਦੀਆਂ



ਕੁਝ ਲਾਇਨਾਂ ਨਾਲ ਲੇਖ ਸਮਾਪਤ ਕਰਦਾ ਹਾਂ–



ਉਹ ਕਿੱਧਰ ਗਏ ਦਿਹਾੜੇ?
ਜਦ ਛੱਤੋ ਦੇ ਪਿਛਵਾੜੇ,
ਸਾਂ ਬੇਰ ਛੱਤੋ ਦੇ ਢਾਂਹਦੇ,
ਹੱਸ ਹੱਸ ਕੇ ਗਾਲ੍ਹਾਂ ਖਾਂਦੇ।

**ਟਾਹਲੀ**: ਟਾਹਲੀ ਇਕ ਅਜੇਹਾ ਰੁੱਖ ਹੈ, ਜਿਸ ਦੀ ਲੱਕੜ ਸਭ ਤੋਂ ਮਜ਼ਬੂਤ ਮੰਨੀ ਜਾਂਦੀ ਹੈ। ਜੜ੍ਹ ਤੋਂ ਉਪਰ ਜਿੱਥੇ ਤੱਕ ਟਾਹਲੀ ਦੇ ਰੁੱਖ ਦਾ ਇਕ ਤਣਾ ਹੁੰਦਾ ਹੈ, ਉਸ ਤਣੇ ਨੂੰ ਪੋਰਾ ਕਹਿੰਦੇ ਹਨ। ਇਹ ਪੋਰਾ ਟਾਹਲੀ ਦੇ ਰੁੱਖ ਦਾ ਸਭ ਤੋਂ ਮਜ਼ਬੂਤ ਹਿੱਸਾ ਮੰਨਿਆ ਜਾਂਦਾ ਹੈ। ਟਾਹਲੀ ਦੀ ਲੱਕੜ ਦਾ ਫਰਨੀਚਰ ਵਧੀਆ ਹੁੰਦਾ ਹੈ। ਟਾਹਲੀ ਦੀ ਵਰਤੋਂ ਕਈ ਕਿਸਮ ਦੀਆਂ ਦਵਾਈਆਂ ਵਿਚ ਵੀ ਕੀਤੀ ਜਾਂਦੀ ਹੈ।

ਪਹਿਲੇ ਸਮਿਆਂ ਵਿਚ ਜਿਸ ਜੁਆਨ ਲੜਕੀ ਦਾ ਵਿਆਹ ਉਸ ਦੇ ਮਾਪੇ ਨਿਆਣੇ ਕੰਤ ਨਾਲ ਕਰ ਦਿੰਦੇ ਸਨ, ਉਹ ਮੁਟਿਆਰ ਜਦ ਪੇਕੀਂ ਆਉਂਦੀ ਸੀ, ਤਾਂ ਉਹ ਆਪਣੇ ਨਿਆਣੇ ਕੰਤ ਦਾ ਦੁੱਖ ਆਪਣੀ ਮਾਂ ਕੋਲ ਰੋਂਦੀ ਸੀ, ਝੁਰਦੀ ਹੁੰਦੀ ਸੀ–

ਜੇ ਮਾਏ ਕੁਝ ਦਿਸਦਾ ਹੋਵੇ,
ਕਰਾਂ ਅੰਦੇਸਾ ਥੋੜ੍ਹਾ।
ਖੁਦੋ ਖੂੰਡੀ ਫਿਰੇ ਖੇਡਦਾ,
ਘਰ ਨੂੰ ਨਾ ਕਰਦਾ ਮੋੜਾ।
ਰੇਰੂ ਦਾ ਕਿੱਲਾ ਮਾਲਕ ਮੇਰਾ,



Academy of the Punjab in North America: http://www.apnaorg.com

ਨਹੀਂ ਟਾਹਲੀ ਦਾ ਪੋਰਾ।
ਕੰਤ ਨਿਆਣੇ ਦਾ,
ਖਾ ਗਿਆ ਹੱਡਾਂ ਨੂੰ ਝੋਰਾ।

ਟਾਹਲੀ ਦੇ ਦਰਖ਼ਤ ਆਮ ਤੌਰ 'ਤੇ ਖੂਹ ਦੀਆਂ ਪੈੜਾਂ ਦੁਆਲੇ ਅਤੇ ਖੇਤਾਂ ਦੇ ਬੰਨ੍ਹਿਆਂ ਨਾਲ ਲਾਏ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਫ਼ਸਲਾਂ ਦੀ ਸਿੰਜਾਈ ਦਾ ਇਕੋ ਇਕ ਸਾਧਨ ਖੂਹ ਹੁੰਦੇ ਸਨ। ਖੂਹ ਬਲਦਾਂ ਦੀ ਜੋੜੀ ਨਾਲ ਤੇ ਊਠਾਂ ਨਾਲ ਚਲਾਏ ਜਾਂਦੇ ਸਨ।

ਪਤੀ ਪਤਨੀ ਦਾ ਝਗੜਾ ਹੋਣਾ ਸਾਡੀ ਸਮਾਜਿਕ ਜ਼ਿੰਦਗੀ ਦਾ ਇਕ ਵਰਤਾਰਾ ਹੈ। ਪਤਨੀ ਦੀ ਜਦ ਵੀ ਆਪਣੇ ਪਤੀ ਨਾਲ ਲੜਾਈ ਹੁੰਦੀ ਹੈ ਤਾਂ ਉਸ ਲੜਾਈ ਦਾ ਪਤਨੀ ਦਾ ਆਖ਼ਰੀ ਹਥਿਆਰ 'ਮੈਂ ਪੇਕੇ ਚੱਲੀ ਆਂ' ਹੁੰਦਾ ਹੈ। ਪੇਕਿਆਂ ਤੇ ਹੀ ਉਸ ਦਾ ਜ਼ੋਰ ਹੁੰਦਾ ਹੈ। ਜਦ ਕਦੀ ਪਤਨੀ ਲੜ ਕੇ ਪੇਕਿਆਂ ਨੂੰ ਤੁਰ ਪੈਂਦੀ ਸੀ ਤਾਂ ਫੇਰ ਪਤੀ ਦਾ ਦਿਲ ਵੀ ਡੋਲੇ ਖਾਣ ਘਾਊਂ ਮਾਊਂ ਹੋਣ ਲੱਗ ਜਾਂਦਾ ਸੀ। ਏਸ ਕਰਕੇ ਕਈ ਵੇਰ ਪਤੀ ਟਾਹਲੀ ਤੇ ਚੜ੍ਹ ਕੇ ਆਪਣੀ ਪਤਨੀ ਦਾ ਰਾਹ ਵੇਖਦਾ ਹੁੰਦਾ ਸੀ–

ਮੈਨੂੰ ਕਹਿੰਦਾ ਪੇਕੇ ਨਾ ਜਾਈਂ,
ਮੈਂ ਤੁਰ ਗਈ ਪੇਕੇ।
ਜਾਇਆ ਵੱਢੀ ਦਾ ਕੁਲੱਛਣਾ,
ਟਾਹਲੀ ਤੇ ਚੜ੍ਹ ਚੜ੍ਹ ਵੇਖੇ।

ਟਾਹਲੀ ਦਾ ਰੁੱਖ ਵਧਦਾ ਬਹੁਤ ਹੌਲੀ ਹੌਲੀ ਹੈ। ਬਹੁਤ ਸਮਾਂ ਲਗਦਾ ਹੈ। ਨਹਿਰਾਂ ਦੀਆਂ ਪਟੜੀਆਂ ਦੇ ਨਾਲ, ਰਾਹਾਂ ਨਾਲ ਤੇ ਸੜਕਾਂ ਦੇ ਨਾਲ ਟਾਹਲੀ ਦੇ ਰੁੱਖ ਹੀ ਲਾਏ ਜਾਂਦੇ ਸਨ। ਹੁਣ ਸਿਰਫ਼ ਇਨ੍ਹਾਂ ਥਾਵਾਂ ਤੇ ਹੀ ਟਾਹਲੀ ਦੇ ਪੁਰਾਣੇ ਰੁੱਖ ਲੱਗੇ ਹੋਏ ਰਹਿ ਗਏ ਹਨ। ਹੁਣ ਇਨ੍ਹਾਂ ਥਾਂਵਾਂ ਤੇ, ਹੋਰ ਸਾਂਝੀਆਂ ਥਾਵਾਂ ਤੇ ਛੇਤੀ ਛੇਤੀ ਵਧਣ ਵਾਲੇ ਰੁੱਖ ਲਾਏ ਜਾਂਦੇ ਹਨ। ਟਾਹਲੀ ਦੇ ਰੁੱਖ ਹੁਣ ਦਿਨੋ ਦਿਨ ਅਲੋਪ ਹੋ ਰਹੇ ਹਨ।

**ਕਿੱਕਰ**: ਕਿੱਕਰ ਇਕ ਅਜਿਹਾ ਰੁੱਖ ਹੈ ਜਿਸ ਦੀਆਂ ਸੂਲਾਂ/ਕੰਡੇ ਸਾਰੇ ਰੁੱਖਾਂ ਨਾਲੋਂ ਲੰਮੇ ਹੁੰਦੇ ਹਨ। ਏਸੇ ਕਰਕੇ ਕਿੱਕਰਾਂ ਦੇ ਰੁੱਖ ਜ਼ਿਆਦਾ ਉਨ੍ਹਾਂ ਥਾਵਾਂ ਤੇ ਲਾਏ ਜਾਂਦੇ ਸਨ, ਜਿਹੜੀਆਂ ਵਰਤੋਂ ਵਿਚ ਘੱਟ ਆਉਂਦੀਆਂ ਸਨ। ਕਿੱਕਰਾਂ ਬਰਾਨੀ ਧਰਤੀ, ਘੱਟ ਉਪਜਾਊ ਧਰਤੀ, ਇੱਥੋਂ ਤੱਕ ਕਿ ਰੇਤਲੇ ਇਲਾਕੇ ਵਿਚ ਵੀ ਹੋ ਜਾਂਦੀਆਂ ਸਨ। ਨਹਿਰਾਂ ਦੀਆਂ ਪਟੜੀਆਂ, ਰਾਹਾਂ ਅਤੇ ਸੜਕਾਂ ਦੇ ਆਲੇ ਦੁਆਲੇ ਕਿੱਕਰਾਂ ਜ਼ਿਆਦਾ ਲਾਈਆਂ ਜਾਂਦੀਆਂ ਸਨ। ਕਿੱਕਰ ਦੀ ਲੱਕੜ ਬਹੁਤੀ ਚੰਗੀ ਨਹੀਂ ਮੰਨੀ ਜਾਂਦੀ ਸੀ। ਜਿਸ ਮੁਟਿਆਰ ਦਾ ਚਰਖਾ ਕਿੱਕਰ ਦੀ ਲੱਕੜ ਦਾ ਬਣਿਆ ਹੁੰਦਾ ਸੀ, ਉਸ ਚਰਖੇ ਦਾ ਕੋਈ ਨਾ ਕੋਈ ਹਿੱਸਾ ਹਿਲਦਾ ਹੀ ਰਹਿੰਦਾ ਸੀ, ਜਿਸ



ਕਰਕੇ ਉਹ ਮੁਟਿਆਰ ਕੱਤਣ ਸਮੇਂ ਆਪਣੀਆਂ ਸਹੇਲੀਆਂ ਤੋਂ ਪਿਛੇ ਰਹਿ ਜਾਂਦੀ ਸੀ–

ਕਿੱਕਰ ਦਾ ਮੇਰਾ ਚਰਖਾ ਮਾਏ,
ਟਾਹਲੀ ਦਾ ਕਰਵਾ ਦੇ।
ਇਸ ਚਰਖੇ ਦਾ ਹਿੱਲੇ ਮਝੇਰੂ,
ਮਾਲ੍ਹਾਂ ਬਹੁਤੀਆਂ ਖਾਵੇ।
ਮੇਰੇ ਨਾਲ ਦੀਆਂ ਕੱਤ ਕੇ ਸੌਂ ਗਈਆਂ,
ਮੈਥੋਂ ਕੱਤਿਆ ਨਾ ਜਾਵੇ।
ਚਰਖਾ ਬੂ ਚੰਦਰਾ!
ਮੇਰੀ ਨੀਂਦ ਗਵਾਵੇ।

ਕਿੱਕਰ ਦੇ ਰੁੱਖ ਥੱਲੇ ਦੂਰ ਦੂਰ ਤੱਕ ਫ਼ਸਲ ਨਹੀਂ ਹੁੰਦੀ ਸੀ। ਜਦ ਪੰਜਾਬ ਵਿਚ ਮੁਰੱਬੇਬੰਦੀ ਹੋਈ, ਉਸ ਸਮੇਂ ਜ਼ਿਮੀਂਦਾਰਾਂ ਨੇ ਕਿੱਕਰਾਂ ਦੇ ਸਾਰੇ ਰੁੱਖ ਆਪਣੇ ਖੇਤਾਂ ਵਿਚੋਂ ਪੁੱਟ ਦਿੱਤੇ ਸਨ। ਕਿੱਕਰਾਂ ਦੇ ਰੁੱਖਾਂ ਦੀ ਘੱਟ ਉਪਯੋਗਤਾ ਹੋਣ ਕਰਕੇ ਹੀ ਕਿਹਾ ਜਾਂਦਾ ਸੀ–

ਕਿੱਕਰਾਂ ਦੇ ਬੀ ਬੀਜ ਕੇ,
ਕਿੱਥੋਂ ਭਾਲਦਾਂ ਪਸ਼ੌਰੀ ਦਾਖਾਂ?

ਕਿੱਕਰ ਦੇ ਰੁੱਖ ਵਿਚ ਕਈ ਗੁਣ ਵੀ ਹਨ। ਕਿੱਕਰ ਦੇ ਤੁੱਕਿਆਂ ਦਾ ਆਚਾਰ ਪਾਇਆ ਜਾਂਦਾ ਸੀ, ਜਿਹੜਾ ਬਹੁਤ ਗੁਣਕਾਰੀ ਹੁੰਦਾ ਸੀ। ਕਿੱਕਰ ਦੀ ਦਾਤਣ ਸਭ ਤੋਂ ਚੰਗੀ ਮੰਨੀ ਜਾਂਦੀ ਸੀ/ਹੈ–

ਤੇਰਾ ਮਾਰਾ ਮੈਂ ਚੜ੍ਹਿਆ ਕਿੱਕਰ ਤੇ,
ਤੂੰ ਦਾਤਣ ਨਾ ਕੀਤੀ।

ਕਿੱਕਰ ਦੇ ਸੱਕਾਂ ਨਾਲ ਚਮੜਾ ਰੰਗਿਆ ਜਾਂਦਾ ਸੀ/ਹੈ। ਕਿੱਕਰ ਦੇ ਸੱਕ ਸ਼ਰਾਬ ਕੱਢਣ ਲਈ ਵਰਤੇ ਜਾਂਦੇ ਹਨ। ਕਿੱਕਰ ਦੇ ਤੁੱਕੇ ਬੱਕਰੀਆਂ ਵੀ ਖ਼ੁਸ਼ ਹੋ ਕੇ ਖਾਂਦੀਆਂ ਸਨ। ਇਹ ਹੋਰ ਦਵਾਈਆਂ ਵਿਚ ਵੀ ਵਰਤੇ ਜਾਂਦੇ ਸਨ। ਕਿੱਕਰਾਂ ਨੂੰ ਗੂੰਦ ਲਗਦੀ ਸੀ, ਜਿਸ ਨੂੰ ਬੱਚੇ ਦੀ ਪੈਦਾਇਸ਼ ਤੋਂ ਪਿੱਛੋਂ ਜਨਾਨੀਆਂ ਨੂੰ ਹੋਰ ਵਸਤਾਂ ਦੇ ਨਾਲ ਪੰਜੀਰੀ ਵਿਚ ਰਲਾ ਕੇ ਖਾਣ ਨੂੰ ਦਿੱਤਾ ਜਾਂਦਾ ਸੀ। ਗੂੰਦ ਹੋਰਾਂ ਦਵਾਈਆਂ ਵਿਚ ਵੀ ਕੰਮ ਆਉਂਦੀ ਸੀ। ਕਾਗਜ਼ਾਂ ਅਤੇ ਹੋਰ ਵਸਤਾਂ ਨੂੰ ਜੋੜਨ ਲਈ ਵੀ ਵਰਤੀ ਜਾਂਦੀ ਸੀ/ਹੈ। ਚਾਹੇ ਕਿੱਕਰ ਦਾ ਰੁੱਖ ਬਹੁਤਾ ਚੰਗਾ ਨਹੀਂ ਮੰਨਿਆ ਜਾਂਦਾ, ਪਰ ਜੇਕਰ ਕਿਸੇ ਭੈਣ ਦਾ ਵੀਰ ਕਿੱਕਰਾਂ ਵਾਲੇ ਰਸਤੇ ਤੋਂ ਲੰਘ ਕੇ ਆਪਣੀ ਭੈਣ ਨੂੰ ਮਿਲਣ ਆਵੇ ਤਾਂ ਉਸ ਭੈਣ ਲਈ ਕਿੱਕਰ ਦੇ ਤੁੱਕੇ ਮੋਤੀਆਂ ਸਮਾਨ ਲਗਦੇ ਹਨ/ਸਨ–



Academy of the Punjab in North America: http://www.apnaorg.com

ਉਥੇ ਕਿੱਕਰਾਂ ਨੂੰ ਲੱਗਦੇ ਮੋਤੀ,
ਜਿੱਥੋਂ ਦੀ ਮੇਰਾ ਵੀਰ ਲੰਘਦਾ।

**ਜੰਡ**: ਜੰਡ ਦੇ ਰੁੱਖ ਪਹਿਲੇ ਸਮਿਆਂ ਦੀਆਂ ਰੇਤਲੀਆਂ ਤੇ ਗ਼ੈਰ ਆਬਾਦ ਜ਼ਮੀਨਾਂ ਵਿਚ ਆਮ ਹੁੰਦੇ ਸਨ। ਜੰਡ ਦੀ ਲੱਕੜ ਘਰ ਬਣਾਉਣ ਦੇ ਕੰਮ ਵੀ ਆਉਂਦੀ ਸੀ। ਏਸੇ ਕਰਕੇ ਤਾਂ ਉਸ ਸਮੇਂ ਦੀ ਮੁਟਿਆਰ ਜੰਡ ਨੂੰ ਵੱਢ ਕੇ ਆਪਣੇ ਲਈ ਚੁਬਾਰਾ ਬਣਾਉਣ ਦੀ ਫਰਮਾਇਸ਼ ਆਪਣੇ ਪਤੀ ਨੂੰ ਕਰਦੀ ਸੀ –

ਰੋਹੀ ਵਾਲਾ ਜੰਡ ਵੱਢਕੇ,
ਮੈਨੂੰ 'ਕੱਲੀ ਨੂੰ ਚੁਬਾਰਾ ਪਾ ਦੇ।

ਜੰਡ ਨੂੰ ਫਲੀਆਂ ਲਗਦੀਆਂ ਸਨ। ਜਦ ਇਹ ਫਲੀਆਂ ਸੁੱਕ ਜਾਂਦੀਆਂ ਸਨ ਤਾਂ ਆਪਣੇ ਆਪ ਧਰਤੀ 'ਤੇ ਡਿਗ ਪੈਂਦੀਆਂ ਸਨ। ਲੋਕੀਂ ਇਨ੍ਹਾਂ ਨੂੰ ਆਮ ਖਾਂਦੇ ਸਨ। ਇਹ ਬਕਰੀਆਂ, ਭੇਡਾਂ ਦਾ ਮਨ ਭਾਉਂਦਾ ਖਾਜਾ ਹੁੰਦਾ ਸੀ। ਜੰਡ ਦਾ ਰੁੱਖ ਜਦ ਬਹੁਤ ਪੁਰਾਣਾ ਹੋ ਜਾਂਦਾ ਸੀ, ਤਾਂ ਉਸ ਦੇ ਅੰਦਰ ਖੋਲ ਪੈ ਜਾਂਦਾ ਸੀ। ਇਸ ਖੋਲ ਵਿਚ ਸੱਪ ਆਮ ਤੌਰ 'ਤੇ ਆਪਣੀ ਖੁੱਡ ਬਣਾ ਲੈਂਦੇ ਸਨ। ਪੰਜਾਬ ਦੀ ਹਰਮਨ ਪਿਆਰੀ ਲੋਕ ਕਹਾਣੀ 'ਮਿਰਜ਼ਾ ਸਾਹਿਬਾਂ' ਦੇ ਮਿਰਜ਼ੇ ਦਾ ਕਤਲ ਵੀ ਸਾਹਿਬਾਂ ਦੇ ਭਰਾਵਾਂ ਨੇ ਜੰਡ ਥੱਲੇ ਪਏ ਦਾ ਹੀ ਕੀਤਾ ਸੀ–

ਨੀ ਤੂੰ ਮੰਦਾ ਕੀਤਾ ਸਾਹਿਬਾਂ,
ਮੇਰਾ ਤਰਕਸ਼ ਟੰਗਿਆ ਜੰਡ।
ਹੁੰਦੀਆਂ ਤਾਂ ਜੇ ਅੱਜ ਕਾਨੀਆਂ,
ਦਿੰਦਾ ਸਿਆਲੀਂ ਵੰਡ।

ਫਲਾਂ ਵਾਲੇ ਤੇ ਹੋਰ ਬਹੁਤ ਸਾਰੇ ਰੁੱਖਾਂ ਨੂੰ ਪਿਉਂਦ ਕਰਕੇ ਉਨ੍ਹਾਂ ਵਿਚ ਸੁਧਾਰ ਲਿਆਂਦਾ ਗਿਆ ਹੈ। ਪਰ ਕਈ ਰੁੱਖ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਪਿਉਂਦ ਹੀ ਨਹੀਂ ਹੋ ਸਕਦੀ। ਜੰਡ ਦਾ ਰੁੱਖ ਵੀ ਅਜਿਹੇ ਰੁੱਖਾਂ ਵਿਚ ਆਉਂਦਾ ਹੈ।

ਕੜਕ ਨਾ ਜਾਂਦੀ ਕੁਪਿਓ,
ਰਹਿੰਦੀ ਤੇਲ ਭਰੇ।
ਕਿੱਕਰ, ਜੰਡ, ਕਰੀਰ ਨੂੰ,
ਪਿਉਂਦ ਕੌਣ ਕਰੇ?

ਲੋਕੀਂ ਜੰਡ ਦੀ ਪੂਜਾ ਵੀ ਕਰਦੇ ਸਨ। ਕਈ ਲੋਕ ਵਿਸ਼ਵਾਸ ਵੀ ਜੰਡ ਨਾਲ ਜੁੜੇ ਹੋਏ ਸਨ। ਇਸ ਦੇ ਰੁੱਖ ਦੁਆਲੇ ਧਾਗੇ, ਲੀਰਾਂ ਵੀ ਬੰਨ੍ਹੀਆਂ ਜਾਂਦੀਆਂ ਸਨ।

ਹੁਣ ਪੰਜਾਬ ਦੀ ਧਰਤੀ ਦਾ ਹਰ ਓਰਾ ਆਬਾਦ ਹੋ ਗਿਆ ਹੈ। ਇਸ ਲਈ ਹੁਣ ਜੰਡ ਦਾ ਰੁੱਖ ਪੰਜਾਬ ਵਿਚੋਂ ਭਾਲਿਆਂ ਵੀ ਸ਼ਾਇਦ ਨਾ ਮਿਲੇ।





**ਅੰਬ**: ਪਹਿਲੇ ਸਮਿਆਂ ਵਿਚ ਦੁਆਬੇ ਦੇ ਹਰ ਪਿੰਡ ਦੇ ਹਰ ਜ਼ਿਮੀਂਦਾਰ ਦੇ ਖੇਤ ਵਿਚ ਕੁਝ ਨਾ ਕੁਝ ਅੰਬ ਦੇ ਰੁੱਖ ਲਾਏ ਹੁੰਦੇ ਸਨ। ਮਾਲਵੇ ਦੇ ਇਲਾਕੇ ਦਾ ਪੌਣ ਪਾਣੀ ਅੰਬਾਂ ਲਈ ਸੁਖਾਵਾਂ ਨਹੀਂ ਸੀ। ਏਸੇ ਕਰਕੇ ਤਾਂ ਜੇਕਰ ਕਿਸੇ ਮੁਟਿਆਰ ਨੂੰ ਵਿਆਹ ਕਰਕੇ ਜਾਂ ਕਿਸੇ ਹੋਰ ਮਜਬੂਰੀ ਕਰਕੇ ਦੁਆਬਾ ਛੱਡਣਾ ਪੈਂਦਾ ਸੀ ਤਾਂ ਉਸ ਨੂੰ ਸੁਣੌਤ ਕੀਤੀ ਜਾਂਦੀ ਸੀ–

ਛੱਡ ਕੇ ਦੇਸ ਦੁਆਬਾ,
ਅੰਬੀਆਂ ਨੂੰ ਤਰਸੇਂਗੀ।

ਜੇਕਰ ਕਿਸੇ ਮੁਟਿਆਰ ਜਾਂ ਗੱਭਰੂ ਦੇ ਨਾਨਕੇ ਮਾਲਵੇ ਵਿਚ ਹੁੰਦੇ ਸਨ ਤਾਂ ਦਾਦਕੀਆਂ ਸਿੱਠਣੀਆਂ ਦੇਣ ਸਮੇਂ ਕਹਿੰਦੀਆਂ ਹੁੰਦੀਆਂ ਸਨ–

ਨਾਨਕੀਆਂ ਉਸ ਦੇਸ਼ ਤੋਂ ਆਈਆਂ,
ਜਿੱਥੇ ਅੰਬ ਵੀ ਨਾ।
ਇਨ੍ਹਾਂ ਦੀ ਬਾਂਦਰ ਵਰਗੀ ਬੂਥੀ,
ਮੂੰਹ ਵਿਚ ਦੰਦ ਵੀ ਨਾ।

ਅੰਬ ਨੂੰ ਫਲਾਂ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਇਕ ਧਾਰਨਾ ਹੈ ਕਿ ਜਿਹੜਾ ਅੰਬ ਦੇ ਬੂਟੇ ਦੀ ਪੂਜਾ ਕਰੇ, ਉਸਦੀਆਂ ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਦੁਆਬੇ ਵਿਚ ਉਸ ਸਮੇਂ ਦੇਸੀ ਅੰਬ ਹੀ ਹੁੰਦੇ ਸਨ। ਇਹ ਚੂਪੇ ਹੀ ਜਾਂਦੇ ਸਨ ਤੇ ਆਚਾਰ ਵੀ ਪਾਇਆ ਜਾਂਦਾ ਸੀ। ਅੰਬਾਂ ਨੂੰ ਚੂਪਣ ਤੋਂ ਬਾਅਦ ਅੰਬਾਂ ਦੀਆਂ



Academy of the Punjab in North America: http://www.apnaorg.com

ਗੁਠਲੀਾਂ ਵੀ ਕਈ ਦਵਾਈਆਂ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ।

ਹੁਣ ਦੁਆਬੇ ਵਿਚ ਵੀ ਦੇਸੀ ਅੰਬਾਂ ਦੇ ਰੁੱਖ ਤੁਹਾਨੂੰ ਸ਼ਾਇਦ ਘੱਟ ਹੀ ਮਿਲਣ। ਹਾਂ, ਅੱਜ ਦੇ ਸੁਧਰੇ ਹੋਏ ਕਿਸਮਾਂ ਦੇ ਅੰਬਾਂ ਦੇ ਬਾਗ਼ ਦੁਆਬੇ ਵਿਚ ਜ਼ਰੂਰ ਲੱਗੇ ਹੋਏ ਹਨ।

**ਤੂਤ**: ਤੂਤ ਨੂੰ ਵਿਸ਼ੇਸ਼ ਤੌਰ 'ਤੇ ਖੂਹਾਂ ਦੀਆਂ ਪੈੜਾਂ ਤੇ ਪਸ਼ੂਆਂ ਦੇ ਵਾੜਿਆਂ ਵਿਚ ਲਾਇਆ ਜਾਂਦਾ ਸੀ। ਤੂਤਾਂ ਦੀ ਛਾਂ ਸੰਘਣੀ ਹੁੰਦੀ ਸੀ। ਤੂਤ ਬਹੁ-ਮੰਤਵੀ ਕੰਮ ਦਿੰਦਾ ਸੀ। ਤੂਤ ਦਾ ਫਲ ਤੂਤੀਆਂ ਖਾਣ ਦੇ ਕੰਮ ਆਉਂਦੀਆਂ ਸਨ। ਤੂਤ ਦੀਆਂ ਛਿਟੀਆਂ ਦੇ ਟੋਕਰੇ ਟੋਕਰੀਆਂ, ਰੋਟੀਆਂ ਰੱਖਣ ਲਈ ਛਾਬੇ, ਛਿੱਕੂ ਆਦਿ ਬਣਦੇ ਸਨ। ਤੂਤ ਦੀਆਂ ਛਿਟੀਆਂ ਲੰਬੀਆਂ ਹੁੰਦੀਆਂ ਸਨ। ਜੇ ਕਿਸੇ ਲੰਮੀ ਮੁਟਿਆਰ ਦਾ ਕਿਸੇ ਮਧਰੇ, ਅਣਜੋੜ ਮੁੰਡੇ ਨਾਲ ਵਿਆਹ ਹੋ ਜਾਂਦਾ ਸੀ ਤਾਂ ਉਸ ਮੁਟਿਆਰ ਬਾਰੇ ਕਿਹਾ ਜਾਂਦਾ ਸੀ–

ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ,
ਵਿਆਹ ਕੇ ਲੈ ਗਿਆ ਤੂਤ ਦੀ ਛਿਟੀ
x x x x
ਨੀ ਮੈਂ ਲਗਰ ਤੂਤ ਦੀ,
ਲੜ ਮਧਰੇ ਦੇ ਲਾਈ।

ਬਰਾਤੀਆਂ ਨੂੰ ਸਿੱਠਣੀਆਂ ਦੇਣ ਵਿਚ ਵੀ ਤੂਤ ਦੇ ਰੁੱਖ ਦਾ ਜ਼ਿਕਰ ਆਉਂਦਾ ਹੈ–

ਬਰਾਤੀ ਉਥੋਂ ਆਏ, ਜਿੱਥੇ ਤੂਤ ਨਹੀਂ।
ਇਨ੍ਹਾਂ ਦੀ ਬਾਂਦਰ ਵਰਗੀ ਬੂਥੀ,
ਉਤੇ ਰੂਪ ਨਹੀਂ।

ਤੂਤ ਦੀ ਲੱਕੜ ਵੀ ਬਹੁਤ ਮਜ਼ਬੂਤ ਮੰਨੀ ਜਾਂਦੀ ਸੀ/ਹੈ।

ਯਾਰੀ ਜੱਟ ਦੀ ਤੂਤ ਦਾ ਮੋਛਾ,
ਕਦੇ ਨਾ ਵਿਚਾਲਿਓਂ ਟੁੱਟਦੀ।

ਤੂਤ ਦੀ ਲੱਕੜ ਤੋਂ ਖੇਡਾਂ ਦਾ ਸਮਾਨ ਵਿਸ਼ੇਸ਼ ਤੌਰ ਤੇ ਕ੍ਰਿਕਟ ਦੇ ਬੈਟ, ਵਿਕਟਾਂ, ਹਾਕੀ, ਟੈਨਿਸ ਦੇ ਰੈਕਟ ਬਣਾਏ ਜਾਂਦੇ ਹਨ। ਤੂਤ ਦੇ ਫਲਾਂ ਤੋਂ ਸ਼ਰਾਬ ਵੀ ਕੱਢੀ ਜਾਂਦੀ ਹੈ। ਤੂਤ ਦੀ ਲੱਕੜ ਵਿਚੋਂ ਨਿਕਲੇ ਰਸ ਨਾਲ ਚਮੜਾ ਵੀ ਰੰਗਿਆ ਜਾਂਦਾ ਹੈ।

ਪਹਿਲੇ ਸਮਿਆਂ ਵਿਚ ਵਿਆਹ ਤੋਂ ਪਿਛੋਂ ਲਾੜਾ ਲਾੜੀ ਦੀ ਛਿਟੀਆਂ ਖੇਡਣ ਦੀ ਇਕ ਰਸਮ ਹੁੰਦੀ ਸੀ। ਇਹ ਰਸਮ ਤੂਤ ਦੀਆਂ ਛਿਟੀਆਂ ਨਾਲ ਲਾੜਾ ਲਾੜੀ



ਇਕ ਦੂਜੇ ਦੀਆਂ ਪਿੱਠਾਂ 'ਤੇ ਮਾਰ ਕੇ ਖੇਡਦੇ ਸਨ। ਹੁਣ ਇਹ ਰਸਮ ਖ਼ਤਮ ਹੋ ਗਈ ਹੈ। ਹੁਣ ਪੰਜਾਬ ਵਿਚੋਂ ਖੂਹ ਵੀ ਤਕਰੀਬਨ ਖ਼ਤਮ ਹੋ ਗਏ ਹਨ। ਏਸ ਲਈ ਖੂਹਾਂ ਦੀਆਂ ਪੈੜਾਂ ਵੀ ਨਹੀਂ ਰਹੀਆਂ। ਤੂਤ ਤਾਂ ਫੇਰ ਕਿੱਥੇ ਲੱਗਣੇ ਸਨ? ਪਸ਼ੂਆਂ ਦਿਆਂ ਵਾੜਿਆਂ ਵਿਚ ਤੂਤਾਂ ਦੀ ਥਾਵੇਂ ਹੁਣ ਆਮ ਤੌਰ ਤੇ ਡੇਕਾਂ ਤੇ ਬਕਰੈਣਾਂ ਨੂੰ ਲਾਇਆ ਜਾਂਦਾ ਹੈ। ਤੂਤ ਹੁਣ ਪੰਜਾਬ ਦੇ ਪਿੰਡਾਂ ਵਿਚ ਕਿਤੇ ਕਿਤੇ ਹੀ ਲੱਗੇ ਮਿਲਦੇ ਹਨ।

**ਕਰੀਰ**: ਪਹਿਲਾਂ ਬਹਤੀਆਂ ਜ਼ਮੀਨਾਂ ਗ਼ੈਰ-ਆਬਾਦ ਹੁੰਦੀਆਂ ਸਨ। ਪਿੰਡਾਂ ਦੀਆਂ ਸਾਂਝੀਆਂ, ਸ਼ਾਮਲਾਟ ਜ਼ਮੀਨਾਂ ਤਾਂ ਸਾਰੀਆਂ ਹੀ ਉਨ੍ਹਾਂ ਸਮਿਆਂ ਵਿਚ ਗ਼ੈਰ-ਆਬਾਦ ਸਨ। ਇਨ੍ਹਾਂ ਗ਼ੈਰ-ਆਬਾਦ ਜ਼ਮੀਨਾਂ ਵਿਚ ਹਰ ਕਿਸਮ ਦੇ ਦਰੱਖਤ, ਝਾੜੀਆਂ ਉਗੇ ਹੁੰਦੇ ਸਨ। ਕਰੀਰ ਦੀਆਂ ਝਾੜੀਆਂ ਵੀ ਆਮ ਹੁੰਦੀਆਂ ਸਨ। ਇਨ੍ਹਾਂ ਝਾੜੀਆਂ ਨੂੰ ਡੇਲੇ ਲਗਦੇ ਸਨ। ਕੱਚੇ ਡੇਲਿਆਂ ਦਾ ਆਚਾਰ ਬਣਾਇਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਡੇਲਿਆਂ ਦਾ ਆਚਾਰ ਲੋਕਾਂ ਦਾ ਮਨ ਭਾਉਂਦਾ ਆਚਾਰ ਹੁੰਦਾ ਸੀ–

ਆਮ ਖਾਸ ਨੂੰ ਡੇਲੇ,
ਮਿੱਤਰਾਂ ਨੂੰ ਖੰਡ ਦਾ ਕੜਾਹ।

ਏਸੇ ਲਈ ਅਖਾਣ ਹੈ, 'ਆਪਣੇ ਮਨ ਭਾਵੇ ਤਾਂ ਡੇਲਾ ਵੀ ਸੁਪਾਰੀ'। ਪੱਕੇ ਡੇਲਿਆਂ ਨੂੰ ਲੋਕੀਂ ਖਾ ਲੈਂਦੇ ਸਨ। ਡੇਲਿਆਂ ਦੀਆਂ ਝਾੜੀਆਂ ਦੀਆਂ ਝਿੰਗਾਂ ਨੂੰ ਵੱਢ ਕੇ ਇਨ੍ਹਾਂ ਉਪਰ ਵੱਟੀਆਂ ਸੇਵੀਆਂ ਨੂੰ ਪਾ ਕੇ ਸੁਕਾਇਆ ਜਾਂਦਾ ਸੀ। ਲਓ, ਡੇਲਿਆਂ ਸਬੰਧੀ ਇਕ ਲੋਕ ਗੀਤ ਵੀ ਹਾਜ਼ਰ ਹੈ–

ਡੇਲੇ ਡੇਲੇ ਡੇਲੇ
ਇਨ੍ਹਾਂ ਨਾਨਕੀਆਂ ਦੀ
ਰੜੇ ਭੰਬੀਰੀ ਬੋਲੇ।

ਕਰੀਰ ਦੀ ਲੱਕੜ ਨੂੰ ਸਿਉਂਕ ਨਹੀਂ ਲੱਗਦੀ ਸੀ। ਇਸ ਦੀ ਕਈ ਦਵਾਈਆਂ ਵਿਚ ਵੀ ਵਰਤੋਂ ਹੁੰਦੀ ਸੀ। ਹੁਣ ਪੰਜਾਬ ਵਿਚ ਸ਼ਾਇਦ ਹੀ ਕਿਤੇ ਕਰੀਰ ਦੀਆਂ ਝਾੜੀਆਂ ਮਿਲਣ। ਹਾਂ, ਡੇਲਿਆਂ ਦਾ ਆਚਾਰ ਸ਼ਹਿਰਾਂ ਦੀਆਂ ਆਚਾਰ ਵੇਚਣ ਵਾਲੀਆਂ ਦੁਕਾਨਾਂ ਤੋਂ ਜ਼ਰੂਰ ਮਿਲ ਜਾਂਦਾ ਹੈ। ਪਰ ਏਸ ਆਚਾਰ ਨੂੰ ਪੁਰਾਣੇ ਬਜ਼ੁਰਗ ਹੀ ਖਾਂਦੇ ਹਨ।

**ਨਿੱਕੇ ਬੇਰਾਂ ਵਾਲੀਆਂ ਝਾੜੀਆਂ**: ਗ਼ੈਰ-ਆਬਾਦ ਪਈਆਂ ਜ਼ਮੀਨਾਂ ਵਿਚ ਨਿੱਕੇ ਬੇਰਾਂ ਵਾਲੀਆਂ ਝਾੜੀਆਂ ਆਮ ਹੁੰਦੀਆਂ ਸਨ। ਇਹ ਝਾੜੀਆਂ ਤਿੰਨ ਕੁ ਫੁੱਟ ਤੱਕ ਉਚੀਆਂ ਹੁੰਦੀਆਂ ਸਨ। ਇਨ੍ਹਾਂ ਨੂੰ ਨਿੱਕੇ ਨਿੱਕੇ ਬੇਰ ਲਗਦੇ ਸਨ, ਨਾਲ ਨਿੱਕੇ ਨਿੱਕੇ ਕੰਡੇ ਵੀ ਹੁੰਦੇ ਸਨ। ਮੁੰਡਿਆਂ ਦੀਆਂ ਟੋਲੀਆਂ ਦੀਆਂ ਟੋਲੀਆਂ ਇਨ੍ਹਾਂ ਝਾੜੀਆਂ ਦੇ



Academy of the Punjab in North America: http://www.apnaorg.com



ਬੇਰਾਂ ਨੂੰ ਖਾਣ ਲਈ ਤੁਰੀਆਂ ਹੀ ਰਹਿੰਦੀਆਂ ਸਨ। ਹੁਣ ਕਿਸੇ ਦੀ ਨਾ ਨਿੱਜੀ ਜ਼ਮੀਨ ਤੇ ਨਾ ਹੀ ਪਿੰਡਾਂ ਦੀ ਕੋਈ ਸਾਂਝੀ ਜ਼ਮੀਨ ਗ਼ੈਰ-ਆਬਾਦ ਹੈ। ਇਸ ਲਈ ਪਿੰਡਾਂ ਵਿਚੋਂ ਇਹ ਝਾੜੀਆਂ ਬਿਲਕੁਲ ਖ਼ਤਮ ਹੋ ਗਈਆਂ ਹਨ। ਨਹਿਰਾਂ ਦੇ ਨਾਲ ਤੇ ਸੜਕਾਂ ਦੇ ਨਾਲ ਇਹ ਝਾੜੀਆਂ ਖੜੀਆਂ ਜ਼ਰੂਰ ਮਿਲ ਜਾਂਦੀਆਂ ਹਨ, ਪਰ ਇਨ੍ਹਾਂ ਦੇ ਬੇਰ ਸ਼ਾਇਦ ਹੀ ਕੋਈ ਤੋੜਦਾ ਹੋਵੇ।

**ਲਸੂੜਾ** : ਪਿੰਡਾਂ ਵਿਚ ਪਹਿਲੇ ਸਮਿਆਂ ਵਿਚ ਲਸੂੜੇ ਦੇ ਦਰਖ਼ਤ ਵੀ ਆਮ ਹੁੰਦੇ ਸਨ। ਪੇਂਡੂ ਫਲਾਂ ਵਿਚ ਲਸੂੜੇ ਦਾ ਫਲ ਵੀ ਇਕ ਫਲ ਹੁੰਦਾ ਸੀ। ਪਰ ਲਸੂੜੇ ਦੇ ਫਲ ਨੂੰ ਖਾਣ ਸਮੇਂ ਹੱਥ ਅਤੇ ਬੁੱਲ੍ਹ ਲਸੂੜੇ ਦੀ ਲੇਸ ਨਾਲ ਭਰ ਜਾਂਦੇ ਸਨ। ਲਸੂੜੇ ਦੀ ਲੇਸ ਸਬੰਧੀ ਅਖਾਣ ਹੈ -

'ਲੇਸ ਲਸੂੜੇ ਦੀ, ਆਕੜ ਚੂੜੇ ਦੀ।'

ਲਸੂੜੇ ਦੇ ਫਲ ਦੀ ਕਈ ਦਵਾਈਆਂ ਵਿਚ ਵਰਤੋਂ ਵੀ ਹੁੰਦੀ ਸੀ। ਲਸੂੜੇ ਦੇ ਰੁੱਖ ਦੋ ਕਿਸਮ ਦੇ ਹੁੰਦੇ ਸਨ। ਇਕ ਲਸੂੜੇ ਦਾ ਫਲ ਅਖਰੋਟ ਜਿੱਡਾ ਹੁੰਦਾ ਸੀ। ਇਕ ਲਸੂੜੇ ਦੀਆਂ ਲਸੂੜੀਆਂ ਮਸਾਂ ਰੀਠੇ ਕੁ ਜਿੱਡੀਆਂ ਹੁੰਦੀਆਂ ਸਨ। ਲਸੂੜੀਆਂ ਸਬੰਧੀ ਇਕ ਲੋਕਗੀਤ ਹੈ-

ਕੋਠੇ ਮਗਰ ਲਸੂੜੀਆਂ ਵੇ,
ਦਿਨੇ ਲੜਦਾ ਤੇ ਰਾਤੀਂ ਗੱਲਾਂ ਗੂੜ੍ਹੀਆਂ ਵੇ।

ਹੁਣ ਲਸੂੜੇ ਦਾ ਰੁੱਖ ਤੁਹਾਨੂੰ ਪੰਜਾਬ ਦੇ ਕਿਸੇ ਖੇਤ ਵਿਚ ਵੀ ਨਹੀਂ ਮਿਲੇਗਾ।

**ਸਰੀਂਹ** : ਸਰੀਂਦ ਦਾ ਰੁੱਖ ਵੀ ਆਮ ਹੁੰਦਾ ਸੀ। ਇਹ ਸਾਂਝੀਆਂ ਥਾਵਾਂ, ਖੂਹਾਂ ਤੇ ਪਸ਼ੂ ਬੰਨ੍ਹਣ ਵਾਲੀਆਂ ਥਾਵਾਂ ਵਿਚ ਲੱਗਿਆ ਹੁੰਦਾ ਸੀ। ਸਰੀਂਹ ਦੀ ਛਾਂ ਵੀ ਸੰਘਣੀ



ਹੁੰਦੀ ਸੀ। ਮੁੰਡਾ ਜੰਮਣ ਤੇ ਸਰੀਂਹ ਦੀਆਂ ਟਾਹਣੀਆਂ ਨੂੰ ਹੀ ਖੰਮਣੀ ਵਿਚ ਪਰੋ ਕੇ ਘਰ ਦੇ ਦਰਵਾਜ਼ੇ ਤੇ ਲਟਕਾਇਆ ਜਾਂਦਾ ਸੀ। ਸਰੀਂਹ ਦੀ ਲੱਕੜ ਜ਼ਿਆਦਾ ਕੰਮ ਦੀ ਨਹੀਂ ਹੁੰਦੀ ਸੀ। ਸਰੀਂਹ ਦਾ ਰੁੱਖ ਵੀ ਤੁਹਾਨੂੰ ਹੁਣ ਕਿਤੇ ਹੀ ਮਿਲੇਗਾ।



**ਰਿੰਡ** : ਜਿਥੇ ਕੋਈ ਵੀ ਰੁੱਖ ਨਹੀਂ ਹੋ ਸਕਦਾ ਸੀ ਜਾਂ ਲੱਗ ਨਹੀਂ ਸਕਦਾ ਸੀ, ਉਥੇ ਰਿੰਡ ਦਾ ਰੁੱਖ ਹੋ ਜਾਂਦਾ ਸੀ। ਏਸੇ ਕਰਕੇ ਕਈਆਂ ਏਰੀਆਂ ਵਿਚ ਰਿੰਡ ਦੇ ਰੁੱਖ ਦੀ ਪ੍ਰਧਾਨਤਾ ਹੁੰਦੀ ਸੀ। ਇਹ ਮਾਰੂ ਤੇ ਰੇਤਲੇ ਇਲਾਕਿਆਂ ਦਾ ਰੁੱਖ ਮੰਨਿਆ ਜਾਂਦਾ ਸੀ। ਖੇਤਾਂ ਦੇ ਨਾਲ ਜਿਥੇ ਭੜੀਹਾਂ ਪਾਈਆਂ ਹੁੰਦੀਆਂ ਸਨ, ਉਥੇ ਰਿੰਡ ਦੇ ਰੁੱਖ ਆਮ ਲਾਏ ਜਾਂਦੇ ਸਨ। ਰਿੰਡ ਦਾ ਫਲ ਜਦ ਪੱਕ ਜਾਂਦਾ ਸੀ ਤਾਂ ਇਸ ਦੀਆਂ ਡੋਡੀਆਂ ਨੂੰ ਤੋੜ ਕੇ ਤੇਲ ਕਢਾਇਆ ਜਾਂਦਾ ਸੀ। ਇਸ ਤੇਲ ਨਾਲ ਪਿੰਡਾਂ ਦੀਆਂ ਜਨਾਨੀਆਂ ਕਪੜੇ ਧੋਣ ਵਾਲਾ ਸਾਬਣ ਆਪ ਵੀ ਤਿਆਰ ਕਰ ਲੈਂਦੀਆਂ ਸਨ। ਰਿੰਡ ਦੇ ਤੇਲ ਤੋਂ ਟਾਈਪ ਰਾਈਟਰਾਂ ਦੀ ਸਿਆਹੀ ਤਿਆਰ ਕੀਤੀ ਜਾਂਦੀ ਹੈ। ਰਿੰਡ ਸਬੰਧੀ ਇਕ ਅਖਾਣ ਵੀ ਹੈ -

'ਜੀਹਦੇ ਘਰ ਵਿਚ ਬੂਟਾ ਰਿੰਡ ਦਾ,
ਉਹਦਾ ਨਾਂ ਗ਼ੁਲਾਬ ਦੀਨ'

ਹੁਣ ਰਿੰਡ ਦਾ ਰੁੱਖ ਖੇਤਾਂ ਵਿਚ ਤਾਂ ਨਹੀਂ ਮਿਲਦਾ, ਪਰ ਨਹਿਰਾਂ ਦੀਆਂ ਪਟੜੀਆਂ ਦੇ ਨਾਲ ਪਈਆਂ ਗ਼ੈਰ-ਆਬਾਦ ਜ਼ਮੀਨਾਂ ਵਿਚ ਜ਼ਰੂਰ ਮਿਲ ਜਾਂਦੇ ਹਨ।

**ਫਰਮਾਂਹ** : ਫਰਮਾਂਹ ਦਾ ਰੁੱਖ ਰੇਤਲੇ ਤੇ ਮਾਰੂ ਇਲਾਕੇ ਵਿਚ ਹੁੰਦਾ ਸੀ। ਪਹਿਲਾਂ



Academy of the Punjab in North America: http://www.apnaorg.com

ਸਾਰੀਆਂ ਜ਼ਮੀਨਾਂ ਹੀ ਮਾਰੂ ਹੁੰਦੀਆਂ ਸਨ। ਪਿੰਡ ਦੇ ਨਾਲ ਜਿਹੜੇ ਖੇਤ ਹੁੰਦੇ ਸਨ, ਉਨ੍ਹਾਂ ਖੇਤਾਂ ਵਿਚ ਬੀਜੀਆਂ ਫ਼ਸਲਾਂ ਦਾ ਪਸ਼ੂ ਬਹੁਤ ਉਜਾੜਾ ਕਰਦੇ ਸਨ। ਏਸ ਲਈ ਇਨ੍ਹਾਂ ਖੇਤਾਂ ਦੀ ਜਿਹੜੀ ਬਾਹੀ ਪਹੇ, ਪਹੀ, ਰਾਹ, ਡੰਡੀ ਨਾਲ ਲੱਗਦੀ ਹੁੰਦੀ ਸੀ, ਉਸ ਬਾਹੀ ਤੇ ਬੜੀਆਂ ਬੜੀਆਂ ਭੜੀਹਾਂ ਪਾਈਆਂ ਜਾਂਦੀਆਂ ਸਨ। ਇਨ੍ਹਾਂ ਭੜੀਹਾਂ ਦੇ ਉਪਰ ਫਰਮਾਂਹ ਦੇ ਰੁੱਖ ਆਮ ਤੋਰ ’ਤੇ ਲਾਏ ਹੁੰਦੇ ਸਨ। ਉਂਜ ਵੀ ਗ਼ੈਰ-ਆਬਾਦ ਖੇਤਾਂ ਵਿਚ ਲੱਗੇ ਹੁੰਦੇ ਸਨ। ਫਰਮਾਂਹ ਦੀ ਲੱਕੜੀ ਬਿਲਡਿੰਗਾਂ ਵਿਚ ਕੰਮ ਆਉਂਦੀ ਸੀ।

ਹੁਣ ਫਰਮਾਂਹ ਦਾ ਰੁੱਖ ਪੰਜਾਬ ਵਿਚੋਂ ਬਿਲਕੁਲ ਹੀ ਅਲੋਪ ਹੋ ਗਿਆ ਹੈ। ਅੱਜ ਪੰਜਾਬ ਵਿਚ ਤੁਹਾਨੂੰ ਕਿਸੇ ਵੀ ਖੇਤ ਵਿਚ ਪਿੱਪਲ, ਬਰੋਟਾ, ਨਿੰਮ, ਟਾਹਲੀ, ਬੇਰੀ, ਕਿੱਕਰ, ਤੂਤ, ਜੰਡ, ਲਸੂੜੇ, ਫਰਮਾਂਹ, ਕਰੀਰ ਆਦਿ ਦੇ ਰੁੱਖ ਨਹੀਂ ਮਿਲਣਗੇ। ਰੁੱਖਾਂ ਦੀ ਅਣਹੋਂਦ ਨੇ ਪੰਜਾਬ ਦੇ ਰੰਗਲੇ ਵਾਤਾਵਰਨ ਵਿਚ ਅਸਾਵਾਂਪਣ ਪੈਦਾ ਕੀਤਾ ਹੋਇਆ ਹੈ, ਜਿਹੜਾ ਪੰਜਾਬ ਦੀ ਖੇਤੀਬਾੜੀ ਤੇ ਵੀ ਭਾਰੂ ਹੋ ਰਿਹਾ ਹੈ।

0

## ਖਰਬੂਜ਼ੇ, ਕਕੜੀਆਂ, ਮਤੀਰੇ, ਚਿੱਭੜ

ਆਜ਼ਾਦੀ ਤੋਂ ਪਹਿਲਾਂ ਹਰ ਜ਼ਿਮੀਂਦਾਰ ਆਪਣੇ ਖੇਤ ਵਿਚ ਲੋੜ ਜੋਗੇ ਖ਼ਰਬੂਜ਼ੇ, ਕੱਕੜੀਆਂ, ਮਤੀਰੇ ਦੀਆਂ ਵੇਲ੍ਹਾਂ ਜ਼ਰੂਰ ਲਾਉਂਦਾ ਸੀ। ਮਤੀਰਿਆਂ ਨੂੰ ਤਰਬੂਜ਼ ਵੀ ਕਿਹਾ ਜਾਂਦਾ ਹੈ। ਕਕੜੀਆਂ ਨੂੰ ਕਈ ਇਲਾਕਿਆਂ ਵਿਚ ਖੱਖੜੀਆਂ, ਤਰਾਂ ਵੀ ਕਹਿੰਦੇ ਹਨ। ਕਈ ਜ਼ਿਮੀਂਦਾਰ ਕਪਾਹਾਂ ਵਿਚ ਫੁੱਟਾਂ ਦੀਆਂ ਵੇਲ੍ਹਾਂ ਵੀ ਲਾ ਲੈਂਦੇ ਸਨ। ‘ਖ਼ਰਬੂਜ਼ੇ ਨੂੰ ਦੇਖ ਕੇ ਖ਼ਰਬੂਜ਼ਾ ਰੰਗ ਫੜਦਾ ਹੈ’, ਸ਼ਾਇਦ ਇਹ ਅਖਾਣ ਉਸ ਸਮੇਂ ਦਾ ਹੀ ਹੋਵੇ। ਉਨ੍ਹਾਂ ਸਮਿਆਂ ਵਿਚ ਹਰ ਘਰ ਲੋੜ ਅਨੁਸਾਰ ਸਬਜ਼ੀਆਂ ਵੀ ਬੀਜਦਾ ਸੀ। ਬੇਰੀਆਂ, ਵਣ ਖੇਤਾਂ ਵਿਚ ਆਮ ਹੁਦੇ ਸਨ। ਗ਼ੈਰ-ਆਬਾਦ ਜ਼ਮੀਨਾਂ ਵਿਚ ਮਲ੍ਹੇ, ਝਾੜ ਬੇਰੀਆਂ ਆਪਣੇ ਆਪ ਹੋ ਜਾਂਦੇ ਸਨ। ਖ਼ਰਬੂਜ਼ੇ, ਕਕੜੀਆਂ, ਮਤੀਰੇ, ਬੇਰ, ਪੀਲਾਂ, ਚਿੱਭੜ ਉਨ੍ਹਾਂ ਸਮਿਆਂ ਦੇ ਪਿੰਡ ਵਾਲਿਆਂ ਦੇ ਫਲ ਹੁੰਦੇ ਸਨ।

ਉਨ੍ਹਾਂ ਸਮਿਆਂ ਵਿਚ ਲੋਕਾਂ ਦੇ ਆਪਸ ਵਿਚ ਪਿਆਰ ਬਹੁਤ ਸੀ। ਜਿਹੜਾ ਪਰਿਵਾਰ ਖ਼ਰਬੂਜ਼ੇ, ਕਕੜੀਆਂ, ਮਤੀਰੇ ਨਹੀਂ ਬੀਜਦਾ ਸੀ, ਉਨ੍ਹਾਂ ਦੇ ਗੁਆਂਢੀ ਉਨ੍ਹਾਂ ਨੂੰ ਦੇ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਇਕ ਦੂਜੇ ਦੇ ਘਰੋਂ ਦਾਲ ਸਬਜ਼ੀ ਲੈਣ ਦਾ ਤਾਂ ਨਿੱਤ ਦਾ ਵਰਤਾਰਾ ਸੀ। ਕਈ ਵੇਲੇ ਕੁਵੇਲੇ ਖ਼ਰਬੂਜ਼ਿਆਂ ਦੀ ਚੋਰੀ ਵੀ ਕਰ ਲੈਂਦੇ ਸਨ, ਫੜੇ ਜਾਂਦੇ ਸਨ। ਉਨ੍ਹਾਂ ਦੀ ਥੋੜ੍ਹੀ ਜਿਹੀ ਝਾੜ ਝੰਬ ਕਰਕੇ ਛੱਡ ਦਿੱਤਾ ਜਾਂਦਾ ਸੀ। ਏਸੇ ਕਰਕੇ ਕਿਹਾ ਜਾਂਦਾ ਸੀ, ‘ਖ਼ਰਬੂਜ਼ਿਆਂ ਦੇ ਚੋਰਾਂ ਨੂੰ ਲੱਤ-ਮੁੱਕਾ ਹੀ ਕਾਫ਼ੀ ਹੈ’। ਖ਼ਰਬੂਜ਼ਿਆਂ ਸਬੰਧੀ ਇਕ ਹੋਰ ਅਖਾਣ ਹੈ –



ਗਿੱਦੜ ਰੱਜ ਖ਼ਰਬੂਜ਼ਿਆਂ ਤਾਈਂ
ਥੁਕ ਥੁਕ ਠੇਡੇ ਮਾਰੇ।
ਭੁੱਖ ਲੱਗੀ ਤੇ ਚੁੰਮੇ ਚੱਟੇ,
ਅਖੇ ਮਿੱਠੇ ਸਾਰੇ।



ਲੋੜ ਵੇਲੇ ਹਰ ਚੀਜ਼ ਚੰਗੀ ਲੱਗਣ ਸਮੇਂ ਇਹ ਅਖਾਣ ਵਰਤਿਆ ਜਾਂਦਾ ਹੈ।

ਪਹਿਲੇ ਸਮਿਆਂ ਵਿਚ ਜਦ ਪਿੰਡਾਂ ਦੀਆਂ ਦੁਕਾਨਾਂ ਤੋਂ ਕੋਈ ਚੀਜ਼, ਵਸਤ, ਸੌਦਾ ਖਰੀਦਣ ਜਾਂਦਾ ਸੀ ਤਾਂ ਹੱਟ-ਬਾਣੀਏ ਉਸ ਨੂੰ ਸੌਦਾ ਦੇਣ ਤੋਂ ਬਾਅਦ ਰੁੰਗਾ ਦਿੰਦੇ ਹੁੰਦੇ ਸਨ। ਸ਼ਾਇਦ ਪਿੰਡਾਂ ਵਿਚ ਹੁਣ ਵੀ ਇਹ ਰਿਵਾਜ ਚਲਦਾ ਹੋਵੇ। ਰੁੰਗੇ ਵਿਚ ਆਮ ਤੌਰ ਤੇ ਥੋੜ੍ਹੀਆਂ ਜਿਹੀਆਂ ਮਿੱਠੀਆਂ ਖਿਲਾਂ ਜਾਂ ਪਕੌੜੀਆਂ ਖਾਣ ਲਈ ਮੁਫ਼ਤ ਦਿੱਤੀਆਂ ਜਾਂਦੀਆਂ ਸਨ। ਏਸੇ ਤਰ੍ਹਾਂ ਹੀ ਜ਼ਿਮੀਂਦਾਰਾਂ ਨੂੰ ਚਿੱਭੜ ਖੇਤਾਂ ਵਿਚੋਂ ਰੁੰਗੇ ਦੀ ਤਰ੍ਹਾਂ ਮੁਫ਼ਤ ਹੀ ਮਿਲ ਜਾਂਦੇ ਸਨ। ਇਨ੍ਹਾਂ ਦੀਆਂ ਵੇਲਾਂ ਨੂੰ ਬੀਜਿਆ ਨਹੀਂ ਜਾਂਦਾ ਸੀ। ਇਹ ਆਪਣੇ ਆਪ ਹੀ ਖੇਤਾਂ ਵਿਚ ਹੋ ਜਾਂਦੀਆਂ ਸਨ।

ਪਹਿਲਾਂ ਸਾਰੀ ਖੇਤੀ ਬਾਰਸ਼ਾਂ ਤੇ ਨਿਰਭਰ ਹੁੰਦੀ ਸੀ। ਕੋਈ ਕੋਈ ਖੂਹ ਹੁੰਦਾ ਸੀ, ਜਿਸ ਨਾਲ ਥੋੜ੍ਹੀ ਜਿਹੀ ਜ਼ਮੀਨ ਨੂੰ ਹੀ ਪਾਣੀ ਲੱਗਦਾ ਹੁੰਦਾ ਸੀ। ਖੂਹ ਵੀ ਕਈ ਕਈ ਪਰਿਵਾਰ ਰਲ ਕੇ ਲਾਉਂਦੇ ਸਨ। ਬਹੁਤੀਆਂ ਜ਼ਮੀਨਾਂ ਵਿਚ ਆਮ ਤੌਰ ਤੇ ਇਕ ਹੀ ਫ਼ਸਲ ਹੁੰਦੀ ਸੀ। ਬਹੁਤ ਸਾਰੀਆਂ ਜ਼ਮੀਨਾਂ ਅਜੇ ਬੇਆਬਾਦ ਹੀ ਪਈਆਂ ਸਨ। ਇਨ੍ਹਾਂ ਬੇ-ਆਬਾਦ ਜ਼ਮੀਨਾਂ ਵਿਚ ਹੀ ਚਿੱਭੜਾਂ ਦੀਆਂ ਵੇਲਾਂ ਹੁੰਦੀਆਂ ਸਨ। ਮੂੰਗੀ, ਮੋਠ, ਮਾਹਾਂ ਦੀਆਂ ਬੀਜੀਆਂ ਦਾਲਾਂ, ਹੋਰ ਫ਼ਸਲਾਂ ਵਿਚ ਵੀ ਚਿੱਭੜਾਂ ਦੀਆਂ ਵੇਲ੍ਹਾਂ



Academy of the Punjab in North America: http://www.apnaorg.com

ਹੋ ਜਾਂਦੀਆਂ ਸਨ। ਕਪਾਹ ਦੀ ਫ਼ਸਲ ਵਿਚ ਵੀ ਹੋ ਜਾਂਦੀਆਂ ਸਨ। ਚਿੱਭੜਾਂ ਦੀ ਚਟਣੀ ਬਣਾਉਣ ਦਾ ਆਮ ਰਿਵਾਜ ਸੀ। ਕਦੇ ਕਦਾਈਂ ਸਬਜ਼ੀ ਵੀ ਬਣਾ ਲੈਂਦੇ ਸਨ। ਪੱਕੇ ਹੋਏ ਚਿੱਭੜ ਖਾਣ ਨੂੰ ਵੀ ਬਹੁਤ ਸੁਆਦ ਹੁੰਦੇ ਸਨ। ਪੱਕੇ ਹੋਏ ਚਿੱਭੜਾਂ ਨੂੰ ਕਿਰੇ ਹੋਏ ਚਿੱਭੜ ਕਿਹਾ ਜਾਂਦਾ ਸੀ।

ਜਦ ਸਾਉਣੀ ਦੀਆਂ ਫ਼ਸਲਾਂ ਵੱਢਦੇ ਸਨ ਤਾਂ ਬਹੁਤ ਸਾਰੇ ਚਿੱਭੜ ਸਾਉਣੀ ਵੱਢਣ ਵਾਲਿਆਂ ਨੂੰ ਮਿਲ ਜਾਂਦੇ ਸਨ। ਉਹ ਖਾ ਵੀ ਲੈਂਦੇ ਸਨ, ਗੀਝਿਆਂ ਵਿਚ ਪਾ ਕੇ ਘਰੀਂ ਲੈ ਆਉਂਦੇ ਸਨ। ਮੈਨੂੰ ਯਾਦ ਹੈ, ਸਾਡੇ ਬਾਪੂ ਜੀ ਕਈ ਵੇਰ ਸਾਨੂੰ ਸਾਉਣੀ ਦੀ ਵਾਢੀ ਸਮੇਂ ਚਿੱਭੜ ਖਾਣ ਨੂੰ ਦਿੰਦੇ ਹੁੰਦੇ ਸਨ। ਕਪਾਹ ਚੁਗਦੀਆਂ ਚੋਗੀਆਂ ਵੀ ਕਪਾਹ ਵਿਚੋਂ ਪੱਕੇ ਹੋਏ ਚਿੱਭੜ ਚੁਗ ਲੈਂਦੀਆਂ ਸਨ। ਘਰੀਂ ਆ ਕੇ ਚਟਣੀ ਕਰ ਲੈਂਦੀਆਂ ਸਨ। ਚਿੱਭੜਾਂ ਨੂੰ ਵਿਚਾਲੇ ਤੋਂ ਕੱਟ ਕੇ ਧਾਗੇ ਵਿਚ ਪਰੋ ਕੇ ਸੁਕਾਉਣ ਦਾ ਰਿਵਾਜ ਵੀ ਹੁੰਦਾ ਸੀ। ਸੁੱਕੇ ਹੋਏ ਚਿੱਭੜਾਂ ਨੂੰ ਬੀਰਕ ਕੁਟ ਕੇ ਰੱਖ ਲੈਂਦੇ ਸਨ। ਲੋੜ ਅਨੁਸਾਰ ਇਨ੍ਹਾਂ ਕੁੱਟੇ ਹੋਏ ਚਿੱਭੜਾਂ ਦੀ ਚਟਣੀ ਬਣਾਉਂਦੇ ਰਹਿੰਦੇ ਸਨ।

ਗ਼ੈਰ ਆਬਾਦ ਰੇਤਲੀ ਜ਼ਮੀਨ ਵਿਚ ਕੌੜਤੁੰਮੇ ਦੀਆਂ ਵੇਲ਼ਾਂ ਵੀ ਆਮ ਹੁੰਦੀਆਂ ਸਨ। ਇਨ੍ਹਾਂ ਦੇ ਪੀਲੇ ਰੰਗ ਦੇ ਫੁੱਲ ਹੁੰਦੇ ਸਨ। ਫ਼ਲ ਛੋਟਾ ਗੋਲ ਆਕਾਰ ਦਾ ਹੁੰਦਾ ਸੀ, ਵਿੱਚ ਚਿੱਟੀਆਂ ਧਾਰੀਆਂ ਹੁੰਦੀਆਂ ਸਨ ਤੇ ਰੰਗ ਹਰਾ ਹੁੰਦਾ ਸੀ। ਜਦ ਫਲ ਪੱਕ ਜਾਂਦਾ ਸੀ ਤਾਂ ਪੀਲੇ ਰੰਗ ਦਾ ਹੋ ਜਾਂਦਾ ਸੀ। ਵੇਲ਼ਾਂ ਨੂੰ ਕੌੜਤੁੰਮੇ ਲੱਗਦੇ ਵੀ ਬਹੁਤ ਹੁੰਦੇ ਸਨ। ਇਹ ਜ਼ਹਿਰ ਵਰਗੇ ਕੌੜੇ ਹੁੰਦੇ ਸਨ। ਇਨ੍ਹਾਂ ਨੂੰ ਨਾ ਪਸ਼ੂ, ਨਾ ਜਾਨਵਰ ਅਤੇ ਨਾ ਹੀ ਬੰਦੇ ਖਾਂਦੇ ਸਨ। ਕੌੜ ਤੁੰਮਿਆਂ ਦਾ ਤਕਰੀਬਨ ਹਰ ਪਰਿਵਾਰ ਪਸ਼ੂਆਂ ਲਈ ਚੂਰਨ ਬਣਾਉਂਦਾ ਹੁੰਦਾ ਸੀ। ਕੌੜ ਤੁੰਮਿਆਂ ਨੂੰ ਕੱਟ ਕੇ ਵਿਚ ਚਾਰੇ ਜਮੈਣਾਂ ਪਾ ਕੇ, ਲੂਣ ਆਦਿ ਪਾ ਕੇ ਚੂਰਨ ਬਣਦਾ ਹੁੰਦਾ ਸੀ। ਪਸ਼ੂਆਂ ਦੇ ਪੇਟ ਦਰਦ ਅਤੇ ਹਾਜ਼ਮੇ ਲਈ ਏਸ ਚੂਰਨ ਦੀ ਵਰਤੋਂ ਕੀਤੀ ਜਾਂਦੀ ਸੀ। ਬੰਦਿਆਂ ਲਈ ਵੀ ਇਹ ਚੂਰਨ ਕੰਮ ਆ ਜਾਂਦਾ ਸੀ। ਇਸ ਦੇ ਫਲ ਤੇ ਜੜ੍ਹਾਂ ਦੀ ਵਰਤੋਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਕੀਤੀ ਜਾਂਦੀ ਸੀ। ਜਦ ਗ਼ੈਰ ਆਬਾਦ ਜ਼ਮੀਨਾਂ ਆਬਾਦ ਹੋ ਗਈਆਂ, ਪਾਣੀ ਦੇ ਹੋਰ ਪ੍ਰਬੰਧ ਹੋ ਗਏ, ਜ਼ਿਮੀਂਦਾਰ ਕਪਾਹ ਨਰਮੇ ਦੀ ਖੇਤੀ ਕਰਨ ਲੱਗੇ। ਉਸ ਸਮੇਂ ਦਾ ਟੱਪਾ ਹੈ –

ਤੁੰਮਿਆਂ ਦੀ ਵੇਲ਼ ਪੱਟ ਕੇ,
ਜੱਟਾ ਬੀਜ ਦੇ ਖੇਤ ਵਿਚ ਨਰਮਾ।

ਪਹਿਲੇ ਸਮਿਆਂ ਵਿਚ ਲੋਕਾਂ ਦੀਆਂ ਲੋੜਾਂ ਬਹੁਤ ਘੱਟ ਹੁੰਦੀਆਂ ਸਨ। ਪਿੰਡ ਵਿਚ ਹੀ ਪੂਰੀਆਂ ਹੋ ਜਾਂਦੀਆਂ ਸਨ। ਜੋ ਕਮਾਉਂਦੇ ਸਨ, ਉਸ ਨਾਲ ਹੀ ਗੁਜ਼ਾਰਾ ਕਰ ਲੈਂਦੇ ਸਨ। ਪਿੰਡ ਉਨ੍ਹਾਂ ਸਮਿਆਂ ਵਿਚ ਸਵੈ-ਨਿਰਭਰ ਹੁੰਦੇ ਸਨ। ਥੋੜ੍ਹੀਆਂ



ਜਿਹੀਆਂ ਵਸਤਾਂ ਹੀ ਪਿੰਡਾਂ ਦੇ ਹੱਟ-ਬਾਣੀਏ ਸ਼ਹਿਰਾਂ ਤੋਂ ਲਿਆਉਂਦੇ ਸਨ। ਹੁਣ ਹਰ ਜ਼ਿਮੀਂਦਾਰ ਨੇ ਟਿਊਬਵੈੱਲ ਲਾਇਆ ਹੋਇਆ ਹੈ। ਪਾਣੀ ਦੀ ਕੋਈ ਮੁਸ਼ਕਲ ਨਹੀਂ। ਪਰ ਫੇਰ ਵੀ ਕੋਈ ਵੀ ਜ਼ਿਮੀਂਦਾਰ ਖਰਬੂਜ਼ੇ, ਕਕੜੀਆਂ, ਮਤੀਰੇ ਲਾਉਣਾ ਤਾਂ ਇਕ ਪਾਸੇ ਰਿਹਾ, ਸਬਜ਼ੀ ਵੀ ਟਿਊਬਵੈੱਲ ਤੇ ਨਹੀਂ ਲਾਉਂਦੇ। ਅੱਜ ਸਾਰੇ ਪਿੰਡਾਂ ਵਾਲੇ ਸ਼ਹਿਰੋਂ ਆਏ ਖ਼ਰਬੂਜ਼ੇ, ਕਕੜੀਆਂ, ਮਤੀਰੇ ਅਤੇ ਸਬਜ਼ੀ ਖਰੀਦਦੇ ਹਨ। ਜਿਹੜੀ ਕੀੜੇਮਾਰ ਦਵਾਈਆਂ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਪੈਦਾ ਕੀਤੀ ਹੁੰਦੀ ਹੈ। ਕੀੜੇਮਾਰ ਦਵਾਈਆਂ ਦੀ ਸਪਰੇਅ ਵਾਲੇ ਫ਼ਲ, ਸਬਜ਼ੀਆਂ ਖਾਣ ਕਾਰਨ ਅੱਜ ਬਹੁਤ ਕਿਸਮ ਦੀਆਂ ਬਿਮਾਰੀਆਂ ਲੋਕਾਂ ਨੂੰ ਲੱਗੀਆਂ ਹੋਈਆਂ ਹਨ। ਇਨ੍ਹਾਂ ਦਵਾਈਆਂ ਨੇ ਤਾਂ ਹੁਣ ਪਾਣੀ ਨੂੰ ਵੀ ਪ੍ਰਦੂਸ਼ਤ ਕਰ ਦਿੱਤਾ ਹੈ। ਜ਼ਮੀਨਾਂ ਹੁਣ ਸਾਰੀਆਂ ਆਬਾਦ ਹੋ ਗਈਆਂ ਹਨ। ਇਸ ਲਈ ਚਿੱਭੜ ਹੁਣ ਖੇਤਾਂ ਵਿਚੋਂ ਨਹੀਂ ਮਿਲਦੇ। ਹਾਂ, ਕਿਸੇ ਪੰਚਾਇਤੀ ਜਾਂ ਸਰਕਾਰੀ ਗ਼ੈਰ-ਆਬਾਦ ਪਈਆਂ ਜ਼ਮੀਨਾਂ ਵਿਚੋਂ ਜ਼ਰੂਰ ਮਿਲ ਸਕਦੇ ਹਨ।

0



Academy of the Punjab in North America: http://www.apnaorg.com

# ਘਰੇਲੂ ਵਸਤਾਂ ਤੇ ਧੰਦੇ

## ਚੱਕੀ

ਪਹਿਲੇ ਸਮਿਆਂ ਵਿਚ ਲੋਕ ਮੋਟੇ ਅਨਾਜ ਬੀਜਦੇ ਸਨ। ਇਨ੍ਹਾਂ ਮੋਟੇ ਅਨਾਜਾਂ ਦੀ ਖਿਚੜੀ, ਖਿੱਚੜ ਬਣਾ ਕੇ ਖਾਂਦੇ ਸਨ। ਖਿਚੜੀ, ਖਿੱਚੜ ਬਣਾਉਣ ਲਈ ਦਹੀਂ, ਲੱਸੀ, ਦੁੱਧ ਦੀ ਆਮ ਵਰਤੋਂ ਹੁੰਦੀ ਸੀ। ਫੇਰ ਕਣਕ, ਜੌਂ, ਛੋਲੇ, ਜੁਆਰ ਫ਼ਸਲਾਂ ਹੋਣ ਲੱਗੀਆਂ। ਚੱਕੀ ਹੋਂਦ ਵਿਚ ਆਈ। ਚੱਕੀ ਨਾਲ ਅਨਾਜ ਪੀਸਿਆ ਜਾਣ ਲੱਗਿਆ। ਘਰ ਦੇ ਕੰਮਾਂ ਕਾਰਾਂ ਵਿਚੋਂ ਸਭ ਤੋਂ ਔਖਾ ਕੰਮ ਚੱਕੀ ਪੀਹਣਾ ਗਿਣਿਆ ਜਾਂਦਾ ਸੀ। ਚੱਕੀ ਸਬੰਧੀ ਇਕ ਅਖਾਣ ਹੈ –

ਚਰਖਾ ਰਾਜਾ, ਕਸੀਦਾ ਰਾਣੀ,<br>
ਚੱਕੀ ਦੋਜ਼ਖ਼ ਦੀ ਨਿਸ਼ਾਨੀ।

ਉਨ੍ਹਾਂ ਸਮਿਆਂ ਵਿਚ ਹਰ ਘਰ ਵਿਚ ਕਈ ਕਈ ਚੱਕੀਆਂ ਹੁੰਦੀਆਂ ਸਨ। ਚੱਕੀਆਂ ਜਨਾਨੀਆਂ ਹੀ ਚਲਾਉਂਦੀਆਂ ਸਨ। ਉਨ੍ਹਾਂ ਸਮਿਆਂ ਵਿਚ ਜੰਮਦੀਆਂ ਕੁੜੀਆਂ ਨੂੰ ਮਾਰਨ ਦਾ ਰਿਵਾਜ ਸੀ। ਕੁੜੀਆਂ ਦੇ ਮਾਰੇ ਜਾਣ ਕਰਕੇ ਮੁੰਡਿਆਂ ਦੀ ਸੰਖਿਆ ਜ਼ਿਆਦਾ ਹੁੰਦੀ ਸੀ। ਏਸ ਲਈ ਹਰ ਪਰਿਵਾਰ ਵਿਚ ਕੋਈ ਨਾ ਕੋਈ ਛੜਾ ਰਹਿ ਜਾਂਦਾ ਸੀ। ਕਈ ਬਹੁਤੇ ਘਤਿੱਤੀ ਛੜਿਆਂ ਨੂੰ ਜਦ ਅੱਡ ਕੀਤਾ ਜਾਂਦਾ ਸੀ ਤਾਂ ਆਟਾ ਉਨ੍ਹਾਂ ਨੂੰ ਆਪ ਚੱਕੀ ਤੇ ਪੀਹਣਾ ਪੈਂਦਾ ਸੀ। ਮਰਦਾਂ ਨੂੰ ਵਿਸ਼ੇਸ਼ ਕਰਕੇ ਛੜਿਆਂ ਨੂੰ ਤਾਂ ਕੋਈ ਮੰਗਣ ਤੇ ਵੀ ਆਟਾ ਨਹੀਂ ਦਿੰਦਾ ਸੀ–

ਮਰਦ ਮੰਗੇ ਆਟਾ, ਉਹਨੂੰ ਆਟੇ ਦਾ ਵੀ ਘਾਟਾ<br>
ਤੀਮੀਂ ਮੰਗੇ ਪੇੜੇ, ਉਹਨੂੰ ਦੇਣ ਵਾਲੇ ਬਥੇਰੇ।





ਛੜਿਆਂ ਦਾ ਸਮਾਜ ਵਿਚ ਬਹੁਤਾ ਆਦਰ ਮਾਣ ਨਹੀਂ ਹੁੰਦਾ ਸੀ। ਉਨ੍ਹਾਂ ਦੀ ਪੜਤ ਵੀ ਚੰਗੀ ਨਹੀਂ ਹੁੰਦੀ ਸੀ। ਏਸ ਲਈ ਛੜਿਆਂ ਦੇ ਘਰ ਚੱਕੀਆਂ ਹੋਣ ਦੇ ਬਾਵਜੂਦ ਵੀ ਕੋਈ ਜਨਾਨੀ ਉਨ੍ਹਾਂ ਦੇ ਘਰ ਚੱਕੀ ਪੀਹਣ ਨੂੰ ਜਾਣ ਲਈ ਤਿਆਰ ਨਹੀਂ ਹੁੰਦੀ ਸੀ–

ਕੋਈ ਡਰਦੀ ਪੀਹਣ ਨਾ ਜਾਵੇ,<br>
ਛੜਿਆਂ ਦੇ ਦੋ ਚੱਕੀਆਂ।

ਪਹਿਲੇ ਸਮਿਆਂ ਵਿਚ ਵਿਆਹਾਂ ਵਿਚ ਵਿਆਹ ਦੀ ਤਿਆਰੀ ਦੀ ਸ਼ੁਰੂਆਤ ਚੱਕੀ ਲਾਉਣ ਦੀ ਰਸਮ ਤੋਂ ਸ਼ੁਰੂ ਕੀਤੀ ਜਾਂਦੀ ਸੀ। ਆਂਢੋ-ਗੁਆਂਢੋਂ ਸੱਤ ਚੱਕੀਆਂ 'ਕੱਠੀਆਂ ਕੀਤੀਆਂ ਜਾਂਦੀਆਂ ਸਨ। ਇਨ੍ਹਾਂ ਚੱਕੀਆਂ ਨੂੰ ਚਲਾਉਣ ਲਈ ਸੱਤ ਸੁਹਾਗਣਾਂ ਬੁਲਾਈਆਂ ਜਾਂਦੀਆਂ ਸਨ। ਇਕ ਇਕ ਚੱਕੀ ਵਿਚ ਸੱਤ ਸੱਤ ਮੁੱਠੀਆਂ ਦਾਣਿਆਂ ਦੀਆਂ ਪਾ ਕੇ ਪਹਿਲਾਂ ਸੱਤੇ ਸੁਹਾਗਣਾਂ ਹਰ ਇਕ ਚੱਕੀ ਦੇ ਸੱਤ ਸੱਤ ਗੇੜੇ ਦਿੰਦੀਆਂ ਸਨ। ਫੇਰ ਵੱਖਰੀ ਵੱਖਰੀ ਚੱਕੀ ਵਿਚ ਸੱਤ ਮੁੱਠੀਆਂ ਦਾਣਿਆਂ ਦੀਆਂ ਪਾ ਕੇ ਸੱਤ ਗੇੜੇ ਦਿੰਦੀਆਂ ਸਨ। ਇਸ ਤਰ੍ਹਾਂ ਵਿਆਹ ਲਈ ਆਟਾ ਪੀਹਣ ਦੀ ਰਸਮ ਕੀਤੀ ਜਾਂਦੀ ਸੀ।

ਉਨ੍ਹਾਂ ਸਮਿਆਂ ਵਿਚ ਦੁੱਧ, ਦਹੀਂ, ਲੱਸੀ, ਮੱਖਣ, ਘਿਉ ਦੀ ਆਮ ਵਰਤੋਂ ਹੁੰਦੀ ਸੀ। ਦੁੱਧ ਕੋਈ ਵੇਚਦਾ ਨਹੀਂ ਸੀ। ਦੁੱਧ ਵੇਚਣ ਨੂੰ ਪੁੱਤ ਵੇਚਣ ਦੇ ਸਮਾਨ ਸਮਝਿਆ ਜਾਂਦਾ ਸੀ। ਬੰਦਿਆਂ ਅਤੇ ਜਨਾਨੀਆਂ ਦੀ ਸਿਹਤ ਦਾ ਉਹ ਸੁਨਹਿਰੀ ਯੁੱਗ ਸੀ। ਜਨਾਨੀਆਂ ਪਹਿਰ ਦੇ ਤੜਕੇ ਉੱਠ ਕੇ ਪਹਿਲਾਂ ਦੁੱਧ ਰਿੜਕਦੀਆਂ ਸਨ। ਉਸ ਸਮੇਂ ਦੀ ਲੋਕ ਬੋਲੀ ਹੈ –

ਦੁੱਧ ਰਿੜਕੇ ਕੰਗਣਾਂ ਵਾਲੀ,<br>
ਕੈਂਠੇ ਵਾਲਾ ਧਾਰ ਕੱਢਦਾ।

ਦੁੱਧ ਰਿੜਕਣ ਤੋਂ ਬਾਅਦ ਆਟਾ ਪੀਹਣ ਦੀ ਵਾਰੀ ਆਉਂਦੀ ਸੀ। ਪਸ਼ੂਆਂ ਦਾ ਗੋਹਾ ਕੂੜਾ ਵੀ ਜਨਾਨੀਆਂ ਕਰਦੀਆਂ ਸਨ। ਮੱਝਾਂ ਨੂੰ ਜਨਾਨੀਆਂ ਹੀ ਸਾਂਭਦੀਆਂ ਹੁੰਦੀਆਂ ਸਨ। ਉਨ੍ਹਾਂ ਸਮਿਆਂ ਵਿਚ ਜੇ ਕਿਸੇ ਦੇ ਘਰ ਵਿਚ ਮੁੰਡੇ ਕੁੜੀਆਂ ਜ਼ਿਆਦਾ ਪੈਦਾ ਹੁੰਦੇ ਸਨ, ਓਨਾ ਹੀ ਉਹ ਘਰ ਭਾਗਾਂ ਵਾਲਾ ਗਿਣਿਆ ਜਾਂਦਾ ਸੀ। ਹਰ ਜੋੜੇ ਦੇ ਸੱਤ ਸੱਤ, ਅੱਠ ਅੱਠ ਜੁਆਕ ਤਾਂ ਆਮ ਹੀ ਹੁੰਦੇ ਸਨ। "ਦੁੱਧੀਂ ਨ੍ਹਾਵੇਂ, ਪੁੱਤੀਂ ਫਲੇਂ।" ਉਸ ਸਮੇਂ ਦਾ ਹੀ ਅਖਾਣ ਹੈ। ਉਨ੍ਹਾਂ ਸਮਿਆਂ ਵਿਚ ਕੁੜੀਆਂ ਵੀ ਆਪਣੇ ਬਾਪ ਨੂੰ ਉਸ ਘਰ ਵਿਚ ਹੀ ਰਿਸ਼ਤਾ ਕਰਨ ਲਈ ਕਹਿੰਦੀਆਂ ਹੁੰਦੀਆਂ ਸਨ, ਜਿੱਥੇ ਸੱਸ ਦੇ ਬਹੁਤੇ ਪੁੱਤ ਹੋਣ –

ਦੇਵੀਂ ਵੇ ਬਾਬਲਾ ਉਸ ਘਰੇ,<br>
ਜਿੱਥੇ ਸੱਸ ਦੇ ਪੁੱਤਰ ਸੱਤ।



Academy of the Punjab in North America: http://www.apnaorg.com

ਇਕ ਮੰਗੀਏ, ਇਕ ਵਿਆਹੀਏ,
ਮੇਰਾ ਸ਼ਾਦੀਆਂ ਦੇ ਵਿਚ ਹੱਥ।
ਬਾਬਲ ਤੇਰਾ ਪੁੰਨ ਹੋਵੇ।

ਉਨ੍ਹਾਂ ਸਮਿਆਂ ਵਿਚ ਸਾਰਾ ਕੰਮ ਹੱਥੀਂ ਕਰਨਾ ਪੈਂਦਾ ਸੀ। ਇਸ ਲਈ ਖ਼ੁਰਾਕ ਦੀ ਪੂਰੀ ਲੋੜ ਹੁੰਦੀ ਸੀ। ਜਿਥੇ ਧੀ ਦਾ ਰਿਸ਼ਤਾ ਕਰਨ ਸਮੇਂ ਬਹੁਤੇ ਸੱਸ ਦੇ ਪੁੱਤ ਹੋਣ ਦੀ ਗੱਲ ਕਰਦੀ ਸੀ, ਉਥੇ ਚੰਗੀ ਖ਼ੁਰਾਕ ਲਈ ਬਹੁਤੀਆਂ ਮੱਝਾਂ ਹੋਣ ਲਈ ਵੀ ਕਹਿੰਦੀ ਸੀ।

ਉਨ੍ਹਾਂ ਸਮਿਆਂ ਵਿਚ ਪਿੰਡਾਂ ਵਿਚ ਸਕੂਲ ਨਹੀਂ ਹੁੰਦੇ ਸਨ। ਏਸ ਲਈ ਕੁੜੀਆਂ ਦੀ ਪੜ੍ਹਾਈ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਕੁੜੀਆਂ ਨੂੰ ਘਰ ਦੇ ਕੰਮ ਕਾਰ ਵਿਚ ਮਾਹਰ ਬਣਾਇਆ ਜਾਂਦਾ ਸੀ ਤਾਂ ਜੋ ਉਹ ਆਪਣੇ ਸਹੁਰੇ ਘਰ ਜਾ ਕੇ ਔਖੀਆਂ ਨਾ ਹੋਣ। ਉਨ੍ਹਾਂ ਸਮਿਆਂ ਵਿਚ ਸੰਯੁਕਤ ਪਰਿਵਾਰ ਹੁੰਦੇ ਸਨ।

ਨੂੰਹ ਸੱਸ ਦੀ ਕਦੇ ਵੀ ਆਪਸ ਵਿਚ ਨਹੀਂ ਬਣੀ। ਦੋਵਾਂ ਦਾ ਸਾਰੀ ਉਮਰ ਇੱਟ ਖੜੱਕਾ ਚਲਦਾ ਹੀ ਰਹਿੰਦਾ ਸੀ। ਸੱਸ ਨੂੰਹ ਨੂੰ ਔਖੇ ਤੋਂ ਔਖੇ ਕੰਮ ਲਾਉਣਾ ਚਾਹੁੰਦੀ ਹੁੰਦੀ ਸੀ-

ਆਪ ਸੱਸ ਮੰਜੇ ਲੇਟਦੀ
ਸਾਨੂੰ ਮਾਰਦੀ ਚੱਕੀ ਵੱਲ ਸੈਨਤਾਂ।
x x x x
ਜਿਹੜੀ ਤਾਂ ਤੇਰੀ ਮਾਂ ਵੇ, ਸਾਡੀ ਸੱਸ ਵੇ,
ਸਾਨੂੰ ਬਹੁਤ ਸਤਾਵੇ।
ਗਿੱਲੀ ਤਾਂ ਪਾਣੀ ਜਵਾਰ ਵੇ,
ਸਾਥੋਂ ਮੈਦਾ ਪਿਹਾਵੇ।

ਕਈ ਵੇਰ ਨੂੰਹ ਵੀ ਨਿਤ ਦੀ ਕਿੜ ਕਿੜ ਤੋਂ ਔਖੀ ਹੋ ਕੇ ਚੱਕੀ ਪੀਹਣ ਤੋਂ ਜਵਾਬ ਦੇ ਦਿੰਦੀ ਸੀ-

ਸਾਥੋਂ ਚੱਕੀ ਨਹੀਂ ਪੀਸਦੀ,
ਆਪੇ ਪੀਹਣਗੀਆਂ ਸਹੁਰੇ ਦੀਆਂ ਜਾਈਆਂ।

ਸੱਸ ਕਿਹੜਾ ਘੱਟ ਹੁੰਦੀ ਸੀ। ਉਹ ਨੂੰਹ ਨੂੰ ਆਪਣੇ ਪੁੱਤ ਦਾ ਡਰਾਵਾ ਦੇ ਕੇ ਚੱਕੀ ਪਿਹਾਉਣਾ ਚਾਹੁੰਦੀ ਸੀ-

ਆਪੇ ਚੱਕੀ ਪੀਸ ਜਾਊਗੀ,
ਜਦੋਂ ਡਾਂਗ ਸੰਮਾਂ ਵਾਲੀ ਖੜਕੀ।

ਪਹਿਲੇ ਸਮਿਆਂ ਵਿਚ ਛੋਟੇ ਦਿਉਰ ਤੇ ਭਾਬੀ ਦੀ ਬੜੀ ਨੇੜਤਾ ਤੇ ਪਿਆਰ



ਵਾਲਾ ਰਿਸ਼ਤਾ ਹੁੰਦਾ ਸੀ। ਇਸ ਲਈ ਕਈ ਵੇਰ ਦਿਉਰ ਭਾਬੀ ਦੀ ਚੱਕੀ ਪੀਹਣ ਵਿਚ ਮਦਦ ਵੀ ਕਰ ਦਿੰਦਾ ਸੀ-

ਲਿਆ ਭਾਬੀ ਤੇਰੀ ਚੱਕੀ ਪੀਹ ਦਿਆਂ,
ਤੈਂ ਕਦ ਕਹਿਣਾ ਆ ਕੇ।

ਘਰ ਵਿਚ ਤਾਂ ਹਮੇਸ਼ਾ ਸੱਸ ਦੀ ਹੀ ਚਲਦੀ ਰਹੀ ਹੈ। ਕਈ ਵੇਰ ਨੂੰਹ ਨੂੰ ਵੀ ਆਪਣੀ ਸੱਸ ਨਾਲ ਵਿਗਾੜਣ ਤੇ ਪਛਤਾਵਾ ਹੋਣ ਲੱਗਦਾ ਸੀ-

ਜੇ ਮੈਂ ਜਾਣਦੀ ਚੱਕੀ ਦਾ ਪੁੜ ਭਾਰਾ,
ਸੱਸ ਨਾਲ ਬਣਾ ਕੇ ਰੱਖਦੀ।

ਜਦ ਆਟਾ ਪੀਹਣ ਵਾਲੇ ਖਰਾਸ ਲੱਗੇ, ਨਹਿਰਾਂ ਤੇ ਘਰਾਟ ਲੱਗੇ ਤਾਂ ਜਨਾਨੀਆਂ ਦਾ ਚੱਕੀ ਪੀਹਣ ਤੋਂ ਖਹਿੜਾ ਛੁੱਟਿਆ -

ਜਿਉਂਦੇ ਰਹਿਣ ਘਰਾਟਾਂ ਵਾਲੇ,
ਸੁੱਤੀਆਂ ਨਾ ਜਾਗਦੀਆਂ।

ਹੁਣ ਉਹ ਚੁੱਲ੍ਹੇ ਦੇ ਛੁੱਟ ਜਾਣ ਦੀਆਂ ਆਸਾਂ ਵੀ ਕਰਨ ਲੱਗੀਆਂ ਹਨ-

ਚੱਕੀ ਛੁੱਟ ਗੀ, ਚੁੱਲ੍ਹੇ ਨੇ ਛੁੱਟ ਜਾਣਾ,
ਤੀਵੀਆਂ ਦਾ ਰਾਜ ਆ ਗਿਆ।

ਹੁਣ ਮੈਂ ਤੁਹਾਨੂੰ ਚੱਕੀ ਦੀ ਬਣਤਰ ਬਾਰੇ ਦੱਸਦਾ ਹਾਂ।

ਚੱਕੀ ਦਾ ਹੇਠਲਾ ਹਿੱਸਾ, ਜਿਸ ਤੇ ਚੱਕੀ ਦਾ ਹੇਠਲਾ ਪੁੜ ਫਿੱਟ ਕੀਤਾ ਹੁੰਦਾ ਸੀ, ਉਹ ਮਿੱਟੀ ਦਾ ਗੋਲ ਆਕਾਰ ਦਾ ਬਣਿਆ ਹੁੰਦਾ ਸੀ। ਉਸ ਨੂੰ ਗੰਡ ਕਹਿੰਦੇ ਸਨ। ਗੰਡ ਜਨਾਨੀਆਂ ਆਪ ਹੀ ਚੀਕਣੀ ਮਿੱਟੀ ਵਿਚ ਤੂੜੀ ਮਿਲਾ ਕੇ ਘਰ ਬਣਾਉਂਦੀਆਂ ਸਨ। ਗੰਡ ਦੇ ਹੇਠਾਂ ਤਿੰਨ ਪੈਰ ਹੁੰਦੇ ਸਨ। ਚੱਕੀ ਦੇ ਹੇਠਲੇ ਪੁੜ ਦੇ ਬਾਹਰ ਥੋੜ੍ਹੀ ਜਿਹੀ ਜਗ੍ਹਾ ਛੱਡ ਕੇ ਗੰਡ ਉਪਰ ਮਿੱਟੀ ਦੀ ਹੀ ਛੋਟੀ ਜਿਹੀ ਉੱਚੀ ਬੀਂਡਲ ਬਣਾਈ ਜਾਂਦੀ ਸੀ। ਏਸ ਜਗ੍ਹਾ ਤੇ ਆਟਾ ਪੀਸੇ ਜਾਣ ਤੋਂ ਬਾਅਦ ਬਾਹਰ ਨਿਕਲਦਾ ਰਹਿੰਦਾ ਸੀ। ਗੰਡ ਵਿਚ ਹੀ ਇਕ ਪਰਨਾਲਾ ਬਣਾਇਆ ਹੁੰਦਾ ਸੀ, ਜਿਥੋਂ ਦੀ ਆਟਾ ਹੇਠਾਂ ਪ੍ਰਾਂਤ, ਕੂੰਡੇ ਵਿਚ ਡਿੱਗਦਾ ਰਹਿੰਦਾ ਸੀ।

ਚੱਕੀ ਦੇ ਹੇਠਲੇ ਪੁੜ ਦੇ ਸੈਂਟਰ ਵਿਚ ਗੋਲ ਆਕਾਰ ਦੀ ਮੋਰੀ ਬਣਾ ਕੇ ਉਸ ਵਿਚ ਲੱਕੜ ਲਾ ਕੇ ਉਸ ਲੱਕੜ ਵਿਚ ਲੋਹੇ ਦੀ ਕਿੱਲੀ ਫਿੱਟ ਕੀਤੀ ਹੁੰਦੀ ਸੀ। ਏਸ ਲੱਗੀ ਲੱਕੜ ਦੇ ਟੁਕੜੇ ਨੂੰ ਪੱਥਾ ਕਹਿੰਦੇ ਸਨ। ਚੱਕੀ ਦੇ ਉਪਰਲੇ ਪੁੜ ਦੇ ਸੈਂਟਰ ਦੀ ਗੋਲ ਆਕਾਰ ਦੀ ਮੋਰੀ ਵਿਚ ਇਕ ਛੋਟੀ ਜਿਹੀ ਲੱਕੜ ਲਾਈ ਹੁੰਦੀ ਸੀ, ਜਿਸ ਨੂੰ ਮੰਨਮੀ ਕਹਿੰਦੇ ਸਨ। ਮੰਨਮੀ ਦੇ ਵਿਚਾਲੇ ਗਲੀ ਹੁੰਦੀ ਸੀ। ਹੇਠਲੇ ਪੁੜ ਵਿਚ ਲੱਗੀ ਕੀਲੀ ਵਿਚ ਉਪਰਲੇ ਪੁੜ ਦੀ ਮੰਨਮੀ ਪਾਈ ਜਾਂਦੀ ਸੀ। ਏਸ ਜਗ੍ਹਾ ਰਾਹੀਂ ਹੀ ਦਾਣੇ



Academy of the Punjab in North America: http://www.apnaorg.com

ਪੀਹਣ ਲਈ ਚੱਕੀ ਵਿਚ ਪਾਏ ਜਾਂਦੇ ਸਨ। ਉਪਰਲੇ ਪੁੜ ਵਿਚ ਚੱਕੀ ਨੂੰ ਚਲਾਉਣ ਲਈ ਹੱਥੜਾ ਲਾਇਆ ਹੁੰਦਾ ਸੀ। ਏਸ ਹੱਥੜੇ ਨੂੰ ਘੁਮਾ ਕੇ ਹੀ ਜਨਾਨੀਆਂ ਚੱਕੀ ਚਲਾਉਂਦੀਆਂ ਸਨ। ਚੱਕੀ ਨਾਲ ਆਟਾ ਪੀਹਣ ਤੋਂ ਪਿਛੋਂ ਜਿਸ ਕੱਪੜੇ ਦੇ ਛੋਟੇ ਜਿਹੇ ਟੋਟੇ ਨਾਲ ਗੰਡ ਵਿਚੋਂ ਸਾਰਾ ਆਟਾ ਬਾਹਰ ਕੱਢਿਆ ਜਾਂਦਾ ਸੀ, ਉਸ ਕੱਪੜੇ ਦੇ ਟੋਟੇ ਨੂੰ ਪਰੋਲਾ ਕਹਿੰਦੇ ਸਨ। ਕਹਿੰਦੇ ਹਨ, ਚਲਦੀ ਚੱਕੀ ਵੇਖ ਕੇ ਕਬੀਰ ਜੀ ਰੋ ਪਏ ਸਨ –

ਚਲਦੀ ਚੱਕੀ ਵੇਖ ਕੇ ਭਇਆ ਕਬੀਰਾ ਰੋਇ।
ਦੋ ਪਾਟਨ ਕੇ ਬੀਚ ਮੇਂ ਸਾਬਤ ਰਹਾ ਨਾ ਕੋਇ।

ਪਰ ਜਿਨ੍ਹਾਂ ਨੂੰ ਰੱਬ ਨੇ ਰੱਖਣਾ ਹੁੰਦਾ ਹੈ, ਉਨ੍ਹਾਂ ਦੀ ਵਿਧ ਵੀ ਉਹ ਆਪ ਬਣਾ ਦਿੰਦਾ ਹੈ। ਚੱਕੀ ਦੀ ਕੀਲੀ (ਕਿੱਲੀ) ਦੇ ਦੁਆਲੇ ਜਿਹੜੇ ਦਾਣੇ ਹੁੰਦੇ ਹਨ, ਉਹ ਪੀਸੇ ਜਾਣ ਤੋਂ ਬਚੇ ਰਹਿੰਦੇ ਸਨ। ਉਨ੍ਹਾਂ ਸਬੰਧੀ ਅਖਾਣ ਹੈ –

ਚੱਕੀ ਫਿਰਦੀ ਫਿਰ ਰਹੀ,
ਫਿਰਦੀ ਫਿਰੇ ਨਿਸੰਗ।
ਰੱਬ ਜਿਨ੍ਹਾਂ ਨੂੰ ਰੱਖਸੀ,
ਉਹ ਰਹਿਣ ਕਿੱਲੀ ਦੇ ਸੰਗ।

ਇਹ ਸੀ ਚੱਕੀ ਦੀ ਬਣਤਰ ਤੇ ਚੱਕੀ ਦਾ ਕਰਤਵ।

ਹੁਣ ਜੇਕਰ ਕਿਸੇ ਦੇ ਘਰ ਚੱਕੀ ਹੁੰਦੀ ਵੀ ਹੈ ਤੇ ਘਰ ਵਾਲਾ ਆਪਣੀ ਜਨਾਨੀ ਨੂੰ ਮਾੜੀ ਮੋਟੀ ਦਾਲ ਜਾਂ ਵੇਸਣ ਪੀਹਣ ਲਈ ਹੀ ਕਹਿ ਦੇਵੇ ਤਾਂ ਉਹ ਅੱਗੋਂ ਤੜੱਕ ਕਰ ਕੇ ਕੋਰਾ ਜਵਾਬ ਦੇ ਦਿੰਦੀ ਹੈ –

ਮੇਰਾ ਖੌਂਸੜਾ ਚੱਕੀ ਨੂੰ ਹੱਥ ਲਾਵੇ,
ਲਾਭੇ ਦੀ ਮਸ਼ੀਨ ਚੱਲਦੀ।

0

## ਚਰਖਾ

ਮਨੁੱਖ ਜਾਤੀ ਵਿਚ ਜਦ ਸਮਝ, ਅਕਲ ਦਾ ਵਿਕਾਸ ਨਹੀਂ ਹੋਇਆ ਸੀ, ਉਹ ਜੰਗਲਾਂ ਵਿਚ ਨਗਨ ਅਵਸਥਾ ਵਿਚ ਰਹਿੰਦੇ ਸਨ। ਅੱਜ ਵੀ ਭਾਰਤ, ਅਫ਼ਰੀਕਾ ਅਤੇ ਦੁਨੀਆਂ ਦੇ ਹੋਰ ਕਈ ਖਿੱਤਿਆਂ ਵਿਚ ਕਈ ਕਬੀਲੇ, ਆਦਿਵਾਸੀ ਨੰਗੇ ਰਹਿੰਦੇ ਹਨ। ਜਦ ਮਨੁੱਖ ਦੀ ਸਮਝ ਵਧੀ, ਨੰਗੇਪਨ ਦਾ ਅਹਿਸਾਸ ਹੋਇਆ ਤਾਂ ਉਸ ਨੇ ਆਪਣੇ ਗੁਪਤ ਅੰਗਾਂ ਨੂੰ ਦਰਖ਼ਤਾਂ ਦੇ ਪੱਤਿਆਂ, ਵਿਲਕਾ, ਛਿਲਕਾਂ ਨਾਲ ਢੱਕਣਾ ਸ਼ੁਰੂ ਕੀਤਾ। ਫੇਰ ਕਪੜਾ ਬੁਣਨ ਦੀ ਕਾਢ ਨਿਕਲੀ। ਉਸ ਸਮੇਂ ਤੱਕਲਾ ਹੋਂਦ ਵਿਚ ਆਇਆ। ਤੱਕਲੇ ਨੂੰ ਚਲਾਉਣ ਲਈ ਚਰਖੇ ਬਣਾਏ ਗਏ। ਚਰਖੇ ਦੀ



ਬਣਤਰ, ਰੂਪ ਰੇਖਾ ਵਖਰੇ ਵਖਰੇ ਦੇਸ਼ਾਂ, ਪ੍ਰਦੇਸਾਂ ਵਿਚ ਵੱਖ ਵੱਖ ਕਿਸਮ ਦੀ ਹੈ। ਪਰ ਸ਼ੁਰੂ ਤੋਂ ਹੀ ਚਰਖੇ ਦੇ ਤੱਕਲੇ ਦਾ ਇਕ ਹੀ ਕੰਮ ਕਿਸੇ ਵਸਤੂ ਵਿਚੋਂ ਤਾਰ, ਧਾਗਾ ਕੱਢਣ ਦਾ ਰਿਹਾ ਹੈ। ਭਾਰਤ ਵਿਚ ਪਹਿਲੇ ਸਮਿਆਂ ਵਿਚ ਘਰੇਲੂ ਉਦਯੋਗਾਂ ਦੀ ਪ੍ਰਧਾਨਤਾ ਹੁੰਦੀ ਸੀ। ਹਰ ਪਿੰਡ ਆਪਣੇ ਆਪ ਵਿਚ ਇਕ ਪੂਰਨ ਇਕਾਈ ਹੁੰਦਾ ਸੀ। ਪਿੰਡ ਦੀਆਂ ਬਹੁਤੀਆਂ ਲੋੜਾਂ ਪਿੰਡ ਵਿਚ ਹੀ ਪੂਰੀਆਂ ਹੋ ਜਾਂਦੀਆਂ ਸਨ। ਮਨੁੱਖ ਦੀਆਂ ਤਿੰਨ ਅਹਿਮ ਲੋੜਾਂ ਰੋਟੀ, ਕਪੜਾ ਅਤੇ ਮਕਾਨ ਹਨ। ਕਪੜਾ ਤਿਆਰ ਕਰਨ ਲਈ ਧਾਗੇ ਦੀ ਲੋੜ ਹੁੰਦੀ ਹੈ। ਧਾਗਾ ਬਣਾਉਣ ਲਈ ਚਰਖੇ ਦੀ ਲੋੜ ਪੈਂਦੀ ਹੈ। ਮਸ਼ੀਨੀ ਯੁੱਗ ਤੋਂ ਪਹਿਲਾਂ ਸਾਰਾ ਧਾਗਾ ਚਰਖੇ ਨਾਲ ਹੀ ਕੱਤਿਆ ਜਾਂਦਾ ਸੀ।



ਪਹਿਲੇ ਸਮਿਆਂ ਵਿਚ ਲੜਕੀਆਂ ਦੀ ਪੜ੍ਹਾਈ ਨਾਮਾਤਰ ਹੀ ਸੀ। ਲੜਕੀਆਂ ਦਾ ਬਹੁਤਾ ਸਮਾਂ ਸੂਤ ਕੱਤਣ, ਕੱਢਾਈ ਕਰਨ ਤੇ ਬੁਣਾਈ ਕਰਨ ਵਿਚ ਲੱਗਦਾ ਸੀ। ਘਰ ਵਿਚ ਜਿੰਨੀਆਂ ਕੁੜੀਆਂ, ਬਹੁਆਂ ਤੇ ਬੁੜੀਆਂ ਹੁੰਦੀਆਂ ਸਨ, ਉਨੇ ਹੀ ਚਰਖੇ ਹੁੰਦੇ ਸਨ। ਗਲੀ ਗੁਆਂਢ ਦੀਆਂ ਕੁੜੀਆਂ 'ਕੱਠੀਆਂ ਹੋ ਕੇ ਛੋਪ ਪਾ ਕੇ ਗਰਮੀਆਂ ਵਿਚ ਦੁਪਹਿਰਾਂ ਨੂੰ ਤੇ ਸਰਦੀਆਂ ਵਿਚ ਦੇਰ ਰਾਤਾਂ ਤੱਕ ਕੱਤਦੀਆਂ ਰਹਿੰਦੀਆਂ ਸਨ। ਕਈ ਆਪਣੇ ਚਰਖੇ ਦੀਆਂ ਤਾਰੀਫ਼ਾਂ ਕਰਦੀਆਂ ਨਹੀਂ ਥੱਕਦੀਆਂ ਹੁੰਦੀਆਂ ਸਨ–

ਚਰਖਾ ਤਾਂ ਮੇਰਾ,
ਤਿੰਝਣਾਂ ਦਾ ਸਰਦਾਰ ਨੀ ਮਾਏ!

ਸਹੇਲੀਆਂ ਵੀ ਕਈ ਵੇਰ ਚਰਖੇ ਦੀ ਤਾਰੀਫ਼ ਕਰਨ ਤੋਂ ਪਿਛੇ ਨਹੀਂ ਰਹਿੰਦੀਆਂ



Academy of the Punjab in North America: http://www.apnaorg.com

ਸਨ–

ਕਾਰੀਗਰ ਨੂੰ ਦੇ ਨੀ ਵਧਾਈ,
ਜੀਹਨੇ ਰੰਗਲਾ ਚਰਖਾ ਬਣਾਇਆ।
ਖੂਬ ਖਰਾਦੇ ਮੁੰਨੇ ਗੁੱਡੀਆਂ,
ਗੋਲ ਮਝੇਰੂ ਪਾਇਆ।
ਵਿਚ ਵਿਚ ਮੇਖਾਂ ਲਾਈਆਂ ਸੁਨਹਿਰੀ,
ਹੀਰਿਆਂ ਜੜਤ ਜੜਾਇਆ।
ਬੀੜੇ ਦੇ ਨਾਲ ਖਹੇ ਦਮਕੜਾ,
ਤੱਕਲਾ ਫਿਰੇ ਸਵਾਇਆ।
ਕੱਤ ਲੈ ਹੀਰੇ ਨੀ,
ਤੇਰਾ ਭਾਦੋਂ ਦਾ ਵਿਆਹ ਆਇਆ।

ਕਈ ਆਪਣੇ ਮਾੜੇ ਚਰਖੇ ਦੇ ਦੁੱਖ ਵੀ ਰੋਂਦੀਆਂ ਰਹਿੰਦੀਆਂ ਸਨ –

ਕਿੱਕਰ ਦਾ ਮੇਰਾ ਚਰਖਾ ਮਾਏ,
ਟਾਹਲੀ ਦਾ ਕਰਵਾ ਦੇ।
ਏਸ ਚਰਖੇ ਦਾ ਹਿੱਲੇ ਮਝੇਰੂ,
ਮਾਲ੍ਹਾਂ ਬਹੁਤੀਆਂ ਖਾਵੇ।
ਮੇਰੇ ਨਾਲ ਦੀਆਂ ਕੱਤ ਕੇ ਸੌਂ ਗਈਆਂ,
ਮੈਥੋਂ ਕੱਤਿਆ ਨਾ ਜਾਵੇ।
ਚਰਖਾ ਬੂ! ਚੰਦਰਾ!
ਮੇਰੀ ਨੀਂਦ ਗਵਾਵੇ।

ਚਰਖੇ ਦੀ ਗੂੰਜ ਤਾਂ ਕਈ ਵੇਰ ਪਹਾੜਾਂ ਵਿਚ ਭਗਤੀ ਕਰਦੇ ਜੋਗੀਆਂ ਨੂੰ ਵੀ ਕੀਲ ਲੈਂਦੀ ਸੀ–

ਚਰਖੇ ਦੀ ਗੂੰਜ ਸੁਣ ਕੇ,
ਜੋਗੀ ਉਤਰ ਪਹਾੜੋਂ ਆਇਆ।

ਲੜਕੀਆਂ ਦੇ ਵਿਆਹਾਂ ਵਿਚ ਸ਼ੁਰੂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਦਹੇਜ ਦੇਣ ਦਾ ਰਿਵਾਜ ਰਿਹਾ ਹੈ। ਲੜਕੇ, ਲੜਕੀ ਦੇ ਵਿਆਹ ਨਾਲ ਇਕ ਨਵੇਂ ਪਰਿਵਾਰ, ਘਰ ਦੀ ਨਵੀਂ ਪੀੜ੍ਹੀ ਸ਼ੁਰੂ ਹੁੰਦੀ ਹੈ। ਨਵੇਂ ਘਰ ਨੂੰ ਸਥਾਪਤ ਕਰਨ ਲਈ ਹਰ ਲੋੜ ਦੀਆਂ ਵਸਤਾਂ ਕੁੜੀਆਂ ਦੇ ਵਿਆਹ ਮੁਕਲਾਵਿਆਂ ਵਿਚ ਦਹੇਜ ਦੇ ਰੂਪ ਵਿਚ ਦਿੱਤੀਆਂ ਜਾਂਦੀਆਂ ਸਨ। ਪਹਿਲੇ ਬੱਚੇ ਦੇ ਪੈਦਾਇਸ਼ ਤੇ ਲੜਕੀ ਨੂੰ ਚਰਖਾ ਜ਼ਰੂਰ ਦਿੱਤਾ ਜਾਂਦਾ ਸੀ। ਜੇਕਰ ਚਰਖੇ ਦੇ ਨਾਲ ਪੀੜ੍ਹੀ ਨਹੀਂ ਆਉਂਦੀ ਸੀ ਤਾਂ ਪੀੜ੍ਹੀ ਦੀ



ਮੰਗ ਵਹੁਟੀ ਆਪਣੇ ਪਤੀ ਤੋਂ ਕਰਦੀ ਹੁੰਦੀ ਸੀ–

ਮਾਂ ਮੇਰੀ ਨੇ ਚਰਖਾ ਭੇਜਿਆ,
ਪੀੜ੍ਹੀ ਕਰਾ ਦੇ ਤੂੰ।
ਵੇ ਸਾਰੀ ਰਾਤ ਕੱਤਿਆ ਕਰੂੰ,
ਕੱਤਿਆ ਕਰੂੰ ਤੇਰੀ ਰੂੰ।

ਮਾਂ ਤੇ ਧੀ ਦੇ ਰਿਸ਼ਤੇ ਤੋਂ ਕੋਈ ਬੜਾ ਰਿਸ਼ਤਾ ਨਹੀਂ ਹੈ। ਧੀ ਮਾਂ ਦੀ ਆਂਦਰ ਜੋ ਹੋਈ। ਧੀ ਆਪਣੇ ਸਾਰੇ ਦੁੱਖ ਸੁੱਖ ਆਪਣੀ ਮਾਂ ਨਾਲ ਸਾਂਝੇ ਕਰਦੀ ਹੈ। ਚਰਖਾ ਸਹੁਰੇ ਘਰ ਬੈਠੀ ਧੀ ਨੂੰ ਆਪਣੀ ਮਾਂ ਰਾਣੀ ਦੀ ਯਾਦ ਕਰਵਾਉਂਦਾ ਰਹਿੰਦਾ ਹੈ –

ਚਰਖਾ ਮੇਰਾ ਰੰਗਣਾ ਭੌਣਾ,
ਵਿਚ ਸੋਨੇ ਦੀਆਂ ਮੇਖਾਂ।
ਨੀ ਮਾਂ ਤੈਨੂੰ ਯਾਦ ਕਰਾਂ,
ਜਦ ਚਰਖੇ ਵੱਲ ਵੇਖਾਂ।

ਉਨ੍ਹਾਂ ਸਮਿਆਂ ਵਿਚ ਬਲਦਾਂ ਅਤੇ ਊਂਠਾਂ ਨਾਲ ਖੇਤੀ ਕੀਤੀ ਜਾਂਦੀ ਸੀ। ਕਈ ਬਹੁਤੇ ਪਿਆਰ ਵਾਲੀਆਂ ਤੇ ਪਲ ਭਰ ਦਾ ਵਿਛੋੜਾ ਵੀ ਨਾ ਸਹਾਰਨ ਵਾਲੀਆਂ, ਜਿਥੇ ਮਾਹੀ ਦਾ ਹਲ਼ ਚਲਦਾ ਹੁੰਦਾ ਸੀ, ਉਥੇ ਆਪਣਾ ਚਰਖਾ ਲੈ ਕੇ ਜਾਣ ਲਈ ਕਹਿਣੋਂ ਵੀ ਸੰਕੋਚ ਨਹੀਂ ਕਰਦੀਆਂ ਸਨ–

ਉਥੇ ਲੈ ਚਲ ਚਰਖਾ ਮੇਰਾ,
ਜਿਥੇ ਤੇਰੇ ਹਲ ਚਲਦੇ।

ਕਈਆਂ ਦਾ ਮਨ ਜਦ ਚਰਖਾ ਕੱਤਣ ਨੂੰ ਨਹੀਂ ਕਰਦਾ ਸੀ, ਉਹ ਮਾਲ੍ਹ ਟੁੱਟਣ ਤੇ, ਜਿਹੜੀ ਕਿ ਚਰਖਾ ਕੱਤਣ ਸਮੇਂ ਆਮ ਹੀ ਟੁੱਟਦੀ ਰਹਿੰਦੀ ਸੀ, ਚਰਖਾ ਨਾ ਕੱਤਣ ਦਾ ਨਿਰਮੂਲ ਜਿਹੇ ਬਹਾਨੇ ਦਾ ਪੱਜ ਵੀ ਕਰਦੀਆਂ ਹੁੰਦੀਆਂ ਸਨ–

ਮੇਰੀ ਚਰਖੇ ਦੀ ਟੁੱਗ ਗੀ ਮਾਲ੍ਹ
ਵੇ ਦੱਸ, ਕੱਤਾਂ ਕਿ ਨਾ?

ਉਨ੍ਹਾਂ ਸਮਿਆਂ ਵਿਚ ਜ਼ਿਆਦਾ ਨੌਕਰੀਆਂ ਫੌਜ ਵਿਚ ਹੁੰਦੀਆਂ ਸਨ। ਫ਼ੌਜੀ ਸਾਉਣੀਆਂ ਵਿਚ ਉਨ੍ਹਾਂ ਸਮਿਆਂ ਵਿਚ ਫੈਮਿਲੀ ਕੁਆਟਰ ਘੱਟ ਹੀ ਹੁੰਦੇ ਸਨ। ਜਿਸ ਦਾ ਪਤੀ ਫੌਜ ਵਿਚ ਹੁੰਦਾ ਸੀ, ਉਸ ਦੀ ਪਤਨੀ ਦੀ ਸੁਰਤ ਹਰ ਵਕਤ ਆਪਣੇ ਦੂਰ ਗਏ ਪਤੀ ਵੱਲ ਹੀ ਲੱਗੀ ਰਹਿੰਦੀ ਸੀ–

ਸਾਨੂੰ ਹਰ ਚਰਖੇ ਦੇ ਗੇੜੇ,
ਯਾਦ ਆਵੇਂ ਜਾਣ ਵਾਲਿਆ!

ਫੌਜ ਤੋਂ ਬਾਅਦ ਲੋਕ ਰੋਟੀ ਰੋਜ਼ੀ ਕਮਾਉਣ ਲਈ ਪ੍ਰਦੇਸਾਂ ਨੂੰ ਜਾਣ ਲੱਗ ਪਏ।



Academy of the Punjab in North America: http://www.apnaorg.com

ਕਈ ਵੇਰ ਵਹੁਟੀ ਆਪਣੇ ਪਤੀ ਨੂੰ ਬਾਹਰ ਜਾਣ ਤੋਂ ਰੋਕਣ ਲਈ ਆਪ ਚਰਖਾ ਕੱਤ ਕੱਤ ਕੇ ਉਸ ਦੀ ਮਦਦ ਕਰਨ ਲਈ ਵੀ ਵਾਸਤਾ ਪਾਉਂਦੀ ਹੁੰਦੀ ਸੀ–

ਜੇੜ ਹਾੜ ਦੀਆਂ ਧੁੱਪਾਂ,
ਵੇ ਚੰਨਾ ਪੈਣ ਬਲਾਈਂ।
ਵੇ ਲਾਲ ਦੰਮਾਂ ਦਿਆ ਲੋਭੀਆ!
ਪ੍ਰਦੇਸ ਨਾ ਜਾਈਂ।
ਮੈਂ ਕੱਤਾਂਗੀ ਨਿੱਕੜਾ,
ਤੂੰ ਬਹਿ ਕੇ ਖਾਈਂ।

ਹੁਣ ਸਾਰੀਆਂ ਕੁੜੀਆਂ ਪੜ੍ਹਦੀਆਂ ਹਨ। ਪਿੰਡਾਂ ਵਿਚ ਹੁਣ ਕੋਈ ਵੀ ਕੁੜੀ ਤੁਹਾਨੂੰ ਚਰਖਾ ਕੱਤਦੀ ਨਹੀਂ ਮਿਲੇਗੀ। ਹਾਂ, ਕੋਈ ਨਾ ਕੋਈ ਬੁੜੀ ਤੁਹਾਨੂੰ ਚਰਖਾ ਕੱਤਦੀ ਜ਼ਰੂਰ ਮਿਲ ਜਾਵੇਗੀ।

ਹੁਣ ਮੈਂ ਤੁਹਾਨੂੰ ਚਰਖੇ ਦੀ ਬਣਤਰ ਦੱਸਣ ਜਾ ਰਿਹਾ ਹਾਂ।

ਚਰਖੇ ਦੇ ਸਭ ਤੋਂ ਹੇਠਾਂ ਇਕ ਪਤਲੀ ਲੱਕੜ ਲੱਗੀ ਹੁੰਦੀ ਸੀ, ਜਿਸ ਨੂੰ ਕਾਢ ਕਹਿੰਦੇ ਸਨ। ਕਾਢ ਦੇ ਇਕ ਸਿਰੇ ਤੇ ਇਕ ਛੋਟੀ ਚੌੜੀ ਫੱਟੀ ਲੱਗੀ ਹੁੰਦੀ ਸੀ, ਜਿਸ ਨੂੰ ਫੱਲੜ ਕਹਿੰਦੇ ਸਨ। ਏਸ ਫੱਲੜ ਵਿਚ ਤਿੰਨ ਖਰਾਦ ਕੇ ਛੋਟੀਆਂ ਛੋਟੀਆਂ ਮੁੰਨੀਆਂ ਲੱਗੀਆਂ ਹੁੰਦੀਆਂ ਸਨ, ਜਿਸ ਦੇ ਵਿਚਾਲੇ ਗਲੀਆਂ ਹੁੰਦੀਆਂ ਸਨ। ਇਨ੍ਹਾਂ ਨੂੰ ਗੁੱਡੀਆਂ ਕਹਿੰਦੇ ਸਨ। ਏਸ ਕਾਢ ਦੇ ਦੂਸਰੇ ਸਿਰੇ ਤੇ ਇਕ ਹੋਰ ਚੌੜਾ ਫੱਟਾ ਲੱਗਿਆ ਹੁੰਦਾ ਸੀ, ਜਿਸ ਨੂੰ ਵੀ ਫੱਲੜ ਕਹਿੰਦੇ ਸਨ। ਏਸ ਫੱਲੜ ਵਿਚ ਵੀ ਖਰਾਦ ਨਾਲ ਡੀਜ਼ਾਇਨ ਬਣਾ ਕੇ ਦੋ ਵੱਡੇ ਮੁੰਨੇ ਲੱਗੇ ਹੁੰਦੇ ਸਨ। ਇਨ੍ਹਾਂ ਦੋਵੇਂ ਮੁੰਨਿਆਂ ਦੇ ਅੰਦਰ ਪਤਲੀ ਜਿਹੀ ਲੱਕੜ ਦੇ ਦਿਲੇਦਾਰ ਫੱਟੇ ਜੋੜ ਕੇ ਦੋ ਗੋਲ ਆਕਾਰ ਬਣਾਏ ਹੁੰਦੇ ਸਨ, ਜਿਨ੍ਹਾਂ ਨੂੰ ਫੱਟ ਹੀ ਕਿਹਾ ਜਾਂਦਾ ਸੀ। ਇਹ ਫੱਟ ਇਨ੍ਹਾਂ ਵਿਚਾਲੇ ਲੱਗੀ ਮੋਟੀ ਗੋਲ ਲੱਕੜ ਨਾਲ ਮੇਖਾਂ ਨਾਲ ਜੜ੍ਹੇ ਹੁੰਦੇ ਸਨ। ਏਸ ਗੋਲ ਲੱਕੜ ਨੂੰ ਮਝੇਰੂ ਕਹਿੰਦੇ ਸਨ। ਇਨ੍ਹਾਂ ਗੋਲ ਅਕਾਰ ਦੇ ਫੱਟਾਂ ਦੇ ਅਖੀਰ ਤੇ ਆਰੀ ਨਾਲ ਤਿਰਸ਼ੇ ਦੰਦੇ ਕੱਢੇ ਹੁੰਦੇ ਸਨ। ਇਨ੍ਹਾਂ ਦੰਦਿਆਂ ਵਿਚ ਸਣ ਦੀ ਰੱਸੀ ਕਰਾਸ ਜਿਹਾ ਬਣਾ ਕੇ ਸਾਰੀ ਗੁਲਾਈ 'ਤੇ ਫੇਰੀ ਜਾਂਦੀ ਸੀ, ਜਿਸ ਨੂੰ ਕਸਣ ਕਹਿੰਦੇ ਸਨ। ਏਸ ਤਰ੍ਹਾਂ ਕਸਣ ਪਾਉਣ ਨਾਲ ਗੁਲਾਈ ਤੇ ਡੱਬੇ ਜਿਹੇ ਬਣ ਜਾਂਦੇ ਸਨ।

ਦੋਵੇਂ ਮੁੰਨਿਆਂ ਦੇ ਵਿਚਾਲੇ ਲੱਗੇ ਮਝੇਰੂ ਵਿਚ ਇਕ ਲੋਹੇ ਦਾ ਚਾਰ ਸੂਤ ਮੋਟਾ ਸਰੀਆ ਪਾਇਆ ਹੁੰਦਾ ਸੀ, ਜਿਸ ਨੂੰ ਗੁੱਜ ਕਹਿੰਦੇ ਸਨ। ਏਸ ਗੁੱਜ ਦੇ ਇਕ ਪਾਸੇ ਲੱਕੜ ਦਾ ਖਰਾਦ ਕੇ ਹੱਥਾ ਲੱਗਿਆ ਹੁੰਦਾ ਸੀ। ਏਸ ਹੱਥੇ ਨਾਲ ਹੀ ਚਰਖਾ ਚਲਾਇਆ ਜਾਂਦਾ ਸੀ। ਅਗਲੀਆਂ ਤਿੰਨ ਗੁੱਡੀਆਂ ਦੇ ਵਿਚਾਲੇ ਜਿਹੜੀਆਂ ਛੋਟੀਆਂ



ਛੋਟੀਆਂ ਗਲੀਆਂ ਹੁੰਦੀਆਂ ਸਨ, ਇਨ੍ਹਾਂ ਗਲੀਆਂ ਵਿਚ ਮੁੰਜ ਦੇ ਗੁੰਦ ਕੇ ਜਾਂ ਚਮੜੇ ਦੇ ਛੋਟੇ ਛੋਟੇ ਬਣਾਏ ਹੋਏ ਡੱਕੇ ਪਾਏ ਹੁੰਦੇ ਸਨ। ਇਨ੍ਹਾਂ ਨੂੰ ਚਰਮਖਾਂ ਕਿਹਾ ਜਾਂਦਾ ਸੀ। ਇਨ੍ਹਾਂ ਚਰਮਖਾਂ ਦੇ ਵਿਚਾਲੇ ਦੀ ਲੋਹੇ ਦਾ ਬਰੀਕ ਤੱਕਲਾ ਪਾਇਆ ਹੁੰਦਾ ਸੀ। ਏਸ ਤੱਕਲੇ ਦਾ ਅਗਲਾ ਤੇ ਪਿਛਲਾ ਸਿਰਾ ਪਤਲਾ, ਤਿੱਖਾ ਹੁੰਦਾ ਸੀ, ਵਿਚਕਾਰੋਂ ਥੋੜ੍ਹਾ ਜਿਹਾ ਮੋਟਾ ਹੁੰਦਾ ਸੀ। ਜਿਥੇ ਮਾਲ੍ਹ ਫਿਰਨ ਲਈ ਸੂਤ ਵਲ੍ਹੇਟਿਆ ਹੁੰਦਾ ਸੀ, ਉਸ ਨੂੰ ਬੀੜੀ ਕਹਿੰਦੇ ਸਨ। ਤਕਲੇ ਦੇ ਅਗਲੇ ਪਾਸੇ ਜਿੱਥੇ ਸੂਤ ਕੱਤ ਕੇ ਗਲੋਟਾ ਬਣਾਇਆ ਜਾਂਦਾ ਸੀ, ਉਸ ਗਲੋਟੇ ਦੇ ਪਿਛਲੇ ਪਾਸੇ ਇਕ ਵਾਸ਼ਲ ਪਾਈ ਹੁੰਦੀ ਸੀ, ਜਿਸ ਨੂੰ ਦਮਕੜਾ ਕਹਿੰਦੇ ਸਨ। ਕਸਣ ਦੇ ਉਪਰ ਸੂਤ ਦਾ ਵੱਟ ਕੇ ਧਾਗਾ ਪਾਇਆ ਹੁੰਦਾ ਸੀ, ਜਿਸ ਨੂੰ ਮਾਲ੍ਹ ਕਹਿੰਦੇ ਸਨ। ਇਹ ਮਾਲ੍ਹ ਕਸਣ ਦੇ ਉਪਰ ਦੀ ਹੁੰਦੀ ਹੋਈ ਵਿਚਾਲੇ ਲੱਗੀ ਗੁੱਡੀ ਵਿਚ ਜੋ ਬੜੀ ਮੋਰੀ ਰੱਖੀ ਹੁੰਦੀ ਸੀ, ਉਸ ਵਿਚੋਂ ਦੀ ਲੰਘ ਕੇ ਤਕਲੇ ਦੇ ਮੋਟੇ ਭਾਗ ਦੇ ਉਪਰ ਦੀ ਲੰਘਦੀ ਹੁੰਦੀ ਸੀ। ਇਹ ਮਾਲ੍ਹ ਹੀ ਤੱਕਲੇ ਨੂੰ ਘੁੰਮਾਉਂਦੀ ਸੀ। ਕੱਤਣ ਵਾਲੀਆਂ ਕੁੜੀਆਂ, ਬਹੂਆਂ ਤੇ ਬੁੜ੍ਹੀਆਂ ਹੱਥੇ ਨੂੰ ਘੁੰਮਾਉਂਦੀਆਂ ਸਨ। ਹੱਥਾ ਘੁੰਮਾਉਣ ਨਲ ਮਾਲ੍ਹ ਘੁੰਮਦੀ ਸੀ। ਮਾਲ੍ਹ ਦੇ ਘੁੰਮਣ ਨਾਲ ਤੱਕਲਾ ਚਲਦਾ ਸੀ। ਤੱਕਲੇ ਨਾਲ ਫਿਰ ਰੂੰ ਜਾਂ ਹੋਰ ਕਿਸੇ ਵਸਤੂ ਦੀ ਬਣਾਈ ਹੋਈ ਪੂਣੀ ਦਾ ਇਕ ਸਿਰਾ ਜੋੜ ਕੇ ਸੂਤ ਕੱਤਣਾ ਸ਼ੁਰੂ ਕੀਤਾ ਜਾਂਦਾ ਸੀ। ਪੂਣੀਆਂ ਕੱਤ ਕੱਤ ਕੇ ਲੰਬੂਤਰੇ ਤੇ ਵਿਚਕਾਰ ਤੋਂ ਉੱਚੇ ਜਿਹੇ ਆਕਾਰ ਦੇ ਗਲੋਟੇ ਬਣਾਏ ਜਾਂਦੇ ਸਨ। ਇਨ੍ਹਾਂ ਗਲੋਟਿਆਂ ਨੂੰ ਰੱਖਣ ਲਈ ਕੱਤਣੀ ਬਣਾਈ ਹੁੰਦੀ ਸੀ। ਕੱਤਣੀ ਆਮ ਤੌਰ 'ਤੇ ਕਣਕ ਦੀਆਂ ਤੀਲਾਂ ਦੀ ਬਣਦੀ ਸੀ। ਕਈ ਕੱਤਣੀਆਂ ਨੂੰ ਤਾਂ ਲੋਗੜੀ ਦੇ ਫੁੱਲ ਵੀ ਲਾਏ ਹੁੰਦੇ ਸਨ।

ਗਲੋਟੇ ਰੱਖਣ ਲਈ ਆਮ ਵਰਤੋਂ ਬੋਹੀਆਂ ਦੀ ਕੀਤੀ ਜਾਂਦੀ ਸੀ। ਸਾਰੇ ਚਰਖੇ ਨੂੰ ਕਈ ਕਿਸਮ ਦਾ ਰੰਗ ਕੀਤਾ ਹੁੰਦਾ ਸੀ। ਕਈ ਚਰਖਿਆਂ ਵਿਚ ਕਈ ਥਾਵਾਂ ਤੇ ਛੋਟੇ ਛੋਟੇ ਸ਼ੀਸ਼ੇ ਵੀ ਲਾਏ ਹੁੰਦੇ ਸਨ। ਇਹ ਹੁੰਦੀ ਸੀ ਚਰਖੇ ਦੀ ਬਣਤਰ।

0

## ਕੱਤਣੀ

ਕੱਤਣੀ ਦਾਜ ਵਿਚ ਦਿੱਤੀ ਜਾਂਦੀ ਸੀ। ਏਸੇ ਕਰਕੇ ਤਾਂ ਕੱਤਣੀ ਤਿਆਰ ਕਰਦੀ ਮੁਟਿਆਰ ਨੂੰ ਮਿੱਠੀ ਚੋਭ ਲਾਈ ਜਾਂਦੀ ਸੀ–

ਹੁੰਦੀ ਆ ਪਟੋਲਿਆ ਤਿਆਰੀ,
ਕੱਤਣੀ ਨੂੰ ਫੁੱਲ ਲੱਗਦੇ।

ਕੱਤਣੀ ਸਲਵਾੜ ਦੀਆਂ ਤੀਲਾਂ ਜਾਂ ਕਣਕ ਦੀ ਨਾਲੀ ਨੂੰ ਸੂਤ ਦੇ ਰੰਗ ਬਰੰਗੇ ਧਾਗੇ ਨਾਲ ਜਾਂ ਲੋਗੜੀ ਨਾਲ ਮੜ੍ਹ ਕੇ ਤੇ ਧਾਗੇ ਨਾਲ ਕਈ ਕਿਸਮ ਦੇ



Academy of the Punjab in North America: http://www.apnaorg.com

ਡਿਜ਼ਾਇਨ ਬਣਾ ਕੇ ਬਣਾਈ ਜਾਂਦੀ ਸੀ। ਕੱਤਣੀ ਤਿਆਰ ਕਰਨ ਲਈ ਕਈ ਪਰਿਵਾਰ ਮੋਰ ਦੇ ਖੰਭਾਂ ਦੀ ਵੀ ਵਰਤੋਂ ਕਰ ਲੈਂਦੇ ਸਨ। ਏਸੇ ਕਰਕੇ ਹੀ ਲੋਕ ਗੀਤ ਹੈ –

ਅਸੀਂ ਮੋਰ ਦਾ ਪਾਪ ਨਹੀਂ ਕਰਨਾ,
ਅੱਗ ਲੱਗੇ ਕੱਤਣੀ ਨੂੰ।
x x x x
ਚਾਂਦੀ ਦੀ ਲਿਆ ਦੇਉਂ ਕੱਤਣੀ,
ਮੈਂ ਮੋਰ ਦਾ ਪਾਪ ਨਹੀਂ ਲੈਣਾ।

ਕਈ ਸਰਦੇ ਪੁੱਜਦੇ ਪਰਿਵਾਰ ਚਾਂਦੀ ਦੀਆਂ ਤਾਰਾਂ ਨਾਲ ਮੜ੍ਹੀ ਹੋਈ ਕੱਤਣੀ ਵੀ ਦਾਜ ਵਿਚ ਦੇ ਦਿੰਦੇ ਸਨ –

ਮੇਰੇ ਵੀਰ ਨੇ ਸੰਧਾਰੇ ਵਿਚ ਭੇਜੀ,
ਕੱਤਣੀ ਚਾਂਦੀ ਦੀ।

ਜਿਸ ਮੁਟਿਆਰ ਦਾ ਰੂਪ ਦਿਨ ਚੜ੍ਹਦੇ ਦੀ ਲਾਲੀ ਵਰਗਾ ਹੁੰਦਾ ਸੀ, ਜੇਕਰ ਉਸ ਨੂੰ ਚਾਂਦੀ ਨਾਲ ਮੜ੍ਹੀ ਹੋਈ ਕੱਤਣੀ ਮਿਲ ਜਾਂਦੀ ਸੀ, ਉਸ ਦਾ ਤਾਂ ਸੋਨੇ ਤੇ ਸੁਹਾਗੇ ਵਾਲਾ ਕੰਮ ਬਣ ਜਾਂਦਾ ਸੀ। ਅਜਿਹੀ ਮੁਟਿਆਰ ਦੇ ਪਤੀ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਸੀ–

ਤੈਨੂੰ ਵੇਖਾਂ ਕਿ ਵੇਖਾਂ ਤੇਰੀ ਕੱਤਣੀ,
ਚੰਨ ਜਿਹੇ ਮੁੱਖ ਵਾਲੀਏ!



ਚਰਖਾ ਕੱਚੇ ਮਾਲ (ਪੂਣੀਆਂ) ਤੋਂ ਨਿਰਮਤ ਵਸਤ (ਗਲੋਟੇ) ਪੈਦਾ ਕਰਦਾ ਸੀ।



ਗਲੋਟੇ ਕੱਤਣੀ ਵਿਚ ਰੱਖੇ ਜਾਂਦੇ ਸਨ। ਕੱਤਣੀ ਤੇ ਚਰਖੇ ਦੀ ਇਕ ਦੂਜੇ ਤੇ ਨਿਰਭਰਤਾ ਤੇ ਇਕਸੁਰਤਾ ਬਾਰੇ ਇਕ ਬਾਂਕੀ ਮੁਟਿਆਰ ਦੀ ਕਿੰਨੀ ਸੋਹਣੀ ਕਲਪਨਾ ਹੈ –

ਮੇਰਾ ਚਰਖਾ ਬੋਲੀਆਂ ਪਾਵੇ,
ਕੱਤਣੀ ਕਬਿੱਤ ਜੋੜਦੀ।
x x x
ਮੇਰੀ ਕੱਤਣੀ ਫਰਾਟੇ ਮਾਰੇ,
ਪੂਣੀਆਂ ਦੇ ਸੱਪ ਬਣ ਗਏ।

ਲੜਕੀ ਦੇ ਵਿਆਹ ਸਮੇਂ ਜਦ ਡੋਲੀ ਤੋਰੀ ਜਾਂਦੀ ਸੀ ਤਾਂ ਲੜਕੀ, ਲੜਕੀ ਦੇ ਮਾਂ, ਬਾਪ, ਭੈਣਾਂ, ਭਾਈਆਂ, ਰਿਸ਼ਤੇਦਾਰਾਂ, ਸਹੇਲੀਆਂ ਦੇ ਅੱਖਾਂ ਵਿਚ ਤਾਂ ਅੱਥਰੂ ਹੁੰਦੇ ਹੀ ਸਨ, ਉਥੇ ਚਰਖਾ, ਪੂਣੀਆਂ, ਗਲੋਟੇ ਤੇ ਕੱਤਣੀ ਵੀ ਏਸ ਵੈਰਾਗ ਵਿਚ ਸ਼ਾਮਲ ਹੁੰਦੀ ਸੀ–

ਗੱਡੀ ਵਿਚ ਮੈਂ ਰੋਵਾਂ,
ਮੇਰੀ ਕੱਤਣੀ 'ਚੋਂ ਰੋਣ ਗਲੋਟੇ।

ਕੱਤਣੀ ਦੀ ਵਰਤੋਂ ਵਿਸ਼ੇਸ਼ ਤੌਰ ਤੇ ਜਦ ਨਵੀਆਂ ਬਹੂਆਂ ਚਰਖਾ ਕੱਤਦੀਆਂ ਹੁੰਦੀਆਂ ਸਨ, ਉਸ ਸਮੇਂ ਕੀਤੀ ਜਾਂਦੀ ਸੀ। ਆਮ ਤੌਰ ਤੇ ਤਾਂ ਕੱਤਣ ਸਮੇਂ ਗਲੋਟੇ ਬੋਹੀਏ ਜਾਂ ਛੋਟੇ ਗੋਹਲਿਆਂ ਵਿਚ ਰੱਖੇ ਜਾਂਦੇ ਸਨ।

ਪਹਿਲੇ ਸਮਿਆਂ ਵਿਚ ਜਦ ਪਹਿਲਾ ਬੱਚਾ ਹੁੰਦਾ ਸੀ, ਉਹ ਬੱਚਾ ਧੀਆਂ ਦੇ ਮਾਪਿਆਂ ਦੇ ਘਰ ਹੁੰਦਾ ਸੀ। ਬੱਚੇ ਹੋਣ ਤੋਂ ਬਾਅਦ ਜਦ ਧੀਆਂ ਨੂੰ ਸਹੁਰੇ ਤੋਰਿਆ ਜਾਂਦਾ ਸੀ ਤਾਂ ਛੂਸ਼ਕ ਦਿੰਦੇ ਸਨ। ਛੂਸਕ ਵਿਚ ਸਹੁਰੇ ਪਰਿਵਾਰ ਦੇ ਸਾਰੇ ਜੀਆਂ ਨੂੰ ਸੂਟ, ਕੱਪੜੇ ਦਿੱਤੇ ਜਾਂਦੇ ਸਨ। ਪੈਸੇ ਵਾਲੇ ਪਰਿਵਾਰ ਪੈਦਾ ਹੋਏ ਬੱਚੇ ਨੂੰ ਕੋਈ ਗਹਿਣਾ ਵੀ ਪਾਉਂਦੇ ਸਨ। ਛੂਸ਼ਕ ਵਿਚ ਬਹੁਤੇ ਪਰਿਵਾਰ ਚਰਖਾ ਤੇ ਪੀੜ੍ਹੀ ਵੀ ਦਿੰਦੇ ਸਨ।

ਕੱਤਣੀ ਕਿਵੇਂ ਬਣਦੀ ਸੀ, ਹੁਣ ਮੈਂ ਤੁਹਾਨੂੰ ਉਹ ਦੱਸਣ ਲਗਿਆ ਹਾਂ। ਕੱਤਣੀ ਬਣਾਉਣ ਲਈ ਸਲਵਾੜ ਦੀਆਂ ਤੀਲਾਂ ਲਈਆਂ ਜਾਂਦੀਆਂ ਸਨ। ਤੀਲਾਂ ਕਿਸ ਨੂੰ ਕਹਿੰਦੇ ਹਨ? ਅੱਜ ਦੀ ਪੀੜ੍ਹੀ ਨੂੰ ਇਹ ਵੀ ਪਤਾ ਨਹੀਂ ਹੋਵੇਗਾ? ਸਲਵਾੜ ਦੇ ਕਾਨੇ ਦੇ ਸਿਰ ਵਾਲੇ ਹਿੱਸੇ ਨੂੰ ਜਿਸ ਤੇ ਬੰਬੂ ਨਿਕਲੇ ਹੁੰਦੇ ਹਨ, ਉਸ ਹਿੱਸੇ ਨੂੰ ਕਾਨੇ ਨਾਲੋਂ ਤੋੜਿਆ ਜਾਂਦਾ ਸੀ। ਤੋੜੇ ਗਏ ਏਸ ਹਿੱਸੇ ਨੂੰ ਤੀਲਾਂ ਕਹਿੰਦੇ ਸਨ। ਕਾਨੇ ਦੀ ਲੰਬਾਈ ਅਨੁਸਾਰ ਤੀਲਾਂ ਆਮ ਤੌਰ ਤੇ 3 ਕੁ ਫੁੱਟ ਤੋਂ ਲੈ ਕੇ 4 ਕੁ ਫੁੱਟ ਤੱਕ ਦੀਆਂ ਹੁੰਦੀਆਂ ਸਨ।



Academy of the Punjab in North America: http://www.apnaorg.com

ਕੱਤਣੀ ਦੇ ਹੇਠਲੇ ਹਿੱਸੇ ਦਾ ਸਾਈਜ਼, ਜਿਸ ਵਿਚ ਗਲੋਟੇ ਰੱਖੇ ਜਾਂਦੇ ਸਨ, ਆਮ ਤੌਰ ਤੇ ਇਕ ਕੁ ਫੁੱਟ ਦਾ ਚੌਰਸ ਹੁੰਦਾ ਸੀ। ਕੱਤਣੀ ਬਣਾਉਣ ਲਈ ਤੀਲਾਂ ਨੂੰ ਵਿਚਾਲੇ ਤੋਂ ਚਾਰ ਪਾਸਿਆਂ ਤੋਂ ਇਕ ਦੂਜੇ ਉਪਰ ਧਾਗੇ ਦੀ ਬਰੀਕ ਡੋਰ ਨਾਲ ਗੁੰਦ ਕੇ ਰੱਖਿਆ ਜਾਂਦਾ ਸੀ। ਚਾਰੇ ਪਾਸਿਆਂ ਤੋਂ ਤੀਲਾਂ ਨੂੰ ਗੁੰਦ ਕੇ ਇਕ ਦੂਜੇ ਉਪਰ ਰੱਖਣ ਕਰਕੇ ਕੱਤਣੀ ਦਾ ਥੱਲਾ ਮੋਟਾ ਤੇ ਮਜ਼ਬੂਤ ਬਣ ਜਾਂਦਾ ਸੀ। ਜਦ ਚਾਰੇ ਪਾਸੇ ਦੀਆਂ ਤੀਲਾਂ ਨੂੰ ਗੁੰਦ ਗੁੰਦ ਕੇ ਹੇਠਲੇ ਹਿੱਸੇ ਦੀ ਲੰਬਾਈ ਚੌੜਾਈ ਇਕ ਫੁੱਟ ਕੁ ਤੱਕ ਦੀ ਹੋ ਜਾਂਦੀ ਸੀ ਤਾਂ ਚਾਰੇ ਪਾਸਿਆਂ ਦੀਆਂ ਤੀਲਾਂ ਨੂੰ 90 ਡਿਗਰੀ ਦਾ ਭੰਨ ਦੇ ਕੇ ਧਰਤੀ ਉਪਰ ਖੜੀਆਂ ਕਰ ਦਿੱਤਾ ਜਾਂਦਾ ਸੀ। ਇਨ੍ਹਾਂ ਖੜ੍ਹੀਆਂ ਕੀਤੀਆਂ ਚਾਰੇ ਪਾਸਿਆਂ ਦੀਆਂ ਤੀਲਾਂ ਨੂੰ ਧਾਗੇ ਨਾਲ ਗੁੰਦ ਕੇ, ਭਾਂਤ ਭਾਂਤ ਦੇ ਡੀਜ਼ਾਇਨ ਪਾ ਕੇ ਫੁੱਟ ਕੁ ਦੀ ਉਚਾਈ ਤੱਕ ਲੈ ਜਾਂਦੇ ਸਨ। ਫੇਰ ਇਨ੍ਹਾਂ ਤੀਲਾਂ ਦੇ ਅੰਦਰਲੇ ਪਾਸੇ ਤਿੰਨ ਤਿੰਨ ਕੁ ਹੋਰ ਤੀਲਾਂ ਜੋੜ ਦਿੱਤੀਆਂ ਜਾਂਦੀਆਂ ਸਨ। ਇਹ ਤੀਲਾਂ ਇਕ ਕਿਸਮ ਦਾ ਕੱਤਣੀ ਦਾ ਬਨੇਰਾ ਬਣ ਜਾਂਦੀਆਂ ਸਨ।

ਕੱਤਣੀ ਦੇ ਇਕ ਪਾਸੇ ਦੀਆਂ ਤੀਲਾਂ ਨੂੰ ਫੇਰ ਕੱਟ ਦਿੱਤਾ ਜਾਂਦਾ ਸੀ। ਇਹ ਕੱਟਿਆ ਹੋਇਆ ਹਿੱਸਾ ਕੱਤਣੀ ਦਾ ਮੂੰਹ ਬਣ ਜਾਂਦਾ ਸੀ। ਬਾਕੀ ਦੀਆਂ ਤਿੰਨੇ ਪਾਸੇ ਦੀਆਂ ਤੀਲਾਂ ਨੂੰ ਫੇਰ ਸੂਤ ਦੀ ਡੋਰ ਨਾਲ ਡਿਜ਼ਾਇਨ ਪਾ ਕੇ, ਗੁੰਦ ਕੇ ਹੌਲੀ ਹੌਲੀ ਉਪਰ ਨੂੰ ਲੈ ਕੇ ਤੰਗ ਕੀਤਾ ਜਾਂਦਾ ਸੀ। ਏਸ ਤਰ੍ਹਾਂ ਥੋੜ੍ਹੀ ਦੂਰੀ ਤੇ ਜਾ ਕੇ ਇਹ ਤਿੰਨੇ ਪਾਸੇ ਦੀਆਂ ਤੀਲਾਂ ਆਪਸ ਵਿਚ ਮਿਲ ਜਾਂਦੀਆਂ ਸਨ। ਏਸ ਤਰ੍ਹਾ ਇਕ ਤਿਕੋਣ ਦੀ ਸ਼ਕਲ ਬਣ ਜਾਂਦੀ ਸੀ। ਤਿਕੋਣ ਦੇ ਸਿਰੇ ਤੇ ਆਮ ਤੌਰ ਤੇ ਕੱਪੜੇ ਦੀ ਇਕ ਛੋਟੀ ਜਿਹੀ ਚਿੜ੍ਹੀ ਬਣਾ ਕੇ ਲਾ ਦਿੱਤੀ ਜਾਂਦੀ ਸੀ ਜਾਂ ਕੋਈ ਹੋਰ ਜਾਨਵਰ ਬਣਾ ਕੇ ਲਾ ਦਿੱਤਾ ਜਾਂਦਾ ਸੀ। ਕਈ ਕੱਤਣੀਆਂ ਦੇ ਉਸ ਹਿੱਸੇ ਤੇ ਜਿੱਥੋਂ ਕੱਤਣੀ ਨੂੰ ਤਿਰਛੀ ਸ਼ਕਲ ਦੇਣੀ ਸ਼ੁਰੂ ਕੀਤੀ ਜਾਂਦੀ ਸੀ, ਉਨ੍ਹਾਂ ਕੋਨਿਆਂ ਤੇ ਵੀ ਚਿੜੀਆਂ ਲਾ ਦਿੰਦੇ ਸਨ। ਇਨ੍ਹਾਂ ਚਿੜੀਆਂ ਵਿਚ ਸਿਤਾਰੇ ਤੇ ਮੋਤੀ ਵੀ ਲਾ ਦਿੱਤੇ ਸਨ।

ਕੱਤਣੀ ਦਾ ਢੱਕਣ ਵੱਖਰੇ ਤੌਰ ਤੇ ਗੁੰਦ ਕੇ ਬਣਾਇਆ ਜਾਂਦਾ ਸੀ। ਕੱਤਣੀ ਦੇ ਜਿਸ ਥਾਂ ਤੇ ਤਿੰਨ ਤਿੰਨ ਤੀਲਾਂ ਹੋਰ ਜੋੜੀਆਂ ਹੁੰਦੀਆਂ ਸਨ, ਉਸ ਥਾਂ ਤੇ ਤਿਆਰ ਕੀਤੇ ਢੱਕਣ ਦੇ ਪਿਛਲੇ ਹਿੱਸੇ ਨੂੰ ਜੋੜ ਦਿੱਤਾ ਜਾਂਦਾ ਸੀ। ਜਿਵੇਂ ਜਿਵੇਂ ਕੱਤਣ ਸਮੇਂ ਗਲੋਟੇ ਬਣਦੇ ਜਾਂਦੇ ਸਨ, ਕੱਤਣੀ ਵਿਚ ਪਾਏ ਜਾਂਦੇ ਸਨ। ਏਸ ਤਰ੍ਹਾਂ ਕੱਤਣੀ ਬਣਦੀ ਸੀ। ਕੱਤਣੀ ਨੂੰ ਦਾਜ ਦੀ ਵਸਤ ਵਜੋਂ ਅਲੋਪ ਹੋਇਆਂ 50 ਸਾਲ ਤੋਂ ਉਪਰ ਦਾ ਸਮਾਂ ਹੋ ਗਿਆ ਹੈ।

0



## ਮਧਾਣੀ

ਮਧਾਣੀ ਦਾ ਇਕੋ ਇਕ ਕੰਮ ਕਿਸੇ ਤਰਲ ਪਦਾਰਥ ਨੂੰ ਰਿੜਕਣ ਦਾ ਰਿਹਾ ਹੈ। ਚਾਹੇ ਉਹ ਦੁੱਧ ਹੋਵੇ, ਚਾਹੇ ਉਹ ਦਹੀਂ ਹੋਵੇ, ਚਾਹੇ ਕੋਈ ਹੋਰ ਪਦਾਰਥ ਹੋਵੇ। ਰਿੜਕਣ ਸਬੰਧੀ ਮੈਨੂੰ ਇਕ ਅਖਾਣ ਯਾਦ ਆ ਗਿਆ। ਕਈ ਬੰਦੇ ਜਿਹੜੇ ਜ਼ਿਆਦਾ ਫੋਕਾ ਵਿਖਾਵਾ ਕਰਨ ਦੇ ਆਦੀ ਹੁੰਦੇ ਹਨ, ਉਨ੍ਹਾਂ ਬਾਰੇ ਕਿਹਾ ਜਾਂਦਾ ਹੈ -

ਸੇਰ ਦੁੱਧ ਤੇ ਵੀਹ ਸੇਰ ਪਾਣੀ,<br>ਘੁੰਮਰ ਘੁੰਮਰ ਫਿਰੇ ਮਧਾਣੀ।

ਦੁੱਧ, ਦਹੀਂ ਨੂੰ ਰਿੜਕ ਕੇ ਮੱਖਣ ਬਣਾਉਣ ਲਈ ਮਧਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਪੁਰਾਣੇ ਸਮਿਆਂ ਵਿਚ ਮਧਾਣੀ ਦੀ ਬਣਤਰ ਕਿਹੋ ਜਿਹੀ ਹੁੰਦੀ ਸੀ, ਦੱਸਣ ਤੋਂ ਪਹਿਲਾਂ ਮੈਂ ਦੁੱਧ ਦੀ ਥੋੜ੍ਹੀ ਜਿਹੀ ਗੱਲ ਕਰ ਲਵਾਂ, ਤਾਂ ਉਚਿਤ ਹੀ ਹੋਵੇਗਾ।



ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਪੰਜਾਬ ਤਾਂ ਸਾਰਾ ਹੀ ਖੇਤੀਬਾੜੀ 'ਤੇ ਨਿਰਭਰ ਹੈ। ਪਹਿਲੇ ਸਮਿਆਂ ਵਿਚ ਸਾਰੀ ਖੇਤੀ ਬਾਹੂਬਲ, ਸਰੀਰਕ ਤਾਕਤ ਤੇ ਨਿਰਭਰ ਸੀ। ਸਰੀਰਕ ਤਾਕਤ ਲਈ ਦੁੱਧ, ਦਹੀਂ, ਮੱਖਣੀ, ਘੀ ਸਭ ਤੋਂ ਉਤਮ ਖ਼ੁਰਾਕ ਹੁੰਦੀ ਸੀ। ਦੁੱਧ ਦੇਣ ਲਈ ਦੁਧਾਰੂ ਪਸ਼ੂ ਬੱਕਰੀਆਂ, ਗਾਈਆਂ ਅਤੇ ਮੱਝਾਂ ਹੁੰਦੀਆਂ ਸਨ। ਮੱਝ ਦਾ ਦੁੱਧ ਗਾੜ੍ਹਾ ਹੋਣ ਕਰਕੇ ਬੱਕਰੀਆਂ ਤੇ ਗਾਈਆਂ ਦੇ ਦੁੱਧ ਨਾਲੋਂ ਚੰਗਾ ਮੰਨਿਆ ਜਾਂਦਾ ਸੀ। ਏਸੇ ਕਰ ਕੇ ਪੁਰਾਣੇ ਸਿਆਣੇ ਮੱਝਾਂ ਪਾਲਣ ਨੂੰ ਤਰਜੀਹ ਦਿੰਦੇ ਸਨ -

ਬੱਕਰੀ ਫੱਕਰੀ, ਗਾਂ ਜੰਜਾਲ।<br>ਦੁੱਧ ਪੀਣਾ ਤਾਂ ਮੱਝ ਨੂੰ ਪਾਲ।

ਪਹਿਲੇ ਸਮਿਆਂ ਵਿਚ ਸਵੇਰੇ ਉੱਠ ਕੇ ਦੁੱਧ, ਦਹੀਂ, ਅੱਧ ਰਿੜਕ ਤੇ ਤਿਓੜ



Academy of the Punjab in North America: http://www.apnaorg.com

ਪੀਂਦੇ ਸਨ। ਚਾਹ ਨੂੰ ਉਸ ਸਮੇਂ ਕੋਈ ਜਾਣਦਾ ਹੀ ਨਹੀਂ ਸੀ। ਅੱਜ ਦੀ ਪੀੜ੍ਹੀ ਨੂੰ ਨਾ ਅੱਧ-ਰਿੜਕ ਦਾ ਪਤਾ ਹੈ ਅਤੇ ਨਾ ਹੀ ਤਿਓੜ ਦਾ। ਅੱਜ ਦੀ ਪੀੜ੍ਹੀ ਤਾਂ ਬੈਂਡ-ਟੀ ਨੂੰ ਹੀ ਜਾਣਦੀ ਹੈ। ਦਹੀਂ ਨੂੰ ਅੱਧਾ ਕੁ ਰਿੜਕੇ ਨੂੰ ਅੱਧ-ਰਿੜਕ ਕਹਿੰਦੇ ਸਨ। ਲੱਸੀ ਵਿਚ ਜਾਂ ਅੱਧ ਰਿੜਕ ਵਿਚ ਮੱਝ ਜਾਂ ਗਾਂ ਦੇ ਥਣਾਂ ਵਿਚੋਂ ਸਿੱਧੀਆਂ ਮਾਰੀਆਂ ਗਈਆਂ ਧਾਰਾਂ ਨਾਲ ਤਿਓੜ ਬਣਦੀ ਸੀ। ਇਨ੍ਹਾਂ ਨੂੰ ਪੀਣ ਲਈ ਬੜੇ ਬੜੇ ਕਾਂਸੀ ਦੇ ਛੰਨੇ, ਪਿੱਤਲ ਦੇ ਕੌਲੇ ਹੁੰਦੇ ਸਨ। ਲੋਕ ਰੱਜ ਕੇ ਖ਼ੁਰਾਕ ਖਾਂਦੇ ਸਨ। ਏਸੇ ਕਰਕੇ ਉਨ੍ਹਾਂ ਵਿਚ ਅੰਨ੍ਹਾ ਜ਼ੋਰ ਹੁੰਦਾ ਸੀ। ਸਾਰਾ ਦਿਨ ਖੇਤੀ ਦੇ ਕੰਮ ਵਿਚ ਲੱਗੇ ਰਹਿੰਦੇ ਸਨ। ਥਕਾਵਟ ਉਨ੍ਹਾਂ ਦੇ ਨੇੜੇ ਨਹੀਂ ਆਉਂਦੀ ਸੀ।

ਉਨ੍ਹਾਂ ਸਮਿਆਂ ਵਿਚ ਜਿੰਨਾ ਗਭਰੂਆਂ ਨੂੰ ਆਪਣੀ ਸਿਹਤ ਬਣਾਉਣ ਦਾ ਸ਼ੌਕ ਹੁੰਦਾ ਸੀ, ਓਨਾ ਹੀ ਸ਼ੌਕ ਉਨ੍ਹਾਂ ਦੀਆਂ ਘਰ ਵਾਲੀਆਂ ਨੂੰ ਹੁੰਦਾ ਸੀ। ਉਹ ਆਨੇ ਬਹਾਨੇ ਆਪਣੇ ਘਰ ਵਾਲੇ ਨੂੰ ਦੁੱਧ ਪਿਉਣ ਲਈ ਤਿਆਰ ਰਹਿੰਦੀਆਂ ਸਨ।

ਸਾਡੇ ਸਮਾਜ ਵਿਚ ਨੂੰਹਾਂ ਤੇ ਸੱਸਾਂ ਦੀ ਘੱਟ ਹੀ ਬਣਦੀ ਹੈ। ਸੱਸਾਂ ਹਮੇਸ਼ਾਂ ਨੂੰਹਾਂ ਦਾ ਕਿਸੇ ਨਾ ਕਿਸੇ ਬਹਾਨੇ ਨੱਕ ਵਿਚ ਦਮ ਕਰ ਕੇ ਰੱਖਦੀਆਂ ਸਨ। ਜਿਸ ਕਰ ਕੇ ਨੂੰਹਾਂ ਵੀ ਹਮੇਸ਼ਾ ਸੱਸਾ ਦਾ ਬੁਰਾ ਹੀ ਚਿਤਵਦੀਆਂ ਰਹਿੰਦੀਆਂ ਸਨ-

ਮੈਂ ਤਾਂ ਸੱਸ ਨੂੰ ਜੀ ਜੀ ਕਹਿੰਦੀ,
ਮੈਨੂੰ ਕਹਿੰਦੀ ਟੀਰ੍ਹੀ।
ਸੱਸ ਨੂੰ ਅੱਗ ਲੱਗ ਜਾਵੇ,
ਸਣੇ ਮਧਾਣੀ ਪੀੜ੍ਹੀ।

ਦੁੱਧ ਤੋਂ ਦਹੀਂ, ਲੱਸੀ, ਮੱਖਣ ਬਣਾਉਣ ਲਈ ਸਵੇਰੇ ਦੁੱਧ ਚੋ ਕੇ ਦੁੱਧ ਵਿਚ ਥੋੜ੍ਹਾ ਪਾਣੀ ਪਾ ਕੇ ਮਿੱਟੀ ਦੀ ਬਣੀ ਕਾੜ੍ਹਨੀ ਵਿਚ ਪਾ ਕੇ ਮਿੱਟੀ ਦੇ ਬਣੇ ਹਾਰੇ ਵਿਚ ਪਾਥੀਆਂ ਤੇ ਅੱਗ ਪਾ ਕੇ ਗਰਮ ਕਰਨ ਲਈ ਰੱਖਿਆ ਜਾਂਦਾ ਸੀ। ਇਹ ਦੁੱਧ ਸਾਰਾ ਦਿਨ ਕੜ੍ਹਦਾ ਰਹਿੰਦਾ ਸੀ। ਕੜ੍ਹ ਕੜ੍ਹ ਕੇ ਦੁੱਧ ਦਾ ਰੰਗ ਲਾਲ ਜਿਹਾ ਹੋ ਜਾਂਦਾ ਸੀ। ਏਸ ਕੜ੍ਹੇ ਦੁੱਧ ਤੇ ਜਿਹੜੀ ਮਲਾਈ ਆਉਂਦੀ ਸੀ, ਉਹ ਵੀ ਲਾਲ ਹੁੰਦੀ ਸੀ। ਸ਼ਾਮ ਨੂੰ ਦੁੱਧ ਦੀ ਕਾੜ੍ਹਨੀ ਨੂੰ ਹਾਰੇ ਵਿਚੋਂ ਬਾਹਰ ਕੱਢ ਲਿਆ ਜਾਂਦਾ ਸੀ ਤਾਂ ਜੋ ਦੁੱਧ ਠੰਡਾ ਹੋ ਜਾਵੇ। ਰਾਤ ਨੂੰ ਕਾੜ੍ਹਨੀ ਵਿਚੋਂ ਦੁੱਧ ਕੱਢ ਕੇ ਮਿੱਟੀ ਦੀ ਬਣੀ ਚਾਟੀ ਵਿਚ ਪਾਇਆ ਜਾਂਦਾ ਸੀ। ਕਈ ਇਲਾਕਿਆਂ ਵਿਚ ਏਸ ਮਿੱਟੀ ਦੀ ਬਣੀ ਚਾਟੀ ਨੂੰ ਤੌਲਾ ਵੀ ਕਹਿੰਦੇ ਸਨ। ਚਾਟੀ ਵਿਚ ਪਾਏ ਦੁੱਧ ਨੂੰ ਫਿਰ ਦਹੀਂ ਦਾ ਜਾਗ ਲਾਇਆ ਜਾਂਦਾ ਸੀ। ਜੇਕਰ ਗਰਮੀ ਦਾ ਮੌਸਮ ਹੁੰਦਾ ਸੀ ਤਾਂ ਚਾਟੀ ਬਾਹਰ ਰੱਖੀ ਜਾਂਦੀ ਸੀ। ਜੇਕਰ ਸਰਦੀ ਦਾ ਮੌਸਮ ਹੁੰਦਾ ਸੀ ਤਾਂ ਚਾਟੀ ਨੂੰ ਅੰਦਰ ਰੱਖਿਆ ਜਾਂਦਾ ਸੀ। ਨਾਲ ਹੀ ਚਾਟੀ ਨੂੰ ਕਿਸੇ ਮੋਟੇ ਕਪੜੇ ਨਾਲ ਚੰਗੀ ਤਰ੍ਹਾਂ ਢਕਿਆ ਜਾਂਦਾ ਸੀ ਤਾਂ ਜੋ ਦੁੱਧ ਜੰਮ



ਜਾਵੇ।

ਪਹਿਰ ਦੇ ਤੜਕੇ ਉੱਠ ਕੇ ਏਸ ਚਾਟੀ ਵਿਚ ਜੰਮੇ ਹੋਏ ਦੁੱਧ ਨੂੰ ਰਿੜਕਣ ਲਈ ਮਧਾਣੀ ਪਾਈ ਜਾਂਦੀ ਸੀ। ਜਦੋਂ ਨਵੀਂ ਬਹੂ ਦੁੱਧ ਰਿੜਕਦੀ ਹੁੰਦੀ ਸੀ ਤਾਂ ਉਸ ਦੀਆਂ ਚੂੜੀਆਂ ਦੀ ਛਣਕਾਰ, ਮਧਾਣੀ ਦੀ ਘੁੰਮਕਾਰ ਕਈ ਵੇਰ ਉਸ ਦੇ ਪਤੀ ਦੀ ਨੀਂਦ ਵੀ ਉਚਾਟ ਕਰ ਦਿੰਦੀ ਸੀ-

ਨਵੀਂ ਬਹੂ ਦੁੱਧ ਰਿੜਕੇ,
ਉੱਠ ਕੇ ਪਹਿਰ ਦੇ ਤੜਕੇ।
ਚੂੜੀਆਂ ਨੇ ਰਾਗ ਛੇੜ ਲਿਆ,
ਮੇਰੇ ਨੀਂਦ ਅੱਖਾਂ ਵਿਚ ਰੜਕੇ।

ਉਨ੍ਹਾਂ ਸਮਿਆਂ ਦੀਆਂ ਮੁਟਿਆਰਾਂ ਤੇ ਚੂੜੇ ਵਾਲੀਆਂ ਨਾਰਾਂ ਤੇ ਕਹਿਰਾਂ ਦੀ ਜੁਆਨੀ ਹੁੰਦੀ ਸੀ। ਏਸ ਲਈ ਉਨ੍ਹਾਂ ਦੇ ਦੁੱਧ ਰਿੜਕਣ ਨਾਲ ਝੱਟ ਮੱਖਣ ਆ ਜਾਂਦਾ ਸੀ -

ਚੂੜੇ ਵਾਲੀ ਦੁੱਧ ਰਿੜਕੇ,
ਵਿਚੋਂ ਮੱਖਣ ਝਾਤੀਆਂ ਮਾਰੇ।

ਪਹਿਲੇ ਸਮਿਆਂ ਵਿਚ ਜ਼ਿਆਦਾ ਨੌਕਰੀਆਂ ਫੌਜ ਦੀਆਂ ਹੁੰਦੀਆਂ ਸਨ। ਜਿਸ ਸੱਜ-ਵਿਆਹੀ ਦਾ ਪਤੀ ਫ਼ੌਜ ਵਿਚ ਹੁੰਦਾ ਸੀ ਤੇ ਜੰਗ ਲੜਣ ਲਈ ਗਿਆ ਹੁੰਦਾ ਸੀ, ਉਸ ਦੀ ਦੁੱਧ ਰਿੜਕਦੀ ਦੀ ਸੁਰਤ ਵੀ ਆਪਣੇ ਪਤੀ ਵੱਲ ਰਹਿੰਦੀ ਸੀ-

ਮਾਹੀ ਮੇਰਾ ਲਾਮ (ਜੰਗ) ਨੂੰ ਗਿਆ,
ਨਾਲੇ ਦੁੱਧ ਰਿੜਕਾਂ, ਨਾਲੇ ਰੋਵਾਂ।

ਹੁਣ ਮੈਂ ਤੁਹਾਨੂੰ ਮਧਾਣੀ ਦੀ ਬਣਤਰ ਬਾਰੇ ਦੱਸਣ ਜਾ ਰਿਹਾ ਹਾਂ।

ਜਿਸ ਚੌਰਸ ਲੱਕੜ ਦੇ ਫਰੇਮ 'ਤੇ ਚਾਟੀ ਰੱਖੀ ਜਾਂਦੀ ਸੀ, ਉਸ ਨੂੰ ਨੇਂਹੀ ਕਹਿੰਦੇ ਸਨ। ਕਈ ਇਲਾਕਿਆਂ ਵਿਚ ਇਸ ਨੂੰ ਘੜੇਸਣੀ ਵੀ ਕਹਿੰਦੇ ਸਨ। ਏਸ ਚੌਰਸ ਫਰੇਮ ਦੇ ਇਕ ਪਾਸੇ ਬਾਹਰ ਵੱਲ ਇਕ ਲਰ ਲੱਗੀ ਹੁੰਦੀ ਸੀ, ਜਿਸ ਤੇ ਇਕ ਲੰਮੀ ਗੋਲ ਕਰ ਕੇ ਲੱਕੜ/ਥਾਹੀ ਲਾਈ ਹੁੰਦੀ ਸੀ। ਏਸ ਲੰਮੀ ਲੱਕੜ ਦੇ ਸਿਰੇ ਤੋਂ ਥੋੜ੍ਹਾ ਹੇਠਾਂ ਕਈ ਵਾਢੇ ਪਾਏ ਹੁੰਦੇ ਸਨ। ਮਧਾਣੀ ਦੇ ਉਪਰਲੇ ਹਿੱਸੇ ਵਿਚ ਵੀ ਗੋਲ ਲੱਕੜ ਲਾਈ ਹੁੰਦੀ ਸੀ, ਜਿਸ ਦੇ ਸਿਰੇ ਤੋਂ ਥੋੜ੍ਹਾ ਹੇਠਾਂ ਕਈ ਗੋਲ ਵਾਢੇ ਪਾਏ ਹੁੰਦੇ ਸਨ। ਮਧਾਣੀ ਦੀ ਏਸ ਲੱਕੜ ਦੇ ਹੇਠਾਂ ਸਰੀਆ ਲੱਗਿਆ ਹੁੰਦਾ ਸੀ, ਜਿਸ ਨੂੰ ਸਰੀ ਕਹਿੰਦੇ ਸਨ। ਏਸ ਸਰੀ ਹੇਠਾਂ ਸਿਰਿਆਂ ਤੋਂ ਢਾਲਮੀ ਕਰ ਕੇ ਲੱਕੜ ਵਿਚ ਲੱਕੜ ਕਰਾਸ ਕਰ ਕੇ ਮਧਾਣੀ ਲੋਟ ਲਾਈ ਹੁੰਦੀ ਸੀ, ਜਿਸ ਦੀ ਬਣਤਰ ਫੁੱਲ ਦੀ ਤਰ੍ਹਾਂ ਬਣ ਜਾਂਦੀ ਸੀ। ਏਸ ਨੂੰ ਮਧਾਣੀ ਦਾ ਫੁੱਲ ਹੀ ਕਹਿੰਦੇ ਸਨ। ਇਹ ਮਧਾਣੀ ਦੇ ਫੁੱਲ ਹੀ



Academy of the Punjab in North America: http://www.apnaorg.com

ਚਾਟੀ ਵਿਚ ਪਾਏ ਦੁੱਧ ਵਿਚ ਘੁੰਮਦੇ ਹੁੰਦੇ ਸਨ। ਮਧਾਣੀ ਦੀ ਲੱਕੜ ਦੇ ਵਾਢੇ ਵਿਚ ਦੀ ਤੇ ਨੇਂਹੀ ਦੀ ਲੱਕੜ ਵਿਚ ਪਏ ਹੋਏ ਵਾਢੇ ਵਿਚ ਦੀ ਇਕ ਰੱਸਾ ਪਾਇਆ ਜਾਂਦਾ ਸੀ, ਜਿਹੜਾ ਮਧਾਣੀ ਨੂੰ ਚਾਟੀ ਦੇ ਵਿਚਾਲੇ ਰਹਿਣ ਲਈ ਮਦਦਗਾਰ ਹੁੰਦਾ ਸੀ।

ਮਧਾਣੀ ਵਿਚ ਜਿਥੇ ਸਰੀ ਲੱਗੀ ਹੁੰਦੀ ਸੀ, ਉਸ ਸਰੀ ਵਿਚ ਇਕ ਲੱਕੜ ਦੀ ਫੱਟੀ, ਜਿਸ ਦਾ ਅਗਲਾ ਹਿੱਸਾ ਗੋਲ ਜਿਹਾ ਹੁੰਦਾ ਸੀ ਤੇ ਜਿਸ ਦੇ ਪਿਛਲੇ ਹਿੱਸੇ ਦੇ ਵਿਚਾਲੇ ਵੱਡਾ ਸਾਰਾ ਵਾਢਾ ਪਾਇਆ ਹੁੰਦਾ ਸੀ ਤੇ ਪਿਛਲੇ ਵਾਢਿਆਂ ਦੇ ਬਾਹਰ ਦੀ ਇਕ ਲੋਹੇ ਦੀ ਸੰਗਲੀ ਨੂੰ ਨੇਂਹੀ ਦੀ ਲੱਕੜ ਦੀ ਉਪਰ ਦੀ ਘੁੰਮਾ ਕੇ ਇਹ ਫੱਟੀ ਚਾਟੀ ਵਿਚ ਲਟਕਾਈ ਹੁੰਦੀ ਸੀ। ਏਸ ਫੱਟੀ ਨੂੰ ਕੁੜ੍ਹ ਕਹਿੰਦੇ ਸਨ। ਇਹ ਕੁੜ੍ਹ ਜਦ ਮਧਾਣੀ ਚਾਟੀ ਵਿਚ ਘੁੰਮਦੀ ਸੀ ਤਾਂ ਚਾਟੀ ਦੇ ਦੁੱਧ ਨੂੰ ਬਾਹਰ ਨਿਕਲਣ ਤੋਂ ਰੋਕਦੀ ਹੁੰਦੀ ਸੀ।

ਮਧਾਣੀ ਦੀ ਗੋਲ ਲੱਕੜ ਦੁਆਲੇ ਸਣ ਦਾ ਵੱਟ ਕੇ ਤੇ ਮੇਲ ਕੇ ਕਈ ਗੇੜੇ ਦੇ ਕੇ ਇਕ ਰੱਸਾ ਪਾਇਆ ਹੁੰਦਾ ਸੀ। ਏਸ ਰੱਸੇ ਦੇ ਸਿਰਿਆਂ ਤੇ ਲੱਕੜ ਦੀਆਂ ਗੁੱਲੀਆਂ ਲੱਗੀਆਂ ਹੁੰਦੀਆਂ ਸਨ। ਏਸ ਰੱਸੇ ਨੂੰ ਨੇਤੀ ਕਹਿੰਦੇ ਸਨ। ਇਸ ਨੇਤੀ ਦੀਆਂ ਗੁੱਲੀਆਂ ਨੂੰ ਦੋਵੇਂ ਹੱਥਾਂ ਵਿਚ ਫੜ ਕੇ ਕਦੇ ਇਕ ਪਾਸੇ ਨੂੰ, ਕਦੇ ਦੂਸਰੇ ਪਾਸੇ ਨੂੰ ਖਿੱਚਆ ਜਾਂਦਾ ਸੀ, ਜਿਸ ਨਾਲ ਮਧਾਣੀ ਘੁੰਮਦੀ ਸੀ। ਮਧਾਣੀ ਦੇ ਘੁੰਮਣ ਨਾਲ ਹੀ ਦੁੱਧ ਰਿੜਕਿਆ ਜਾਂਦਾ ਸੀ ਤੇ ਮੱਖਣ ਆਉਂਦਾ ਸੀ।

ਇਹ ਸੀ ਮਧਾਣੀ ਤੇ ਨੇਂਹੀ ਦੀ ਬਣਤਰ। ਇਹ ਸੀ ਮਧਾਣੀ ਦਾ ਕਰਤਵ। ਪੰਜਾਬ ਵਿਚ ਦੁੱਧ ਹੁਣ ਪਹਿਲੇ ਸਮਿਆਂ ਨਾਲੋਂ ਜ਼ਿਆਦਾ ਪੈਦਾ ਹੁੰਦਾ ਹੈ। ਪਰ ਬਹੁਤੇ ਲੋਕੀਂ ਦੁੱਧ ਵੇਚ ਦਿੰਦੇ ਹਨ। ਬਹੁਤ ਘੱਟ ਲੋਕ ਹੀ ਦੁੱਧ ਰਿੜਕਦੇ ਹਨ। ਜਿਹੜੇ ਦੁੱਧ ਰਿੜਕਦੇ ਵੀ ਹਨ, ਉਹ ਹੱਥਾਂ ਵਾਲੀ ਮਧਾਣੀ ਨਾਲ ਨਹੀਂ ਰਿੜਕਦੇ, ਉਹ ਬਿਜਲੀ ਵਾਲੀ ਮਧਾਣੀ ਨਾਲ ਦੁੱਧ ਰਿੜਕਦੇ ਹਨ। ਲੋਕ ਹੁਣ ਲੱਸੀ ਘੱਟ ਹੀ ਪੀ ਕੇ ਰਾਜ਼ੀ ਹਨ। ਹੁਣ ਤਾਂ ਸਾਰਾ ਦਿਨ ਚੁੱਲ੍ਹੇ ਉੱਤੇ ਚਾਹ ਹੀ ਰਿੱਝਦੀ ਰਹਿੰਦੀ ਹੈ।

0

## ਸੰਦੂਖ

ਸੰਦੂਖ ਦੀ ਬਣਤਰ ਕਿਹੋ ਜਿਹੀ ਹੁੰਦੀ ਸੀ, ਦੱਸਣ ਤੋਂ ਪਹਿਲਾਂ ਮੈਂ ਪੁਰਾਣੇ ਸਮਿਆਂ ਵਿਚ ਸੰਦੂਖ ਕਿਹੜੇ ਕੰਮ ਆਉਂਦਾ ਸੀ, ਦੱਸਣ ਜਾ ਰਿਹਾ ਹਾਂ।

ਪਹਿਲੇ ਸਮਿਆਂ ਵਿਚ ਖੇਤੀ ਸਾਰੀ ਬਾਰਸ਼ਾਂ 'ਤੇ ਨਿਰਭਰ ਹੁੰਦੀ ਸੀ, ਜਿਸ ਕਰ ਕੇ ਫ਼ਸਲ ਘੱਟ ਹੀ ਹੁੰਦੀ ਸੀ। ਆਈ ਫ਼ਸਲ ਨਾਲ ਕਬੀਲਦਾਰੀ ਦੀ ਆਈ ਚਲਾਈ ਹੀ ਚਲਦੀ ਸੀ। ਉਨ੍ਹਾਂ ਸਮਿਆਂ ਵਿਚ ਲੋਕ ਕਪੜੇ ਗੱਠੜੀਆਂ ਵਿਚ ਬੰਨ੍ਹ ਕੇ ਰੱਖਦੇ ਸਨ। ਘਰਾਂ ਵਿਚ ਇਕ ਬੜੀ ਸਾਰੀ ਸੋਟੀ ਨੂੰ ਦੋਹਾਂ ਪਾਸਿਆਂ ਤੋਂ ਰੱਸੀਆਂ ਨਾਲ ਬੰਨ੍ਹ



ਕੇ ਸ਼ਤੀਰ ਨਾਲ ਜਾਂ ਲਟੈਣ ਨਾਲ ਲਮਕਾਇਆ ਹੁੰਦਾ ਸੀ, ਜਿਸ ਉਪਰ ਰਜਾਈਆਂ, ਗਦੈਲੇ ਲਟਕਾਏ ਹੁੰਦੇ ਸਨ। ਇਨ੍ਹਾਂ ਰਜਾਈਆਂ ਗਦੈਲਿਆਂ ਨੂੰ ਮਿੱਟੀ ਘੱਟੇ ਤੋਂ ਬਚਾਉਣ ਲਈ ਖੇਸ ਜਾਂ ਦੁਪੱਟਾ ਉੱਤੇ ਦਿੱਤਾ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਘਰ ਕੱਚੇ ਹੁੰਦੇ ਸਨ। ਇਨ੍ਹਾਂ ਖੇਸ ਜਾਂ ਦੁਪੱਟੇ ਦੇ ਹੇਠਲੇ ਲੜਾਂ ਨੂੰ ਆਪਸ ਵਿਚ ਬੰਨ੍ਹਿਆ ਹੁੰਦਾ ਸੀ ਜਾਂ ਸਿਉਂਤਾ ਹੁੰਦਾ ਸੀ। ਘਰਾਂ ਵਿਚ ਕੱਚੀਆਂ ਕੋਠੀਆਂ ਬਣਾਈਆਂ ਹੁੰਦੀਆਂ ਸਨ। ਇਹ ਕੋਠੀਆਂ ਜਨਾਨੀਆਂ ਆਪ ਹੀ ਬਣਾਉਂਦੀਆਂ ਹੁੰਦੀਆਂ ਸਨ। ਇਨ੍ਹਾਂ ਕੋਠੀਆਂ ਵਿਚ ਵੀ ਰਜਾਈ, ਗਦੈਲੇ ਅਤੇ ਕਪੜਿਆਂ ਦੀਆਂ ਗਠੜੀਆਂ ਰੱਖ ਦਿੰਦੇ ਸਨ।

ਫੇਰ ਨਹਿਰਾਂ ਨਿਕਲੀਆਂ, ਖੂਹ ਲੱਗੇ। ਖੇਤੀ ਦੀ ਨਿਰਭਰਤਾ ਬਾਰਸ਼ਾਂ ਤੇ ਘਟੀ। ਲੋਕਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਹੋਇਆ। ਉਸ ਸਮੇਂ ਲੋਕਾਂ ਨੇ ਵਿਆਹਾਂ ਵਿਚ ਸੰਦੂਖ ਦੇਣੇ ਸ਼ੁਰੂ ਕੀਤੇ। ਉਨ੍ਹਾਂ ਸਮਿਆਂ ਵਿਚ ਹਰ ਕੁੜੀ ਦੀ ਇੱਛਾ ਹੁੰਦੀ ਸੀ ਕਿ ਉਸਦਾ ਰਿਸ਼ਤਾ ਚੰਗੇ ਖਾਂਦੇ ਪੀਂਦੇ ਪਰਿਵਾਰ ਵਿਚ ਹੋਵੇ। ਏਸ ਲਈ ਆਨੀ ਬਹਾਨੀ ਉਹ ਆਪਣੇ ਬਾਬਲ ਨੂੰ ਕਹਿੰਦੀ ਹੁੰਦੀ ਸੀ–

ਦੇਵੀਂ ਵੇ ਬਾਬਲ ਉਸ ਘਰੇ,
ਜਿੱਥੇ ਦਰਜੀ ਸੀਵੇ ਪੱਟ।
ਇਕ ਪਾਵਾਂ ਇਕ ਲਾਹਵਾਂ,
ਵੇ ਮੇਰਾ ਵਿਚ ਸੰਦੂਖਾਂ ਦੇ ਹੱਥ,
ਬਾਬਲ ਤੇਰਾ ਪੁੰਨ ਹੋਵੇ!





Academy of the Punjab in North America: http://www.apnaorg.com

ਸੰਦੂਖ ਤੇ ਕਾਫ਼ੀ ਖ਼ਰਚ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਛੋਟੀ ਉਮਰ ਵਿਚ ਵਿਆਹ ਕਰਨ ਦਾ ਰਿਵਾਜ ਸੀ। ਜਦ ਮੁੰਡਾ ਕੁੜੀ ਜੁਆਨ ਹੁੰਦੇ ਸਨ, ਉਸ ਸਮੇਂ ਹੀ ਮੁਕਲਾਵਾ ਦਿੱਤਾ ਜਾਂਦਾ ਸੀ। ਕਈਆਂ ਦੇ ਮੁਕਲਾਵੇ ਫ਼ਸਲ ਮਾੜੀ ਹੋਣ ਕਰ ਕੇ ਅਗਲੀ ਫ਼ਸਲ ਤੇ ਪਾਏ ਜਾਂਦੇ ਸਨ–

ਹਾੜੀ ਆਈ ਤੋਂ ਦੇਊਂ ਮੁਕਲਾਵਾ,
ਨੱਤੀਆਂ ਦੀ ਪਹੁੰਚ ਨਹੀਂ।

ਕਈ ਵੇਰ ਬਹੁਤੇ ਭਰਾ ਵੀ ਆਪਣੀ ਮਾੜੀ ਆਰਥਿਕ ਹਾਲਤ ਕਾਰਨ ਆਪਣੀ ਇਕੋ ਇਕ ਭੈਣ ਨੂੰ ਸੰਦੂਖ ਦੇਣ ਤੋਂ ਅਸਮਰਥ ਹੁੰਦੇ ਸਨ, ਜਿਸ ਕਰਕੇ ਭਰਾਵਾਂ ਨੂੰ ਲੋਕਾਂ ਦੀਆਂ ਟਕੋਰਾਂ ਵੀ ਸਹਿਣੀਆਂ ਪੈਂਦੀਆਂ ਸਨ–

ਗੱਡੀ ਜਾਂਦੀ ਆ ਸੰਦੂਖੋਂ ਖ਼ਾਲੀ,
ਬਹੁਤੇ ਭਰਾਵਾਂ ਵਾਲੀਏ!

ਕਈ ਵੇਰ ਭਰਾਵਾਂ ਕੋਲ ਚੰਗੀ ਜ਼ਮੀਨ ਹੋਣ ਦੇ ਬਾਵਜੂਦ ਵੀ ਸੰਦੂਖ ਨਾ ਦੇਣ ਦਾ ਅਰਮਾਨ ਭੈਣ ਦੇ ਦਿਲ ਵਿਚ ਰਹਿ ਜਾਂਦਾ ਸੀ–

ਭੈਣ ਤੁਰ ਗਈ ਸੰਦੂਖੋਂ ਖ਼ਾਲੀ,
ਵੀਰਾ ਵੇ! ਮੁਰੱਬੇ ਵਾਲਿਆ!

ਪਹਿਲੇ ਸਮਿਆਂ ਵਿਚ ਵੀਰਾਂ ਤੇ ਭੈਣਾਂ ਦਾ ਬਹੁਤ ਪਿਆਰ ਹੁੰਦਾ ਸੀ। ਕਈ ਵੇਰ ਵੀਰ ਆਪਣੀ ਭੈਣ ਦੀ ਸੰਦੂਖ ਦੀ ਮੰਗ ਪੂਰੀ ਕਰਦਿਆਂ ਬਾਪ ਨੂੰ ਕਰਜ਼ਾਈ ਵੀ ਕਰ ਦਿੰਦਾ ਸੀ–

ਮੇਰੇ ਵੀਰ ਨੇ ਸੰਦੂਖ ਬਣਾਇਆ,
ਬਾਪ ਕਰਜ਼ਾਈ ਹੋ ਗਿਆ।

ਆਮ ਤੌਰ ’ਤੇ ਮੁਕਲਾਵੇ ਵੇਲੇ ਹੀ ਸੰਦੂਖ ਦਿੱਤੇ ਜਾਂਦੇ ਸਨ। ਕਈ ਮਨਚਲੇ ਮੁਕਲਾਵੇ ਜਾਂਦੀ ਮੁਟਿਆਰ ਨੂੰ ਸਹੁਰਿਆਂ ਦੇ ਪਿੰਡ ਬਾਰੇ ਪੁੱਛਣ ਤੋਂ ਗੁਰੇਜ਼ ਨਹੀਂ ਕਰਦੇ ਹੁੰਦੇ ਸਨ–

ਕਿਹੜੇ ਪਿੰਡ ਮੁਕਲਾਵੇ ਜਾਣਾ,
ਨਿੰਮ ਦੇ ਸੰਦੂਖ ਵਾਲੀਏ।

ਜ਼ਿੰਦਗੀ ਵਿਚ ਪਤੀ ਪਤਨੀ ਦਾ ਤਕਰਾਰ ਹੋਣਾ ਕੁਦਰਤੀ ਹੈ। ਜੇਕਰ ਇਹ ਹੱਦ ਤੋਂ ਵੱਧ ਜਾਂਦਾ ਸੀ ਤਾਂ ਕਈ ਵੇਰ ਜਾਬਰ ਜੱਟੀ ਸੰਦੂਖ ਦੇ ਓਹਲੇ ਜੱਟ ਨੂੰ ਕੁੱਟਣ ਦੀ ਵਿਉਂਤ ਵੀ ਬਣਾ ਲੈਂਦੀ ਸੀ–

ਜੇ ਜੱਟੀਏ ਜੱਟ ਕੁੱਟਣਾ ਹੋਵੇ,
ਕੁੱਟੀਏ ਸੰਦੂਖਾਂ ਓਹਲੇ।



ਨਾਲੇ ਉਸ ਤੋਂ ਮੱਕੀ ਪਿਆਹੀਏ,
ਨਾਲੇ ਪਿਆਹੀਏ ਛੋਲੇ।
ਜੱਟੀਏ ਲਾ ਦਬਕਾ,
ਫੇਰ ਜੱਟ ਨਾ ਬਰਾਬਰ ਬੋਲੇ।

ਮਾਂ–ਬਾਪ ਦੀ ਮੌਤ ਤੋਂ ਬਾਅਦ ਧੀਆਂ ਦਾ ਪੇਕੇ ਘਰਾਂ ਵਿਚ ਪਹਿਲਾ ਜਿੰਨਾ ਜ਼ੋਰ ਨਹੀਂ ਰਹਿੰਦਾ। ਕਈ ਵੇਰ ਭੈਣ ਦਾ ਭਰਾਵਾਂ ਨਾਲ ਦੇਣ ਲੈਣ ਸਬੰਧੀ ਆਪਸ ਵਿਚ ਤਕਰਾਰ ਵੀ ਹੋ ਜਾਂਦੇ ਸਨ –

ਇਕ ਚਰਖਾ, ਸੰਦੂਖ ਦੀਆਂ ਫੱਟੀਆਂ,
ਤੈਂ ਕੀ ਦਿੱਤਾ ਸੀ ਵੱਡਿਆ ਵੀਰਨਾ?

ਕਈ ਵੇਰ ਗੁੱਸੇ ਵਿਚ ਆਈ ਭੈਣ ਦਿੱਤੇ ਸੰਦੂਖ ਨੂੰ ਵਾਪਸ ਚੁੱਕ ਲਿਆਉਣ ਲਈ ਕਹਿਣ ਤੋਂ ਵੀ ਨਹੀਂ ਝਿਜਕਦੀ ਸੀ–

ਚੱਕ ਲਿਆਈਂ ਤੂੰ ਸੰਦੂਖ ਦੀਆਂ ਫੱਟੀਆਂ,
ਜਦੋਂ ਵੀਰਾ ਲੋੜ ਪਈ।

ਉਨ੍ਹਾਂ ਸਮਿਆਂ ਵਿਚ ਸੰਦੂਖ ਬਹੁ–ਮੰਤਵੀ ਕੰਮ ਦਿੰਦਾ ਸੀ। ਕਪੜੇ ਵੀ ਸੰਦੂਖ ਵਿਚ ਰੱਖੇ ਜਾਂਦੇ ਸਨ, ਦਰੀਆਂ, ਰਜਾਈਆਂ ਗਦੈਲੇ, ਖੇਸ, ਗੱਲ ਕੀ ਹਰ ਕੱਪੜਾ ਸੰਦੂਖ ਵਿਚ ਹੀ ਰੱਖਿਆ ਜਾਂਦਾ ਸੀ। ਨਿੱਤ ਵਰਤੋਂ ਦੇ ਭਾਂਡਿਆਂ ਨੂੰ ਛੱਡ ਕੇ ਬਾਕੀ ਸਾਰੇ ਭਾਂਡੇ ਵੀ ਸੰਦੂਖ ਵਿਚ ਰੱਖੇ ਜਾਂਦੇ ਸਨ। ਹਾਰ ਸ਼ਿੰਗਾਰ ਦਾ ਥੋੜ੍ਹਾ ਬਹੁਤਾ ਜਿਹੜਾ ਸਮਾਨ ਹੁੰਦਾ ਸੀ, ਉਹ ਵੀ ਸੰਦੂਖ ਵਿਚ ਰੱਖਿਆ ਜਾਂਦਾ ਸੀ। ਗਹਿਣੇ ਰੱਖਣ ਲਈ ਵੀ ਸੰਦੂਖ ਵਿਚ ਇਕ ਚੋਰ ਰਖਨਾ ਬਣਾਇਆ ਹੁੰਦਾ ਸੀ, ਜਿਹੜਾ ਸੰਦੂਖ ਦੇ ਸਭ ਤੋਂ ਹੇਠਲੇ ਹਿੱਸੇ ਵਿਚ ਹੁੰਦਾ ਸੀ।

ਹੁਣ ਮੈਂ ਤੁਹਾਨੂੰ ਸੰਦੂਖ ਦੀ ਬਣਤਰ ਦੱਸਦਾ ਹਾਂ।

ਸੰਦੂਖ ਆਮ ਤੌਰ ਤੇ ਪਾਵਿਆਂ ਸਮੇਤ ਸੱਤ ਕੁ ਫੁੱਟ ਉੱਚਾ ਹੁੰਦਾ ਸੀ। ਛੇ ਕੁ ਫੁੱਟ ਚੌੜਾ ਹੁੰਦਾ ਸੀ। ਸਾਢੇ ਕੁ ਤਿੰਨ ਫੁੱਟ ਡੂੰਘਾ ਹੁੰਦਾ ਸੀ। ਏਸ ਦੇ ਉਪਰਲੇ ਹਿੱਸੇ ਵਿਚ ਸੱਜਾ ਲੱਗਿਆ ਹੁੰਦਾ ਸੀ, ਜਿਸ ਵਿਚ ਆਮ ਤੌਰ ’ਤੇ ਰੰਗ ਬਰੰਗੇ ਸ਼ੀਸ਼ੇ ਲੱਗੇ ਹੁੰਦੇ ਸਨ। ਸੰਦੂਖ ਦੇ ਸਾਹਮਣੇ ਅਗਲੇ ਹਿੱਸੇ ਵਿਚ ਸੱਤ, ਸੱਤ, ਅੱਠ ਅੱਠ ਇੰਚ ਕੁ ਦੇ ਪਤਾਮਾਂ ਵਾਲੇ ਡੱਬੇ ਬਣੇ ਹੁੰਦੇ ਸਨ। ਮਜ਼ਬੂਤੀ ਲਈ ਇਨ੍ਹਾਂ ਡੱਬਿਆਂ ਉਪਰ ਪੱਤੀਆਂ ਵੀ ਲੱਗੀਆਂ ਹੁੰਦੀਆਂ ਸਨ। ਕਈ ਸੰਦੂਖਾਂ ਉਪਰ ਜਿੱਥੇ ਪੱਤੀਆਂ ਦਾ ਕਰਾਸ ਬਣਦਾ ਸੀ, ਉਥੇ ਪਿੱਤਲ ਦੇ ਕੋਕੇ ਵੀ ਲਾਏ ਹੁੰਦੇ ਸਨ। ਕਈ ਸੰਦੂਖ ਦੋ ਛੱਤੇ ਵੀ ਹੁੰਦੇ ਸਨ। ਦੋ ਛੱਤੇ ਬਣਾਉਣ ਲਈ ਸੰਦੂਖ ਦੇ ਅੰਦਰ ਫੱਟੇ ਰੱਖਣ ਲਈ ਜਗ੍ਹਾ ਬਣਾਈ ਹੁੰਦੀ ਸੀ। ਪਹਿਲਾ ਸੰਦੂਖ ਦੇ ਹੇਠਲੇ ਹਿੱਸੇ ਵਿਚ, ਜਿਹੜੇ ਕੱਪੜਿਆਂ ਦੀ ਵਰਤੋਂ ਦੀ ਆਮ ਲੋੜ



Academy of the Punjab in North America: http://www.apnaorg.com

ਨਹੀਂ ਹੁੰਦੀ ਸੀ, ਜਿਵੇਂ ਰਜਾਈਆਂ, ਗਦੈਲੇ, ਖੇਸ, ਚਤਹੀਆਂ ਰੱਖਆਂ ਜਾਂਦੀਆਂ ਸਨ, ਫੇਰ ਸੰਦੂਖ ਵਿਚ ਫੱਟੇ ਰੱਖ ਦਿੱਤੇ ਜਾਂਦੇ ਸਨ। ਇਨ੍ਹਾਂ ਫੱਟਿਆਂ ਉਪਰ ਫੇਰ ਹੋਰ ਕਪੜੇ, ਲੀੜੇ, ਸਾਮਾਨ ਰੱਖਿਆ ਜਾਂਦਾ ਸੀ। ਸੰਦੂਖ ਦੇ ਅੰਦਰ ਸਾਹਮਣੇ ਕਰ ਕੇ ਇਕ ਟਾਂਡ ਵੀ ਬਣਾਈ ਹੁੰਦੀ ਸੀ, ਜਿਥੇ ਨਿਤ ਵਰਤੋਂ ਦਾ ਨਿੱਕਾ ਮੋਟਾ ਸਮਾਨ ਰੱਖਿਆ ਜਾਂਦਾ ਸੀ। ਸੰਦੂਖ ਅੰਦਰ ਸਮਾਨ ਰੱਖਣ ਲਈ ਇਕ ਛੋਟੀ ਜਿਹੀ ਦਰਵਾਜ਼ੀ ਹੁੰਦੀ ਸੀ। ਸੰਦੂਖ ਨੂੰ ਕਈ ਰੰਗਾਂ ਦਾ ਰੰਗ ਕੀਤਾ ਹੁੰਦਾ ਸੀ। ਸੰਦੂਖ ਨੂੰ ਆਮ ਤੌਰ ’ਤੇ ਜਨਾਨੀਆਂ ਜਿੰਦਾ ਲਾ ਕੇ ਰੱਖਦੀਆਂ ਹੁੰਦੀਆਂ ਸਨ।

ਸੰਦੂਖ ਟਾਹਲੀ, ਨਿੰਮ ਦੀ ਲੱਕੜ ਦੇ ਵਧੀਆ ਗਿਣੇ ਜਾਂਦੇ ਸਨ। ਅੱਜ ਦੀ ਪੀੜ੍ਹੀ ਨੇ ਆਪਣੀਆਂ ਦਾਦੀਆਂ, ਨਾਨੀਆਂ ਦੇ ਵਿਆਹਾਂ ਵਿਚ ਮਿਲੇ ਇਹ ਸੰਦੂਖ ਘਰਾਂ ਦੇ ਕਿਸੇ ਖੱਲ ਖੂੰਜੇ ਵਿਚ ਪਏ ਜ਼ਰੂਰ ਵੇਖੇ ਹੋਣਗੇ। ਕਿਸੇ ਸਮੇਂ ਸੰਦੂਖ ਨਿਤ ਵਰਤੋਂ ਦੀ ਇਕ ਅਹਿਮ ਵਸਤ ਹੁੰਦੀ ਸੀ। ਹੁਣ ਸੰਦੂਖ ਅਲੋਪ ਹੋ ਗਿਆ ਹੈ। ਸੰਦੂਖ ਹੁਣ ਅਜਾਇਬ ਘਰਾਂ ਵਿਚ ਹੀ ਵੇਖਣ ਨੂੰ ਮਿਲਿਆ ਕਰਨਗੇ।

0

## ਪੱਖੀਆਂ

ਪਹਿਲੇ ਸਮਿਆਂ ਵਿਚ ਜਦ ਸਾਉਣ ਤੇ ਭਾਦੋਂ ਦੀ ਅਤਿ ਦੀ ਗਰਮੀ ਵਿਚ ਲੋਕ ਮੱਕੀ ਤੇ ਕਪਾਹ ਦੀ ਗੋਡੀ ਕਰਦੇ ਸਨ, ਸਰੀਰ ਗਰਮੀ ਨਾਲ ਗੱਚ ਹੋ ਜਾਂਦੇ ਸਨ। ਮੱਕੀ ਦੇ ਟਾਂਡਿਆਂ ਦੇ ਪੱਛ ਲੱਗ ਲੱਗ ਕੇ ਲੱਤਾਂ ਤੇ ਬਾਹਾਂ ਤੇ ਝਰੀਟਾਂ ਆ ਜਾਂਦੀਆਂ ਸਨ। ਲੱਤਾਂ, ਬਾਹਾਂ ਦੁਖਣ ਲੱਗ ਜਾਂਦੀਆਂ ਸਨ। ਉਸ ਗਰਮੀ ਤੋਂ ਡਰਦੇ ਹੀ ਕਈ ਵੇਰ ਜੱਟਾਂ ਦੇ ਪੁੱਤ ਸਾਧ ਵੀ ਬਣ ਜਾਂਦੇ ਸਨ। ਜੇਠ, ਹਾੜ, ਸਾਉਣ ਤੇ ਭਾਦੋਂ ਦੇ ਮਹੀਨਿਆਂ ਵਿਚ ਕਹਿਰਾਂ ਦੀ ਗਰਮੀ ਪੈਂਦੀ ਹੁੰਦੀ ਸੀ। ਸਾਰੀ ਜ਼ਮੀਨ ਬਰਾਨੀ ਹੁੰਦੀ ਸੀ। ਬਰਨੋਂ ਉਡਦੀ ਹੁੰਦੀ ਸੀ। ਧਰਤੀ ਭੱਠ ਦੀ ਤਰ੍ਹਾਂ ਤਪਦੀ ਹੁੰਦੀ ਸੀ। ਜੇਠ, ਹਾੜ ਵਿਚ ਕਾਲੀਆਂ ਬੋਲੀਆਂ ਨ੍ਹੇਰੀਆਂ ਵੱਗਦੀਆਂ ਹੁੰਦੀਆਂ ਸਨ। ਜਨਾਨੀਆਂ ਨੂੰ ਰੋਟੀਆਂ ਪਕਾਉਣੀਆ ਵੀ ਮੁਸ਼ਕਲ ਹੋ ਜਾਂਦੀਆਂ ਸਨ। ਕਿਉਂ ਜੋ ਉਨ੍ਹਾਂ ਸਮਿਆਂ ਵਿਚ ਕਿਹੜਾ ਰਸੋਈਆਂ ਬਣੀਆਂ ਹੁੰਦੀਆਂ ਸਨ। ਬਾਹਰ ਵਿਹੜਿਆਂ ਵਿਚ ਧੁੱਪੇ ਹੀ ਰੋਟੀਆਂ ਪਕਾਉਣੀਆਂ ਪੈਂਦੀਆਂ ਸਨ। ਉਸ ਸਮੇਂ ਦਾ ਟੱਪਾ ਹੈ-

ਰੰਗ ’ਚੋ ਕੇ ਪ੍ਰਾਂਤ ਵਿਚ ਪੈ ਗਿਆ,
ਧੁੱਪੇ ਤੈਂ ਪਕਾਈਆਂ ਰੋਟੀਆਂ।

ਹਾੜੀ ਦੀ ਫ਼ਸਲ ਵੱਢਣ ਅਤੇ ਕੱਢਣ ਦੇ ਵੀ ਇਹੀ ਮਹੀਨੇ ਹੁੰਦੇ ਸਨ। ਉਨ੍ਹਾਂ ਸਮਿਆਂ ਵਿਚ ਖੇਤੀ ਸਾਰੀ ਹੱਥੀਂ ਕੀਤੀ ਜਾਂਦੀ ਸੀ। ਵਾਢੀ ਹੱਥੀਂ ਕੀਤੀ ਜਾਂਦੀ ਸੀ। ਫਲ੍ਹਿਆਂ ਨਾਲ ਗਾਹੀ ਕੀਤੀ ਜਾਂਦੀ ਸੀ। ਹੱਥੀਂ ਧੜਾਂ ਲਾਈਆਂ ਜਾਂਦੀਆਂ ਸਨ।





ਹੱਥੀਂ ਉਡਾ ਕੇ ਦਾਣੇ ਕੱਢੇ ਜਾਂਦੇ ਸਨ। ਏਸ ਤਰ੍ਹਾਂ ਜੇਠ, ਹਾੜ ਦੀ ਗਰਮੀ ਜ਼ਿਮੀਂਦਾਰਾਂ ਦੇ ਸਿਰ ਉੱਤੋਂ ਦੀ ਲੰਘਦੀ ਹੁੰਦੀ ਸੀ। ਉਨ੍ਹਾਂ ਸਮਿਆਂ ਵਿਚ ਘਰ ਤੇ ਦਰਖ਼ਤਾਂ ਦੀ ਛਾਂ ਹੀ ਥੋੜੀ ਬੱਚਤ ਗਰਮੀ ਤੋਂ ਕਰਦੀ ਹੁੰਦੀ ਸੀ। ਪੱਖੀਆਂ ਦੀ ਹਵਾ ਹੀ ਥੋੜ੍ਹੀ ਰਾਹਤ ਦਿੰਦੀ ਹੁੰਦੀ ਸੀ। ਉਨ੍ਹਾਂ ਸਮਿਆਂ ਵਿਚ ਗਰਮੀ ਤੋਂ ਡਰਦੀਆਂ ਸੱਜ-ਵਿਆਹੀਆ ਵੀ ਸਹੁਰੇ ਜਾਣ ਤੋਂ ਟਾਲ ਮਟੋਲੇ ਕਰਦੀਆਂ ਹੁੰਦੀਆਂ ਸਨ-

ਹਾੜ ਦੇ ਮਹੀਨੇ, ਜੀਅ ਕਰੇ ਨਾ ਸਹੁਰੀਂ ਜਾਣ ਨੂੰ,
ਮੁੰਡਾ ਫਿਰੇ ਨੀ ਗੱਡੀ ਜੋੜ ਕੇ ਲਿਜਾਣ ਨੂੰ।

ਕਈ ਤਾਂ ਗਰਮੀ ਤੋਂ ਐਨੀਆਂ ਦੁਖੀ ਹੋ ਜਾਂਦੀਆਂ ਸਨ ਕਿ ਵਿਆਹੀ ਨਾਲੋਂ ਕੁਆਰੀ ਰਹਿਣਾ ਹੀ ਚੰਗਾ ਸਮਝਦੀਆਂ ਹੁੰਦੀਆਂ ਸਨ-

ਹਾੜ ਦੇ ਮਹੀਨੇ, ਧੁੱਪਾਂ ਪੈਣ ਨੀ ਕਰਾਰੀਆਂ,
ਨਿਜ ਨੂੰ ਵਿਆਹੀ, ਬੁੱਲੇ ਲੈਣ ਨੀ ਕੁਆਰੀਆਂ।

ਪਹਿਲੇ ਸਮਿਆਂ ਵਿਚ ਜਦ ਪੱਖੀ ਦੀ ਬਣਤਰ ਸਬੰਧੀ ਆਮ ਜਾਣਕਾਰੀ ਨਹੀਂ ਸੀ, ਉਸ ਸਮੇਂ ਪੱਖੀਆਂ ਬਾਜ਼ਾਰ ਵਿਚੋਂ ਖਰੀਦੀਆਂ ਜਾਂਦੀਆਂ ਸਨ। ਛੋਟੇ ਕੁਛੜ ਵਾਲੇ ਬੱਚੇ ਨੂੰ ਗਰਮੀ ਤੋਂ ਰਾਹਤ ਦਿਵਾਉਣ ਲਈ ਵਹੁਟੀ ਆਪਣੇ ਮਾਹੀ ਤੋਂ ਪੱਖੀ ਦੀ ਮੰਗ ਕਰਦੀ ਹੁੰਦੀ ਸੀ-

ਲਿਖ ਪਰਵਾਨਾ ਭੇਜਾਂ ਵੇ, ਘਰ ਪੱਖੀ ਦੀ ਲੋੜ।
ਢੋਲ ਮੇਰਿਆ ਮਾਹੀ ਵੇ, ਘਰ ਪੱਖੀ ਦੀ ਲੋੜ।
ਕੁਛੜ ਬਾਲ ਨਿਆਣਾ ਵੇ, ਗਰਮੀ ਕਰਦੀ ਏ ਜ਼ੋਰ।

ਫੇਰ ਮਨੁੱਖੀ ਸੂਝ ਵਧੀ। ਘਰ ਘਰ ਪੱਖੀਆਂ ਬਣਨ ਲੱਗੀਆਂ। ਪੱਖੀਆਂ ਫੇਰ ਦਾਜ ਦਾ ਹਿੱਸਾ ਬਣ ਗਈਆਂ। ਭਾਂਤ ਭਾਂਤ ਦੀਆਂ ਪੱਖੀਆਂ ਦਾਜ ਵਿਚ ਦਿੱਤੀਆਂ ਜਾਂਦੀਆਂ ਸਨ। ਪੱਖੀਆਂ ਕਈ ਕਿਸਮ ਦੀਆਂ ਬਣਦੀਆਂ ਹੁੰਦੀਆਂ ਸਨ। ਕੋਈ ਕਰੋਸ਼ੀਏ ਨਾਲ ਬੁਣੀ ਜਾਂਦੀ ਸੀ, ਕੋਈ ਕੱਪੜੇ ’ਤੇ ਕਢਾਈ ਕੱਢ ਕੇ ਬਣਾਈ ਜਾਂਦੀ ਸੀ, ਕੋਈ ਛੀਂਟ ਦੀ ਬਣਾਈ ਜਾਂਦੀ ਸੀ। ਕਈ ਪੱਖੀਆਂ ਵਿਚ ਮਣਕੇ ਵੀ ਪਰੋਏ ਹੁੰਦੇ



Academy of the Punjab in North America: http://www.apnaorg.com

ਸਨ। ਪੱਖੀਆਂ ਦੇ ਝਾਲਰਾਂ ਵੀ ਵੱਖ-ਵੱਖ ਕਿਸਮ ਦੀਆਂ ਲਾਈਆਂ ਜਾਂਦੀਆਂ ਸਨ। ਕੋਈ ਚਿੱਟੀ ਝਾਲਰ ਵਾਲੀ ਹੁੰਦੀ ਸੀ, ਕੋਈ ਛੀਂਟ ਦੀ ਝਾਲਰ ਵਾਲੀ ਹੁੰਦੀ ਸੀ। ਕਿਸੇ ਦੀ ਝਾਲਰ ਕਰੋਸ਼ੀਏ ਨਾਲ ਬੁਣੀ ਹੁੰਦੀ ਸੀ। ਕੋਈ ਮਖਮਲ ਦੀ ਪੱਖੀ ਬਣੀ ਹੁੰਦੀ ਸੀ ਤੇ ਝਾਲਰ ਵੀ ਮਖਮਲ ਦੀ ਲਾਈ ਹੁੰਦੀ ਸੀ। ਕਈ ਪੱਖੀਆਂ ਦੇ ਹੈਂਡਲ ਅਤੇ ਪਿਛਲੇ ਪਾਸੇ 'ਤੇ ਚਾਂਦੀ ਦੇ ਪੋਲਰੇ ਚੜ੍ਹੇ ਹੁੰਦੇ ਸਨ, ਜਿਨ੍ਹਾਂ ਵਿਚ ਘੁੰਗਰੂ ਲੱਗੇ ਹੁੰਦੇ ਸਨ। ਕਈ ਪੱਖੀ ਨੂੰ ਘੁੰਗਰੂ ਲਵਾਉਣ ਦੀ ਮੰਗ ਵੀ ਕਰਦੀਆਂ ਹੁੰਦੀਆਂ ਸਨ। ਕਈ ਮੋਰ ਦੀਆਂ ਪੱਖੀਆਂ ਦੀ ਮੰਗ ਕਰਦੀਆਂ ਸਨ-

ਬੀਬਾ! ਰੁੱਤ ਗਰਮੀ ਦੀ ਆਈ,
ਪੱਖੀ ਨੂੰ ਲਵਾ ਦੇ ਘੁੰਗਰੂ।
x x x
ਪੱਖੀ ਮੋਰ ਦੀ ਲਿਆ ਦੇ ਮਾਹੀਆ,
ਤ੍ਰਿੰਞਣਾਂ 'ਚੋਂ ਵੱਟ ਲਗਦਾ।
x x x
ਵੇ ਲੇ ਦੇ ਮੈਨੂੰ ਮਖਮਲ ਦੀ,
ਪੱਖੀ ਘੁੰਗਰੂਆਂ ਵਾਲੀ।

ਮਰਦ ਦੀ ਪਰਵਿਰਤੀ ਸ਼ੁਰੂ ਤੋਂ ਹੀ ਆਪਣੀ ਘਰ ਵਾਲੀ ਤੇ ਧੱਕਾ ਕਰਨ ਵਾਲੀ ਰਹੀ ਹੈ। ਗਰਮੀ ਵਿਚ ਇਕ ਤਾਂ ਮੌਸਮ ਗਰਮ ਹੁੰਦਾ ਸੀ, ਦੂਜੇ ਜਿਸ ਦੇ ਘਰ ਵਾਲੇ ਦਾ ਮਜਾਜ਼ ਗਰਮ ਹੁੰਦਾ ਸੀ, ਉਸ ਦੀ ਤ੍ਰੀਮਤ ਦੀ ਤਾਂ ਸ਼ਾਮਤ ਆ ਜਾਂਦੀ ਸੀ-

ਦੌੜੀ ਦੌੜੀ ਨੀ ਮੈਂ ਗੋਲੀ ਵਿਹੜੇ ਜਾਨੀਆਂ,
ਮੇਰੇ ਮਾਹੀਏ ਨੂੰ ਪੱਖਾ ਝੁਲਾ,
ਨੀ ਮੌਸਮ ਗਰਮੀ ਦਾ।
ਮੇਰੇ ਮਾਹੀਏ ਦਾ ਤਲਖ਼ ਸੁਭਾ,
ਨੀ ਮੌਸਮ ਗਰਮੀ ਦਾ।

ਕਈ ਦਾਜ ਵਿਚ ਪੱਖੇ ਵੀ ਦਿੰਦੇ ਸਨ। ਇਹ ਪੱਖੀ ਦਾ ਹੀ ਬੜਾ ਰੂਪ ਹੁੰਦੇ ਸਨ। ਇਹ ਪੱਖੇ ਇਕੱਠਾਂ ਵਿਚ ਜਿਵੇਂ ਬਰਾਤਾਂ ਸਮੇਂ, ਗੁਰੂਦੁਆਰੇ ਅਤੇ ਸਮਾਜਿਕ ਇਕੱਠਾਂ ਵਿਚ ਸਮੂਹਕ ਤੌਰ ਤੇ ਝੱਲ ਮਾਰਨ ਲਈ ਵਰਤੇ ਜਾਂਦੇ ਸਨ। ਇਕ ਆਦਮੀ ਖੜ੍ਹ ਕੇ ਝੱਲ ਮਾਰਦਾ ਹੁੰਦਾ ਸੀ।

ਆਮ ਤੌਰ ਤੇ ਗ਼ਰੀਬ ਗੁਰਬੇ ਖੰਜੂਰ ਦੀਆਂ ਬਣੀਆਂ ਹੋਈਆਂ ਪੱਖੀਆਂ ਹੀ ਵਰਤਦੇ ਹੁੰਦੇ ਸਨ। ਸਰਦੇ ਵਜਦੇ ਘਰਾਂ ਵਿਚ ਛੱਤ ਨਾਲ ਲਮਕਦੇ ਬੜੇ ਪੱਖੇ ਵੀ ਲਾਏ ਹੁੰਦੇ ਸਨ। 6/7 ਕੁ ਫੁੱਟ ਲੰਮਾ 2 ਕੁ ਫੁੱਟ ਚੌੜਾ ਫੱਟਾ ਜਿਸ ਦੇ ਹੇਠ ਡੇਢ ਕੁ ਫੁੱਟ



ਚੌੜੀ ਝਾਲਰ ਲੱਗੀ ਹੁੰਦੀ ਸੀ, ਇਸ ਨੂੰ ਛੱਤ ਵਾਲਾ ਪੱਖਾ ਕਹਿੰਦੇ ਸਨ। ਇਸ ਪੱਖੇ ਨੂੰ ਇਕ ਬੰਦਾ ਮੋਟੀ ਰੱਸੀ ਨਾਲ ਖਿੱਚਦਾ ਹੁੰਦਾ ਸੀ। ਇਹ ਰੱਸੀ ਪੱਖੇ ਤੋਂ ਦਰਵਾਜ਼ੇ ਦੀ ਚੁੱਗਾਠ ਵਿਚ ਲੱਗੀ ਭੌਣੀ ਜਾਂ ਦੀਵਾਰ ਵਿਚ ਲੱਗੀ ਭੌਣੀ ਵਿਚ ਦੀ ਹੁੰਦੀ ਹੋਈ ਪੱਖੇ ਖਿੱਚਣ ਵਾਲੇ ਬੰਦੇ ਦੇ ਹੱਥ ਵਿਚ ਫੜੀ ਹੁੰਦੀ ਸੀ।

ਗਰਮੀ ਦੇ ਮੌਸਮ ਵਿਚ ਵਿਆਹੁਲੀਆਂ ਅਤੇ ਲਾੜੇ ਨੂੰ ਰੱਥ ਵਿਚ ਬੈਠਿਆਂ ਨੂੰ ਝੱਲ ਮਾਰਨ ਲਈ ਵੀ ਪੱਖੀਆਂ ਦਿੱਤੀਆਂ ਜਾਂਦੀਆਂ ਸਨ। ਸਹੁਰੀਂ ਆਏ ਪ੍ਰਾਹੁਣੇ ਨੂੰ ਵੀ ਪੱਖੀ ਹੀ ਝੱਲ ਮਾਰਨ ਵਾਸਤੇ ਦਿੱਤੀ ਜਾਂਦੀ ਸੀ।

ਹੁਣ ਪਿੰਡਾਂ, ਸ਼ਹਿਰਾਂ ਵਿਚ ਕੋਈ ਵੀ ਪੱਖੀਆਂ ਨਹੀਂ ਬਣਾਉਂਦਾ। ਏਸ ਲਈ ਦਾਜ ਵਿਚ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪੱਖੀਆਂ ਹੁਣ ਸਟੇਜੀ ਪ੍ਰੋਗਰਾਮਾਂ 'ਤੇ ਟੀ.ਵੀ. ਪ੍ਰੋਗਰਾਮਾਂ ਵਿਚ ਮੁੰਡਿਆਂ ਕੁੜੀਆਂ ਦੇ ਹੱਥੀਂ ਫੜੀਆਂ ਜ਼ਰੂਰ ਵੇਖੀਆਂ ਜਾਂਦੀਆਂ ਹਨ। ਪੱਖੀਆਂ ਹੁਣ ਸਾਡੇ ਵਿਰਸੇ ਵਿਚੋਂ ਅਲੋਪ ਹੋਣ ਦੇ ਨੇੜੇ ਹਨ।

0

## ਰੂੰ ਵੇਲਨਾ

ਰੂੰ ਵੇਲਨੇ ਦੀ ਬਣਤਰ ਦੱਸਣ ਤੋਂ ਪਹਿਲਾਂ ਮੈਂ ਪੁਰਾਣੇ ਸਮਿਆਂ ਵਿਚ ਵੇਲਨੇ ਦੀ ਮਹੱਤਤਾ ਬਾਰੇ ਥੋੜ੍ਹਾ ਜਿਹਾ ਦੱਸ ਦਿਆਂ ਤਾਂ ਉਚਿਤ ਹੋਵੇਗਾ। ਮਨੁੱਖੀ ਜੀਵਨ ਦੀਆਂ ਤਿੰਨ ਮੁੱਢਲੀਆਂ ਲੋੜਾਂ ਰੋਟੀ, ਕਪੜਾ ਅਤੇ ਮਕਾਨ ਹਨ। ਜਦ ਮਨੁੱਖ ਨੇ ਪੇਟ ਲਈ ਰੋਟੀ ਦਾ ਪ੍ਰਬੰਧ ਕਰ ਲਿਆ ਤਾਂ ਉਸ ਦੀ ਅਗਲੀ ਲੋੜ ਤਨ ਢਕਣ ਦੀ ਸੀ। ਤਨ ਢਕਣ ਲਈ ਮਨੁੱਖ ਬਿਰਛਾਂ ਦੀਆਂ ਛਿਲਕਾਂ ਤੇ ਬਿਲਕਾਂ ਤੋਂ ਹੁੰਦਾ ਹੋਇਆ ਕਪੜਾ ਬੁਣਨ ਦੀ ਵਿਧੀ ਤੱਕ ਪਹੁੰਚਿਆ। ਕਪਾਹ ਤੋਂ ਕਪੜਾ ਬਣਾਉਣ ਲਈ ਸਭ ਤੋਂ ਪਹਿਲਾਂ ਕਪਾਹ ਦੀਆਂ ਫੁੱਟੀਆਂ ਵਿਚੋਂ ਵੜੇਵੇਂ ਵੱਖਰੇ ਕਰਨ ਦੀ ਲੋੜ ਪਈ, ਜਿਸ ਲਈ ਵੇਲਨੇ ਦੀ ਈਜਾਦ ਹੋਈ।

ਮਨੁੱਖ ਦੀ ਉਤਪਤੀ ਤੇ ਵਿਕਾਸ ਵਿਚ ਪਹਿਲੀ ਇਕਾਈ ਪਿੰਡ ਬਣੇ। ਪਿੰਡ ਉਨ੍ਹਾਂ ਸਮਿਆਂ ਵਿਚ ਸਵੈ ਨਿਰਭਰ ਹੁੰਦੇ ਸਨ। ਲੋੜਾਂ ਹੀ ਬਹੁਤ ਘੱਟ ਹੁੰਦੀਆਂ ਸਨ, ਜਿਨ੍ਹਾਂ ਵਿਚੋਂ ਬਹੁਤੀਆਂ ਦੀ ਪੂਰਤੀ ਪਿੰਡ ਪੱਧਰ ਤੇ ਹੀ ਹੋ ਜਾਂਦੀ ਸੀ। ਤਨ ਢਕਣ ਲਈ ਕਪੜਾ ਵੀ ਪਿੰਡਾਂ ਵਿਚ ਹੀ ਬਣਾਇਆ ਜਾਂਦਾ ਸੀ। ਪਹਿਲਾਂ ਦੇਸੀ ਕਪਾਹ ਹੀ ਬੀਜੀ ਜਾਂਦੀ ਸੀ। ਲੜਕੀਆਂ ਨੂੰ ਉਨ੍ਹਾਂ ਸਮਿਆਂ ਵਿਚ ਪੜ੍ਹਾਉਣ ਦਾ ਰਿਵਾਜ ਨਹੀਂ ਸੀ। ਕਪਾਹ ਦੀ ਚੁਗਾਈ ਵੀ ਕੁੜੀਆਂ, ਬਹੂਆਂ ਅਤੇ ਬੁੜੀਆਂ ਕਰਦੀਆਂ ਹੁੰਦੀਆਂ ਸਨ। ਉਨ੍ਹਾਂ ਸਮਿਆਂ ਦੀ ਕਪਾਹ ਦੇ ਪੌਦਿਆਂ ਦੀ ਬਹੁਤ ਲੰਬਾਈ ਹੁੰਦੀ ਸੀ। ਕਈ ਵੇਰ ਲਗਾਤਾਰ ਕਪਾਹ ਚੁਗਣ ਨਾਲ ਨਾਜ਼ੋ ਗੋਰੀ ਥੱਕ ਵੀ ਜਾਂਦੀ ਸੀ। ਉਸ ਸਮੇਂ ਦਾ ਲੋਕਗੀਤ ਹੈ -



Academy of the Punjab in North America: http://www.apnaorg.com

ਝੁਕ ਜਾ ਕਪਾਹ ਦੀਏ ਛਿਟੀਏ,
ਪਤਲੋ ਦੀ ਬਾਂਹ ਥੱਕ ਗਈ।



ਹੁਣ ਤਾਂ ਕਪਾਹ, ਨਰਮੇ ਦੀਆਂ ਬੌਣੀਆਂ ਕਿਸਮਾਂ ਆ ਗਈਆਂ ਹਨ। ਚੁਗਾਈ ਤੋਂ ਬਾਅਦ ਜਿੰਨੀ ਕਪਾਹ ਕਪੜੇ ਬੁਣਨ, ਖੇਸ ਬੁਣਨ, ਰਜਾਈਆਂ, ਗਦੈਲਿਆਂ ਆਦਿ ਲਈ ਲੋੜੀਂਦੀ ਹੁੰਦੀ ਸੀ, ਉਨੀ ਕਪਾਹ ਨੂੰ ਹੀ ਵੇਲਿਆ ਜਾਂਦਾ ਸੀ। ਬਾਕੀ ਕਪਾਹ ਮੰਡੀ ਵੇਚ ਦਿੱਤੀ ਜਾਂਦੀ ਸੀ। ਪਹਿਲਾਂ ਸਾਰੀ ਕਪਾਹ ਵਿਚੋਂ ਚੰਗੀ ਚੰਗੀ ਕਪਾਹ ਦੇ ਫੁੱਟਾਂ ਦੀ ਛਾਂਟ ਕੀਤੀ ਜਾਂਦੀ ਸੀ। ਏਸ ਛਾਂਟੀ ਹੋਈ ਕਪਾਹ ਨੂੰ ਧੁੱਪੇ ਸੁਕਾਇਆ ਜਾਂਦਾ ਸੀ। ਸੁੱਕਣ ਤੋਂ ਬਾਅਦ ਕਪਾਹ ਨੂੰ ਤੂਤ ਦੀ ਛਿਟੀ ਨਾਲ ਚੰਗੀ ਤਰ੍ਹਾਂ ਝੰਬਿਆ ਜਾਦਾ ਸੀ। ਝੰਬਣ ਨਾਲ ਕਪਾਹ ਵਿਚ ਜੇ ਕਰ ਥੋੜ੍ਹਾ ਬਹੁਤਾ ਮਿੱਟੀ ਦਾ ਅੰਸ਼ ਜਾਂ ਕੁਝ ਹੋਰ ਹੁੰਦਾ ਸੀ, ਉਹ ਨਿਕਲ ਜਾਂਦਾ ਸੀ। ਦੂਜੇ ਝੰਬਣ ਨਾਲ ਕਪਾਹ ਦੀਆਂ ਫੁੱਟੀਆਂ ਪੋਲੀਆਂ ਹੋ ਜਾਂਦੀਆਂ ਸਨ ਤੇ ਵੇਲਨੀ ਸੌਖੀ ਹੋ ਜਾਂਦੀ ਸੀ। ਵੇਲਨਾ ਚਲਾਉਣ ਲਈ ਕਾਫ਼ੀ ਜ਼ੋਰ ਲੱਗਦਾ ਹੁੰਦਾ ਸੀ। ਮਾੜੀ ਜਨਾਨੀ ਤਾਂ ਵੇਲਨਾ ਚਲਾਉਂਦੀ ਥੱਕ ਜਾਂਦੀ ਸੀ–

ਕਰੀਰ ਦਾ ਵੇਲਨਾ,
ਮੈਂ ਵੇਲ ਵੇਲ ਥੱਕੀ।

ਵੇਲਨੇ ਦੀ ਬਣਤਰ ਇਸ ਤਰ੍ਹਾ ਹੁੰਦੀ ਸੀ।

ਸਭ ਤੋਂ ਹੇਠਾਂ ਵੇਲਨੇ ਦੇ ਦੋ ਪੈਰ ਹੁੰਦੇ ਸਨ। ਇਨ੍ਹਾਂ ਦੋਵਾਂ ਪੈਰਾਂ ਦੇ ਵਿਚਾਲੇ ਲੱਕੜ ਲਾ ਕੇ ਇਨ੍ਹਾਂ ਨੂੰ ਜੋੜਿਆ ਜਾਂਦਾ ਸੀ। ਇਨ੍ਹਾਂ ਦੋਨਾਂ ਪੈਰਾਂ ਉਪਰ ਮੁੰਨੇ ਲੱਗੇ ਹੁੰਦੇ ਸਨ। ਮੁੰਨੇ ਹੇਠਾਂ ਤੋਂ ਘੱਟ ਚੌੜੇ ਹੁੰਦੇ ਸਨ। ਜਿਉਂ ਜਿਉਂ ਉਪਰ ਨੂੰ ਜਾਂਦੇ ਸਨ, ਤਿਉਂ ਤਿਉਂ ਜ਼ਿਆਦਾ ਚੌੜੇ ਹੁੰਦੇ ਜਾਂਦੇ ਸਨ। ਇਨ੍ਹਾਂ ਮੁੰਨਿਆਂ ਵਿਚ ਗੁੱਝੇ ਲੱਗੇ ਹੁੰਦੇ



ਸਨ। ਇਨ੍ਹਾਂ ਦੋਨਾਂ ਮੁੰਨਿਆਂ ਦੇ ਵਿਚਾਲੇ ਇਕ ਲੱਕੜ ਦਾ ਵੇਲਨਾ ਪਾਇਆ ਜਾਂਦਾ ਸੀ। ਲੱਕੜ ਦੇ ਵੇਲਨੇ ਦੇ ਬਿਲਕੁਲ ਨਾਲ ਇਕ ਸਰੀਏ ਦਾ ਵੇਲਨਾ ਪਾਇਆ ਜਾਂਦਾ ਸੀ। ਲੱਕੜ ਦੇ ਵੇਲਨੇ ਤੇ ਸਰੀਏ ਦੇ ਵੇਲਨੇ ਦੇ ਸੰਨ੍ਹ ਵਿਚ ਕਪਾਹ ਦੀਆਂ ਫੁੱਟੀਆਂ ਵੇਲਨ ਲਈ ਲਾਈਆਂ ਜਾਂਦੀਆਂ ਸਨ।

ਲੱਕੜ ਦੇ ਵੇਲਨੇ ਦਾ ਇਕ ਸਿਰਾ ਤੇ ਲੋਹੇ ਦੇ ਵੇਲਨੇ ਦਾ ਇਕ ਸਿਰਾ ਮੁੰਨੇ ਤੋਂ ਬਾਹਰ ਤੱਕ ਜਾਂਦਾ ਸੀ। ਇਨ੍ਹਾਂ ਦੋਵਾਂ ਦੇ ਸਿਰਿਆਂ ਤੇ ਬਰਮ ਹੁੰਦੇ ਸਨ। ਵੇਲਨੇ ਨੂੰ ਚਲਾਉਣ ਲਈ ਲੱਕੜ ਦੇ ਵੇਲਨੇ ਵਿਚ ਲੱਕੜ ਦਾ ਹੱਥੜਾ ਲੱਗਿਆ ਹੁੰਦਾ ਸੀ। ਹਥੜੇ ਨਾਲ ਵੇਲਨਾ ਚਲਾਇਆ ਜਾਂਦਾ ਸੀ। ਚਲਦੇ ਵੇਲਨੇ ਵਿਚ ਕਪਾਹ ਦੀਆਂ ਫੁੱਟੀਆਂ ਲਾਈਆਂ ਜਾਂਦੀਆਂ ਸਨ। ਵੜੇਮੇਂ ਵੇਲਨਾ ਚਲਾਉਣ ਵਾਲੀ ਜਨਾਨੀ ਵਾਲੇ ਪਾਸੇ ਡਿੱਗਦੇ ਰਹਿੰਦੇ ਸਨ ਤੇ ਵੇਲ੍ਹੀ ਹੋਈ ਕਪਾਹ ਵੇਲਨੇ ਦੇ ਦੂਸਰੇ ਪਾਸੇ ਡਿੱਗਦੀ ਰਹਿੰਦੀ ਸੀ। ਜੇਕਰ ਵੜੇਮਿਆਂ ਨਾਲ ਕਪਾਹ ਦਾ ਅੰਸ਼ ਲੋੜ ਨਾਲੋਂ ਵੱਧ ਆਉਣ ਲੱਗਦਾ ਸੀ ਤਾਂ ਮੁੰਨੇ ਵਿਚ ਜਿਹੜੇ ਗੁੱਝੇ ਲਾਏ ਹੁੰਦੇ ਸਨ, ਉਨ੍ਹਾਂ ਨੂੰ ਹੋਰ ਟਾਈਟ/ਕਸ ਦਿੱਤਾ ਜਾਂਦਾ ਸੀ। ਗੁੱਝੇ ਟਾਈਟ ਕਰਨ ਨਾਲ ਵੜੇਵਿਆਂ ਨਾਲ ਰੂੰ ਜਾਣੀ ਬੰਦ ਹੋ ਜਾਂਦੀ ਸੀ।

ਇਹ ਸੀ ਵੇਲਨੇ ਦੀ ਬਣਤਰ ਤੇ ਵੇਲਨੇ ਦਾ ਕਰਤਵ। ਪੰਜਾਬ ਦੇ ਬਹੁਤੇ ਇਲਾਕਿਆਂ ਵਿਚ ਹੁਣ ਜੀਰੀ ਦੀ ਫ਼ਸਲ ਬੀਜੀ ਜਾਂਦੀ ਹੈ। ਬਠਿੰਡੇ, ਮੁਕਤਸਰ, ਫਰੀਦਕੋਟ ਤੇ ਫੀਰੋਜ਼ਪੁਰ ਜ਼ਿਲਿਆਂ ਦੇ ਕੁਝ ਹਿੱਸਿਆਂ ਵਿਚ ਹੀ ਨਰਮਾ ਬੀਜਿਆ ਜਾਂਦਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਵੀ ਕੋਈ ਜਨਾਨੀ ਹੱਥ ਵਾਲੇ ਵੇਲਨੇ ਨਾਲ ਰੂੰ ਨਹੀਂ ਵੇਲ੍ਹਦੀ। ਰੂੰ ਹੁਣ ਮਸ਼ੀਨਾਂ ਵੇਲ੍ਹਦੀਆਂ ਹਨ। ਹੱਥ ਨਾਲ ਰੂੰ ਵੇਲਨ ਵਾਲਾ ਵੇਲਨਾ ਹੁਣ ਤੁਹਾਨੂੰ ਸਾਰੇ ਪੰਜਾਬ ਵਿਚ ਕਿਤੇ ਵੀ ਨਹੀਂ ਮਿਲੇਗਾ। ਹੁਣ ਇਹ ਵੇਲਨਾ ਅਜਾਇਬ ਘਰਾਂ ਵਿਚ ਹੀ ਵੇਖਣ ਨੂੰ ਮਿਲਦਾ ਹੈ।

0

## ਦਰੀਆਂ ਬੁਣਨ ਵਾਲਾ ਅੱਡਾ

ਪਹਿਲੇ ਸਮਿਆਂ ਵਿਚ ਪਿੰਡਾਂ ਵਿਚ ਸਕੂਲ ਨਹੀਂ ਹੁੰਦੇ ਸਨ। ਕੁੜੀਆਂ ਦੀ ਪੜ੍ਹਾਈ ਦਾ ਉਸ ਸਮੇਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਹਾਂ, ਕੁੜੀਆਂ ਨੂੰ ਘਰ ਦੇ ਕੰਮਾਂ ਕਾਰਾਂ ਵਿਚ ਕਢਾਈ, ਬੁਣਾਈ, ਕਤਾਈ ਤੇ ਸਿਲਾਈ ਵਿਚ ਜ਼ਰੂਰ ਮਾਹਰ ਕੀਤਾ ਜਾਂਦਾ ਸੀ। ਕੁੜੀਆਂ ਉਨ੍ਹਾਂ ਸਮਿਆਂ ਵਿਚ ਫੁਲਕਾਰੀਆਂ, ਬਾਗ਼, ਵਿਛਾਈਆਂ ਸਰਹਾਣੇ, ਝੋਲੇ ਆਦਿ ਕੱਢਦੀਆਂ ਹੁੰਦੀਆਂ ਸਨ। ਉਨ੍ਹਾਂ ਸਮਿਆਂ ਵਿਚ ਦਰੀਆਂ ਨਿੱਤ ਵਰਤੋਂ ਦੀ ਇਕ ਅਹਿਮ ਵਸਤ ਹੁੰਦੀ ਸੀ। ਦਰੀਆਂ ਘਰ ਹੀ ਬੁਣੀਆਂ ਜਾਂਦੀਆਂ ਸਨ। ਦਰੀਆਂ ਬੁਣਨ ਲਈ ਘਰ ਹੀ ਅੱਡੇ ਬਣਾਏ ਜਾਂਦੇ ਸਨ। ਦਰੀ ਬੁਣਨ ਲਈ



Academy of the Punjab in North America: http://www.apnaorg.com

ਅੱਡਾ ਕਿਵੇਂ ਬਣਦਾ ਸੀ? ਦਰੀ ਬਣਾਉਣ ਲਈ ਹੋਰ ਕਿਹੜੇ ਸੰਦ ਹੁੰਦੇ ਸਨ? ਉਨ੍ਹਾਂ ਬਾਰੇ ਮੈਂ ਹੇਠਾਂ ਦੱਸਣ ਜਾ ਰਿਹਾ ਹਾਂ।

ਪਹਿਲੇ ਸਮਿਆਂ ਵਿਚ ਘਰਾਂ ਵਿਚ ਖੁੱਲ੍ਹੇ ਦਲਾਨ ਹੁੰਦੇ ਸਨ। ਕਈ ਇਲਾਕਿਆਂ ਵਿਚ ਇਨ੍ਹਾਂ ਦਲਾਨਾਂ ਨੂੰ ਸਵਾਤਾਂ ਵੀ ਕਹਿੰਦੇ ਸਨ। ਇਨ੍ਹਾਂ ਖੁੱਲ੍ਹੇ ਦਲਾਨਾਂ ਵਿਚ ਹੀ ਦਰੀਆਂ ਬੁਣਨ ਲਈ ਅੱਡੇ ਬਣਾਏ ਜਾਂਦੇ ਸਨ। ਬਿਜਲੀ ਉਨ੍ਹਾਂ ਸਮਿਆਂ ਵਿਚ ਹੁੰਦੀ ਨਹੀਂ ਸੀ। ਗਰਮੀ ਦੇ ਮੌਸਮ ਵਿਚ ਆਮ ਤੌਰ 'ਤੇ ਦਰੀਆਂ ਬੁਣੀਆਂ ਜਾਂਦੀਆਂ ਸਨ। ਏਸ ਕਰ ਕੇ ਖੁਲ੍ਹੇ ਦਲਾਨਾਂ ਵਿਚ ਹਵਾ ਖੁਲ੍ਹੀ ਆਉਂਦੀ ਰਹਿੰਦੀ ਸੀ।



ਦਰੀ ਦਾ ਅੱਡਾ ਬਣਾਉਣ ਲਈ ਧਰਤੀ ਵਿਚ ਚਾਰ ਕੀਲੇ ਆਮੋ ਸਾਹਮਣੇ ਗੱਡੇ ਜਾਂਦੇ ਸਨ। ਇਨ੍ਹਾਂ ਦਾ ਇਕ ਪਾਸੇ ਤੋਂ 9 ਕੁ ਫੁੱਟ ਦਾ ਫ਼ਰਕ ਹੁੰਦਾ ਸੀ ਤੇ 6 ਕੁ ਫੁੱਟ ਚੌੜੇ ਹੁੰਦੇ ਸਨ। ਚੌੜੇ ਲੋਟ ਵਾਲੇ ਇਨ੍ਹਾਂ ਕਿੱਲਿਆਂ ਨਾਲ ਦੋ ਲੱਕੜਾਂ ਰੱਸੀਆਂ ਨਾਲ ਬੰਨੀਆਂ ਹੁੰਦੀਆਂ ਸਨ। ਇਨ੍ਹਾਂ ਲੱਕੜਾਂ ਉੱਪਰ ਕੋਈ ਪੁਰਾਣਾ ਕੱਪੜਾ ਵਲੇਟਿਆ ਜਾਂਦਾ ਸੀ। ਕਪੜਾ ਏਸ ਲਈ ਵਲ੍ਹੇਟਦੇ ਸਨ ਤਾਂ ਜੋ ਦਰੀ ਦੇ ਤਾਣੇ ਦੇ ਧਾਗੇ ਘਸ ਘਸ ਕੇ ਨਾ ਟੁੱਟਣ। ਇਨ੍ਹਾਂ ਦੋਵਾਂ ਲੱਕੜਾਂ ਦੇ ਉਪਰ ਦੀ ਵੱਟੇ ਹੋਏ ਸੂਤ ਦੇ ਧਾਗੇ ਦਾ ਤਾਣਾ ਤਣਿਆ ਜਾਂਦਾ ਸੀ। ਤਾਣਾ ਚਿੱਟੇ ਸੂਤ ਦਾ ਹੁੰਦਾ ਸੀ। ਏਸ ਤਾਣੇ ਦੇ ਉਪਰ ਦੀ ਤੇ ਅੱਡੇ ਦੇ ਉਪਰ ਦੀ ਘੋੜੀ ਰੱਖੀ ਜਾਂਦੀ ਸੀ। ਘੋੜੀ ਨੂੰ ਕਿਤੇ ਦੂਸਰੀ ਘੋੜੀ ਨਾ ਸਮਝ ਲੈਣਾ। ਇਹ ਲੱਕੜ ਦੀ ਘੋੜੀ ਹੁੰਦੀ ਸੀ, ਜਿਸ ਦੀ ਬਣਤਰ ਏਸ ਤਰ੍ਹਾਂ ਦੀ ਹੁੰਦੀ ਸੀ।

ਘੋੜੀ ਦਾ ਸਾਈਜ਼ ਚੌੜੇ ਲੋਟ ਗੱਡੇ ਕੀਲਿਆਂ ਜਿੰਨਾ ਕੁ ਹੁੰਦਾ ਸੀ। ਘੋੜੀ ਦੇ ਦੋਵੇਂ ਪਾਸੇ ਦੋ ਦੋ ਪਾਵੇ ਤਿਰਛੇ ਕਰ ਕੇ ਲੱਗੇ ਹੁੰਦੇ ਸਨ। ਇਨ੍ਹਾਂ ਪਾਵਿਆਂ ਉਪਰ ਇਕ ਚੌੜੀ ਲੱਕੜ ਲੱਗੀ ਹੁੰਦੀ ਸੀ, ਜਿਸ ਨੂੰ ਫੱਲੜ ਕਹਿੰਦੇ ਸਨ। ਦੋਵੇਂ ਫੱਲੜਾਂ ਦੇ ਉਪਰ ਦੀ ਇਕ ਗੋਲ ਲੱਕੜ ਲਾ ਕੇ ਇਹ ਆਪਸ ਵਿਚ ਜੋੜੇ ਹੁੰਦੇ ਸਨ। ਏਸ ਤਰ੍ਹਾਂ ਇਹ



ਘੋੜੀ ਬਣਦੀ ਸੀ। ਏਸ ਘੋੜੀ ਦੇ ਫੱਲੜਾਂ ਦੇ ਨਜ਼ਦੀਕ ਦੋਵੇਂ ਪਾਸੇ ਡੇਢ ਕੁ ਫੁੱਟ ਲੰਮੇ ਡੰਡੇ ਲਟਕਾਏ ਹੁੰਦੇ ਸਨ। ਇਨ੍ਹਾਂ ਡੰਡਿਆਂ ਨੂੰ ਕਾਟੋ ਕਹਿੰਦੇ ਸਨ। ਇਨ੍ਹਾਂ ਕਾਟੋਆਂ ਦੇ ਸਿਰਿਆਂ ਤੇ ਥੋੜ੍ਹੇ ਥੋੜ੍ਹੇ ਵਾਢੇ ਪਾਏ ਹੁੰਦੇ ਸਨ। ਇਨ੍ਹਾਂ ਵਾਢਿਆਂ ਵਿਚ ਰੱਸੀਆਂ ਪਾਈਆਂ ਹੁੰਦੀਆਂ ਸਨ। ਇਨ੍ਹਾਂ ਰੱਸੀਆਂ ਨੂੰ ਤਾਣੇ ਵਿਚ ਘੋੜੀ ਦੇ ਅੱਗੇ ਤੇ ਪਿੱਛੇ ਪਾਏ ਡੰਡਿਆਂ ਦੇ ਸਿਰਿਆਂ ਨਾਲ ਬੰਨ੍ਹਿਆ ਜਾਂਦਾ ਸੀ। ਤਾਣੇ ਵਿਚ ਪਾਏ ਇਨ੍ਹਾਂ ਡੰਡਿਆਂ ਨੂੰ ਮਕੜੇ ਕਹਿੰਦੇ ਸਨ।

ਦਰੀਆਂ ਦੋ ਜਨਾਨੀਆਂ ਬੁਣਦੀਆਂ ਹੁੰਦੀਆਂ ਸਨ। ਦਰੀ ਬੁਣਨ ਲਈ ਤਾਣੇ ਤੋਂ ਥੋੜ੍ਹਾ ਉਪਰ ਕਰ ਕੇ ਇਕ ਫੱਟਾ ਰੱਖਿਆ ਜਾਂਦਾ ਸੀ। ਏਸ ਫੱਟੇ ਨੂੰ ਤਾਣੇ ਦੇ ਬਾਹਰ ਇੱਟਾਂ ਤੇ ਜਾਂ ਕਿਸੇ ਲੱਕੜ ਤੇ ਟਿਕਾਇਆ ਹੁੰਦਾ ਸੀ। ਏਸ ਫੱਟੇ ਤੇ ਬੈਠ ਕੇ ਹੀ ਜਨਾਨੀਆਂ ਦਰੀਆਂ ਬੁਣਦੀਆਂ ਸਨ। ਜਦ ਕਾਟੋਆਂ ਨੂੰ ਅੱਗੇ ਪਿੱਛੇ ਕੀਤਾ ਜਾਂਦਾ ਸੀ ਤਾਂ ਏਸ ਨਾਲ ਮਕੜੇ ਉਪਰ ਹੇਠ ਹੁੰਦੇ ਸਨ, ਜਿਸ ਨਾਲ ਤਾਣਾ ਹੇਠਾਂ ਉਪਰ ਹੁੰਦਾ ਰਹਿੰਦਾ ਸੀ। ਕਾਟੋਆਂ ਨੂੰ ਅੱਗੇ ਪਿੱਛੇ ਕਰਨ ਨੂੰ ਦਮ ਸਿੱਟਣਾ ਕਹਿੰਦੇ ਸਨ। ਦਰੀ ਬੁਣਨ ਵਾਲੀਆਂ ਫਿਰ ਤਾਣੇ ਵਿਚ ਦੀ ਰੰਗਦਾਰ ਸੂਤ ਦੀਆਂ ਬਣੀਆਂ ਹੋਈਆਂ ਗੁੱਟੀਆਂ ਹੱਥਾਂ ਨਾਲ ਲੰਘਾਉਂਦੀਆਂ ਹੁੰਦੀਆਂ ਸਨ। ਜਿੰਨੇ ਰੰਗ ਦਰੀ ਵਿਚ ਪਾਉਣੇ ਹੁੰਦੇ ਸਨ, ਓਨੇ ਰੰਗਾਂ ਦੀਆਂ ਹੀ ਗੁੱਟੀਆਂ ਬਣਾਈਆਂ ਜਾਂਦੀਆਂ ਸਨ। ਏਸ ਤਰ੍ਹਾਂ ਦਰੀ ਬਣਨੀ ਸ਼ੁਰੂ ਹੋ ਜਾਂਦੀ ਸੀ।

ਬਣ ਰਹੀ ਦਰੀ ਇਕੋ ਜਿਹੀ ਚੌੜੀ ਰਹੇ, ਇਸ ਲਈ ਬਣੀ ਹੋਈ ਦਰੀ ਦੇ ਹਿੱਸੇ ਉਪਰ ਪਣਖ ਲਾਈ ਜਾਂਦੀ ਸੀ। ਪਣਖ ਦੀ ਬਣਤਰ ਏਸ ਤਰ੍ਹਾਂ ਹੁੰਦੀ ਸੀ। ਦੋ ਚਪਟੀਆਂ ਫੱਟੀਆਂ ਹੁੰਦੀਆਂ ਸਨ। ਉਨ੍ਹਾਂ ਦੇ ਇਕ ਸਿਰਿਆਂ 'ਤੇ ਆਰਾਂ ਲੱਗੀਆਂ ਹੁੰਦੀਆਂ ਸਨ। ਇਨ੍ਹਾਂ ਆਰਾਂ ਨੂੰ ਦਰੀ ਦੇ ਕਿਨਾਰਿਆਂ ਤੇ ਲਾ ਕੇ ਦਰੀ ਦੇ ਵਿਚਾਲੇ ਇਨ੍ਹਾਂ ਫੱਟੀਆਂ ਨੂੰ ਆਪਸ ਵਿਚ ਇਕ ਕਲੰਪ ਨਾਲ ਜੋੜਿਆ ਜਾਂਦਾ ਸੀ। ਫੱਟੀਆਂ ਦੇ ਦੂਸਰਿਆਂ ਸਿਰਿਆਂ ਵਿਚ ਗਲੀਆਂ ਕੱਢੀਆਂ ਹੁੰਦੀਆਂ ਸਨ। ਇਨ੍ਹਾਂ ਗਲੀਆਂ ਵਿਚ ਲੋਹੇ ਦੀ ਮੇਖ ਪਾ ਦਿੱਤੀ ਜਾਂਦੀ ਸੀ। ਇਹ ਸੀ ਪਣਖ।

ਤਾਣੇ ਵਿਚ ਗੁੱਟੀਆਂ ਰਾਹੀਂ ਪਾਏ ਧਾਗੇ ਦੇ ਪੇਟੇ ਨੂੰ ਤਾਣੇ ਵਿਚ ਸਹੀ ਸੈੱਟ ਕਰਨ ਲਈ, ਠੋਕਣ ਲਈ ਪੰਜਾ ਹੁੰਦਾ ਸੀ। ਪੰਜੇ ਦੇ ਅਗਲੇ ਹਿੱਸੇ ਵਿਚ ਪੰਜ, ਤਿੰਨ ਚਾਰ ਇੰਚ ਲੰਮੀਆਂ ਪੱਤੀਆਂ ਲੱਗੀਆਂ ਹੁੰਦੀਆਂ ਸਨ। ਪਿੱਛੇ ਲੱਕੜ ਦਾ ਹੱਥਾ ਲੱਗਿਆ ਹੁੰਦਾ ਸੀ। ਜਦ ਸਾਰੀ ਦਰੀ ਬਣ ਜਾਂਦੀ ਸੀ ਤਾਂ ਘੋੜੀ ਤੇ ਮਕੜਿਆਂ ਨੂੰ ਤਾਣੇ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਸੀ। ਤਾਣੇ ਦੇ ਅੱਗੇ ਤੇ ਪਿੱਛੇ ਜਿਹੜਾ ਤਾਣਾ ਦਰੀ ਬੁਣਨ ਤੋਂ ਬਿਨਾਂ ਰਹਿ ਜਾਂਦਾ ਸੀ, ਉਸ ਤਾਣੇ ਨੂੰ ਦੋਵੇਂ ਪਾਸਿਆਂ ਦੀਆਂ ਲੱਕੜਾਂ ਤੋਂ ਕੈਚੀ ਨਾਲ ਕੱਟ ਕੇ ਬਣੀ ਦਰੀ ਨੂੰ ਬਾਹਰ ਕੱਢ ਲੈਂਦੇ ਸਨ। ਏਸ



Academy of the Punjab in North America: http://www.apnaorg.com

ਰਹੇ ਤਾਣੇ ਦੇ ਵੱਖ ਵੱਖ ਕਿਸਮਾਂ ਦੇ ਬੁੰਬਲ ਵੱਟ ਲੈਂਦੇ ਸਨ। ਦਰੀਆਂ ਵਿਚ ਕਈ ਕਿਸਮਾਂ ਦੇ ਨਮੂਨੇ ਪਾਏ ਜਾਂਦੇ ਸਨ। ਸਿੱਧੀਆਂ ਫੱਟੀਆਂ ਵਾਲੀਆਂ, ਭਾਂਤ ਭਾਂਤ ਦੇ ਪਸ਼ੂ, ਪੰਛੀਆਂ ਦੇ ਨਮੂਨਿਆਂ ਵਾਲੀਆਂ ਦਰੀਆਂ ਬਣਾਉਣ ਦਾ ਰਿਵਾਜ ਹੁੰਦਾ ਸੀ।

ਇਹ ਸੀ ਦਰੀ ਬੁਣਨ ਵਾਲਾ ਅੱਡਾ, ਇਹ ਸੀ ਇਸ ਦੀ ਵਰਤੋਂ ਦੀ ਵਿਧੀ। ਇਸ ਤਰ੍ਹਾਂ ਬਣਦੀਆਂ ਸਨ ਦਰੀਆਂ।

ਪਹਿਲੇ ਸਮਿਆਂ ਵਿਚ ਕੁੜੀਆਂ ਦੇ ਵਿਆਹਾਂ ਵਿਚ ਪੱਕੇ ਬਿਸਤਰੇ ਤੇ ਕੱਚੇ ਬਿਸਤਰੇ ਦੇਣ ਦਾ ਰਿਵਾਜ ਹੁੰਦਾ ਸੀ। ਪੱਕੇ ਬਿਸਤਰਿਆਂ ਵਿਚ ਦਰੀ, ਗਦੈਲਾ, ਵਿਛਾਈ, ਸਰਹਾਣਾ, ਰਜਾਈ ਤੇ ਖੇਸ ਹੁੰਦਾ ਸੀ। ਜਦ ਕਿ ਕੱਚੇ ਬਿਸਤਰਿਆਂ ਵਿਚ ਦਰੀ, ਵਿਛਾਈ, ਸਰਹਾਣਾ ਤੇ ਖੇਸ ਹੁੰਦਾ ਸੀ। ਕੋਈ ਵੀ ਬਿਸਤਰਾ ਦਰੀ ਤੋਂ ਬਿਨਾਂ ਨਹੀਂ ਬਣਦਾ ਸੀ।

ਮਨੁਖੀ ਵਿਕਾਸ ਤੇ ਸਮੇਂ ਦੇ ਗੁਜ਼ਰਨ ਨਾਲ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਦੀ ਬਣਤਰ ਵਿਚ ਤਬਦੀਲੀ ਹੁੰਦੀ ਆਈ ਹੈ। ਹੁਣ ਦਰੀ ਬੁਣਨ ਦਾ ਅੱਡਾ ਧਰਤੀ ਵਿਚ ਕੀਲੇ ਗੱਡ ਕੇ ਬਣਾਉਣ ਦੀ ਥਾਂ ਪਹਿਲਾਂ ਤਾਂ ਲੱਕੜ ਦੇ ਚਕਮੇ ਅੱਡੇ ਬਣਨੇ ਸ਼ੁਰੂ ਹੋਏ। ਇਹ ਅੱਡੇ ਇਕ ਕਿਸਮ ਦੇ ਮੰਜੇ ਦਾ ਬਿਗੈਰ ਬੁਣੇ ਬੜਾ ਫਰੇਮ ਹੁੰਦੇ ਸਨ। ਏਸ ਦੀ ਲੰਬਾਈ ਤੇ ਚੌੜਾਈ ਮੰਜੇ ਨਾਲੋਂ ਜ਼ਿਆਦਾ ਹੁੰਦੀ ਸੀ। ਏਸ ਅੱਡੇ ਨੂੰ ਜਿਥੇ ਮਰਜ਼ੀ ਰੱਖ ਦਰੀਆਂ ਬੁਣੀਆਂ ਜਾ ਸਕਦੀਆਂ ਸਨ। ਹੁਣ ਤਾਂ ਲੋਹੇ ਦੀਆਂ ਪਾਈਪਾਂ ਦੇ ਅੱਡੇ ਬਣਨ ਲੱਗ ਗਏ ਹਨ। ਹੁਣ ਦਰੀਆਂ ਬੁਣਨ ਦਾ ਰਿਵਾਜ ਵੀ ਦਿਨੋ ਦਿਨ ਘਟਦਾ ਜਾ ਰਿਹਾ ਹੈ। ਅੱਜ ਕਲ੍ਹ ਸਾਰੀਆਂ ਲੜਕੀਆਂ ਪੜ੍ਹਦੀਆਂ ਹਨ। ਏਸ ਲਈ ਲੜਕੀਆਂ ਕੋਲ ਦਰੀਆਂ ਬੁਣਨ ਦਾ ਟਾਈਮ ਵੀ ਘੱਟ ਹੈ। ਦਰੀਆਂ ਦੀ ਵਰਤੋਂ ਵੀ ਅੱਜ ਕੱਲ ਘਟਦੀ ਜਾ ਰਹੀ ਹੈ। ਲੋਕ ਲੋੜ ਅਨੁਸਾਰ ਬਾਜ਼ਾਰੋਂ ਬਣੀਆਂ ਦਰੀਆਂ ਖਰੀਦ ਲਿਆਉਂਦੇ ਹਨ। ਵਿਆਹਾਂ ਵਿਚ ਅੱਜ ਕੱਲ੍ਹ ਫੋਮ ਦੇ ਗੱਦੇ ਦੇਣ ਦਾ ਰਿਵਾਜ ਚਲ ਪਿਆ ਹੈ।

0

## ਨਾਲੇ ਬੁਣਨ ਵਾਲਾ ਅੱਡਾ

ਨਾਲੇ ਬੁਣਨ ਵਾਲੇ ਅੱਡੇ ਦੀ ਬਣਤਰ ਦੱਸਣ ਤੋਂ ਪਹਿਲਾਂ ਮੈਂ ਪਹਿਲੇ ਸਮਿਆਂ ਦੇ ਨਾਲਿਆਂ ਬਾਰੇ ਦੱਸਣਾ ਚਾਹੁੰਦਾ ਹਾਂ। ਨਾਲੇ ਉਸ ਸਮੇਂ ਦਾਜ ਦਾ ਇਕ ਹਿੱਸਾ ਹੁੰਦੇ ਸਨ। ਨਾਲੇ ਸੂਤੀ ਤੇ ਰੇਸ਼ਮੀ ਧਾਗਿਆਂ ਦੇ ਬਣਾਏ ਜਾਂਦੇ ਸਨ। ਕੁੜੀਆਂ, ਬਹੂਆਂ, ਬੁੜੀਆਂ ਘਰ ਹੀ ਨਾਲੇ ਬੁਣਦੀਆਂ ਸਨ। ਕੁੜੀਆਂ ਨੂੰ ਉਨ੍ਹਾਂ ਸਮਿਆਂ ਵਿਚ ਪੜ੍ਹਾਇਆ ਨਹੀਂ ਜਾਂਦਾ ਸੀ। ਪਰ ਘਰ ਦੇ ਕੰਮਾਂ ਕਾਰਾਂ ਵਿਚ ਮਾਹਰ ਕੀਤਾ ਜਾਂਦਾ ਸੀ। ਸੂਤੀ ਨਾਲੇ ਨਿਤ ਵਰਤੋਂ ਲਈ ਬਣਾਏ ਜਾਦੇ ਸਨ। ਰੇਸ਼ਮੀ ਨਾਲੇ ਵਿਆਹ



ਸ਼ਾਦੀਆਂ ਵਿਚ ਪਾਉਣ ਵਾਲੇ ਕਪੜਿਆਂ, ਘੱਗਰਿਆਂ ਵਿਚ ਵਰਤੇ ਜਾਂਦੇ ਸਨ। ਇਨ੍ਹਾਂ ਘੱਗਰਿਆਂ ਵਿਚ ਸਤਾਰਿਆਂ, ਘੁੰਗਰੂਆਂ ਵਾਲੇ ਨਾਲੇ ਪਾਏ ਹੁੰਦੇ ਸਨ। ਇਹ ਨਾਲੇ ਘੱਗਰੇ ਦੇ ਹੇਠਲੇ ਹਿੱਸੇ ਤਕ ਲਮਕਾਏ ਹੁੰਦੇ ਸਨ। ਘੱਗਰੇ ਨੂੰ ਵੱਖੀ ਦੀ ਸਾਈਡ ਤੇ ਬੰਨ੍ਹਿਆ ਜਾਣ ਕਰ ਕੇ ਘੱਗਰੇ ਦਾ ਸਾਰੇ ਦਾ ਸਾਰਾ ਨਾਲਾ ਹੀ ਨਜ਼ਰ ਆਉਂਦਾ ਹੁੰਦਾ ਸੀ।



ਨਾਲੇ ਸ਼ਬਦ ਦਾ ਇਕ ਅਰਥ ਇਹ ਵੀ ਹੈ ਕਿ ਇਕ ਕੰਮ ਕਰਦਿਆਂ ਦੇ ਨਾਲ ਦੂਸਰਾ ਕੰਮ ਹੋ ਜਾਵੇ। ਜਿਵੇਂ ਕੋਈ ਗੰਗਾ ਇਸ਼ਨਾਨ ਕਰਨ ਜਾਵੇ ਤੇ ਆਉਂਦੇ ਹੋਏ ਉਥੋਂ ਆਪਣੇ ਵਪਾਰ ਸਬੰਧੀ ਕੋਈ ਵਸਤਾਂ ਵੀ ਖਰੀਦ ਲਿਆਵੇ। ਉਸ ਲਈ ਫੇਰ ਅਖਾਣ ਵਰਤਿਆ ਜਾਂਦਾ ਹੈ –

ਨਾਲੇ ਮੁੰਜ ਬਗੜ ਦਾ ਸੌਦਾ,<br>
ਨਾਲ ਗੰਗਾ ਦਾ ਇਸ਼ਨਾਨ।

ਪਹਿਲੇ ਸਮਿਆਂ ਵਿਚ ਸਾਡੇ ਸਮਾਜ ਵਿਚ ਛੜਿਆਂ ਨੂੰ ਬਹੁਤਾ ਮਾਣ ਸਤਿਕਾਰ ਨਹੀਂ ਦਿੱਤਾ ਜਾਂਦਾ ਸੀ। ਛੜਿਆਂ ਨੂੰ ਵੇਖ ਕੇ ਬਹੂਆਂ ਦੜ ਵੱਟ ਕੇ ਲੰਘਣ ਦੀ ਕੋਸ਼ਿਸ਼ ਕਰਦੀਆਂ ਹੁੰਦੀਆਂ ਸਨ। ਦਿਖਾਵੇ ਲਈ ਪਾਏ ਗਏ ਘੁੰਗਰੂਆਂ/ਸਤਾਰਿਆਂ ਵਾਲੇ ਨਾਲੇ ਨੂੰ ਵੀ ਲੁਕਾਉਣ ਦੀ ਕੋਸ਼ਿਸ਼ ਕਰਦੀਆਂ ਹੁੰਦੀਆਂ ਸਨ–

ਨਾਲਾ ਟੰਗ ਲੈ ਘੁੰਗਰੂਆਂ ਵਾਲਾ,<br>
ਨੀ ਟੋਲੀ ਆਉਂਦੀ ਛੜਿਆਂ ਦੀ।

ਪਹਿਲੇ ਸਮਿਆਂ ਵਿਚ ਘਰੇਲੂ ਉਦਯੋਗ ਦੀ ਚੜ੍ਹਤ ਹੁੰਦੀ ਸੀ। ਜਿਸ ਕਿਸੇ



Academy of the Punjab in North America: http://www.apnaorg.com

ਕਸਬੇ, ਸ਼ਹਿਰ ਵਿਚ ਇਕੋ ਕਿਸਮ ਦਾ ਕੰਮ ਹੋਣ ਲੱਗ ਜਾਂਦਾ ਸੀ, ਉਸ ਕਿਸਮ ਦੇ ਦੂਸਰੇ ਕਾਰੀਗਰ ਵੀ ਉਸ ਥਾਂ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਸਨ। ਇਕ ਥਾਂ ਇਕੱਠੇ ਹੋਣ ਕਰ ਕੇ ਸਾਰੇ ਗਾਹਕ ਉਥੇ ਆਉਣ ਲੱਗ ਜਾਂਦੇ ਸਨ। ਵਿਕਰੀ ਆਸਾਨੀ ਨਾਲ ਹੋਣ ਲੱਗ ਜਾਂਦੀ ਸੀ। ਨਾਲਿਆਂ ਵਿਸ਼ੇਸ਼ ਕਰ ਕੇ ਰੇਸ਼ਮੀ ਨਾਲਿਆਂ ਦਾ ਸਭ ਤੋਂ ਜ਼ਿਆਦਾ ਕੰਮ ਪਟਿਆਲੇ ਸ਼ਹਿਰ ਵਿਚ ਹੋਣ ਲੱਗ ਪਿਆ। ਏਸੇ ਕਰ ਕੇ ਤਾਂ ਵਹੁਟੀ ਆਪਣੇ ਮਾਹੀ ਤੋਂ ਪਟਿਆਲੇ ਦੇ ਨਾਲਿਆਂ ਦੀ ਮੰਗ ਕਰਦੀ ਸੀ–

ਮਾਹੀ, ਜੇ ਚਲਿਓਂ ਪਟਿਆਲੇ,
ਉਥੋਂ ਲਿਆਵੀਂ ਰੇਸ਼ਮੀ ਨਾਲੇ,
ਗੱਲਾਂ ਕਰਦੇ ਦੁਨੀਆਂ ਵਾਲੇ।

ਹੁਣ ਮੈਂ ਤੁਹਾਨੂੰ ਨਾਲੇ ਬੁਣਨ ਵਾਲੇ ਅੱਡੇ ਬਾਰੇ ਦੱਸਦਾ ਹਾਂ। ਇਹ ਪਤਲੀਆਂ ਫੱਟੀਆਂ ਦਾ ਬਣਿਆ ਹੁੰਦਾ ਸੀ। ਇਹ ਛੇ ਕੁ ਫੁੱਟ ਲੰਮਾ ਤੇ ਤਿੰਨ ਕੁ ਫੁੱਟ ਚੌੜਾ ਹੁੰਦਾ ਸੀ। ਏਸ ਨੂੰ ਖੜਾਉਣ ਲਈ ਇਸ ਦੀਆਂ ਲੰਮੀਆਂ ਬਾਹੀਆਂ ਦੇ ਸੈਂਟਰ ਵਿਚ ਦੋ ਫੱਟੀਆਂ ਕਬਜ਼ਿਆਂ ਨਾਲ ਲਾਈਆਂ ਹੁੰਦੀਆਂ ਸਨ। ਇਨ੍ਹਾਂ ਫੱਟੀਆਂ ਨੂੰ ਪਿਛੇ ਕਰ ਕੇ ਅੱਡੇ ਨੂੰ ਖੜਾ ਕੀਤਾ ਜਾਂਦਾ ਸੀ। ਏਸ ਅੱਡੇ ਵਿਚ ਤਣੇ ਹੋਏ ਤਾਣੇ ਨੂੰ ਲੰਮੇ ਲੋਟ ਪਾਇਆ ਜਾਂਦਾ ਸੀ। ਜਿਉਂ-ਜਿਉਂ ਤਾਣੇ ਨੂੰ ਬੁਣਿਆ ਜਾਂਦਾ ਸੀ, ਏਸ ਵਿਚ ਸਲਵਾੜ ਦੀਆਂ ਛੋਟੀਆਂ ਛੋਟੀਆਂ ਪੋਰੀਆਂ ਪਾਈਆਂ ਜਾਂਦੀਆਂ ਸਨ। ਜਦ ਸੱਤ ਅੱਠ ਪੋਰੀਆਂ ਪੈ ਜਾਂਦੀਆਂ ਸਨ ਤਾਂ ਇਨ੍ਹਾਂ ਪੋਰੀਆਂ ਨੂੰ ਉਪਰ ਬਣੇ ਨਾਲੇ ਨਾਲ ਠੋਕ ਕੇ ਪੋਰੀਆਂ ਨੂੰ ਬਾਹਰ ਕੱਢ ਦਿੱਤਾ ਜਾਂਦਾ ਸੀ। ਫੇਰ ਬੁਣ ਕੇ ਪੋਰੀਆਂ ਪਾਈਆਂ ਜਾਂਦੀਆਂ ਸਨ। ਫੇਰ ਪੋਰੀਆਂ ਠੋਕ ਕੇ ਬਾਹਰ ਕੱਢ ਦਿੱਤੀਆਂ ਜਾਂਦੀਆਂ ਸਨ। ਏਸ ਤਰ੍ਹਾਂ ਨਾਲਾ ਬਣ ਜਾਂਦਾ ਸੀ।

ਬਹੁਤੇ ਨਾਲੇ ਮੰਜੇ ਨੂੰ ਕੰਧ ਨਾਲ ਪੁੱਠਾ ਖੜਾ ਕਰ ਕੇ ਉਸ ਦੇ ਪਾਵਿਆਂ ਵਿਚ ਤਣੇ ਹੋਏ ਨਾਲੇ ਦੀ ਤਾਣੀ ਵਿਚ ਸੋਟੀ ਪਾ ਕੇ ਰੱਖ ਦਿੱਤਾ ਜਾਂਦਾ ਸੀ ਤੇ ਨਾਲਾ ਬੁਣ ਲਿਆ ਜਾਂਦਾ ਸੀ। ਏਸ ਤਰ੍ਹਾਂ ਮੰਜੇ ਤੋਂ ਨਾਲੇ ਬੁਣਨ ਵਾਲੇ ਅੱਡੇ ਦਾ ਕੰਮ ਲੈ ਲਿਆ ਜਾਂਦਾ ਸੀ। ਤਾਣੇ ਦਾ ਕੁਝ ਹਿੱਸਾ ਬੁਣਨ ਤੋਂ ਰਹਿ ਜਾਂਦਾ ਸੀ। ਏਸ ਰਹੇ ਤਾਣੇ ਨੂੰ ਵਿਚਾਲੇ ਤੋਂ ਕੈਂਚੀ ਨਾਲ ਕੱਟ ਕੇ ਬਣੇ ਨਾਲੇ ਨੂੰ ਅੱਡੇ ਤੋਂ ਬਾਹਰ ਕੱਢ ਲਿਆ ਜਾਂਦਾ ਸੀ। ਤਾਣੇ ਦੇ ਰਹੇ ਏਸ ਹਿੱਸੇ ਵਿਚ ਹੱਥ ਨਾਲ ਕਈ ਕਿਸਮਾਂ ਦੇ ਡਿਜ਼ਾਇਨ ਬਣਾ ਕੇ ਸਿਤਾਰੇ, ਘੁੰਗਰੂ ਲਾਏ ਜਾਂਦੇ ਸਨ। ਏਸ ਤਰ੍ਹਾਂ ਸਿਤਾਰਿਆਂ ਵਾਲੇ, ਘੁੰਗਰੂਆਂ ਵਾਲੇ ਨਾਲੇ ਬਣਦੇ ਹੁੰਦੇ ਸਨ।

ਹੁਣ ਨਾ ਕੋਈ ਘਰਾਂ ਵਿਚ ਨਾਲਾ ਬੁਣਦਾ ਹੈ, ਨਾ ਹੀ ਕਿਸੇ ਕੋਲ ਨਾਲੇ ਬੁਣਨ ਵਾਲਾ ਅੱਡਾ/ਸਟੈਂਡ ਹੈ। ਲੜਕੀਆਂ ਹੁਣ ਪੜ੍ਹਦੀਆਂ ਹਨ। ਏਸ ਲਈ ਉਨ੍ਹਾਂ



ਕੋਲ ਨਾ ਹੀ ਨਾਲੇ ਬੁਣਨ ਲਈ ਟਾਈਮ ਹੈ, ਨਾ ਹੀ ਨਾਲੇ ਹੁਣ ਦਹੇਜ ਵਿਚ ਦਿੱਤੇ ਜਾਂਦੇ ਹਨ। ਹੁਣ ਤਾਂ ਬਾਜ਼ਾਰ ਵਿਚੋਂ ਬਣੇ ਬਣਾਏ ਨਾਲੇ ਮਿਲ ਜਾਂਦੇ ਹਨ।

0

## ਬੋਹੀਏ, ਗੋਹਲੇ

ਬੋਹੀਏ, ਗੋਹਲੇ ਕਿਸੇ ਸਮੇਂ ਦਾਜ ਦਾ ਹਿੱਸਾ ਹੁੰਦੇ ਸਨ। ਕੁੜੀਆਂ ਦੀ ਪੈਦਾਇਸ਼ ਤੋਂ ਹੀ ਕੁੜੀਆਂ ਦੀਆਂ ਮਾਵਾਂ ਦਾਜ ਤਿਆਰ ਕਰਨਾ ਸ਼ੁਰੂ ਕਰ ਦਿੰਦੀਆਂ ਸਨ। ਜਦ ਕੁੜੀਆਂ ਬੜੀਆਂ ਹੋ ਜਾਂਦੀਆਂ ਸਨ ਤਾਂ ਉਹ ਆਪਣਾ ਦਾਜ ਆਪ ਤਿਆਰ ਕਰਦੀਆਂ ਸਨ। ਉਨ੍ਹਾ ਸਮਿਆਂ ਵਿਚ ਹਰ ਕੰਮ ਹੱਥੀਂ ਕੀਤਾ ਜਾਂਦਾ ਸੀ। ਕੁੜੀਆਂ ਚਰਖਾ ਕੱਤਦੀਆਂ ਸਨ, ਦਰੀਆਂ ਬੁਣਦੀਆਂ ਸਨ, ਫੁਲਕਾਰੀਆਂ, ਬਾਗ਼ ਕੱਢਦੀਆਂ ਸਨ, ਵਿਛਾਈਆਂ, ਸਰਹਾਣੇ, ਝੋਲੇ ਆਦਿ ਕੱਢਦੀਆਂ ਸਨ, ਪੱਖੀਆਂ ਬਣਾਉਂਦੀਆਂ ਸਨ। ਗੱਲ ਕੀ, ਦਾਜ ਦੀ ਹਰ ਵਸਤ ਹੱਥੀਂ ਤਿਆਰ ਕੀਤੀ ਜਾਂਦੀ ਸੀ। ਵੈਸੇ ਵੀ ਪੰਜਾਬੀਆਂ ਦਾ ਮਿਹਨਤ ਕਰਨ ਦਾ ਸੁਭਾਅ ਹੈ। ਕੁਦਰਤ ਨੇ ਵੀ ਪੰਜਾਬੀਆਂ ਨੂੰ ਕੰਮ ਕਰਨ ਦੇ ਤੱਤਾਂ ਦੀ ਭਰਪੂਰ ਬਖਸ਼ਸ਼ ਕੀਤੀ ਹੈ। ਪੰਜਾਬੀ ਟਿਕ ਕੇ ਵੀ ਨਹੀਂ ਬੈਠ ਸਕਦੇ। ਪੰਜਾਬੀ ਮੰਗ ਵੀ ਨਹੀਂ ਕਰਦੇ। ਪੰਜਾਬੀ ਲੜ ਸਕੇਦ ਹਨ, ਭਿੜ ਸਕਦੇ ਹਨ–

ਪੰਜਾਬੀ ਨਾ ਪਿੜ ਛੱਡਣ,
ਨਾ ਹੱਥ ਟੱਡਣ।

ਏਸੇ ਕਰਕੇ ਉਨ੍ਹਾਂ ਸਮਿਆਂ ਵਿਚ ਜਿਹੜੀ ਜਨਾਨੀ ਵਿਹਲੀ ਰਹਿੰਦੀ ਸੀ, ਉਸ ਦੀ ਨਿੰਦਾ ਕੀਤੀ ਜਾਂਦੀ ਸੀ, ਬਦਖੋਈ ਕੀਤੀ ਜਾਂਦੀ ਸੀ–

ਵਿਹਲੀ ਰੰਨ ਕੰਮ ਨਾ ਕਾਰ,
ਅੱਗੇ ਭਾਬੋ ਨੱਚਣੀ,
ਪਿੱਛੇ ਢੋਲਾਂ ਦੀ ਖੜਕਾਰ।





Academy of the Punjab in North America: http://www.apnaorg.com

ਬੋਹੀਏ, ਗੋਹਲੇ ਛੋਟੇ ਆਕਾਰ ਦੇ ਵੀ ਹੁੰਦੇ ਸਨ, ਬੜੇ ਆਕਾਰ ਦੇ ਵੀ ਹੁੰਦੇ ਸਨ। ਦਾਜ ਵਾਲੇ ਬੋਹੀਆਂ ਵਿਚ ਮੁਟਿਆਰਾਂ ਨਹਾਉਣ ਵਾਲਾ ਸਾਬਣ, ਦੰਦਾਸਾ, ਸੁਰਮੇਦਾਨੀ, ਪਾਊਡਰ ਤੇ ਹੋਰ ਨਿੱਕਾ ਮੋਟਾ ਸਾਮਾਨ ਰੱਖਦੀਆਂ ਹੁੰਦੀਆਂ ਸਨ। ਚਰਖਾ ਕੱਤਣ ਸਮੇਂ ਬੋਹੀਏ ਵਿਚ ਪੂਣੀਆਂ, ਗਲੋਟੇ ਰੱਖੇ ਜਾਂਦੇ ਸਨ। ਬਾਗ਼, ਫੁਲਕਾਰੀਆਂ, ਵਿਛਾਈਆਂ ਕੱਢਣ ਵੇਲੇ ਵੀ ਬੋਹੀਏ ਗੋਹਲਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਭੱਠੀ ਤੇ ਦਾਣੇ ਭਨਾਉਣ ਲਈ ਦਾਨਿਆਂ ਨੂੰ ਬੋਹੀਆਂ ਜਾਂ ਗੋਹਲਿਆਂ ਵਿਚ ਲੈ ਕੇ ਜਾਂਦੇ ਸਨ। ਚੱਕੀ ਤੇ ਆਟਾ ਦਾਣਾ ਪੀਹਣ ਸਮੇਂ ਵੀ ਕਈ ਵੇਰ ਗੋਹਲਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਘਰਾਂ ਵਿਚ ਬੋਹੀਏ, ਗੋਹਲਿਆਂ ਦੀ ਨਿੱਤ ਵਰਤੋਂ ਹੁੰਦੀ ਸੀ।

ਹੁਣ ਮੈਂ ਤੁਹਾਨੂੰ ਬੋਹੀਏ ਕਿਵੇਂ ਬਣਾਏ ਜਾਂਦੇ ਸਨ, ਉਹ ਦੱਸਣ ਲੱਗਿਆ ਹਾਂ। ਬੋਹੀਏ ਬਣਾਉਣ ਲਈ ਮੁੰਜ, ਕਣਕ ਦੇ ਨਾੜ ਦੀ ਵਰਤੋਂ ਕੀਤੀ ਜਾਂਦੀ ਸੀ। ਮੁੰਜ, ਨਾੜ ਦੇ ਪੈਨਸਲ ਦੀ ਗੁਲਾਈ ਦੇ ਆਕਾਰ ਜਿੰਨੀਆਂ ਤੀਲੀਆਂ ਲੈ ਕੇ ਉਸ ਨੂੰ ਕਣਕ ਦੇ ਨਾੜ ਨਾਲ ਮੜਿਆ ਜਾਂਦਾ ਸੀ। ਰੰਗ ਬਰੰਗੇ ਬੋਹੀਏ ਬਣਾਉਣ ਲਈ ਉਪਰ ਵਲ੍ਹੇਟਣ ਵਾਲੇ ਨਾੜ ਨੂੰ ਰੰਗ ਲੈਂਦੇ ਸਨ। ਬੋਹੀਏ ਦਾ ਹੇਠਲਾ ਹਿੱਸਾ/ਥੱਲਾ ਜਿਹੜਾ ਰੱਖਣ ਸਮੇਂ ਧਰਤੀ ਤੇ ਲੱਗਦਾ ਹੁੰਦਾ ਸੀ, ਆਮ ਤੌਰ 'ਤੇ 4/5 ਕੁ ਇੰਚ ਦਾ ਗੋਲ ਆਕਾਰ ਦਾ ਹੁੰਦਾ ਸੀ। ਜਿਉਂ ਜਿਉਂ ਬੋਹੀਏ ਨੂੰ ਬਣਾਇਆ ਜਾਂਦਾ ਸੀ, ਤਿਉਂ ਤਿਉਂ ਇਸ ਦੀ ਗੁਲਾਈ ਨੂੰ ਚੌੜਾਈ ਦਿੰਦੇ ਹੋਏ ਉਪਰ ਨੂੰ ਕੀਤਾ ਜਾਂਦਾ ਸੀ। ਇਸ ਨੂੰ ਓਨਾ ਉਪਰ ਤੱਕ ਬਣਾਇਆ ਜਾਂਦਾ ਸੀ ਜਿੰਨੇ ਸਾਈਜ਼/ਆਕਾਰ ਦਾ ਬੋਹੀਆ ਬਣਾਉਣਾ ਹੁੰਦਾ ਸੀ। ਇਸ ਤਰ੍ਹਾਂ ਬੋਹੀਏ ਬਣਦੇ ਸਨ। ਬੋਹੀਆਂ ਵਿਚ ਕਈ ਕਿਸਮ ਦੇ ਡਿਜ਼ਾਇਨ ਵੀ ਪਾਏ ਜਾਂਦੇ ਸਨ। ਕਈ ਬੋਹੀਏ ਨੂੰ ਕਣਕ ਦੇ ਨਾੜ ਦੀ ਥਾਂ ਸੂਤ ਦੀ ਰੰਗ ਬਰੰਗੀ ਰੱਸੀ ਨਾਲ ਮੜ੍ਹਿਆ ਜਾਂਦਾ ਸੀ।

ਹੁਣ ਮੈਂ ਤੁਹਾਨੂੰ ਗੋਹਲੇ ਬਣਾਉਣ ਦੀ ਵਿਧੀ ਦੱਸਦਾ ਹਾਂ। ਗੋਹਲੇ ਬਣਾਉਣ ਲਈ ਰੱਦੀ ਕਾਗਜ਼ ਤੇ ਰੱਦੀ ਪਤਲੇ ਗੱਤਿਆਂ ਨੂੰ ਲਿਆ ਜਾਂਦਾ ਸੀ। ਇਨ੍ਹਾਂ ਨੂੰ ਪਾਣੀ ਵਿਚ ਭਿਉਂਦੇ ਸਨ। ਇਕ ਬਰਤਨ ਵਿਚ ਗਾਚਣੀ ਭਿਉਂ ਦਿੱਤੀ ਜਾਂਦੀ ਸੀ। ਭਿਉਂਤੇ ਕਾਗਜ਼/ਗੱਤੇ ਤੇ ਗਾਚਣੀ ਨੂੰ ਉੱਖਲੀ ਵਿਚ ਪਾ ਕੇ ਕੁੱਟਿਆ ਜਾਂਦਾ ਸੀ। ਕੁੱਟ ਕੁੱਟ ਕੇ ਕਾਗਜ਼ਾਂ, ਗੱਤੇ ਤੇ ਗਾਚਣੀ ਦਾ ਮਲੀਦਾ ਬਣ ਜਾਂਦਾ ਸੀ, ਇਕ ਜਾਨ ਹੋ ਜਾਂਦਾ ਸੀ, ਲੇਸਦਾਰ ਬਣ ਜਾਂਦਾ ਸੀ। ਫੇਰ ਗੋਹਲਾ ਜਿੰਨੇ ਸਾਈਜ਼ ਦਾ ਬਣਾਉਣਾ ਹੁੰਦਾ ਸੀ, ਓਨੇ ਸਾਈਜ਼ ਦਾ ਮਿੱਟੀ ਦਾ ਬਰਤਨ (ਝੱਕਰਾ, ਬਲਣੀ, ਘੜਾ) ਲੈ ਲੈਂਦੇ ਸਨ। ਮਿੱਟੀ ਦੇ ਬਰਤਨ ਨੂੰ ਮੂਧਾ ਮਾਰ ਲੈਂਦੇ ਸਨ। ਮੂਧੇ ਮਾਰੇ ਬਰਤਨ ਉਪਰ ਲੋੜ ਅਨੁਸਾਰ ਗੋਹਲੇ ਨੂੰ ਹੱਥਾਂ ਨਾਲ ਵਿਉਂਤ ਲੈਂਦੇ ਸਨ। ਗੋਹਲਾ ਬਰਤਨ ਨਾਲ ਨਾ



ਚਿਪਕੇ, ਏਸ ਲਈ ਮੂਧੇ ਮਾਰੇ ਬਰਤਨ ਉਪਰ ਪਹਿਲਾਂ ਕਪੜਾ ਜਾਂ ਕਾਗਜ਼ ਰੱਖ ਲੈਂਦੇ ਸਨ। ਫੇਰ ਏਸ ਨੂੰ ਸੁੱਕਣ ਲਈ ਧੁੱਪੇ ਰੱਖ ਦਿੰਦੇ ਸਨ। ਜਦ ਗੋਹਲਾ ਸੁੱਕ ਜਾਂਦਾ ਸੀ ਤਾਂ ਉਸ ਨੂੰ ਬਰਤਨ ਤੋਂ ਉਤਾਰ ਲੈਂਦੇ ਸਨ। ਉਤਾਰੇ ਹੋਏ ਗੋਹਲੇ ਤੇ ਫੇਰ 'ਕੱਲੀ ਗਾਚਣੀ ਦਾ ਅੰਦਰ ਬਾਹਰ ਲੇਪ ਕੀਤਾ ਜਾਂਦਾ ਸੀ ਤਾਂ ਜੋ ਗੋਹਲਾ ਸਾਫ਼, ਪੱਧਰ ਲੱਗੇ। ਜਦ ਇਹ ਲੇਪ ਸੁੱਕ ਜਾਂਦਾ ਸੀ ਤਾਂ ਗੋਹਲੇ ਉਪਰ ਰੰਗ ਨਾਲ ਲੋੜ ਅਨੁਸਾਰ ਬੇਲਾਂ, ਬੂਟੀਆਂ, ਡੀਜ਼ਾਇਨ ਪਾਏ ਜਾਂਦੇ ਸਨ। ਏਸ ਤਰ੍ਹਾਂ ਗੋਹਲਾ ਬਣਦਾ ਸੀ।

ਹੁਣ ਨਾ ਬੋਹੀਏ ਬਣਦੇ ਹਨ ਅਤੇ ਨਾ ਹੀ ਗੋਹਲੇ ਬਣਦੇ ਹਨ, ਨਾ ਹੀ ਹੁਣ ਕੋਈ ਬੋਹੀਆਂ, ਗੋਹਲਿਆਂ ਨੂੰ ਦਾਜ ਵਿਚ ਦਿੰਦਾ ਹੈ। ਹੁਣ ਬੋਹੀਆਂ ਤੇ ਗੋਹਲਿਆਂ ਦੀ ਥਾਂ ਪਲਾਸਟਿਕ ਦੀਆਂ ਵੱਖ-ਵੱਖ ਕਿਸਮ ਦੀਆਂ ਬਣੀਆਂ ਟੋਕਰੀਆਂ ਨੇ ਲੈ ਲਈ ਹੈ। ਬੋਹੀਏ ਤੇ ਗੋਹਲੇ ਹੁਣ ਸਾਡੇ ਅਤੀਤ ਦਾ ਵਿਰਸਾ ਬਣ ਗਏ ਹਨ।

0

## ਮੰਜੇ, ਪੀੜ੍ਹੀਆਂ

ਕਿਸੇ ਸਮੇਂ ਸਾਰੀ ਇਨਸਾਨੀ ਵਸੋਂ ਧਰਤੀ ਉਪਰ ਸੌਂਦੀ ਸੀ। ਅੱਜ ਵੀ ਦੁਨੀਆਂ ਦੀ ਵਸੋਂ ਦਾ ਕਾਫ਼ੀ ਹਿੱਸਾ ਧਰਤੀ ਉਪਰ ਸੌਂਦਾ ਹੈ। ਜਿਵੇਂ ਜਿਵੇਂ ਮਨੁੱਖੀ ਸੂਝ ਵਧਦੀ ਗਈ, ਇਨਸਾਨ ਨੇ ਆਪਣੀ ਲੋੜ ਅਨੁਸਾਰ ਨਿੱਤ ਵਰਤੋਂ ਦੀਆਂ ਵਸਤਾਂ ਦੀ ਈਜਾਦ ਕਰਨੀ ਸ਼ੁਰੂ ਕਰ ਦਿੱਤੀ। ਮੰਜੇ, ਪੀੜ੍ਹੀਆਂ ਏਸ ਨਿੱਤ ਦੀ ਲੋੜ ਨੇ ਹੀ ਈਜਾਦ ਕੀਤੇ ਹਨ। ਫੇਰ ਇਕ ਅਜਿਹਾ ਸਮਾਂ ਆਇਆ ਕਿ ਮੰਜੇ ਹੀ ਘਰ ਦੀ ਬਹੁ-ਮੰਤਵੀ ਵਸਤ ਬਣ ਗਏ। ਬੈਠਣ, ਲੰਮੇ ਪੈਣ, ਸੌਣ, ਘਰ ਦਾ ਸਾਮਾਨ ਰੱਖਣ, ਲਾਂਗਾ ਢੋਣ, ਕੁੱਪ ਬੰਨ੍ਹਣ ਲਈ ਮੰਜਿਆਂ ਦੀ ਵਰਤੋਂ ਕੀਤੀ ਜਾਣ ਲੱਗੀ। ਸ਼ੁਰੂ ਸ਼ੁਰੂ ਵਿਚ ਜੰਗਲਾਂ ਵਿਚੋਂ ਜਿਹੋ ਜਿਹੀ ਲੱਕੜ ਮਿਲਦੀ ਸੀ, ਉਸ ਦੀ ਚੁਗਾਠ ਬਣਾ ਲਈ ਜਾਂਦੀ ਸੀ। ਜੰਗਲਾਂ ਵਿਚੋਂ ਜੋ ਮੁੰਜ ਜਾਂ ਘਾਹ ਮਿਲਦਾ ਹੁੰਦਾ ਸੀ, ਉਸ ਦੀ ਰੱਸੀ ਬਣਾ ਕੇ ਮੰਜਾ ਬੁਣ ਲੈਂਦੇ ਸਨ। ਪੀੜ੍ਹੀ ਮੰਜੇ ਦਾ ਹੀ ਛੋਟਾ ਰੂਪ ਹੈ, ਜੋ ਸਿਰਫ਼ ਬੈਠਣ ਦੇ ਹੀ ਕੰਮ ਆਉਂਦੀ ਸੀ।





Academy of the Punjab in North America: http://www.apnaorg.com

ਸਮੇਂ ਦੇ ਗੁਜ਼ਰਨ ਨਾਲ ਤੇ ਆਉਣ ਜਾਣ ਦੇ ਸਾਧਨਾਂ ਵਿਚ ਤਰੱਕੀ ਹੋਣ ਨਾਲ ਮੰਜੇ ਅਤੇ ਪੀੜ੍ਹੀਆਂ ਦੀਆਂ ਚੁਗਾਠਾਂ ਵਿਚ ਚੰਗੀਆਂ ਲੱਕੜਾਂ ਲੱਗਣ ਲੱਗ ਪਈਆਂ। ਬਾਂਸ ਦੀਆਂ ਲੱਕੜਾਂ ਦੇ ਮੰਜੇ, ਪੀੜ੍ਹੀਆਂ ਬਣਨ ਲੱਗੇ। ਮੰਜੇ ਅਤੇ ਪੀੜ੍ਹੀਆਂ ਦੇ ਪਾਵਿਆਂ ਵਿਚ ਵੰਨ-ਸਵੰਨਤਾ ਆਉਣ ਲੱਗੀ। ਟਾਹਲੀ ਦੇ ਖਰਾਦੇ ਹੋਏ ਪਾਵੇ ਚੰਗੇ ਮੰਨੇ ਜਾਣ ਲੱਗੇ। ਮੁੰਜ ਦੀ ਥਾਂ ਮੰਜਿਆਂ ਨੂੰ ਸਣ ਦੀ ਰੱਸੀ ਨਾਲ, ਸੂਤ ਤੇ ਨੁਮਾਰ ਨਾਲ ਬੁਣਿਆ ਜਾਣ ਲੱਗਿਆ। ਜਿਹੜੇ ਮੰਜੇ ਸਬਾਤਾਂ, ਬੈਠਕਾਂ ਜਾਂ ਇਕ ਥਾਂ ਪੱਕੇ ਤੌਰ ਤੇ ਰੱਖੇ ਜਾਂਦੇ ਸਨ, ਉਨ੍ਹਾਂ ਦੀਆਂ ਚੁਗਾਠਾਂ ਤੇ ਪਾਵੇ ਬੜੇ ਅਕਾਰ ਦੇ ਤੇ ਵਧੀਆ ਲੱਕੜ ਦੇ ਹੁੰਦੇ ਸਨ। ਰੰਗ ਬਰੰਗੇ ਸੂਤ ਤੇ ਨੁਮਾਰ ਨਾਲ ਬੁਣੇ ਹੁੰਦੇ ਸਨ। ਪਰ ਵਿਚਾਰੇ ਛੜਿਆਂ ਦੇ ਹਿੱਸੇ ਤਾਂ ਮੁੰਜ ਦੀ ਮੰਜੀ ਹੀ ਆਉਂਦੀ ਹੁੰਦੀ ਸੀ-

ਰੰਨਾਂ ਵਾਲਿਆਂ ਦੇ ਪਲੰਘ ਨਮਾਰੀ,
ਛੜਿਆਂ ਦੀ ਮੁੰਜ ਦੀ ਮੰਜੀ।

ਪਹਿਲੇ ਸਮਿਆਂ ਵਿਚ ਅਤੇ ਅੱਜ ਵੀ ਮੁੰਡੇ ਕੁੜੀਆ ਦੇ ਵਿਆਹਾਂ ਲਈ ਸਾਰੇ ਪਿੰਡ ਵਿਚੋਂ ਮੰਜੇ 'ਕੱਠੇ ਕਰਨ ਦਾ ਰਿਵਾਜ ਹੈ। ਵਿਆਹਾਂ ਵਿਚ ਨਾਨਕੀਆਂ ਜਦ ਜਾਗੋ ਕੱਢਦੀਆਂ ਸਨ, ਉਸ ਸਮੇਂ ਜੇ ਕਰ ਰਸਤੇ ਵਿਚ ਕੋਈ ਮੰਜੇ ਤੇ ਪਿਆ ਮਿਲ ਜਾਂਦਾ ਸੀ ਤਾਂ ਉਸ ਦਾ ਮੰਜਾ ਮੂਧਾ ਮਾਰ ਦਿੰਦੀਆਂ ਸਨ। ਸਾਡੇ ਸਮਾਜ ਵਿਚ ਜੀਜੇ ਅਤੇ ਸਾਲੀ ਦਾ ਰਿਸ਼ਤਾ ਬਹੁਤ ਰੁਮਾਂਚਿਕ ਰਿਹਾ ਹੈ। ਵਿਆਹਾਂ ਵਿਚ ਸਾਲੀਆਂ ਆਪਣੇ ਜੀਜੇ ਤੋਂ ਛੰਦ ਸੁਣਦੀਆਂ ਹੁੰਦੀਆਂ ਸਨ। ਉਸ ਨੂੰ ਸਿੱਠਣੀਆਂ ਵੀ ਦਿੰਦੀਆਂ ਹੁੰਦੀਆਂ ਸਨ-

ਜੀਜਾ ਜੁੜ ਗਿਆ ਮੰਜੇ ਦੇ ਨਾਲ,
ਜੀਜਾ, ਮੰਜਾ ਤੇਰਾ ਕੀ ਲੱਗਦਾ?

ਪਹਿਲੇ ਸਮਿਆਂ ਵਿਚ ਛੋਟੀ ਉਮਰ ਵਿਚ ਵਿਆਹ ਕਰਨ ਦਾ ਰਿਵਾਜ ਸੀ। ਕਈ ਕਈ ਸਾਲਾਂ ਬਾਅਦ ਮੁੰਡੇ ਕੁੜੀ ਦੇ ਜੁਆਨ ਹੋਣ ਤੇ ਮੁਕਲਾਵਾ ਦਿੱਤਾ ਜਾਂਦਾ ਸੀ। ਨਵੀਂ ਵਹੁਟੀ ਨੂੰ ਰੱਥ ਵਿਚੋਂ ਲਾਹ ਕੇ, ਚੌਂਕੀ ਚੜ੍ਹਾਉਣ ਦੀ ਰਸਮ ਕਰਨ ਪਿਛੋਂ ਰੰਗ ਬਰੰਗੇ ਸੂਤ ਦੀ ਬੁਣੀ ਤੇ ਰੰਗ ਬਰੰਗੇ ਪਾਵਿਆਂ ਵਾਲੀ ਪੀੜ੍ਹੀ ਤੇ ਬਿਠਾਉਣ ਦਾ ਰਿਵਾਜ ਸੀ। ਉਨ੍ਹਾਂ ਸਮਿਆਂ ਵਿਚ ਘੁੰਡ ਕੱਢਣ ਦਾ ਰਿਵਾਜ ਵੀ ਹੁੰਦਾ ਸੀ। ਪੀੜ੍ਹੀ ਉਪਰ ਬੈਠੀ ਨਵੀਂ ਬਹੂ ਦਾ ਸਾਰੀਆਂ ਮੇਲਣਾਂ, ਸ਼ਰੀਕੇ ਵਾਲੀਆਂ ਜਨਾਨੀਆਂ, ਕੁੜੀਆਂ ਘੁੰਡ ਚੁੱਕ ਕੇ ਮੂੰਹ ਵੇਖਦੀਆਂ ਹੁੰਦੀਆਂ ਸਨ -

ਨਵੀਂ ਬਹੂ ਮੁਕਲਾਵੇ ਆਈ,
ਬਹਿ ਗਈ ਪੀੜ੍ਹਾ ਡਾਹ ਕੇ।
ਲਹਿੰਗਾ ਜਾਮਣੀ, ਕੁੜਤੀ ਵਰੀ ਦੀ,



ਬਹਿ ਗਈ ਚੌਂਕ ਚੰਦ ਲਾ ਕੇ।
ਪਿੰਡ ਦੀਆਂ ਕੁੜੀਆਂ ਚਾਵਾਂ ਮੱਤੀਆਂ,
ਆਈਆਂ ਹੁੰਮ ਹਮਾ ਕੇ।
ਨਵੀਂ ਵਿਆਹੁਲੀ ਦਾ,
ਨਾਂ ਪੁੱਛਣ ਘੁੰਡ ਚੁਕਾ ਕੇ।

ਨੂੰਹ ਸੱਸ ਦੀ ਸਾਡੇ ਸਮਾਜ ਵਿਚ ਕਦੇ ਵੀ ਮੀਚੋ ਨਹੀਂ ਮਿਲੀ। ਸੱਸ, ਨੂੰਹ ਨੂੰ ਆਨੇ ਬਹਾਨੇ ਨਿੰਦਦੀ ਰਹਿੰਦੀ ਸੀ। ਜਦ ਨੂੰਹ ਦਾ ਦਾਅ ਲੱਗਦਾ ਸੀ, ਭਲੀ ਉਹ ਵੀ ਨਹੀਂ ਕਰਦੀ ਸੀ। ਕਈ ਵੇਰ ਜਦ ਸੱਸ ਆਪਣੇ ਨੌਕਰੀ ਕਰਦੇ ਪੁੱਤ ਨੂੰ ਮਿਲਣ ਜਾਂਦੀ ਸੀ ਤਾਂ ਨੂੰਹ ਵੀ ਸੱਸ ਨੂੰ ਉੱਨੀਆਂ ਦੇ ਇੱਕੀ ਪਾਉਣ ਤੇ ਉਤਰ ਆਉਂਦੀ ਸੀ-

ਵੇ ਠਾਣੇਦਾਰਾ! ਉੱਚੀ ਹਵੇਲੀ ਪਾ।
ਵੇ ਠਾਣੇਦਾਰਾ! ਦੋ ਮੰਜਿਆਂ ਦੀ ਥਾਂ।
ਅਸੀਂ ਵੀ ਸੌਂ ਗਏ, ਤੁਸੀਂ ਵੀ ਸੌਂ ਗਏ,
ਭੁੰਜੇ ਸਉਂਗੀ ਤੇਰੀ ਮਾਂ।

ਵਿਆਹ ਤੋਂ ਪਿਛੋਂ ਜਦ ਪਹਿਲੀ ਵਾਰ ਪ੍ਰਾਹੁਣਾ ਆਪਣੇ ਸਹੁਰਿਆਂ ਤੋਂ ਵਹੁਟੀ ਲੈਣ ਆਉਂਦਾ ਸੀ ਤਾਂ ਉਸ ਦਾ ਮੰਜਾ ਡਿਉੜੀ ਵਿਚ ਡਾਹਿਆ ਜਾਂਦਾ ਸੀ। ਡਿਉੜੀ ਦਰਵਾਜ਼ੇ ਨੂੰ ਕਹਿੰਦੇ ਸਨ। ਕਿਉਂ ਜੋ ਉਨ੍ਹਾਂ ਸਮਿਆਂ ਵਿਚ ਆਂਢ ਗੁਆਂਢ ਦੀਆਂ ਜਨਾਨੀਆਂ, ਵਿਸ਼ੇਸ਼ ਤੌਰ ਤੇ ਸਾਲੀਆਂ ਪ੍ਰਾਹੁਣੇ ਆਏ ਨੂੰ ਵੇਖਣ ਆਉਂਦੀਆਂ ਹੁੰਦੀਆਂ ਸਨ-

ਤੈਨੂੰ ਦੇਖਣ ਕਈਆਂ ਨੇ ਆਉਣਾ,
ਡਿਉੜੀ ਵਿਚ ਡਾਹ ਮੰਜੜੀ।

ਉਸ ਦੀਆਂ ਸਾਲੀਆਂ ਉਸ ਨਾਲ ਬਹੁਤ ਸਾਰੇ ਮਸ਼ਕੂਲੇ, ਟਿੱਚਰਾਂ ਕਰਦੀਆਂ ਹੁੰਦੀਆਂ ਸਨ। ਜੀਜੇ ਦਾ ਕਈ ਢੰਗਾਂ ਨਾਲ ਜਲੂਸ ਕੱਢਣ, ਨੀਵਾਂ ਵਿਖਾਉਣ, ਠਿੱਠ ਕਰਨ ਦੀ ਕੋਸ਼ਿਸ਼ ਕਰਦੀਆਂ ਹੁੰਦੀਆਂ ਸਨ। ਜਿਨ੍ਹਾਂ ਵਿਚੋਂ ਇਕ ਮੰਜੇ ਨਾਲ ਵੀ ਸਬੰਧਿਤ ਹੁਦੀ ਸੀ। ਮੰਜੇ ਦੀ ਚੁਗਾਠ ਵਿਚ ਥੋੜ੍ਹਾ ਜਿਹਾ ਤਾਣਾ ਪੇਟਾ ਪਾ ਕੇ ਉਸ ਉਪਰ ਕੱਪੜਾ ਏਸ ਤਰ੍ਹਾਂ ਸਿਉਂ ਦਿੰਦੇ ਸਨ ਜਿਵੇਂ ਸੂਤ ਦੇ ਬਣੇ ਹੋਏ ਮੰਜੇ ਤੇ ਕਪੜਾ ਸਿਉਂਤਾ ਹੁੰਦਾ ਸੀ। ਉਸ ਉਪਰ ਬਿਸਤਰਾ ਵਿਛਾ ਦਿੱਤਾ ਜਾਂਦਾ ਸੀ। ਵਿਛਾਈ ਲੰਮੇ ਚੌੜੇ ਅਰਜ਼ ਦੀ ਵਿਛਾਈ ਜਾਂਦੀ ਸੀ, ਜਿਹੜੀ ਕਿ ਮੰਜੇ ਦੇ ਚਾਰੇ ਪਾਸਿਆਂ ਤੋਂ ਧਰਤੀ ਦੇ ਨੇੜੇ ਤੱਕ ਪਹੁੰਚਦੀ ਹੁੰਦੀ ਸੀ। ਮੰਜੇ ਦੇ ਹੇਠਾਂ ਕਿੱਕਰ ਦੀ ਜਾਂ ਬੇਰੀ ਦੀ ਸੂਲਾਂ ਵਾਲੀ ਟਾਹਣੀ ਰੱਖ ਦਿੱਤੀ ਜਾਂਦੀ ਸੀ। ਜਿਹੜੇ ਪ੍ਰਾਹੁਣੇ ਤਾਂ ਚੁਸਤ,



Academy of the Punjab in North America: http://www.apnaorg.com

ਚਲਾਕ, ਤਿੱਖੇ ਤੇ ਹੁਸ਼ਿਆਰ ਹੁੰਦੇ ਸਨ, ਉਹ ਤਾਂ ਮੰਜੇ ਤੇ ਬੈਠਣ ਤੋਂ ਪਹਿਲਾਂ ਆਪਣੇ ਨਾਲ ਲਿਆਂਦੀ ਕ੍ਰਿਪਾਨ ਨਾਲ ਮੰਜੇ ਤੇ ਵਿਛਾਏ ਬਿਸਤਰੇ ਦੇ ਲੜ ਨੂੰ ਚੁੱਕ ਕੇ ਜਾਂ ਬਿਸਤਰੇ ਉਪਰ ਕਿਰਪਾਨ ਦਾ ਪੂਰਾ ਭਾਰ ਦੇ ਕੇ ਵੇਖਣ ਤੋਂ ਬਾਅਦ ਹੀ ਮੰਜੇ ਤੇ ਬੈਠਦੇ ਹੁੰਦੇ ਸਨ। ਏਸ ਤਰ੍ਹਾਂ ਕਰਨ ਨਾਲ ਉਹ ਸਾਲੀਆਂ ਵਲੋਂ ਮੰਜੇ ਤੋਂ ਹੇਠਾਂ ਡੇਗਣ ਦੇ ਰਚੇ ਪਰਪੰਚ ਤੋਂ ਬਚ ਜਾਂਦੇ ਸਨ। ਜਿਹੜੇ ਅਜਿਹਾ ਨਹੀਂ ਕਰਦੇ ਸਨ, ਉਹ ਮੰਜੇ ਤੇ ਬੈਠਣ ਸਾਰ ਹੀ ਧੜਮ ਦੇ ਕੇ ਸੂਲਾਂ ਵਾਲੀ ਰੱਖੀ ਟਾਹਣੀ 'ਤੇ ਆ ਡਿਗਦੇ ਸਨ। ਜੀਜਾ ਕਚੀਚੀਆਂ ਵੱਟਦਾ ਤੇ ਹੱਥ ਮਲਦਾ ਹੀ ਰਹਿ ਜਾਂਦਾ ਸੀ।

ਬੰਤ ਨਾਢੂ ਡਿੱਗਿਆ ਨੀ,
ਢੋਹੀ ਹੋ ਗਈ ਕਮਾਨੀ।
ਮੰਜੇ ਪਿਆ ਡਿੱਗਿਆ ਨੀ,
ਜਿਵੇਂ ਭੇਡ ਨਿਮਾਨੀ।
ਇਹ ਦੀ ਮਾਂ ਨੂੰ ਸੱਦੋ ਨੀ,
ਉਹ ਦੇਵੇ ਪਾਣੀ।

ਲੱਗਦੇ ਹੱਥ ਛੋਟੇ ਮੰਜੇ ਤੇ ਲੰਮੇ ਕੱਦ ਦੇ ਮਾਹੀ ਸਬੰਧੀ ਇਕ ਗੀਤ ਵੀ ਸੁਣ ਹੀ ਲਵੋ–

ਬਾਬਲ ਮੈਨੂੰ ਕੀ ਵਰ ਦਿੱਤਾ,
ਲੰਮਾ ਲੰਮ ਸਲੰਮਾ।
ਇਕ ਮੰਜੀ 'ਤੇ ਆਪ ਸੌਂਦਾ,
ਦੂਜੀ ਮੰਜੀ ਤੇ ਟੰਗਾਂ।
ਤੀਜੀ ਮੰਜੀ 'ਤੇ ਪੈਰ ਰਖੇਂਦਾ,
ਮੈਂ ਹੁਣ ਕਿੱਥੇ ਵੰਞਾਂ?

ਕਈ ਵੇਰ ਮੋਟੀ ਵਹੁਟੀ ਵੀ 'ਕੱਲੀ ਮੰਜਾ ਮੱਲ ਕੇ ਪਤੀ ਲਈ ਖ਼ਤਰੇ ਦੀ ਘੰਟੀ ਬਣ ਜਾਂਦੀ ਸੀ–

ਮੋਟੀ ਰੰਨ ਦਾ ਕੀ ਸਲਾਹੀਏ,
'ਕੱਲੀ ਮੰਜਾ ਮੱਲੇ।
ਡਰਦਾ ਖਸਮ ਨਾ ਨੇੜੇ ਆਵੇ,
ਦੂਰੋਂ ਪੱਖਾ ਝੱਲੇ।

ਲਗਦੇ ਹੱਥ ਹੁਣ ਪਤਲੀ ਵਹੁਟੀ ਦਾ ਹਾਲ ਵੀ ਸੁਣ ਲਵੋ –

ਪਤਲੀ ਰੰਨ ਦਾ ਕੀ ਸਲਾਹੀਏ,
ਬੈਠੀ ਮੰਜੇ ਚੜ੍ਹ ਕੇ।



ਆਉਂਦਾ ਜਾਂਦਾ ਕੋਲੋਂ ਲੰਘੇ,
ਕਾਗਜ਼ ਵਾਂਗੂੰ ਖੜਕੇ।

ਪਹਿਲੇ ਸਮਿਆਂ ਵਿਚ ਦਾਜ ਵਿਚ ਚਰਖਾ ਦੇਣ ਦਾ ਰਿਵਾਜ ਸੀ। ਉਨ੍ਹਾਂ ਸਮਿਆਂ ਵਿਚ ਲੋਕਾਂ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਹੁੰਦੀ ਸੀ। ਏਸ ਲਈ ਕਈ ਵੇਰ ਜਦ ਚਰਖੇ ਨਾਲ ਪੀੜ੍ਹੀ ਨਹੀਂ ਦਿੱਤੀ ਜਾਂਦੀ ਸੀ ਤਾਂ ਵਹੁਟੀ ਪੀੜ੍ਹੀ ਦੀ ਮੰਗ ਆਪਣੇ ਮਾਹੀ ਤੋਂ ਕਰਦੀ ਹੁੰਦੀ ਸੀ।

ਜਦੋਂ ਮੰਗਣਿਆਂ, ਵਿਆਹਾਂ ਅਤੇ ਹੋਰ ਸਮਾਗਮਾਂ ਵਿਚ ਲਾਊਡ ਸਪੀਕਰ ਵੱਜਦੇ ਹੁੰਦੇ ਸਨ ਤਾਂ ਸਪੀਕਰਾਂ ਨੂੰ ਕੋਠੇ ਉੱਪਰ ਦੋ ਮੰਜਿਆਂ ਦੀਆਂ ਪਿੱਠਾਂ ਜੋੜ ਕੇ ਉਸ ਦੇ ਪਾਵਿਆਂ ਨਾਲ ਬੰਨ੍ਹਿਆ ਜਾਂਦਾ ਸੀ, ਤਾਂ ਜੋ ਸਪੀਕਰ ਦੀ ਅਵਾਜ਼ ਸਾਰੇ ਪਿੰਡ ਵਿਚ ਤੇ ਦੂਰ ਦੂਰ ਤੱਕ ਸੁਣੀ ਜਾ ਸਕੇ।

ਅੱਜ ਕੱਲ੍ਹ ਮੁੰਜ, ਸਣ, ਸੂਤ ਤੇ ਨਮਾਰ ਨਾਲ ਬਣੇ ਮੰਜਿਆਂ ਦਾ ਰਿਵਾਜ ਦਿਨੋ ਦਿਨ ਘਟਦਾ ਜਾ ਰਿਹਾ ਹੈ। ਜਿਥੇ ਪਹਿਲਾਂ ਵਿਆਹਾਂ ਵਿਚ ਨਮਾਰੀ ਪਲੰਘ ਦੇਣ ਦਾ ਰਿਵਾਜ ਸੀ, ਉਥੇ ਹੁਣ ਹਾਰਡ ਬੈੱਡ ਤੇ ਬਕਸੇ ਵਾਲੇ ਹਾਰਡ ਬੈੱਡ ਦਿੱਤੇ ਜਾਣ ਲੱਗੇ ਹਨ। ਲੋਹੇ ਦੀਆਂ ਪਾਈਪਾਂ ਨਾਲ ਬਣੀਆਂ ਚੁਗਾਠਾਂ ਦੇ ਮੰਜੇ ਅੱਜ ਕੱਲ੍ਹ ਬੜੇ ਪ੍ਰਚੱਲਤ ਹਨ। ਇਨ੍ਹਾਂ ਨੂੰ ਨਾਈਲਨ ਦੀ ਨੁਮਾਰ ਜਾਂ ਰੱਸੀ ਨਾਲ ਬੁਣਿਆ ਜਾਂਦਾ ਹੈ। ਇਹ ਬਣੇ ਬਣਾਏ ਮੰਜੇ ਵੀ ਬਾਜ਼ਾਰ ਵਿਚੋਂ ਆਮ ਮਿਲਦੇ ਹਨ।

ਏਸੇ ਤਰ੍ਹਾਂ ਅੱਜ ਕੱਲ੍ਹ ਘੱਟ ਹੀ ਮੁੰਜ ਦੀ ਰੱਸੀ, ਸਣ ਤੇ ਸੂਤ ਨਾਲ ਪੀੜ੍ਹੀ ਬੁਣੀ ਜਾਂਦੀ ਹੈ। ਪੀੜ੍ਹੀਆਂ ਵੀ ਬਾਜ਼ਾਰ ਵਿਚੋਂ ਲੱਕੜ ਦੀਆਂ ਤੇ ਲੋਹੇ ਦੀਆਂ ਬਣੀਆਂ ਬਣਾਈਆਂ ਮਿਲ ਜਾਂਦੀਆਂ ਹਨ। ਮੰਜਿਆਂ ਦੀ ਤਰ੍ਹਾਂ ਬਹੁਤੀਆਂ ਪੀੜ੍ਹੀਆਂ ਵੀ ਲੋਹੇ ਦੀ ਪਾਈਪ ਦੀਆਂ ਬਣੀਆਂ ਬਣਾਈਆਂ ਮਿਲ ਜਾਂਦੀਆਂ ਹਨ, ਜਿਹੜੀਆਂ ਨਾਇਲਨ ਦੀ ਨੁਮਾਰ ਨਾਲ ਬੁਣੀਆਂ ਹੁੰਦੀਆਂ ਹਨ। ਲੱਕੜ ਤੇ ਲੋਹੇ ਦੀਆਂ ਚੁਗਾਠਾਂ ਵਾਲੀਆਂ ਪੀੜ੍ਹੀਆਂ ਬਾਜ਼ਾਰ ਵਿਚੋਂ ਪਲਾਸਟਿਕ ਦੀ ਬੈਂਤ ਦੀਆਂ ਬਣੀਆਂ ਬਣਾਈਆਂ ਵੀ ਮਿਲਦੀਆਂ ਹਨ। ਲੱਕੜ ਤੇ ਪਲਾਸਟਿਕ ਦੀਆਂ ਬਣੀਆਂ ਹੋਈਆਂ ਪਟੜੀਆਂ ਵੀ ਬੈਠਣ ਲਈ ਬਾਜ਼ਾਰ ਵਿਚੋਂ ਉਪਲਬਧ ਹਨ।

ਅੱਜ ਕੱਲ੍ਹ ਹਰ ਘਰ ਕੁਰਸੀਆਂ ਹਨ। ਬਹੁਤੇ ਪਰਿਵਾਰਾਂ ਕੋਲ ਸੋਫ਼ੇ ਵੀ ਹਨ। ਵਿਆਹਾਂ ਵਿਚ ਕੁਰਸੀਆਂ ਦੀ ਥਾਂ ਅੱਜਕੱਲ੍ਹ ਸੋਫੇ ਦੇਣ ਦਾ ਰਿਵਾਜ ਹੈ। ਏਸ ਲਈ ਜਿਥੇ ਪਹਿਲਾਂ ਨਵੀਂ ਬਹੂ ਨੂੰ ਪੀੜ੍ਹੀ ਤੇ ਬਿਠਾਇਆ ਜਾਂਦਾ ਸੀ, ਹੁਣ ਉਸ ਨੂੰ ਕੁਰਸੀ ਜਾਂ ਸੋਫ਼ੇ ਤੇ ਬਿਠਾਇਆ ਜਾਂਦਾ ਹੈ। ਆਏ ਗਏ ਨੂੰ ਜਿਥੇ ਪਹਿਲਾਂ ਮੰਜਿਆਂ 'ਤੇ ਬਿਠਾਇਆ ਜਾਂਦਾ ਸੀ, ਉਥੇ ਹੁਣ ਉਨ੍ਹਾਂ ਨੂੰ ਕੁਰਸੀਆਂ 'ਤੇ ਸੋਫਿਆਂ 'ਤੇ ਬਿਠਾਇਆ ਜਾਂਦਾ ਹੈ। ਮੰਜਿਆਂ ਦੀ ਥਾਂ ਬੈੱਡ ਲੈ ਰਹੇ ਹਨ। ਮੰਜਿਆਂ ਅਤੇ ਪੀੜ੍ਹੀਆਂ ਦੀ ਹੁਣ



Academy of the Punjab in North America: http://www.apnaorg.com

ਪਹਿਲਾਂ ਜਿੰਨੀ ਪ੍ਰਧਾਨਤਾ ਨਹੀਂ ਰਹੀ।

ਹੁਣ ਮੈਂ ਤੁਹਾਨੂੰ ਮੰਜੇ ਅਤੇ ਪੀੜ੍ਹੀ ਦੀ ਬਣਤਰ ਬਾਰੇ ਦੱਸਣ ਜਾ ਰਿਹਾ ਹਾਂ।

ਪਹਿਲੇ ਸਮਿਆਂ ਵਿਚ ਸਾਰੇ ਮੰਜਿਆਂ ਦੀਆਂ ਚੁਗਾਠਾਂ ਲੱਕੜ ਦੀਆਂ ਹੀ ਬਣੀਆਂ ਹੁੰਦੀਆਂ ਸਨ। ਚੁਗਾਠ ਦੇ ਲੰਮੇ ਪਾਸੇ ਲੱਗੀ ਲੱਕੜ ਨੂੰ ਬਾਹੀ ਕਹਿੰਦੇ ਹਨ ਜਿਹੜੀ ਆਮ ਤੌਰ 'ਤੇ 6 ਕੁ ਫੁੱਟ ਲੰਮੀ ਹੁੰਦੀ ਹੈ। ਛੋਟੇ ਚੌੜੇ ਪਾਸੇ ਦੀ ਲੱਕੜ ਨੂੰ ਸੇਰਵਾ ਕਹਿੰਦੇ ਹਨ। ਇਹ ਆਮ ਤੌਰ 'ਤੇ ਤਿੰਨ ਕੁ ਫੁੱਟ ਲੰਮਾ ਹੁੰਦਾ ਹੈ। ਇਨ੍ਹਾਂ ਬਾਹੀਆਂ ਤੇ ਸੇਰਵਿਆਂ ਦੇ ਸਿਰਿਆਂ ਤੇ ਚੂਲ ਪਾਏ ਹੁੰਦੇ ਹਨ। ਇਨ੍ਹਾਂ ਦੇ ਸਿਰਿਆਂ ਦੇ ਢਾਈ ਕੁ ਇੰਚ ਹਿੱਸੇ ਨੂੰ ਘੱਟ ਕਰ ਕੇ ਇਕ ਡੇਢ ਕੁ ਇੰਚ ਦਾ ਚੌਰਸ ਬਣਾ ਦੇਣ ਨੂੰ ਚੂਲ ਪਾਉਣਾ ਕਹਿੰਦੇ ਹਨ।

ਮੰਜੇ ਦੇ ਚਾਰ ਪਾਵੇ ਹੁੰਦੇ ਹਨ, ਜਿਹੜੇ ਆਮ ਤੌਰ 'ਤੇ 2 ਕੁ ਫੁੱਟ ਦੇ ਹੁੰਦੇ ਹਨ। ਪਹਿਲੇ ਸਮਿਆਂ ਦੇ ਪਾਵੇ ਸਿੱਧੀ ਲੱਕੜ ਦੇ ਹੀ ਹੁੰਦੇ ਸਨ। ਸਮੇਂ ਦੇ ਗੁਜ਼ਰਨ ਨਾਲ ਪਾਵੇ ਕਈ ਡੀਜ਼ਾਇਨਾਂ ਵਿਚ ਖਰਾਦ ਕੇ ਬਣਾਏ ਜਾਣ ਲੱਗੇ। ਇਨ੍ਹਾਂ ਪਾਵਿਆਂ ਦੇ ਉਪਰਲੇ ਹਿੱਸੇ ਤੋਂ ਦੋ ਕੁ ਇੰਚ ਹੇਠਾਂ ਕਰ ਕੇ ਉਪਰ ਹੇਠਾਂ ਦੋ ਆਰ ਪਾਰ ਸੁਰਾਖ ਕੱਢੇ ਜਾਂਦੇ ਹਨ। ਇਨ੍ਹਾਂ ਨੂੰ ਸੱਲ ਕਹਿੰਦੇ ਹਨ। ਉਪਰਲੇ ਸੁਰਾਖਾਂ ਵਿਚ ਸੇਰਵੇ ਦੀਆਂ ਚੂਲਾਂ ਫਿੱਟ ਕੀਤੀਆਂ ਜਾਂਦੀਆਂ ਹਨ। ਹੇਠਲੇ ਸੁਰਾਖਾਂ ਵਿਚ ਬਾਹੀਆਂ ਦੀਆਂ ਚੂਲਾਂ ਫਿੱਟ ਕੀਤੀਆਂ ਜਾਂਦੀਆਂ ਹਨ। ਏਸ ਤਰ੍ਹਾਂ ਮੰਜੇ ਦੀ ਚੁਗਾਠ ਬਣ ਜਾਂਦੀ ਹੈ।

ਪਹਿਲਾਂ ਅੰਧ ਵਿਸ਼ਵਾਸ, ਵਹਿਮਾਂ-ਭਰਮਾਂ ਦਾ ਯੁੱਗ ਸੀ। ਇਸ ਲਈ ਕਿਹੜਾ ਨਵਾਂ ਕਪੜਾ, ਨਵਾਂ ਗਹਿਣਾ ਕਿਹੜੇ ਦਿਨ ਪਹਿਨਣਾ ਹੁੰਦਾ ਸੀ, ਉਹ ਨੀਯਤ ਕੀਤੇ ਹੋਏ ਸਨ। ਏਸੇ ਤਰ੍ਹਾਂ ਮੰਜਾ ਕਿਹੜੇ ਦਿਨ ਬੁਣਨਾ ਚਾਹੀਦਾ ਸੀ, ਉਹ ਵੀ ਨੀਯਤ ਕੀਤਾ ਹੋਇਆ ਸੀ-

ਬੁੱਧ, ਸਨਿਚਰ ਕਪੜਾ, ਗਹਿਣਾ ਐਤਵਾਰ।
ਜੇ ਸੁੱਖ ਸੁੱਤਾ ਲੋੜੀਏ, ਮੰਜੀ ਬੁਣੀਂ ਸੋਮਵਾਰ।

ਪਹਿਲਾਂ ਸਾਰੇ ਮੰਜੇ ਮੁੰਜ ਦੀ ਰੱਸੀ ਨਾਲ ਬੁਣੇ ਜਾਂਦੇ ਸਨ। ਬਾਹੀਆਂ ਵਾਲੇ ਪਾਸੇ ਤੋਂ ਡੇਢ ਕੁ ਫੁੱਟ ਛੱਡ ਕੇ ਮੰਜੇ ਵਿਚ ਮੱਲ ਪਾਇਆ ਜਾਂਦਾ ਹੈ। ਮੱਲ ਵਿਚ ਆਮ ਤੌਰ ਤੇ 12/14 ਰੱਸੀਆਂ ਹੁੰਦੀਆਂ ਹਨ। ਮੱਲ ਦਾ ਜਿਹੜਾ ਹਿੱਸਾ ਬਾਹੀਆਂ ਨਾਲ ਲੱਗਦਾ ਹੁੰਦਾ ਹੈ, ਉਸ ਨੂੰ ਰੱਸੀ ਨਾਲ ਗੁੰਦਿਆ ਜਾਂਦਾ ਹੈ। ਫੇਰ ਮੱਲ ਦੇ ਵਿਚਾਲੇ ਇਕ ਡੰਡਾ ਪਾ ਕੇ ਮੱਲ ਨੂੰ ਵੱਟ ਦਿੱਤਾ ਜਾਂਦਾ ਹੈ। ਫੇਰ ਡੰਡੇ ਨੂੰ ਸੇਰਵੇ ਉਪਰ ਰੱਖ ਦਿੱਤਾ ਜਾਂਦਾ ਹੈ।

ਮੱਲ ਦੇ ਇਕ ਖੂੰਜੇ ਤੋਂ ਤਿਰਛੇ ਲੋਟ ਵਾਲੇ ਪਾਵੇ ਵਿਚ ਪਹਿਲਾਂ ਦੋ ਜਾਂ ਚਾਰ ਰੱਸੀਆਂ ਵਗਾਈਆਂ ਜਾਂਦੀਆਂ ਹਨ। ਇਨ੍ਹਾਂ ਰੱਸੀਆਂ ਨੂੰ 'ਜੀ ਪਾਉਣਾ' ਕਹਿੰਦੇ ਹਨ। ਜੀ ਪਾਉਣ ਪਿੱਛੋਂ ਤਾਣਾ ਪਾਇਆ ਜਾਂਦਾ ਹੈ। ਫੇਰ ਪੇਟਾ ਪਾਉਂਦੇ ਹੋਏ ਮੰਜਾ ਬੁਣ ਕੇ ਮੁਕੰਮਲ ਕੀਤਾ ਜਾਂਦਾ ਹੈ। ਮੰਜਿਆਂ ਵਿਚ ਕਈ ਕਿਸਮ ਦੀਆਂ ਬੁਣਤੀਆਂ ਪਾਈਆਂ ਜਾਂਦੀਆਂ ਸਨ। ਕੋਈ 9 ਲੜੀਆਂ ਦੀ, ਕੋਈ 12 ਲੜੀਆਂ ਦੀ ਬੁਣਤੀ ਹੁੰਦੀ ਸੀ। ਕੋਈ ਚੌਰਸ ਡੱਬੀ ਦੀ ਬੁਣਤੀ ਹੁੰਦੀ ਸੀ। ਹੋਰ ਬਹੁਤ ਸਾਰੀਆਂ ਬੁਣਤੀਆਂ ਹੁੰਦੀਆਂ ਸਨ। ਜਦ ਮੰਜਾ ਬੁਣਿਆ ਜਾਂਦਾ ਸੀ, ਫੇਰ ਮੰਜੇ ਵਿਚ ਦੌਣ ਪਾਈ ਜਾਂਦੀ ਸੀ। ਦੌਣ ਨੂੰ ਕਸ ਕੇ ਫੇਰ ਮੱਲ ਵਿਚ ਪਾਇਆ ਡੰਡਾ ਕੱਢ ਦਿੱਤਾ ਜਾਂਦਾ ਸੀ। ਏਸ ਤਰ੍ਹਾਂ ਮੰਜੇ ਦੀ ਬੁਣਤੀ ਪੂਰੀ ਹੋ ਜਾਂਦੀ ਸੀ।

ਮੁੰਜ ਦੇ ਵਾਣ੍ਹ ਤੋਂ ਪਿੱਛੋਂ ਸਣ ਦੀ ਰੱਸੀ ਨਾਲ ਮੰਜੇ ਬੁਣੇ ਜਾਣ ਲੱਗੇ। ਫੇਰ ਸਣ ਦੀ ਰੱਸੀ ਨੂੰ ਰੰਗ ਕੇ ਮੰਜੇ ਬਣਾਉਣ ਦਾ ਰਿਵਾਜ ਪਿਆ। ਭਾਂਤ ਭਾਂਤ ਦੇ ਰੰਗਾਂ ਨਾਲ ਭਾਂਤ ਭਾਂਤ ਦੇ ਡੀਜ਼ਾਇਨ ਪਾਏ ਜਾਣ ਲੱਗੇ। ਚਿੜੀਆਂ, ਘੁੱਗੀਆਂ, ਮੋਰ, ਸ਼ੇਰਾਂ ਆਦਿ ਦੇ ਡੀਜ਼ਾਇਨ ਮੰਜਿਆਂ ਵਿਚ ਉਨ੍ਹਾਂ ਸਮਿਆਂ ਵਿਚ ਪਾਏ ਜਾਂਦੇ ਸਨ। ਉਸ ਤੋਂ ਪਿਛੋਂ ਸੂਤ ਅਤੇ ਨਮਾਰ ਦੇ ਮੰਜੇ ਬੁਣੇ ਜਾਣ ਲੱਗੇ।

ਪੀੜ੍ਹੀ ਆਮ ਤੌਰ ਤੇ ਡੇਢ ਫੁੱਟ ਚੌੜੀ ਤੇ ਦੋ ਕੁ ਫੁੱਟ ਲੰਮੀ ਹੁੰਦੀ ਹੈ। 8/10 ਇੰਚ ਉੱਚੀ ਹੁੰਦੀ ਹੈ। ਮੰਜੇ ਦੀ ਚੁਗਾਠ ਦੀ ਤਰ੍ਹਾਂ ਹੀ ਪੀੜ੍ਹੀ ਦੀ ਚੁਗਾਠ ਬਣਦੀ ਹੈ। ਪੀੜ੍ਹੀ ਦੀ ਚੁਗਾਠ ਛੋਟੀ ਹੁੰਦੀ ਹੈ। ਮੰਜੇ ਦੀ ਚੁਗਾਠ ਬੜੀ ਹੁੰਦੀ ਹੈ। ਮੰਜੇ ਦੀ ਤਰ੍ਹਾ ਹੀ ਪੀੜ੍ਹੀ ਬੁਣੀ ਜਾਂਦੀ ਹੈ। ਦੌਣ ਪਾਈ ਜਾਂਦੀ ਹੈ। ਪਹਿਲਾਂ ਪੀੜ੍ਹੀਆ ਮੁੰਜ ਦੇ ਵਾਣ੍ਹ ਦੀ ਰੱਸੀ ਨਾਲ ਬੁਣੀਆਂ ਜਾਂਦੀਆਂ ਸਨ। ਫੇਰ ਸਣ ਦੇ ਵਾਣ੍ਹ ਨਾਲ ਤੇ ਫੇਰ ਸਣ ਦੇ ਵਾਣ੍ਹ ਨੂੰ ਰੰਗ ਕੇ ਬਣਾਈਆਂ ਜਾਂਦੀਆਂ ਹਨ। ਮੰਜਿਆਂ ਦੀ ਤਰ੍ਹਾ ਡੀਜ਼ਾਇਨ ਪਾਏ ਜਾਂਦੇ ਸਨ। ਇਹ ਸੀ ਮੰਜੇ ਅਤੇ ਪੀੜ੍ਹੀਆਂ ਦੀ ਬੁਣਨ ਦੀ ਵਿਧੀ। ਜਾਂਦੇ ਜਾਂਦੇ ਪੀੜ੍ਹੀਆਂ ਤੇ ਇਕ ਅਖਾਣ ਵੀ ਸੁਣਦੇ ਜਾਓ-

'ਦਰਜੀਆਂ ਦੇ ਕੱਪੜੇ ਪਾਟੇ ਤੇ ਤਰਖਾਣਾਂ ਦੇ ਮੰਜੇ ਸਦਾ ਹੀ ਟੁੱਟੇ ਰਹਿੰਦੇ ਹਨ।'

0

## ਟੋਕਰੇ, ਟੋਕਰੀਆਂ

ਪਿੰਡ ਪਹਿਲਾਂ ਸਵੈ-ਨਿਰਭਰ ਹੁੰਦੇ ਸਨ। ਲੋਕਾਂ ਦੀਆਂ ਥੋੜ੍ਹੀਆਂ ਜਿਹੀਆਂ ਲੋੜਾਂ ਹੁੰਦੀਆਂ ਸਨ, ਜਿਹੜੀਆਂ ਪਿੰਡ ਵਿਚ ਹੀ ਪੂਰੀਆਂ ਹੋ ਜਾਂਦੀਆਂ ਸਨ। ਪਿੰਡਾਂ ਵਿਚ ਘਰੇਲੂ ਉਦਯੋਗ ਹੁੰਦੇ ਸਨ, ਜਿਥੇ ਹਰ ਲੋੜੀਂਦੀ ਵਸਤ ਤਿਆਰ ਕੀਤੀ ਜਾਂਦੀ ਸੀ। ਥੋੜ੍ਹੀਆਂ ਜਿਹੀਆਂ ਵਸਤਾਂ ਹੀ ਮੰਡੀ ਵਿਚੋਂ ਲਿਆਉਣੀਆਂ ਪੈਂਦੀਆਂ ਸਨ। ਖੇਤੀ ਵਿਚ ਤੇ ਘਰ ਵਿਚ ਵਰਤੋਂ ਲਈ ਟੋਕਰੇ, ਟੋਕਰੀਆਂ, ਬੋਹੀਏ, ਛਾਬੇ, ਛਿੱਕੂਆਂ ਆਦਿ ਦੀ ਲੋੜ ਪੈਂਦੀ ਸੀ। ਇਹ ਤੂਤ ਦੀਆਂ ਛਿਟੀਆਂ ਤੋਂ ਤਿਆਰ ਕੀਤੇ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਖੇਤਾਂ ਵਿਚ ਤੂਤ ਆਮ ਲਾਏ ਜਾਂਦੇ ਸਨ। ਖੂਹਾਂ ਦੀਆਂ





Academy of the Punjab in North America: http://www.apnaorg.com

ਪੈੜਾਂ ਦੇ ਆਲੇ-ਦੁਆਲੇ ਤਾਂ ਵਿਸ਼ੇਸ਼ ਤੌਰ ’ਤੇ ਤੂਤ ਤੇ ਟਾਹਲੀਆਂ ਹੀ ਲਾਈਆਂ ਜਾਂਦੀਆਂ ਸਨ। ਇਨ੍ਹਾਂ ਦੀ ਛਾਂ ਬੜੀ ਸੰਘਣੀ ਹੁੰਦੀ ਸੀ। ਤੂਤ ਦੇ ਦਰਖ਼ਤ ਦੀਆਂ ਛਿਟੀਆਂ ਦੀ ਲੰਬਾਈ 7/8 ਫੁੱਟ ਤੱਕ ਚਲੀ ਜਾਂਦੀ ਸੀ। ਏਸੇ ਕਰਕੇ ਹੀ ਜੇਕਰ ਕੋਈ ਲੰਮੀ ਲੰਞੀ ਮੁਟਿਆਰ ਮਧਰੇ ਕੱਦ ਵਾਲੇ ਨਾਲ ਵਿਆਹੀ ਜਾਂਦੀ ਸੀ ਤਾਂ ਉਸ ਮੁਟਿਆਰ ਦੇ ਮਨ ਵਿਚ ਹਮੇਸ਼ਾ ਕਸਕ ਰਹਿੰਦੀ ਸੀ-

ਖੱਟਣ ਗਿਆ ਸੀ ਕੀ ਖੱਟ ਲਿਆਂਦਾ?
ਖੱਟ ਕੇ ਲਿਆਂਦੀ ਰਾਈ ਵੇ।
ਨੀ ਮੈਂ ਲਗਰ ਤੂਤ ਦੀ,
ਲੜ ਮਧਰੇ ਦੇ ਲਾਈ ਵੇ।

ਮਧਰੇ ਹੋਣ ਦੇ ਨਾਲ ਨਾਲ ਜੇਕਰ ਉਸ ਦੇ ਮਾਹੀ ਦਾ ਰੰਗ ਵੀ ਕਾਲਾ ਹੁੰਦਾ ਸੀ ਤਾਂ ਉਸ ਮੁਟਿਆਰ ਦੀਆਂ ਸਹੇਲੀਆਂ ਉਸਨੂੰ ਚੋਭਾਂ ਲਾਉਂਦੀਆਂ ਸਨ-

ਨੀ ਲਗਰੇ ਤੂਤ ਦੀਏ!
ਤੈਨੂੰ ਜੁੜਿਆ ਕਿੱਕਰ ਦਾ ਜਾਤੂ।

ਪਹਿਲੇ ਸਮਿਆਂ ਵਿਚ ਨਵੀਂ ਵਿਆਹੀ ਵਹੁਟੀ ਤੇ ਲਾੜੇ ਦਾ ਛਿਟੀਆਂ ਖੇਡਣ ਦਾ ਰਿਵਾਜ ਹੁੰਦਾ ਸੀ। ਲਾੜੇ ਦੇ ਦੁਪੱਟੇ/ਪਰਨੇ/ਸਾਫੀ ਦੇ ਲੜ ਨਾਲ ਲਾੜੀ ਦੀ ਚੁੰਨੀ ਦੀ ਗੱਠ ਦਿੱਤੀ ਜਾਂਦੀ ਸੀ। ਲਾੜਾ ਮੂਹਰੇ ਤੁਰਦਾ ਸੀ। ਲਾੜੀ ਲਾੜੇ ਦਾ ਲੜ ਫੜ ਕੇ ਪਿਛੇ ਪਿਛੇ ਆਉਂਦੀ ਸੀ। ਲਾੜੀ ਦੇ ਘੱਗਰਾ ਪਾਇਆ ਹੁੰਦਾ ਸੀ। ਮੇਲਣਾਂ ਅੱਗੇ ਅੱਗੇ ਗੀਤ ਗਾਉਂਦੀਆਂ ਜਾਂਦੀਆਂ ਸਨ। ਲਾੜਾ ਲਾੜੀ ਦੇ ਹੱਥਾਂ ਵਿਚ ਤੂਤ ਦੀਆਂ ਨਰਮ ਜਿਹੀਆਂ ਚਾਰ ਕੁ ਫੁੱਟ ਦੀਆਂ ਛਿਟੀਆਂ ਫੜੀਆਂ ਹੁੰਦੀਆਂ ਸਨ। ਲਾੜਾ ਅਤੇ ਲਾੜੀ ਇਕ ਦੂਜੇ ਦੇ ਪੰਜ ਪੰਜ ਜਾਂ ਸੱਤ ਸੱਤ ਪੋਲੀਆਂ ਪੋਲੀਆਂ ਛਿਟੀਆਂ ਮਾਰਦੇ ਸਨ। ਇਹ ਛਿਟੀਆਂ ਖੇਡਣ ਦੀ ਰਸਮ ਹੁੰਦੀ ਸੀ।





ਤੂਤ ਦਾ ਦਰਖ਼ਤ ਬਹੁਮੰਤਵੀ ਕੰਮ ਦਿੰਦਾ ਸੀ। ਤੂਤ ਦੀ ਸੰਘਣੀ ਛਾਂ ਹੋਣ ਕਰ ਕੇ ਹਰ ਇਸਤਰੀ, ਪੁਰਸ਼, ਰਾਹੀ, ਪਾਂਧੀ ਦੂਸਰੇ ਰੁੱਖਾਂ ਦੀ ਥਾਂ ਤੂਤ ਦੇ ਰੁੱਖ ਥੱਲੇ ਬੈਠਣਾ ਜ਼ਿਆਦਾ ਪਸੰਦ ਕਰਦੇ ਸਨ। ਤੂਤ ਦਾ ਫ਼ਲ ਤੂਤੀਆਂ ਖਾਣ ਦੇ ਕੰਮ ਆਉਂਦੀਆਂ ਸਨ। ਤੂਤ ਦੀਆਂ ਤੂਤੀਆਂ ਦਾ ਗੀਤ ‘ਤੂਤਕ ਤੂਤਕ ਤੂਤਕ ਤੂਤੀਆਂ, ਆਜਾ ਤੂਤਾਂ ਵਾਲੇ ਖੂਹ ਤੇ...’ ਗਾ ਕੇ ਮਲਕੀਤ ਸਿੰਘ ਗਾਇਕ ਸਾਰੇ ਪੰਜਾਬੀਆਂ ਦਾ ਚਹੇਤਾ ਗਾਇਕ ਬਣ ਗਿਆ ਹੈ। ਮਲਕੀਤ ਸਿੰਘ ਲਈ ਤੂਤੀਆਂ ਸੋਨੇ ਦੀਆਂ ਮੋਹਰਾਂ ਬਣ ਗਈਆਂ ਸਨ। ਤੂਤ ਦੀਆਂ ਛਿਟੀਆਂ ਵੱਢ ਕੇ ਇਨ੍ਹਾਂ ਦੇ ਟੋਕਰੇ, ਟੋਕਰੀਆਂ, ਰੋਟੀਆਂ ਰੱਖਣ ਵਾਲੇ ਛਾਬੇ, ਛਿੱਕੂ ਆਦਿ ਬਣਾਏ ਜਾਂਦੇ ਸਨ। ਟੋਕਰੇ ਖੇਤੀ ਵਿਚ ਕੰਮ ਆਉਂਦੇ ਸਨ। ਟੋਕਰੇ ਨਾਲ ਪਸ਼ੂਆਂ ਨੂੰ ਪੱਠੇ ਤੇ ਨੀਰਾ ਪਾਇਆ ਜਾਂਦਾ ਸੀ। ਮੁਰਗੀਆਂ ਨੂੰ ਰਾਤ ਨੂੰ ਟੋਕਰੇ ਥੱਲੇ ਰੱਖਣ ਦਾ ਰਿਵਾਜ ਹੁੰਦਾ ਸੀ। ਟੋਕਰੇ ਨਾਲ ਗੋਹਾ ਕੂੜਾ ਕਰਨ ਸਬੰਧੀ ਇਹ ਲੋਕ ਗੀਤ ਵੀ ਸੁਣੋ -

ਇਕ ਜੋ ਤੇਰੀ ਭਾਬੀ ਆ,
ਜੀ ਸਾਡੀ ਜੇਠਾਣੀ ਆ,
ਜੀ ਸਾਨੂੰ ਬਹੁਤ ਸਤਾਵੇ।
ਭਰ ਭਰ ਦਿੰਦੀ ਟੋਕਰੇ,
ਜੀ ਸਾਥੋਂ ਗੋਹਾ ਸੁਟਾਵੇ।

ਇਸ ਤਰ੍ਹਾਂ ਟੋਕਰੇ, ਟੋਕਰੀਆਂ ਆਦਿ ਤੋਂ ਅਨੇਕਾਂ ਕੰਮ ਲਏ ਜਾਂਦੇ ਸਨ। ਟੋਕਰੇ, ਟੋਕਰੀਆਂ ਵਿਚ ਖੇਤੀਂ ਕੰਮ ਕਰਦੇ ਬੰਦਿਆਂ ਲਈ ਰੋਟੀ ਵੀ ਲੈ ਕੇ ਜਾਂਦੇ ਸਨ। ਹਰ ਰੋਜ਼ ਟੋਕਰੇ ਟੋਕਰੀਆਂ, ਛਾਬੇ, ਬੋਹੀਏ ਦੀ ਵਰਤੋਂ ਹੁੰਦੀ ਸੀ। ਹੁਣ ਮੈਂ ਤੁਹਾਨੂੰ ਟੋਕਰੇ, ਟੋਕਰੀਆਂ, ਛਾਬੇ ਆਦਿ ਕਿਵੇਂ ਬਣਦੇ ਸਨ, ਉਹਨਾਂ ਬਾਰੇ ਦੱਸਦਾ ਹਾਂ।

ਝਿਉਰ ਟੋਕਰੇ, ਟੋਕਰੀਆਂ ਜ਼ਿਮੀਂਦਾਰਾਂ ਦੇ ਘਰੀਂ ਜਾ ਕੇ ਬਣਾਉਂਦੇ ਸਨ। ਇਨ੍ਹਾਂ ਨੂੰ ਬਣਾਉਣ ਲਈ ਸਿਰਫ਼ ਇਕ ਦਾਤ (ਛਿਟੀਆਂ ਵੱਢਣ, ਪਾੜਣ ਤੇ ਛਿੱਲਣ ਵਾਲਾ ਸੰਦ) ਦੀ ਹੀ ਲੋੜ ਹੁੰਦੀ ਸੀ। ਤੂਤ ਦੀਆਂ ਛਿਟੀਆਂ ਵੱਢ ਲੈਂਦੇ ਸਨ। ਛਿਟੀਆਂ ਲਚਕਦਾਰ ਹੁੰਦੀਆਂ ਸਨ, ਜਿਵੇਂ ਮਰਜ਼ੀ ਮੋੜੀਆਂ ਜਾ ਸਕਦੀਆਂ ਸਨ। ਜਿਹੜੀਆਂ ਛਿਟੀਆਂ ਜ਼ਿਆਦਾ ਮੋਟੀਆਂ ਹੁੰਦੀਆਂ ਸਨ, ਉਨ੍ਹਾਂ ਨੂੰ ਵਿਚਾਲੋਂ ਦੋਫਾੜ ਕਰ ਲੈਂਦੇ ਸਨ। ਪਤਲੀਆਂ ਛਿਟੀਆਂ ਉਸੇ ਤਰ੍ਹਾਂ ਵਰਤ ਲਈਆਂ ਜਾਂਦੀਆਂ ਸਨ। ਦੋਫਾੜ ਤੇ ਮੋਟੀਆਂ ਛਿਟੀਆਂ ਦੇ ਟੋਕਰੇ ਬਣਾਉਂਦੇ ਸਨ। ਉਸ ਤੋਂ ਘੱਟ ਮੋਟੀਆਂ ਦੀਆਂ ਟੋਕਰੀਆਂ ਬਣਦੀਆਂ ਸਨ। ਉਸ ਤੋਂ ਘੱਟ ਮੋਟੀਆਂ ਤੇ ਪਤਲੀਆਂ ਛਿਟੀਆਂ ਦੇ ਛਾਬੇ, ਬੋਹੀਏ, ਛਿੱਕੂ ਅਤੇ ਹੋਰ ਘਰ ਵਿਚ ਵਰਤੋਂ ਵਾਸਤੇ ਵਸਤਾਂ ਬਣਾਈਆਂ ਜਾਂਦੀਆਂ ਸਨ। ਛਿਟੀਆਂ ਨੂੰ ਬਾਲਣ ਦੇ ਤੌਰ ਤੇ ਵੀ ਵਰਤਿਆ ਜਾਂਦਾ ਸੀ।



Academy of the Punjab in North America: http://www.apnaorg.com

ਆਮ ਤੌਰ ਤੇ ਟੋਕਰਾ 3 ਕੁ ਫੁੱਟ ਗੋਲ ਆਕਾਰ ਦਾ ਹੁੰਦਾ ਸੀ/ਹੈ। ਟੋਕਰੇ ਦਾ ਤਾਣਾ ਪਾਉਣ ਲਈ 6 ਕੁ ਫੁੱਟ ਲੰਮੀਆਂ ਮੋਟੀਆਂ ਛਿਟੀਆਂ ਨੂੰ ਦੋਫਾੜ ਕਰ ਲਿਆ ਜਾਂਦਾ ਹੈ। ਇਨ੍ਹਾਂ ਦੋਫਾੜ ਕੀਤੀਆਂ ਛਿਟੀਆਂ ਨੂੰ ਚਾਰ ਚਾਰ ਇਕ ਥਾਂ 'ਕੱਠੀਆਂ ਕਰਕੇ ਵਿਚਾਲੇ ਤੋਂ ਇਕ ਦੂਜੀ ਦੇ ਉਪਰ ਰੱਖ ਕੇ ਧਰਤੀ ਤੇ ਰੱਖਿਆ ਜਾਂਦਾ ਹੈ। ਏਸ ਤਰ੍ਹਾਂ ਰੱਖਣ ਨਾਲ ਵਿਚਾਲੇ ਤਾਂ ਇਨ੍ਹਾਂ ਛਿਟੀਆਂ ਵਿਚ ਕੋਈ ਫ਼ਾਸਲਾ ਨਹੀਂ ਰਹਿੰਦਾ, ਪਰ ਜਿਉਂ ਜਿਉਂ ਇਹ ਛਿਟੀਆਂ ਪਿੱਛੇ ਵੱਲ ਨੂੰ ਹੁੰਦੀਆਂ ਜਾਂਦੀਆਂ ਹਨ, ਇਨ੍ਹਾਂ ਵਿਚਾਲੇ ਫ਼ਾਸਲਾ ਹੌਲੀ ਹੌਲੀ ਵਧਦਾ ਜਾਂਦਾ ਹੈ। ਸਿਰੇ ਤੇ ਆ ਕੇ ਛਿਟੀਆਂ ਦਾ ਆਪਸ ਵਿਚ ਦਾ ਇਹ ਫ਼ਾਸਲਾ 4 ਕੁ ਇੰਚ ਤੱਕ ਬਣ ਜਾਂਦਾ ਹੈ। ਤਾਣੇ ਵਿਚ ਚਾਰ ਚਾਰ ਛਿਟੀਆਂ ਦੇ ਇਹ ਸੈੱਟ ਆਮ ਤੌਰ 'ਤੇ 16 ਤੋਂ 20 ਤੱਕ ਦੇ ਪੈ ਜਾਂਦੇ ਹਨ। ਵੱਡਾ ਟੋਕਰਾ ਬਣਾਉਣਾ ਹੋਵੇ ਤਾਂ ਹੋਰ ਵੀ ਵੱਧ ਪੈ ਜਾਂਦੇ ਹਨ। ਛੋਟੀ ਟੋਕਰੀ ਬਣਾਉਣੀ ਹੋਵੇ ਤਾਂ ਘੱਟ ਪੈਂਦੇ ਹਨ।

ਫੇਰ ਟੋਕਰੇ ਦੀ ਬੁਣਤੀ, ਬੁਣਾਈ ਵਿਚਕਾਰ ਤੋਂ ਸ਼ੁਰੂ ਕੀਤੀ ਜਾਂਦੀ ਹੈ। ਜੇ ਦੋਫਾੜ ਛਿਟੀਆਂ ਦਾ ਟੋਕਰਾ ਬਣਾਉਣਾ ਹੋਵੇ ਤਾਂ ਦੋਫਾੜ ਛਿਟੀ ਲੈ ਕੇ, ਜੋ ਚਾਰ-ਚਾਰ ਛਿਟੀਆਂ ਦਾ ਤਾਣੇ ਦਾ ਸੈੱਟ ਹੁੰਦਾ ਹੈ, ਉਸ ਦੇ ਇਕ ਦੇ ਉਪਰ ਦੀ ਤੇ ਦੂਸਰੇ ਦੇ ਹੇਠ ਦੀ ਲੰਘਾ ਕੇ ਬੁਣਤੀ ਸ਼ੁਰੂ ਕੀਤੀ ਜਾਂਦੀ ਹੈ। ਜੇ ਪਤਲੀਆਂ ਛਿਟੀਆਂ ਹੁੰਦੀਆਂ ਸਨ ਤਾਂ ਉਸ ਨਾਲ ਬੁਣਤੀ ਕੀਤੀ ਜਾਂਦੀ ਹੈ। ਜਦ ਇਕ ਛਿਟੀ ਖ਼ਤਮ ਹੋ ਜਾਂਦੀ ਹੈ ਤਾਂ ਉਸੇ ਥਾਂ ਤੇ ਦੂਸਰ ਛਿਟੀ ਲਾ ਕੇ ਬੁਣਤੀ ਅੱਗੇ ਤੋਰ ਲਈ ਜਾਂਦੀ ਹੈ। ਏਸ ਤਰ੍ਹਾ ਛਿਟੀਆਂ ਲਾ ਲਾ ਕੇ 3 ਕੁ ਫੁੱਟ ਗੋਲ ਆਕਾਰ ਦਾ ਟੋਕਰਾ ਬਣਾ ਲਿਆ ਜਾਂਦਾ ਹੈ। ਜਿਹੜੀਆਂ ਤਾਣੇ ਦੀਆਂ ਉਪਰ ਛਿਟੀਆਂ ਰਹਿ ਜਾਂਦੀਆਂ ਹਨ, ਉਨ੍ਹਾਂ ਛਿਟੀਆਂ ਨੂੰ ਦੋ ਇਕ ਪਾਸੇ ਨੂੰ ਤੇ ਦੋ ਦੂਸਰੇ ਪਾਸੇ ਨੂੰ ਕਰਕੇ ਟੋਕਰੇ ਦਾ ਉਪਰਲਾ ਹਿੱਸਾ ਬੁਨਿਆ, ਬਣਾਇਆ ਜਾਂਦਾ ਹੈ। ਟੋਕਰੇ ਦੇ ਉਪਰਲੇ ਹਿੱਸੇ ਦੇ ਦੋ ਤਿੰਨ ਗੇੜ ਮੋਟੀਆਂ ਛਿਟੀਆਂ ਦੇ ਦਿੱਤੇ ਜਾਂਦੇ ਹਨ। ਏਸ ਤਰ੍ਹਾ ਟੋਕਰੇ ਦਾ ਉਪਰਲਾ ਹਿੱਸਾ ਹੋਰ ਮਜ਼ਬੂਤ ਬਣ ਜਾਂਦਾ ਹੈ। ਏਸੇ ਤਰ੍ਹਾਂ ਹੀ ਤਾਣਾ ਪੇਟਾ ਪਾ ਕੇ ਟੋਕਰੀਆਂ, ਛਾਬੇ, ਛਿਕੂ ਆਦਿ ਬਣਾਏ ਜਾਂਦੇ ਹਨ।

ਹੁਣ ਪਿੰਡਾਂ ਵਿਚ ਕੋਈ ਕੋਈ ਘਰ ਹੀ ਤੂਤ ਦੇ ਦਰਖ਼ਤ ਲਾਉਂਦਾ ਹੈ। ਏਸ ਲਈ ਬਹੁਤੇ ਘਰਾਂ ਵਿਚ ਘਰੀਂ ਜਾ ਕੇ ਟੋਕਰੇ ਬਣਨੇ ਬੰਦ ਹੋ ਗਏ ਹਨ। ਹੁਣ ਲੋਕੀਂ ਟੋਕਰੇ, ਟੋਕਰੀਆਂ, ਛਾਬੇ ਆਦਿ ਬਣੇ ਬਣਾਏ ਬਾਜ਼ਾਰ ਵਿਚੋਂ ਖ਼ਰੀਦਦੇ ਹਨ। ਟੋਕਰੀਆਂ ਪਲਾਸਟਿਕ ਦੀਆਂ ਵੀ ਮਿਲ ਜਾਂਦੀਆਂ ਹਨ। ਏਸ ਤਰ੍ਹਾਂ ਹੀ ਟੋਕਰੇ, ਟੋਕਰੀਆਂ ਬਣਾਉਣ ਦਾ ਪਿੰਡਾਂ ਦਾ ਘਰੇਲੂ ਉਦਯੋਗ ਵੀ ਹੁਣ ਦਿਨੋ ਦਿਨ ਘਟਦਾ ਜਾ ਰਿਹਾ ਹੈ।

0



## ਘੜੇ, ਘੜੌਂਜੀਆਂ

ਕੋਈ ਸਮਾਂ ਸੀ ਜਦ ਸਾਰੀ ਮਨੁੱਖੀ ਵਸੋਂ ਮਿੱਟੀ ਦੇ ਬਰਤਨਾਂ ਨੂੰ ਵਰਤਣ ਤੱਕ ਹੀ ਸੀਮਤ ਸੀ। ਮਿੱਟੀ ਦੇ ਬਰਤਨਾਂ ਦੀ ਹਰ ਪਾਸੇ ਪ੍ਰਧਾਨਤਾ ਹੁੰਦੀ ਸੀ। ਪਾਣੀ ਢੋਣ ਲਈ, ਪਾਣੀ ਰੱਖਣ ਲਈ, ਪਾਣੀ ਗਰਮ ਕਰਨ ਲਈ ਮਿੱਟੀ ਦੇ ਘੜੇ ਹੀ ਇਕੋ ਇਕ ਬਰਤਨ ਹੁੰਦੇ ਸਨ। ਕਈ ਇਲਾਕਿਆਂ ਵਿਚ ਘੜੇ ਨੂੰ ਤੌੜਾ ਵੀ ਕਿਹਾ ਜਾਂਦਾ ਹੈ। ਮਟਕਾ ਵੀ ਕਿਹਾ ਜਾਂਦਾ ਸੀ। ਦੁੱਧ ਕਾੜ੍ਹਣ ਲਈ ਮਿੱਟੀ ਦੀਆਂ ਕਾੜ੍ਹਣੀਆਂ ਹੁੰਦੀਆਂ ਸਨ। ਦੁੱਧ ਰਿੜਕਣ ਲਈ ਮਿੱਟੀ ਦੀਆਂ ਚਾਟੀਆਂ ਹੁੰਦੀਆਂ ਸਨ। ਮੱਖਣ ਕੱਢਣ ਲਈ ਮਿੱਟੀ ਦੇ ਕੁੱਜੇ ਹੁੰਦੇ ਸਨ। ਮੱਖਣ ਤੋਂ ਘੀ ਬਣਾ ਕੇ ਰੱਖਣ ਲਈ ਮਿੱਟੀ ਦੀਆਂ ਬਲ੍ਹਣੀਆਂ, ਚਾਟੀਆਂ ਤੇ ਘੜੇ ਹੁੰਦੇ ਸਨ। ਘੜਿਆਂ ਵਿਚ ਘਿਉ ਰੱਖਣ ਸਬੰਧੀ ਇਕ ਅਖਾਣ ਹੈ -

'ਘੜੇ ਦਾ ਘਿਉ, ਕੁੜੀ ਦਾ ਪਿਉ, ਜਟਕਾ ਸ਼ਾਹ,<br>
ਇਨ੍ਹਾਂ ਤਿੰਨਾਂ ਦਾ ਨਾ ਵਸਾਹ।'

ਖੇਤ ਰੋਟੀ ਲਈ ਲੱਸੀ ਲੈ ਕੇ ਜਾਣ ਲਈ ਝੱਕਰੇ ਤੇ ਬਲ੍ਹਣੀਆਂ ਹੁੰਦੀਆਂ ਸਨ। ਹਾਰਿਆਂ ਵਿਚ ਦਾਲ ਧਰਨ ਲਈ ਤਪਲੇ ਵੀ ਮਿੱਟੀ ਦੇ ਹੁੰਦੇ ਸਨ। ਆਟਾ ਗੁੰਨ੍ਹਣ ਲਈ ਮਿੱਟੀ ਦੀਆਂ ਹੀ ਪਰਾਤਾਂ ਹੁੰਦੀਆਂ ਸਨ, ਜਿਨ੍ਹਾਂ ਨੂੰ ਕੁਨਾਲੀ ਕਹਿੰਦੇ ਸਨ। ਗੱਲ ਕੀ, ਖਾਣਾ ਪਕਾਉਣ, ਵਰਤਾਉਣ ਵਿਚ ਮਿੱਟੀ ਦੇ ਬਰਤਨਾਂ ਨੂੰ ਹੀ ਵਰਤਿਆ ਜਾਂਦਾ ਸੀ।

ਪਾਣੀ ਨੂੰ ਲਿਆਉਣ, ਵਰਤਾਉਣ ਤੇ ਸੰਭਾਲਣ ਲਈ ਮਿੱਟੀ ਦਾ ਘੜਾ ਹੁੰਦਾ ਸੀ। ਵੱਡੇ ਪਰਿਵਾਰਾਂ ਵਿਚ ਕਈ ਵੇਰ ਪਾਣੀ ਰੱਖਣ ਲਈ, ਆਟਾ, ਗੁੜ ਤੇ ਸ਼ੱਕਰ ਰੱਖਣ ਲਈ ਬੜੇ ਬੜੇ ਮਿੱਟੀ ਦੇ ਮੱਟ ਵੀ ਰੱਖੇ ਹੁੰਦੇ ਸਨ। ਇਹ ਮੱਟ ਘੜੇ ਦੇ ਵੱਡੇ ਰੂਪ ਹੀ ਹੁੰਦੇ ਸਨ। ਇਨ੍ਹਾਂ ਵਿਚ ਘੜੇ ਨਾਲੋਂ 2/3 ਗੁਣਾਂ ਜ਼ਿਆਦਾ ਪਾਣੀ, ਆਟਾ, ਗੁੜ ਤੇ ਸ਼ੱਕਰ ਪੈ ਜਾਂਦੀ ਸੀ। ਚਾਹ ਦੁੱਧ ਦੀਆਂ ਦੁਕਾਨਾਂ ਤੇ ਵੀ ਇਹ ਮੱਟ ਆਮ ਰੱਖੇ ਹੁੰਦੇ ਸਨ। ਊਠਾਂ ਉਪਰ ਲੱਦ ਕੇ ਜਿਹੜੇ ਘੜਿਆਂ ਰਾਹੀਂ ਪਾਣੀ ਢੋਇਆ ਜਾਂਦਾ ਸੀ, ਉਸ ਨੂੰ ਲੋਟ ਕਹਿੰਦੇ ਸਨ। ਏਸ ਦੀ ਬਣਤਰ ਆਮ ਘੜੇ ਨਾਲੋਂ ਵੱਖਰੀ ਹੁੰਦੀ ਸੀ। ਘੜਾ ਸਾਡੀ ਹਸਤ ਕਲਾ ਦਾ ਵਧੀਆ ਨਮੂਨਾ ਰਿਹਾ ਹੈ। ਘੜਾ ਸੋਹਣੀ ਮਹੀਂਵਾਲ ਦੇ ਇਸ਼ਕ ਪਿਆਰ ਦੀ ਕਹਾਣੀ ਦਾ ਹਿੱਸਾ ਵੀ ਰਿਹਾ ਹੈ -

ਰਾਤ ਹਨੇਰੀ ਲਿਸ਼ਕਣ ਤਾਰੇ,<br>
ਕੱਚੇ ਘੜੇ ਤੇ ਮੈਂ ਤਰਦੀ।<br>
ਵੇਖੀਂ ਰੱਬਾ ਖ਼ੈਰ ਕਰੀਂ,<br>
ਤੇਰੀ ਆਸ ਤੇ ਮੂਲ ਨਾ ਡਰਦੀ।



Academy of the Punjab in North America: http://www.apnaorg.com



ਗਾਉਣ ਵਾਲੇ ਘੜੇ ਨੂੰ ਇਕ ਸਾਜ਼ ਦੇ ਤੌਰ ਤੇ ਵਰਤਦੇ ਹਨ। ਘੜੇ, ਸੁਰਾਹੀਆਂ ਕਿਸੇ ਸਮੇਂ ਲੋਕਾਂ ਲਈ ਛੋਟੇ ਫਰਿੱਜ ਦਾ ਕੰਮ ਦਿੰਦੇ ਸਨ। ਸੁਰਾਹੀਆਂ ਦੀ ਸਫ਼ਰ ਵਿਚ ਵਰਤੋਂ ਕੀਤੀ ਜਾਂਦੀ ਸੀ। ਘੜੇ, ਸੁਰਾਹੀਆਂ ਵਿਚ ਬਗ਼ੈਰ ਬਿਜਲੀ ਵਰਤਿਆ ਪਾਣੀ ਠੰਡਾ ਹੋ ਜਾਂਦਾ ਸੀ। ਬੱਚੇ ਦੀ ਪੈਦਾਇਸ਼ ਸਮੇਂ ਗਰਭਵਤੀ ਇਸਤਰੀ ਦੇ ਮੰਜੇ ਕੋਲ ਪਾਣੀ ਨਾਲ ਭਰੇ ਘੜੇ ਨੂੰ ਰੱਖਣ ਦਾ ਰਿਵਾਜ ਹੈ। ਧਾਰਨਾ ਹੈ ਕਿ ਇਸ ਕਰਕੇ ਜੱਚਾ ਅਤੇ ਬੱਚਾ ਨੂੰ ਕਿਸੇ ਕਿਸਮ ਦੀ ਕੋਈ ਇਲ-ਬਲਾਅ ਨਹੀਂ ਲੱਗਦੀ। ਘੜਿਆਂ ਨੂੰ ਟੁੱਟਣ ਤੋਂ ਬਚਾਉਣ ਲਈ ਬਹੁਤ ਸੰਭਾਲ ਕੇ ਰੱਖਣਾ ਪੈਂਦਾ ਸੀ। ਜਿਸ ਕਰਕੇ ਘੜਿਆਂ ਨੂੰ ਘੜਵੰਜੀਆਂ ਤੇ ਰੱਖਿਆ ਜਾਂਦਾ ਸੀ –

'ਘੜਾ ਘੜਵੰਜੀ 'ਤੇ, ਬੁੱਢਾ ਮੰਜੀ ਤੇ'

ਘੜੇ ਦੀ ਤਰ੍ਹਾਂ ਹੀ ਬੁੱਢੇ ਬੰਦਿਆਂ ਨੂੰ ਵੀ ਸੰਭਾਲ ਕੇ ਰੱਖਣਾ ਪੈਂਦਾ ਹੈ।

ਪਹਿਲੇ ਸਮਿਆਂ ਵਿਚ ਬੜੀ ਮੁਸ਼ਕਲ ਨਾਲ ਸਾਰੇ ਪਿੰਡ ਵਿਚ ਇਕ ਦੋ ਖੂਹੀਆਂ ਹੀ ਹੁੰਦੀਆਂ ਸਨ, ਜਿਸ ਤੋਂ ਸਾਰਾ ਪਿੰਡ ਪਾਣੀ ਵਰਤਦਾ ਹੁੰਦਾ ਸੀ। ਖੂਹੀਆਂ ਵਿਚੋਂ ਪਾਣੀ ਝਿਊਰ ਡੋਲ ਨਾਲ ਜਾਂ ਚਮੜੇ ਦੇ ਬੋਕੇ ਨਾਲ ਕੱਢਦੇ ਹੁੰਦੇ ਸਨ। ਵਹਿੰਗੀਆਂ ਉਪਰ ਦੋਵੇਂ ਪਾਸੇ ਤਿੰਨ ਤਿੰਨ ਘੜੇ ਰੱਖ ਕੇ ਝਿਊਰ ਹੀ ਬਹੁਤੇ ਘਰਾਂ ਵਿਚ ਪਾਣੀ ਸਪਲਾਈ ਕਰਦੇ ਹੁੰਦੇ ਸਨ। ਪਾਣੀ ਦੀਆਂ ਭਰੀਆਂ ਚਮੜੇ ਦੀਆਂ ਮਸ਼ਕਾਂ ਨਾਲ ਵੀ ਝਿਊਰ ਲੋਕਾਂ ਦੇ ਘਰਾਂ ਵਿਚ ਰੱਖੇ ਘੜੇ ਭਰਦੇ ਹੁੰਦੇ ਸਨ। ਪਿੰਡਾਂ ਵਿਚ ਝਿਊਰਾਂ ਦੇ ਕਈ ਕਈ ਪਰਿਵਾਰ ਹੁੰਦੇ ਸਨ। ਸਾਰੇ ਪਰਿਵਾਰਾਂ ਦੇ ਬੰਦੇ, ਜਨਾਨੀਆਂ ਤੇ ਕੁੜੀਆਂ ਤੱਕ ਲੋਕਾਂ ਦੇ ਘਰਾਂ ਵਿਚ ਘੜਿਆਂ ਰਾਹੀਂ ਹੀ ਪਾਣੀ ਪਹੁੰਚਾਉਂਦੀਆਂ ਹੁੰਦੀਆਂ ਸਨ। ਉਸ ਸਮੇਂ ਦੇ ਗੀਤ ਹਨ –



ਲੱਛੀ ਕੁੜੀ ਮਹਿਰਿਆਂ ਦੀ,
ਘੜਾ ਚੁੱਕਦੀ ਨਾਗਵਲ਼ ਪਾ ਕੇ।
x x x x
ਤੇਰੇ ਲੱਕ ਨੂੰ ਜ਼ਰਬ ਨਾ ਆਵੇ,
ਛੋਟਾ ਘੜਾ ਚੁੱਕ ਕੁੜੀਏ।
x x x
ਵੇ ਇਕ ਦੇ ਮੈਂ ਤਿੰਨ ਚੱਕ ਲਊਂ,
ਮੇਰਾ ਲੱਕ ਪਤਲਾ ਨਾ ਜਾਣੀ।

ਜਿਹੜੀਆਂ ਜਨਾਨੀਆਂ ਇਕ ਤੋਂ ਜ਼ਿਆਦਾ ਘੜੇ ਸਿਰ ਤੇ ਰੱਖ ਕੇ ਪਾਣੀ ਢੋਹਦੀਆਂ ਹੁੰਦੀਆਂ ਸਨ, ਉਨ੍ਹਾਂ ਦੇ ਉਪਰਲੇ ਘੜਿਆਂ ਨੂੰ ਕਿਸੇ ਦੂਸਰੀ ਜਨਾਨੀ, ਮਰਦ ਨੇ ਲਾਹੁਣਾ ਹੁੰਦਾ ਸੀ। ਅਜਿਹੀ ਸਥਿਤੀ ਸਬੰਧੀ ਇਕ ਭਰਜਾਈ ਦਾ ਆਪਣੇ ਦਿਉਰ ਦੇ ਵਿਆਹ ਹੋਣ ਤੇ ਹੋਏ ਵਿਗੋਚੇ ਸਬੰਧੀ ਲੋਕ ਗੀਤ ਹੈ–

ਦਿਉਰ ਵਿਆਹਿਆ ਸ਼ੁਕਰ ਮਨਾਇਆ,
ਬੁੱਕ ਬੁੱਕ ਵੰਡੇ ਪਕੌੜੇ।
ਜੇ ਤੂੰ ਅੱਡ ਹੋ ਗਿਆ,
ਕੌਣ ਲੁਹਾਊ ਤੋੜੇ।

ਪੰਜਾਬ ਦੇ ਕਈ ਹਿੱਸਿਆਂ ਵਿਚ ਘੜੇ ਨੂੰ ਮਟਕੇ ਵੀ ਕਹਿੰਦੇ ਹਨ। ਘੜੇ ਦੇ ਹੇਠਲੇ ਹਿੱਸੇ ਨੂੰ ਤਲਾ ਕਹਿੰਦੇ ਹਨ, ਵਿਚਕਾਰਲੇ ਹਿੱਸੇ ਨੂੰ ਢਿੱਡ ਕਿਹਾ ਜਾਂਦਾ ਹੈ, ਉਪਰਲੇ ਗਲ ਵਾਲੇ ਹਿੱਸੇ ਨੂੰ ਗਲਾ ਕਹਿੰਦੇ ਹਨ।

ਜਿਨ੍ਹਾਂ ਘਰਾਂ ਵਿਚ ਝਿਊਰ ਆਪ ਪਾਣੀ ਸਪਲਾਈ ਨਹੀਂ ਕਰਦੇ ਸਨ, ਉਨ੍ਹਾਂ ਘਰਾਂ ਦੀਆਂ ਜਨਾਨੀਆਂ, ਕੁੜੀਆਂ ਆਪ ਘਰੋਂ ਘੜੇ ਲੈ ਕੇ ਖੂਹੀਆਂ ਤੋਂ ਪਾਣੀ ਲੈਣ ਲਈ ਜਾਂਦੀਆਂ ਸਨ। ਖੂਹੀਆਂ ਵਿਚੋਂ ਪਾਣੀ ਝਿਊਰ ਹੀ ਕੱਢ ਕੇ ਘੜੇ ਭਰਦੇ ਸਨ। ਘੜਿਆਂ ਨੂੰ ਰੱਖਣ ਲਈ ਘਰਾਂ ਵਿਚ ਘੜਵੰਜੀਆਂ ਬਣੀਆਂ ਹੁੰਦੀਆਂ ਸਨ। ਇਹ ਲੱਕੜ ਦੀਆਂ ਬਣੀਆਂ ਹੁੰਦੀਆਂ ਸਨ। ਘੜਵੰਜੀਆਂ ਸਬੰਧੀ ਲੋਕ ਗੀਤ ਹੈ –

ਘੜੇ ਘੜਵੰਜੀਆਂ 'ਤੇ
ਮਾਹੀ ਪ੍ਰਦੇਸ ਗਿਆ
ਹੱਥ ਮਾਰਾਂ ਮੰਜੀਆਂ 'ਤੇ।

ਉਨ੍ਹਾਂ ਸਮਿਆਂ ਵਿਚ ਪਾਣੀ ਦੀ ਕਿੱਲਤ ਹੁੰਦੀ ਸੀ। ਏਸ ਕਰਕੇ ਪਾਣੀ ਨੂੰ ਬਹੁਤ ਸਰਫ਼ੇ ਨਾਲ ਵਰਤਿਆ ਜਾਂਦਾ ਸੀ। ਘੜੇ ਵਿਚੋਂ ਪਾਣੀ ਪਾਉਣ ਲਈ ਕੋਲ ਗੜਵੀ ਰੱਖੀ ਹੁੰਦੀ ਸੀ। ਕਈ ਵੇਰ ਗੜਵੀ ਦੇ ਗਲ਼ ਦੁਆਲੇ ਪਤਲੇ ਸਰੀਏ ਦਾ ਹੈਂਡਲ ਜਿਹਾ ਪਾਇਆ ਹੁੰਦਾ ਸੀ ਤਾਂ ਜੋ ਵਰਤੋਂ ਸਮੇਂ ਪਾਣੀ ਘੱਟ ਤੋਂ ਘੱਟ ਡੁੱਲ੍ਹੇ।



Academy of the Punjab in North America: http://www.apnaorg.com

ਗਰਮੀ ਦੇ ਮੌਸਮ ਵਿਚ ਜਿਹੜੇ ਪਿੰਡਾਂ ਦਾ ਫ਼ਾਸਲਾ ਇਕ ਦੂਜੇ ਤੋਂ ਬਹੁਤ ਦੂਰ ਹੁੰਦਾ ਸੀ, ਉਨ੍ਹਾਂ ਪਿੰਡਾਂ ਦੇ ਰਾਹਾਂ ਦੇ ਵਿਚਕਾਰ ਜਿਹੇ ਦਰਖ਼ਤਾਂ ਦੀ ਛਾਂ ਵਿਚ ਸਲਵਾੜ ਦੀ ਝੁੱਗੀ ਬਣਾ ਕੇ ਪਾਣੀ ਪਿਉਣ ਲਈ ਪਿਆਉ ਲਗਾਏ ਜਾਂਦੇ ਸਨ। ਇਨ੍ਹਾਂ ਪਿਆਉਆਂ ਵਿਚ ਪਾਣੀ ਦੇ ਘੜੇ ਭਰ ਕੇ ਰੱਖੇ ਹੁੰਦੇ ਸਨ। ਇਨ੍ਹਾਂ ਪਿਆਉਂਆਂ ਵਿਚ ਕਈ ਵੇਰ ਭੁੱਜੇ ਛੋਲੇ ਅਤੇ ਗੁੜ ਵੀ ਰੱਖਿਆ ਹੁੰਦਾ ਸੀ, ਜਿਹੜਾ ਲੋੜਵੰਦ ਰਾਹੀ, ਪਾਂਧੀਆਂ ਨੂੰ ਦਿੱਤਾ ਜਾਂਦਾ ਸੀ। ਘੜਿਆਂ ਦਾ ਪਾਣੀ ਠੰਡਾ ਰੱਖਣ ਲਈ ਘੜਿਆਂ ਦੇ ਗਲਾਂ ਵਿਚ ਟਾਟ ਦੇ ਪਲੜੇ ਪਾਏ ਜਾਂਦੇ ਸਨ। ਉਨ੍ਹਾਂ ਤੇ ਪਾਣੀ ਛਿੜਕ ਕੇ ਗਿੱਲਾ ਰੱਖਿਆ ਜਾਂਦਾ ਹੁੰਦਾ ਸੀ, ਤਾਂ ਜੋ ਪਾਣੀ ਠੰਡਾ ਰਹੇ। ਪਾਣੀ ਨੂੰ ਠੰਡਾ ਰੱਖਣ ਲਈ ਘੜਿਆਂ ਥੱਲੇ ਗਿੱਲੀ ਕਰਕੇ ਰੇਤ ਵੀ ਰੱਖੀ ਜਾਂਦੀ ਸੀ।

ਫੇਰ ਪਿੰਡਾਂ ਵਿਚ ਹੋਰ ਖੂਹ ਲੱਗੇ। ਜਿਨ੍ਹਾਂ ਨਾਲ ਫ਼ਸਲਾਂ ਦੀ ਸੇਂਜੀ ਵੀ ਕੀਤੀ ਜਾਂਦੀ ਸੀ। ਇਨ੍ਹਾਂ ਖੂਹਾਂ ਤੋਂ ਜਨਾਨੀਆਂ ਘਰ ਵਰਤਣ ਲਈ ਪਾਣੀ ਵੀ ਭਰ ਲੈਂਦੀਆਂ ਸਨ। ਉਨ੍ਹਾਂ ਸਮਿਆਂ ਵਿਚ ਜ਼ਿਆਦਾ ਨੌਕਰੀਆਂ ਫੌਜ ਦੀਆਂ ਹੀ ਹੁੰਦੀਆਂ ਸਨ। ਫੌਜੀ ਸਾਲ ਪਿੱਛੋਂ ਛੁੱਟੀ ਆਉਂਦੇ ਸਨ, ਜਿਸ ਦਾ ਮਾਹੀ ਛੁੱਟੀ ਕੱਟ ਕੇ ਵਾਪਸ ਚਲਿਆ ਜਾਂਦਾ ਸੀ, ਉਸ ਉਪਰ ਉਦਾਸੀ ਦਾ ਆਲਮ ਹਾਵੀ ਹੁੰਦਾ ਸੀ –

ਘੜਾ ਖੂਹ ਤੇ ਛੋਡ ਆਈ ਆਂ,
ਅੱਜ ਦਿਲ ਖ਼ਫ਼ਾ ਜਿਹਾ,
ਦਿਲ ਜਾਨੀ ਟੋਰ ਆਈ ਆਂ।

ਮੌਤ ਸਮੇਂ ਵੀ ਘੜੇ ਵਿਚ ਪਾਣੀ ਪਾ ਕੇ ਅਰਥੀ ਦੇ ਨਾਲ ਲੈ ਕੇ ਜਾਂਦੇ ਹਨ। ਜਿਸ ਥਾਂ 'ਤੇ ਅਰਥੀ ਨੂੰ ਵਿਸ਼ਰਾਮ ਦਿੱਤਾ ਜਾਂਦਾ ਹੈ, ਅਗਲੇ ਕਾਨ੍ਹੀ ਪਿੱਛੇ ਅਤੇ ਪਿਛਲੇ ਕਾਨ੍ਹੀ ਅੱਗੇ ਲੱਗਦੇ ਹਨ, ਉਸ ਸਮੇਂ ਪਾਣੀ ਨਾਲ ਭਰੇ ਘੜੇ ਨੂੰ ਸਿਵਿਆਂ ਵਾਲੇ ਪਾਸੇ ਕਰ ਕੇ ਭੰਨ ਦਿੱਤਾ ਜਾਂਦਾ ਹੈ। ਏਸ ਤਰ੍ਹਾਂ ਘੜਾ ਬੱਚੇ ਦੀ ਪੈਦਾਇਸ਼ ਤੋਂ ਲੈ ਕੇ ਉਸ ਦੀ ਮੌਤ ਤੱਕ ਦਾ ਸਾਥੀ ਰਹਿੰਦਾ ਹੈ।

ਘੜੇ ਦੀ ਸਾਜ਼ ਵਜੋਂ ਵੀ ਲੋਕ ਸੰਗੀਤ ਵਿਚ ਵਰਤੋਂ ਕੀਤੀ ਜਾਂਦੀ ਹੈ। ਪਹਿਲੇ ਸਮਿਆਂ ਵਿਚ ਘੜੇ ਦੇ ਮੂੰਹ ਉਪਰ ਰਬੜ ਬੰਨ੍ਹ ਕੇ ਉਸ ਨੂੰ ਅਜਿਹੇ ਢੰਗ ਨਾਲ ਵਜਾਉਂਦੇ ਹੁੰਦੇ ਸਨ, ਜਿਸ ਨੂੰ ਸੁਣ ਕੇ ਹਿਰਨ ਘੜਾ ਵਜਾਉਣ ਵਾਲੇ ਦੇ ਨੇੜੇ ਆ ਜਾਂਦਾ ਸੀ। ਫੇਰ ਸ਼ਿਕਾਰੀ ਹਿਰਨ ਦਾ ਸ਼ਿਕਾਰ ਕਰ ਲੈਂਦੇ ਸਨ।

ਹੁਣ ਬਹੁਤੇ ਪਿੰਡਾਂ ਵਿਚ ਸਰਕਾਰ ਨੇ ਵਾਟਰ ਵਰਕਸ ਲਾਏ ਹੋਏ ਹਨ। ਜਿਨ੍ਹਾਂ ਪਿੰਡਾਂ ਵਿਚ ਵਾਟਰ ਵਰਕਸ ਨਹੀਂ ਹਨ, ਉਥੇ ਪੈਸੇ ਵਾਲੇ ਪਰਿਵਾਰਾਂ ਨੇ ਨਲਕਿਆਂ ਉਪਰ ਮੋਟਰਾਂ ਲਾਈਆਂ ਹੋਈਆਂ ਹਨ। ਘਰਾਂ ਉਪਰ ਪਾਣੀ ਦੀਆਂ ਟੈਂਕੀਆਂ ਬਣਾਈਆਂ ਹੋਈਆਂ ਹਨ। ਘਰ ਘਰ ਨਲਕੇ ਲੱਗੇ ਹੋਏ ਹਨ। ਏਸ ਲਈ ਪਾਣੀ ਦੀ ਸਿੱਧੀ ਵਰਤੋਂ ਵਾਟਰ ਵਰਕਸ ਦੀ ਟੂਟੀ ਤੋਂ, ਟੈਂਕੀ ਵਾਲੀ ਟੂਟੀ ਤੋਂ ਜਾਂ ਨਲਕਿਆਂ ਤੋਂ ਕੀਤੀ ਜਾਂਦੀ



ਹੈ। ਪੈਸੇ ਵਾਲੇ ਪਰਿਵਾਰਾਂ ਦੇ ਫਰਿੱਜ ਰੱਖੇ ਹੋਏ ਹਨ, ਜਿਸ ਵਿਚ ਪਲਾਸਟਿਕ ਦੀਆਂ ਕੇਨੀਆਂ ਅਤੇ ਬੋਤਲਾਂ ਵਿਚ ਪਾਣੀ ਪਾ ਕੇ ਰੱਖਿਆ ਜਾਂਦਾ ਹੈ। ਜਿੱਥੇ ਪਹਿਲਾਂ ਹਰ ਘਰ ਵਿਚ ਪਾਣੀ ਦੇ ਕਈ ਕਈ ਘੜੇ ਰੱਖੇ ਹੁੰਦੇ ਸਨ, ਉਥੇ ਹੁਣ ਪਾਣੀ ਸਟੀਲ ਦੀਆਂ ਬਾਲਟੀਆਂ ਵਿਚ ਰੱਖਿਆ ਜਾਂਦਾ ਹੈ ਜਾਂ ਇਕ ਅੱਧ ਘੜੇ ਵਿਚ ਰੱਖਿਆ ਜਾਂਦਾ ਹੈ। ਜਿਥੇ ਪਹਿਲੇ ਘੜੇ ਤੋਂ ਬਿਨਾਂ ਪਾਣੀ ਦਾ ਕਿਆਸ ਹੀ ਨਹੀਂ ਕੀਤਾ ਜਾ ਸਕਦਾ ਸੀ, ਉਥੇ ਹੁਣ ਸਾਡੀ ਰੋਜ਼ ਦੀ ਵਰਤੋਂ ਵਿਚ ਘੜੇ ਦੀ ਵਰਤੋਂ ਨਾਮਾਤਰ ਰਹਿ ਗਈ ਹੈ।

0

## ਈਨੂੰ

ਈਨੂੰ ਸਿਰ ਤੇ ਰੱਖਣ ਵਾਲੀ 6 ਕੁ ਇੰਚ ਗੋਲ ਚੱਕਰ ਵਿਚ ਬਣੀ ਇਕ ਵਸਤੂ ਹੁੰਦੀ ਸੀ, ਜਿਸ ਨੂੰ ਸਿਰ ਤੇ ਰੱਖ ਕੇ ਹੀ ਮੁਟਿਆਰਾਂ, ਜਨਾਨੀਆਂ, ਬੁੜੀਆਂ ਘੜਿਆਂ ਨਾਲ ਘਰ ਵਰਤਣ ਲਈ ਪਾਣੀ ਢੋਹਦੀਆਂ ਸਨ। ਪਹਿਲੇ ਸਮਿਆਂ ਵਿਚ ਜੋ ਵੀ ਵਸਤ ਸਿਰ ਤੇ ਰੱਖ ਕੇ ਢੋਈ ਜਾਂਦੀ ਸੀ, ਉਸ ਲਈ ਈਨੂੰ ਦੀ ਵਰਤੋਂ ਕੀਤੀ ਜਾਂਦੀ ਸੀ। ਖੇਤ ਰੋਟੀ ਲੈ ਕੇ ਜਾਣ ਸਮੇਂ ਲੱਸੀ ਵਾਲੀ ਬਲ੍ਹਣੀ, ਝੱਕਰੇ ਹੇਠ ਈਨੂੰ ਰੱਖਿਆ ਜਾਂਦਾ ਸੀ। ਬਾਹਰੋਂ ਕੂੰਡੇ, ਟੋਕਰਿਆਂ ਵਿਚ ਮਿੱਟੀ ਢੋਣ ਸਮੇਂ ਜਨਾਨੀਆਂ ਈਨੂੰ ਸਿਰ ਤੇ ਰੱਖਦੀਆਂ ਸਨ। ਗੋਹਾ ਕੂੜਾ ਕਰਨ ਸਮੇਂ ਈਨੂੰ ਟੋਕਰੇ ਹੇਠ ਰੱਖਿਆ ਜਾਂਦਾ ਸੀ। ਘਰ ਬਣਾਉਣ ਸਮੇਂ ਜਦ ਸਿਰ ਤੇ ਗਾਰਾ ਢੋਂਦੇ ਸਨ/ਹਨ, ਈਨੂੰ ਕੂੰਡੇ ਹੇਠ ਰੱਖਿਆ ਜਾਂਦਾ ਸੀ/ਹੈ। ਪਿੜਾਂ ਵਿੱਚੋਂ ਦਾਣੇ ਤੇ ਨੀਰਾ ਢੋਣ ਸਮੇਂ ਬੰਦੇ ਸਿਰ ਉਪਰ ਮੋਟੇ ਜਿਹੇ ਕੱਪੜੇ ਦਾ ਮੜਾਸਾ ਮਾਰਦੇ ਹੁੰਦੇ ਸਨ, ਜਿਹੜਾ ਇਕ ਕਿਸਮ ਦਾ ਈਨੂੰ ਦਾ ਹੀ ਢਿੱਲਾ ਜਿਹਾ ਰੂਪ ਹੁੰਦਾ ਸੀ।





Academy of the Punjab in North America: http://www.apnaorg.com

ਪਹਿਲੇ ਸਮਿਆਂ ਵਿਚ ਪਿੰਡ ਵਿਚ ਆਮ ਤੌਰ ਤੇ ਇਕ ਹੀ ਖੂਹ ਹੁੰਦਾ ਸੀ, ਜਿਸ ਤੋਂ ਸਾਰੇ ਪਿੰਡ ਦੀਆਂ ਜਨਾਨੀਆਂ ਪਾਣੀ ਢੋਂਦੀਆਂ ਹੁੰਦੀਆਂ ਸਨ। ਸਿਰ ਉਪਰ ਪਹਿਲਾਂ ਈਨੂੰ ਰੱਖਿਆ ਜਾਂਦਾ ਸੀ। ਈਨੂੰ ਉਪਰ ਘੜਾ/ਘੜੇ ਰੱਖੇ ਜਾਂਦੇ ਸਨ। ਏਸੇ ਲਈ ਤਾਂ ਪ੍ਰੋਫ਼ੈਸਰ ਮੋਹਨ ਸਿੰਘ ਆਪਣੀ ਕਵਿਤਾ 'ਖੂਹ ਦੀ ਗਾਧੀ ਉੱਤੇ' ਪਾਣੀ ਭਰਦੀਆਂ ਮੁਟਿਆਰਾਂ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ-

ਥੱਲੇ ਖੇਨੂੰ ਜੜੇ ਸਤਾਰੇ,
ਉਤੇ ਤਿੰਨ ਤਿੰਨ ਘੜੇ ਉਸਾਰੇ,
ਪਿਆ ਲੱਕ ਖਾਵੇ ਲਚਕਾਰੇ,
ਉਹ ਫਿਰ ਵੀ ਲਾਣ ਨਾ ਪੱਬ ਨੀ,
ਸਾਡੇ ਖੂਹ ਤੇ ਵਸਦਾ ਰੱਬ ਨੀ।

ਈਨੂੰ ਨੂੰ ਕਈ ਇਲਾਕਿਆਂ ਵਿਚ ਖੇਨੂੰ ਵੀ ਕਹਿੰਦੇ ਸਨ। ਜਿੱਥੇ ਪਹਿਲੇ ਸਮਿਆਂ ਦੀਆਂ ਮੁਟਿਆਰਾਂ ਤਿੰਨ-ਤਿੰਨ ਘੜੇ ਸਿਰ 'ਤੇ ਰੱਖ ਕੇ ਪਾਣੀ ਢੋ ਲੈਂਦੀਆਂ ਸਨ, ਗੋਹਾ ਕੂੜਾ ਕਰ ਲੈਂਦੀਆਂ ਸਨ, ਖੇਤੀ ਦੇ ਕੰਮ ਵਿਚ ਹਿੱਸਾ ਵੰਡਾਉਂਦੀਆਂ ਸਨ, ਦੁੱਧ ਚੋਂਦੀਆਂ ਸਨ, ਦੁੱਧ ਰਿੜਕਦੀਆਂ ਸਨ, ਖੇਤੀ ਰੋਟੀ ਲੈ ਕੇ ਜਾਂਦੀਆਂ ਸਨ, ਉਥੇ ਅੱਜ ਕਲ੍ਹ ਦੀਆਂ ਮੁਟਿਆਰਾਂ ਇਹ ਸਾਰੇ ਕੰਮ ਛੱਡ ਗਈਆਂ ਹਨ, ਜਿਸ ਕਰਕੇ ਮੁਟਿਆਰਾਂ ਨੂੰ ਬੀਮਾਰੀਆਂ ਨੇ ਘੇਰਿਆ ਹੋਇਆ ਹੈ-

ਛੱਡ ਛੁਡਾ ਕੇ ਮਾਹੀ ਵੇ,
ਘਰ ਦੇ ਕੰਮ ਕਾਰ ਢੋਲਾ।
ਰੋਗੀ ਹੋਈਆਂ ਮਾਹੀ ਵੇ,
ਨਵੀਆਂ ਮੁਟਿਆਰਾਂ ਢੋਲਾ।

ਛੜਿਆਂ ਨੂੰ ਟਕੋਰ ਲਾਉਣ ਲਈ, ਵਿਅੰਗ ਕਰਨ ਲਈ ਵੀ ਈਨੂੰ ਦਾ ਸਹਾਰਾ ਲਿਆ ਜਾਂਦਾ ਸੀ-

ਆਉਂਦੀ ਕੁੜੀਏ ਜਾਂਦੀ ਕੁੜੀਏ,
ਭਰ ਲਿਆ ਟੋਕਰਾ ਸੁੱਕ ਦਾ ਨੀ,
ਈਨੂੰ ਕਰ ਲੈ ਛੜੇ ਦੀ ਮੁੱਛ ਦਾ ਨੀ।

ਕਿਸੇ ਸਮੇਂ ਈਨੂੰ ਕੁੜੀਆਂ ਦੇ ਦਾਜ ਦਾ ਹਿੱਸਾ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਕੁੜੀਆਂ ਨੂੰ ਪੜ੍ਹਾਉਣ ਦਾ ਰਿਵਾਜ ਨਹੀਂ ਸੀ। ਪਰ ਕੁੜੀਆਂ ਨੂੰ ਕਤਾਈ, ਕਢਾਈ, ਬੁਣਾਈ, ਸਿਲਾਈ ਵਿਚ ਮਾਹਰ ਕੀਤਾ ਜਾਂਦਾ ਸੀ। ਕੁੜੀਆਂ ਆਪਣੇ ਵਿਆਹ ਦਾ ਦਾਜ ਆਪ ਤਿਆਰ ਕਰਦੀਆਂ ਸਨ।

ਹੁਣ ਮੈਂ ਤੁਹਾਨੂੰ ਈਨੂੰ ਕਿਵੇਂ ਬਣਾਏ ਜਾਂਦੇ ਸਨ, ਉਹ ਦੱਸਣ ਲੱਗਿਆ ਹਾਂ।



ਦਾਜ ਦੇ ਈਨੂੰ ਬਣਾਉਣ ਲਈ ਕਣਕ ਦਾ ਨਾੜ/ਮੁੰਜ ਲਈ ਜਾਂਦੀ ਸੀ। ਮੁੰਜ ਨੂੰ 6 ਕੁ ਇੰਚ ਗੋਲ ਆਕਾਰ ਵਿਚ ਤੇ 3 ਕੁ ਇੰਚ ਚੌੜਾਈ ਵਿਚ ਰੰਗਦਾਰ ਸੂਤ ਦੀ ਰੱਸੀ ਨਾਲ ਜਾਂ ਲੋਗੜੀ ਨਾਲ ਗੁੰਦਿਆ/ਮੜ੍ਹਿਆ ਜਾਂਦਾ ਸੀ। ਈਨੂੰ ਦੀ ਚੌੜਾਈ ਵਾਲੇ ਪਾਸੇ ਕੋਈ ਕੌਡੀਆਂ ਪੁੱਠੀਆਂ ਕਰ ਕੇ ਲਾ ਲੈਂਦੀ ਸੀ। ਕੋਈ ਸਿਤਾਰੇ ਜੜ ਲੈਂਦੀ ਸੀ। ਈਨੂੰ ਬਣਨ ਪਿਛੋਂ ਈਨੂੰ ਨਾਲ 4/5 ਲੋਗੜੀ ਦੇ ਵੱਖ ਵੱਖ ਰੰਗ ਦੀਆਂ ਡੇਢ ਕੁ ਫੁੱਟ ਦੀਆਂ ਡੋਰਾਂ ਵੱਟ ਕੇ ਬੰਨ੍ਹ ਦਿੱਤੀਆਂ ਜਾਂਦੀਆਂ ਸਨ। ਇਨ੍ਹਾਂ ਡੋਰਾਂ ਦੇ ਅਖੀਰ ਤੇ ਫੁੱਲ ਲਾਏ ਜਾਂਦੇ ਸਨ। ਈਨੂੰ ਨੂੰ ਸਿਰ ਤੇ ਰੱਖਣ ਤੇ ਇਹ ਫੁੱਲ ਵਾਲੀਆਂ ਡੋਰਾਂ ਮੁਟਿਆਰਾਂ ਦੀਆਂ ਧੌਣਾਂ ਉਪਰ ਲਟਕਦੀਆਂ ਹੁੰਦੀਆਂ ਸਨ।

ਤੇਰੀ ਧੌਣ ਤੇ ਲਮਕਦਾ ਜਾਵਾਂ,
ਲੋਗੜੀ ਦਾ ਫੁੱਲ ਬਣ ਕੇ।

ਜਿਹੜੇ ਈਨੂੰ ਆਮ ਵਰਤਣ ਲਈ ਬਣਾਏ ਜਾਂਦੇ ਸਨ, ਉਨ੍ਹਾਂ ਨੂੰ ਸਣ ਦੀ ਰੱਸੀ ਨਾਲ ਮੜ੍ਹਿਆ ਜਾਂਦਾ ਸੀ। ਈਨੂੰ ਲੀਰਾਂ ਦੇ ਵੀ ਬਣਾਏ ਜਾਂਦੇ ਸਨ। ਹੁਣ ਈਨੂੰ ਦਾਜ ਦਾ ਹਿੱਸਾ ਹੀ ਨਹੀਂ ਰਿਹਾ। ਘਰ ਘਰ ਨਲਕੇ ਜਾਂ ਵਾਟਰ ਵਰਕਸ ਦੀਆਂ ਟੂਟੀਆਂ ਲੱਗੀਆਂ ਹੋਈਆਂ ਹਨ। ਏਸ ਲਈ ਮੁਟਿਆਰਾਂ ਦਾ ਘੜਿਆਂ ਹੇਠ ਈਨੂੰ ਰੱਖ ਕੇ ਪਾਣੀ ਢੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਖੇਤੀਂ ਰੋਟੀ, ਜੇਕਰ ਲੋੜ ਪਵੇ ਤਾਂ ਬੰਦੇ ਲੈ ਕੇ ਜਾਂਦੇ ਹਨ। ਲੱਸੀ ਦੀ ਥਾਂ ਲੋਕ ਹੁਣ ਚਾਹ ਪੀਂਦੇ ਹਨ, ਜੋ ਡੋਲੂਆਂ ਵਿਚ ਜਾਂਦੀ ਹੈ। ਏਸ ਲਈ ਈਨੂੰਆਂ ਦੀ ਬਲ੍ਹਣੀਆਂ, ਝੱਕਰਿਆਂ ਹੇਠ ਵਰਤੋਂ ਕੀਹਨੇ ਕਰਨੀ ਹੈ? ਹਾਂ, ਗੋਹਾ ਕੂੜਾ ਕਰਨ ਸਮੇਂ, ਬਿਲਡਿੰਗਾਂ ਦੀ ਉਸਾਰੀ ਸਮੇਂ ਕੂੰਡਿਆਂ, ਟੋਕਰਿਆਂ ਹੇਠ ਈਨੂੰ ਜ਼ਰੂਰ ਰੱਖੇ ਜਾਂਦੇ ਹਨ। ਇਹ ਈਨੂੰ ਪੁਰਾਣੇ ਕਪੜਿਆਂ ਦੇ ਬਣਾਏ ਜਾਂਦੇ ਹਨ। ਇਨ੍ਹਾਂ ਈਨੂੰਆਂ ਵਿਚ ਨਾ ਕਣਕ ਦੇ ਨਾੜ ਦੀ ਤੇ ਨਾ ਹੀ ਮੁੰਜ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਈਨੂੰ ਆਕਾਰ ਵਿਚ ਥੋੜ੍ਹੇ ਵੱਡੇ ਹੁੰਦੇ ਹਨ। ਇਨ੍ਹਾ ਈਨੂੰਆਂ ਦੇ ਚੌੜਾਈ ਲੋਟ ਕੋਨੇ ਨਹੀਂ ਕੱਢੇ ਜਾਂਦੇ। ਇਨ੍ਹਾ ਈਨੂੰਆਂ ਨੂੰ ਸੂਤ ਦੀ ਰੱਸੀ ਜਾਂ ਲੋਗੜੀ ਨਾਲ ਗੁੰਦਣ, ਮੜ੍ਹਣ ਦੀ ਥਾਂ ਸਣ ਦੀ ਰੱਸੀ ਜਾਂ ਲੀਰਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ।

ਈਨੂੰਆਂ ਦੀ ਪ੍ਰਧਾਨਤਾ ਦਾ ਯੁੱਗ ਹੁਣ ਖ਼ਤਮ ਹੋ ਗਿਆ ਹੈ।

0

## ਕੂੰਡਾ, ਘੋਟਣਾ

ਕੂੰਡੇ ਕਈ ਕਿਸਮ ਦੇ ਹੁੰਦੇ ਸਨ/ਹਨ। ਕੂੰਡੇ ਕਈ ਆਕਾਰ ਦੇ ਹੁੰਦੇ ਹਨ। ਇਕ ਕੂੰਡਾ ਲੋਹੇ ਦਾ ਹੁੰਦਾ ਹੈ, ਜਿਸ ਨੂੰ ਕਈ ਇਲਾਕਿਆਂ ਵਿਚ ਕੜਾਹੀਆ, ਬੱਠਲ, ਤਗਾਰ, ਤਸਲਾ ਵੀ ਕਹਿੰਦੇ ਸਨ/ਹਨ। ਇਹ ਕੂੰਡੇ ਮਿੱਟੀ ਢੋਣ ਲਈ ਵਰਤੇ ਜਾਂਦੇ



Academy of the Punjab in North America: http://www.apnaorg.com

ਹਨ। ਗੋਹਾ ਕੂੜਾ ਕਰਨ ਲਈ ਵਰਤੇ ਜਾਂਦੇ ਸਨ/ਹਨ। ਪਾਣੀ ਪਾਉਣ ਲਈ ਵਰਤੇ ਜਾਂਦੇ ਸਨ/ਹਨ। ਪਸ਼ੂਆਂ ਨੂੰ ਪਾਣੀ ਪਿਆਉਣ ਲਈ ਵਰਤੇ ਜਾਂਦੇ ਸਨ/ਹਨ। ਛੋਟੇ ਬੱਚਿਆਂ ਨੂੰ ਵਿਚ ਬਿਠਾ ਕੇ ਨੁਹਾਉਣ ਲਈ ਵਰਤੇ ਜਾਂਦੇ ਹਨ। ਸ਼ਰਾਬ ਕੱਢਣ ਤੇ ਅਰਕ ਕੱਢਣ ਲਈ ਵੀ ਕੂੰਡਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਲਲਾਰੀ ਵੀ ਕੱਪੜੇ ਰੰਗਣ ਲਈ ਕੂੰਡਿਆਂ ਦੀ ਵਰਤੋਂ ਕਰਦੇ ਹਨ। ਜੁਲਾਹੇ ਤਾਣੀ ਨੂੰ ਪਾਣ ਦੇਣ ਸਮੇਂ ਵੀ ਕੂੰਡੇ ਦੀ ਵਰਤੋਂ ਕਰਦੇ ਹਨ। ਏਸ ਤਰ੍ਹਾਂ ਲੋਹੇ ਵਾਲਾ ਕੂੰਡਾ ਬਹੁਮੰਤਵੀ ਕੰਮ ਦਿੰਦਾ ਸੀ। ਮਿੱਟੀ ਦਾ ਬਣਿਆ ਹੋਇਆ ਕੂੰਡਾ ਵੀ ਹੁੰਦਾ ਸੀ। ਇਹ ਵੀ ਪਾਣੀ ਲਈ ਵਰਤਿਆ ਜਾਂਦਾ ਹੈ/ਸੀ। ਮਿੱਟੀ ਦੇ ਛੋਟੇ ਕੂੰਡੇ ਨੂੰ ਕੂੰਡੀ ਕਹਿੰਦੇ ਸਨ। ਏਸ ਕੂੰਡੀ ਨੂੰ ਦੁੱਧ/ਲੱਸੀ ਵਾਲੀ ਚਾਟੀ ਨੂੰ ਢਕਣ ਲਈ ਵਰਤਿਆ ਜਾਂਦਾ ਸੀ। ਵਿਆਹ ਸ਼ਾਦੀਆਂ ਵਿਚ ਏਸ ਕੂੰਡੀ ਵਿਚ ਲੱਡੂ ਜਲੇਬੀਆਂ ਪਾ ਕੇ ਜੰਨ ਤੇ ਮੇਲ ਨੂੰ ਵਰਤਾਉਂਦੇ ਹੁੰਦੇ ਸਨ। ਏਸ ਤਰ੍ਹਾਂ ਮਿੱਟੀ ਦੇ ਕੂੰਡੇ ਕੂੰਡੀਆਂ ਤੋਂ ਵੀ ਕਈ ਕਿਸਮ ਦੇ ਕੰਮ ਲਏ ਜਾਂਦੇ ਸਨ। ਕੂੰਡੇ, ਕੂੰਡੀਆਂ ਨਾਲ ਕਈ ਅਖਾਣ, ਮੁਹਾਵਰੇ ਵੀ ਜੁੜੇ ਹੋਏ ਹਨ। ਕਿਸੇ ਦੀ ਬਹੁਤੀ ਕੁੱਟ ਮਾਰ ਕਰ ਦੇਣੀ, ਬਹੁਤਾ ਨੁਕਸਾਨ ਪਹੁੰਚਾ ਦੇਣ ਨੂੰ 'ਕੂੰਡਾ ਕਰਨਾ' ਕਹਿੰਦੇ ਹਨ। ਕਿਸੇ ਚੀਜ਼ ਵਸਤ ਨੂੰ ਮੁਕਾ ਦੇਣ ਨੂੰ 'ਕੂੰਡਾ ਮੂਧਾ ਕਰਨਾ' ਕਹਿੰਦੇ ਹਨ।



ਪਰ ਅੱਜ ਮੈਂ ਤੁਹਾਡੇ ਨਾਲ ਮਿੱਟੀ ਦੇ ਬਣੇ ਉਸ ਕੂੰਡੇ ਦਾ ਜ਼ਿਕਰ ਕਰਨ ਲੱਗਾ ਹਾਂ, ਜਿਸ ਕੂੰਡੇ ਵਿਚ ਘੋਟਣੇ ਨਾਲ ਲੂਣ, ਮਿਰਚਾਂ, ਮਸਾਲਾ, ਚੱਟਣੀ, ਢੰਡਿਆਈ, ਸਰਦਾਈ, ਭੰਗ, ਸੁੱਖਾ ਰਗੜਿਆ ਜਾਂਦਾ ਸੀ। ਏਸ ਕੂੰਡੇ ਨੂੰ ਕਈ ਇਲਾਕਿਆਂ ਵਿਚ ਦੁਸਹਿਰਾ ਵੀ ਕਹਿੰਦੇ ਸਨ। ਘੋਟਣੇ ਨਿੰਮ ਦੀ ਲੱਕੜ ਦੇ ਬਣਾਏ ਜਾਂਦੇ ਸਨ। ਘੋਟਣੇ ਛੋਟੇ ਵੀ ਹੁੰਦੇ ਸਨ, ਬੜੇ ਵੀ ਹੁੰਦੇ ਸਨ। ਛੋਟੇ ਘੋਟਣੇ ਘਰਾਂ ਵਿਚ ਲੂਣ, ਮਿਰਚ, ਮਸਾਲੇ, ਚਟਣੀ, ਢੰਡਿਆਈ, ਸਰਦਾਈ ਬਣਾਉਣ ਲਈ ਵਰਤੇ ਜਾਂਦੇ



ਸਨ। ਬੜੇ ਘੋਟਣੇ ਨਹਿੰਗ ਸਿੰਘ ਸੁੱਖਾ, ਭੰਗ ਘੋਟਣ ਸਮੇਂ ਵਰਤਦੇ ਸਨ। ਨਹਿੰਗ ਸਿੰਘਾਂ ਦੇ ਘੋਟਣਿਆਂ ਨਾਲ ਆਮ ਤੌਰ ਤੇ ਘੁੰਗਰੂ ਵੀ ਬੰਨ੍ਹੇ ਹੁੰਦੇ ਸਨ। ਘੋਟਣਿਆਂ ਤੋਂ ਕਈ ਵੇਰ ਭੂੰਡ ਆਸ਼ਕਾਂ ਨੂੰ ਕੁੱਟਣ ਦਾ ਕੰਮ ਵੀ ਲਿਆ ਜਾਂਦਾ ਸੀ-

ਕੋਈ ਲੂਣ ਘੋਟਣਾ ਮਾਰੂ,
ਗਲੀਆਂ ਦਾ ਖਹਿੜਾ ਛੱਡ ਦੇ।

ਕਈ ਨੂੰਹਾਂ ਅੜਬ ਸੱਸਾਂ ਦੀ ਅੜਬਾਈ ਕੱਢਣ ਲਈ ਤੇ ਆਨੇ ਵਾਲੀ ਥਾਂ ਤੇ ਲਿਆਉਣ ਲਈ ਆਪਣੇ ਬਾਬਲ ਤੋਂ ਨਿੰਮ ਦੇ ਘੋਟਣੇ ਦੀ ਮੰਗ ਵੀ ਕਰਦੀਆਂ ਹੁੰਦੀਆਂ ਸਨ-

ਸੱਸ ਕੁੱਟਣੀ ਪੈਣੀ ਬਾਪੂ,
ਨਿੰਮ ਦਾ ਘੜਾ ਦੇ ਘੋਟਣਾ।

ਅਮਰ ਨੂਰੀ ਗਾਇਕਾ ਦਾ ਗਾਇਆ ਹੋਇਆ ਇਕ ਮਸ਼ਹੂਰ ਗੀਤ ਹੈ, ਜਿਸ ਗੀਤ ਵਿਚ ਉਹ ਆਪਣੇ ਪਤੀ, ਜਿਸ ਦਾ ਨਾਂ ਨਛੱਤਰ ਹੈ, ਤੋਂ ਬਾਜ਼ਾਰ ਵਿਚੋਂ ਬਹੁਤ ਸਾਰੀਆਂ ਚੀਜ਼ਾਂ, ਵਸਤਾਂ ਖਰੀਦਣ ਦੀ ਮੰਗ ਕਰਦੀ ਹੈ, ਜਿਨ੍ਹਾਂ ਵਸਤਾਂ ਵਿਚ ਇਕ ਵਸਤ ਘੋਟਣੇ ਦੀ ਵੀ ਹੈ -

ਨਛੱਤਰਾ ਸੱਸ ਕੁੱਟਣੀ,
ਇਕ ਨਿੰਮ ਦਾ ਘੋਟਣਾ ਲਿਆਵੀਂ।

ਪੁਲਿਸ ਵਾਲੇ ਕਿਸੇ ਦੋਸ਼ੀ ਤੋਂ ਦੋਸ਼ ਮਨਵਾਉਣ ਲਈ ਵੀ ਘੋਟਣੇ ਲਾਉਣ ਦੀ ਵਰਤੋ ਕਰਦੇ ਹਨ।

ਕੂੰਡਾ ਬਣਾਉਣ ਲਈ ਗੋਈ ਮਿੱਟੀ ਲਈ ਜਾਂਦੀ ਸੀ। ਇਸ ਮਿੱਟੀ ਨੂੰ ਚੱਕ ਉਪਰ ਰੱਖ ਕੇ ਘੁਮਾਰ ਕੂੰਡਾ ਡੌਲਦਾ ਸੀ। ਚੱਕ ਉਪਰ ਡੌਲੇ ਹੋਏ ਕੂੰਡੇ ਨੂੰ ਇਕ ਧਾਗੇ ਨਾਲ ਕੱਟ ਕੇ ਚੱਕ ਤੋਂ ਲਾਹੁੰਦੇ ਸਨ। ਕੂੰਡੇ ਨੂੰ ਮਜ਼ਬੂਤੀ ਦੇਣ ਲਈ ਇਕ ਹੱਥ ਵਿਚ ਮਿੱਟੀ ਦੀ ਬਣੀ ਦਰਨੀ ਨੂੰ ਫੜ੍ਹ ਕੇ ਤੇ ਦੂਜੇ ਹੱਥ ਵਿਚ ਮਿੱਟੀ ਦੀ ਹੀ ਬਣੀ ਛੋਟੀ ਜਿਹੀ ਥਾਪੀ ਨਾਲ ਹੌਲੀ-ਹੌਲੀ ਕੁਟਿਆ ਜਾਂਦਾ ਸੀ। ਕੂੰਡਾ ਗੋਲ ਆਕਾਰ ਦਾ ਹੁੰਦਾ ਸੀ/ਹੈ। ਇਸ ਦੀ ਗੁਲਾਈ ਹੇਠੋਂ ਘੱਟ ਹੁੰਦੀ ਸੀ। ਜਿਉਂ ਜਿਉਂ ਉਪਰ ਨੂੰ ਜਾਂਦਾ ਸੀ, ਉਸ ਦੀ ਗੁਲਾਈ ਵਧਦੀ ਜਾਂਦੀ ਸੀ। ਕੰਡੇ ਬਾਹਰ ਨੂੰ ਮੁੜੇ ਹੁੰਦੇ ਸਨ। ਕੂੰਡੇ ਦੇ ਹੇਠਲੇ ਅੰਦਰਲੇ ਹਿੱਸੇ ਵਿਚ ਪੱਥਰ ਦੇ ਛੋਟੇ ਛੋਟੇ ਟੁਕੜੇ ਲੱਗੇ ਹੁੰਦੇ ਸਨ। ਕੂੰਡੇ ਵਿਚ ਜਿਹੜੀ ਵਸਤ ਪਾਈ ਜਾਂਦੀ ਸੀ, ਉਸ ਨੂੰ ਘੋਟਣੇ ਨਾਲ ਕੁੱਟਣ/ਰਗੜਨ ਵਿਚ ਇਹ ਪੱਥਰ ਦੇ ਟੁਕੜੇ ਹੀ ਸਹਾਈ ਹੁੰਦੇ ਸਨ।

ਕੂੰਡੇ ਨੂੰ ਸੁਕਾ ਕੇ ਆਵੀ ਵਿਚ ਪਾ ਕੇ ਪਕਾਇਆ ਜਾਂਦਾ ਸੀ। ਏਸ ਤਰ੍ਹਾਂ ਕੂੰਡਾ ਬਣਦਾ ਸੀ। ਘੋਟਣਾ ਆਮ ਤੌਰ 'ਤੇ 4 ਕੁ ਫੁੱਟ ਲੰਮਾ ਗੋਲ ਅਕਾਰ ਦਾ ਹੁੰਦਾ



Academy of the Punjab in North America: http://www.apnaorg.com

ਸੀ, ਜਿਸ ਨੂੰ ਪਿੰਡ ਦਾ ਤਰਖਾਣ ਬਣਾ ਕੇ ਦਿੰਦਾ ਸੀ। ਹੁਣ ਲੂਣ, ਮਿਰਚਾਂ, ਮਸਾਲੇ ਬਜ਼ਾਰ ਵਿਚੋਂ ਪੀਸੇ ਪਿਸਾਏ ਹੀ ਮਿਲ ਜਾਂਦੇ ਹਨ। ਢੰਡਿਆਈ, ਸਰਦਾਈ ਹੁਣ ਕੋਈ ਪੀਂਦਾ ਹੀ ਨਹੀਂ। ਨਹਿੰਗ ਸਿੰਘ ਆਪਣੀ ਭੰਗ, ਸੁੱਖਾ ਹੁਣ ਪੱਥਰ ਦੇ ਕੂੰਡਿਆਂ ਵਿਚ ਰਗੜਦੇ ਹਨ। ਜਿਹੜੇ ਪਰਿਵਾਰਾਂ ਕੋਲੋਂ ਕੂੰਡੇ ਹਨ ਵੀ, ਉਹ ਵੀ ਬਹੁਤੇ ਪੱਥਰ ਦੇ ਹੀ ਹਨ। ਰਗੜ ਰਗੜਾਈ ਦਾ ਜ਼ਿਆਦਾ ਕੰਮ ਹੁਣ ਬਹੁਤ ਘਰਾਂ ਵਿਚ ਮਿਕਸੀ ਤੋਂ ਲਿਆ ਜਾਂਦਾ ਹੈ। ਹੁਣ ਕੂੰਡੇ, ਘੋਟਣਿਆਂ ਦੀ ਵਰਤੋਂ ਘਰਾਂ ਵਿਚ ਨਾ ਦੇ ਬਰਾਬਰ ਹੀ ਰਹਿ ਗਈ ਹੈ।

0

## ਓਟੇ/ਕੰਧੋਲੀ

ਘਰਾਂ ਦੀਆਂ ਕੰਧਾਂ ਦੇ ਨਾਲ ਜਾਂ ਵਿਹੜੇ ਵਿਚ ਚਾਰ/ਪੰਜ ਕੁ ਫੁੱਟ ਉੱਚੀ, ਪੰਜ ਛੇ ਕੁ ਫੁੱਟ ਲੰਮੀ ਦੋ/ਤਿੰਨ ਕੁ ਫੁੱਟ ਚੌੜੀ ਤੂੜੀ ਮਿੱਟੀ ਨਾਲ ਤਿੰਨ/ਚਾਰ ਕੁ ਇੰਚ ਮੋਟੀ ਝਰੋਖੇ ਰੱਖ ਕੇ ਬਣਾਈ ਦੋ ਪਾਸੇ ਜਾਂ ਤਿੰਨ ਪਾਸੇ ਵਲਗਣ ਨੂੰ ਓਟਾ ਕਹਿੰਦੇ ਸਨ, ਜਿਥੇ ਬੈਠ ਕੇ ਜਨਾਨੀਆਂ ਰੋਟੀ ਟੁੱਕ/ਚੁੱਲ੍ਹੇ ਚੌਂਕੇ ਦਾ ਕੰਮ ਪਰਦੇ ਨਾਲ ਕਰਦੀਆਂ ਸਨ। ਸਿਆਣਿਆਂ ਨੇ ਵੀ ਕਿਹਾ ਹੈ ਕਿ ਭੋਜਨ ਬਣਾਉਣ ਭਜਨ ਕਰਨ ਅਤੇ ਇਸਤਰੀਆਂ ਲਈ ਪਰਦਾ ਜ਼ਰੂਰੀ ਹੈ –

ਭੋਜਨ, ਭਜਨ ਔਰ ਨਾਰੀ,
ਤੀਨੋਂ ਪਰਦੇ ਕੇ ਅਧਿਕਾਰੀ।

ਓਟੇ ਦੇ ਓਹਲੇ ਕੰਮ ਕਰਦੀ ਜਨਾਨੀ, ਬਹੂ, ਕੁੜੀ, ਬੁੜੀ ਘਰ ਦੀ ਨਿਗਰਾਨੀ ਵੀ ਕਰਦੀ ਰਹਿੰਦੀ ਸੀ। ਆਮ ਤੌਰ ਤੇ ਓਟੇ ਦੇ ਖੂੰਜੇ ਵਿਚ ਚੁਰ ਬਣਾਈ ਹੁੰਦੀ ਸੀ ਤੇ ਦੂਜੇ ਪਾਸੇ ਚੁਲ੍ਹਾ ਬਣਾਇਆ ਹੁੰਦਾ ਸੀ। ਕਈ ਓਟਿਆਂ ਵਿਚ 'ਕੱਲੀ ਚੁਰ ਖੂੰਜੇ ਵਿਚ ਬਣਾਈ ਹੁੰਦੀ ਸੀ ਤੇ ਚੁਲ੍ਹਾਂ ਓਟੇ ਦੀ ਕੰਧ ਦੇ ਸ਼ੁਰੂ ਵਿਚ ਬਣਾਇਆ ਜਾਂਦਾ ਸੀ ਤਾਂ ਜੋ ਜਨਾਨੀਆਂ ਚੁਰ ਅਤੇ ਚੁੱਲ੍ਹੇ ਤੇ ਨਾਲੋ ਨਾਲ ਕੰਮ ਕਰ ਸਕਣ। ਚੁਰ ਉਪਰ ਤਵੀ ਰੱਖ ਕੇ ਰੋਟੀਆਂ ਬਣਾਈਆਂ ਜਾਂਦੀਆਂ ਸਨ। ਕੜਾਹੀ ਰੱਖ ਕੇ ਘਰਾਂ ਦੀਆਂ ਹੋਰ ਖਾਣ ਪੀਣ ਵਾਲੀਆਂ





ਵਸਤਾਂ ਤਿਆਰ ਕੀਤੀਆਂ ਜਾਂਦੀਆਂ ਸਨ। ਚੁਰ ਇਕ ਕਿਸਮ ਦਾ ਚੁਲ੍ਹੇ ਦਾ ਬੜਾ ਰੂਪ ਹੁੰਦੀ ਸੀ। ਚੁਲ੍ਹੇ ਉਪਰ ਦਾਲ, ਸਬਜ਼ੀ, ਚਾਹ, ਸਾਗ ਆਦਿ ਬਣਾਇਆ ਜਾਂਦਾ ਸੀ।

ਘਰ ਵੀ ਉਨ੍ਹਾਂ ਸਮਿਆਂ ਵਿਚ ਕੱਚੇ ਹੁੰਦੇ ਸਨ। ਘਰ ਕਾਹਦੇ ਹੁੰਦੇ ਸਨ, ਇਕ ਦੋ ਲਟੈਣਾਂ ਉਪਰ 10/15 ਖਣ ਛੱਤੇ ਹੁੰਦੇ ਸਨ। ਇਕ ਦਰਵਾਜ਼ਾ ਹੁੰਦਾ ਸੀ, ਇਕ ਅੱਧ ਮੋਰੀ ਰੱਖੀ ਹੁੰਦੀ ਸੀ। ਘਰ ਵਿਚ ਹੋਰ ਚਾਨਣ ਆਉਣ ਲਈ ਛੱਤਾਂ ਵਿਚ ਇਕ ਦੋ ਮੋਘੇ ਰੱਖੇ ਹੁੰਦੇ ਸਨ, ਜਿਨ੍ਹਾਂ ਨੂੰ ਮੀਂਹ ਕਣੀ ਵੇਲੇ ਮਿੱਟੀ ਦੇ ਕੁੰਡੇ ਨੂੰ ਮੂਧਾ ਮਾਰ ਕੇ ਢਕਿਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਪਰਿਵਾਰਾਂ ਦੀ ਆਈ ਚਲਾਈ ਹੀ ਚਲਦੀ ਹੁੰਦੀ ਸੀ। ਮਸਾਂ ਗੁਜ਼ਾਰਾ ਹੀ ਹੁੰਦਾ ਸੀ–

ਆਇਆ ਮੁੜੇ ਨਾ।
ਆਟਾ ਥੁੜੇ ਨਾ।
ਪੈਸਾ ਜੁੜੇ ਨਾ।
x x x
ਗੁੱਲੀ, ਜੁੱਲੀ, ਕੁੱਲੀ
ਸਾਰੀ ਖ਼ਲਕਤ ਭੁੱਲੀ।

ਭੋਜਨ ਓਟਿਆਂ ਦੇ ਓਹਲੇ ਵਿਚ ਬਣਾਇਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਚੁਰਾਂ, ਚੁਲ੍ਹਿਆਂ ਵਿਚ ਘਾਹ, ਫੂਸ, ਸਲਵਾੜ, ਪਾਥੀਆਂ, ਕਪਾਹ ਦੀਆ ਛਿਟੀਆਂ, ਸੁੱਕੀਆਂ ਝਾੜੀਆਂ ਤੇ ਦਰਖ਼ਤਾਂ ਦੀਆਂ ਝਿੰਗਾਂ ਨੂੰ ਸੁਕਾ ਕੇ ਵਰਤਿਆ ਜਾਂਦਾ ਸੀ। ਓਟਿਆਂ ਉਪਰ ਛੱਤ ਤਾਂ ਹੁੰਦੀ ਨਹੀਂ ਸੀ, ਏਸ ਲਈ ਧੂੰਆਂ ਬਾਹਰ ਨਿਕਲਦਾ ਰਹਿੰਦਾ ਸੀ। ਧੁੱਪੇ ਹੀ ਰੋਟੀਆਂ ਪਕਾਈਆਂ ਜਾਂਦੀਆਂ ਸਨ। ਏਸੇ ਕਰਕੇ ਤਾਂ ਉਸ ਸਮੇਂ ਦਾ ਧੁੱਪ ਵਿਚ ਬੈਠ ਕੇ ਰੋਟੀ ਪਕਾਉਂਦੀ ਮੁਟਿਆਰ ਦੇ ਰੂਪ ਦੀ ਪ੍ਰਸ਼ੰਸਾ ਕਰਦਾ ਇਹ ਲੋਕ ਗੀਤ ਹੈ –

ਰੰਗ ਚੋ ਕੇ ਪਰਾਤ ਵਿਚ ਪੈ ਗਿਆ,
ਧੁੱਪੇ ਤੈਂ ਪਕਾਈਆਂ ਰੋਟੀਆਂ।

ਓਟਿਆਂ ਨੂੰ ਬਣਾਉਣ ਲਈ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਵਿਚ ਕਾਲੀ ਚਿਉਕਣੀ ਮਿੱਟੀ ਦੇ ਟੋਏ ਹੁੰਦੇ ਸਨ, ਜਿੱਥੋਂ ਮਿੱਟੀ ਲਿਆਂਦੀ ਜਾਂਦੀ ਸੀ। ਏਸ ਮਿੱਟੀ ਵਿਚ ਤੂੜੀ ਰਲਾ ਕੇ ਘਰ ਦੀ ਘਾਣੀ ਕੀਤੀ ਜਾਂਦੀ ਸੀ। ਜਦ ਦੋ ਤਿੰਨ ਦਿਨਾਂ ਵਿਚ ਇਹ ਘਾਣੀ ਚੰਗੀ ਤਰ੍ਹਾਂ ਤਿਆਰ ਹੋ ਜਾਂਦੀ ਸੀ ਤਾਂ ਓਟਾ ਬਣਾਉਣਾ ਸ਼ੁਰੂ ਕੀਤਾ ਜਾਂਦਾ ਸੀ। ਜ਼ਿਆਦਾ ਤਰ ਓਟੇ ਜਿਥੇ ਘਰ ਦਾ ਦਰਵਾਜ਼ਾ ਹੁੰਦਾ ਸੀ, ਉਸ ਦੇ ਨੇੜੇ ਹੀ ਬਣਾਏ ਜਾਂਦੇ ਸਨ। ਇਕ ਪਾਸੇ ਘਰ ਦੀ ਕੰਧ ਹੁੰਦੀ ਸੀ ਤੇ ਦੂਜੇ ਪਾਸੇ ਓਟੇ ਦੀ



Academy of the Punjab in North America: http://www.apnaorg.com

ਉਸਾਰੀ ਕਰ ਲਈ ਜਾਂਦੀ ਸੀ। ਇਕ ਪਾਸਾ ਓਟੇ ਦੇ ਅੰਦਰ ਜਾਣ ਲਈ ਰਹਿ ਜਾਂਦਾ ਸੀ। ਕਈ ਓਟੇ ਕੰਧਾਂ ਤੋਂ ਦੂਰ ਵੀ ਬਣੇ ਹੁੰਦੇ ਸਨ। ਉਨ੍ਹਾਂ ਦੀ ਉਸਾਰੀ ਦੋ ਪਾਸੇ ਵੀ ਤੇ ਤਿੰਨ ਪਾਸੇ ਵੀ ਕੀਤੀ ਹੁੰਦੀ ਸੀ। ਦੋ ਪਾਸਿਆਂ ਵਾਲੇ ਓਟਿਆਂ ਦੀ ਸ਼ੇਪ (ਸ਼ਕਲ) ਅੰਗਰੇਜ਼ੀ ਦੇ ਸ਼ਬਦ ਐਲ ਵਰਗੀ ਹੁੰਦੀ ਸੀ।

ਓਟੇ ਦੀ ਦੀਵਾਰ ਆਮ ਤੌਰ ਤੇ ਤਿੰਨ/ਚਾਰ ਕੁ ਇੰਚ ਮੋਟੀ ਹੁੰਦੀ ਸੀ। ਏਸ ਦੇ ਹੇਠਲੇ ਫੁੱਟ ਕੁ ਹਿੱਸੇ ਦੀ ਠੋਸ ਉਸਾਰੀ ਕੀਤੀ ਹੁੰਦੀ ਸੀ, ਕਿਉਂ ਜੋ ਏਸ ਦੇ ਨਾਲ ਚੁਰਾਂ ਅਤੇ ਚੁਲ੍ਹੇ ਬਣਾਉਣੇ ਹੁੰਦੇ ਸਨ। ਉਸਾਰੀ ਓਨੀ ਕੁ ਕੀਤੀ ਜਾਂਦੀ ਸੀ, ਜਿੰਨੀ ਖੜ੍ਹੀ ਰਹਿ ਸਕੇ। ਜਦ ਇਹ ਉਸਾਰੀ ਸੁੱਕ ਜਾਂਦੀ ਸੀ, ਏਸ ਤੇ ਫੇਰ ਅਗਲੀ ਉਸਾਰੀ ਕੀਤੀ ਜਾਂਦੀ ਸੀ। ਏਸ ਉਸਾਰੀ ਵਿਚ ਭਾਂਤ ਭਾਂਤ ਦੀ ਕਿਸਮ ਦੇ ਝਰੋਖੇ/ਮੋਰੀਆਂ ਸਲਵਾੜ ਦੀਆਂ ਪੋਰੀਆਂ ਵਿਚ ਰੱਖ ਕੇ ਬਣਾਈਆਂ ਜਾਂਦੀਆਂ ਸਨ। ਇਹ ਮੋਰੀਆਂ ਹਵਾ ਆਉਣ ਲਈ ਰੱਖੀਆਂ ਜਾਂਦੀਆਂ ਸਨ। ਜਦ ਇਹ ਉਸਾਰੀ ਸੁੱਕ ਜਾਂਦੀ ਸੀ, ਏਸ ਉਪਰ ਫੇਰ ਅਗਲੀ ਉਸਾਰੀ ਕੀਤੀ ਜਾਂਦੀ ਸੀ। ਏਸ ਤਰ੍ਹਾਂ ਕਰ ਕੇ ਇਨ੍ਹਾਂ ਓਟਿਆਂ ਦੀ ਚਾਰ/ਪੰਜ ਕੁ ਫੁੱਟ ਤੱਕ ਉਸਾਰੀ ਕੀਤੀ ਜਾਂਦੀ ਸੀ। ਤੂੜੀ ਮਿੱਟੀ ਦੀ ਉਸਾਰੀ ਤੋਂ ਪਿਛੋਂ ਏਸ ਉਪਰ ਫੇਰ ਬਿਗੈਰ ਤੂੜੀ ਵਾਲੀ ਮਿੱਟੀ ਪਤਲੀ ਪਤਲੀ ਫੇਰੀ ਜਾਂਦੀ ਸੀ, ਜਿਸ ਨਾਲ ਓਟੇ ਦੀ ਉਸਾਰੀ ਬਿਲਕੁਲ ਸਾਫ਼ ਹੋ ਜਾਂਦੀ ਸੀ। ਫੇਰ ਓਟੇ ਨੂੰ ਪਾਂਡੂ ਮਿੱਟੀ ਦਾ ਪਰੋਲਾ ਫੇਰ ਕੇ ਚਮਕਾ ਦਿੱਤਾ ਜਾਂਦਾ ਸੀ। ਪਰੋਲੇ ਤੋਂ ਬਾਅਦ ਕਈ ਓਟਿਆਂ ਤੇ ਲਾਜਵਰ ਰੰਗ ਨਾਲ ਵੇਲ੍ਹ ਬੂਟੇ ਵੀ ਪਾ ਲੈਂਦੇ ਸਨ। ਕਈ ਤਰ੍ਹਾਂ ਤਰ੍ਹਾਂ ਦੇ ਹਾਸ਼ੀਏ ਬਣਾ ਦਿੰਦੀਆਂ ਸਨ। ਚਿੜੀਆਂ, ਜਨੌਰਾਂ ਅਤੇ ਬੱਚਿਆਂ ਦੀਆਂ ਮੂਰਤਾਂ ਬਣਾ ਦਿੰਦੀਆਂ ਸਨ।

ਹੁਣ ਬਹੁਤੇ ਘਰ ਪੱਕੇ ਹਨ। ਰਸੋਈਆਂ ਵੱਖਰੀਆਂ ਬਣਾਈਆਂ ਜਾਂਦੀਆਂ ਹਨ। ਹੁਣ ਜੇ ਕਰ ਕਿਸੇ ਦੇ ਘਰ ਓਟੇ ਬਣੇ ਵੀ ਹੁੰਦੇ ਹਨ, ਉਹ ਪੱਕੀਆਂ ਇੱਟਾਂ ਨਾਲ ਬਣੇ ਹੁੰਦੇ ਹਨ। ਕੱਚੀ ਮਿੱਟੀ ਦੀ ਮਹਿਕ ਵਾਲੇ ਉਹ ਓਟੇ ਮੁਕਤਸਰ, ਫੀਰੋਜ਼ਪੁਰ ਜ਼ਿਲ੍ਹਿਆਂ ਦੇ ਪਛੜੇ ਪਿੰਡਾਂ ਵਿਚ ਅਜੇ ਵੀ ਮਿਲ ਜਾਂਦੇ ਹਨ। ਹੁਣ ਦੀਆਂ ਬਹੁਤੀਆਂ ਮੁਟਿਆਰਾਂ ਤਾਂ ਚੁੱਲ੍ਹੇ ਬੈਠ ਕੇ ਰਾਜ਼ੀ ਨਹੀਂ। ਗੈਸ ਜਾਂ ਗੋਬਰ ਗੈਸ ਨਾਲ ਕੰਮ ਕਰਕੇ ਰਾਜ਼ੀ ਹਨ-

ਚੁੱਲ੍ਹੇ ਅੱਗੇ ਮਾਹੀ ਵੇ,
ਪੈਂਦਾ ਜੀਅ ਕਾਹਲਾ ਢੋਲਾ।

0

## ਉੱਖਲੀ, ਮੋਹਲਾ

ਉੱਖਲੀ ਲੱਕੜ ਦੀ ਵੀ ਬਣਾਈ ਜਾਂਦੀ ਸੀ, ਉੱਖਲੀ ਇੱਟਾਂ ਤੇ ਸੀਮਿੰਟ ਨਾਲ ਵੀ ਬਣਾਈ ਜਾਂਦੀ ਸੀ। ਉੱਖਲੀ ਪੱਥਰ ਦੀ ਬਣੀ ਬਣਾਈ ਵੀ ਮਿਲ ਜਾਂਦੀ ਸੀ।



ਲੱਕੜ ਦੀ ਉੱਖਲੀ ਤੋਂ ਧਰਤੀ ਦੇ ਉੱਪਰ ਰੱਖ ਕੇ ਕੰਮ ਲਿਆ ਜਾਂਦਾ ਸੀ। ਸੀਮਿੰਟ ਦੀ ਉੱਖਲੀ ਤਾਂ ਧਰਤੀ ਵਿਚ ਹੀ ਬਣੀ ਹੁੰਦੀ ਸੀ। ਲੱਕੜ ਦੀ ਉੱਖਲੀ ਬਣਾਉਣ ਲਈ ਕਾਫ਼ੀ ਮੋਟੀ ਸਾਰੀ ਤਿੰਨ ਕੁ ਫੁੱਟ ਲੰਮੀ ਲੱਕੜ ਲਈ ਜਾਂਦੀ ਸੀ। ਏਸ ਲੱਕੜ ਦੀ ਲੰਬਾਈ ਵਾਲੇ ਇਕ ਪਾਸੇ ਸਿਰ ਦੇ ਵਿਚਾਲੇ ਫੁੱਟ/ਡੇਢ ਕੁ ਫੁੱਟ ਡੂੰਘੀ ਖੋਡ ਬਣਾਈ ਜਾਂਦੀ ਸੀ। ਇਹ ਖੋਡ ਉਪਰੋਂ ਜ਼ਿਆਦਾ ਚੌੜੀ ਹੁੰਦੀ ਸੀ। ਜਿਉਂ ਜਿਉਂ ਹੇਠਾਂ ਨੂੰ ਜਾਂਦੀ ਸੀ, ਤਿਉਂ ਤਿਉਂ ਘੱਟ ਚੌੜੀ ਹੁੰਦੀ ਸੀ। ਘੱਟ ਚੌੜੀ ਏਸ ਕਰ ਕੇ ਰੱਖੀ ਜਾਂਦੀ ਸੀ, ਕਿਉਂ ਜੋ ਮੋਹਲੇ ਦਾ ਸਿਰਾ ਪਤਲਾ ਹੁੰਦਾ ਸੀ। ਜਦ ਮੋਹਲੇ ਨਾਲ ਸੱਟ ਮਾਰੀ ਜਾਂਦੀ ਸੀ ਤਾਂ ਉੱਖਲੀ ਦੇ ਹੇਠਾਂ ਤੱਕ ਪਾਈ ਵਸਤ ਆਸਾਨੀ ਨਾਲ ਕੁੱਟੀ ਜਾਂਦੀ ਸੀ। ਉੱਖਲੀ ਦੇ ਬਾਹਰਲੇ ਹਿੱਸੇ ਨੂੰ ਵੀ ਗੋਲ ਕੀਤਾ ਜਾਂਦਾ ਸੀ।



ਸੀਮਿੰਟ ਦੀ ਉੱਖਲੀ ਬਣਾਉਣ ਲਈ ਦੋ ਕੁ ਫੁੱਟ ਡੂੰਘਾ ਟੋਆ ਪੁੱਟਿਆ ਜਾਦਾ ਸੀ। ਏਸ ਟੋਏ ਵਿਚ ਸੀਮਿੰਟ ਤੇ ਇੱਟਾਂ ਨਾਲ ਉੱਖਲੀ ਬਣਾਈ ਜਾਂਦੀ ਸੀ। ਇਹ ਉੱਖਲੀ ਵੀ ਉਪਰੋਂ ਵੱਧ ਚੌੜੀ ਤੇ ਹੇਠੋਂ ਘੱਟ ਚੌੜੀ ਹੁੰਦੀ ਸੀ। ਪੱਥਰ ਦੀਆਂ ਬਣੀਆਂ ਬਣਾਈਆਂ ਉੱਖਲੀਆਂ ਨੂੰ ਧਰਤੀ ਵਿਚ ਗੱਡ ਕੇ ਵੀ ਵਰਤਿਆ ਜਾਂਦਾ ਸੀ ਤੇ ਧਰਤੀ ਉਪਰ ਰੱਖ ਕੇ ਵੀ ਵਰਤਿਆ ਜਾਂਦਾ ਸੀ। ਉੱਖਲੀ ਸਬੰਧੀ ਅਖਾਣ ਹੈ –

'ਘਰ ਦਾਣੇ ਨਹੀਂ, ਉੱਖਲੀ ਉੱਤੇ ਡਾਂਗੋ ਡਾਂਗੀ।'

ਉੱਖਲੀ ਵਿਚ ਪਾਈ ਵਸਤ ਨੂੰ ਕੁੱਟਣ ਲਈ ਲੱਕੜ ਦਾ ਮੋਹਲਾ ਬਣਾਇਆ ਹੁੰਦਾ ਸੀ। ਜਿਹੜੀਆਂ ਉੱਖਲੀਆਂ ਧਰਤੀ ਵਿਚ ਬਣੀਆਂ ਹੁੰਦੀਆਂ ਸਨ, ਉਨ੍ਹਾਂ ਵਿਚ ਪਾਈ ਵਸਤ ਨੂੰ ਧਰਤੀ ਤੇ ਬੈਠ ਕੇ ਕੁੱਟਿਆ ਜਾਂਦਾ ਸੀ। ਜਿਹੜੀ ਲੱਕੜ ਦੀ ਉੱਖਲੀ ਧਰਤੀ ਦੇ ਉਪਰ ਰੱਖੀ ਹੁੰਦੀ ਸੀ, ਉਸ ਵਿਚ ਪਾਈ ਵਸਤ ਨੂੰ ਖੜ੍ਹ ਕੇ ਕੁੱਟਿਆ ਜਾਂਦਾ ਸੀ। ਮੋਹਲਾ ਕੋਈ ਚਾਰ ਕੁ ਫੁੱਟ ਲੰਮੀ ਪਤਲੀ ਲੱਕੜ ਦਾ ਬਣਾਇਆ



Academy of the Punjab in North America: http://www.apnaorg.com

ਹੁੰਦਾ ਸੀ। ਇਸ ਨੂੰ ਗੋਲ ਕੀਤਾ ਹੁੰਦਾ ਸੀ। ਮੋਹਲੇ ਦਾ ਵਿਚਾਲੇ ਦਾ ਹਿੱਸਾ ਆਲੇ ਦੁਆਲੇ ਨਾਲੋਂ ਥੋੜ੍ਹਾ ਪਤਲਾ ਕੀਤਾ ਹੁੰਦਾ ਸੀ। ਏਸ ਪਤਲੇ ਹਿੱਸੇ ਨੂੰ ਫੜ ਕੇ ਪਹਿਲਾਂ ਉਪਰ ਨੂੰ ਚੁੱਕ ਕੇ ਫੇਰ ਜ਼ੋਰ ਨਾਲ ਹੇਠਾਂ ਉੱਖਲੀ ਵਿਚ ਮਾਰਿਆ ਜਾਂਦਾ ਸੀ। ਮੋਹਲਾ ਲੰਮਾ ਹੋਣ ਕਰਕੇ ਉੱਖਲੀ ਵਿਚ ਮਾਰਨ ਸਮੇਂ ਏਸ ਦੀ ਸੱਟ ਜ਼ਿਆਦਾ ਪੈਂਦੀ ਸੀ। ਮੋਹਲੇ ਬਾਰੇ ਅਖਾਣ ਹੈ –

ਉੱਖਲੀ ਵਿਚ ਸਿਰ ਦਿੱਤਾ,
ਫੇਰ ਮੋਹਲਿਆਂ ਦਾ ਕੀ ਡਰ।

ਮੋਹਲਾ ਏਸ ਕਰ ਕੇ ਵੀ ਪਤਲਾ ਬਣਾਇਆ ਜਾਂਦਾ ਸੀ ਤਾਂ ਜੋ ਜਨਾਨੀਆਂ ਮੋਹਲਾ ਮਾਰਦੀਆਂ ਛੇਤੀ ਨਾ ਥੱਕ ਜਾਣ। ਵੈਸੇ ਤਾਂ ਉਨ੍ਹਾਂ ਸਮਿਆਂ ਵਿਚ ਜਨਾਨੀਆਂ ਦੀਆਂ ਸਿਹਤਾਂ ਬਹੁਤ ਚੰਗੀਆਂ ਹੁੰਦੀਆਂ ਸਨ। ਦੁੱਧ, ਦਹੀਂ, ਮੱਖਣ, ਘੀ ਖਾਂਦੀਆਂ ਹੁੰਦੀਆਂ ਸਨ। ਜੇਕਰ ਜ਼ਿਆਦਾ ਵਸਤ ਕੁੱਟਣੀ ਹੁੰਦੀ ਸੀ ਤਾਂ ਦੋ ਦੋ ਜਨਾਨੀਆਂ ਰਲ ਕੇ ਵੀ ਮੋਹਲਾ ਮਾਰਦੀਆਂ ਹੁੰਦੀਆਂ ਸਨ।

ਆਮ ਤੌਰ ’ਤੇ ਜਦ ਮੱਝਾਂ ਨੂੰ ਛੋਲੇ ਪਾਉਣੇ ਹੁੰਦੇ ਸਨ ਤਾਂ ਛੋਲੇ ਪਹਿਲਾਂ ਪਾਣੀ ਵਿਚ ਉਬਾਲਦੇ ਸਨ। ਫੇਰ ਇਨ੍ਹਾਂ ਉਬਲੇ ਹੋਏ ਛੋਲਿਆਂ ਨੂੰ ਉੱਖਲੀ ਵਿਚ ਪਾ ਕੇ ਕੁੱਟਿਆ ਜਾਂਦਾ ਸੀ। ਕੁੱਟਣ ਸਮੇਂ ਨਾਲ ਦੀ ਨਾਲ ਤੂੜੀ ਵੀ ਪਾਈ ਜਾਂਦੀ ਸੀ। ਏਸ ਤਰ੍ਹਾਂ ਨਾਲ ਛੋਲੇ ਤੂੜੀ ਵਿਚ ਮਿਕਸ ਹੋ ਜਾਂਦੇ ਸਨ, ਜਿਸ ਨੂੰ ਮੱਝਾਂ ਖੁਸ਼ੀ ਨਾਲ ਖਾਂਦੀਆਂ ਹੁੰਦੀਆਂ ਸਨ।

ਲੋਹੜੀ ਵੇਲੇ ਤਿਲ ਤੇ ਗੁੜ ਵੀ ਉੱਖਲੀ ਵਿਚ ਕੁੱਟੇ ਜਾਂਦੇ ਸਨ। ਤਿਲ ਤੇ ਗੁੜ ਨੂੰ ਕੁੱਟ ਕੇ ਪਿੰਨੀਆਂ ਬਣਾਈਆਂ ਜਾਂਦੀਆਂ ਸਨ। ਇਨ੍ਹਾਂ ਪਿੰਨੀਆਂ ਨੂੰ ਭੁੱਗਾ ਕਹਿੰਦੇ ਸਨ। ਮਹੀਨਾ ਮਹੀਨਾ ਲੋਕ ਇਨ੍ਹਾਂ ਪਿੰਨੀਆਂ ਨੂੰ ਖਾਂਦੇ ਰਹਿੰਦੇ ਸਨ। ਲੋਹੜੀ ਮੰਗਣ ਸਮੇਂ ਕਹਿੰਦੇ ਹੁੰਦੇ ਸਨ–

ਉੱਖਲੀ ਵਿਚ ਡੱਕੇ,
ਤੇਰਾ ਪੁੱਤ ਚੜ੍ਹੇ ਧੱਕੇ,
ਸਾਨੂੰ ਦੇਹ ਲੋਹੜੀ।

ਪਹਿਲੇ ਸਮਿਆਂ ਵਿਚ ਜੰਮਦੀਆਂ ਕੁੜੀਆਂ ਨੂੰ ਮਾਰਨ ਦਾ ਰਿਵਾਜ ਸੀ, ਜਿਸ ਕਰਕੇ ਲੜਕੀਆਂ ਘੱਟ ਹੁੰਦੀਆਂ ਸਨ ਤੇ ਮੁੰਡਿਆਂ ਦੀ ਸੰਖਿਆ ਜ਼ਿਆਦਾ ਹੁੰਦੀ ਸੀ। ਇਸ ਲਈ ਹਰ ਘਰ ਵਿਚ ਇਕ ਦੋ ਮੁੰਡੇ ਛੜੇ ਰਹਿ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਖੇਤੀ ਵੀ ਸਾਰੀ ਬਾਰਸ਼ਾਂ ’ਤੇ ਨਿਰਭਰ ਹੁੰਦੀਸੀ। ਏਸ ਕਰਕੇ ਲੋਕਾਂ ਦੀ ਆਰਥਿਕ ਹਾਲਤ ਵੀ ਬਹੁਤੀ ਚੰਗੀ ਨਹੀਂ ਹੁੰਦੀ ਸੀ। ਮਾੜੀਆਂ ਆਰਥਿਕ ਹਾਲਤਾਂ ਕਾਰਨ ਵੀ ਕਈ ਮੁੰਡੇ ਵਿਆਹੁਣੋਂ ਰਹਿ ਜਾਂਦੇ ਸਨ। ਏਸ ਲਈ ਉਨ੍ਹਾਂ ਸਮਿਆਂ ਵਿਚ ਕੁੜੀਆਂ ਦੇ



ਪੈਸੇ ਲੈ ਕੇ ਵਿਆਹ ਕਰਨ ਦਾ ਰਿਵਾਜ ਵੀ ਸੀ–

ਉੱਖਲੀ ਭਰਾ ਲੀ ਬਾਬਲਾ,
ਮੇਰੇ ਕੰਮ ਦੀ ਕਦਰ ਨਾ ਪਾਈ।
x x x
ਉੱਖਲੀ ਭਰਾ ਲੀ ਬਾਬਲਾ,
ਮੇਰੇ ਰੂਪ ਦੀ ਕਦਰ ਨਾ ਪਾਈ।

ਉਨ੍ਹਾਂ ਸਮਿਆਂ ਵਿਚ ਚਾਂਦੀ ਦੇ ਰੁਪੈ ਹੁੰਦੇ ਸਨ, ਜਿਹੜੇ ਆਮ ਤੌਰ ’ਤੇ ਕਈ ਵੇਰ ਧਰਤੀ ਵਿਚ ਹੀ ਕਿਸੇ ਥਾਂ ਦੱਬ ਕੇ ਰੱਖੇ ਜਾਂਦੇ ਸਨ। ਏਸੇ ਕਰ ਕੇ ਏਸ ਗੀਤ ਵਿਚ ਉੱਖਲੀ ਭਰ ਕੇ ਪੈਸੇ ਲੈਣ ਦਾ ਜ਼ਿਕਰ ਹੈ। ਲੜਕੀ ਆਪ ਦੇ ਬਾਬਲ ਦੇ ਘਰ 18/20 ਸਾਲ ਦੀ ਉਮਰ ਤੱਕ ਕੀਤੇ ਕੰਮ ਦਾ ਤਾਹਨਾ ਦਿੰਦੀ ਸੀ।

ਹੁਣ ਤੁਹਾਨੂੰ ਕਿਸੇ ਘਰ ਵਿਚ ਨਾ ਲੱਕੜ ਦੀ, ਨਾ ਸੀਮਿੰਟ ਨਾਲ ਬਣੀ ਅਤੇ ਨਾ ਹੀ ਪੱਥਰ ਦੀ ਬਣੀ ਬਣਾਈ ਉੱਖਲੀ ਮਿਲੇਗੀ। ਨਾ ਹੀ ਲੋਕ ਹੁਣ ਮੱਝਾਂ ਨੂੰ ਛੋਲਿਆਂ ਦੀਆਂ ਬੱਕਲੀਆਂ ਕੁੱਟ ਕੇ ਪਾਉਂਦੇ ਹਨ। ਮੱਝਾਂ ਲਈ ਹੁਣ ਬਣੀ ਬਣਾਈ ਖ਼ੁਰਾਕ ਮਿਲ ਜਾਂਦੀ ਹੈ।

ਉੱਖਲੀ ਹੁਣ ਸਾਡੇ ਵਿਰਸੇ ਵਿਚੋਂ ਬਿਲਕੁਲ ਅਲੋਪ ਹੋ ਗਈ ਹੈ।

0

## ਕੱਚੀਆਂ ਕੋਠੀਆਂ

ਕੱਚੀਆਂ ਕੋਠੀਆਂ ਦੇ ਸਿਰਲੇਖ ਨੂੰ ਵੇਖ ਕੇ ਇਹ ਨਾ ਸਮਝ ਲੈਣਾ ਕਿ ਪਹਿਲੇ ਸਮਿਆਂ ਵਿਚ ਰਹਿਣ ਲਈ ਕੱਚੀਆਂ ਕੋਠੀਆਂ ਬਣਦੀਆਂ ਸਨ। ਮੈਂ ਉਨ੍ਹਾਂ ਕੱਚੀਆਂ ਕੋਠੀਆਂ ਬਾਰੇ ਦੱਸਣ ਜਾ ਰਿਹਾ ਹਾਂ ਜਿਹੜੀਆਂ ਪਹਿਲੇ ਸਮਿਆਂ ਵਿਚ ਕੱਚੇ ਘਰਾਂ ਵਿਚ, ਘਰਾਂ ਦੀਆਂ ਛੱਤਾਂ ਹੇਠ, ਕੱਚੀਆਂ ਕੰਧਾਂ ਨਾਲ ਤੂੜੀ ਮਿੱਟੀ ਦੀ ਉਸਾਰੀ ਨਾਲ ਘਰਾਂ ਦੀਆਂ ਜਨਾਨੀਆਂ ਆਪ ਹੀ ਬਣਾਉਂਦੀਆਂ ਹੁੰਦੀਆਂ ਸਨ। ਇਨ੍ਹਾਂ ਕੋਠੀਆਂ ਵਿਚ ਕਪੜੇ ਵੀ ਰੱਖੇ ਜਾਂਦੇ ਸਨ, ਪਰ ਕਈ ਵੇਰ ਗੁੜ ਵੀ ਤੇ ਹੋਰ ਸਾਮਾਨ ਵੀ ਰੱਖਿਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਬਹੁਤੇ ਘਰ ਕੱਚੇ ਅਤੇ ਛੋਟੇ ਛੋਟੇ ਹੁੰਦੇ ਸਨ। ਘਰ ਕਾਹਦੇ ਸਨ, ਇਕ ਜਾਂ ਦੋ ਲਟੈਣਾਂ ਉੱਪਰ 10/15 ਖਣ ਛੱਤੇ ਹੁੰਦੇ ਸਨ। ਉਸ ਘਰ ਵਿਚ ਦਾਣੇ ਵੀ ਰੱਖੇ ਹੁੰਦੇ ਸਨ। ਸੰਦੂਖ, ਜੇਕਰ ਹੁੰਦਾ ਸੀ, ਉਹ ਰੱਖਿਆ ਹੁੰਦਾ ਸੀ। ਸੌਂਦੇ ਵੀ ਉਸ ਘਰ ਵਿਚ ਸਨ। ਰਸੋਈ ਵੀ ਉਹੀ ਹੁੰਦੀ ਸੀ। ਗੁਸਲਖ਼ਾਨਾ ਵੀ ਉਹੀ ਘਰ ਹੁੰਦਾ ਸੀ। ਵੱਧ ਤੋਂ ਵੱਧ ਵਿਉਂਤ ਬਣਾ ਕੇ ਉਸ ਘਰ ਦੀ ਵਰਤੋਂ ਕੀਤੀ ਜਾਂਦੀ ਸੀ।

ਰਜਾਈਆਂ, ਦਰੀਆਂ, ਖੇਸ, ਕਪੜੇ ਸੰਦੂਖ ਅਤੇ ਕੱਚੀਆਂ ਕੋਠੀਆਂ ਵਿਚ ਰੱਖੇ



Academy of the Punjab in North America: http://www.apnaorg.com

ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਵਿਆਹਾਂ ਦੀ ਮਠਿਆਈ ਦੇ ਲੱਡੂ, ਸ਼ਕਰਪਾਰੇ ਤੇ ਪਕੌੜੀਆਂ ਨੂੰ ਵੀ ਇਨ੍ਹਾਂ ਕੋਠੀਆਂ ਵਿਚ ਰੱਖਿਆ ਜਾਂਦਾ ਸੀ। ਮੁੰਡੇ ਕੁੜੀ ਦੇ ਵਿਆਹ ਸੰਪੂਰਨ ਹੋਣ ਦੇ ਕੁਝ ਸਮੇਂ ਪਿਛੋਂ ਨਾਨਕਿਆਂ ਨੂੰ ਮਠਿਆਈ ਦੇਣ ਦਾ ਰਿਵਾਜ ਹੁੰਦਾ ਸੀ, ਜਿਸ ਨੂੰ ਕੋਠੀ ਝਾੜ ਕਹਿੰਦੇ ਸਨ। ਬਚੀ ਮਠਿਆਈ ਕੋਠੀ ਵਿਚ ਰੱਖਣ ਕਰ ਕੇ ਹੀ ਉਸ ਮਠਿਆਈ ਨੂੰ ਕੋਠੀ ਝਾੜ ਦਾ ਨਾਂ ਦਿੱਤਾ ਜਾਂਦਾ ਸੀ।



ਇਨ੍ਹਾਂ ਕੋਠੀਆਂ ਨਾਲ ਕਈ ਅਖਾਣ ਵੀ ਜੁੜੇ ਹੋਏ ਹਨ। ਜਿਸ ਪਰਿਵਾਰ ਦਾ ਲੜਕਾ ਜਾਂ ਘਰ ਵਾਲਾ ਚੋਰੀ ਕਰਦਾ ਫੜ੍ਹਿਆ ਜਾਂਦਾ ਸੀ, ਉਸ ਦੀ ਮਾਂ ਜਾਂ ਘਰ ਵਾਲੀ ਨਮੋਸ਼ੀ ਦੀ ਮਾਰੀ ਕਿਸੇ ਨਾਲ ਗੱਲ ਨਹੀਂ ਕਰ ਸਕਦੀ ਸੀ। ਸ਼ਰਮ ਮਹਿਸੂਸ ਕਰਦੀ ਸੀ। ਏਸੇ ਕਰ ਕੇ ਹੀ 'ਚੋਰ ਦੀ ਮਾਂ, ਕੋਠੀ 'ਚੋਂ ਮੂੰਹ' ਦਾ ਮੁਹਾਵਰਾ ਪ੍ਰਚਿੱਲਤ ਹੋਇਆ। ਇਹ ਕੱਚੀਆਂ ਕੋਠੀਆਂ ਕਿਵੇਂ ਬਣਾਈਆਂ ਜਾਂਦੀਆਂ ਸਨ, ਦੱਸਣ ਤੋਂ ਪਹਿਲਾਂ ਅੱਜ ਦੀਆਂ ਪੱਕੀਆਂ ਕੋਠੀਆਂ ਸਬੰਧੀ ਇਕ ਲੋਕ ਗੀਤ ਸੁਣੋ। ਜਿਸ ਘਰ ਸੰਤਾਨ ਵਿਸ਼ੇਸ਼ ਕਰਕੇ ਲੜਕਾ ਨਹੀਂ ਹੁੰਦਾ, ਉਸ ਘਰ ਦੀ ਮਾਲਕਣ ਨੂੰ ਪੁੱਤਰ ਦੀ ਅਣਹੋਂਦ ਕਰ ਕੇ ਅੱਜ ਦੀ ਪੱਕੀ ਕੋਠੀ ਬਿਲਕੁਲ ਚੰਗੀ ਨਹੀਂ ਲਗਦੀ–

ਉਸਰੀ ਏ ਕੋਠੀ ਚੁਨੇਦਾਰ,
ਪੁੱਤਰਾਂ ਬਾਝੋਂ ਨਹੀਂ ਸੱਜਦੀ।

ਹੁਣ ਮੈਂ ਤੁਹਾਨੂੰ ਕੱਚੀਆਂ ਕੋਠੀਆਂ ਕਿਵੇਂ ਬਣਦੀਆਂ ਹੁੰਦੀਆਂ ਸਨ, ਬਾਰੇ ਦੱਸਣ ਜਾ ਰਿਹਾ ਹਾਂ।

ਘਰ ਦੇ ਇਕ ਖੂੰਜੇ ਵਿਚ ਜਿਹੜਾ ਵਰਤੋਂ ਵਿਚ ਬਹੁਤ ਘੱਟ ਆਉਂਦਾ ਸੀ, ਉਥੇ ਕੋਠੀਆਂ ਬਣਾਈਆਂ ਜਾਂਦੀਆਂ ਸਨ। ਹਰ ਘਰ ਵਿਚ ਹੀ ਕੱਚੀਆਂ ਕੋਠੀਆਂ ਬਣੀਆਂ



ਹੁੰਦੀਆਂ ਸਨ। ਆਮ ਕਰ ਕੇ ਇਹ ਕੋਠੀਆਂ ਕੋਈ 8 ਕੁ ਫੁੱਟ ਦੀ ਲੰਮਾਈ, 2 ਢਾਈ ਕੁ ਫੁੱਟ ਤੱਕ ਦੀ ਡੂੰਘਾਈ ਤੇ 4 ਕੁ ਫੁੱਟ ਤੱਕ ਦੀ ਉਚਾਈ ਦੀਆਂ ਬਣਾਈਆਂ ਜਾਂਦੀਆਂ ਸਨ। ਕਈ ਵੇਰ ਏਸ ਦੇ ਵਿਚਾਲੇ ਦੀਵਾਰ ਬਣਾ ਕੇ ਦੋ ਕੋਠੀਆਂ ਵੀ ਬਣ ਜਾਂਦੀਆਂ ਸਨ। ਪਿੰਡਾਂ ਵਿਚ ਕਾਲੀ ਚਿਉਕਣੀ ਮਿੱਟੀ ਦੇ ਟੋਏ ਹੁੰਦੇ ਸਨ। ਇਨ੍ਹਾਂ ਟੋਇਆਂ ਵਿਚੋਂ ਘਰ ਦੇ ਬੰਦੇ ਜਾਂ ਜਨਾਨੀਆਂ ਮਿੱਟੀ ਪੱਟ ਲਿਆਉਂਦੀਆਂ ਸਨ। ਏਸ ਮਿੱਟੀ ਵਿਚ ਤੂੜੀ ਮਿਲਾ ਕੇ ਘਾਣੀ ਕੀਤੀ ਜਾਂਦੀ ਸੀ। ਜਦ ਦੋ ਚਾਰ ਕੁ ਦਿਨਾਂ ਵਿਚ ਇਹ ਘਾਣੀ ਚੰਗੀ ਤਰ੍ਹਾਂ ਮਿਕਸ ਹੋ ਜਾਂਦੀ ਸੀ ਤਾਂ ਘਰ ਦੀਆਂ ਜਨਾਨੀਆਂ ਕੋਠੀਆਂ ਬਣਾਉਣੀਆਂ ਸ਼ੁਰੂ ਕਰਦੀਆਂ ਸਨ। ਇਹ ਕੋਠੀਆਂ ਧਰਤੀ ਤੋਂ ਫੁੱਟ ਕੁ ਉਪਰ ਕਰ ਕੇ ਬਣਾਈਆਂ ਜਾਂਦੀਆਂ ਸਨ ਤਾਂ ਜੋ ਹੇਠੋਂ ਕੋਠੀਆਂ ਵਿਚ ਸਲ੍ਹਾਬ ਨਾ ਆ ਸਕੇ। ਹੇਠਾਂ ਕੱਚੀ ਮਿੱਟੀ ਦੀਆਂ ਖੜੀਆਂ ਇੱਟਾਂ ਨਾਲ ਡੇਢ ਜਾਂ ਦੋ ਕੁ ਫੁੱਟ ਦੀ ਦੂਰੀ ਰੱਖ ਕੇ ਜਾਂ ਤੂੜੀ ਮਿੱਟੀ ਦੀ ਪੰਜ ਕੁ ਇੰਚ ਚੌੜੀ ਦੀਵਾਰ ਨਾਲ ਇਨ੍ਹਾਂ ਕੋਠੀਆਂ ਦੇ ਕਈ ਪੈਰ ਬਣਾਏ ਜਾਂਦੇ ਸਨ। ਇਨ੍ਹਾਂ ਪੈਰਾਂ ਉੱਪਰ ਪਤਲੀਆਂ ਸੋਟੀਆਂ ਤੇ ਸਲਵਾੜ ਦੇ ਕਾਨੇ ਰੱਖ ਕੇ ਉਪਰ ਅਤੇ ਹੇਠਾਂ ਤੋਂ ਤੂੜੀ ਮਿੱਟੀ ਨਾਲ ਚੰਗੀ ਤਰ੍ਹਾ ਲਿੱਪ ਦਿੱਤਾ ਜਾਂਦਾ ਸੀ। ਏਸ ਤਰ੍ਹਾਂ ਇਹ ਕੋਠੀ ਦਾ ਬੇਸ, ਫਰਸ਼ ਬਣ ਜਾਂਦਾ ਸੀ। ਜਦ ਇਹ ਬੇਸ ਸੁੱਕ ਜਾਂਦਾ ਸੀ ਤਾਂ ਫੇਰ ਏਸ ਬੇਸ ਦੇ ਦੋਵੇਂ ਸਿਰਿਆਂ ਤੇ ਕੱਚੀਆਂ ਇੱਟਾਂ ਖੜੇ ਲੋਟ ਲਾ ਕੇ ਜਾਂ ਤੂੜੀ ਮਿੱਟੀ ਨਾਲ ਦੀਵਾਰਾਂ ਬਣਾਈਆਂ ਜਾਂਦੀਆਂ ਸਨ। ਉਨੀ ਕੁ ਦੀਵਾਰ ਬਣਾਈ ਜਾਂਦੀ ਸੀ, ਜਿੰਨੀ ਕੁ ਖੜ੍ਹੀ ਰਹਿ ਸਕੇ। ਜਦ ਉਹ ਸੁੱਕ ਜਾਂਦੀ ਸੀ, ਉਸ ਉਪਰ ਹੋਰ ਦੀਵਾਰ ਬਣਾ ਦਿੱਤੀ ਜਾਂਦੀ ਸੀ, ਜਿੰਨੀ ਕੁ ਖੜ੍ਹੀ ਰਹਿ ਸਕੇ। ਜਦ ਉਹ ਸੁੱਕ ਜਾਂਦੀ ਸੀ, ਉਸ ਉਪਰ ਹੋਰ ਦੀਵਾਰ ਬਣਾ ਦਿੱਤੀ ਜਾਂਦੀ ਸੀ। ਚਾਰ ਕੁ ਫੁੱਟ ਉੱਚੀ ਦੀਵਾਰ ਹੋ ਜਾਣ ਤੇ ਫੇਰ ਏਸ ਉਪਰੋਂ ਸੋਟੀਆਂ ਤੇ ਸਲਵਾੜ ਦੇ ਕਾਨੇ ਰੱਖ ਕੇ ਛੱਤ ਪਾ ਦਿੱਤੀ ਜਾਂਦੀ ਸੀ। ਏਸ ਛੱਤ ਨੂੰ ਵੀ ਹੇਠੋਂ ਉਪਰ ਚੰਗੀ ਤਰ੍ਹਾਂ ਤੂੜੀ ਮਿੱਟੀ ਨਾਲ ਲਿੱਪ ਦਿੱਤਾ ਜਾਂਦਾ ਸੀ। ਕੋਠੀਆਂ ਦੀ ਛੱਤ ਆਮ ਤੌਰ 'ਤੇ ਘਰ ਦੀ ਛੱਤ ਨਾਲੋਂ ਤਿੰਨ ਚਾਰ ਕੁ ਫੁੱਟ ਨੀਵੀਂ ਪਾਈ ਜਾਂਦੀ ਸੀ। ਇਹ ਛੱਤਾਂ ਤਾਂ ਇਕ ਕਿਸਮ ਦਾ ਕੋਠੀਆਂ ਦਾ ਢੱਕਣ ਹੀ ਹੁੰਦਾ ਸੀ, ਕਿਉਂ ਜੁ ਇਹਨਾਂ 'ਤੇ ਕਿਹੜਾ ਵਜ਼ਨ ਰੱਖਣਾ ਹੁੰਦਾ ਸੀ। ਇਨ੍ਹਾਂ ਕੋਠੀਆਂ ਵਿਚ ਦੋ ਕੁ ਫੁੱਟ ਲੰਮੀਆਂ ਤੇ ਦੋ ਕੁ ਫੁੱਟ ਚੌੜੀਆਂ ਲੱਕੜ ਦੀਆਂ ਦਰਵਾਜ਼ੀਆਂ ਲੱਗੀਆਂ ਹੁੰਦੀਆਂ ਸਨ। ਕਈ ਵੇਰ ਇਨ੍ਹਾਂ ਕੋਠੀਆਂ ਵਿਚ ਛੋਟਾ ਛੋਟਾ ਸਮਾਨ ਰੱਖਣ ਲਈ ਟਾਂਡਾਂ ਵੀ ਬਣੀਆਂ ਹੁੰਦੀਆਂ ਸਨ। ਇਨ੍ਹਾਂ ਕੋਠੀਆਂ ਨੂੰ ਫੇਰ ਨਿਰੀ ਮਿੱਟੀ ਨਾਲ ਲਿੱਪਿਆ ਜਾਂਦਾ ਸੀ। ਪਾਂਡੂ ਮਿੱਟੀ ਦਾ ਪਰੋਲਾ ਫੇਰ ਕੇ ਕੋਠੀਆਂ ਨੂੰ ਚਮਕਾ ਦਿੱਤਾ ਜਾਂਦਾ ਸੀ। ਕਈ ਕੋਠੀਆਂ ਉਪਰ ਵੇਲ ਬੂਟੇ ਵੀ ਪਾਏ ਹੁੰਦੇ ਸਨ। ਹੋਰ ਡੀਜ਼ਾਇਨ ਵੀ ਬਣਾਏ ਹੁੰਦੇ ਸਨ।



Academy of the Punjab in North America: http://www.apnaorg.com

ਹੁਣ ਤਕਰੀਬਨ ਪੰਜਾਬ ਦੇ ਬਹੁਤੇ ਘਰ ਪੱਕੇ ਹਨ। ਏਸ ਲਈ ਘਰਾਂ ਦੀਆਂ ਕੰਧਾਂ ਵਿਚ ਪੱਕੇ ਤੌਰ ਤੇ ਅਲਮਾਰੀਆਂ ਬਣਾਈਆਂ ਜਾਂਦੀਆਂ ਹਨ। ਜਿਥੇ ਘਰ ਦੇ ਕਪੜੇ ਰੱਖੇ ਜਾਂਦੇ ਹਨ। ਅੱਜ ਕੱਲ੍ਹ ਬਕਸਿਆਂ ਵਾਲੇ ਬੈੱਡ ਵੀ ਬਣਦੇ ਹਨ, ਜਿਥੇ ਰਜਾਈਆਂ, ਗਦੈਲੇ, ਦਰੀਆਂ, ਖੇਸ, ਕਪੜੇ ਰੱਖੇ ਜਾਂਦੇ ਹਨ। ਗੌਡਰਜ ਦੀਆਂ ਅਲਮਾਰੀਆਂ ਵੀ ਘਰਾਂ ਵਿਚ ਰੱਖੀਆਂ ਜਾਂਦੀਆਂ ਹਨ। ਹੁਣ ਤੁਹਾਨੂੰ ਪੰਜਾਬ ਦੇ ਕਿਸੇ ਪਛੜੇ ਪਿੰਡ ਦੇ ਘਰਾਂ ਵਿਚ ਹੀ ਇਹ ਕੱਚੀਆਂ ਕੋਠੀਆਂ ਪਾਈਆਂ ਮਿਲਣਗੀਆਂ।

0

## ਭੜੋਲੇ, ਭੜੋਲੀਆਂ

ਭੜੋਲੇ, ਭੜੋਲੀਆਂ ਕਿਹੋ ਜਿਹੇ ਹੁੰਦੇ ਸਨ? ਕਿਵੇਂ ਬਣਦੇ ਸਨ? ਦੱਸਣ ਤੋਂ ਪਹਿਲਾਂ ਮੈਂ ਉਸ ਸਮੇਂ ਦੇ ਹਾਲਾਤ ਦਾ ਥੋੜ੍ਹਾ ਜਿਹਾ ਜ਼ਿਕਰ ਕਰਨਾ ਚਾਹੁੰਦਾ ਹਾਂ।

ਪਹਿਲਾਂ ਧਰਤੀ ਤੇ ਜੰਗਲ ਹੁੰਦੇ ਸਨ। ਉਨ੍ਹਾਂ ਸਮਿਆਂ ਵਿਚ ਸਭ ਕੁਝ ਮਿੱਟੀ ਦਾ, ਜੰਗਲੀ ਘਾਹ, ਫੂਸ, ਲੱਕੜ ਦਾ ਹੀ ਬਣਾਇਆ ਜਾਂਦਾ ਸੀ। ਸਮੇਂ ਦੇ ਨਾਲ ਨਾਲ ਜਿਉਂ ਜਿਉਂ ਮਨੁੱਖ ਦੀ ਸੂਝ ਵਧੀ, ਤਿਉਂ ਤਿਉਂ ਰਹਿਣ ਸਹਿਣ ਵਿਚ ਵੀ ਤਬਦੀਲੀ ਹੁੰਦੀ ਗਈ। ਕੁੱਲੀਆਂ ਤੋਂ ਕੱਚੇ ਘਰ ਬਣਨ ਲੱਗੇ। ਵਰਤਣ ਵਾਲੀਆਂ ਚੀਜ਼ਾਂ ਵੀ ਮਿੱਟੀ ਦੀਆਂ ਬਣਾਈਆਂ ਜਾਣ ਲੱਗੀਆਂ, ਜਿਨ੍ਹਾਂ ਨੂੰ ਆਵੀ ਵਿਚ ਪਾ ਕੇ ਪਕਾ ਲਿਆ ਜਾਂਦਾ ਸੀ। ਸਾਮਾਨ ਰੱਖਣ ਲਈ ਉਸ ਸਮੇਂ ਕੱਚੀਆਂ ਭੜੋਲੀਆਂ, ਭੜੋਲੇ, ਕੋਠੀਆਂ ਬਣਨੀਆਂ ਸ਼ੁਰੂ ਹੋਈਆਂ। ਭੜੋਲੀਆਂ ਵਿਚ ਗੁੜ, ਆਟਾ ਅਤੇ ਹੋਰ ਸਾਮਾਨ ਰੱਖਿਆ ਜਾਂਦਾ ਸੀ। ਫ਼ਸਲਾਂ ਦੇ ਦਾਣਿਆਂ ਨੂੰ ਘਰ ਦੇ ਕਿਸੇ ਹਿੱਸੇ ਵਿਚ ਹੇਠਾਂ ਰੱਖਿਆ ਜਾਂਦਾ ਸੀ। ਫ਼ਸਲਾਂ ਵੀ ਉਸ ਸਮੇਂ ਥੋੜ੍ਹੀਆਂ ਹੀ ਹੁੰਦੀਆਂ ਸਨ। ਸਾਰੀ ਖੇਤੀ ਬਾਰਸ਼ਾਂ ਤੇ ਨਿਰਭਰ ਹੁੰਦੀ ਸੀ। ਮੋਠ, ਮੂੰਗੀ, ਮਾਂਹ, ਛੋਲੇ ਦਾਲਾਂ ਭੜੋਲਿਆਂ ਵਿਚ ਰੱਖੀਆਂ ਜਾਂਦੀਆਂ ਸਨ। ਭੜੋਲੇ ਉੱਚੇ ਹੁੰਦੇ ਸਨ, ਜਦ ਕਿ ਭੜੋਲੀਆਂ ਘੱਟ ਉੱਚੀਆਂ ਤੇ ਚੌੜੀਆਂ ਜ਼ਿਆਦਾ ਹੁੰਦੀਆਂ ਸਨ। ਆਮ ਤੌਰ ਤੇ ਭੜੋਲਾ ਚਾਰ ਕੁ ਫੁੱਟ ਉੱਚਾ ਹੁੰਦਾ ਸੀ। ਢਾਈ ਕੁ ਫੁੱਟ ਗੁਲਾਈ ਵਿਚ ਹੁੰਦਾ ਸੀ। ਏਸੇ ਕਰਕੇ ਮੋਟੀ ਜਨਾਨੀਨੂੰ ਜਿਹੜੀ ਹੌਲੀ ਹੌਲੀ ਨੱਚਦੀ ਹੁੰਦੀ ਸੀ, ਭੜੋਲੇ ਨਾਲ ਤੁਲਨਾ ਕੀਤੀ ਜਾਂਦੀ ਸੀ–

ਇਹਨੇ ਕੀ ਨੱਚਣਾ,
ਇਹ ਤਾਂ ਛੋਲਿਆਂ ਦਾ ਭੜੋਲਾ।

ਲੱਗਦੇ ਹੱਥ ਵਿਹਲੇ ਬੈਠੇ ਬੰਦੇ ਬਾਰੇ ਇਕ ਲੋਕ ਗੀਤ ਵੀ ਸੁਣ ਲਵੋ–

ਹਰਦੇਵ ਸਿਹੁੰ ਭੈੜਾ ਇਉਂ ਬੈਠਾ,
ਜਿਉਂ ਭੱਜੇ ਭੜੋਲੇ ਦਾ ਥੱਲਾ।
ਨਿਕੰਮਿਆ ਕੰਮ ਕਰ ਵੇ,
ਤੂੰ ਕਿਉਂ ਛੱਡਿਆ ਧੰਦਾ?

ਹੁਣ ਮੈਂ ਤੁਹਾਨੂੰ ਭੜੋਲਾ, ਭੜੋਲੀ ਦੀ ਬਣਤਰ ਦੱਸਦਾ ਹਾਂ।

ਭੜੋਲੇ ਭੜੋਲੀਆਂ ਨੂੰ ਜਨਾਨੀਆਂ ਆਪ ਹੀ ਬਣਾਉਂਦੀਆਂ ਸਨ। ਇਹ ਕਾਲੀ ਮਿੱਟੀ ਜਿਸ ਵਿਚ ਤੂੜੀ ਮਿਕਸ ਕੀਤੀ ਹੁੰਦੀ ਸੀ, ਨਾਲ ਬਣਾਏ ਜਾਂਦੇ ਸਨ। ਸਭ ਤੋਂ ਹੇਠਾਂ ਕਿਸੇ ਟੁੱਟੀ ਚਾਟੀ ਦਾ ਉਪਰਲਾ ਗੋਲ ਕੰਢਾ ਹੇਠਾਂ ਰੱਖਿਆ ਜਾਂਦਾ ਸੀ। ਇਸ ਨੂੰ ਕਲੀਂਡਰ ਕਹਿੰਦੇ ਸਨ। ਕਲੀਂਡਰ ਤੋਂ ਮੈਨੂੰ ਇਕ ਗੀਤ ਯਾਦ ਆ ਗਿਆ। ਜਿਸ ਲੜਕੀ ਨੂੰ ਆਪਣੇ ਹਾਣ ਦਾ, ਪਸੰਦ ਦਾ ਮੁੰਡਾ ਨਹੀਂ ਮਿਲਦਾ ਸੀ, ਉਹ ਆਪਣੇ ਪਤੀ ਨੂੰ ਕਲੀਂਡਰ ਹੀ ਸਮਝਦੀ ਹੁੰਦੀ ਸੀ –

ਵਿਆਹ ਕਰਵਾਇਆ ਭਰਮ ਗਵਾਇਆ,
ਹਾਣ ਦਾ ਮੁੰਡਾ ਨਾ ਥਿਆਇਆ।
ਮੇਰੇ ਮਾਪਿਆਂ ਨੇ,
ਗਲ 'ਚ ਕਲੀਂਡਰ ਪਾਇਆ।



ਏਸ ਕਲੀਂਡਰ ਨੂੰ ਘਰ ਦੇ ਜਿਸ ਹਿੱਸੇ ਵਿਚ ਵੱਧ ਤੋਂ ਵੱਧ ਸਮੇਂ ਤੱਕ ਧੁੱਪ ਰਹਿੰਦੀ ਹੁੰਦੀ ਸੀ, ਉਥੇ ਰੱਖ ਕੇ ਭੜੋਲੇ ਦੀ ਉਸਾਰੀ ਸ਼ੁਰੂ ਕੀਤੀ ਜਾਂਦੀ ਸੀ। ਪਹਿਲਾਂ ਹੇਠਾਂ ਜਿੰਨਾ ਚੌੜਾ ਗੋਲ ਭੜੋਲਾ ਬਣਾਉਣਾ ਹੁੰਦਾ ਸੀ, ਕਲੀਂਡਰ ਉਪਰ ਬੇਸ ਬਣਾਇਆ ਜਾਂਦਾ ਸੀ। ਫੇਰ ਥੋੜ੍ਹਾ ਥੋੜ੍ਹਾ ਕਰ ਕੇ ਭੜੋਲੇ ਨੂੰ ਉਸਾਰਿਆ ਜਾਂਦਾ ਸੀ ਤਾਂ ਜੋ ਉਸਾਰੀ ਨਾਲ ਦੀ ਨਾਲ ਸੁੱਕਦੀ ਰਹੇ। ਪਹਿਲੀ ਉਸਾਰੀ ਸੁੱਕੀ ਤੋਂ ਫੇਰ ਅੱਗੇ ਉਸਾਰੀ ਕੀਤੀ ਜਾਂਦੀ ਸੀ। ਏਸ ਉਸਾਰੀ ਨੂੰ 'ਵਾਰ ਦੇਣਾ' ਕਹਿੰਦੇ ਸਨ। ਜਦ ਭੜੋਲੇ



Academy of the Punjab in North America: http://www.apnaorg.com

ਦੀ ਉਸਾਰੀ ਪੂਰੀ ਹੋ ਜਾਂਦੀ ਸੀ ਤਾਂ ਭੜੋਲੇ ਦੇ ਉਪਰਲੇ ਹਿੱਸੇ ਨੂੰ ਥੋੜ੍ਹਾ ਜਿਹਾ ਅੰਦਰ ਝੁਕਾ ਦਿੱਤਾ ਜਾਂਦਾ ਸੀ। ਭੜੋਲੇ ਨੂੰ ਉਪਰੋਂ ਢਕਣ ਲਈ ਵੱਖਰੇ ਤੌਰ ਤੇ ਚਾਪੜ ਬਣਾਇਆ ਜਾਂਦਾ ਸੀ। ਜਦ ਭੜੋਲਾ ਤੇ ਚਾਪੜ ਚੰਗੀ ਤਰ੍ਹਾਂ ਸੁੱਕ ਜਾਂਦੇ ਸਨ ਤਾਂ ਇਨ੍ਹਾਂ ਨੂੰ ਪਾਂਡੂੰ ਮਿੱਟੀ ਦਾ ਪੋਚਾ ਫੇਰਿਆ ਜਾਂਦਾ ਸੀ। ਏਸ ਪੋਚੇ ਫੇਰਨ ਨਾਲ ਭੜੋਲੇ ਦੀ ਚਮਕ ਏਸ ਤਰਾਂ ਹੋ ਜਾਂਦੀ ਸੀ ਜਿਵੇਂ ਘਰ ਕਲੀ ਕਰਨ ਤੋਂ ਬਾਅਦ ਚਮਕ ਉੱਠਦਾ ਹੈ।

ਪੋਚੇ ਤੇ ਇਕ ਲੋਕ ਬੋਲੀ ਚੇਤੇ ਆ ਗਈ। ਉਨ੍ਹਾਂ ਸਮਿਆਂ ਵਿਚ ਕਣਕ ਦੀ ਤੂੜੀ ਨੂੰ ਬਾਹਰ ਖੇਤ ਵਿਚ ਜਾਂ ਵਿਹੜੇ ਵਿਚ ਕੁੱਪ ਬਣਾ ਕੇ ਸਾਂਭਿਆ ਜਾਂਦਾ ਸੀ। ਕਈ ਕੁੱਪਾਂ ਨੂੰ ਮੀਂਹ ਦੇ ਪਾਣੀ ਤੋਂ ਬਚਾਉਣ ਲਈ ਪਹਿਲਾਂ ਤੂੜੀ ਮਿੱਟੀ ਫੇਰੀ ਜਾਂਦੀ ਸੀ ਤੇ ਫੇਰ ਉਸ ਉਪਰ ਪੋਚਾ ਫੇਰਿਆ ਜਾਂਦਾ ਸੀ। ਏਸ ਤਰ੍ਹਾਂ ਜੇਕਰ ਨਾਨਕੀਆਂ ਵਿਆਹ ਵਿਚ ਗਿੱਧਾ ਪਾਉਣ, ਨੱਚਣ ਤੋਂ ਟਲਦੀਆਂ ਹੁੰਦੀਆਂ ਸਨ ਤਾਂ ਦਾਦਕੀਆਂ ਬੋਲੀ ਪਾ ਕੇ ਉਨ੍ਹਾਂ ਦਾ ਜਲੂਸ ਕੱਢ ਦਿੰਦੀਆਂ ਸਨ-

ਨਾਨਕੀਆਂ ਦਾ ਕੁੱਪ ਬੰਨ੍ਹ ਦਿਓ,
ਪੀਲੀ ਮਿੱਟੀ ਦਾ ਫੇਰ ਦਿਓ ਪੋਚਾ।

ਭੜੋਲੇ ਨੂੰ ਚੱਕ ਕੇ ਘਰ ਵਿਚ ਜਿਸ ਥਾਂ ਰੱਖਣਾ ਹੁੰਦਾ ਸੀ, ਉਸ ਥਾਂ ਰੱਖ ਦਿੰਦੇ ਸਨ। ਕਈ ਭੜੋਲਿਆਂ ਦੇ ਹੇਠਾਂ ਸਾਈਡ ਤੇ ਭੜੋਲੇ ਦੀ ਬੇਸ ਨਾਲ ਦਾਣੇ ਕੱਢਣ ਲਈ ਮੋਰੀ ਰੱਖੀ ਹੁੰਦੀ ਸੀ। ਕਈ ਇਹ ਮੋਰੀ ਨਹੀਂ ਰੱਖਦੇ ਸਨ। ਉਪਰੋਂ ਚਾਪੜ ਚੱਕ ਕੇ ਦਾਣੇ ਕੱਢ ਲੈਂਦੇ ਸਨ।

ਏਸੇ ਤਰ੍ਹਾਂ ਭੜੋਲੀਆਂ ਨੂੰ ਬਣਾਉਣ ਲਈ ਦੋ ਦੋ ਕਲੀਂਡਰ ਲਏ ਜਾਂਦੇ ਸਨ। ਇਨ੍ਹਾਂ ਦੋਵਾਂ ਕਲੀਂਡਰਾਂ ਤੇ ਉਸਾਰੀ ਕੀਤੀ ਜਾਂਦੀ ਸੀ। ਭੜੋਲੀ ਬਾਹਰੋਂ ਵੇਖਣ ਨੂੰ ਇਕ ਲੱਗਦੀ ਸੀ, ਪਰ ਉਸਾਰੀ ਸਮੇਂ ਹੀ ਏਸ ਦੇ ਵਿਚਾਲੇ ਕੰਧ ਕੀਤੀ ਹੁੰਦੀ ਸੀ। ਭੜੋਲੀ ਆਮ ਤੌਰ ਤੇ ਤਿੰਨ ਕੁ ਫੁੱਟ ਉੱਚੀ ਹੁੰਦੀ ਸੀ ਤੇ ਦੋ ਕੁ ਫੁੱਟ ਚੌੜੀ ਹੁੰਦੀ ਸੀ। ਏਸ ਦੇ ਉਪਰਲੇ ਹਿੱਸਿਆਂ ਨੂੰ ਅੰਦਰ ਵੱਲ ਪੂਰਾ ਮੋੜਿਆ ਜਾਂਦਾ ਸੀ, ਜਿਸ ਦੇ ਉਪਰ ਜਾ ਕੇ ਕਿਸੇ ਟੁੱਟੇ ਘੜੇ ਦਾ ਗਲ ਲਾ ਲੈਂਦੀਆਂ ਸਨ। ਇਨ੍ਹਾਂ ਬਣੇ ਮੂੰਹਾਂ ਤੇ ਘੜਿਆਂ ਦੇ ਚੱਪਣ ਦਿੱਤੇ ਜਾਂਦੇ ਸਨ। ਕਈ ਭੜੋਲੀਆਂ ਉਪਰ ਸਲਵਾੜ ਦੇ ਕਾਨਿਆਂ ਦੀ ਛੱਤ ਵੀ ਪਾ ਦਿੰਦੀਆਂ ਸਨ। ਕਈ ਉਪਰਲੇ ਮੂੰਹ ਜ਼ਿਆਦਾ ਗੁਲਾਈ ਵਾਲਾ ਰੱਖਦੀਆਂ ਸਨ। ਇਨ੍ਹਾਂ ਮੂੰਹਾਂ ਨੂੰ ਚਾਪੜ ਨਾਲ ਢਕਦੀਆਂ ਸਨ। ਕਈ ਭੜੋਲੀਆਂ ਗੋਲ ਆਕਾਰ ਵਿਚ ਵੀ ਬਣਾਈਆਂ ਜਾਂਦੀਆਂ ਸਨ।

ਹੁਣ ਭੜੋਲੇ ਭੜੋਲੀਆਂ ਦੀ ਥਾਂ ਦਾਣੇ ਰੱਖਣ ਲਈ ਲੋਹੇ ਦੇ ਢੋਲ ਬਣਾਏ ਜਾਂਦੇ ਹਨ। ਲੋਹੇ, ਐਲਮੂਨੀਅਮ ਦੇ ਛੋਟੇ ਢੋਲਾਂ ਵਿਚ ਆਟਾ, ਦਾਲਾਂ ਰੱਖੀਆਂ ਜਾਂਦੀਆਂ



ਹਨ। ਕਪੜੇ ਰੱਖਣ ਲਈ ਟਰੰਕ, ਅਟੈਚੀ ਅਤੇ ਗਾਡਰਜ਼ ਦੀਆਂ ਅਲਮਾਰੀਆਂ ਹਨ। ਘਰ ਹੁਣ ਸਾਰਿਆਂ ਦੇ ਹੀ ਪੱਕੇ ਹਨ।

ਹੁਣ ਤੁਹਾਨੂੰ ਪੰਜਾਬ ਵਿਚੋਂ ਕਿਤੇ ਹੀ ਭੜੋਲੇ ਭੜੋਲੀਆਂ ਮਿਲਣਗੇ।

0

## ਹਾਰੇ ਹਾਰੀਆਂ

ਸ਼ੁਰੂ ਸ਼ੁਰੂ ਵਿਚ ਜਦ ਮਨੁੱਖ ਦੀ ਸੂਝ ਬਹੁਤੀ ਨਹੀਂ ਸੀ, ਉਸ ਸਮੇਂ ਘਰ ਕੱਚੀ ਮਿੱਟੀ ਦੀਆਂ ਇੱਟਾਂ ਦੇ ਬਣੇ ਹੁੰਦੇ ਸਨ। ਉਨ੍ਹਾਂ ਸਮਿਆਂ ਵਿਚ ਦੁੱਧ ਕਾੜ੍ਹਣ ਲਈ, ਦਾਲਾਂ ਬਣਾਉਣ ਲਈ, ਪਾਣੀ ਗਰਮ ਕਰਨ ਲਈ ਮਿੱਟੀ ਦੇ ਹਾਰੇ ਹਾਰੀਆਂ ਬਣਾਏ ਜਾਂਦੇ ਸਨ। ਰੋਟੀਆਂ ਵੀ ਮਿੱਟੀ ਦੇ ਚੁੱਲ੍ਹਿਆਂ ਅਤੇ ਚੁਰਾਂ ਤੇ ਪਕਾਈਆਂ ਜਾਂਦੀਆਂ ਸਨ। ਹਾਰੇ, ਹਾਰੀਆਂ ਚੰਗੀ ਚਿਉਕਣੀ ਕਾਲੀ ਮਿੱਟੀ ਦੇ ਬਣਾਏ ਜਾਂਦੇ ਸਨ। ਦੁੱਧ ਸਾਰਾ ਦਿਨ ਹੀ ਹਾਰਿਆਂ ਵਿਚ ਕੜ੍ਹਦਾ ਰਹਿੰਦਾ ਸੀ। ਹਾਰੇ ਵਿਚੋਂ ਦੁੱਧ ਕੱਢਦੀ ਦੇ ਦੁੱਧ ਡੁੱਲਣ ਬਾਰੇ ਲੋਕ ਗੀਤ ਹੈ -

ਖੜੋਤੀ ਕੁੜੀਏ, ਚਿਉਕਣੀ ਮਿੱਟੀ ਦੇ ਹਾਰੇ,
ਬਈ ਦੁੱਧ ਦਾ ਗਲਾਸ ਡੁੱਲ੍ਹ ਗਿਆ,
ਸਾਰਾ ਟੱਬਰ ਚੰਘਿਆੜਾਂ ਮਾਰੇ।



ਦੁੱਧ ਹੀ ਉਨ੍ਹਾਂ ਸਮਿਆਂ ਦੀ ਅਹਿਮ ਖ਼ੁਰਾਕ ਹੁੰਦੀ ਸੀ। ਕੁੜੀਆਂ ਵੀ ਰਿਸ਼ਤਾ ਕਰਨ ਸਮੇਂ ਆਪਣੇ ਬਾਬਲ ਨੂੰ ਉਸ ਘਰ ਰਿਸ਼ਤਾ ਕਰਨ ਲਈ ਕਹਿੰਦੀਆਂ ਹੁੰਦੀਆਂ ਸਨ, ਜਿਸ ਘਰ ਵਿਚ ਜ਼ਿਆਦਾ ਮੱਝਾਂ ਹੋਣ-



Academy of the Punjab in North America: http://www.apnaorg.com

ਦੇਵੀਂ ਵੇ ਬਾਬਲਾ ਉਸ ਘਰੇ,
ਜਿਥੇ ਸੱਸੂ ਦੇ ਮੱਝਾਂ ਸੱਤ।
ਇਕ ਚੋਵਾਂ, ਇਕ ਰਿੜਕਾਂ,
ਮੇਰਾ ਚਾਟੀਆਂ ਦੇ ਵਿਚ ਹੱਥ,
ਬਾਬਲ ਤੇਰਾ ਪੁੰਨ ਹੋਵੇ।

ਹਾਰਿਆਂ ਵਿਚ ਪਾਥੀਆਂ ਪਾ ਕੇ, ਕਾੜ੍ਹਨੀ ਵਿਚ ਦੁੱਧ ਪਾ ਕੇ ਸਵੇਰੇ ਹੀ ਗਰਮ ਕਰਨ ਲਈ ਰੱਖ ਦਿੱਤਾ ਜਾਂਦਾ ਸੀ। ਸਾਰਾ ਦਿਨ ਇਹ ਦੁੱਧ ਕੜ੍ਹਦਾ ਰਹਿੰਦਾ ਸੀ। ਕੜ੍ਹ ਕੜ੍ਹ ਕੇ ਲਾਲ ਰੰਗ ਜਿਹਾ ਹੋ ਜਾਂਦਾ ਸੀ। ਏਸ ਦੁੱਧ ਉਪਰ ਆਈ ਮਲਾਈ ਵੀ ਲਾਲ ਰੰਗ ਜਿਹੀ ਹੁੰਦੀ ਸੀ। ਹਾਰੇ ਉਪਰ ਮਿੱਟੀ ਦਾ ਹੀ ਚਾਪੜ ਦਿੱਤਾ ਹੁੰਦਾ ਸੀ, ਜਿਸ ਵਿਚੋਂ ਧੂੰਆਂ ਨਿਕਲਣ ਲਈ ਛੋਟੀਆਂ ਛੋਟੀਆਂ ਮੋਰੀਆਂ ਹੁੰਦੀਆਂ ਸਨ। ਕਈ ਹਾਰਿਆਂ ਉਪਰ ਛੱਤ ਪਾ ਕੇ ਲੱਕੜ ਦੀ ਮੋਰੀਆਂ ਵਾਲੀ ਛੋਟੀ ਜਿਹੀ ਦਰਵਾਜ਼ੀ ਵੀ ਲਾਈ ਹੁੰਦੀ ਸੀ। ਕਈ ਵੇਰ ਜਨਾਨੀਆਂ ਇਨ੍ਹਾਂ ਹਾਰਿਆਂ ਵਿਚ ਹੀ ਖੀਰ ਬਣਾ ਲੈਂਦੀਆਂ ਸਨ, ਜਿਸ ਦਾ ਰੰਗ ਵੀ ਰਿੱਝ ਰਿੱਝ ਕੇ ਲਾਲ ਜਿਹਾ ਹੋ ਜਾਂਦਾ ਸੀ। ਦਾਲਾਂ ਛੋਟੇ ਆਕਾਰ ਦੀਆਂ ਹਾਰੀਆਂ ਵਿਚ ਧਰੀਆਂ ਜਾਂਦੀਆਂ ਸਨ। ਦਾਲਾਂ ਸਬੰਧੀ ਇਕ ਅਖਾਣ ਹੈ–

ਮਰਦ ਮੰਗੇ ਦਾਲ, ਉਸਨੂੰ ਦਾਲ ਦਾ ਵੀ ਕਾਲ।
ਰੰਨ ਮੰਗੇ ਪੇੜੇ, ਉਹਨੂੰ ਦੇਣ ਵਾਲੇ ਬਥੇਰੇ।

ਕਈ ਵੇਰ ਪਾਣੀ ਵੀ ਇਨ੍ਹਾਂ ਹਾਰਿਆਂ ਵਿਚ ਗਰਮ ਕਰ ਲਿਆ ਜਾਂਦਾ ਸੀ। ਹਾਰੇ ਹਮੇਸ਼ਾਂ ਗੋਲ ਆਕਾਰ ਦੇ ਬਣਾਏ ਜਾਂਦੇ ਸਨ।

ਹੁਣ ਮੈਂ ਤੁਹਾਨੂੰ ਹਾਰੇ ਕਿਵੇਂ ਬਣਾਏ ਜਾਂਦੇ ਸਨ, ਉਹ ਵਿਧੀ ਦੱਸਣ ਜਾ ਰਿਹਾ ਹਾਂ। ਪਿੰਡਾਂ ਵਿਚ ਉਨ੍ਹਾਂ ਸਮਿਆਂ ਵਿਚ ਬਹੁਤ ਸਾਰੀਆਂ ਸਾਂਝੀਆਂ ਜ਼ਮੀਨਾਂ ਪਈਆਂ ਹੁੰਦੀਆਂ ਸਨ। ਇਨ੍ਹਾਂ ਵਿਚੋਂ ਕਿਸੇ ਨਾ ਕਿਸੇ ਜ਼ਮੀਨ ਵਿਚੋਂ ਮਿੱਟੀ ਦੀ ਉਪਰਲੀ ਤਹਿ ਚੁੱਕਣ ਤੋਂ ਪਿੱਛੋਂ ਹੇਠੋਂ ਚਿਉਕਣੀ, ਪਾਂਡੂੰ, ਕਾਲੀ ਮਿੱਟੀ ਨਿਕਲ ਆਉਂਦੀ ਸੀ, ਜਿਥੋਂ ਸਾਰਾ ਪਿੰਡ ਇਹ ਮਿੱਟੀ ਚੱਕਦਾ ਰਹਿੰਦਾ ਸੀ। ਆਮ ਤੌਰ ਤੇ ਘਰਾਂ ਦੀਆਂ ਜਨਾਨੀਆਂ, ਕੁੜੀਆਂ ਹੀ ਉਨ੍ਹਾਂ ਟੋਇਆਂ ਵਿਚੋਂ ਕਹੀ ਜਾਂ ਖੁਰਪੇ ਨਾਲ ਮਿੱਟੀ ਪੱਟ ਲਿਆਉਂਦੀਆਂ ਸਨ। ਇਕ ਪਰੀ ਰੂਪ ਵਰਗੀ, ਜੋ ਕਾਲੇ ਮਧਰੇ ਤੇ ਬੁੱਢੇ ਕੰਤ ਨਾਲ ਵਿਆਹੀ ਹੁੰਦੀ ਸੀ, ਹਾਰਿਆਂ ਦੀ ਮਿੱਟੀ ਢੋਂਦੀ ਦੇ ਜਜ਼ਬਾਤ ਸੁਣੋ –

ਢੋਵਾਂ ਹਾਰੇ ਦੀ ਮਿੱਟੀ, ਢੋਵਾਂ ਚੁੱਲ੍ਹੇ ਦੀ ਮਿੱਟੀ।
ਕਾਲੇ ਰੀਠੜੇ ਨੂੰ ਵਿਆਹੀ, ਵੇ ਮੈਂ ਸਾਬਣ ਦੀ ਟਿੱਕੀ।
x x x x x x



ਮਿੱਟੀ ਦਾ ਹਾਰਾ ਪੱਥਦੀਏ, ਮਾਏ ਮੇਰੀਏ!
ਮੁੜ ਮੁੜ ਦੇਨੀ ਏਂ ਵਾਰ, ਬੁੱਢਾ ਵਰ ਦੇਂਦੀਏ।

ਏਸ ਮਿੱਟੀ ਵਿਚ ਤੂੜੀ ਮਿਲਾ ਕੇ ਏਸ ਦੀ ਘਾਣੀ ਬਣਾ ਲੈਂਦੀਆਂ ਸਨ। ਚਾਰ ਕੁ ਦਿਨ ਏਸ ਘਾਣੀ ਨੂੰ ਬਣੀ ਰਹਿਣ ਪਿਛੋਂ ਹਾਰੇ, ਹਾਰੀਆਂ ਬਣਾਉਣੇ ਸ਼ੁਰੂ ਕੀਤੇ ਜਾਂਦੇ ਸਨ। ਜੇਕਰ ਚੱਕਮਾ ਦੁੱਧ ਵਾਲਾ ਹਾਰਾ ਬਣਾਉਣਾ ਹੁੰਦਾ ਸੀ ਤਾਂ ਪਹਿਲਾਂ ਕਿਸੇ ਟੁੱਟੀ ਹੋਈ ਚਾਟੀ ਦਾ ਗਲ ਲੈਂਦੇ ਸਨ, ਜਿਸ ਨੂੰ ਕਲੀਂਡਰ ਕਹਿੰਦੇ ਸਨ। ਏਸ ਕਲੀਂਡਰ ਉਪਰ ਕਾੜ੍ਹਨੀ ਦੇ ਆਕਾਰ ਤੋਂ ਕੁਝ ਵੱਡਾ ਗੋਲ ਆਕਾਰ ਦਾ ਥੱਲਾ ਬਣਾਇਆ ਜਾਂਦਾ ਸੀ। ਮਿੱਟੀ ਦੇ ਘੜੇ ਨਿਆਈਂ ਬਣੇ ਬਰਤਨ ਨੂੰ, ਜਿਸ ਦਾ ਮੂੰਹ ਘੜੇ ਨਾਲੋਂ ਥੋੜ੍ਹਾ ਖੁੱਲ੍ਹਾ ਹੁੰਦਾ ਸੀ ਤੇ ਜਿਸ ਦਾ ਥੱਲਾ ਵੀ ਘੜੇ ਨਾਲੋਂ ਵੱਧ ਮੋਟਾ ਹੁੰਦਾ ਸੀ ਤੇ ਥੱਲਾ ਹੇਠੋਂ ਖੁਰਦਰਾ ਬਣਿਆ ਹੁੰਦਾ ਸੀ, ਉਸ ਨੂੰ ਕਾੜ੍ਹਨੀ ਕਹਿੰਦੇ ਸਨ। ਏਸ ਵਿਚ 10/15 ਕਿਲੋ ਦੁੱਧ ਪੈ ਜਾਂਦਾ ਸੀ। ਹਾਰੇ ਦੇ ਥੱਲੇ ਨੂੰ ਬਣਾ ਕੇ ਸੁੱਕਣ ਲਈ ਧੁੱਪੇ ਰੱਖ ਦਿੱਤਾ ਜਾਂਦਾ ਸੀ। ਜਦ ਇਹ ਥੱਲਾ ਚੰਗੀ ਤਰ੍ਹਾਂ ਸੁੱਕ ਜਾਂਦਾ ਸੀ, ਫੇਰ ਏਸ ਥੱਲੇ (ਬੇਸ) ਉਪਰ 2 ਕੁ ਇੰਚ ਮੋਟੀ ਉਸ ਤੂੜੀ ਮਿੱਟੀ ਵਾਲੀ ਮਿੱਟੀ ਨਾਲ ਦੀਵਾਰ ਬਣਾਉਣੀ ਸ਼ੁਰੂ ਕੀਤੀ ਜਾਂਦੀ ਸੀ। ਇਹ ਉਨੀ ਕੁ ਉੱਚੀ ਬਣਾਈ ਜਾਂਦੀ ਸੀ, ਜਿਹੜੀ ਖੜ੍ਹੀ ਰਹਿ ਸਕੇ। ਏਸ ਨੂੰ ਫੇਰ ਸੁੱਕਣ ਦਿੱਤਾ ਜਾਂਦਾ ਸੀ। ਜਦ ਇਹ ਸੁੱਕ ਜਾਂਦੀ ਸੀ, ਏਸ ਉਪਰ ਫੇਰ ਹੋਰ ਉਸਾਰੀ ਕੀਤੀ ਜਾਂਦੀ ਸੀ। ਉਸ ਨੂੰ ਫੇਰ ਸੁੱਕਣ ਦਿੱਤਾ ਜਾਂਦਾ ਸੀ। ਜਦ ਉਹ ਫੇਰ ਸੁੱਕ ਜਾਂਦੀ ਸੀ, ਉਸ ਤੇ ਫੇਰ ਹੋਰ ਉਸਾਰੀ ਕੀਤੀ ਜਾਂਦੀ ਸੀ। ਏਸ ਤਰ੍ਹਾਂ ਹਾਰੇ ਦੀ ਉਨੀ ਉੱਚੀ ਉਸਾਰੀ ਕੀਤੀ ਜਾਂਦੀ ਸੀ, ਜਿਸ ਵਿਚ ਪਾਥੀਆਂ ਪਾ ਕੇ ਦੁੱਧ ਦੀ ਕਾੜ੍ਹਨੀ ਉਸ ਦੇ ਅੰਦਰ ਆਸਾਨੀ ਨਾਲ ਆ ਸਕੇ। ਏਸ ਦੁੱਧ ਦੇ ਹਾਰਿਆਂ ਉਪਰ ਰੱਖਣ ਲਈ ਚਾਪੜ ਵੀ ਬਣਾਏ ਜਾਂਦੇ ਸਨ। ਇਹ ਚਾਪੜ ਗੋਲ ਆਕਾਰ ਦੇ ਤੇ ਸਿੱਧੇ ਵੀ ਹੁੰਦੇ ਸਨ। ਪਰ ਬਹੁਤੇ ਚਾਪੜ ਕੁੰਡੀ ਨੁਮਾ ਸ਼ਕਲ ਦੇ ਹੁੰਦੇ ਸਨ। ਇਨ੍ਹਾਂ ਚਾਪੜਾਂ ਵਿਚ ਛੋਟੀਆਂ ਛੋਟੀਆਂ ਮੋਰੀਆਂ ਧੂੰਆਂ ਨਿਕਲਣ ਲਈ ਰੱਖੀਆਂ ਹੁੰਦੀਆਂ ਸਨ। ਚਾਪੜ ਦੇ ਵਿਚਾਲੇ ਇਕ ਬੜੀ ਮੋਰੀ ਰੱਖੀ ਹੁੰਦੀ ਸੀ, ਜਿਸ ਵਿਚ ਹੱਥ ਪਾ ਕੇ ਇਹ ਚਾਪੜ ਚੱਕੇ ਜਾਂਦੇ ਸਨ। ਇਨ੍ਹਾਂ ਚਕਮੇ ਹਾਰੇ, ਹਾਰੀਆਂ ਤੇ ਚਾਪੜਾਂ ਉਪਰ ਪਾਂਡੂ ਮਿੱਟੀ ਦੇ ਪਰੋਲੇ ਫੇਰੇ ਜਾਂਦੇ ਸਨ, ਜਿਸ ਨਾਲ ਇਨ੍ਹਾਂ ਦੀ ਦਿੱਖ ਬਹੁਤ ਸਾਫ਼ ਹੋ ਜਾਂਦੀ ਸੀ। ਪਰੋਲਾ ਇਕ ਕਿਸਮ ਦੀ ਅੱਜ ਦੀ ਕਲੀ ਕਰਨ (ਵਾਈਟ ਵਾਸ਼) ਨੂੰ ਕਹਿੰਦੇ ਸਨ।

ਜੇਕਰ ਧਰਤੀ ਵਿਚ ਗੱਡ ਕੇ ਰੱਖਣ ਵਾਲਾ ਹਾਰਾ ਬਣਾਉਣਾ ਹੁੰਦਾ ਸੀ ਤਾਂ ਉਸ ਦੇ ਹੇਠ ਕਲੀਂਡਰ ਨਹੀਂ ਲਾਇਆ ਜਾਂਦਾ ਸੀ। ਉਸਾਰੀ ਉਸ ਦੀ ਵੀ ਉੱਪਰ ਅਨੁਸਾਰ ਕੀਤੀ ਜਾਂਦੀ ਸੀ। ਏਸ ਉਸਾਰੇ ਹੋਏ ਹਾਰੇ ਨੂੰ ਫੇਰ ਧਰਤੀ ਵਿਚ ਗੱਡ ਦਿੱਤਾ



Academy of the Punjab in North America: http://www.apnaorg.com

ਜਾਂਦਾ ਸੀ। ਕਈ ਹਾਰੇ ਪਾਣੀ ਗਰਮ ਕਰਨ ਲਈ ਵੀ ਬਣਾਏ ਜਾਂਦੇ ਸਨ। ਏਸ ਤਰ੍ਹਾਂ ਹਾਰੀਆਂ ਚੱਕਮੀਆਂ ਵੀ ਬਣਾਈਆਂ ਜਾਂਦੀਆਂ ਸਨ। ਇਕ ਥਾਂ ਗੱਡ ਕੇ ਰੱਖਣ ਵਾਲੀਆਂ ਵੀ ਬਣਾਈਆਂ ਜਾਂਦੀਆਂ ਸਨ। ਇਹ ਹਾਰੀਆਂ ਉਨੇ ਆਕਾਰ ਦੀਆਂ ਹੀ ਹੁੰਦੀਆਂ ਸਨ, ਜਿੰਨੇ ਵਿਚ ਦਾਲ ਧਰਨ ਵਾਲਾ ਤਪਲਾ ਆਸਾਨੀ ਨਾਲ ਰੱਖਿਆ ਜਾ ਸਕੇ।

ਪਹਿਲੇ ਸਮਿਆਂ ਵਿਚ ਲੋਕ ਦੁੱਧ, ਦਹੀਂ, ਮੱਖਣ, ਘੀ ਆਮ ਖਾਂਦੇ ਸਨ। ਏਸ ਲਈ ਬੜੇ ਪਰਿਵਾਰਾਂ ਦੇ ਬਹੁਤੀਆਂ ਮੱਝਾਂ ਰੱਖੀਆਂ ਹੁੰਦੀਆਂ ਸਨ। ਉਹ ਦੋ-ਦੋ, ਤਿੰਨ-ਤਿੰਨ ਹਾਰਿਆਂ ਵਿਚ ਦੁੱਧ ਕਾੜ੍ਹਦੇ ਸਨ। ਹੁਣ ਪੰਜਾਬ ਵਾਸੀਆਂ ਦੇ ਬਹੁਤੇ ਘਰ ਪੱਕੇ ਹਨ। ਇਸ ਲਈ ਘਰਾਂ ਦੇ ਹਾਰੇ ਵੀ ਪੱਕੇ ਬਣੇ ਹੋਏ ਹਨ। ਹੁਣ ਲੋਕ ਮੱਖਣ, ਘੀ ਘੱਟ ਖਾਣ ਦੇ ਆਦੀ ਹਨ। ਏਸ ਲਈ ਬਹੁਤੇ ਪਰਿਵਾਰ ਇਕ ਬੜੇ ਪਤੀਲੇ ਵਿਚ ਹੀ ਗੈਸ ਜਾਂ ਚੁੱਲ੍ਹੇ ਉਪਰ ਹੀ ਦੁੱਧ ਕਾੜ੍ਹ ਲੈਂਦੇ ਹਨ। ਏਸ ਤਰ੍ਹਾਂ ਉਬਲੇ ਦੁੱਧ ਦਾ ਰੰਗ ਚਿੱਟਾ ਰਹਿੰਦਾ ਹੈ ਤੇ ਮਲਾਈ ਵੀ ਚਿੱਟੀ ਹੁੰਦੀ ਹੈ। ਹੁਣ ਥੋੜ੍ਹਾ ਜਿਹਾ ਦੁੱਧ ਰੱਖ ਕੇ ਬਾਕੀ ਸਾਰਾ ਦੁੱਧ ਡੇਅਰੀ ਵਾਲਿਆਂ ਨੂੰ ਵੇਚ ਦਿੰਦੇ ਹਨ। ਦਾਲਾਂ ਵੀ ਅੱਜ ਕੱਲ੍ਹ ਸਾਰੇ ਪਰਿਵਾਰ ਕੁੱਕਰਾਂ, ਪਤੀਲਿਆਂ ਵਿਚ ਗੈਸਾਂ, ਸਟੋਵਾਂ ਅਤੇ ਚੁੱਲ੍ਹਿਆਂ ਉਪਰ ਬਣਾਉਂਦੇ ਹਨ। ਏਸ ਲਈ ਦਾਲਾਂ ਬਣਾਉਣ ਲਈ ਹਾਰੀਆਂ ਬਣਾਉਣੀਆਂ ਤਾਂ ਤਕਰੀਬਨ ਬੰਦ ਹੋਣ ਦੇ ਬਰਾਬਰ ਹਨ।

ਹੁਣ ਦੁੱਧ ਕਾੜ੍ਹਣ ਲਈ ਕੱਚੇ ਹਾਰੇ ਤੇ ਦਾਲਾਂ ਬਣਾਉਣ ਲਈ ਕੱਚੀਆਂ ਹਾਰੀਆਂ ਬਣਾਉਣ ਦਾ ਯੁੱਗ ਖ਼ਤਮ ਹੋਣ ਤੇ ਹੈ।

0

## ਪਾਥੀਆਂ ਦੇ ਗੁਹਾਰੇ

ਪਹਿਲੇ ਸਮਿਆਂ ਵਿਚ ਕਿਸੇ ਪਿੰਡ ਦੇ ਤੇ ਉਸ ਪਿੰਡ ਦੇ ਵਸਨੀਕਾਂ ਦੇ ਰੱਜੇ ਪੁੱਜੇ ਹੋਣ, ਚੰਗੇ ਪੈਸੇ ਵਾਲੇ ਹੋਣ, ਚੰਗੇ ਖਾਂਦੇ ਪੀਂਦੇ ਹੋਣ ਦਾ ਪਤਾ ਉਨ੍ਹਾਂ ਪਿੰਡਾਂ ਦੇ ਨੇੜੇ ਪਹੁੰਚ ਕੇ ਪਿੰਡ ਦੇ ਆਲੇ ਦੁਆਲੇ ਪਾਥੀਆਂ ਦੇ ਲੱਗਿਆਂ ਗੁਹਾਰਿਆਂ ਦੀ ਭਰਮਾਰ ਤੋਂ ਲੱਗ ਜਾਂਦਾ ਸੀ। ਗੁਹਾਰੇ ਤਾਂ ਹੀ ਲੱਗਦੇ ਸਨ, ਜੇਕਰ ਉਸ ਪਿੰਡ ਦੇ ਵਸਨੀਕ ਬਹੁਤੇ ਪਸ਼ੂ ਰੱਖਦੇ ਸਨ। ਬਹੁਤੇ ਪਸ਼ੂਆਂ ਵਿਚ ਉਨ੍ਹਾਂ ਸਮਿਆਂ ਵਿਚ ਬਹੁਤੀਆਂ ਮੱਝਾਂ, ਬਹੁਤੀਆਂ ਗਾਈਆਂ ਅਤੇ ਬਹੁਤੇ ਬਲਦ ਸ਼ਾਮਲ ਹੁੰਦੇ ਸਨ। ਪਿੰਡਾਂ ਵਿਚ ਬਹੁਤੀਆਂ ਮੱਝਾਂ, ਗਾਈਆਂ ਤੇ ਬਲਦ ਬਹੁਤੇ ਪੈਸੇ ਵਾਲੇ ਹੀ ਖਰੀਦ ਸਕਦੇ ਸਨ। ਏਸੇ ਕਰਕੇ ਉਨ੍ਹਾਂ ਸਮਿਆਂ ਵਿਚ ਇਹ ਮੁਹਾਵਰਾ ਪ੍ਰਚੱਲਤ ਸੀ 'ਪਿੰਡ ਦਾ ਪਤਾ, ਪਿੰਡ ਦੇ ਗੁਹਾਰਿਆਂ ਤੋਂ ਲੱਗ ਜਾਂਦਾ ਹੈ।'





ਗੁਹਾਰੇ ਕਿਸ ਨੂੰ ਕਹਿੰਦੇ ਹਨ, ਅੱਜ ਦੀ ਬਹੁਤੀ ਪੀੜ੍ਹੀ ਨਹੀਂ ਜਾਣਦੀ। ਜਦ ਪਾਥੀਆਂ ਸੁੱਕ ਜਾਂਦੀਆਂ ਸਨ, ਇਨ੍ਹਾਂ ਸੁੱਕੀਆਂ ਪਾਥੀਆਂ ਨੂੰ ਆਪਣੇ ਘਰਾਂ ਵਿਚ ਰੱਖਣ ਲਈ ਬਹੁਤੇ ਪਰਿਵਾਰਾਂ ਕੋਲ ਛੱਤੀ ਹੋਈ ਥਾਂ ਨਹੀਂ ਹੁੰਦੀ ਸੀ। ਏਸ ਲਈ ਇਨ੍ਹਾਂ ਪਾਥੀਆਂ ਨੂੰ ਜਿਥੇ ਉਹ ਪੱਥੀਆਂ ਜਾਂਦੀਆਂ ਸਨ, ਖੁੱਲ੍ਹੇ ਅਸਮਾਨ ਥੱਲੇ ਇਕ ਨਿਯੁਕਤ ਵਿਧੀ ਅਨੁਸਾਰ ਗੋਲ ਘੇਰੇ ਵਿਚ ਪਾਥੀਆਂ ਦੇ ਉਪਰ ਟੇਢੇ ਲੋਟ ਪਾਥੀਆਂ ਰੱਖ ਕੇ ਗੁਹਾਰੇ ਬਣਾਏ ਜਾਂਦੇ ਸਨ। ਗੁਹਾਰਾ ਬਣਾਉਣਾ ਸ਼ੁਰੂ ਕਰਨ ਤੋਂ ਪਹਿਲਾਂ ਇਕ ਸ਼ਗਨ ਕੀਤਾ ਜਾਂਦਾ ਸੀ। ਗੁਹਾਰਾ ਬਣਾਉਣ ਵਾਲੀ ਥਾਂ ਤੇ ਪਹਿਲਾਂ ਇਕ ਪਾਥੀ ਪੁੱਠੀ ਕਰ ਕੇ ਰੱਖੀ ਜਾਂਦੀ ਸੀ। ਫੇਰ ਉਸ ਪਾਥੀ ਉਪਰ ਤੇਲ ਤੇ ਗੁੜ ਦਾ ਸ਼ਗਨ ਕਰਕੇ ਗੋਲਾਈ ਲੋਟ ਗੁਹਾਰਾ ਬਣਾਉਣਾ ਸ਼ੁਰੂ ਕੀਤਾ ਜਾਂਦਾ ਸੀ। ਇਹ ਪਾਥੀਆਂ ਦੇ ਘੇਰੇ ਵਿਚ ਕੁਝ ਉਚਾਈ ਤੋਂ ਬਾਅਦ ਜਿਉਂ ਜਿਉਂ ਉਪਰ ਵੱਲ ਜਾਂਦੇ ਹੁੰਦੇ ਸਨ, ਤਿਉਂ ਤਿਉਂ ਇਨ੍ਹਾਂ ਦੀ ਗੁਲਾਈ ਨੂੰ ਘੱਟ ਕੀਤਾ ਜਾਂਦਾ ਸੀ। ਹੌਲੀ ਹੌਲੀ ਇਹ ਗੁਹਾਰੇ ਦੀ ਗੁਲਾਈ ਘਟ ਕੇ ਟੀਸੀ ਤੇ ਜਾਣ ਤੇ ਸਿਰਫ਼ ਇਕ ਪਾਥੀ ਜਿੰਨੀ ਰਹਿ ਜਾਂਦੀ ਸੀ। ਇਹ ਗੁਹਾਰੇ ਆਮ ਤੌਰ 'ਤੇ 6 ਫੁੱਟ ਤੋਂ ਲੈ ਕੇ 8 ਫੁੱਟ ਤੱਕ ਦੇ ਉੱਚੇ ਹੁੰਦੇ ਸਨ। ਇਨ੍ਹਾਂ ਗੁਹਾਰਿਆਂ ਨੂੰ ਫੇਰ ਗੋਹੇ ਨਾਲ ਹੀ ਸਾਰੇ ਪਾਸਿਆਂ ਤੋਂ ਲਿੱਪ ਦਿੱਤਾ ਜਾਂਦਾ ਸੀ ਤਾਂ ਜੋ ਗੁਹਾਰੇ ਵਿਚ ਨਾ ਕੋਈ ਜੀਵ ਜੰਤੂ ਅਤੇ ਨਾ ਹੀ ਸੱਪ ਸਲੂੰਡੀ ਵੜ ਸਕੇ। ਗੁਹਾਰੇ ਨੂੰ ਉਪਰ ਤੋਂ ਏਸ ਕਰ ਕੇ ਤਿੱਖਾ ਰੱਖਿਆ ਜਾਂਦਾ ਸੀ ਤਾਂ ਜੋ ਗੁਹਾਰੇ ਵਿਚ ਬਾਰਸ਼ ਦਾ ਪਾਣੀ ਅੰਦਰ ਨਾ ਜਾਵੇ। ਕਈ ਜਨਾਨੀਆਂ ਗੁਹਾਰੇ ਨੂੰ ਨਜ਼ਰ ਲੱਗਣ ਤੋਂ ਬਚਾਉਣ ਲਈ ਗੁਹਾਰੇ ਦੀ ਸਿਖਰਲੀ ਤਿੱਖੀ ਨੋਕ ਉਪਰ ਕਾਲੀ ਤੌੜੀ ਮੂਧੀ ਮਾਰ ਦਿੰਦੀਆਂ ਸਨ। ਕਈ ਟੁੱਟਾ ਹੋਇਆ ਛਿੱਤਰ ਟੰਗ ਦਿੰਦੀਆਂ ਸਨ।

ਪਹਿਲੇ ਸਮਿਆਂ ਵਿਚ ਲੋਹੜੀ ਬਾਲਣ ਲਈ ਸਭ ਤੋਂ ਜ਼ਿਆਦਾ ਪਾਥੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਲੱਕੜਾਂ ਤਾਂ ਘੱਟ ਹੀ ਵਰਤਦੇ ਸਨ। ਜਿਸ ਘਰ ਲੋਹੜੀ ਹੁੰਦੀ ਸੀ, ਉਹ ਦਰਵਾਜ਼ੇ ਗੁੜ ਦੀ ਭੇਲੀ ਦੇ ਨਾਲ ਪਾਥੀਆਂ ਵੀ ਲੈ ਕੇ ਜਾਂਦੇ ਸਨ।



Academy of the Punjab in North America: http://www.apnaorg.com

ਲੋਹੜੀ ਮੰਗਣ ਵਾਲੇ ਵੀ ਗੁੜ ਦੇ ਨਾਲ ਨਾਲ ਪਾਥੀਆਂ ਦੀ ਮੰਗ ਵੀ ਕਰਦੇ ਹੁੰਦੇ ਸਨ –

ਵਿਹੜੇ ਵਿਚ ਪਾਥੀ,
ਤੇਰਾ ਪੁੱਤ ਚੜ੍ਹੇ ਹਾਥੀ,
ਸਾਨੂੰ ਦੇਹ ਲੋਹੜੀ।
x x x
ਮੇਰੇ ਪੈਰਾਂ ਹੇਠ ਬਤਾਊਂ,
ਮੈਂ ਤਾਂ ਪਾਥੀ ਲੈ ਕੇ ਜਾਊਂ।

ਪਾਥੀਆਂ ਕਿਵੇਂ ਬਣਾਈਆਂ ਜਾਂਦੀਆਂ ਸਨ, ਹੁਣ ਮੈਂ ਤੁਹਾਨੂੰ ਦੱਸਣ ਜਾ ਰਿਹਾ ਹਾਂ।

ਮੱਝਾਂ, ਕੱਟੀਆਂ, ਗਾਈਆਂ, ਵੱਛੀਆਂ, ਬਲਦ, ਵਹਿੜਕਿਆਂ ਦੇ ਗੋਹੇ ਨੂੰ ’ਕੱਠਾ ਕਰ ਕੇ ਉਸ ਥਾਂ ਤੇ ਢੇਰ ਲਾਇਆ ਜਾਂਦਾ ਸੀ, ਜਿਥੇ ਵੱਧ ਤੋਂ ਵੱਧ ਸਮੇਂ ਤੱਕ ਧੁੱਪ ਰਹਿੰਦੀ ਸੀ। ਜਦ ਕਾਫ਼ੀ ਸਾਰਾ ਗੋਹਾ ’ਕੱਠਾ ਹੋ ਜਾਂਦਾ ਸੀ, ਫੇਰ ਘਰ ਦੀਆਂ ਜਨਾਨੀਆਂ, ਕੁੜੀਆਂ ਏਸ ਗੋਹੇ ਦੀਆਂ ਪਾਥੀਆਂ ਪੱਥਦੀਆਂ ਹੁੰਦੀਆਂ ਸਨ। ਪਾਥੀਆਂ ਪੱਥਣ ਸਬੰਧੀ ਸਾਲੀ ਵਲੋਂ ਵਿਆਹ ਸਮੇਂ ਆਪਣੇ ਜੀਜੇ ਨੂੰ ਦਿੱਤੀ ਸਿੱਠਣੀ ਵੀ ਲਗਦੇ ਹੱਥ ਸੁਣ ਲਵੋ–

ਤੈਨੂੰ ਵੀ ਮਾਰਾਂ ਜੀਜਿਆ ਚੁੱਕ ਕੇ,
ਸਿੱਟਾਂ ਖੁਰਲੀ ਦੇ ਵਿਚ।
ਆਈਆਂ ਮੱਝੀਆਂ ਚਰ ਗਈਆਂ,
ਤੈਨੂੰ ਪੱਥਾਂ ਗੋਹੇ ਦੇ ਵਿਚ।

ਪਾਥੀਆਂ ਸਬੰਧੀ ਇਕ ਹੋਰ ਲੋਕਗੀਤ ਹੈ–

ਉੱਚੇ ਟਿੱਬੇ ਮੈਂ ਪਾਥੀਆਂ ਪੱਥਦੀ,
ਉਤੋਂ ਦੀ ਲੰਘ ਗਿਆ ਮੋਰ।
ਬੋਲੋ ਬਾਹਰਲੀਓ,
ਵਿਚਲੀਆਂ ਨੂੰ ਲੈ ਗਏ ਚੋਰ।

ਜੇ ਘਰ ਵਿਚ ’ਕੱਲੀ ਜਨਾਨੀ ਹੁੰਦੀ ਸੀ ਤਾਂ ਉਹ ਆਪਣੀ ਗੁਆਂਢਣ ਜਾਂ ਕਿਸੇ ਲਾਗਣ ਨੂੰ ਆਪਣੇ ਨਾਲ ਪਾਥੀਆਂ ਪਥਾਉਣ ਲਈ ਲਾ ਲੈਂਦੀ ਸੀ। ਪਹਿਲਾਂ ਗੋਹੇ ਦੇ ਢੇਰ ਵਿਚੋਂ ਥੋੜ੍ਹਾ ਜਿਹਾ ਗੋਹਾ ਲੈ ਕੇ ਆਪਣੇ ਹੱਥਾਂ ਨਾਲ ਚੰਗੀ ਤਰ੍ਹਾਂ ਮਿਕਸ ਕਰਦੀਆਂ ਸਨ। ਫੇਰ ਦੋਹਾਂ ਹੱਥਾਂ ਨਾਲ ਥਾਪੜ ਕੇ ਇਕ ਵੱਡੇ ਕੱਛੂ ਪਾਥੀ (ਪਾਣੀ ਵਿਚ ਟੋਬਿਆਂ ਵਿਚ ਰਹਿਣ ਵਾਲਾ ਜਾਨਵਰ) ਜਿਹੀ ਛੇਪ ਦੀ ਪਾਥੀ ਬਣਾ ਲੈਂਦੀਆਂ ਸਨ। ਜਿਥੇ ਕੱਛੂ ਪਾਥੀ ਦੀ ਪਿੱਠ ਉਪਰ ਤੋਂ ਮਲੈਮ ਹੁੰਦੀ ਸੀ, ਉਥੇ ਪਾਥੀਆਂ ਨੂੰ ਹੱਥ



ਨਾਲ ਪੱਥਣ ਕਰ ਕੇ ਉਸ ਉਪਰ ਹੱਥਾਂ ਦੀਆਂ ਉਂਗਲੀਆਂ ਦੇ ਨਿਸ਼ਾਨ ਬਣ ਜਾਂਦੇ ਸਨ। ਇਸ ਤਰ੍ਹਾਂ ਪਾਥੀ ਹੋਂਦ ਵਿਚ ਆਉਂਦੀ ਸੀ/ਹੈ। ਪਾਥੀਆਂ ਪੱਥ ਪੱਥ ਕੇ ਇਕ ਸਾਈਡ ਤੇ ਰੱਖੀ ਜਾਂਦੀਆਂ ਸਨ। ਏਸ ਤਰ੍ਹਾਂ ਸਾਰੇ ਢੇਰ ਦੀਆਂ ਪਾਥੀਆਂ ਪੱਥ ਲਈਆਂ ਜਾਂਦੀਆਂ ਸਨ। ਜਦ ਇਹ ਪਾਥੀਆਂ ਧੁੱਪ ਨਾਲ ਕਾਫੀ ਸੁੱਕ ਜਾਂਦੀਆਂ ਸਨ ਤਾਂ ਇਨ੍ਹਾਂ ਨੂੰ ਧਰਤੀ ਤੋਂ ਚੁੱਕ ਕੇ ਇਕ ਪਾਥੀ ਦੀ ਦੂਜੀ ਪਾਥੀ ਨਾਲ ਪਿੱਠ ਜੋੜ ਕੇ ਖੜ੍ਹਾ ਕਰ ਦਿੱਤਾ ਜਾਂਦਾ ਸੀ। ਏਸ ਤਰ੍ਹਾਂ ਕਰ ਕੇ ਫੇਰ ਪਾਥੀਆਂ ਦਾ ਹੇਠਲਾ ਹਿੱਸਾ ਵੀ ਸੁੱਕ ਜਾਂਦਾ ਸੀ। ਜਦ ਪਾਥੀਆਂ ਚੰਗੀ ਤਰ੍ਹਾਂ ਸੁੱਕ ਜਾਂਦੀਆਂ ਸਨ ਤਾਂ ਉਸੇ ਥਾਂ ਗੁਹਾਰਾ ਚਿਣ ਲੈਂਦੀਆਂ ਸਨ। ਗੁਹਾਰੇ ਨੂੰ ਗੋਹੇ ਨਾਲ ਲਿੱਪ ਦਿੰਦੀਆਂ ਸਨ। ਫੇਰ ਲੋੜ ਅਨੁਸਾਰ ਗੁਹਾਰੇ ਵਿਚੋਂ ਪਾਥੀਆਂ ਕੱਢ ਕੱਢ ਕੇ ਵਰਤਦੀਆਂ ਰਹਿੰਦੀਆਂ ਸਨ।

ਇਨ੍ਹਾਂ ਪਾਥੀਆਂ ਨੂੰ ਹਾਰਿਆਂ ਵਿਚ ਦੁੱਧ ਕੜ੍ਹਣ ਲਈ ਰਖਿਆ ਜਾਂਦਾ ਸੀ। ਇਨ੍ਹਾ ਪਾਥੀਆਂ ਨਾਲ ਹਾਰੀਆਂ ਵਿਚ ਦਾਲਾਂ ਧਰੀਆਂ ਜਾਂਦੀਆਂ ਸਨ। ਇਨ੍ਹਾਂ ਪਾਥੀਆਂ ਨਾਲ ਹੀ ਉਨ੍ਹਾਂ ਸਮਿਆਂ ਵਿਚ ਚੁੱਲ੍ਹੇ ਬਾਲੇ ਜਾਂਦੇ ਸਨ। ਸਰ੍ਹੋਂ ਦਾ ਸਾਗ ਵਿਸ਼ੇਸ਼ ਤੌਰ ’ਤੇ ਪਾਥੀਆਂ, ਲੱਕੜਾਂ ਤੇ ਗੁੱਲਾਂ ਦੀ ਅੱਗ ਤੇ ਬਣਾਇਆ ਜਾਂਦਾ ਸੀ। ਕਈ ਵੇਰ ਪਾਥੀਆਂ ਗਿੱਲੀਆਂ ਹੋਣ ਕਰ ਕੇ ਧੂੰਆਂ ਵੀ ਹੁੰਦਾ ਰਹਿੰਦਾ ਸੀ, ਜਿਸ ਕਰ ਕੇ ਜਨਾਨੀਆਂ ਦੀਆਂ ਅੱਖਾਂ ਵਿਚ ਪਾਣੀ ਬਹੁਤ ਵਗਦਾ ਰਹਿੰਦਾ ਸੀ। ਇਹ ਧੂੰਆਂ ਕਈ ਵੇਰ ਦੂਰ ਗਏ ਸਿਪਾਹੀ ਦੀ ਵਹੁਟੀ ਦੇ ਦੁੱਖ ਨੂੰ ਹੰਝੂਆਂ ਰਾਹੀਂ ਕੱਢਣ ਵਿਚ ਵੀ ਸਹਾਈ ਹੁੰਦਾ ਸੀ–

ਚੁੱਲ੍ਹੇ ਪਿਛੇ ਧੂੰਏਂ ਦੇ ਪੱਜ ਰੋਵੇ,
ਵਹੁਟੀ ਸਿਪਾਹੀ ਦੀ।

ਕਿਉਂਕਿ ਸ਼ਹਿਰਾਂ ਵਿਚ ਥਾਂ ਘੱਟ ਹੁੰਦੀ ਸੀ, ਏਸ ਲਈ ਕੰਧਾਂ ਉਪਰ ਪਾਥੀਆਂ ਪੱਥੀਆਂ ਜਾਂਦੀਆਂ ਸਨ/ਹਨ। ਇਹ ਪਾਥੀਆਂ ਦਾ ਸਾਈਜ਼ ਧਰਤੀ ਤੇ ਪੱਥੀਆਂ ਪਾਥੀਆਂ ਨਾਲੋਂ ਛੋਟਾ ਹੁੰਦਾ ਸੀ/ਹੈ।

ਪਹਿਲਾਂ ਗੋਹੇ ਦੀ ਜ਼ਿਆਦਾ ਵਰਤੋਂ ਪਾਥੀਆਂ ਪੱਥਣ ਲਈ ਕੀਤੀ ਜਾਂਦੀ ਸੀ। ਜਿਉਂ ਜਿਉਂ ਜ਼ਿਮੀਂਦਾਰਾਂ ਨੂੰ ਗੋਹੇ ਦੀ ਖਾਦ ਦੀ ਮਹੱਤਤਾ ਦਾ ਪਤਾ ਲੱਗਦਾ ਗਿਆ, ਤਿਉਂ ਤਿਉਂ ਗੋਹੇ ਦੀ ਖਾਦ ਲਈ ਵੱਧ ਵਰਤੋਂ ਕੀਤੀ ਜਾਣ ਲੱਗੀ ਹੈ। ਹੁਣ ਪਾਥੀਆਂ ਘੱਟ ਬਣਾਈਆਂ ਜਾਂਦੀਆਂ ਹਨ। ਕੁਝ ਪਰਿਵਾਰਾਂ ਕੋਲ ਕੁਕਿੰਗ ਗੈਸ ਹੈ, ਗੋਬਰ ਗੈਸ ਹੈ। ਮਿੱਟੀ ਦੇ ਤੇਲ ਦੀ ਤੇ ਲੱਕੜਾਂ ਦੀ ਵਰਤੋਂ ਕੀਤੀ ਜਾਂਦੀ ਹੈ। ਹੁਣ ਜਿਹੜੇ ਪਰਿਵਾਰ ਥੋੜ੍ਹੀਆਂ ਬਹੁਤੀਆਂ ਪਾਥੀਆਂ ਬਣਾਉਂਦੇ ਹਨ, ਉਹ ਪਾਥੀਆਂ ਨੂੰ ਸੁੱਕਣ ਤੇ ਗੁਹਾਰਿਆਂ ਵਿਚ ਨਹੀਂ ਰੱਖਦੇ, ਸਗੋਂ ਸੁੱਕਣ ਤੇ ਘਰੀਂ ਲੈ ਆਉਂਦੇ ਹਨ।

ਹੁਣ ਕਿਸੇ ਕਿਸੇ ਪਿੰਡ ਦੇ ਦੁਆਲੇ ਹੀ ਗੁਹਾਰੇ ਲੱਗੇ ਨਜ਼ਰ ਆਉਂਦੇ ਹਨ।

0



Academy of the Punjab in North America: http://www.apnaorg.com

# ਆਵਾਜਾਈ ਤੇ ਸੰਚਾਰ

## ਪੈਦਲ

ਮਨੁੱਖੀ ਵਿਕਾਸ ਦਾ ਇਤਿਹਾਸ ਦੱਸਦਾ ਹੈ ਕਿ ਸ਼ੁਰੂ ਦਾ ਮਨੁੱਖ ਚਾਰ ਪੈਰਾਂ ਨਾਲ ਤੁਰਦਾ ਸੀ। ਸਮੇਂ ਦੇ ਗੁਜ਼ਰਨ ਨਾਲ ਉਸ ਨੇ ਆਪਣੇ ਅਗਲੇ ਦੋਵੇਂ ਪੈਰਾਂ ਦੀ ਵਰਤੋਂ ਕਰ ਕੇ ਹੱਥ ਬਣਾ ਲਏ। ਪਿਛਲੇ ਦੋਵੇਂ ਪੈਰਾਂ ਨਾਲ ਸਿੱਧਾ ਖੜ੍ਹਾ ਹੋ ਕੇ ਤੁਰਨਾ ਸਿੱਖ ਲਿਆ। ਇਹ ਤੋਰ ਹੀ ਮਨੁੱਖ ਦੇ ਵਿਕਾਸ ਦੀ ਲੜੀ ਬਣ ਗਈ। ਪਹਿਲਾਂ ਸਾਰੀ ਮਨੁੱਖੀ ਵਸੋਂ ਨੰਗੇ ਪੈਰੀਂ ਹੀ ਤੁਰਦੀ ਸੀ। ਏਸੇ ਲਈ ਤਾਂ ਸੋਹਣੀ ਮੁਟਿਆਰ ਨੂੰ ਕੱਚੇ ਰਾਹਾਂ ਤੇ ਤੁਰਨ ਲਈ ਵਰਜਿਤ ਕੀਤਾ ਜਾਂਦਾ ਸੀ–

ਨੀ ਸੋਹਣੀਏ! ਮਨਮੋਹਣੀਏ!
ਕੱਚੇ ਰਾਹਾਂ ਦੇ ਰੋੜੇ,
ਪੈਰਾਂ ਵਿਚ ਚੁੱਭ ਜਾਣਗੇ।



ਪਹਿਲੇ ਸਮਿਆਂ ਵਿਚ ਫੌਜ ਵੀ ਪੈਦਲ ਸਫ਼ਰ ਕਰਦੀ ਸੀ, ਜਿਸ ਨੂੰ ਪੈਦਲ ਸੈਨਾ ਕਹਿੰਦੇ ਸਨ। ਪੈਦਲ ਦੌੜਾਂ ਸਾਡੀਆਂ ਖੇਡਾਂ ਦਾ ਹਿੱਸਾ ਹਨ। ਪਰ ਪਹਿਲੀਆਂ ਦੌੜਾਂ ਵੀ ਨੰਗੇ ਪੈਰੀਂ ਕੀਤੀਆਂ ਜਾਂਦੀਆਂ ਸਨ।

ਨੰਗੇ ਪੈਰਾਂ ਨੂੰ ਰਾਹਾਂ ਦੇ ਕੰਡਿਆਂ, ਕੰਕਰਾਂ ਤੋਂ ਬਚਾਣ ਲਈ ਮਨੁੱਖ ਨੇ ਜੁੱਤੀ ਦੀ ਈਜ਼ਾਦ ਕਰ ਲਈ। ਸ਼ੁਰੂ ਸ਼ੁਰੂ ਵਿਚ ਜੁੱਤੀ ਦੀ ਵਰਤੋਂ ਖ਼ਾਸ ਖ਼ਾਸ ਮੌਕਿਆਂ ਤੇ ਕੀਤੀ ਜਾਂਦੀ ਸੀ। ਆਮ ਤਾਂ ਨੰਗੇ ਪੈਰੀਂ ਹੀ ਤੁਰਦੇ ਹੁੰਦੇ ਸਨ। ਤੁਰਨਾ ਤੇ ਮੜਕ ਨਾਲ ਤੁਰਨਾ ਪੰਜਾਬੀਆਂ ਦੇ ਹੀ ਹਿੱਸੇ ਆਇਆ ਹੈ –



ਦੋ ਪੈਰ ਘੱਟ ਤੁਰਨਾ,
ਪਰ ਤੁਰਨਾ ਮੜਕ ਦੇ ਨਾਲ।

ਕਈਆਂ ਦੀ ਤੋਰ ਬੜੀ ਬੇਢਬੀ ਹੁੰਦੀ ਸੀ। ਅਜਿਹੀ ਤੋਰ ਵਾਲੀ ਮੁਟਿਆਰ ਨੂੰ ਟਕੋਰ ਲਾਈ ਜਾਂਦੀ ਸੀ–

ਤੂੰ ਕੀ ਜਾਣੇ ਭੇਡੇ,
ਨੀ ਤੋਰ ਸ਼ਕੀਨਾਂ ਦੀ।

ਸ਼ੁਕੀਨੀ ਜਿਥੇ ਗਹਿਣੇ ਤੇ ਚੰਗੇ ਕਪੜੇ ਪਾ ਕੇ ਲਗਾਈ ਜਾਂਦੀ ਸੀ, ਉਥੇ ਚੰਗੀ ਤੋਰ ਵੀ ਸ਼ਕੀਨੀ ਵਿਚ ਵਾਧਾ ਕਰਦੀ ਸੀ। ਸੱਪ ਦੀ ਤਰ੍ਹਾਂ ਮੇਲਦੀ ਤੋਰ ਵਾਲੀ ਮੁਟਿਆਰ ਸਭ ਨੂੰ ਮੋਹ ਲੈਂਦੀ ਸੀ–

ਮੂਹਰੇ ਲੱਗ ਵੇ ਸੰਧੂਰੀ ਪੱਗ ਵਾਲਿਆ,
ਪਿਛੇ ਆਊਂ ਮੈਂ ਮੇਲ੍ਹਦੀ।

ਉਨ੍ਹਾਂ ਸਮਿਆਂ ਵਿਚ ਸੱਜ-ਵਿਆਹੀਆਂ ਨੂੰ ਵੀ ਪੈਦਲ ਤੁਰਨਾ ਪੈਂਦਾ ਸੀ। ਕਈ ਸਹੁਰੇ ਪਿੰਡ ਦੀਆਂ ਲੰਮੀਆਂ ਵਾਟਾਂ ਤੋਂ ਥੱਕ ਜਾਂਦੀਆਂ ਸਨ। ਉਹ ਫਿਰ ਕਈ ਵੇਰ ਆਪਣੇ ਪਤੀ ਨੂੰ ਗੋਦੀ ਚੁੱਕ ਲੈਣ ਲਈ ਵੀ ਕਹਿ ਦਿੰਦੀਆਂ ਸਨ–

ਗੋਦੀ ਚੁੱਕ ਲੈ ਨਣਦ ਦਿਆ ਵੀਰਾ,
ਤੁਰਦੀ ਦੇ ਪੱਟ ਫੁੱਲਗੇ।

ਕਹਿੰਦੇ ਹਨ, ਜਿਸ ਨੂੰ ਰੱਬ ਨੇ ਰੂਪ ਦਿੱਤਾ ਹੋਵੇ, ਉਸ ਵਿਚ ਨੱਖਰਾ ਵੀ ਆ ਜਾਂਦਾ ਹੈ। ਵੈਸੇ ਨਖਰੇ ਤੋਂ ਬਿਨਾਂ ਰੂਪ ਕਾਹਦਾ? ਏਸ ਲਈ ਉਸ ਸਮੇਂ ਕਈ ਰੂਪਵਤੀਆਂ ਜਨਾਨੀਆਂ ਆਪਣੀ ਤੋਰ ਦੇ ਪ੍ਰਦਰਸ਼ਨ ਲਈ ਕਈ ਸ਼ਰਤਾਂ ਵੀ ਰੱਖ ਦਿੰਦੀਆਂ ਸਨ –

ਜੁੱਤੀ ਲੈ ਦੇ ਸਤਾਰਿਆਂ ਵਾਲੀ,
ਜੇ ਤੂੰ ਮੇਰੀ ਤੋਰ ਵੇਖਣੀ।
x x x
ਤੇਰੇ ਮਗਰ ਛਣਕਦੀ ਆਵਾਂ,
ਜੁੱਤੀ ਨੂੰ ਲਵਾ ਦੇ ਘੁੰਗਰੂ।

ਸੋਹਣੀ ਚਾਲ ਵਾਲੀ ਤੇ ਸੋਹਣੇ ਰੰਗ ਰੂਪ ਵਾਲੀ ਤੇ ਹਰ ਇਕ ਦਾ ਮੋਹਤ ਹੋਣ ਨੂੰ ਜੀਅ ਕਰਦਾ ਹੁੰਦਾ ਸੀ–

ਕੁੜੀਏ ਨੀ! ਤੇਰੀ ਚਾਲ ਮਲੂਕ,
ਤੇਰੇ ਤੇ ਲੋਹੜੇ ਦਾ ਰੂਪ,
ਨੀ ਜੇ ਮੰਨੇ ਤਾਂ ਨੈਣਾਂ ਦੇ ਵਿਚ ਪਾ ਨੀ ਲਈਏ।



Academy of the Punjab in North America: http://www.apnaorg.com

x x x x x

ਤੋਰ ਕੁਆਰੀ ਦੀ,
ਜਿਵੇਂ ਨਾਗ ਮੇਲ੍ਹਦਾ ਜਾਵੇ।

ਸ਼ਿੰਗਾਰ ਕਰਨਾ ਜਨਾਨੀਆਂ ਦੀ ਕਮਜ਼ੋਰੀ ਰਿਹਾ ਹੈ ਅਤੇ ਹੁਣ ਵੀ ਹੈ। ਹਰ ਜਨਾਨੀ ਤੇ ਹਰ ਕੀਤਾ ਸ਼ਿੰਗਾਰ ਜਚਦਾ ਵੀ ਨਹੀਂ ਹੁੰਦਾ। ਕਈਆਂ ਨੂੰ ਆਪਣੇ ਕੀਤੇ ਸ਼ਿੰਗਾਰ ਦਾ ਵਿਖਾਵਾ ਕਰਨ ਲਈ ਆਪਣੀ ਤੋਰ ਦਾ ਹੀ ਸਹਾਰਾ ਲੈਣਾ ਪੈਂਦਾ ਸੀ-

ਗੋਰੀ ਦੇ ਪੈਰੀਂ ਕੱਢਵਾਂ ਜੋੜਾ,
ਤੁਰਦੀ ਏ ਪੱਬ ਮਰੋੜ ਕੇ।

ਜੁੱਤੀ ਨੂੰ ਕਈ ਇਲਾਕਿਆਂ ਵਿਚ ਜੋੜਾ ਵੀ ਕਿਹਾ ਜਾਂਦਾ ਸੀ/ਹੈ।

ਉਨ੍ਹਾਂ ਸਮਿਆਂ ਵਿਚ ਉਗੜੇ-ਦੁਗੜੇ, ਉੱਚੇ-ਨੀਵੇਂ ਰਾਹ ਹੁੰਦੇ ਸਨ। ਰਾਹ ਕਾਹਦੇ ਹੁੰਦੇ ਸਨ, ਪਗਡੰਡੀਆਂ ਹੁੰਦੀਆਂ ਸਨ। ਇਹ ਉਹ ਸਮਾਂ ਸੀ ਜਦ ਰਿਆਸਤੀ ਰਾਜ ਹੁੰਦੇ ਸਨ। ਰਿਆਸਤਾਂ ਦੇ ਰਾਜੇ, ਮਹਾਰਾਜੇ ਰਿਆਸਤਾਂ ਦੇ ਲੋਕਾਂ ਦੀ ਭਲਾਈ ਤੇ ਤਰੱਕੀ ਦੀ ਕੋਈ ਪਰਵਾਹ ਨਹੀਂ ਕਰਦੇ ਸਨ। ਉਹ ਤਾਂ ਆਪਣੀ ਐਸ਼ਪ੍ਰਸਤੀ ਵਿਚ ਹੀ ਲੱਗੇ ਰਹਿੰਦੇ ਸਨ। ਜਦ ਖੇਤੀ ਵਿਚ ਬਲਦਾਂ ਦੇ ਨਾਲ ਨਾਲ ਬੋਤਿਆਂ ਦੀ ਵਰਤੋਂ ਹੋਣ ਲੱਗੀ, ਉਸ ਸਮੇਂ ਬੋਤਿਆਂ ਨੂੰ ਖੇਤੀ ਦੇ ਕੰਮ ਦੇ ਨਾਲ ਨਾਲ ਆਵਾਜਾਈ ਲਈ ਵੀ ਵਰਤਿਆ ਜਾਣ ਲੱਗਿਆ। ਕਈ ਇਲਾਕਿਆਂ ਵਿਚ ਬੋਤਿਆਂ ਨੂੰ ਊਂਠ ਵੀ ਕਹਿੰਦੇ ਸਨ। ਉਨ੍ਹਾਂ ਸਮਿਆਂ ਵਿਚ ਘੋੜੀਆਂ ਤਾਂ ਚੰਗੇ ਪੈਸੇ ਵਾਲੇ ਪਰਿਵਾਰਾਂ ਦੀਆਂ ਹੀ ਰੱਖੀਆਂ ਹੁੰਦੀਆਂ ਸਨ।

ਘੋੜੀਆਂ ਘਰ ਸੁਲਤਾਨਾਂ,
ਮੱਝੀਆਂ ਘਰ ਵਰਿਆਮਾਂ।

ਲਾੜਾ ਉਨ੍ਹਾਂ ਸਮਿਆਂ ਵਿਚ ਘੋੜੀ ਤੇ ਬੈਠ ਕੇ ਹੀ ਵਿਆਹੁਣ ਜਾਂਦਾ ਸੀ। ਜੇਕਰ ਲਾੜੇ ਦੇ ਪਰਿਵਾਰ ਕੋਲ ਆਪਣੀ ਘੋੜੀ ਨਹੀਂ ਹੁੰਦੀ ਸੀ ਤਾਂ ਪਿੰਡ ਵਿਚ ਜਿਸ ਪਰਿਵਾਰ ਕੋਲ ਘੋੜੀ ਹੁੰਦੀ ਸੀ, ਉਸ ਤੋਂ ਮੰਗ ਕੇ ਕੰਮ ਸਾਰ ਲੈਂਦੇ ਸਨ। ਉਨ੍ਹਾਂ ਸਮਿਆਂ ਵਿਚ ਲੋਕਾਂ ਦਾ ਆਪਸ ਵਿਚ ਪ੍ਰੇਮ ਪਿਆਰ ਬਹੁਤ ਸੀ। ਇਕ ਦੂਜੇ ਦੀ ਮੱਦਦ ਕਰਦੇ ਸਨ। ਉਸ ਸਮੇਂ ਦਾ ਘੋੜੀ ਚੜ੍ਹਣ ਸਬੰਧੀ ਗੀਤ ਹੈ –

ਜੇ ਤੂੰ ਚੜ੍ਹਿਉਂ ਘੋੜੀ ਵੇ,
ਤੇਰੇ ਨਾਲ ਭਰਾਵਾਂ ਦੀ ਜੋੜੀ ਵੇ,
ਚੜ੍ਹ ਜਾਏ ਨੀ ਮਾਂ ਦਾ ਲਾਡਲਾ,
ਵੇਲਾਂ ਦਿੰਦੀ ਮਾਂ।

ਘੋੜੀ ਤੇ ਸਵਾਰੀ ਕਰਨ ਲਈ ਕਾਠੀ ਪਾਈ ਜਾਂਦੀ ਸੀ। ਘੋੜੀ ਨੂੰ ਕੰਟਰੋਲ



ਕਰਨ ਲਈ ਲਗਾਮ ਪਾਈ ਹੁੰਦੀ ਸੀ, ਜਿਸ ਨੂੰ ਕੰਡਿਆਲਾ ਕਹਿੰਦੇ ਸਨ। ਕਾਠੀ ਨਾਲ ਰਕਾਬਾਂ ਲੱਗੀਆਂ ਹੁੰਦੀਆਂ ਸਨ। ਰਕਾਬ ਤੇ ਪੈਰ ਰੱਖ ਕੇ ਹੀ ਘੋੜੀ ਤੇ ਚੜ੍ਹਿਆ ਜਾਂਦਾ ਸੀ।

ਬੋਤਿਆਂ ਤੋਂ ਬਹੁ-ਮੰਤਵੀ ਕੰਮ ਲਿਆ ਜਾਂਦਾ ਸੀ। ਬੋਤੇ ਨਾਲ ਹਲ਼ ਵਾਹਿਆ ਜਾਂਦਾ ਸੀ, ਹਲਟ ਚਲਾਇਆ ਜਾਂਦਾ ਸੀ, ਪੱਠਿਆਂ ਦੀ ਢੋ ਢੁਆਈ ਕੀਤੀ ਜਾਂਦੀ ਸੀ। ਉਨ੍ਹਾਂ ਸਮਿਆਂ ਵਿਚ ਵਪਾਰ ਦੀਆਂ ਵਸਤਾਂ ਦੀ ਢੋ ਢੁਆਈ ਵੀ ਬੋਤਿਆਂ ਰਾਹੀਂ ਕੀਤੀ ਜਾਂਦੀ ਸੀ। ਆਮ ਪਰਿਵਾਰ ਦੇ ਆਉਣ ਜਾਣ ਲਈ ਬੋਤੇ ਦੀ ਸਵਾਰੀ ਹੀ ਕੀਤੀ ਜਾਂਦੀ ਸੀ। ਉਸ ਸਮੇਂ ਦਾ ਟੱਪਾ ਹੈ –

ਆਉਣ ਜਾਣ ਨੂੰ ਬੋਤੀ ਲੈ ਲੈ,
ਦੁੱਧ ਪੀਣ ਨੂੰ ਬੂਰੀ।

ਉਨ੍ਹਾਂ ਸਮਿਆਂ ਵਿਚ ਸੱਜ-ਵਿਆਹੀਆਂ ਨੂੰ ਲਿਆਉਣ ਲਈ ਬੋਤੇ ਨੂੰ ਸ਼ਿੰਗਾਰ ਕੇ ਲਿਜਾਇਆ ਜਾਂਦਾ ਸੀ। ਪਿੰਡ ਵਿਚ ਜਦੋਂ ਸ਼ਿੰਗਾਰੇ ਬੋਤੇ ਵਾਲਾ ਪ੍ਰਾਹੁਣਾ ਪਹੁੰਚਦਾ ਹੁੰਦਾ ਸੀ ਤਾਂ ਆਨੀ ਬਹਾਨੀ ਪਿੰਡ ਦੀਆਂ ਕੁੜੀਆਂ ਉਸ ਬਾਰੇ ਕਨਸੋਆਂ ਲੈਂਦੀਆਂ ਹੁੰਦੀਆਂ ਸਨ-

ਬੋਤੇ ਵਾਲਾ ਨੀ ਪ੍ਰਾਹੁਣਾ ਕੀਹਦਾ?
ਪੁੱਛਦੀ ਕੁੜੀਆਂ ਤੋਂ।

ਉਨ੍ਹਾਂ ਸਮਿਆਂ ਵਿਚ ਜੰਮਦੀਆਂ ਕੁੜੀਆਂ ਨੂੰ ਮਾਰ ਦਿੱਤਾ ਜਾਂਦਾ ਸੀ। ਏਸ ਲਈ ਛੋਟੀ ਉਮਰ ਵਿਚ ਵਿਆਹ ਕਰਨ ਦਾ ਰਿਵਾਜ ਸੀ। ਜਦ ਮੁੰਡਾ ਕੁੜੀ ਜੁਆਨ ਹੋ ਜਾਂਦੇ ਸਨ, ਉਸ ਸਮੇਂ ਦਾ ਮੁਕਲਾਵਾ ਦਿੱਤਾ ਜਾਂਦਾ ਸੀ। ਮੁਕਲਾਵਾ ਦੇਣ ਸਮੇਂ ਹੀ ਕੁੜੀਆਂ ਨੂੰ ਟੂਮ ਛੱਲਾ ਪਾਇਆ ਜਾਂਦਾ ਸੀ। ਏਸ ਲਈ ਕੁੜੀਆਂ ਦੇ ਕੰਨ ਵੀ ਮੁਕਲਾਵੇ ਦੇਣ ਸਮੇਂ ਦੇ ਨੇੜੇ ਹੀ ਵਿਨ੍ਹਾਏ ਜਾਂਦੇ ਸਨ, ਜਿਹੜੇ ਕਈ ਵੇਰ ਬੋਤੇ ਦੀ ਸਵਾਰੀ ਕਰਦੇ ਸਮੇਂ ਦੁਖਣ ਵੀ ਲੱਗ ਜਾਂਦੇ ਸਨ-

ਮੇਰੇ ਸੱਜਰੇ ਵਿਨ੍ਹਾਏ ਕੰਨ ਦੁਖਦੇ,
ਹੌਲੀ ਬੋਤਾ ਤੋਰ ਮਿੱਤਰਾ!

ਜਿਹੜੇ ਪਰਿਵਾਰ ਊਠਾਂ ਨਾਲ ਵਪਾਰ ਕਰਦੇ ਸਨ, ਉਨ੍ਹਾਂ ਨੂੰ ਮਹੀਨਿਆਂ ਬੱਧੀ ਵਪਾਰ ਸਬੰਧੀ ਬਾਹਰ ਰਹਿਣਾ ਪੈਂਦਾ ਸੀ। ਏਸੇ ਕਰਕੇ ਕਈ ਕੁੜੀਆਂ ਆਪ ਦੇ ਮਾਪਿਆਂ ਨੂੰ ਅਜੇਹੇ ਵਪਾਰੀ ਊਠਾਂ ਵਾਲਿਆਂ ਨਾਲ ਰਿਸ਼ਤਾ ਕਰਨ ਤੋਂ ਵਰਜਦੀਆਂ ਹੁੰਦੀਆਂ ਸਨ-

ਊਠਾਂ ਵਾਲਿਆਂ ਨੂੰ ਨਾ ਦੇਈਂ ਮੇਰੀ ਮਾਏ,
ਤੜਕੇ ਉੱਠ ਕੇ ਲੱਦ ਜਾਣਗੇ।



Academy of the Punjab in North America: http://www.apnaorg.com

ਸਾਡੇ ਧਰੇ ਮੁਕਲਾਵੇ ਛੱਡ ਜਾਣਗੇ।

ਫੇਰ ਤਾਂਗੇ/ਯੱਕੇ ਜਾਣ ਆਉਣ ਲਈ ਵਰਤੇ ਜਾਣ ਲੱਗੇ। ਬੋਤਿਆਂ ਦੀ ਸਵਾਰੀ ਦੇ ਨਾਲ ਨਾਲ ਇਨ੍ਹਾਂ ਦੀ ਵਰਤੋਂ ਹੋਣ ਲੱਗੀ-

ਬੋਤਾ ਛੱਡ ਕੇ ਯੱਕੇ ਤੇ ਚੜ੍ਹਦੀ,
ਬੰਤੋ ਸ਼ੁਕੀਨ ਹੋ ਗਈ।

ਸਾਈਕਲ ਦੀ ਕਾਢ ਨਿਕਲਣ ਤੇ ਸਾਈਕਲਾਂ ਨੂੰ ਆਵਾਜਾਈ ਲਈ ਵਰਤਿਆ ਜਾਣ ਲੱਗਿਆ। ਫੇਰ ਦੇਸ਼ ਆਜ਼ਾਦ ਹੋ ਗਿਆ। ਪਿੰਡਾਂ ਵਿਚ ਮੁਰੱਬੇਬੰਦੀ ਹੋਣ ਨਾਲ ਪਿੰਡਾਂ ਦੇ ਰਾਹ ਸਿੱਧੇ ਤੇ ਸਾਫ਼ ਸੁਥਰੇ ਬਣ ਗਏ। ਸਵਾਰੀ ਲਈ ਬੋਤਿਆਂ ਦੀ ਥਾਂ ਤਾਂਗਿਆਂ ਸਾਈਕਲਾਂ ਨੇ ਲੈ ਲਈ। ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਨ ਲਈ ਸੜਕਾਂ ਤੇ ਲਿੰਕ ਸੜਕਾਂ ਬਣ ਗਈਆਂ। ਫੇਰ ਸਾਈਕਲ ਘਰ ਘਰ ਦੀ ਸਵਾਰੀ ਬਣ ਗਿਆ। ਸਾਈਕਲ ਸਬੰਧੀ ਲੋਕ ਗੀਤ ਹੈ -

ਨੀ ਬਹਿ ਜਾ ਮੇਰੇ ਸਾਈਕਲ 'ਤੇ
ਮੈਂ ਟੱਲੀਆਂ ਵਜਾਉਂਦਾ ਜਾਊਂ।

ਹੁਣ ਬੋਤੇ ਦੀ ਖੇਤੀ ਵਿਚ ਅਤੇ ਸਵਾਰੀ ਲਈ ਵਰਤੋਂ ਤਕਰੀਬਨ ਬੰਦ ਹੋ ਗਈ ਹੈ। ਖੇਤੀ ਦਾ ਸਾਰਾ ਮਸ਼ੀਨੀਕਰਨ ਹੋ ਗਿਆ ਹੈ। ਹੁਣ ਸਾਰੇ ਪੰਜਾਬ ਵਿਚ ਸਿਵਾਏ ਅਬੋਹਰ ਸਾਈਡ ਦੇ ਕਿਤੇ ਵੀ ਤੁਹਾਨੂੰ ਬੋਤਾ ਨਜ਼ਰ ਨਹੀਂ ਆਵੇਗਾ। ਸਾਈਕਲਾਂ ਦੀ ਥਾਂ ਹੁਣ ਸਕੂਟਰਾਂ ਅਤੇ ਮੋਟਰ ਸਾਈਕਲਾਂ ਨੇ ਲੈ ਲਈ ਹੈ। ਪਿੰਡ ਪਿੰਡ ਬਸਾਂ ਅਤੇ ਮਿੰਨੀ ਬਸਾਂ ਜਾਂਦੀਆਂ ਹਨ। ਪੈਸੇ ਵਾਲੇ ਪਰਿਵਾਰਾਂ ਕੋਲ ਆਪਣੀਆਂ ਕਾਰਾਂ ਹਨ।

ਜਿਥੇ ਪਹਿਲਾਂ ਹਰ ਥਾਂ ਤੁਰ ਕੇ ਜਾਣਾ ਪੈਂਦਾ ਸੀ, ਦਿਨ, ਹਫ਼ਤੇ ਅਤੇ ਮਹੀਨਿਆਂ ਵਿਚ ਸਫ਼ਰ ਤਹਿ ਹੁੰਦੇ ਸਨ, ਉਥੇ ਹੁਣ ਸਫ਼ਰ ਮਿੰਟਾਂ, ਘੰਟਿਆਂ ਅਤੇ ਦਿਨਾਂ ਦਾ ਹੀ ਰਹਿ ਗਿਆ ਹੈ। ਮਸ਼ੀਨੀਕਰਨ ਨੇ ਦੂਰੀਆਂ ਬਹੁਤ ਘਟਾ ਦਿੱਤੀਆਂ ਹਨ। ਪਰ ਲੋਕਾਂ ਦੀਆਂ ਪ੍ਰੇਸ਼ਾਨੀਆਂ ਬਹੁਤ ਵਧਾ ਦਿੱਤੀਆਂ ਹਨ। ਅਸੀਂ ਤੁਰਨਾ ਛੱਡ ਦਿੱਤਾ ਹੈ, ਜਿਸ ਦਾ ਅਸਰ ਹਰ ਇਕ ਦੀ ਸਿਹਤ ਤੇ ਹੈ। ਅੱਜ ਡਾਕਟਰ ਫੇਰ ਹਰ ਇਕ ਨੂੰ ਤੁਰਨ ਦੀ, ਸੈਰ ਕਰਨ ਦੀ ਸਿਫ਼ਾਰਸ਼ ਕਰਦੇ ਹਨ।

ਸਿਆਣੇ ਤਾਂ ਪਹਿਲਾਂ ਹੀ ਕਹਿ ਗਏ ਹਨ 'ਤੁਰਨਾ ਜ਼ਿੰਦਗੀ ਹੈ।"

0

## ਗੱਡਾ

ਕਿਸੇ ਸਮੇਂ ਗੱਡਾ ਜ਼ਿਮੀਂਦਾਰਾਂ ਦੀ ਬਹੁ-ਮੰਤਵੀ ਖੇਤੀ ਮਸ਼ੀਨਰੀ ਹੁੰਦਾ ਸੀ। ਕਹਾਵਤ ਹੈ ਕਿ 'ਜੱਟ ਸੁਹਾਗੇ ਤੇ ਚੜ੍ਹਿਆ ਮਾਣ ਨਹੀਂ ਹੁੰਦਾ।' ਜੇਕਰ ਗੱਡੇ ਤੇ ਚੜ੍ਹਿਆ ਹੁੰਦਾ ਸੀ ਤਾਂ ਉਹ ਕਿਸੇ ਟੁੰਡੀਲਾਟ ਦੀ ਪ੍ਰਵਾਹ ਨਹੀਂ ਕਰਦਾ ਸੀ। ਸੁਹਾਗੇ



ਤੇ ਚੜ੍ਹੇ ਜੱਟ ਨੂੰ ਤਾਂ ਬਲਦਾਂ ਦੀਆਂ ਖੁੱਚਾਂ ਨਾਲ ਨਵੇਂ ਵਾਹੇ ਵਾਹਣ ਵਿਚੋਂ ਉਠੀ ਮਿੱਟੀ ਦੀ ਧੂੜ ਦਾ ਸਾਹਮਣਾ ਕਰਨਾ ਪੈਂਦਾ ਸੀ। ਆਪਣੇ ਆਪ ਦਾ ਬੈਲੈਂਸ ਰੱਖ ਕੇ ਸੁਹਾਗੇ ਤੇ ਖੜਿਆ ਜਾ ਸਕਦਾ ਸੀ। ਜਦ ਕਿ ਗੱਡੇ ਵਿਚ ਜੱਟ ਨੂੰ ਨਾ ਤਾਂ ਮਿੱਟੀ ਦੀ ਧੂੜ ਦੀ ਪ੍ਰੇਸ਼ਾਨੀ ਸਹਿਣੀ ਪੈਂਦੀ ਸੀ ਅਤੇ ਨਾ ਹੀ ਆਪਣੇ ਸਰੀਰ ਦਾ ਬੈਲੇਂਸ ਰੱਖਦਾ ਪੈਂਦਾ ਸੀ। ਇਸ ਲਈ ਗੱਡੇ ਦੀ ਵਰਤੋਂ ਉੱਤਮ ਮੰਨੀ ਜਾਂਦੀ ਸੀ।

ਗੱਡੇ ਦੀ ਕਾਢ ਨਿਕਲਣ ਤੋਂ ਪਹਿਲਾਂ ਕਣਕ, ਛੋਲੇ, ਜੌਂ, ਸਰ੍ਹੋਂ, ਮੋਠ, ਮੂੰਗੀ ਆਦਿ ਦੀਆਂ ਖਲ੍ਹੀਆਂ ਵਿਚ ਲੱਗੀਆਂ ਫ਼ਸਲਾਂ ਨੂੰ ਪਿੜ ਵਿਚ ਢੋਣ ਲਈ ਮੰਜਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਅੱਜ ਦੀ ਪੀੜ੍ਹੀ ਮੇਰੇ ਏਸ ਲਿਖੇ ਤੇ ਵਿਸ਼ਵਾਸ ਨਹੀਂ ਕਰੇਗੀ। ਪਰ ਇਹ ਅਸਲੀਅਤ ਸੀ। ਪਹਿਲੇ ਸਮਿਆਂ ਵਿਚ ਥੋੜ੍ਹੀਆਂ ਥੋੜ੍ਹੀਆਂ ਜ਼ਮੀਨਾਂ ਹੀ ਆਬਾਦ ਹੁੰਦੀਆਂ ਹਨ। ਬਾਕੀ ਜ਼ਮੀਨਾਂ ਗ਼ੈਰ ਆਬਾਦ ਪਈਆਂ ਸਨ। ਖੇਤੀ ਸਾਰੀ ਦੀ ਸਾਰੀ ਬਾਰਸ਼ਾਂ ਤੇ ਨਿਰਭਰ ਸੀ। ਏਸ ਲਈ ਥੋੜ੍ਹੀ ਜਿਹੀ ਫ਼ਸਲ ਹੀ ਹੁੰਦੀ ਸੀ, ਜਿਹੜੀ ਮੰਜਿਆਂ ਨਾਲ ਪਿੜ ਵਿਚ ਢੋਈ ਜਾਂਦੀ ਸੀ।



ਲਓ, ਹੁਣ ਮੈਂ ਤੁਹਾਨੂੰ ਮੰਜਿਆਂ ਨਾਲ ਫ਼ਸਲ ਕਿਵੇਂ ਢੋਂਦੇ ਸਨ, ਉਹ ਦੱਸਦਾ ਹਾਂ। ਲਾਣ ਢੋਣ ਲਈ ਵੱਡਾ ਸਾਰਾ ਮੰਜਾ ਬਣਾਇਆ ਹੁੰਦਾ ਸੀ। ਮੰਜੇ ਨੂੰ ਪੁੱਠਾ ਕਰਕੇ ਧਰਤੀ ਤੇ ਰੱਖ ਲੈਂਦੇ ਸਨ। ਫੇਰ ਮੰਜੇ ਦੇ ਚਾਰੇ ਪਾਵਿਆਂ ਦੇ ਵਿਚਕਾਰ ਜਿਹੜੀ ਫ਼ਸਲ ਪਿੜ੍ਹ ਵਿਚ ਢੋਣੀ ਹੁੰਦੀ ਸੀ, ਉਸ ਦੇ ਲਾਣ ਨੂੰ ਰੱਖਿਆ ਜਾਂਦਾ ਸੀ। ਮੰਜੇ ਨੂੰ ਲਾਣ ਨਾਲ ਕਾਫ਼ੀ ਉਪਰ ਤੱਕ ਭਰ ਲੈਂਦੇ ਸਨ। ਫੇਰ ਏਸ ਲਾਣ ਨੂੰ ਰੱਸਿਆਂ ਨਾਲ ਮੰਜੇ ਨਾਲ ਚੰਗੀ ਤਰ੍ਹਾਂ ਕਸਕੇ ਬੰਨ੍ਹਿਆ ਜਾਂਦਾ ਸੀ। ਦੋ ਆਦਮੀ ਮੰਜੇ ਨੂੰ ਧਰਤੀ ਤੋਂ ਚੱਕ ਕੇ ਸੇਰਵਿਆਂ ਵਾਲੇ ਪਾਸਿਆਂ ਤੋਂ ਆਪਣੇ ਸਿਰ ਉਪਰ ਰੱਖ ਲੈਂਦੇ ਸਨ। ਜਿਥੇ ਪਿੜ੍ਹ ਪਾਇਆ ਹੁੰਦਾ ਸੀ, ਉਥੇ ਲੈ ਜਾਂਦੇ ਸਨ। ਏਸ ਤਰ੍ਹਾਂ ਮੰਜਿਆਂ ਨਾਲ ਲਾਣ ਢੋਇਆ ਜਾਂਦਾ ਸੀ। ਜਾਂਦੇ ਜਾਂਦੇ ਛੜਿਆਂ ਦੇ ਮੰਜੇ ਬਾਰੇ ਇਕ ਟੱਪਾ ਵੀ ਸੁਣਦੇ ਜਾਓ-



Academy of the Punjab in North America: http://www.apnaorg.com

ਛੜਿਆਂ ਦਾ ਮੁੰਜ ਦਾ ਮੰਜਾ,
ਸਾਰੀ ਰਾਤ ਕੀਰਨੇ ਪਾਵੇ।

ਹੁਣ ਗੱਡੇ ਵੱਲ ਆਉਂਦੇ ਹਾਂ। ਉਸ ਸਮੇਂ ਖੇਤੀ ਦੇ ਸੰਦਾਂ ਵਿਚੋਂ ਸਭ ਤੋਂ ਮਹਿੰਗਾ ਗੱਡਾ ਹੁੰਦਾ ਸੀ। ਗੱਡੇ ਦੀ ਵਰਤੋਂ ਵੀ ਆਮ ਹੁੰਦੀ ਸੀ। ਉਨ੍ਹਾਂ ਸਮਿਆਂ ਵਿਚ ਜ਼ਿਮੀਂਦਾਰਾਂ ਦੀ ਆਰਥਿਕ ਹਾਲਤ ਮਾੜੀ ਹੁੰਦੀ ਸੀ। ਹਰ ਜ਼ਿਮੀਂਦਾਰ ਕੋਲ ਗੱਡਾ ਨਹੀਂ ਹੁੰਦਾ ਸੀ। ਕਈ ਕਈ ਸਕੇ ਘਰ ਰਲ ਕੇ ਗੱਡਾ ਖਰੀਦਦੇ ਸਨ। ਇਕੋ ਖ਼ਾਨਦਾਨ ਵਿਚੋਂ ਵਧੇ ਪਰਿਵਾਰ ਨੂੰ ਸਕੇ ਪਰਿਵਾਰ ਕਿਹਾ ਜਾਂਦਾ ਸੀ। ਸਕੇ ਪਰਿਵਾਰਾਂ ਦਾ ਵਿਸ਼ੇਸ਼ ਤੌਰ ਤੇ ਆਪਸ ਵਿਚ ਬਹੁਤ ਪਿਆਰ ਹੁੰਦਾ ਸੀ। ਖੇਤੀ ਦੇ ਕੰਮਾਂ ਵਿਚ ਇਕ ਦੂਜੇ ਦੀ ਮੱਦਦ ਕਰਦੇ ਸਨ। ਉਨ੍ਹਾਂ ਸਮਿਆਂ ਵਿਚ ਮੱਕੀ, ਜੁਆਰ, ਬਾਜਰਾ, ਜੌਂ, ਛੋਲੇ, ਕਣਕ, ਗੰਨਾ, ਮੋਠ, ਮੂੰਗੀ ਦੀਆਂ ਫ਼ਸਲਾਂ ਹੁੰਦੀਆਂ ਸਨ। ਮੱਕੀ ਵੱਢ ਕੇ ਮੁਹਾਰੇ ਤਾਂ ਸਾਰੇ ਜ਼ਿਮੀਂਦਾਰ ਆਪਣੇ ਖੇਤਾਂ ਵਿਚ ਹੀ ਲਾ ਲੈਂਦੇ ਸਨ। ਹਾੜੀ ਦੀ ਫ਼ਸਲ ਵੱਢ ਕੇ ਪਹਿਲਾਂ ਖੇਤਾਂ ਵਿਚ ਖਲ੍ਹੀਆਂ ਲਾਈਆਂ ਜਾਂਦੀਆਂ ਸਨ। ਖੇਤ ਦੀ ਫ਼ਸਲ ਨੂੰ ਕਈ ਥਾਵਾਂ 'ਤੇ 'ਕੱਠੀ ਕਰ ਕੇ ਰੱਖਣ ਨੂੰ ਖਲ੍ਹੀ ਲਾਉਣਾ ਕਿਹਾ ਜਾਂਦਾ ਸੀ।

ਜਦ ਖਲ੍ਹੀਆਂ ਵਿਚ ਲੱਗੀ ਫ਼ਸਲ ਸੁੱਕ ਜਾਂਦੀ ਸੀ ਤਾਂ ਸਾਰੀ ਫ਼ਸਲ ਨੂੰ ਪਿੰਡਾਂ ਦੇ ਨਜ਼ਦੀਕ ਛੱਡੀ ਸ਼ਾਮਲਾਟ ਜ਼ਮੀਨ (ਸਾਂਝੀ ਜ਼ਮੀਨ) ਵਿਚ ਗੱਡਿਆਂ ਰਾਹੀਂ ਢੋ ਕੇ 'ਕੱਠੀ ਕੀਤੀ ਜਾਂਦੀ ਸੀ। ਇਸ ਨੂੰ ਪਿੜ੍ਹ ਪਾਉਣਾ ਕਹਿੰਦੇ ਸਨ। ਪਿੜ੍ਹਾ ਵਿਚੋਂ ਤੂੜੀ, ਦਾਣੇ ਗੱਡਿਆਂ ਰਾਹੀਂ ਢੋ ਕੇ ਘਰ ਲਿਜਾਏ ਜਾਂਦੇ ਸਨ। ਤੂੜੀ ਤੇ ਫ਼ਸਲ ਦਾ ਲਾਂਗਾ ਢੋਣ ਲਈ ਗੱਡੇ ਤੇ ਲੱਗੇ ਛੋਟੇ ਵਿੱਢ ਨਾਲ ਇਕ ਹੋਰ ਬੜਾ ਵਿੱਢ ਜੋੜਿਆ ਜਾਂਦਾ ਸੀ। ਬੜੇ ਵਿੱਢ ਨਾਲ ਤੂੜੀ ਦੀਆਂ ਪੰਡਾਂ ਤੇ ਲਾਂਗਾ ਬਹੁਤ ਉੱਪਰ ਤੱਕ ਲੱਦਿਆ ਜਾ ਸਕਦਾ ਸੀ।

ਫ਼ਸਲ ਨੂੰ ਮੰਡੀ ਵੇਚਣ ਲੈ ਕੇ ਜਾਣ ਲਈ ਗੱਡੇ ਦੀ ਵਰਤੋਂ ਕੀਤੀ ਜਾਂਦੀ ਸੀ। ਖੇਤੋਂ ਹਰੇ ਪੱਠੇ ਵੱਢ ਕੇ ਵੀ ਗੱਡੇ ਤੇ ਲੈ ਕੇ ਆਉਂਦੇ ਸਨ। ਵਿਆਹਾਂ, ਮਰਨੇ ਤੇ ਹੋਰ ਦਿਨ ਸੁਧ ਤੇ ਜਾਣ ਲਈ ਵੀ ਗੱਡਿਆਂ ਦੀ ਵਰਤੋਂ ਹੁੰਦੀ ਸੀ। ਬਰਾਤਾਂ ਵੀ ਗੱਡਿਆਂ ਤੇ ਆਉਂਦੀਆਂ ਸਨ। ਉਨ੍ਹਾਂ ਸਮਿਆਂ ਵਿਚ ਵਿਆਹਾਂ ਵਿਚ ਸੰਦੂਖ ਦੇਣ ਦਾ ਰਿਵਾਜ ਸੀ। ਸੰਦੂਖ ਵੀ ਗੱਡੇ ਤੇ ਲੱਦ ਕੇ ਭੇਜਿਆ ਜਾਂਦਾ ਸੀ।

ਗੱਡੇ ਉਤੇ ਆ ਗਿਆ ਸੰਦੂਖ ਮੁਟਿਆਰ ਦਾ।
ਸ਼ੀਸ਼ਿਆਂ 'ਚੋਂ ਕਹਿੰਦੇ ਉਹਦਾ ਵੀਰ ਬੱਗ ਚਾਰਦਾ।

ਫੇਰ ਮੰਦਵਾੜੇ ਦਾ ਸਮਾਂ ਆਇਆ। ਜ਼ਿਮੀਂਦਾਰਾਂ ਨੂੰ ਫ਼ਸਲ ਦਾ ਭਾਅ ਨਾਮਾਤਰ ਮਿਲਦਾ ਸੀ। ਉਸ ਸਮੇਂ ਦੀ ਬੋਲੀ ਹੈ–



ਗੱਡੇ ਭਰ ਕੇ ਕਪਾਹ ਦੇ ਵੇਚੇ,
ਮਲ ਮਲ ਗਜ਼ ਨਾ ਮਿਲੀ।

ਜਿਸ ਤਰ੍ਹਾਂ ਬੁੜਾ ਹੋਇਆ ਬਲਦ ਖੇਤੀ ਦੇ ਕੰਮਾਂ ਵਿਚ ਕੰਮ ਦੇਣੋਂ ਹਟ ਜਾਂਦਾ ਸੀ, ਇਸੇ ਤਰ੍ਹਾਂ ਹੀ ਗੱਡੇ ਨੂੰ ਵਰਤ ਵਰਤ ਕੇ ਜਦ ਗੱਡੇ ਦੀ ਹਾਲਤ ਮਾੜੀ ਹੋ ਜਾਂਦੀ ਸੀ, ਉਸ ਦੀ ਮੁਰੰਮਤ ਤੇ ਜ਼ਿਆਦਾ ਖ਼ਰਚ ਆਉਣ ਲੱਗ ਜਾਂਦਾ ਸੀ, ਉਸ ਸਮੇਂ ਕਿਹਾ ਜਾਂਦਾ ਸੀ–

ਬੁੱਢਾ ਢੱਗਾ, ਪੁਰਾਣਾ ਗੱਡਾ,
ਜਦ ਕਦ ਖਾਏ, ਖਸਮ ਦਾ ਹੱਡਾ।

ਉਨ੍ਹਾਂ ਸਮਿਆਂ ਵਿਚ ਪਿਉ ਦੀ ਜਾਇਦਾਦ ਵਿਚੋਂ ਕੁੜੀਆਂ ਨੂੰ ਹਿੱਸਾ ਨਹੀਂ ਹੁੰਦਾ ਸੀ। ਇਸ ਲਈ ਕਈ ਸਰਦੇ, ਪੁੱਜਦੇ ਪਰਿਵਾਰ ਆਪਣੀ ਭੈਣ ਦੇ ਸਹੁਰੇ ਘਰ ਦੀ ਮਾੜੀ ਆਰਥਿਕ ਹਾਲਤ ਵੇਖ ਕੇ ਖੇਤੀ ਵਿਚ ਮੱਦਦ ਕਰਨ ਲਈ ਬਲਦਾਂ ਦੀ ਜੋੜੀ ਦੇ ਦਿੰਦੇ ਸਨ। ਕਈ ਪਰਿਵਾਰ ਬਲਦਾਂ ਦੀ ਜੋੜੀ ਦੇ ਨਾਲ ਗੱਡਾ ਵੀ ਦੇ ਦਿੰਦੇ ਸਨ। ਉਨ੍ਹਾਂ ਸਮਿਆਂ ਵਿਚ ਵਿਆਹੀਆਂ ਹੋਈਆਂ ਲੜਕੀਆਂ, ਭੈਣਾਂ ਦੀਆਂ ਘਰੇਲੂ ਅਤੇ ਖੇਤੀ ਦੀਆਂ ਮੰਗਾਂ ਪੂਰੀਆਂ ਕਰਨ ਨੂੰ ਪੁੰਨ ਦਾ ਕੰਮ ਸਮਝਿਆ ਜਾਂਦਾ ਸੀ, ਧਰਮ ਸਮਝਿਆ ਜਾਂਦਾ ਸੀ।

ਵੀਰ ਮੇਰੇ ਧਰਮੀ ਨੇ,
ਸਣੇ ਬਲਦ ਗੱਡਾ ਪੁੰਨ ਕੀਤਾ।

ਹਰ ਪਰਿਵਾਰ ਨੇ ਕਿਸੇ ਨਾ ਕਿਸੇ ਸਮੇਂ ਆ ਕੇ ਅੱਡ ਹੋਣਾ ਹੁੰਦਾ ਸੀ। ਇਸ ਲਈ ਜਿਸ ਦੇ ਹਿੱਸੇ ਗੱਡਾ ਨਹੀਂ ਆਉਂਦਾ ਸੀ, ਉਹ ਆਪਣੇ ਬਾਬਲ ਤੋਂ ਗੱਡੇ ਦੀ ਮੰਗ ਕਰ ਲੈਂਦੀਆਂ ਸਨ–

ਇਕ ਗੱਡਾ ਲੈ ਦੇ,
ਲੈ ਦੇ ਬਲਦਾਂ ਦੀ ਜੋੜੀ।
ਬਾਪੂ ਵੇ! ਮੈਂ ਅੱਡ ਹੁੰਦੀ ਆਂ।

ਹੁਣ ਵਾਲੀ ਪੀੜ੍ਹੀ ਨੇ ਤਾਂ ਗੱਡਾ ਵੇਖਿਆ ਹੀ ਨਹੀਂ ਹੋਵੇਗਾ। ਲਓ, ਗੱਡੇ ਦੀ ਬਣਤਰ ਬਾਰੇ ਸੁਣੋ।

ਪਹੀਏ ਤੇ ਬਗ਼ੈਰ ਵਿੱਢ ਤੋਂ ਗੱਡੇ ਦੇ ਜਿਸ ਹਿੱਸੇ 'ਤੇ ਸਾਮਾਨ ਰੱਖਿਆ ਜਾਂਦਾ ਸੀ, ਉਸ ਨੂੰ ਗੱਡੇ ਦਾ ਤਵੀਤ ਕਹਿੰਦੇ ਸਨ। ਤਵੀਤ ਦਾ ਅਗਲਾ ਹਿੱਸਾ ਘੱਟ ਚੌੜਾ ਹੁੰਦਾ ਸੀ ਤੇ ਪਿਛਲਾ ਹਿੱਸਾ ਜ਼ਿਆਦਾ ਚੌੜਾ ਹੁੰਦਾ ਸੀ। ਤਵੀਤ ਫੱਟੇ ਜੋੜ ਕੇ ਬਣਾਇਆ ਜਾਂਦਾ ਸੀ। ਇਨ੍ਹਾਂ ਜੋੜੇ ਫੱਟਿਆਂ ਤੇ ਇਕ ਇੰਚ ਦੀਆਂ ਪੱਤੀਆਂ ਲੰਮੇ ਲੋਟ ਲਾਈਆਂ ਹੁੰਦੀਆਂ ਸਨ। ਚੌੜੇ ਲੋਟ ਵੀ ਪੱਤੀਆਂ ਲਾਈਆਂ ਹੁੰਦੀਆਂ ਸਨ। ਏਸ



Academy of the Punjab in North America: http://www.apnaorg.com

ਤਰ੍ਹਾਂ ਤਵੀਤ ਉੱਤੇ ਪੱਤੀਆਂ ਦੇ ਡੱਬੇ ਬਣ ਜਾਂਦੇ ਸਨ। ਗੱਡੇ ਦੇ ਸਭ ਤੋਂ ਅਗਲੇ ਹਿੱਸੇ ਨੂੰ ਜਿੱਥੇ ਦੋਵੇਂ ਬਲਦ ਜੋੜੇ ਜਾਂਦੇ ਸਨ, ਉਸ ਨੂੰ ਜੂਲਾ ਕਹਿੰਦੇ ਸਨ। ਗੱਡੇ ਦੇ ਅਗਲੇ ਹਿੱਸੇ ਤੇ ਜਿੱਥੇ ਜੂਲਾ ਟਿਕਾਇਆ ਜਾਂਦਾ ਸੀ, ਉਸ ਨੂੰ ਮਥੋਬੜ ਕਹਿੰਦੇ ਸਨ। ਏਸ ਜੂਲੇ ਦੇ ਸੈਂਟਰ ਨੂੰ ਗੱਡੇ ਦੇ ਸਿਰੇ ਤੋਂ ਥੋੜ੍ਹਾ ਪਿਛੇ ਕਰ ਕੇ ਮਜ਼ਬੂਤ ਰੱਸੇ ਨਾਲ ਬੰਨ੍ਹਿਆ ਹੁੰਦਾ ਸੀ। ਜੂਲੇ ਦੇ ਏਸ ਸੈਂਟਰ 'ਤੇ ਬੈਠ ਕੇ ਹੀ ਜੱਟ ਬਲਦਾਂ ਨੂੰ ਕੰਟਰੋਲ ਕਰਦਾ ਸੀ। ਏਸ ਸੈਂਟਰ ਵਾਲੀ ਥਾਂ ਨੂੰ ਪੱਟ ਕਿਹਾ ਜਾਂਦਾ ਸੀ। ਇਕ ਤਰ੍ਹਾਂ ਨਾਲ ਇਹ ਪੱਟ ਡਰਾਈਵਰ ਦੀ ਸੀਟ ਹੁੰਦਾ ਸੀ। ਏਸ ਜੂਲੇ ਦੇ ਅਖ਼ੀਰ ਤੇ ਦੋਵੇਂ ਪਾਸੇ ਹੇਠਾਂ ਨੂੰ ਫੁੱਟ ਕੁ ਲੰਮੇ ਮੋਟੇ ਸਰੀਏ ਕੱਢੇ ਹੁੰਦੇ ਸਨ, ਜਿਨ੍ਹਾਂ ਨੂੰ ਸੌਲ ਕਿਹਾ ਜਾਂਦਾ ਸੀ। ਜੂਲੇ ਦੇ ਉਪਰ ਦੋਵੇਂ ਸਿਰਿਆਂ ਤੇ ਜੋਤਾ ਪਾਉਣ ਲਈ ਲੋਹੇ ਦੀਆਂ ਮੁੜਵੀਆਂ ਪੱਤੀਆਂ ਲੱਗੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਚਿੜੀਆਂ ਕਹਿੰਦੇ ਸਨ। ਜੂਲੇ ਦੇ ਸਿਰਿਆਂ ਦੇ ਹੇਠਲੇ ਪਾਸੇ ਦੋ ਕੁ ਫੁੱਟ ਅੰਦਰ ਵੱਲ ਇਕ ਕੁੰਡਾ ਲੱਗਿਆ ਹੁੰਦਾ ਸੀ ਏਸ ਕੁੰਡੇ ਵਿਚ ਚੰਮ ਦੀ ਮਜ਼ਬੂਤ ਵੱਧਰੀ ਦਾ ਇਕ ਪਾਸਾ ਬੰਨ੍ਹਿਆ ਹੁੰਦਾ ਸੀ। ਏਸ ਵੱਧਰੀ ਦਾ ਦੂਸਰਾ ਪਾਸਾ ਬਲਦ ਦੀ ਗਰਦਨ ਹੇਠ ਦੀ ਲੰਘਾ ਕੇ ਜੂਲੇ ਉਪਰ ਲੱਗੀਆਂ ਚਿੜੀਆਂ ਵਿਚ ਪਾ ਦਿੱਤਾ ਜਾਂਦਾ ਸੀ। ਇਸ ਨੂੰ ਜੋਤ ਕਹਿੰਦੇ ਸਨ। ਇਹ ਜੋਤ ਹੀ ਬਲਦਾਂ ਨੂੰ ਜੂਲੇ ਤੋਂ ਬਾਹਰ ਨਹੀਂ ਨਿਕਲਣ ਦਿੰਦੀ ਸੀ।

ਤਵੀਤ ਦੇ ਅਗਲੇ ਤਿੱਖੇ ਹਿੱਸੇ ਨੂੰ ਚੌਕੜੀ ਕਹਿੰਦੇ ਸਨ। ਚੌਕੜੀ ਦੇ ਹੇਠਾਂ ਤੇ ਤਵੀਤ ਦੇ ਹੇਠਾਂ ਇਕ ਛੋਟੇ ਜਿਹੇ ਆਕਾਰ ਦਾ ਰਖਣਾ ਬਣਿਆ ਹੁੰਦਾ ਸੀ, ਜਿਸ ਨੂੰ ਭੰਡਾਰੀ ਕਹਿੰਦੇ ਸਨ। ਏਸ ਭੰਡਾਰੀ ਵਿਚ ਖੁਰਪੇ, ਦਾਤੀਆਂ ਤੇ ਹੋਰ ਛੋਟਾ ਮੋਟਾ ਸਾਮਾਨ ਰੱਖਿਆ ਜਾਂਦਾ ਸੀ। ਗੱਡੇ ਨੂੰ ਧਰਤੀ 'ਤੇ ਖੜ੍ਹਾ ਕਰਨ ਲਈ ਗੱਡੇ ਦੇ ਤਵੀਤ ਦੇ ਅਗਲੇ ਤਿੱਖੇ ਸਿਰੇ ਨੂੰ ਥੋੜ੍ਹਾ ਛੱਡ ਕੇ ਜਿਥੇ ਜੂਲਾ ਬੰਨ੍ਹਿਆ ਹੁੰਦਾ ਸੀ, ਉਸ ਦੇ ਹੇਠਾਂ ਡੇਢ ਕੁ ਫੁੱਟ ਦੀ ਲੱਕੜ ਲੱਗੀ ਹੁੰਦੀ ਸੀ, ਜਿਸ ਨੂੰ ਉਟਣਾ ਕਹਿੰਦੇ ਸਨ। ਏਸ ਉਟਣੇ ਤੋਂ ਥੋੜ੍ਹਾ ਪਿੱਛੇ ਕਰ ਕੇ ਦੋ ਬਾਂਸ ਦੀਆਂ ਜਾਂ ਹੋਰ ਲੱਕੜ ਦੀਆਂ ਚਾਰ ਕੁ ਫੁੱਟ ਲੰਮੀਆਂ ਲੱਕੜਾਂ ਦੇ ਸਿਰਿਆਂ ਨੂੰ ਕੁੰਡਿਆਂ ਨਾਲ ਗੱਡੇ ਦੇ ਤਵੀਤ ਨਾਲ ਬੰਨ੍ਹਿਆ ਹੁੰਦਾ ਸੀ। ਇਨ੍ਹਾਂ ਨੂੰ ਡਹੀਆਂ ਕਿਹਾ ਜਾਂਦਾ ਸੀ। ਗੱਡੇ ਵਿਚ ਫ਼ਸਲ ਦਾ ਲਾਂਗਾ, ਤੂੜੀ, ਦਾਣੇ, ਪੱਠੇ ਆਦਿ ਲੱਦਣ ਸਮੇਂ ਇਨ੍ਹਾਂ ਡਹੀਆਂ ਦਾ ਕਰਾਸ ਬਣਾ ਕੇ ਗੱਡੇ ਨੂੰ ਖੜ੍ਹਾ ਕੀਤਾ ਜਾਂਦਾ ਸੀ। ਗੱਡਾ ਪਿਛਲੇ ਪਾਸੇ ਨੂੰ ਉਲਰ ਨਾ ਜਾਵੇ, ਇਸ ਲਈ ਗੱਡੇ ਦੇ ਹੇਠ ਲੱਗੇ ਲੱਦੇ ਨਾਲ ਇਕ ਲੱਕੜ ਬੰਨ੍ਹੀ ਹੁੰਦੀ ਸੀ, ਜਿਸ ਨੂੰ ਲਾਰੀਆਂ ਕਹਿੰਦੇ ਸਨ। ਗੱਡੇ ਵਿਚ ਲਾਂਗਾ ਆਦਿ ਢੋਣ ਲਈ ਆਰਜ਼ੀ ਤੌਰ 'ਤੇ ਲੱਕੜਾਂ ਲਾ ਕੇ ਵਿੱਢ ਬਣਾਇਆ ਜਾਂਦਾ ਸੀ। ਇਨ੍ਹਾਂ ਲੱਕੜਾਂ ਨੂੰ ਜਾਤੂ ਕਹਿੰਦੇ ਸਨ।

ਗੱਡੇ ਨੂੰ ਚਲਾਉਣ ਲਈ ਦੋਵੇਂ ਪਾਸੇ ਦੋ ਪਹੀਏ ਲੱਗੇ ਹੁੰਦੇ ਸਨ। ਪਹੀਆਂ ਦੇ ਵਿਚਾਲੇ ਇਕ ਮੋਟੀ ਲੱਕੜ ਲੱਗੀ ਹੁੰਦੀ ਸੀ, ਜਿਸ ਨੂੰ ਨਾਭ ਕਹਿੰਦੇ ਸਨ। ਇਸ ਨਾਭ ਵਿਚ ਲੋਹੇ ਦਾ ਧੁਰਾ ਹੁੰਦਾ ਸੀ। ਦੋਵੇਂ ਪਹੀਆਂ ਦੇ ਧੁਰਿਆਂ ਨੂੰ ਗੱਡੇ ਦੇ ਤਵੀਤ ਹੇਠਾਂ ਜੋ ਲੱਦਾ ਲੱਗਿਆ ਹੁੰਦਾ ਸੀ, ਉਸ ਨਾਲ ਕਾਬਲੇ ਪਾ ਕੇ ਜੋੜਿਆ ਹੁੰਦਾ ਸੀ। ਗੱਡਾ ਰੈਲਾ ਚੱਲੇ, ਇਸ ਲਈ ਧੁਰੇ ਨੂੰ ਸਾਲ ਵਿਚ ਦੋ ਤਿੰਨ ਵਾਰ ਮੱਖਣ ਲਾਇਆ ਜਾਂਦਾ ਸੀ। ਜਦ ਗਰੀਸ ਈਜਾਦ ਹੋਈ, ਫੇਰ ਗਰੀਸ ਲਾਉਣ ਲੱਗ ਪਏ। ਧੁਰੇ ਨੂੰ ਮੱਖਣ/ਗਰੀਸ ਲਾਉਣ ਨੂੰ ਗੱਡਾ ਵਾਂਗਣਾ ਕਹਿੰਦੇ ਸਨ। ਗੱਡਾ ਵਾਂਗਣ ਸਮੇਂ ਲੱਦੇ ਨਾਲ ਇਕ ਤਿੰਨ ਕੁ ਫੁੱਟ ਦੀ ਲੱਕੜ ਗੱਡਾ ਖੜ੍ਹਾ ਕਰਨ ਲਈ ਲਾਈ ਜਾਂਦੀ ਸੀ, ਜਿਸ ਨੂੰ ਸਧਵਾਈ ਕਹਿੰਦੇ ਸਨ। ਇਹ ਇਕ ਕਿਸਮ ਦੇ ਜੈਕ ਦਾ ਕੰਮ ਦਿੰਦੀ ਸੀ। ਜਦ ਲੋਹੇ ਦਾ ਧੁਰਾ ਨਾਭ ਵਿਚ ਚੱਲ ਚੱਲ ਕੇ ਮੋਕਲਾ ਹੋ ਜਾਂਦਾ ਸੀ ਤਾਂ ਨਾਭ ਵਿਚਕਾਰ ਟਾਹਲੀ ਦੀ ਲੱਕੜ ਲਾ ਕੇ ਫੇਰ ਏਸ ਨੂੰ ਨਾਭ ਦੇ ਮੇਚ ਦਾ ਬਣਾਇਆ ਜਾਂਦਾ ਸੀ। ਨਾਭ ਵਿਚ ਲਾਈ ਗਈ ਲੱਕੜ ਨੂੰ ਬੁਜ਼ਲੀ ਕਹਿੰਦੇ ਸਨ।

ਗੱਡੇ ਦੇ ਪਹੀਆਂ ਨੂੰ ਕੰਟਰੋਲ ਕਰਨ ਲਈ ਦੋਵੇਂ ਪਾਸੇ ਪਿੰਜਣੀਆਂ ਲੱਗੀਆਂ ਹੁੰਦੀਆਂ ਸਨ। ਇਨ੍ਹਾਂ ਪਿੰਜਣੀਆਂ ਦੇ ਦੋਵੇਂ ਸਿਰੇ ਗੱਡੇ ਦੇ ਤਵੀਤ ਹੇਠ ਜੜੀਆਂ ਲੱਕੜਾਂ ਵਿਚ ਪਾਏ ਜਾਂਦੇ ਸਨ। ਤਵੀਤ ਹੇਠ ਇਹ ਲਾਈਆਂ ਲੱਕੜਾਂ ਨੂੰ ਲੱਦਾ ਕਹਿੰਦੇ ਸਨ। ਕਈ ਇਲਾਕਿਆਂ ਵਿਚ ਇਸ ਨੂੰ ਤੀਰ ਕਹਿੰਦੇ ਸਨ। ਪਿੰਜਣੀ ਬਾਹਰ ਨਿਕਲਣ ਤੋਂ ਰੋਕਣ ਖ਼ਾਤਰ ਇਨ੍ਹਾਂ ਦੇ ਸਿਰਿਆਂ ਵਿਚ ਲੋਹੇ ਦੀਆਂ ਕੀਲੀਆਂ ਪਾਈਆਂ ਜਾਂਦੀਆਂ ਸਨ। ਪਹੀਆਂ ਦੇ ਧੁਰੇ ਪਿੰਜਣੀ ਦੇ ਸੈਂਟਰ ਵਿਚ ਰੱਖੀ ਗਲੀ ਵਿਚੋਂ ਦੀ ਲੰਘਾਏ ਜਾਂਦੇ ਸਨ। ਗੱਡੇ ਨੂੰ ਵਾਂਗਣ ਸਮੇਂ ਇਹ ਪਿੰਜਣੀ ਬਾਹਰ ਕੱਢ ਕੇ ਗੱਡਾ ਵਾਂਗਿਆ ਜਾਂਦਾ ਸੀ।

ਨਾਭ ਵਿਚ ਲੱਕੜ ਦੇ ਗਜ਼ ਪਾਏ ਹੁੰਦੇ ਸਨ। ਇਨ੍ਹਾਂ ਗਜ਼ਾਂ ਦੇ ਉਪਰ ਗੋਲ ਕਰ ਕੇ ਲੱਕੜ ਲਾਈ ਹੁੰਦੀ ਸੀ, ਜਿਸ ਨੂੰ ਪੁੱਠੀਆਂ ਕਹਿੰਦੇ ਸਨ। ਇਸ ਤਰ੍ਹਾਂ ਇਹ ਪਹੀਏ ਬਣਦੇ ਸਨ। ਇਨ੍ਹਾਂ ਦੋਵੇਂ ਪਹੀਆਂ ਦੇ ਨੇੜੇ ਗੱਡੇ ਦੇ ਤਵੀਤ ਵਿਚ ਅਰਧ ਗੋਲ ਜਿਹੇ ਆਕਾਰ ਦੇ ਦੋ ਫਰੇਮ ਫਿਟ ਕੀਤੇ ਹੁੰਦੇ ਸਨ, ਜਿਨ੍ਹਾਂ ਨੂੰ ਜੱਫਾ ਕਿਹਾ ਜਾਂਦਾ ਸੀ। ਤਵੀਤ ਦੇ ਅਖ਼ੀਰਲੇ ਹਿੱਸੇ ਨੂੰ ਫੱਲੜ ਕਹਿੰਦੇ ਸਨ। ਏਸ ਫੱਲੜ ਦੇ ਅਖ਼ੀਰ ਦੇ ਦੋਵੇਂ ਹਿੱਸੇ ਥੋੜ੍ਹੇ ਜਿਹੇ ਹੇਠਾਂ ਨੂੰ ਮੋੜੇ ਹੁੰਦੇ ਸਨ, ਜਿਨ੍ਹਾਂ ਨੂੰ ਪੂੰਝੇ ਕਹਿੰਦੇ ਸਨ। ਇਹ ਸੀ ਗੱਡੇ ਦੀ ਬਣਤਰ।

ਹੁਣ ਪੰਜਾਬ ਵਿਚ ਕਿਤੇ ਹੀ ਤੁਹਾਨੂੰ ਇਹ ਗੱਡੇ ਮਿਲਣਗੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਜਿਹੜਾ ਪੁਰਾਣਾ ਅਜਾਇਬ ਘਰ ਬਣਿਆ ਹੋਇਆ ਹੈ, ਜਿਸ ਵਿਚ ਪੁਰਾਣੇ ਖੇਤੀ ਦੇ ਸੰਦ ਤੇ ਪੁਰਾਣੀਆਂ ਘਰਾਂ ਵਿਚ ਵਰਤਣ ਵਾਲੀਆਂ ਚੀਜ਼ਾਂ ਰੱਖੀਆਂ ਹੋਈਆਂ ਹਨ, ਉਸ ਵਿਚ ਵੀ ਗੱਡਾ ਨਹੀਂ ਹੈ। ਹਾਂ,


Academy of the Punjab in North America: http://www.apnaorg.com

ਪੰਜਾਬ ਦੇ ਕਿਸੇ ਨਾ ਕਿਸੇ ਪਿੰਡ ਵਿਚ ਪੁਰਾਣੇ ਗੱਡੇ ਵਿਚ ਲੱਕੜ ਦੇ ਪਹੀਆਂ ਦੀ ਥਾਂ ਟਾਇਰ ਪਾਏ ਹੋਏ ਮਿਲ ਸਕਦੇ ਹਨ। ਖੇਤੀ ਦਾ ਮਸ਼ੀਨੀਕਰਨ ਹੋਣ ਕਰ ਕੇ ਹੁਣ ਗੱਡਿਆਂ ਦੀ ਥਾਂ ਇਕ ਬਲਦ ਨਾਲ ਚੱਲਣ ਵਾਲੀਆਂ ਗੱਡੀਆਂ ਹਨ, ਜਿਨ੍ਹਾਂ ਦੇ ਰਬੜ ਦੇ ਟਾਇਰ ਲੱਗੇ ਹੁੰਦੇ ਹਨ। ਕਈ ਇਲਾਕਿਆਂ ਵਿਚ ਏਸ ਨੂੰ ਰੇੜੀਆਂ ਵੀ ਕਹਿੰਦੇ ਹਨ। ਇਨ੍ਹਾਂ ਰੇੜੀਆਂ ਨੂੰ ਹੀ ਜ਼ਿਮੀਂਦਾਰ ਆਪਣੇ ਖੇਤਾਂ ਤੋਂ ਪਸ਼ੂਆਂ ਲਈ ਪੱਠੇ ਤੇ ਹੋਰ ਨਿੱਕੇ ਮੋਟੇ ਕੰਮਾਂ ਲਈ ਵਰਤਦੇ ਹਨ। ਗੱਡਿਆਂ ਦੀ ਥਾਂ ਹੁਣ ਟ੍ਰੈਕਟਰ ਟਰਾਲੀ ਨੇ ਲੈ ਲਈ ਹੈ।

ਗੱਡੇ ਹੁਣ ਸਾਡੀ ਖੇਤੀਬਾੜੀ ਵਿਚੋਂ ਅਲੋਪ ਹੋ ਗਏ ਹਨ।

0

## ਰਥ

ਰਥ ਦੀ ਬਣਤਰ ਕਿਹੋ ਜਿਹੀ ਹੁੰਦੀ ਸੀ, ਦੱਸਣ ਤੋਂ ਪਹਿਲਾਂ ਮੈਂ ਉਨ੍ਹਾਂ ਸਮਿਆਂ ਵਿਚ ਰਥ ਦੀ ਵਰਤੋਂ ਬਾਰੇ ਦੱਸਣਾ ਯੋਗ ਸਮਝਦਾ ਹਾਂ। ਪਹਿਲੇ ਸਮਿਆਂ ਵਿਚ ਰਾਜੇ ਮਹਾਰਾਜੇ, ਨਵਾਬ, ਵਜ਼ੀਰ, ਜਾਗੀਰਦਾਰ, ਸ਼ਾਹੂਕਾਰ ਜਾਣ ਆਉਣ ਲਈ ਰਥਾਂ ਦੀ ਵਰਤੋਂ ਕਰਦੇ ਸਨ। ਬਲਦਾਂ ਨੂੰ ਸ਼ਿੰਗਾਰ ਕੇ ਰਥਾਂ ਨੂੰ ਜੋੜਿਆ ਜਾਂਦਾ ਸੀ। ਜਦ ਰਾਵਣ ਸੀਤਾ ਨੂੰ ਵਿਆਹੁਣ ਵਿਚ ਕਾਮਯਾਬ ਨਹੀਂ ਹੋਇਆ ਸੀ ਤਾਂ ਰਾਵਣ ਨੂੰ ਨਿਰਾਸ ਹੋ ਕੇ ਖ਼ਾਲੀ ਰਥ ਤੇ ਹੀ ਵਾਪਸ ਮੁੜਨਾ ਪਿਆ ਸੀ –

ਸੱਚ ਦੇ ਬਚਨ ਵਿਚ ਟਾਹਲੀ,
ਸੀਤਾ ਵਿਆਹ ਲਈ ਰਾਮ ਚੰਦ ਨੇ,
ਰਥ ਮੁੜ ਗਿਆ ਰਾਵਣ ਦਾ ਖ਼ਾਲੀ।



ਜਿਸ ਤਰ੍ਹਾ ਅੱਜਕੱਲ੍ਹ ਤਕਰੀਬਨ ਹਰ ਪਿੰਡ ਵਿਚ ਵਿਆਹਾਂ ਤੇ ਹੋਰ ਸਮਾਗਮਾਂ



ਲਈ ਜੀਪਾਂ, ਕਾਰਾਂ, ਟੈਕਸੀਆਂ ਦੇ ਰੂਪ ਵਿਚ ਚਲਾਉਣ ਲਈ ਰੱਖੀਆਂ ਹੋਈਆਂ ਹਨ, ਏਸੇ ਤਰ੍ਹਾਂ ਪਹਿਲੇ ਸਮਿਆਂ ਵਿਚ ਪਿੰਡਾਂ ਵਿਚ ਵਿਆਹਾਂ ਲਈ ਰਥ ਬਣਾ ਕੇ ਰੱਖੇ ਹੁੰਦੇ ਸਨ। ਰਥ ਪਿੰਡਾਂ ਦੇ ਮਿਸਤਰੀ ਹੀ ਰੱਖਦੇ ਸਨ। ਮਿਸਤਰੀ ਹੀ ਇਨ੍ਹਾਂ ਰਥਾਂ ਨੂੰ ਚਲਾਉਂਦੇ ਸਨ। ਅੱਜ ਦੀਆਂ ਟੈਕਸੀਆਂ ਦੀ ਤਰ੍ਹਾਂ ਰਥਾਂ ਦਾ ਕਿਰਾਇਆ ਵੀ ਲਿਆ ਜਾਂਦਾ ਸੀ। ਰਥ ਚਲਾਉਣ ਵਾਲੇ ਨੂੰ ਪਾਟੀ ਕਿਹਾ ਜਾਂਦਾ ਸੀ। ਬਲਦਾਂ ਤੇ ਰੰਗਦਾਰ ਝੁੱਲ ਪਾਏ ਹੁੰਦੇ ਸਨ। ਘੁੰਗਰਾਲਾਂ ਪਾਈਆਂ ਹੁੰਦੀਆਂ ਸਨ। ਸਿੰਗਾਂ ਤੇ ਮੱਥੇ ਨੂੰ ਸ਼ਿੰਗਾਰਿਆ ਹੁੰਦਾ ਸੀ। ਬਲਦਾਂ ਨੂੰ ਹੱਕਣ ਲਈ ਪਰਾਣੀ ਵਿਚ ਚਮੜੇ ਦੀਆਂ ਛਾਂਟਾਂ ਪਾਈਆਂ ਹੁੰਦੀਆਂ ਸਨ। ਪਰਾਣੀ ਦੇ ਦੂਸਰੇ ਸਿਰੇ ਵਿਚ ਲੋਗੜੀ ਦੇ ਫੁੱਲ ਬੰਨ੍ਹੇ ਹੁੰਦੇ ਸਨ।

ਉਨ੍ਹਾਂ ਸਮਿਆਂ ਵਿਚ ਵਿਆਹ ਵਿਚ ਆਮ ਤੌਰ ’ਤੇ ਇਕ ਰਥ ਤਾਂ ਜ਼ਰੂਰ ਜਾਂਦਾ ਸੀ। ਸਰਦੇ ਪੁੱਜਦੇ ਪਰਿਵਾਰਾਂ ਦੇ ਵਿਆਹਾਂ ਵਿਚ ਇਕ ਤੋਂ ਜ਼ਿਆਦਾ ਵੀ ਰਥ ਜਾਂਦੇ ਸਨ। ਰਥ ਵਿਚ ਬਰਾਤ ਜਾਣ ਸਮੇਂ ਲਾੜਾ, ਉਸ ਦਾ ਸਰਬਾਲਾ, ਉਸ ਪਰਿਵਾਰ ਦੇ ਜੁਆਈ ਬੈਠਦੇ ਹੁੰਦੇ ਸਨ। ਜੇਕਰ ਰਿਸ਼ਤਾ ਵਿਚੋਲੇ ਰਾਹੀਂ ਹੋਇਆ ਹੋਵੇ ਤਾਂ ਵਿਚੋਲਾ ਵਿਚੋਲਣ ਵੀ ਰਥ ਵਿਚ ਬੈਠਦੇ ਸਨ। ਰਥ ਵਿਚ ਆਸਾਨੀ ਨਾਲ ਤਾਂ ਚਾਰ ਸਵਾਰੀਆਂ ਹੀ ਬੈਠ ਸਕਦੀਆਂ ਸਨ, ਪਰ ਬੈਠ ਕਈ ਵੇਰ ਵੱਧ ਵੀ ਜਾਂਦੇ ਸਨ। ਉਸ ਸਮੇਂ ਦੀ ਰਥਾਂ, ਘੋੜੀਆਂ ਤੇ ਊਠਾਂ ’ਤੇ ਜਾਂਦੀ ਬਰਾਤ ਦਾ ਕਿੰਨਾ ਸੋਹਣਾ ਵਰਣਨ ਇਸ ਲੋਕ ਗੀਤ ਵਿਚ ਕੀਤਾ ਗਿਆ ਹੈ –

ਸੋਹਣਾ ਵਿਆਂਹਦੜ ਰਥ ਵਿਚ ਬਹਿ ਗਿਆ,
ਹੇਠ ਚਤਹੀ ਵਿਛਾ ਕੇ।
ਵੀਰ ਉਹਦੇ ਸਭ ਚੜ੍ਹ ਗਏ ਊਠਾਂ ਤੇ,
ਝਾਂਜਰਾਂ ਛੌਂਟੀਆਂ ਪਾ ਕੇ।
ਰਥ ਗੱਡੀਆਂ ਦਾ ਅੰਤ ਨਾ ਕਾਈ,
ਜਾਨੀ ਚੜ੍ਹ ਗਏ ਸਜ ਸਜਾ ਕੇ।
ਜੰਨ ਆਈ ਜਦ ਕੁੜੀਆਂ ਨੇ ਵੇਖੀ,
ਆਈਆਂ ਹੁੰਮ ਹੁਮਾ ਕੇ।
ਵਿਆਂਹਦੜ ਫੁੱਲ ਵਰਗਾ,
ਵੇਖ ਲੈ ਵਿਆਹੁਲੀਏ ਆ ਕੇ।

ਉਨ੍ਹਾਂ ਸਮਿਆਂ ਵਿਚ ਜੰਮਦੀਆਂ ਕੁੜੀਆਂ ਨੂੰ ਮਾਰਨ ਦੀ ਪ੍ਰਥਾ ਕਰ ਕੇ ਰਿਸ਼ਤੇ ਛੋਟੀ ਉਮਰ ਵਿਚ ਹੀ ਕਰ ਦਿੱਤੇ ਜਾਂਦੇ ਸਨ। ਵਿਆਹ ਵੀ ਛੋਟੀ ਉਮਰ ਵਿਚ ਕੀਤੇ ਜਾਂਦੇ ਸਨ। ਜਦ ਮੁੰਡਾ ਕੁੜੀ ਜੁਆਨ ਹੁੰਦੇ ਸਨ, ਉਸ ਸਮੇਂ ਹੀ ਮੁਕਲਾਵਾ ਦਿੱਤਾ



Academy of the Punjab in North America: http://www.apnaorg.com

ਜਾਂਦਾ ਸੀ। ਇਸ ਲਈ ਮੁੰਡੇ ਕੁੜੀਆਂ ਮੁਕਲਾਵੇ ਦੀ ਬੜੀ ਤੀਬਰਤਾ ਨਾਲ ਉਡੀਕ ਕਰਦੀਆਂ ਹੁੰਦੀਆਂ ਸਨ। ਕਈ ਤਾਂ ਮੁਕਲਾਵੇ ਦੇ ਚਾਅ ਅਤੇ ਜੋਸ਼ ਵਿਚ ਰਥ ਵਿਚ ਚੜ੍ਹਣ ਸਮੇਂ ਰਥ ਦੀ ਪਿੰਜਣੀ ਤੱਕ ਹੀ ਤੋੜ ਦਿੰਦੀਆਂ ਸਨ–

ਰਥ ਚੜ੍ਹਦੀ ਨੇ ਪਿੰਜਣੀ ਤੋੜੀ,
ਚਾਅ ਮੁਕਲਾਵੇ ਦਾ।

ਰਥ ਵਿਚ ਪਿੰਜਣੀ ਤੇ ਪੈਰ ਰੱਖ ਕੇ ਹੀ ਚੜ੍ਹਿਆ ਜਾਂਦਾ ਸੀ। ਕਈ ਮੁਕਲਾਵੇ ਜਾਂਦੀਆਂ ਸਮੇਂ ਮੁਕਲਾਵੇ ਦੇ ਚਾਅ ਵਿਚ ਆਪਣੀਆਂ ਬਚਪਨ ਦੀਆਂ ਸਹੇਲੀਆਂ ਨੂੰ ਵੀ ਮਿਲਣ ਤੋਂ ਗੁਰੇਜ਼ ਕਰਦੀਆਂ ਹੁੰਦੀਆਂ ਸਨ–

ਰਥ ਤੋਰ ਵੇ ਤਖਾਣਾਂ ਦਿਆ ਮੁੰਡਿਆ,
ਖਸਮਾਂ ਨੂੰ ਖਾਣ ਕੁੜੀਆਂ।

ਮੁਕਲਾਵੇ ਸਮੇਂ ਮੁਟਿਆਰਾਂ ਅਤੇ ਗੱਭਰੂਆਂ ਦੀਆਂ ਅਦਾਵਾਂ ਹੀ ਵੱਖਰੀਆਂ ਹੁੰਦੀਆਂ ਸਨ –

ਕੋਈ ਭੌਰ ਚਲਿਆ ਮੁਕਲਾਵੇ,
ਰਥ ਵਿਚ ਲੱਤ ਲਮਕੇ।

ਵਿਆਹ ਤੇ ਮੁਕਲਾਵੇ ਵਿਚ ਵਿਆਂਹਦੜ, ਵਹੁਟੀ ਨੂੰ ਰਥ ਵਿਚ ਬਿਠਾ ਕੇ ਹੀ ਲਿਆਉਂਦਾ ਸੀ। ਕਈ ਵੇਰ ਵਹੁਟੀ ਰਥ ਵਿਚ ਬੈਠੀ ਹੁੰਦੀ ਸੀ ਤੇ ਵਿਆਂਹਦੜ ਬੋਤੇ ਉਤੇ ਹੁੰਦਾ ਸੀ–

ਮੂਹਰੇ ਰਥ ਭਾਬੋ ਦਾ,
ਪਿਛੇ ਇੰਦਰ ਵੀਰ ਦਾ ਬੋਤਾ।

ਹੁਣ ਮੈਂ ਤੁਹਾਨੂੰ ਰਥ ਦੀ ਬਣਤਰ ਬਾਰੇ ਦੱਸਦਾ ਹਾਂ। ਠੋਕਰ ਦੇ ਉਪਰ ਜੋੜੇ ਮੰਜੀ ਵਾਲੇ/ਤਾਂਗੇ ਵਾਲੇ ਪਿਛਲੇ ਹਿੱਸੇ ਸਮੇਤ ਰਥ ਬਣਦਾ ਸੀ। 'ਕੱਲੀ ਠੋਕਰ ਵੀ ਵਰਤੋਂ ਵਿਚ ਆਉਂਦੀ ਸੀ। ਅੱਜਕੱਲ੍ਹ ਠੋਕਰਾਂ ਦੀ ਦੌੜ ਹਰ ਮੇਲੇ ਦਾ ਹਿੱਸਾ ਬਣੀ ਹੋਈ ਹੈ। ਸਭ ਤੋਂ ਪਹਿਲਾਂ ਮੈਂ ਤੁਹਾਨੂੰ ਠੋਕਰ ਦੀ ਬਣਤਰ ਬਾਰੇ ਦੱਸਦਾ ਹਾਂ।

ਠੋਕਰ ਦਾ ਫਰੇਮ ਕਈ ਮਜਬੂਤ ਲੰਮੀਆਂ ਲੱਕੜਾਂ ਨੂੰ ਰੰਦ ਕੇ, ਗੋਲ ਜਿਹਾ ਕਰ ਕੇ, ਥੋੜ੍ਹਾ ਥੋੜ੍ਹਾ ਫ਼ਾਸਲਾ ਰੱਖ ਕੇ, ਜੋੜ ਕੇ, ਅਰਧ ਗੋਲਾ ਜਿਹਾ ਕਰ ਕੇ ਬਣਿਆ ਹੁੰਦਾ ਸੀ। ਏਸ ਲੰਮੇ ਫਰੇਮ ਦੇ ਹੇਠਾਂ ਵੀ ਕਈ ਚੌੜੇ ਲੋਟ ਲੱਕੜਾਂ ਲਾਈਆਂ ਹੁੰਦੀਆਂ ਸਨ। ਜਿਥੇ ਅਖ਼ੀਰ ਤੇ ਜਾ ਕੇ ਫਰੇਮ ਜ਼ਿਆਦਾ ਚੌੜਾ ਹੋ ਜਾਂਦਾ ਸੀ, ਉਸ ਦਾ ਵਿਚਾਲੇ ਵਾਲਾ ਹਿੱਸਾ ਉੱਚਾ ਹੁੰਦਾ ਸੀ। ਬਾਕੀ ਦੋਵਾਂ ਸਾਈਡਾਂ ਵਾਲਾ ਹਿੱਸਾ ਢਾਲਵਾਂ ਜਿਹਾ ਨੀਵਾਂ ਹੁੰਦਾ ਸੀ। ਏਸ ਚੌੜੇ ਹਿੱਸੇ ਹੇਠ ਵੀ ਲੱਕੜਾਂ ਲੱਗੀਆਂ ਹੁੰਦੀਆਂ ਸਨ। ਜਿਸ ਕਰ ਕੇ ਇਹ ਚੌੜੇ ਜਿਹੇ ਡੱਬੇ ਬਣ ਜਾਂਦੇ ਸਨ। ਫਰੇਮ ਦੇ ਸਾਰੇ



ਜੋੜਾਂ ਤੇ ਚੰਗੀ ਤਰ੍ਹਾਂ ਲੋਹੇ ਦੀਆਂ ਪੱਤੀਆਂ ਲਾ ਕੇ ਮਜ਼ਬੂਤੀ ਕੀਤੀ ਹੁੰਦੀ ਸੀ। ਕੋਨਿਆਂ ਤੇ ਮੋਟੀ ਚਦਰ ਦੇ ਬੜੇ ਟੁਕੜੇ ਵੀ ਲਾਏ ਜਾਂਦੇ ਸਨ। ਠੋਕਰ ਦੇ ਅਗਲੇ ਤਿੱਖੇ ਹਿੱਸੇ ਤੇ ਥੋੜ੍ਹਾ ਪਿਛੇ ਜੂਲਾ ਬੰਨ੍ਹਿਆ ਹੁੰਦਾ ਸੀ। ਏਸ ਜੂਲੇ ਹੇਠ ਬਲਦ ਜੋੜੇ ਜਾਂਦੇ ਸਨ। ਇਨ੍ਹਾਂ ਦੇ ਦੋਵੇਂ ਪਾਸਿਆਂ ਦੇ ਅਖ਼ੀਰ ਤੇ ਲੋਹੇ ਦੇ ਢੁਟ ਕੁ ਭਰ ਸਰੀਏ ਹੇਠਾਂ ਨੂੰ ਕੱਢੇ ਹੁੰਦੇ ਸਨ। ਇਨ੍ਹਾਂ ਨੂੰ ਸੌਲ ਕਹਿੰਦੇ ਸਨ। ਜੂਲੇ ਦੇ ਉਪਰ ਦੋਵੇਂ ਸਿਰਿਆਂ ਤੇ ਲੋਹੇ ਦੀਆਂ ਛੋਟੀਆਂ ਛੋਟੀਆਂ ਮੁੜਵੀਆਂ ਪੱਤੀਆਂ ਲੱਗੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਚਿੜੀਆਂ ਕਹਿੰਦੇ ਸਨ। ਜੂਲੇ ਦੇ ਹੇਠ ਦੋਵੇਂ ਪਾਸੇ ਕੁੰਡੇ ਲੱਗੇ ਹੁੰਦੇ ਸਨ। ਇਨ੍ਹਾਂ ਕੁੰਡਿਆਂ ਵਿਚ ਚਮੜੇ ਦੀ ਜਾਂ ਨਮਾਰ ਦੀ ਜੋਤ ਬੰਨ੍ਹੀ ਹੋਈ ਹੁੰਦੀ ਸੀ। ਇਹ ਜੋਤ ਬਲਦਾਂ ਦੇ ਗਲ ਹੇਠ ਦੀ ਲੰਘਾ ਕੇ ਜੂਲੇ ਵਿਚ ਲਗੀਆਂ ਚਿੜ੍ਹੀਆਂ ਵਿਚ ਟੰਗੀ ਜਾਂਦੀ ਸੀ। ਇਹ ਸੌਲ ਤੇ ਜੋਤ ਹੀ ਬਲਦਾਂ ਨੂੰ ਜੂਲੇ ਵਿਚੋਂ ਬਾਹਰ ਨਹੀਂ ਨਿਕਲਣ ਦਿੰਦੀ ਸੀ।

ਫਰੇਮ ਦੇ ਪਿਛਲੇ ਚੌੜੇ ਹਿੱਸੇ ਨੂੰ ਤਾਲੂਏ ਕਹਿੰਦੇ ਸਨ। ਤਾਲੂਏ ਦੇ ਹੇਠਾਂ ਲੱਕੜਾਂ ਦਾ ਇਕ ਫਰੇਮ ਬਣਿਆ ਹੁੰਦਾ ਸੀ, ਜਿਸ ਵਿਚ ਲੋਹੇ ਦੇ ਧੁਰੇ ਨੂੰ ਲੱਕੜ ਤੇ ਪੱਤੀਆਂ ਲਾ ਕੇ ਚੰਗੀ ਤਰ੍ਹਾਂ ਫਿੱਟ ਕੀਤਾ ਹੁੰਦਾ ਸੀ। ਏਸ ਧੁਰੇ ਵਿਚ ਪਹੀਏ ਪਾਏ ਜਾਂਦੇ ਸਨ। ਪਹੀਆਂ ਦੇ ਵਿਚਾਲੇ ਨਾਭ ਹੁੰਦੀ ਸੀ। ਨਾਭ ਉਪਰ ਲੱਕੜ ਦੇ ਗਜ਼ ਫਿੱਟ ਕੀਤੇ ਹੁੰਦੇ ਸਨ। ਗਜ਼ਾਂ ਉਪਰ ਲੱਕੜੀ ਦੇ ਕਈ ਅਰਧ ਗੋਲ ਟੁਕੜੇ ਲੱਗੇ ਹੁੰਦੇ ਸਨ, ਜਿਨ੍ਹਾਂ ਨੂੰ ਪੁੱਠੀ ਕਹਿੰਦੇ ਸਨ। ਇਹ ਪੁੱਠੀਆਂ ਹੀ ਪਹੀਆਂ ਨੂੰ ਗੋਲ ਬਣਾਉਂਦੀਆਂ ਸਨ। ਤਾਲੂਏ ਦੇ ਹੇਠ ਜਿਹੜੀਆਂ ਲੱਕੜਾਂ ਲੱਗੀਆਂ ਹੁੰਦੀਆਂ ਸਨ, ਉਨ੍ਹਾਂ ਲੱਕੜਾਂ ਨਾਲ ਬੰਨ੍ਹ ਕੇ ਧੁਰੇ ਵਿਚੋਂ ਕੀ ਲੰਘਾ ਕੇ ਪਿੰਜਣੀ ਪਾਈ ਹੁੰਦੀ ਸੀ। ਧੁਰੇ ਵਿਚ ਦੋ ਹੋਰ ਲੱਕੜਾਂ ਵੀ ਪਾਈਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਤੁਲੇਵਾਂ ਕਿਹਾ ਜਾਂਦਾ ਸੀ। ਪਿੰਜਣੀ ਤੇ ਤੁਲੇਵਾਂ ਪਹੀਆਂ ਨੂੰ ਬਾਹਰ ਨਹੀਂ ਨਿਕਲਣ ਦਿੰਦੇ ਸਨ। ਇਹ ਤਾਂ ਸੀ ਠੋਕਰ ਦੀ ਬਣਤਰ।

ਹੁਣ ਰਹੀ ਰਥ ਦੇ ਪਿਛਲੇ ਹਿੱਸੇ ਦੀ ਬਣਤਰ। ਪਿਛਲੇ ਹਿੱਸੇ ਨੂੰ ਤਾਂਗਾ ਕਿਹਾ ਜਾਂਦਾ ਸੀ। ਤਾਂਗੇ ਦਾ ਹੇਠਲਾ ਫਰੇਮ ਵੀ ਤਾਲੂਏ ਵਰਗਾ ਹੁੰਦਾ ਸੀ। ਏਸ ਦੇ ਹੇਠ ਵੀ ਲੱਕੜ ਦੇ ਦੋ ਪਹੀਏ ਲੱਗੇ ਹੁੰਦੇ ਸਨ, ਜਿਨ੍ਹਾਂ ਉਪਰ ਦੀ ਪਿੰਜਣੀ ਪਈ ਹੁੰਦੀ ਸੀ। ਪਿੰਜਣੀ ਦੇ ਨਾਲ ਤੁਲੇਵਾਂ ਵੀ ਪਾਇਆ ਹੁੰਦਾ ਸੀ। ਤਾਲੂਏ ਉਪਰ ਮੰਜੀ ਦਾ ਫਰੇਮ ਬਣਿਆ ਹੁੰਦਾ ਸੀ। ਏਸ ਮੰਜੀ ਦੇ ਚਾਰੇ ਪਾਵੇ ਉਪਰ ਤੱਕ ਜਾਂਦੇ ਸਨ। ਇਨ੍ਹਾਂ ਦੇ ਸਿਰਿਆਂ ਉਪਰ ਪਤਲੀਆਂ ਪਤਲੀਆਂ ਲੱਕੜਾਂ ਦੇ ਡੱਬੇ ਜਿਹੇ ਬਣਾ ਕੇ ਗੁੰਮਟ ਬਣਿਆ ਹੁੰਦਾ ਸੀ। ਮੰਜੀ ਦੇ ਪਿਛਲੇ ਹਿੱਸੇ ਵਿਚ ਵੀ ਚੌਰਸ ਡੱਬਿਆਂ ਜਿਹਾ ਫਰੇਮ ਬਣਿਆ ਹੁੰਦਾ ਸੀ। ਗੁੰਮਟ ਦੇ ਬਾਕੀ ਤਿੰਨ ਪਾਸੇ ਡਾਟਦਾਰ ਜਿਹੇ ਦਰਵਾਜੇ ਬਣੇ



Academy of the Punjab in North America: http://www.apnaorg.com

ਹੁੰਦੇਸਨ। ਮੰਜੀ ਨੂੰ ਸਣ ਜਾਂ ਮੋਟੇ ਸੂਤ ਨਾਲ ਬੁਣਿਆ ਹੁੰਦਾ ਸੀ। ਏਸ ਸਾਰੇ ਬਣੇ ਫਰੇਮ ਤੇ ਗੁੰਮਟ ਉਪਰ ਉਸੇ ਤਰ੍ਹਾਂ ਦੀ ਸ਼ੇਪ ਦਾ ਸਿਉਂ ਕੇ ਵਧੀਆ ਕਪੜਾ ਪਾਇਆ ਹੁੰਦਾ ਸੀ। ਏਸ ਕਪੜੇ ਨੂੰ ਝੁੰਮਣ ਕਹਿੰਦੇ ਸਨ। ਝੁੰਮਣ ਦਾ ਜਿਹੜਾ ਹਿੱਸਾ ਤਿੰਨੇ ਡਾਟਦਾਰ ਦਰਵਾਜਿਆਂ ਉਪਰ ਆਉਂਦਾ ਹੁੰਦਾ ਸੀ, ਉਸ ਨੂੰ ਵਿਚਾਲੇ ਤੋਂ ਸਿਉਂਤਾ ਨਹੀਂ ਹੁੰਦਾ ਸੀ। ਏਸ ਤਰ੍ਹਾਂ ਦਰਵਾਜ਼ਿਆਂ ਉਪਰ ਝੁੰਮਣ ਦੇ ਦੋ ਲੜ ਬਣ ਜਾਂਦੇ ਸਨ। ਇਨ੍ਹਾਂ ਲੜਾਂ ਨੂੰ ਇਕ ਪਾਸੇ ਕਰ ਕੇ ਹੀ ਰਥ ਵਿਚ ਬੈਠਿਆ ਜਾਂਦਾ ਸੀ।

ਮੰਜੀ ਤੇ ਗੁੰਮਟ ਦਾ ਡੀਜ਼ਾਇਨ ਇਕ ਤਰ੍ਹਾਂ ਨਾਲ ਜਿਸ ਤਰ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਰੱਖਣ ਲਈ ਪਾਲਕੀ ਬਣੀ ਹੁੰਦੀ ਸੀ, ਉਸ ਤਰ੍ਹਾਂ ਦਾ ਹੀ ਬਣ ਜਾਂਦਾ ਸੀ। ਕਈ ਰਥਾਂ ਤੇ ਜਿਥੇ ਰਥ ਚਲਾਉਣ ਵਾਲਾ ਬੈਠਦਾ ਹੁੰਦਾ ਸੀ, ਗੁੰਮਟ ਵਿਚ ਵਾਧਾ ਕਰ ਕੇ ਸ਼ੈੱਡ ਜਿਹਾ ਬਣਾਇਆ ਹੁੰਦਾ ਸੀ, ਏਸ ਸ਼ੈੱਡ ਉਪਰ ਵੀ ਝੁੰਮਣ ਪਾਇਆ ਹੁੰਦਾ ਸੀ।

ਤਾਂਗੇ ਦੇ ਅਗਲੇ ਹਿੱਸੇ ਨੂੰ ਠੋਕਰ ਵਿਚ ਰੱਖੀ ਜਗ੍ਹਾ ਵਿਚ ਜੋੜਿਆ ਜਾਂਦਾ ਸੀ। ਇਸ ਤਰ੍ਹਾਂ ਰਥ ਬਣਦਾ ਸੀ। ਠੋਕਰ ਉਪਰ ਹੀ ਰਥ ਚਲਾਉਣ ਵਾਲਾ ਬੈਠਦਾ ਹੁੰਦਾ ਸੀ। ਇਹ ਸੀ ਰਥ ਦੀ ਬਣਤਰ। ਹੁਣ ਰਥ ਤੁਹਾਨੂੰ ਅਜਾਇਬ ਘਰਾਂ ਵਿਚ ਪਏ ਹੀ ਵੇਖਣ ਨੂੰ ਮਿਲਣਗੇ। ਸਾਡਾ ਇਹ ਵਿਰਸਾ ਹੁਣ ਬਿਲਕੁਲ ਅਲੋਪ ਹੋ ਗਿਆ ਹੈ।

0

## ਤਾਂਗਾ

ਪਹਿਲਾਂ ਲੋਕੀਂ ਪੈਦਲ ਸਫ਼ਰ ਕਰਦੇ ਸਨ, ਫੇਰ ਊਠਾਂ/ਬੋਤਿਆਂ ਨੂੰ ਖੇਤੀ ਦੇ ਕੰਮਾਂ ਵਿਚ ਵਰਤੋਂ ਦੇ ਨਾਲ ਸਫ਼ਰ ਕਰਨ ਲਈ ਵੀ ਵਰਤਿਆ ਜਾਣ ਲੱਗਿਆ। ਉਨ੍ਹਾਂ ਸਮਿਆਂ ਵਿਚ ਨਵੀਆਂ ਵਹੁਟੀਆ ਨੂੰ ਪ੍ਰਾਹੁਣੇ ਸ਼ਿੰਗਾਰੇ ਹੋਏ ਬੋਤਿਆਂ ਤੇ ਹੀ ਲਿਆਉਂਦੇ ਸਨ। ਪੈਸੇ ਵਾਲੇ ਪਰਿਵਾਰ ਘੋੜੀਆਂ ਤੇ ਸਫ਼ਰ ਕਰਦੇ ਸਨ। ਪਹਿਲੇ ਸਮਿਆਂ ਵਿਚ ਤਾਂ ਫੌਜ ਵਿਚ ਹੁੰਦੇ ਹੀ ਘੋੜੇ ਸਨ। ਸਾਰੇ ਮੁਖ ਸਿਵਲ ਅਫਸਰਾਂ ਕੋਲ ਵੀ ਘੋੜੇ ਹੁੰਦੇ ਸਨ। ਹੁਣ ਵੀ ਫੌਜ ਵਿਚ ਘੋੜਿਆਂ ਦੀ ਰੈਜੀਮੈਂਟ ਹੈ। 26 ਜਨਵਰੀ ਦੀ ਪਰੇਡ ਵਿਚ ਘੋੜਾ ਰੈਜੀਮੈਂਟ ਵੀ ਸ਼ਾਮਲ ਹੁੰਦੀ ਹੈ। ਪੁਲਿਸ ਵਿਚ ਵੀ ਘੋੜਾ ਪੁਲਸ ਹੈ। ਘੋੜੇ, ਘੋੜੀਆਂ ਸਬੰਧੀ ਇਕ ਲੋਕ ਗੀਤ ਵੀ ਸੁਣੋ –

ਨੀਲੀ ਘੋੜੀ ਤੇ ਕਾਠੀ ਤਿੱਲੇਦਾਰ ਨੀ ਮਾਏ।<br>
ਉੱਤੇ ਚੜ੍ਹੇ ਤੇ ਲੱਗੇ ਥਾਣੇਦਾਰ ਨੀ ਮਾਏ।

ਵਿਆਹ ਤੇ ਹੋਰ ਸਮਾਗਮਾਂ ਤੇ ਜਦ ਸਾਰੇ ਪਰਿਵਾਰ ਨੇ ਜਾਣਾ ਹੁੰਦਾ ਸੀ ਤਾਂ ਗੱਡਿਆਂ ਦੀ ਵਰਤੋਂ ਕੀਤੀ ਜਾਣ ਲੱਗੀ। ਗੱਡੇ ਉਪਰ ਹੀ ਸੰਦੂਖ ਨੂੰ ਲੱਦ ਕੇ ਲਿਜਾਂਦੇ ਸਨ। ਜਦ ਮਨੁੱਖੀ ਸੂਝ ਹੋਰ ਵਧੀ ਤਾਂ ਸਫ਼ਰ ਲਈ ਤਾਂਗਿਆਂ ਦੀ ਈਜਾਦ





ਹੋਈ। ਤਾਂਗਿਆਂ ਨੂੰ ਕਈ ਇਲਾਕਿਆਂ ਵਿਚ ਯੱਕਾ ਵੀ ਕਹਿੰਦੇ ਸਨ। ਤਾਂਗਿਆਂ ਨੂੰ ਕਈ ਲੋਕਾਂ ਨੇ ਆਪਣੀ ਰੋਜ਼ੀ ਰੋਟੀ ਦਾ ਸਾਧਨ ਬਣਾਇਆ ਹੋਇਆ ਸੀ। ਸਫ਼ਰ ਕਰਨ ਲਈ ਤਾਂਗੇ ਤੇਜ਼ ਗਤੀ ਵਾਲੀ ਪਹਿਲੀ ਟਰਾਂਸਪੋਰਟ ਸੀ। ਏਸੇ ਲਈ ਤਾਂ ਉਸ ਸਮੇਂ ਦੀਆਂ ਸ਼ੌਕੀਨਣਾਂ ਯੱਕੇ ਦੀ ਸਵਾਰੀ ਕਰਨ ਲੱਗੀਆਂ–

ਬੰਤੋ ਸ਼ੁਕੀਨ ਹੋ ਗਈ,<br>
ਬੋਤਾ ਛੱਡ ਕੇ ਯੱਕੇ ਤੇ ਚੜ੍ਹਦੀ।

x x x x

ਯੱਕੇ ਵਾਲਿਆ ਯੱਕੇ ਨੂੰ ਤੋਰ ਵੇ,<br>
ਮੈਂ ਪਿੰਡ ਚੱਲੀ ਸਹੁਰਿਆਂ ਦੇ।

ਕਈ ਮਨਚਲੇ ਟਾਂਗੇ ਵਾਲੇ ਪੈਦਲ ਜਾਂਦੀ ਮੁਟਿਆਰ ਨੂੰ ਆਪਣੇ ਟਾਂਗੇ ਵਿਚ ਬੈਠਣ ਲਈ ਵੀ ਪ੍ਰੇਰਦੇ ਹੁੰਦੇ ਸਨ–

ਨੀ ਸੋਹਣੀਏ! ਮਨ-ਮੋਹਣੀਏ!<br>
ਮੇਰੇ ਤਾਂਗੇ ਤੇ ਚੜ੍ਹ ਆ,<br>
ਪੈਦਲ ਨਾ ਜਾਈਂ ਨੀ।

ਤਾਂਗਿਆਂ ਤੋਂ ਬਾਅਦ ਭਾਫ਼ ਨਾਲ ਚੱਲਣ ਵਾਲੀਆਂ ਲਾਰੀਆਂ/ਮੋਟਰਾਂ ਚੱਲੀਆਂ। ਫੇਰ ਪਟਰੋਲ ਤੇ ਡੀਜ਼ਲ ਵਾਲੀਆਂ ਬੱਸਾਂ ਦੀ ਈਜਾਦ ਹੋਈ । ਜਦ ਅੰਗਰੇਜ਼ਾਂ ਨੇ ਭਾਰਤ ਤੇ ਕਬਜ਼ਾ ਕੀਤਾ ਤਾਂ ਰੇਲ ਗੱਡੀਆਂ ਹੋਂਦ ਵਿਚ ਆਈਆਂ। ਤਾਂਗਿਆਂ ਨਾਲੋਂ ਰੇਲ ਗੱਡੀਆਂ ਦੀ ਰਫ਼ਤਾਰ ਬਹੁਤ ਤੇਜ ਸੀ। ਏਸ ਲਈ ਕਈ ਸੱਜ-ਵਿਆਹੀਆਂ ਮੁਟਿਆਰਾਂ ਤਾਂਗੇ ਦੀ ਹੌਲੀ ਤੋਰ ਤੋਂ ਤੰਗ ਆ ਕੇ, ਅੱਕ ਕੇ ਤਾਂਗੇ ਵਾਲੇ ਨੂੰ ਤੇ ਘੋੜੇ ਨੂੰ ਕੋਸਦੀਆਂ ਹੁੰਦੀਆਂ ਸਨ–

ਘੋੜਾ ਮਰ ਜੇ ਯੱਕੇ ਵਾਲਿਆ ਤੇਰਾ,<br>
ਯੱਕੇ ਦੀਆਂ ਹੋਣ ਫਾੜੀਆਂ।



Academy of the Punjab in North America: http://www.apnaorg.com

ਤਾਂਗੇ ਵਾਲਾ ਵੀ ਉਸ ਦੀ ਨਕੌੜ ਨਹੀਂ ਝੱਲਦਾ ਸੀ। ਕਿਉਂ ਜੋ ਤਾਂਗੇ ਵਾਲੇ ਨੂੰ ਆਪਣੇ ਤਾਂਗੇ 'ਤੇ ਮਾਣ, ਫ਼ਖ਼ਰ ਹੁੰਦਾ ਸੀ। ਏਸੇ ਕਰਕੇ ਉਹ ਮੁਟਿਆਰ ਨੂੰ ਮੋੜਵਾਂ ਜਵਾਬ ਦਿੰਦਾ ਕਹਿ ਉੱਠਦਾ ਸੀ–

ਮੇਰੇ ਤਾਂਗੇ ਨੇ ਮੜਕ ਨਾਲ ਤੁਰਨਾ,
ਕਾਹਲੀ ਐਂ ਤਾਂ ਰੇਲ ਚੜ੍ਹ ਜਾ।
ਮੜਕ ਤਾਂ ਪੰਜਾਬੀਆਂ ਦੇ ਖ਼ੂਨ ਵਿਚ ਰਚੀ ਹੋਈ ਹੈ।

ਹੁਣ ਮੈਂ ਤੁਹਾਨੂੰ ਤਾਂਗੇ ਦੀ ਬਣਤਰ ਬਾਰੇ ਦੱਸਣ ਜਾ ਰਿਹਾ ਹਾਂ। ਸਭ ਤੋਂ ਹੇਠਾਂ ਤਾਂਗੇ ਦਾ ਫ਼ਰਸ਼ ਹੁੰਦਾ ਸੀ। ਫਰਸ਼ 8 ਕੁ ਫੁੱਟ ਲੰਮਾ ਤੇ 4 ਕੁ ਫੁੱਟ ਚੌੜਾ ਹੁੰਦਾ ਸੀ। ਇਸ ਫਰਸ਼ ਦੀ ਲੰਬਾਈ ਵਾਲੇ ਦੋਵੇਂ ਪਾਸਿਆਂ ਦੇ ਕਿਨਾਰਿਆਂ ਦੇ ਵਿਚਕਾਰ ਜਿਹੇ ਦੋ ਕੁ ਫੁੱਟ ਉੱਚੀਆਂ ਲਰਾਂ ਲੱਗੀਆਂ ਹੁੰਦੀਆਂ ਸਨ। ਏਸ ਲਰਾਂ ਉਪਰ ਹੀ 11 ਕੁ ਫੁੱਟ ਲੰਮੇ ਬਾਂਸ ਪੱਤੀਆਂ ਨਾਲ ਫਿੱਟ ਕੀਤੇ ਹੁੰਦੇ ਸਨ। ਇਨ੍ਹਾਂ ਬਾਂਸਾਂ ਦੇ ਵਿਚਾਲੇ ਹੀ ਘੋੜਾ ਜੋੜਿਆ ਜਾਂਦਾ ਸੀ। ਫਰਸ਼ ਦੇ ਅਗਲੇ ਹਿੱਸੇ ਤੇ ਜਿੱਥੇ ਘੋੜਾ ਜੋੜਿਆ ਜਾਂਦਾ ਸੀ, ਉਥੇ 9 ਕੁ ਇੰਚ ਚੌੜੀ ਤੇ 4 ਕੁ ਫੁੱਟ ਲੰਮੀ ਫੱਟੀ ਲੱਗੀ ਹੁੰਦੀ ਸੀ, ਜਿਸ ਨੂੰ ਡਾਂਡੀਆ ਕਹਿੰਦੇ ਸਨ। ਏਸ ਫੱਟੀ ਉਪਰ ਇਕ ਹੋਰ ਫੱਟਾ ਇਕ ਫੁੱਟ ਕੁ ਚੌੜਾ ਤੇ 4 ਕੁ ਫੁੱਟ ਲੰਮਾ ਲੱਗਿਆ ਹੁੰਦਾ ਸੀ, ਜਿਸ ਨੂੰ ਪੱਖਾ ਕਹਿੰਦੇ ਸਨ। ਏਸ ਪੱਖੇ ਉਪਰ ਲੋਹੇ ਦਾ ਜੰਗਲਾ ਲੱਗਿਆ ਹੁੰਦਾ ਸੀ। ਏਸ ਜੰਗਲੇ ਨੂੰ ਫੜ ਕੇ ਸਵਾਰੀਆਂ ਤਾਂਗੇ ਵਿਚ ਬੈਠਦੀਆਂ ਸਨ। ਫਰਸ਼ ਦੇ ਪਿਛਲੇ ਪਾਸੇ ਵੀ ਲੋਹੇ ਦਾ ਜੰਗਲਾ ਲੱਗਿਆ ਹੁੰਦਾ ਸੀ। ਏਸ ਜੰਗਲੇ ਉਪਰ ਸਵਾਰੀਆਂ ਆਪਣੇ ਪੈਰ ਰੱਖ ਲੈਂਦੀਆਂ ਸਨ।

ਦੋਵੇਂ ਪਾਸੇ ਦੇ ਬਾਂਸਾਂ ਦੇ ਨਾਲ ਪੱਖੇ ਤੋਂ ਬਾਹਰ ਇਕ ਪਤਲੀ ਜਿਹੀ ਇਕ ਫੁੱਟ ਕੁ ਚੌੜੀ ਤੇ ਡੇਢ ਕੁ ਫੁੱਟ ਲੰਮੀ ਫੱਟੀ ਲੱਗੀ ਹੁੰਦੀ ਸੀ, ਜਿਸ ਨੂੰ ਟਿੱਕਟਿਕੀ ਕਹਿੰਦੇ ਸਨ। ਇਕ ਪਾਸੇ ਦੀ ਟਿੱਕਟਿਕੀ ਤੇ ਤਾਂਗਾ ਚਲਾਉਣ ਵਾਲਾ ਆਪ ਬੈਠਦਾ ਹੁੰਦਾ ਸੀ, ਦੂਸਰੇ ਪਾਸੇ ਦੀ ਟਿਕਟਿਕੀ 'ਤੇ ਜੇਕਰ ਤਾਂਗੇ ਵਿਚ ਸਵਾਰੀਆਂ ਜ਼ਿਆਦਾ ਹੋ ਜਾਂਦੀਆਂ ਸਨ ਤਾਂ ਇਕ ਸਵਾਰੀ ਬਹਿ ਜਾਂਦੀ ਸੀ। ਟਿਕਟਿਕੀ ਦੇ ਪਿਛੇ ਤੇ ਤਾਂਗੇ ਦੇ ਦੋਵੇਂ ਪਹੀਆਂ ਉਪਰ ਇਕ ਫੁੱਟ ਕੁ ਦੀਆਂ ਚੌੜੀਆਂ ਫੱਟੀਆਂ ਲੱਗੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਬਗਲ ਕਹਿੰਦੇ ਸਨ। ਬਗਲ ਇਕ ਕਿਸਮ ਦੇ ਤਾਂਗੇ ਦੇ ਮੱਡਗਾਰਡ ਹੁੰਦੇ ਸਨ।

ਫ਼ਰਸ਼ ਦੇ ਅਗਲੇ ਹਿੱਸੇ ਵਿਚ ਤੇ ਬਾਂਸਾਂ ਦੇ ਅੰਦਰ ਜਿਹੇ ਕਰਕੇ ਦੋ ਹੁੱਕਾਂ ਲੱਗੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਜੋਤਰ ਕਹਿੰਦੇ ਸਨ। ਇਨ੍ਹਾਂ ਹੁੱਕਾਂ/ਜੋਤਰ ਵਿਚ ਹੀ ਤਾਂਗੇ ਨੂੰ ਖਿੱਚਣ ਲਈ ਘੋੜੇ ਦੀ ਚਾਲ ਪਾਈ ਹੁੰਦੀ ਸੀ। ਪਹੀਆਂ ਦੇ ਅਗਲੇ ਤੇ ਪਿਛਲੇ ਪਾਸੇ ਫ਼ਰਸ਼ ਵਿਚ ਲੋਹੇ ਦੀ ਚਾਰ ਕਾਇਦਾਨ ਲੱਗੇ ਹੁੰਦੇ ਸਨ, ਜਿਨ੍ਹਾਂ ਉਪਰ



ਪੈਰ ਰੱਖ ਕੇ ਸਵਾਰੀਆਂ ਤਾਂਗੇ ਵਿਚ ਚੜ੍ਹਦੀਆਂ ਸਨ।

ਫ਼ਰਸ਼ ਦੇ ਵਿਚਕਾਰ ਤੇ ਫ਼ਰਸ਼ ਤੋਂ ਦੋ ਕੁ ਫੁੱਟ ਉੱਚਾ ਕਰਕੇ ਲੱਕੜ ਦਾ ਇਕ ਚਾਰ ਕੁ ਫੁੱਟ ਲੰਮਾ ਤੇ ਤਿੰਨ ਕੁ ਫੁੱਟ ਚੌੜਾ ਫੱਟਾ ਲੱਗਿਆ ਹੁੰਦਾ ਸੀ, ਜਿਸ ਨੂੰ ਬੈਠਕ ਕਹਿੰਦੇ ਸਨ। ਏਸ ਬੈਠਕ ਉਪਰ ਹੀ ਸਵਾਰੀਆਂ ਦੇ ਬੈਠਣ ਲਈ ਸੀਟਾਂ ਲਾਈਆਂ ਹੁੰਦੀਆਂ ਸਨ। ਇਨ੍ਹਾਂ ਸੀਟਾਂ ਦੇ ਵਿਚਕਾਰ ਤੇ ਬੈਠਕ ਦੇ ਉਪਰ ਇਕ, ਇਕ ਫੁੱਟ ਕੁ ਦੀ ਫੱਟੀ ਲਾਈ ਹੁੰਦੀ ਸੀ, ਜਿਹੜੀ ਸੀਟਾਂ ਨੂੰ ਦੋ ਹਿੱਸਿਆਂ ਵਿਚ ਵੰਡਦੀ ਸੀ। ਏਸ ਫੱਟੀ ਨੂੰ ਢੂਹ ਕਹਿੰਦੇ ਸਨ। ਇਨ੍ਹਾਂ ਸੀਟਾਂ ਉਪਰ ਆਮ ਤੌਰ ਤੇ ਛੇ ਸਵਾਰੀਆਂ ਬੈਠਦੀਆਂ ਸਨ। ਤਿੰਨ ਅਗਲੇ ਪਾਸੇ ਤੇ ਤਿੰਨ ਪਿਛਲੇ ਪਾਸੇ। ਅਗਲੀਆਂ ਤੇ ਪਿਛਲੀਆਂ ਸਵਾਰੀਆਂ ਦੀਆਂ ਆਪਸ ਵਿਚ ਪਿੱਠਾਂ ਲੱਗਣ ਤੋਂ ਇਹ ਢੂਹ ਹੀ ਰੋਕਦੀ ਹੁੰਦੀ ਸੀ। ਬੈਠਕ ਦੇ ਹੇਠਲੇ ਹਿੱਸੇ ਵਿਚ ਸਵਾਰੀਆਂ ਆਪਣਾ ਸਮਾਨ ਰੱਖ ਲੈਂਦੀਆਂ ਸਨ। ਬੈਠਕ ਦੇ ਏਸ ਹਿੱਸੇ ਵਿਚ ਹੀ ਘੋੜੇ ਦਾ ਦਾਣਾ ਤੇ ਘਾਹ ਰੱਖਿਆ ਹੁੰਦਾ ਸੀ।

ਫ਼ਰਸ਼ ਦੇ ਸਾਰੇ ਹਿੱਸੇ ਉਪਰ ਟੱਪ (ਛੱਤ) ਪਾਈ ਹੁੰਦੀ ਸੀ। ਇਹ ਟੱਪ ਲੱਕੜ ਦੇ ਫਰੇਮ ਉਪਰ ਬਣਾਇਆ ਜਾਂਦਾ ਸੀ। ਫਰੇਮ ਵਿਚ ਚਾਰ ਲੱਕੜਾਂ ਲੱਗੀਆਂ ਹੁੰਦੀਆਂ ਸਨ। ਇਨ੍ਹਾਂ ਲੱਕੜਾਂ ਦੇ ਦੋਵੇਂ ਸਿਰਿਆਂ ਨੂੰ ਥੋੜ੍ਹੀ ਜਿਹੀ ਕਰਵ (ਟੇਢ) ਦਿੱਤੀ ਹੁੰਦੀ ਸੀ। ਇਕ ਇਕ ਲੱਕੜ ਟੱਪ ਦੇ ਅਗਲੇ ਤੇ ਪਿਛਲੇ ਕਿਨਾਰੇ ਵਿਚ ਲੱਗੀ ਹੁੰਦੀ ਸੀ ਤੇ ਦੋ ਲੱਕੜਾਂ ਟੱਪ ਦੇ ਵਿਚਾਲੇ ਥੋੜ੍ਹੇ ਥੋੜ੍ਹੇ ਫ਼ਾਸਲੇ ਤੇ ਲਾਈਆਂ ਹੁੰਦੀਆਂ ਸਨ। ਇਨ੍ਹਾਂ ਲੱਕੜਾਂ ਉਪਰ ਮੋਟਾ ਖ਼ਾਕੀ ਰੰਗ ਦਾ ਕੱਪੜਾ ਟੋਪੀ ਵਾਲੀਆਂ ਪਿੰਨਾਂ ਨਾਲ ਫਿੱਟ ਕੀਤਾ ਹੁੰਦਾ ਸੀ। ਟੱਪ ਵਿਚ ਲਾਈਆਂ ਫਰੇਮ ਦੀਆਂ ਦੋ ਦੋ ਫੱਟੀਆਂ ਦੇ ਬਾਹਰਲੇ ਪਾਸੇ ਨਾਲ ਕੈਂਚੀ ਦੀ ਤਰ੍ਹਾਂ ਲੋਹੇ ਦੀਆਂ ਪੱਤੀਆਂ ਲਾਈਆਂ ਹੁੰਦੀਆਂ ਸਨ। ਇਨ੍ਹਾਂ ਪੱਤੀਆਂ ਨੂੰ ਫ਼ਰਸ਼ ਵਿਚ ਲੱਗੀਆਂ ਲਰਾਂ ਨਾਲ ਫਿੱਟ ਕੀਤਾ ਹੁੰਦਾ ਸੀ। ਇਨ੍ਹਾਂ ਪੱਤੀਆਂ ਸਦਕਾ ਹੀ ਟੱਪ ਨੂੰ ਲੋੜ ਅਨੁਸਾਰ ਤਾਣਿਆ ਜਾ ਸਕਦਾ ਸੀ ਤੇ 'ਕੱਠਾ ਕੀਤਾ ਜਾ ਸਕਦਾ ਸੀ।

ਫ਼ਰਸ਼ ਦੇ ਹੇਠਾਂ ਧੁਰਾ ਪੱਤੀਆਂ ਨਾਲ ਫਿੱਟ ਕੀਤਾ ਹੁੰਦਾ ਸੀ। ਫ਼ਰਸ਼ ਨਾਲ ਤੇ ਧੁਰੇ ਨਾਲ ਕਮਾਨੀਆਂ ਰਕਾਬ ਨਾਲ ਫਿੱਟ ਕੀਤੀਆਂ ਹੁੰਦੀਆਂ ਸਨ। ਧੁਰੇ ਵਿਚ ਪਹੀਏ ਪਾਏ ਹੁੰਦੇ ਸਨ। ਪਹੀਏ ਪਾਉਣ ਤੋਂ ਬਾਅਦ ਚੰਮ ਦੀ ਇਕ ਬਾਂਸਲ ਪਾਈ ਜਾਂਦੀ ਸੀ। ਧੁਰੇ ਦੇ ਬਾਹਰਲੇ ਹਿੱਸੇ ਵਿਚ ਗਲੀਆਂ ਹੁੰਦੀਆਂ ਸਨ। ਬਾਂਸਲ ਪਾਉਣ ਤੋਂ ਬਾਅਦ ਧੁਰੇ ਦੀਆਂ ਇਨ੍ਹਾਂ ਗਲੀਆਂ ਵਿਚ ਲੋਹੇ ਦੀਆਂ ਬਣੀਆਂ ਹੋਈਆਂ ਪਿੰਨਾਂ ਲਾ ਦਿੱਤੀਆਂ ਜਾਂਦੀਆਂ ਸਨ। ਇਹ ਪਿੰਨਾਂ ਹੀ ਪਹੀਏ ਨੂੰ ਧੁਰੇ ਤੋਂ ਬਾਹਰ ਨਹੀਂ ਨਿਕਲਣ ਦਿੰਦੀਆਂ ਸਨ। ਤਾਂਗੇ ਦੇ ਪਹੀਏ ਵੀ ਉਸ ਤਰ੍ਹਾਂ ਬਣਾਏ ਜਾਂਦੇ ਸਨ,



Academy of the Punjab in North America: http://www.apnaorg.com

ਜਿਸ ਤਰ੍ਹਾਂ ਗੱਡੇ ਦੇ ਪਹੀਏ ਬਣਦੇ ਸਨ। ਫ਼ਰਕ ਸਿਰਫ਼ ਇਹ ਹੁੰਦਾ ਸੀ, ਜਿਥੇ ਗੱਡੇ ਦੇ ਪਹੀਏ ਮੋਟੇ ਆਕਾਰ ਦੇ ਹੁੰਦੇ ਸਨ, ਉਥੇ ਤਾਂਗੇ ਦੇ ਪਹੀਏ ਪਤਲੇ ਆਕਾਰ ਦੇ ਹੁੰਦੇ ਸਨ। ਪਹੀਆਂ ਦੇ ਵਿਚਾਲੇ ਮੋਟੀ ਲੱਕੜ ਲੱਗੀ ਹੁੰਦੀ ਸੀ, ਜਿਸ ਨੂੰ ਨਾਭ ਕਹਿੰਦੇ ਸਨ। ਏਸ ਨਾਭ ਵਿਚ ਹੀ ਤਾਂਗੇ ਦਾ ਧੁਰਾ ਫਿੱਟ ਕੀਤਾ ਜਾਂਦਾ ਸੀ। ਨਾਭ ਵਿਚ ਲੱਕੜ ਦੇ ਪਤਲੇ ਪਤਲੇ ਗਜ਼ ਪਾਏ ਜਾਂਦੇ ਸਨ। ਇਨ੍ਹਾਂ ਗਜ਼ਾਂ ਉਪਰ ਗੋਲ ਕਰਕੇ ਲੱਕੜ ਲਾਈ ਹੁੰਦੀ ਸੀ, ਜਿਸ ਨੂੰ ਪੁੱਠੀਆਂ ਕਹਿੰਦੇ ਸਨ। ਇਹ ਪੁੱਠੀਆਂ ਲੱਗ ਕੇ ਹੀ ਪਹੀਆ ਬਣਦਾ ਸੀ। ਪਹੀਏ ਨੂੰ ਮਜ਼ਬੂਤੀ ਦੇਣ ਲਈ ਤੇ ਘਸਾਈ ਤੋਂ ਬਚਾਉਣ ਲਈ ਪਹੀਆਂ ਉਪਰ ਲੋਹੇ ਦੀ ਪੱਤਰੀ ਗਰਮ ਕਰਕੇ ਚੜ੍ਹਾਈ ਜਾਂਦੀ ਸੀ, ਜਿਸ ਨੂੰ ਹਾਲ ਕਹਿੰਦੇ ਸਨ। ਕਈ ਇਲਾਕਿਆਂ ਵਿਚ ਇਸ ਨੂੰ ਚੈਨ ਵੀ ਕਹਿੰਦੇ ਸਨ। ਇਸ ਤਰ੍ਹਾਂ ਤਾਂਗਾ ਬਣਦਾ ਸੀ।

ਘੋੜੇ ਦੀ ਪਿੱਠ ਉਪਰ ਚਾਲ ਪਾਈ ਹੁੰਦੀ ਸੀ। ਚਾਲ ਚਮੜੇ ਦੀ ਬਣੀ ਹੁੰਦੀ ਸੀ। ਏਸ ਚਾਲ ਨੂੰ ਤਾਂਗੇ ਵਿਚ ਲੱਗੀ ਜੋਤਰ ਵਿਚ ਪਾ ਕੇ ਘੋੜਾ ਤਾਂਗੇ ਨੂੰ ਖਿੱਚਦਾ ਸੀ। ਚਾਲ ਨੂੰ ਬਣਾਉਣ ਲਈ ਲੋਹੇ ਦਾ ਇਕ ਹੰਨਾ ਲਿਆ ਜਾਂਦਾ ਸੀ। ਹੰਨਾ ਇਕ ਫੁੱਟ ਕੁ ਦਾ ਸੈਮੀ ਸਰਕਲ ਹੁੰਦਾ ਸੀ। ਇਸ ਹੰਨੇ ਦੇ ਦੋਵੇਂ ਕਿਨਾਰਿਆਂ ਤੇ ਚਮੜੇ ਦੇ ਦੋ ਪੈਡ ਜਿਹੇ ਲੱਗੇ ਹੁੰਦੇ ਸਨ। ਏਹ ਪੈਡ ਘੋੜੇ ਦੀ ਗਰਦਨ ਦੇ ਦੋਵੇਂ ਪਾਸੇ ਆ ਜਾਂਦੇ ਸਨ। ਘੋੜੇ ਦੇ ਪੇਟ ਹੇਠ ਚਾਲ ਦੇ ਦੋ ਭਾਰਕਸ, ਇਕ ਵੱਡਾ, ਇਕ ਛੋਟਾ ਲੱਗਿਆ ਹੁੰਦਾ ਸੀ। ਚਾਲ ਵਿਚ ਇਕ ਛੀਨਾਬੰਦ ਲੱਗਿਆ ਹੁੰਦਾ ਸੀ। ਘੋੜੇ ਦੀ ਪੂੰਛ ਹੇਠ ਚਾਲ ਦੀ ਦੁੰਮਚੀ ਪਾਈ ਹੁੰਦੀ ਸੀ। ਚਾਲ ਨੂੰ ਬਾਂਸਾਂ ਦੇ ਸਿਰੇ ਨਾਲ ਜੋੜਨ ਲਈ ਢੁੰਗੀ ਲੱਗੀ ਹੁੰਦੀ ਸੀ।

ਘੋੜੇ ਨੂੰ ਚਲਾਉਣ ਵਾਸਤੇ ਘੋੜੇ ਦੇ ਮੂੰਹ ਵਿਚ ਕੰਡਿਆਲਾ ਪਾਇਆ ਹੁੰਦਾ ਸੀ। ਕੰਡਿਆਲੇ ਦੇ ਦੋ ਬਾਗਾਂ ਲੱਗੀਆਂ ਹੁੰਦੀਆਂ ਸਨ। ਇਹ ਬਾਗਾਂ ਰਾਹੀਂ ਹੀ ਘੋੜੇ ਨੂੰ ਕੰਟਰੋਲ ਕੀਤਾ ਜਾਂਦਾ ਸੀ। ਇਨ੍ਹਾਂ ਬਾਗਾਂ ਨੂੰ ਲਗਾਮ ਕਹਿੰਦੇ ਸਨ। ਕੰਡਿਆਲੇ ਦਾ ਜਿਹੜਾ ਹਿੱਸਾ ਘੋੜੇ ਦੇ ਸਿਰ ਉਪਰ ਆਉਂਦਾ ਸੀ, ਉਸ ਵਿਚ ਕਲਗੀ ਲੱਗੀ ਹੁੰਦੀ ਸੀ। ਘੋੜੇ ਨੂੰ ਚਲਾਉਣ ਲਈ ਤਾਂਗੇ ਵਾਲੇ ਦੇ ਹੱਥ ਵਿਚ ਛਾਂਟਾ ਫੜਿਆ ਹੁੰਦਾ ਸੀ, ਜਿਸ ਨੂੰ ਮੋਹਰ ਛੜੀ ਕਹਿੰਦੇ ਸਨ।

ਪਹਿਲਾਂ ਤਾਂਗੇ/ਯੱਕੇ ਹਰ ਬੜੇ ਪਿੰਡ, ਕਸਬੇ ਤੇ ਸ਼ਹਿਰਾਂ ਵਿਚ ਚਲਦੇ ਸਨ। ਹੁਣ ਤੁਹਾਨੂੰ ਪੰਜਾਬ ਦੀ ਕਿਸੇ ਵੀ ਸੜਕ 'ਤੇ ਤਾਂਗਾ ਚਲਦਾ ਨਹੀਂ ਮਿਲੇਗਾ। ਹਾਂ, ਸ਼ਹਿਰਾਂ ਵਿਚ ਬਰਾਤਾਂ ਸਮੇਂ ਲਾੜੇ ਨੂੰ ਘੋੜੀ ਤੇ ਬਿਠਾਉਣ ਦਾ ਰਿਵਾਜ ਅਜੇ ਵੀ ਇੱਕਾ ਦੁੱਕਾ ਚਲ ਰਿਹਾ ਹੈ। ਏਸ ਲਈ ਜਿਨ੍ਹਾਂ ਪਰਿਵਾਰਾਂ ਨੇ ਇਹ ਘੋੜੇ ਰੱਖੇ ਹੋਏ ਸਨ, ਉਨ੍ਹਾਂ ਪਰਿਵਾਰਾਂ ਨੇ ਜ਼ਰੂਰ ਤਾਂਗੇ ਰੱਖੇ ਹੋਏ ਹਨ। ਪਰ ਉਹ ਇਨ੍ਹਾਂ ਤਾਂਗਿਆ



ਦੀ ਵਰਤੋਂ ਲਾੜਿਆਂ ਦੇ ਘਰਾਂ ਤੱਕ ਜਾਂ ਪੈਲਸਾਂ ਤੱਕ ਪਹੁੰਚਣ ਲਈ ਹੀ ਕਰਦੇ ਹਨ।

ਤਾਂਗੇ ਹੁਣ ਪੰਜਾਬ ਦੀ ਆਵਾਜਾਈ ਦੇ ਸਾਧਨ ਵਜੋਂ ਬਿਲਕੁਲ ਅਲੋਪ ਹੋ ਗਏ ਹਨ।

0

## ਚਿੱਠੀਆਂ

ਚਿੱਠੀਆਂ ਮਿਤਰ ਪਿਆਰਿਆਂ, ਦਿਲਜਾਨੀਆਂ, ਸਾਕ ਸਬੰਧੀਆਂ ਨਾਲ ਅੱਧਾ ਮਿਲਾਪ ਕਰਾ ਦਿੰਦੀਆਂ ਸਨ। ਪੂਰਾ ਮਿਲਾਪ ਏਸ ਕਰ ਕੇ ਨਹੀਂ ਹੁੰਦਾ ਸੀ ਕਿਉਂ ਜੋ ਚਿੱਠੀ ਮੂੰਹੋਂ ਨਹੀਂ ਬੋਲ ਸਕਦੀ ਸੀ-

ਬੈਠ ਚੁਬਾਰੇ ਨੀ ਮੈਂ ਚਿੱਠੀ ਨੂੰ ਫੋਲਦੀ,<br>ਇਕ ਦੁੱਖ ਡਾਢਾ, ਚਿੱਠੀ ਮੂੰਹੋਂ ਨਹੀਂ ਬੋਲਦੀ।

ਚਿੱਠੀਆਂ ਦਿਲਾਂ ਦੀਆਂ ਦੂਰੀਆਂ ਖ਼ਤਮ ਕਰਦੀਆਂ ਸਨ। ਚਿੱਠੀਆਂ ਆਉਣੀਆਂ ਵਸਦੇ ਘਰਾਂ ਦੀਆਂ ਨਿਸ਼ਾਨੀਆਂ ਸਨ। ਚਿੱਠੀਆਂ ਦਾ ਇਕ ਸੁਨਹਿਰੀ ਯੁੱਗ ਰਿਹਾ ਹੈ। ਪੰਡਤ ਜਵਾਹਰ ਲਾਲ ਨਹਿਰੂ ਵਲੋਂ ਆਪਣੀ ਧੀ ਇੰਦਰਾ ਗਾਂਧੀ ਨੂੰ ਲਿਖੀਆਂ ਚਿੱਠੀਆਂ ਤੋਂ ਹਰ ਵਿਅਕਤੀ ਵਾਕਫ਼ ਹੈ। ਪੁਰਾਣੇ ਸਮਿਆਂ ਵਿਚ ਚਿੱਠੀਆਂ ਪਹੁੰਚਾਣ ਦੇ ਵੱਖ-ਵੱਖ ਸਾਧਨ ਰਹੇ ਹਨ। ਰਾਜਿਆਂ, ਬਾਦਸ਼ਾਹਾਂ ਦੇ ਰਾਜ ਸਮੇਂ ਕੁਝ ਮਿਥੀ ਦੂਰੀ ਤੇ ਚਿੱਠੀਆਂ ਪਹੁੰਚਾਉਣ ਲਈ ਹਲਕਾਰੇ ਰੱਖੇ ਹੁੰਦੇ ਸਨ, ਜਿਨ੍ਹਾਂ ਕੋਲ ਤੇਜ਼ ਤਰਾਰ ਘੋੜੇ ਹੁੰਦੇ ਸਨ। ਇਕ ਹਲਕਾਰਾ ਘੋੜੇ ਤੇ ਚਿੱਠੀ ਲੈ ਕੇ ਦੂਜੀ ਥਾਂ ਨਿਯੁਕਤ ਘੋੜੇ ਸਮੇਤ ਖੜੇ ਹਲਕਾਰੇ ਕੋਲ ਪਹੁੰਚਦਾ ਸੀ। ਏਸੇ ਤਰ੍ਹਾਂ ਫਿਰ ਦੂਸਰਾ ਘੋੜੇ ਵਾਲਾ ਤੀਜੇ ਕੋਲ ਪਹੁੰਚਦਾ ਸੀ। ਏਸ ਤਰ੍ਹਾਂ ਅੱਗੇ ਤੋਂ ਅੱਗੇ ਚਲਦੇ ਰਹਿੰਦੇ ਸਨ। ਇਹ ਚਿੱਠੀਆਂ ਪਹੁੰਚਾਉਣ ਦੀ ਵਿਧੀ ਨੂੰ ਤੁਸੀਂ ਅੱਜ ਦੀ ਰੀਲੇਅ ਰੇਸ ਨਾਲ ਤੁਲਨਾ ਕਰ ਸਕਦੇ ਹੋ। ਚਿੱਠੀਆਂ ਪਹੁੰਚਾਉਣ ਦੇ ਏਸ ਢੰਗ ਨਾਲ ਹੀ ਦਿੱਲੀ ਦੇ ਬਾਦਸ਼ਾਹ ਦੀਆਂ ਚਿੱਠੀਆਂ ਹਿੰਦੁਸਤਾਨ ਦੇ ਚਾਰੇ ਕੋਨਿਆਂ ਵਿਚ ਨਿਯੁਕਤ ਸੂਬੇਦਾਰਾਂ ਕੋਲ ਬਹੁਤ ਘੱਟ ਸਮੇਂ ਵਿਚ ਪਹੁੰਚ ਜਾਂਦੀਆਂ ਸਨ।






Academy of the Punjab in North America: http://www.apnaorg.com

ਇਕ ਸਮਾਂ ਅਜੇਹਾ ਵੀ ਸੀ, ਜਦ ਕਬੂਤਰ, ਕਾਵਾਂ ਰਾਹੀਂ ਚਿੱਠੀਆਂ ਭੇਜੀਆਂ ਜਾਣ ਲੱਗੀਆਂ। ਕਬੂਤਰ, ਕਾਂ ਪਿਆਰ ਦੀਆਂ ਚਿੱਠੀਆਂ ਵੀ ਲੈ ਕੇ ਜਾਂਦੇ ਸਨ। ਦੂਰ ਵਿਆਹੀ ਧੀ ਕਾਵਾਂ ਰਾਹੀਂ ਹੀ ਆਪਣੇ ਪੇਕਿਆਂ ਨੂੰ ਸੁਨੇਹੇ ਭੇਜਦੀ ਹੁੰਦੀ ਸੀ –

ਉੱਡਦਾ ਵੇ ਜਾਈਂ ਕਾਵਾਂ,
ਬਹਿੰਦੜਾ ਵੀ ਜਾਵੀਂ ਕਾਵਾਂ,
ਜਾਵੀਂ ਤੇ ਜਾਵੀਂ ਮੇਰੇ ਪੇਕੜੇ।
ਪਹਿਲਾ ਸੁਨੇਹੜਾ, ਮੇਰੀ ਮਾਂ ਰਾਣੀ ਨੂੰ ਦੇਵੀਂ,
ਦੂਜਾ ਭੈਣ ਭਰਾਵਾਂ।
ਤੀਜਾ ਸੁਨੇਹੜਾ ਮੇਰੇ ਪਿੱਪਲਾਂ ਨੂੰ ਦੇਵੀਂ,
ਜਿਥੇ ਮੈਂ ਪੀਘਾਂ ਪਾਵਾਂ।
ਚੌਥਾ ਸਨੇਹੜਾ ਸਹੇਲੀਆਂ ਨੂੰ ਦੇਵੀਂ,
ਜਿਨ੍ਹਾਂ ਨਾਲ ਖੇਡਣ ਜਾਵਾਂ।
ਪੰਜਵਾਂ ਸਨੇਹੜਾ ਮੇਰੇ ਕੰਤ ਨੂੰ ਦੇਵੀਂ,
ਜੀਹਦੇ ਨਾਲ ਲਈਆਂ ਲਾਵਾਂ।

ਢੋਲ ਸਿਪਾਹੀ ਨੂੰ ਵੀ ਸਨੇਹੇ ਦੇਣ ਲਈ ਕਾਵਾਂ ਨੂੰ ਲਾਲਚ ਦਿੱਤੇ ਜਾਂਦੇ ਸਨ।

ਚੁੰਝ ਤੇਰੀ ਵੇ ਕਾਲਿਆਂ ਕਾਵਾਂ,
ਸੋਨੇ ਨਾਲ ਮੜ੍ਹਾਵਾਂ।
ਜਾ ਆਖੀਂ ਮੇਰੇ ਢੋਲ ਸਿਪਾਹੀ ਨੂੰ,
ਨਿੱਤ ਮੈਂ ਔਂਸੀਆਂ ਪਾਵਾਂ।
ਖ਼ਬਰਾਂ ਲਿਆ ਕਾਵਾਂ,
ਤੈਨੂੰ ਘਿਉ ਦੀ ਚੂਰੀ ਖੁਆਵਾਂ।

ਪਹਿਲੇ ਸਮਿਆਂ ਵਿਚ ਕਬੂਤਰ ਰਾਜਿਆਂ, ਮਹਾਰਾਜਿਆਂ ਦੇ ਨੌਕਰ ਰੱਖੇ ਹੁੰਦੇ ਸਨ। ਚਾਹੇ ਇਨ੍ਹਾਂ ਨੌਕਰ ਕਬੂਤਰਾਂ ਨੂੰ ਤਨਖਾਹ ਤਾਂ ਨਹੀਂ ਦਿੱਤੀ ਜਾਂਦੀ ਸੀ, ਪਰ ਖ਼ੁਰਾਕ ਤੇ ਸਾਂਭ ਸੰਭਾਲ ਵਧੀਆ ਕੀਤੀ ਜਾਂਦੀ ਸੀ। ਅੱਜ ਵੀ ਉੜੀਸਾ ਸਰਕਾਰ ਕੋਲ ਕਬੂਤਰ ਰੱਖਿਆ ਦੀਆਂ ਖ਼ਬਰਾਂ ਤੁਸੀਂ ਅਖ਼ਬਾਰਾਂ ਵਿਚ ਜ਼ਰੂਰ ਪੜ੍ਹੀਆਂ ਹੋਣਗੀਆਂ। 1950–60 ਦੇ ਦਹਾਕੇ ਵਿਚ ਕੋਠੇ ਤੇ ਖੜੇ ਕੀਤੇ ਮੰਜਿਆਂ ਤੇ ਲੱਗੇ ਲਾਊਡ ਸਪੀਕਰਾਂ ਵਿਚ ਇਹ ਰੀਕਾਰਡ ਤੁਸੀਂ ਵੀ ਜ਼ਰੂਰ ਵੱਜਦਾ ਸੁਣਿਆ ਹੋਵੇਗਾ –

ਵਾਸਤਾ ਈ ਰੱਬ ਦਾ, ਤੂੰ ਜਾਈਂ ਵੇ ਕਬੂਤਰਾ!
ਚਿੱਠੀ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ!

ਕਬੂਤਰ ਦੋ ਕਿਸਮ ਦੇ ਹੁੰਦੇ ਸਨ/ਹਨ। ਇਕ ਗੋਲੇ ਕਬੂਤਰ ਹੁੰਦੇ ਸਨ/ਹਨ,



ਜਿਨ੍ਹਾਂ ਦਾ ਰੰਗ ਸੁਰਮਈ ਹੁੰਦਾ ਸੀ/ਹੈ। ਦੂਜੇ ਪਾਲਤੂ ਕਬੂਤਰ ਹੁੰਦੇ ਸਨ, ਜਿਨ੍ਹਾਂ ਦਾ ਰੰਗ ਚਿੱਟਾ, ਚਿੱਟੇ ਰੰਗ ਵਿਚ ਥੋੜ੍ਹੇ ਥੋੜ੍ਹੇ ਹੋਰ ਰੰਗਾਂ ਦੇ ਨਿਸ਼ਾਨ, ਨੀਲੇ, ਕਾਲੇ, ਫਿੱਕੇ ਲਾਲ ਰੰਗ ਦੇ ਹੁੰਦੇ ਸਨ/ਹਨ। ਇਹ ਕਬੂਤਰ ਲੰਮੀਆਂ ਉਡਾਰੀਆ ਮਾਰਦੇ ਸਨ।

ਪਹਿਲੇ ਸਮਿਆਂ ਵਿਚ ਜ਼ਿਆਦਾ ਨੌਕਰੀਆਂ ਫੌਜ ਦੀਆਂ ਹੁੰਦੀਆਂ ਸਨ। ਜਦ ਪਹਿਲੀ ਤੇ ਦੂਜੀ ਸੰਸਾਰ ਜੰਗ ਲੱਗੀ ਤਾਂ ਉਸ ਸਮੇਂ ਧੜਾ ਧੜ ਫੌਜ ਵਿਚ ਭਰਤੀ ਕੀਤੀ ਗਈ। ਥੋੜ੍ਹੀ ਜਿਹੀ ਸਿਖਲਾਈ ਦੇ ਕੇ ਫੌਜੀਆਂ ਨੂੰ ਜੰਗ ਦੇ ਫਰੰਟ ਤੇ ਭੇਜ ਦਿੱਤਾ ਜਾਂਦਾ ਸੀ। ਕਿਹੜਾ ਸਿਪਾਹੀ ਕਿਥੇ ਲੜ ਰਿਹਾ ਸੀ, ਕੋਈ ਪਤਾ ਨਹੀਂ ਹੁੰਦਾ ਸੀ। ਉਸ ਸਮੇਂ ਦਾ ਲੋਕ ਗੀਤ ਹੈ –

ਝਾਵਾਂ, ਝਾਵਾਂ, ਝਾਵਾਂ,
ਜੁੱਤੀ ਮੇਰੀ ਮਖਮਲ ਦੀ,
ਵਿਚ ਪੈਰ ਮੈਂ ਧੋ ਧੋ ਪਾਵਾਂ।
ਪੁੱਤ ਮੇਰੇ ਸਹੁਰੇ ਦਾ,
ਲੱਗੀ ਲਾਮ ਤੇ ਲਵਾ ਲਿਆ ਨਾਮਾ।
ਕੋਇਲਾਂ ਕੂਕ ਦੀਆਂ,
ਕਦੇ ਬੋਲ ਚੰਦਰਿਆ ਕਾਵਾਂ।
ਜਾਂਦਾ ਹੋਇਆ ਦੱਸ ਨਾ ਗਿਆ,
ਮੈਂ ਚਿੱਠੀਆਂ ਕਿੱਧਰ ਨੂੰ ਪਾਵਾਂ?

ਜੰਗ ਲੱਗੀ ਹੋਣ ਕਰਕੇ ਨਾ ਹੀ ਸਿਪਾਹੀਆਂ ਦੀਆਂ ਚਿੱਠੀਆਂ ਆਉਂਦੀਆਂ ਹੁੰਦੀਆਂ ਸਨ–

ਦੁਆਬੇ ਦੀ ਮੈਂ ਜੰਮੀ ਜਾਈ,
ਜੰਗਲ ਵਿਚ ਵਿਆਹੀ।
ਦੇਸ ਵਿਛੁਨੀ ਕੂੰਜ ਮੈਂ ਭੈਣੋਂ,
ਜੰਗ ਨੂੰ ਗਿਆ ਮੇਰਾ ਮਾਹੀ।
ਹਰਦਮ ਨੀਰ ਵਗੇ ਨੈਣਾਂ ’ਚੋਂ,
ਆਉਣ ਦੀ ਚਿੱਠੀ ਨਾ ਪਾਈ।

ਜੇਕਰ ਸਿਪਾਹੀ ਦੀ ਜੰਗ ਵਿਚੋਂ ਚਿੱਠੀ ਆ ਜਾਂਦੀ ਸੀ ਤਾਂ ਉਹ ਸਾਰੇ ਕੰਮ ਵਿਚੇ ਛੱਡ ਕੇ ਚਿੱਠੀ ਨੂੰ ਵਾਚਣ ਲੱਗ ਜਾਂਦੀ ਸੀ–

ਤੰਦੂਰੀ ਤਾਈ ਹੋਈ ਏ,
ਖਸਮਾਂ ਨੂੰ ਖਾਣ ਰੋਟੀਆਂ,
ਚਿੱਠੀ ਮਾਹੀਏ ਦੀ ਆਈ ਹੋਈ ਏ।



Academy of the Punjab in North America: http://www.apnaorg.com

x x x x

ਕਾਲੇ ਕਾਲੇ ਬਾਗਾਂ ਵਿਚ ਕੋਇਲ ਬੋਲਦੀ,
ਚਿੱਠੀ ਤਾਂ ਆ ਗਈ ਮੇਰੇ ਬਾਂਕੇ ਢੋਲ ਦੀ।

ਸਿਪਾਹੀ ਦੀ ਚਿੱਠੀ ਆਉਣ ਦੀ ਖ਼ੁਸ਼ੀ ਨੂੰ ਨੱਚ ਨੱਚ ਕੇ ਮਨਾਇਆ ਜਾਂਦਾ ਸੀ –

ਚੰਦ ਕੁਰ ਨੰਦ ਕੁਰ ਦੋਵੇਂ ਭੈਣਾਂ,
ਫੌਜੀਆਂ ਦੇ ਘਰੀਂ ਵਿਆਹੀਆਂ।
ਪਹਿਨ ਪੱਚਰ ਕੇ ਆਈਆਂ ਗਿੱਧੇ ਵਿਚ,
ਲੱਗਦੀਆਂ ਸੱਜ ਵਿਆਹੀਆਂ।
ਨੱਚ ਨੱਚ ਪੱਟੀ ਧਰਤੀ,
ਖ਼ੁਸ਼ੀਆਂ ਰਲ ਕੇ ਮਨਾਈਆਂ।
ਮਾਹੀ ਦੇ ਆਉਣ ਦੀਆਂ,
ਚਿੱਠੀਆਂ ਫੌਜ ਵਿਚੋਂ ਆਈਆਂ।

ਜਦੋਂ ਡਾਕੀਆ ਬਾਂਕੇ ਢੋਲ ਦੀ ਚਿੱਠੀ ਲਿਆਉਂਦਾ ਸੀ, ਤਾਂ ਡਾਕੀਏ ਨੂੰ ਖ਼ੁਸ਼ ਕਰਨ ਲਈ ਖੀਰ ਵੀ ਖਵਾਈ ਜਾਂਦੀ ਸੀ–

ਨੀ ਮੈਂ ਡਾਕੀਏ ਨੂੰ ਖੀਰ ਖੁਆਵਾਂ,
ਚਿੱਠੀ ਲੈ ਕੇ ਆਇਆ ਢੋਲ ਦੀ।

ਜੇਕਰ ਢੋਲ ਚਿੱਠੀ ਨਹੀਂ ਪਾਉਂਦਾ ਸੀ ਤਾਂ ਇਸ ਇਸ ਦਾ ਦੋਸ਼ ਕਈ ਵੇਰ ਜਨਾਨੀਆਂ ਡਾਕੀਏ ਨੂੰ ਦਿੰਦੀਆਂ ਸਨ। ਡਾਕੀਏ ਕਿਹੜਾ ਘੱਟ ਹੁੰਦੇ ਸਨ, ਉਹ ਤਰੁੰਤ ਮੋੜਵਾਂ ਜਵਾਬ ਦੇ ਦਿੰਦੇ ਸਨ–

ਤੇਰਾ ਸ਼ਾਮ ਚਿੱਠੀਆਂ ਨਾ ਪਾਵੇ,
ਡਾਕੀਏ ਨੂੰ ਦੋਸ਼ ਦਿੰਨੀ ਏ।

ਚਿੱਠੀ ਪੱਤਰ ਅਤੇ ਵੰਡਣ ਦਾ ਬਾਕਾਇਦਾ ਮਹਿਕਮਾ ਅੰਗਰੇਜ਼ਾਂ ਨੇ ਆ ਕੇ ਚਾਲੂ ਕੀਤਾ। ਉਨ੍ਹਾਂ ਸਮਿਆਂ ਵਿਚ ਪਿੰਡਾਂ ਵਿਚ ਨਾਮਾਤਰ ਹੀ ਪੜ੍ਹੇ ਹੋਏ ਮਿਲਦੇ ਸਨ। ਆਮ ਤੌਰ ਤੇ ਮੁਨਸ਼ੀ (ਮਾਸਟਰ) ਪਟਵਾਰੀਆਂ ਤੇ ਪੋਸਟ ਮੈਨਾਂ ਤੋਂ ਚਿੱਠੀਆਂ ਲਿਖਾਈਆਂ ਜਾਂਦੀਆਂ ਸਨ। ਇਨ੍ਹਾਂ ਤੋਂ ਹੀ ਆਈ ਚਿੱਠੀ ਨੂੰ ਪੜ੍ਹਾਇਆ ਜਾਂਦਾ ਸੀ–

ਮੁਣਸੀ ਮੇਰਾ ਖ਼ਤ ਲਿਖਦੇ,
ਖ਼ਤ ਲਿਖ ਦੇ ਸੱਜਣਾਂ ਦੇ ਨਾਂ।

x x x x

ਚਿੱਠੀ ਰਸਾਨਾ, ਚਿੱਠੀ ਦੇ ਜਾ ਘਰ ਆ ਕੇ,
ਮਾਹੀਏ ਦੀ ਚਿੱਠੀ ਜ਼ਰਾ ਜਾਵੀਂ ਸੁਣਾ ਕੇ।



ਚਿੱਠੀ ਨੂੰ ਉਰਦੂ ਵਿਚ ਖ਼ਤ ਕਹਿੰਦੇ ਹਨ। ਸੱਜਣਾਂ, ਪਿਆਰਿਆਂ, ਮਾਹੀ ਦੀਆਂ ਆਈਆਂ ਚਿੱਠੀਆਂ ਨੂੰ ਬਹੁਤ ਸਾਂਭ ਸਾਂਭ ਕੇ ਰੱਖਿਆ ਜਾਂਦਾ ਸੀ–

ਘੁੱਟ ਘੁੱਟ ਲਾਵਾਂ ਹਿੱਕ ਨੂੰ,
ਚਿੱਠੀ ਆਈ ਮੇਰੇ ਢੋਲ ਦੀ।

ਚਿੱਠੀਆਂ ਪਾਉਣੀਆਂ ਪਹਿਲਾਂ ਕਾਰਡ ਤੋਂ ਸ਼ੁਰੂ ਹੋਈਆਂ। ਜਵਾਬੀ ਕਾਰਡ (ਜੁੜਵੇਂ ਦੋ ਕਾਰਡ) ਵੀ ਹੁੰਦੇ ਸਨ/ਹਨ। ਜਵਾਬੀ ਕਾਰਡ ਵਿਚ ਪਹਿਲਾਂ ਹੀ ਐਡਰੈਸ ਲਿਖਿਆ ਹੁੰਦਾ ਸੀ/ਹੈ। ਸਿਰਫ਼ ਚਿੱਠੀ ਹੀ ਲਿਖਣੀ ਪੈਂਦੀ ਸੀ। ਚਿੱਠੀਆਂ ਪਾਉਣ ਲਈ ਫੇਰ ਬੰਦ ਲਿਫਾਫ਼ੇ ਸ਼ੁਰੂ ਹੋਏ। ਫੇਰ ਇਨਲੈਂਡ ਲੈਟਰ। ਜੋ ਚਿੱਠੀ ਪਾਟੇ ਕਾਰਡ ਤੇ ਲਿਖੀ ਹੁੰਦੀ ਸੀ, ਉਹ ਕਿਸੇ ਦੀ ਮੌਤ ਦੀ ਚਿੱਠੀ ਹੁੰਦੀ ਸੀ। ਏਸੇ ਤਰ੍ਹਾਂ ਸ਼ੁਰੂ ਸ਼ੁਰੂ ਵਿਚ ਆਈ ਤਾਰ (ਟੈਲੀਗ੍ਰਾਮ) ਵੀ ਮੌਤ ਦੀ ਹੀ ਸਮਝੀ ਜਾਂਦੀ ਸੀ।

ਹੁਣ ਚਿੱਠੀਆਂ ਦੀ ਥਾਂ ਟੈਲੀਫ਼ੂਨ, ਐਸ.ਐਮ.ਐਸ., ਈ.ਮੇਲ ਨੇ ਲੈ ਲਈ ਹੈ। ਪਹਿਲੇ ਸਮਿਆਂ ਵਿਚ ਜਿੰਨੀ ਤੀਬਰਤਾ, ਤਾਂਘ ਨਾਲ ਚਿੱਠੀਆਂ ਦੀ ਉਡੀਕ ਕੀਤੀ ਜਾਂਦੀ ਸੀ, ਹੁਣ ਟੈਲੀਫ਼ੂਨ ਦਾ ਇੰਤਜ਼ਾਰ ਕੀਤਾ ਜਾਂਦਾ ਹੈ। ਜੋ ਸੁਖਦ ਅਨੰਦ, ਧਰਵਾਸ ਚਿੱਠੀ ਦਿੰਦੀ ਸੀ, ਉਸ ਨੂੰ ਵਾਰ ਵਾਰ ਪੜ੍ਹਿਆ ਜਾਂਦਾ ਸੀ, ਸਾਂਭ ਕੇ ਰਖਿਆ ਜਾਂਦਾ ਸੀ, ਹਿੱਕ ਨਾਲ ਲਾਈ ਜਾਂਦੀ ਹੈ, ਉਹ ਹੁਣ ਟੈਲੀਫ਼ੂਨ ਵਿਚ ਕਿੱਥੇ ਹੈ?

0



Academy of the Punjab in North America: http://www.apnaorg.com

# ਖ਼ੁਰਾਕਾਂ

## ਦੁੱਧ

ਚੰਗੀ ਸਿਹਤ ਲਈ ਚੰਗੀ ਖ਼ੁਰਾਕ, ਚੰਗਾ ਪੌਣ ਪਾਣੀ, ਚੰਗਾ ਵਾਤਾਵਰਣ ਜ਼ਰੂਰੀ ਹੁੰਦਾ ਹੈ। ਚੰਗੀ ਖ਼ੁਰਾਕ ਵਿਚ ਦੁੱਧ, ਘੀ, ਮੱਖਣ ਤੇ ਦੁੱਧ ਤੋਂ ਬਣੀਆਂ ਵਸਤਾਂ ਸ਼ਾਮਲ ਹੁੰਦੀਆਂ ਹਨ। ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਸੀ ਕਿ ਹਰ ਹਮਲਾਵਰ ਪਹਿਲਾਂ ਪੰਜਾਬ ਤੇ ਹਮਲਾ ਕਰਦਾ ਸੀ ਤੇ ਫੇਰ ਅੱਗੇ ਦਿੱਲੀ ਵੱਲ ਵਧਦਾ ਸੀ। ਏਸ ਨਿਤ ਦੇ ਹਮਲਿਆਂ ਤੇ ਲੁੱਟ ਮਾਰ ਨੇ ਪੰਜਾਬੀਆਂ ਨੂੰ ਤਾਕਤਵਰ ਹੋਣ ਲਈ ਮਜ਼ਬੂਰ ਕੀਤਾ। ਉਸ ਸਮੇਂ ਕਿਹਾ ਜਾਂਦਾ ਸੀ –

"ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ।"

ਚੰਗੀ ਖ਼ੁਰਾਕ ਕਰ ਕੇ ਪੰਜਾਬ ਦੇ ਗਭਰੂਆਂ ਅਤੇ ਮੁਟਿਆਰਾਂ ਦੀਆਂ ਹਰ ਥਾਂ ਧੁੰਮਾਂ ਸਨ। ਏਸ ਲਈ ਤਾਂ ਪੰਜਾਬ ਦੇ ਹੁਸਨ ਦੀ ਤਾਰੀਫ਼ ਕਰਦਾ ਧਨੀ ਰਾਮ ਚਾਤ੍ਰਿਕ ਕਹਿ ਉੱਠਦਾ ਹੈ –

ਮੱਥੇ 'ਤੇ ਝਲਕ ਸ਼ਬਾਬ ਦੀ,
ਗੱਲ੍ਹਾਂ 'ਤੇ ਰੰਗ ਗ਼ੁਲਾਬ ਦਾ,
ਘਰ ਘਰ ਢੰਡੋਰਾ ਫਿਰ ਗਿਆ,
ਮੈਂ ਹੁਸਨ ਹਾਂ ਪੰਜਾਬ ਦਾ।



ਪੰਜਾਬੀਆਂ ਦੀ ਪਛਾਣ ਵੀ ਦੂਰੋਂ ਹੋ ਜਾਂਦੀ ਸੀ। ਪੰਜਾਬੀ ਉਨ੍ਹਾਂ ਸਮਿਆਂ ਵਿਚ ਡੋਕੇ ਚੁੰਘਦੇ ਸਨ। ਦੁੱਧ ਪੀਂਦੇ ਸਨ। ਅੱਧ ਰਿੜਕ, ਤਿਉੜ, ਲੱਸੀਆਂ, ਛੰਨਿਆਂ , ਕੌਲਿਆਂ ਵਿਚ ਪੀਂਦੇ ਸਨ। ਘਿਉ ਤੇ ਮੱਖਣ ਖਾਂਦੇ ਸਨ, ਜਿਸ ਕਰਕੇ ਉਨ੍ਹਾਂ ਵਿਚ ਲੋਹੜੇ ਦੀ ਤਾਕਤ ਹੁੰਦੀ ਸੀ–



ਅਸੀਂ ਗਭਰੂ ਦੇਸ਼ ਪੰਜਾਬ ਦੇ,
ਸਾਡੀ ਸ਼ੇਰਾਂ ਵਰਗੀ ਸ਼ਾਨ।
ਸਾਡੇ ਬਾਹੀਂ ਬਿਜਲੀਆਂ ਨੱਚਦੀਆਂ,
ਸਾਡੇ ਪੈਰ ਭੰਗੜਾ ਪਾਣ।

ਚੰਗੀਆਂ ਖ਼ੁਰਾਕਾਂ ਹੋਣ ਕਰ ਕੇ ਪਿੰਡ ਪਿੰਡ ਪਹਿਲਵਾਨ ਹੁੰਦੇ ਸਨ। ਦੁੱਧ ਵੇਚਣਾ ਉਨ੍ਹਾਂ ਸਮਿਆਂ ਵਿਚ ਪੁੱਤ ਵੇਚਣ ਦੇ ਸਮਾਨ ਗਿਣਿਆ ਜਾਂਦਾ ਸੀ। ਦੁੱਧ ਵੇਚਣ ਵਾਲੇ ਨੂੰ ਬੁੱਧਹੀਨ ਕਿਹਾ ਜਾਂਦਾ ਸੀ –

ਜਿਹੜੇ ਵੇਚਦੇ ਨੇ ਦੁੱਧ,
ਮਾਰੀ ਉਨ੍ਹਾਂ ਦੀ ਬੁੱਧ।

ਸਭ ਤੋਂ ਵਧੀਆ ਤੇ ਪੌਸ਼ਟਿਕ ਦੁੱਧ ਮੱਝਾਂ ਦਾ ਮੰਨਿਆ ਜਾਂਦਾ ਸੀ/ਹੈ–

'ਘਿਉ ਗਾਵਾਂ, ਦੁੱਧ ਮਾਝਾ, ਬੌਹਲੀ ਬੱਕਰੀ।'

ਉਨ੍ਹਾਂ ਸਮਿਆਂ ਵਿਚ ਮੱਝਾਂ ਦੀ ਸਾਂਭ ਸੰਭਾਲ ਵੀ ਬਹੁਤ ਕੀਤੀ ਜਾਂਦੀ ਸੀ–

ਮੱਝਾਂ ਮੱਝਾਂ ਹਰ ਕੋਈ ਕਹਿੰਦਾ,
ਮੱਝਾਂ ਤੇ ਹੂਰਾਂ ਪਰੀਆਂ।
ਸਿੰਗ ਉਨ੍ਹਾਂ ਦੇ ਗਜ਼ ਗਜ਼ ਲੰਮੇ,
ਦੰਦ ਚੰਬੇ ਦੀਆਂ ਕਲੀਆਂ।
ਦੁੱਧ ਉਨ੍ਹਾਂ ਦਾ ਐਕਣ ਮਿੱਠਾ,
ਜਿਉਂ ਮਿਸ਼ਰੀ ਦੀਆ ਡਲੀਆਂ।
ਮੱਝਾਂ ਸਾਂਵਲੀਆਂ,
ਭੱਜ ਬੇਲੇ ਵਿਚ ਬੜੀਆਂ।

ਮੱਝ ਦੇ ਬੱਚੇ ਨੂੰ ਕੱਟਰੂ ਕਹਿੰਦੇ ਹਨ। ਉਨ੍ਹਾਂ ਸਮਿਆਂ ਵਿਚ ਸਾਰੀ ਖੇਤੀ ਬਾਰਸ਼ਾਂ ਤੇ ਨਿਰਭਰ ਸੀ, ਹੱਥੀਂ ਕੀਤੀ ਜਾਂਦੀ ਸੀ, ਜਿਸ ਕਰ ਕੇ ਖੇਤੀ ਵਿਚ ਪੂਰੀ ਤਾਕਤ ਦੀ ਲੋੜ ਹੁੰਦੀ ਸੀ। ਜੇ ਕਰ ਹਾਲੀ ਦੂਰ ਹਲ਼ ਵਾਹੁਣ ਜਾਂਦਾ ਸੀ ਤਾਂ ਉਸ ਦੀ ਦੁੱਧ ਦੇ ਗੜਬੇ ਦੀ ਮੰਗ ਹੁੰਦੀ ਸੀ–

ਪਾਰ ਕੱਸੀਓਂ ਚੱਲੂ ਹਲ਼ ਮੇਰਾ,
ਦੁੱਧ ਦਾ ਲਿਆਈਂ ਗੜਬਾ।

ਹਲ਼ ਵਾਹੁਣ ਜਾਂਦੇ ਸਮੇਂ ਵੀ ਘਰ ਵਾਲੀ ਦੁੱਧ ਪਿਆ ਕੇ ਭੇਜਦੀ ਹੁੰਦੀ ਸੀ–

ਮੈਂ ਚੱਲੀ ਆਂ ਮੈਸ ਨੂੰ ਖੋਲ੍ਹਣ,
ਦੁੱਧ ਪੀ ਕੇ ਜਾਈਂ ਵੇ ਜੱਟਾ।

ਦੁੱਧ ਦੇਵਤਿਆਂ ਦੀ ਪਸੰਦ ਦੀ ਖ਼ੁਰਾਕ ਹੈ। ਕਈ ਦੇਵੀ ਦੇਵਤਿਆਂ ਦੀ ਪੂਜਾ



Academy of the Punjab in North America: http://www.apnaorg.com

ਦੁੱਧ ਚੜ੍ਹਾ ਕੇ ਕੀਤੀ ਜਾਂਦੀ ਹੈ।

ਸੰਸਾਰ ਜੰਗ ਸਮੇਂ ਅੰਤਾਂ ਦਾ ਮੰਦਵਾੜਾ ਸੀ। ਕਪਾਹ ਦੇ ਭਰੇ ਗੱਡੇ ਵੇਚਣ ਨਾਲ ਵੀ ਜੱਟ ਦੇ ਪੱਲੇ ਕੁਝ ਨਹੀਂ ਪੈਂਦਾ ਸੀ। ਜ਼ਮੀਨ ਦਾ ਮਾਮਲਾ ਭਰਨ ਜੋਗੇ ਪੈਸੇ ਵੀ ਨਹੀਂ ਵੱਟੇ ਜਾਂਦੇ ਸਨ। ਉਸ ਸਮੇਂ ਵੀ ਜ਼ਿਮੀਂਦਾਰ ਮਾਮਲਾ ਭਰਨ ਲਈ ਦੁੱਧ ਵਾਲੇ ਪਸ਼ੂ ਵੇਚਣ ਨਾਲੋਂ ਗਹਿਣੇ ਵੇਚਣੇ ਚੰਗੇ ਸਮਝਦੇ ਸਨ–

ਦੇ ਲੈ ਮਾਮਲਾ ਸੱਸੂ ਦਾ ਹੰਸ ਵੇਚ ਕੇ,
ਮੈਂ ਨੀ ਬੂਰੀ ਮੱਝ ਵੇਚਣੀ।

ਭੈਣਾਂ ਤੇ ਵੀਰਾਂ ਦਾ ਅਦੁੱਤੀ ਪਿਆਰ ਹੈ। ਵੀਰ ਆਉਣ ਤੇ ਭੈਣ ਨੂੰ ਚਾਅ ਚੜ੍ਹ ਜਾਂਦਾ ਸੀ। ਉਸ ਦੀ ਰੱਜ ਕੇ ਸੇਵਾ ਦੁੱਧ ਨਾਲ ਕੀਤੀ ਜਾਂਦੀ ਸੀ–

ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ,
ਤੈਨੂੰ ਵੀਰਾ ਦੁੱਧ ਦਾ ਛੰਨਾ।
x x x x
ਕੱਚੀ ਲੱਸੀ ਮੇਰੀ ਵਰਤੀ ਜਾਂਦੀ,
ਕੜ੍ਹਦਾ ਦੁੱਧ ਪਿਆਇਆ।
ਪੀ ਲੈ ਪੀ ਲੈ ਅੰਮਾ ਜਾਇਆ,
ਲੱਪ ਕੁ ਮਿੱਠਾ ਪਾਇਆ।

ਭੈਣਾਂ ਤਾਂ ਪਾਣੀ ਦੀ ਥਾਂ ਵੀਰਾਂ ਨੂੰ ਦੁੱਧ ਹੀ ਦਿੰਦੀਆਂ ਸਨ–

ਜੇ ਵੀਰ ਮੰਗੇ ਪਾਣੀ,
ਦੁੱਧ ਚੁਲ੍ਹੀਆਂ ਕਰਾਵਾਂ।

ਉਨ੍ਹਾਂ ਸਮਿਆਂ ਵਿਚ ਕਿਹਾ ਜਾਂਦਾ ਸੀ ਕਿ ਨਾਨਕੇ ਜਾਵਾਂਗੇ, ਰੱਜ ਕੇ ਦੁੱਧ ਮਲਾਈਆਂ ਖਾਵਾਂਗੇ, ਮੋਟੇ ਡਾਢੇ ਹੋ ਕੇ ਆਵਾਂਗੇ –

ਨਿੱਕੀ ਹੁੰਦੀ ਮੈਂ ਰਹਿੰਦੀ ਨਾਨਕੀਂ,
ਖਾਂਦੀ ਦੁੱਧ ਮਲਾਈਆਂ।
ਤੁਰਦੀ ਦਾ ਲੱਕ ਝੂਟੇ ਖਾਂਦਾ,
ਪੈਰੀਂ ਝਾਂਜਰਾਂ ਪਾਈਆਂ।
ਤ੍ਰਿੰਞਣਾਂ 'ਚੋਂ ਨੱਚਦੀ ਫਿਰਾਂ,
ਦੇਵੇ ਰੂਪ ਦੁਹਾਈਆਂ।

ਦਿਉਰ ਤੇ ਭਾਬੀ ਦਾ ਇਕ ਰੁਮਾਂਟਿਕ ਰਿਸ਼ਤਾ ਰਿਹਾ ਹੈ। ਕਈ ਵੇਰ ਦਿਉਰ ਚੁਪਕੇ ਚੁਪਕੇ ਭਾਬੀ ਦੇ ਦੁੱਧ ਦੀ ਚੋਰੀ ਵੀ ਕਰ ਲੈਂਦਾ ਸੀ –

ਦੁੱਧ ਪੀ ਗਿਆ ਦਿਉਰ ਖਚਰਾ,
ਸੁੱਤੀ ਪਈ ਨੂੰ ਖ਼ਬਰ ਨਾ ਹੋਈ।



ਬੜੀਆਂ ਭਾਬੀਆਂ ਦਾ ਦਿਉਰ ਨਾਲ ਮਾਵਾਂ ਵਰਗਾ ਰਿਸ਼ਤਾ ਵੀ ਹੁੰਦਾ ਸੀ। ਉਹ ਆਪ ਹੀ ਦਿਉਰ ਨੂੰ ਦੁੱਧ ਪਿਆ ਕੇ ਰਾਜੀ ਹੁੰਦੀਆਂ ਸਨ–

ਪਾਣੀ ਮੰਗੇ ਦੁੱਧ ਦਿੰਦੀਆਂ,
ਜੱਗ ਜਿਉਣ ਵੱਡੀਆਂ ਭਰਜਾਈਆਂ।

ਪਹਿਲੇ ਸਮਿਆਂ ਵਿਚ ਜੇ ਕੋਈ ਮੱਝ ਵੇਚ ਕੇ ਘੋੜੀ ਲੈ ਲੈਂਦਾ ਸੀ ਤਾਂ ਲੋਕ ਉਸਨੂੰ ਟਕੋਰਾਂ ਲਾਉਂਦੇ ਸਨ–

ਰਿੜਕਣੀ ਵੇਚ ਕੇ ਹਿੜਕਣੀ ਲਈ।
ਦੁੱਧ ਪੀਣੋਂ ਗਿਆ, ਲਿੱਦ ਹੂੰਝਣੀ ਪਈ।

ਖੇਤੀ ਤੋਂ ਬਾਅਦ ਦੁੱਧ ਦਾ ਧੰਦਾ ਹੁਣ ਪੰਜਾਬੀਆਂ ਦੀ ਉਪਜੀਵਕਾ ਦਾ ਦੂਸਰਾ ਕਿੱਤਾ ਬਣ ਗਿਆ ਹੈ। ਪੰਜਾਬ ਵਿਚ ਹੁਣ ਪਹਿਲਾਂ ਨਾਲੋਂ ਜ਼ਿਆਦਾ ਦੁੱਧ ਪੈਦਾ ਹੁੰਦਾ ਹੈ। ਪਹਿਲਾਂ ਕਹਿੰਦੇ ਸਨ ਕਿ ਪੰਜਾਬ ਵਿਚ ਦੁੱਧ ਦੀਆਂ ਨਦੀਆਂ ਵਗਦੀਆਂ ਸਨ। ਅੱਜ ਪੰਜਾਬ ਵਿਚ ਦੁੱਧ ਦੀਆਂ ਨਦੀਆਂ ਦੀ ਥਾਂ ਦੁੱਧ ਦਾ ਦਰਿਆ ਵਗਦਾ ਹੈ, ਪਰ ਦੁੱਧ ਪੀ ਕੇ ਕੋਈ ਰਾਜ਼ੀ ਨਹੀਂ। ਅੱਧਰਿੜਕ ਤੇ ਤਿਉੜ ਬਾਰੇ ਅੱਜ ਦੀ ਪੀੜ੍ਹੀ ਜਾਣਦੀ ਹੀ ਨਹੀਂ। ਅੱਜ ਦੀ ਜੁਆਨੀ ਚਾਹ ਪੀ ਕੇ ਰਾਜ਼ੀ ਹੈ। ਹਰ ਘਰ ਵਿਚ ਸਵੇਰ ਤੋਂ ਹੀ ਚਾਹ ਸ਼ੁਰੂ ਹੋ ਜਾਂਦੀ ਹੈ। ਸਾਰਾ ਦਿਨ ਚਾਹ ਦਾ ਪਤੀਲਾ ਚੁੱਲ੍ਹੇ ਉੱਤੇ ਹੀ ਰਹਿੰਦਾ ਹੈ। ਅੱਜ ਆਏ ਗਏ ਦੀ ਸੇਵਾ ਪਹਿਲਾਂ ਚਾਹ ਨਾਲ ਕੀਤੀ ਜਾਂਦੀ ਹੈ ਤੇ ਫੇਰ ਸ਼ਾਮ ਨੂੰ ਚੂ (ਸ਼ਰਾਬ) ਨਾਲ ਕੀਤੀ ਜਾਂਦੀ ਹੈ। ਅੱਜ ਤਾਂ ਰੁੱਸਿਆਂ ਨੂੰ ਵੀ ਚਾਹ ਦੀ ਪਿਆਲੀ ਨਾਲ ਮਨਾ ਲਿਆ ਜਾਂਦਾ ਹੈ।

ਅਸੀਂ ਰੁੱਸਿਆਂ ਯਾਰ ਮਨਾਇਆ,
ਚਾਹ ਦੀ ਪਿਆਲੀ ਉਪਰੋਂ।

ਸ਼ਰਾਬ ਤੇ ਨਸ਼ਿਆਂ ਨੇ ਅੱਜ ਦੀ ਜੁਆਨੀ ਨੂੰ ਖਾ ਲਿਆ ਹੈ –

ਕੀ ਹੋ ਗਿਆ ਜੁਆਨੀਏ ਤੈਨੂੰ?
ਪੱਖੇ ਵਾਂਗੂੰ ਫਿਰੇਂ ਡੋਲਦੀ।

ਪੰਜਾਬ ਸਰਕਾਰ ਦੀ ਆਮਦਨੀ ਦਾ ਬਹੁਤਾ ਹਿੱਸਾ ਅੱਜ ਸ਼ਰਾਬ ਦੇ ਠੇਕਿਆਂ ਦੀ ਨੀਲਾਮੀ ਤੋਂ ਪ੍ਰਾਪਤ ਹੁੰਦਾ ਹੈ। ਸ਼ਰਾਬ ਦੀ ਹਰ ਬੋਤਲ ਤੇ 'ਸ਼ਰਾਬ ਪੀਣਾ ਹਾਨੀਕਾਰਕ ਹੈ' ਲਿਖਿਆ ਹੁੰਦਾ ਹੈ, ਪਰ ਅਸੀਂ ਫੇਰ ਵੀ ਅੰਧਾ ਧੁੰਦ ਸ਼ਰਾਬ ਪੀਈ ਜਾ ਰਹੇ ਹਾਂ। ਸ਼ਰਾਬ ਪਿਆਈ ਜਾਵੇ, ਰੋਟੀ ਚਾਹੇ ਨਾ ਹੀ ਖੁਆਈ ਜਾਵੇ, ਕਿਹਾ ਜਾਂਦਾ ਹੈ ਕਿ 'ਸਾਡੀ ਬਹੁਤ ਸੇਵਾ ਹੋਈ ਹੈ।'

ਸ਼ਰਾਬ ਦੇ ਨਸ਼ੇ ਦੇ ਨਾਲ ਹੋਰ ਅੰਤਾਂ ਕਿਸਮ ਦੇ ਨਸ਼ੇ ਅੱਜ ਦੀ ਪੀੜ੍ਹੀ ਕਰਦੀ ਹੈ। ਦੁੱਧ ਨਾਲ ਕੀਤੀ ਸੇਵਾ ਨੂੰ ਅੱਜ ਕੋਈ ਸੇਵਾ ਨਹੀਂ ਮੰਨਦਾ। ਅੱਜ ਹਰ ਘਰ ਵਰਤਣ ਜੋਗਾ ਦੁੱਧ ਰੱਖ ਕੇ ਬਾਕੀ ਸਾਰਾ ਦੁੱਧ ਵੇਚ ਦਿੰਦਾ ਹੈ। ਕੋਈ ਕੋਈ ਘਰ ਹੀ ਦੁੱਧ



Academy of the Punjab in North America: http://www.apnaorg.com

ਰਿੜਕਦਾ ਹੈ। ਲੱਸੀ ਪੀਣ ਦਾ ਰਿਵਾਜ ਦਿਨੋ ਦਿਨ ਘਟ ਰਿਹਾ ਹੈ। ਅੱਜ ਜਿਹੜੇ ਕੋਈ ਦੁੱਧ ਪੀਂਦੇ ਹਨ, ਉਹ ਗਲਾਸੀਆਂ ਵਿਚ ਦੁੱਧ ਪੀਂਦੇ ਹਨ। ਗੜਬੇ, ਛੰਨੇ, ਕੌਲੇ ਤੇ ਕੰਨੀ ਵਾਲੇ ਗਲਾਸ ਭਰ ਕੇ ਦੁੱਧ ਪੀਣ ਦੇ ਸਮੇਂ ਹੁਣ ਲੱਦ ਗਏ ਹਨ। ਏਸੇ ਕਰਕੇ ਤਾਂ ਅੱਜਕਲ੍ਹ ਕਿਸੇ ਕਿਸੇ ਗੱਭਰੂ ਤੇ ਮੁਟਿਆਰ ਤੇ ਹੀ ਜੁਆਨੀ ਨਜ਼ਰ ਆਉਂਦੀ ਹੈ। ਬਹੁਤਿਆਂ ਕੋਲ ਤਾਂ ਨਖਰੇ ਹੀ ਰਹਿ ਗਏ ਹਨ, ਮੜਕ ਹੀ ਰਹਿ ਗਈ ਹੈ –

ਠੂਠੀ, ਠੂਠੀ, ਠੂਠੀ,
ਮੂੰਹ ਤੇ ਸੁਆਹ ਉੱਡਦੀ,
ਪਈ ਆ ਮੜਕ ਦੀ ਭੂਕੀ।

0

## ਘਿਉ, ਮੱਖਣ

ਚਾਹੇ ਬੱਕਰੀ ਦੀ ਦੁੱਧ ਦੇਣ ਦੀ ਸਮਰਥਾ ਥੋੜ੍ਹੀ ਹੁੰਦੀ ਸੀ, ਪਰ ਫੇਰ ਵੀ ਕਿਰਸ ਕਰਨ ਵਾਲੀਆਂ ਜਨਾਨੀਆਂ ਬੱਕਰੀ ਦੇ ਦੁੱਧ ਵਿਚੋਂ ਵੀ ਘਿਉ ਬਣਾ ਲੈਂਦੀਆਂ ਸਨ। ਉਸ ਸਮੇਂ ਦਾ ਲੋਕ ਗੀਤ ਹੈ –

ਕੰਡ ਗੰਢਣੀ ਤਵੀਤਾਂ ਵਾਲੇ ਯਾਰ ਦੀ,
ਬੱਕਰੀ ਦਾ ਘਿਉ ਜੋੜ ਕੇ।

ਇਹ ਸੀ ਘਿਉ ਦੀ ਹੱਡੀਆਂ ਜੋੜਣ ਦੀ ਮਹੱਤਤਾ ਤੇ ਸਮਰਥਾ। ਬੱਕਰੀ ਤੋਂ ਜ਼ਿਆਦਾ ਦੁੱਧ ਗਾਵਾਂ ਦਿੰਦੀਆਂ ਸਨ। ਪਰ ਦੁੱਧ ਘੱਟ ਗਾੜ੍ਹਾ ਹੋਣ ਕਰ ਕੇ ਘਿਉ ਬਹੁਤੀ ਮਾਤਰਾ ਵਿਚ ਨਹੀਂ ਬਣਦਾ ਸੀ। ਮੱਝਾਂ ਦੁੱਧ ਵੀ ਜ਼ਿਆਦਾ ਦਿੰਦੀਆਂ ਸਨ/ਹਨ। ਦੁੱਧ ਹੁੰਦਾ ਵੀ ਗਾੜ੍ਹਾ ਸੀ/ਹੈ। ਇਸ ਲਈ ਘਿਉ ਸਭ ਤੋਂ ਜ਼ਿਆਦਾ ਮੱਝਾਂ ਦੇ ਦੁੱਧ ਤੋਂ ਬਣਦਾ ਹੁੰਦਾ ਸੀ/ਹੈ। ਸਰੀਰ ਨੂੰ ਤਾਕਤ ਤੇ ਨੌਂ ਬਰ ਨੌਂ ਰੱਖਣ ਲਈ ਘਿਉ ਅਤੀ ਜ਼ਰੂਰੀ ਸੀ/ਹੈ। ਘਿਉ ਬਾਰੇ ਅਖਾਣ ਹੈ –

ਸੌ ਦਾਰੂ ਇਕ ਘਿਉ,
ਸੌ ਚਾਚਾ ਇਕ ਪਿਉ।





ਜਿਸ ਦੀ ਘਿਉ ਖਾ ਕੇ ਚੰਗੀ ਸਿਹਤ ਬਣੀ ਹੁੰਦੀ ਸੀ, ਮਾੜੀ ਧੀੜੀ ਬੀਮਾਰੀ ਤਾਂ ਉਸ ਦੇ ਨੇੜੇ ਨਹੀਂ ਆਉਂਦੀ ਸੀ। ਜਿਸ ਕਰ ਕੇ ਦਵਾਈ ਲੈਣ ਦੀ ਲੋੜ ਹੀ ਨਹੀਂ ਪੈਂਦੀ ਸੀ।

ਘਿਉ ਨਾਲ ਸਬੰਧਤ ਸਾਨੂੰ ਹੋਰ ਵੀ ਅਖਾਣ ਮਿਲਦੇ ਹਨ। ਘਿਉ ਨਾਲ ਜਿਹੜੀ ਵਸਤ ਵੀ ਬਣਾਈ ਜਾਂਦੀ ਸੀ, ਉਸ ਦਾ ਸੁਆਦ ਹੀ ਵੱਖਰਾ ਹੁੰਦਾ ਸੀ–

ਘਿਉ ਬਣਾਵੇ ਤੋਰੀਆਂ,
ਬੜੀ ਬਹੂ ਦਾ ਨਾਂ।

ਜੱਟੀ ਦਾ ਤਿਆਰ ਕੀਤਾ ਹੋਇਆ ਘਿਉ ਹੀ ਸਭ ਤੋਂ ਉੱਤਮ ਮੰਨਿਆ ਜਾਂਦਾ ਸੀ–

ਘਿਉ ਜੱਟੀ ਦਾ,
ਤੇਲ ਹੱਟੀ ਦਾ।

ਜਿਸ ਬੰਦੇ ਨੂੰ ਬੁਢਾਪੇ ਵਿਚ ਵੀ ਘਿਉ ਖਾਣ ਨੂੰ ਮਿਲਦਾ ਰਹਿੰਦਾ ਸੀ, ਉਸ ਦੀ ਸਿਹਤ ਚੰਗੀ ਰਹਿੰਦੀ ਸੀ–

ਬੁੱਢੇ ਨੂੰ ਘਿਉ,
ਕੰਧ ਨੂੰ ਲਿਉ।

ਅੱਜ ਦੀ ਪੀੜ੍ਹੀ ਲਿਉ ਕਿਸ ਨੂੰ ਕਹਿੰਦੇ ਹਨ, ਇਹ ਵੀ ਨਹੀਂ ਸਮਝੇਗੀ? ਪਹਿਲੇ ਸਮਿਆਂ ਵਿਚ ਘਰ ਕੱਚੇ ਬਣੇ ਹੁੰਦੇ ਸਨ। ਏਸ ਲਈ ਘਰ ਦੀਆਂ ਕੰਧਾਂ ਤੇ ਛੱਤਾਂ ਨੂੰ ਹਰ ਸਾਲ ਤੂੜੀ ਮਿੱਟੀ ਨਾਲ ਲਿੱਪਣਾ ਪੈਂਦਾ ਸੀ। ਏਸ ਲਿੱਪਣ ਨੂੰ ਹੀ ਲਿਉ ਦੇਣਾ ਕਹਿੰਦੇ ਸਨ। ਇਹ ਅਖਾਣ ਸਦੀਆਂ ਦੇ ਜੀਵਨ ਤੱਤਾਂ ਵਿਚੋਂ ਜਨਮ ਲੈਂਦੇ ਹਨ। ਪਹਿਲੇ ਸਮਿਆਂ ਵਿਚ ਕੁੜੀਆਂ ਆਪਣੇ ਬਾਬਲ ਨੂੰ ਉਸ ਘਰ ਰਿਸ਼ਤਾ ਕਰਨ ਲਈ ਕਹਿੰਦੀਆਂ ਹੁੰਦੀਆਂ ਸਨ, ਜਿਸ ਘਰ ਵਿਚ ਬਹੁਤੀਆਂ ਮੱਝਾਂ ਹੋਣ ਤਾਂ ਜੋ ਉਸ ਨੂੰ ਦੁੱਧ, ਘਿਉ ਖਾਣ ਨੂੰ ਚੰਗਾ ਚੋਖਾ ਮਿਲਦਾ ਰਹੇ–

ਦੇਵੀਂ ਵੇ ਬਾਬਲਾ ਉਸ ਘਰੇ,
ਜਿਥੇ ਸੱਸੂ ਦੇ ਮੱਝਾਂ ਸੱਤ।
ਇਕ ਚੋਵਾਂ, ਇਕ ਰਿੜਕਾਂ,
ਮੇਰਾ ਚਾਟੀਆਂ ਦੇ ਵਿਚ ਹੱਥ,
ਬਾਬਲ ਤੇਰਾ ਪੁੰਨ ਹੋਵੇ।

ਦੁੱਧ, ਘਿਉ ਖਾਣ ਕਰ ਕੇ ਹੀ ਪੰਜਾਬੀਆਂ ਦੀ ਸਿਹਤ ਚੰਗੀ ਹੁੰਦੀ ਸੀ। ਬਾਹੂਬਲ ਹੁੰਦਾ ਸੀ, ਹੌਸਲਾ ਹੁੰਦਾ ਸੀ, ਜਿਸ ਕਰਕੇ ਕਈ ਵੇਰ ਉਹ ਮੌਤ ਨੂੰ ਵੀ ਟਿੱਚ ਕਰ ਕੇ ਜਾਣਦੇ ਸਨ–

ਦੁੱਧ ਘਿਉ ਤੇ ਮਲਾਈਆਂ ਖਾਣ ਵਾਲੇ,



Academy of the Punjab in North America: http://www.apnaorg.com

ਮੌਤੋਂ ਕਦ ਡਰਦੇ?

ਦੁੱਧ, ਘਿਉ ਖਾਣ ਕਰ ਕੇ ਮੁਟਿਆਰਾਂ ਤੇ ਲੋਹੜੇ ਦੀ ਜੁਆਨੀ ਹੁੰਦੀ ਸੀ-

ਖੱਟਣ ਗਿਆ ਸੀ, ਕੀ ਖੱਟ ਲਿਆਇਆ?
ਖੱਟ ਕੇ ਲਿਆਇਆ ਛੱਲੀਆਂ।
ਕੁੜੀਆਂ ਪੰਜਾਬ ਦੀਆਂ,
ਦੁੱਧ, ਦਹੀਂ, ਮੱਖਣਾਂ ਨਾਲ ਪਲੀਆਂ।

ਮੁਟਿਆਰਾਂ ਦੇ ਰੂਪ ਦੀ ਝਾਲ ਨਹੀਂ ਝੱਲੀ ਜਾਂਦੀ ਸੀ-

ਰੂਪ ਕੁਮਾਰੀ ਦਾ,
ਦਿਨ ਚੜ੍ਹਦੇ ਦੀ ਲਾਲੀ।

ਚੰਗੀ ਖ਼ੁਰਾਕ ਕਰ ਕੇ ਮੁੰਡੇ, ਕੁੜੀਆਂ ਦੇ ਕੱਦ ਵੀ ਬਹੁਤ ਹੁੰਦੇ ਸਨ। ਦੁੱਧ, ਮੱਖਣ, ਘਿਉ ਚੰਗੀ ਸਿਹਤ ਬਣਾਉਣ ਦੇ ਨਾਲ ਨਾਲ ਕਈ ਵੇਰ ਉਮਰ ਦਾ ਭੁਲੇਖਾ ਵੀ ਪਾ ਦਿੰਦੇ ਸਨ। ਏਸੇ ਲਈ ਕਈ ਵੇਰ ਲੰਮੀ ਲੰਝੀ ਮੁਟਿਆਰ ਨੂੰ ਕਹਿਣਾ ਪੈਂਦਾ ਸੀ-

ਬਜ਼ਾਰ ਵਿਕੇਂਦੀ ਤਰ ਵੇ,
ਮੈਨੂੰ ਲੰਮੀ ਦੇਖ ਕੇ ਨਾ ਡਰ ਵੇ,
ਉਮਰ ਨਿਆਣੀ ਆ! ਜੀਵੇਂ ਢੋਲਾ।

ਚੰਗੀ ਸਿਹਤ ਕਰ ਕੇ ਮੁਟਿਆਰਾਂ ਦੁੱਧ ਰਿੜਕ ਕੇ ਮੱਖਣ ਛੇਤੀ ਕੱਢ ਲੈਂਦੀਆਂ ਸਨ-

ਕੰਗਣਾਂ ਵਾਲੀ ਦੁੱਧ ਰਿੜਕੇ,
ਵਿਚੋਂ ਮੱਖਣ ਝਾਤੀਆਂ ਮਾਰੇ।

ਪਹਿਲਾਂ ਸਾਂਝੇ ਪਰਿਵਾਰ ਹੁੰਦੇ ਸਨ। ਪਿਉ ਦੀ ਵਡੇਰੀ ਉਮਰ ਹੋਣ ਤੇ ਜਾਂ ਮੌਤ ਹੋਣ ਤੇ ਘਰ ਦੀ ਕਬੀਲਦਾਰੀ ਵੱਡਾ ਪੁੱਤਰ ਚਲਾਉਂਦਾ ਸੀ। ਆਮ ਤੌਰ ਤੇ ਭਰਾਵਾਂ ਦੀ ਤਾਂ ਆਪਸ ਵਿਚ ਬਣਦੀ ਹੁੰਦੀ ਸੀ, ਪਰ ਦਰਾਣੀ ਜੇਠਾਣੀ ਦੀ ਸਾਡੇ ਸਮਾਜ ਵਿਚ ਘੱਟ ਹੀ ਬਣੀ ਹੈ। ਜੇਠ ਦੀ ਕਬੀਲਦਾਰੀ ਵਿਚ ਚਲਦੀ ਹੋਣ ਕਰ ਕੇ ਜੇਠਾਣੀ ਦੀ ਘਰ ਵਿਚ ਮੁਖਤਿਆਰੀ ਹੁੰਦੀ ਸੀ, ਜਿਸ ਕਰ ਕੇ ਕਈ ਵੇਰ ਜੇਠਾਣੀ ਆਪਣੀ ਮਨਮਰਜ਼ੀ ਤੇ ਧੱਕਾ ਵੀ ਕਰ ਜਾਂਦੀ ਸੀ, ਜਿਸ ਦਾ ਗਿਲਾ ਦਰਾਣੀ ਆਪਦੇ ਘਰ ਵਾਲੇ ਕੋਲ ਕਰਦੀ ਹੁੰਦੀ ਸੀ-

ਜੇਠ ਜੇਠਾਣੀ ਘਿਉ ਖਾ ਜਾਂਦੇ,
ਮੇਰੀ ਖ਼ਾਤਰ ਚਹੇੜੂ।
ਮੱਝੀਆਂ ਨਾ ਛੇੜੀਂ,
ਆਪੇ ਜੇਠ ਹੀ ਛੇੜੂ।



ਅੱਜ ਦੀ ਬਹੁਤੀ ਪੀੜ੍ਹੀ ਚਹੇੜੂ ਕੀਹਨੂੰ ਕਹਿੰਦੇ ਸਨ, ਇਹ ਵੀ ਨਹੀਂ ਜਾਣਦੀ? ਮੱਖਣ ਨੂੰ ਗਰਮ ਕਰ ਕੇ ਤਰਦਾ ਤਰਦਾ ਘਿਉ ਕੱਢ ਕੇ ਬਾਕੀ ਰਹੇ ਲੱਸੀ ਤੇ ਘਿਉ ਵਿਚ ਠੰਡਾ ਪਾਣੀ ਪਾ ਕੇ ਰੱਖ ਦਿੱਤਾ ਜਾਂਦਾ ਸੀ। ਏਸ ਲੱਸੀ ਉਪਰ ਥੋੜ੍ਹਾ ਜਿਹਾ ਘਿਉ ਜੰਮ ਜਾਂਦਾ ਸੀ, ਉਸ ਤੋਂ ਪਿੱਛੋਂ ਬਾਕੀ ਰਹੀ ਲੱਸੀ ਨੂੰ ਚਹੇੜੂ ਕਹਿੰਦੇ ਸਨ।

ਉਨ੍ਹਾਂ ਸਮਿਆਂ ਵਿਚ ਦੁੱਧ ਆਮ ਹੁੰਦਾ ਸੀ। ਮੱਖਣ, ਘਿਉ ਆਮ ਹੁੰਦਾ ਸੀ। ਜੇਕਰ ਰੋਟੀ ਨਾਲ ਖਾਣ ਨੂੰ ਦਾਲ ਸਬਜ਼ੀ ਨਹੀਂ ਹੁੰਦੀ ਸੀ ਤਾਂ ਰੋਟੀ ਉਪਰ ਲੂਣ ਮਿਰਚ ਭੁਕ ਕੇ ਉਪਰ ਮੱਖਣ/ਘਿਉ ਰੱਖ ਕੇ ਰੋਟੀ ਖਾ ਲੈਂਦੇ ਸਨ। ਘਿਉ ਦੇ ਤੌਲੇ ਭਰੇ ਹੁੰਦੇ ਸਨ। ਉਨ੍ਹਾਂ ਸਮਿਆਂ ਵਿਚ ਬਲਦਾਂ ਅਤੇ ਊਠਾਂ ਨਾਲ ਖੇਤੀ ਕੀਤੀ ਜਾਂਦੀ ਸੀ। ਕਈ ਤਾਂ ਬਲਦਾਂ ਅਤੇ ਊਠਾਂ ਨੂੰ ਵੀ ਘਿਉ ਚਾਰਦੇ ਹੁੰਦੇ ਸਨ-

ਵਹਿੜਕੇ ਨੂੰ ਘਿਉ ਚਾਰਦੇ,
ਤੇਰਾ ਮੰਨਾਂਗੀ ਹਸਾਨ ਮਿੱਤਰਾ।

ਵਿਆਹਾਂ ਵਿਚ ਬਹੁਤੀ ਮਠਿਆਈ ਘਿਉ ਵਾਲੀ ਬਣਾਈ ਜਾਂਦੀ ਸੀ। ਬਰਾਤੀਆਂ ਅਤੇ ਮੇਲ ਵਾਲਿਆਂ ਨੂੰ ਬੂਰਾ ਖੰਡ ਦੇ ਵਿਚ ਪਲਿਆਂ ਨਾਲ ਘਿਉ ਪਾ ਕੇ ਰੋਟੀ ਖਵਾਉਂਦੇ ਸਨ। ਵਿਆਹ ਵਿਚ ਜੇ ਕਰ ਕੋਈ ਮੇਲਣ ਘੱਟ ਨੱਚਦੀ ਸੀ ਜਾਂ ਸਿਹਤ ਪੱਖੋਂ ਕੁਝ ਕਮਜ਼ੋਰ ਹੁੰਦੀ ਸੀ ਜਾਂ ਨੱਚਣ ਤੋਂ ਪਾਸਾ ਵੱਟਦੀ ਹੁੰਦੀ ਸੀ ਤਾਂ ਉਸ ਨੂੰ ਟਕੋਰ ਲਾਈ ਜਾਂਦੀ ਸੀ-

ਬਾਰੀਂ ਬਰਸੀਂ ਖੱਟਣ ਗਿਆ ਸੀ,
ਖੱਟ ਕੇ ਲਿਆਂਦੀ ਚਾਂਦੀ।
ਜੇ ਤੂੰ ਨੱਚਣਾ ਸੀ,
ਘਿਉ ਦੀ ਪੰਸੇਰੀ ਖਾਂਦੀ।

ਜਨਾਨੀਆਂ ਨੂੰ ਬੱਚੇ ਦੀ ਪੈਦਾਇਸ਼ ਤੇ ਘੱਟੋ ਘੱਟ 10 ਸੇਰ ਕੱਚੇ ਘਿਉ, ਜਿਹੜੇ ਅੱਜ ਕੱਲ੍ਹ ਦੇ 5 ਕਿਲੋ ਦੇ ਕਰੀਬ ਬਣਦੇ ਹਨ, ਪੰਜੀਰੀ ਰਲਾ ਕੇ ਦਿੰਦੇ ਸਨ। ਵੀਰ ਦੇ ਘਰ ਪੁੱਤ ਜੰਮਣ ਤੇ ਬਾਬਲ ਆਪਣੀ ਧੀ ਨੂੰ ਮੱਝਾਂ ਦਿਆ ਕਰਦੇ ਸਨ। ਮੁੰਡੇ ਦੀ ਲੋਹੜੀ ਮੰਗਣ ਸਮੇਂ ਵੀ ਗਾਇਆ ਜਾਂਦਾ ਸੀ-

ਛੰਨੇ ਵਿਚ ਘਿਉ,
ਜੀਵੇ ਮੁੰਡੇ ਦਾ ਪਿਉ,
ਸਾਨੂੰ ਦੇਹ ਲੋਹੜੀ।

ਦੁੱਧ, ਮੱਖਣ, ਘਿਉ ਖਾਣ ਦਾ ਐਨਾ ਰਿਵਾਜ ਸੀ ਕਿ ਜੇਕਰ ਕਿਸੇ ਜਿਮੀਂਦਾਰ ਕੋਲ ਆਪਣੀ ਮਾੜੀ ਆਰਥਿਕ ਹਾਲਤ ਕਾਰਨ ਮਾਮਲਾ ਭਰਨ ਜੋਗੇ ਪੈਸੇ ਨਹੀਂ ਹੁੰਦੇ ਸਨ ਤਾਂ ਉਸ ਦੀ ਘਰ ਵਾਲੀ ਮੱਝ ਵੇਚ ਕੇ ਮਾਮਲਾ ਭਰਨ ਨਾਲੋਂ ਆਪਣੀ ਸੱਸ ਦੀਆਂ ਟੂਮਾਂ ਵੇਚ ਕੇ ਮਾਮਲਾ ਭਰਨ ਨੂੰ ਕਹਿੰਦੀ ਹੁੰਦੀ ਸੀ।



Academy of the Punjab in North America: http://www.apnaorg.com

ਪੰਜਾਬ ਵਿਚ ਦੁੱਧ ਹੁਣ ਪਹਿਲਾਂ ਨਾਲੋਂ ਜ਼ਿਆਦਾ ਪੈਦਾ ਹੁੰਦਾ ਹੈ। ਪਰ ਰਿੜਕਿਆ ਪਹਿਲਾਂ ਨਾਲੋਂ ਬਹੁਤ ਘੱਟ ਜਾਂਦਾ ਹੈ। ਦਿਨੋ ਦਿਨ ਮੱਖਣ, ਘਿਉ ਖਾਣ ਦਾ ਰਿਵਾਜ ਵੀ ਘੱਟ ਰਿਹਾ ਹੈ। ਲੱਸੀ ਪੀ ਕੇ ਕੋਈ ਰਾਜ਼ੀ ਨਹੀਂ। ਦੁੱਧ ਦੀ ਥਾਂ ਹੁਣ ਚਾਹ ਨੇ ਲੈ ਲਈ ਹੈ। ਘਿਉ ਦੀ ਥਾਂ ਹੁਣ ਸੋਧੇ ਹੋਏ ਤੇਲ ਦੀ ਵਰਤੋਂ ਕੀਤੀ ਜਾਂਦੀ ਹੈ। ਥਾਂ ਥਾਂ ਮਿਲਕ ਪਲਾਂਟ ਲਗ ਗਏ ਹਨ। ਲੋੜ ਜੋਗਾ ਦੁੱਧ ਰੱਖ ਕੇ ਬਾਕੀ ਸਭ ਵੇਚ ਦਿੱਤਾ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਲੋਕਾਂ ਦੀ ਸਿਹਤ ਹੁਣ ਪਹਿਲਾਂ ਵਰਗੀ ਨਹੀਂ ਰਹੀ। ਡਾਕਟਰ ਵੀ ਹੁਣ ਘਿਉ ਦੀ ਥਾਂ ਤੇਲ ਖਾਣ ਦੀ ਸਿਫ਼ਾਰਸ਼ ਕਰਦੇ ਹਨ। ਘਿਉ ਹੁਣ ਦਾਰੂ ਨਹੀਂ ਰਿਹਾ, ਸਗੋਂ ਬੀਮਾਰੀ ਬਣਦਾ ਜਾ ਰਿਹਾ ਹੈ, ਕਿਉਂ ਜੋ ਅਸੀਂ ਹੱਥੀਂ ਕੰਮ ਕਰਨਾ ਤੇ ਮਿਹਨਤ ਕਰਨਾ ਛੱਡ ਦਿੱਤਾ ਹੈ।

0

## ਲੱਸੀ ਦਾ ਪਨੀਰ

ਦੁੱਧ ਨੂੰ ਪਾੜ ਕੇ ਬਣਾਇਆ ਪਨੀਰ ਤਾਂ ਤੁਸੀਂ ਨਿੱਤ ਵੇਖਦੇ ਹੋ ਤੇ ਖਾਂਦੇ ਹੋ, ਪਰ ਪਹਿਲੇ ਸਮਿਆਂ ਵਿਚ ਲੋਕਾਂ ਨੂੰ ਦੁੱਧ ਨੂੰ ਪਾੜ ਕੇ ਪਨੀਰ ਬਣਾਉਣ ਦੀ ਜਾਚ ਨਹੀਂ ਸੀ। ਉਸ ਸਮੇਂ ਲੱਸੀ ਤੋਂ ਪਨੀਰ ਬਣਾਇਆ ਜਾਂਦਾ ਸੀ। ਪੰਜਾਬ ਵਿਚ ਉਸ ਸਮੇਂ ਦੁੱਧ ਆਮ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਜਿਸ ਜਨਾਨੀ ਦੇ ਘਰ ਪੁੱਤਰ ਹੁੰਦਾ ਸੀ, ਦੁੱਧ ਹੁੰਦਾ ਸੀ, ਪਤੀ ਹੁੰਦਾ ਸੀ, ਉਹ ਜਨਾਨੀ ਜੇਕਰ ਫੇਰ ਵੀ ਐਵੇਂ ਕਿਸੇ ਗੱਲੋਂ ਵਿਗੋਚਾ ਸਮਝਦੀ ਸੀ ਤਾਂ ਉਸ ਨੂੰ ਟਕੋਰ ਲਾਈ ਜਾਂਦੀ ਸੀ–

ਦੁੱਧ, ਪੁੱਤ ਤੇ ਖਸਮ ਘਰ ਤੇਰੇ,
ਹੋਰ ਕੀ ਤੂੰ ਮੰਗੇਂ ਰੱਬ ਤੋਂ?





ਪਹਿਲੇ ਸਮਿਆਂ ਵਿਚ ਸਾਰੀ ਖੇਤੀ ਬਾਰਸ਼ਾਂ ’ਤੇ ਨਿਰਭਰ ਹੁੰਦੀ ਸੀ। ਲੋਕ ਦੁੱਧ ਪੀਂਦੇ ਸਨ, ਲੱਸੀ ਪੀਂਦੇ ਸਨ, ਦਹੀਂ, ਮੱਖਣ, ਘੀ ਖਾਂਦੇ ਸਨ। ਕਾੜ੍ਹਣੀਆਂ ਦੁੱਧ ਦੀਆਂ ਭਰੀਆਂ ਹੁੰਦੀਆਂ ਸਨ। ਲੱਸੀ ਦੇ ਤੌਲੇ ਭਰੇ ਹੁੰਦੇ ਸਨ। ਕਈ ਛੜੇ ਤਾਂ ਲੱਸੀ ਪੀਣ ਦੇ ਬਹਾਨੇ ਬਣਾ ਕੇ ਹੀ ਗੇੜੇ ਮਾਰਦੇ ਰਹਿੰਦੇ ਸਨ–

ਲੱਸੀ ਪੀਣ ਦੇ ਬਹਾਨੇ ਆਉਂਦੇ,
ਛੜਿਆਂ ਦੀ ਨੀਤ ਬੁਰੀ।

ਲੱਸੀ ਤੇ ਲੜਾਈ ਨੂੰ ਵਧਾਉਣ ਲਈ ਕੋਈ ਦੇਰੀ ਨਹੀਂ ਲੱਗਦੀ। ਏਸੇ ਕਰਕੇ ਤਾਂ ਅਖਾਣ ਹੈ –

‘ਲੱਸੀ ਤੇ ਲੜਾਈ ਦਾ ਕੀ ਵਧਾਉਣਾ।’

ਉਨ੍ਹਾਂ ਸਮਿਆਂ ਵਿਚ ਆਏ ਗਏ ਲਈ ਦੁੱਧ ਜਾਂ ਲੱਸੀ ਹੀ ਪੀਣ ਨੂੰ ਦਿੱਤੀ ਜਾਂਦੀ ਸੀ। ਜੇ ਕੋਈ ਰਿਸ਼ਤੇਦਾਰ ਲੱਸੀ ਪਿਆਉਣ ਦੀ ਵੀ ਸੁਲ੍ਹਾ ਨਹੀਂ ਮਾਰਦਾ ਸੀ ਤਾਂ ਉਸ ਦੀ ਬਦਖੋਈ ਕੀਤੀ ਜਾਂਦੀ ਸੀ–

ਖੱਟੀ ਲੱਸੀ ਦੀ ਸੁਲ੍ਹਾ ਨਾ ਮਾਰੀ,
ਬਾਪੂ ਤੇਰੇ ਕੁੜਮਾਂ ਨੇ।

ਨੂੰਹ ਸੱਸ ਦੀ ਸਾਡੇ ਸਮਾਜ ਵਿਚ ਖੜਕਦੀ ਰਹੀ ਹੈ। ਜੇਕਰ ਸੱਸ ਦਾ ਕੋਈ ਰਿਸ਼ਤੇਦਾਰ ਆਉਂਦਾ ਸੀ, ਤਾਂ ਸੱਸ ਉਸ ਨੂੰ ਦੁੱਧ ਪਿਆਉਂਦੀ ਸੀ, ਖੰਡ ਖਵਾਉਂਦੀ ਸੀ, ਪੂਰੀ ਸੇਵਾ ਕਰਦੀ ਸੀ। ਪਰ ਜੇ ਕਰ ਨੂੰਹ ਦਾ ਵੀਰ ਆਉਂਦਾ ਸੀ ਤਾਂ ਉਸ ਨੂੰ ਲੱਸੀ ਤੇ ਦਲੀਆ ਮਿਲਦਾ ਸੀ–

ਖੱਟੀ ਲੱਸੀ ਤੇ ਮੱਕੀ ਦਾ ਦਲੀਆ,
ਚੁੱਪ ਕਰ ਕੇ ਖਾ ਲੈ ਵੀਰਨਾ।

ਸਾਡਾ ਪੁਰਸ਼ ਪ੍ਰਧਾਨ ਸਮਾਜ ਹੋਣ ਕਰ ਕੇ ਪਤੀ ਹਮੇਸ਼ਾ ਆਪਣੀਆਂ ਪਤਨੀਆਂ ਤੇ ਮਨਮਾਨੀ ਕਰਦੇ ਰਹੇ ਹਨ। ਪਤਨੀਆਂ ਆਪਣੇ ਪਤੀ ਦੀ ਘੂਰੀ ਤੱਕ ਵੀ ਨਹੀਂ ਸਹਾਰਦੀਆਂ ਸਨ। ਜਿਸਦੇ ਪਤੀ ਦਾ ਸੁਭਾਅ ਗਰਮ ਹੁੰਦਾ ਸੀ, ਮੌਸਮ ਵੀ ਗਰਮੀ ਦਾ ਹੁੰਦਾ ਸੀ, ਉਹ ਆਪਣੇ ਪਤੀ ਨੂੰ ਠੰਡੀ ਲੱਸੀ ਪਿਆ ਕੇ ਠੰਡਾ ਠਾਰ ਕਰਨਾ ਚਾਹੁੰਦੀ ਹੁੰਦੀ ਸੀ–

ਭੱਜੀ ਭੱਜੀ ਨੀ ਮੈਂ ਹਲਵਾਈ ਹੱਟੀ ਜਾਨੀ ਆਂ,
ਠੰਡੀ ਠੰਡੀ ਲੱਸੀ ਬਣਾ,
ਨੀ ਮੌਸਮ ਗਰਮੀ ਦਾ,
ਮੇਰੇ ਮਾਹੀਏ ਦਾ ਤਲਖ਼ ਸੁਭਾ,
ਨੀ ਮੌਸਮ ਗਰਮੀ ਦਾ।

ਉਨ੍ਹਾਂ ਸਮਿਆਂ ਵਿਚ ਦੁੱਧ, ਦਹੀਂ, ਮੱਖਣ, ਘਿਉ, ਲੱਸੀ ਆਮ ਹੁੰਦੀ ਸੀ। ਖੇਤੀ



Academy of the Punjab in North America: http://www.apnaorg.com

ਜ਼ਿਆਦਾ ਬਾਰਸ਼ਾਂ 'ਤੇ ਨਿਰਭਰ ਹੁੰਦੀ ਸੀ। ਫ਼ਸਲਾਂ ਉਸ ਸਮੇਂ ਜੁਆਰ, ਬਾਜਰਾ, ਕਣਕ, ਜੌਂ, ਛੋਲੇ, ਮੂੰਗੀ, ਮੋਠ ਆਦਿ ਦੀਆਂ ਹੁੰਦੀਆਂ ਸਨ। ਜਦ ਬਾਰਸ਼ ਨਹੀਂ ਹੁੰਦੀ ਸੀ ਤਾਂ ਕਾਲ ਪੈ ਜਾਂਦਾ ਸੀ। ਜਦ ਬਾਰਸ਼ ਘੱਟ ਹੁੰਦੀ ਸੀ ਤਾਂ ਖਾਣ ਜੋਗੇ ਹੀ ਦਾਣੇ ਹੁੰਦੇ ਸਨ। ਉਸ ਸਮੇਂ ਲੋਕ ਆਮ ਤੌਰ ਤੇ ਬਾਜਰਾ, ਜੁਆਰ, ਮੂੰਗੀ, ਮੋਠਾਂ ਆਦਿ ਦੀ ਖਿਚੜੀ ਬਣਾ ਕੇ ਖਾਂਦੇ ਸਨ ਜਾਂ ਬਾਜਰਾ, ਜੁਆਰ, ਕਣਕ, ਛੋਲਿਆਂ ਦੇ ਆਟਿਆਂ ਨੂੰ ਮਿਲਾ ਕੇ ਪਾਣੀ ਹੱਥ ਵਾਲੀ ਮਿੱਸੀ ਰੋਟੀ ਬਣਾਉਂਦੇ ਸਨ, ਜਿਸ ਨੂੰ ਦਹੀਂ, ਮੱਖਣ, ਲੱਸੀ, ਗੱਠੇ, ਗੱਠੇ ਦੀ ਚਟਣੀ, ਚਿੱਬੜਾਂ ਦੀ ਚਟਣੀ, ਡੇਲਿਆਂ, ਤੁੱਕਿਆਂ ਤੇ ਮਿਰਚਾਂ ਦੇ ਆਚਾਰ ਨਾਲ ਖਾ ਲੈਂਦੇ ਸਨ। ਮਾਲਵੇ ਵਿਚ ਤਾਂ ਉਸ ਸਮੇਂ ਆਚਾਰ ਹੀ ਤੁੱਕਿਆਂ, ਡੇਲਿਆਂ ਤੇ ਮਿਰਚਾਂ ਦਾ ਪਾਇਆ ਜਾਂਦਾ ਸੀ। ਪਿੰਡਾਂ ਵਿਚ ਕਿੱਕਰਾਂ ਤੇ ਕਰੀਰ ਆਮ ਹੁੰਦੇ ਸਨ। ਤੁੱਕੇ ਕਿੱਕਰਾਂ ਨੂੰ ਲਗਦੇ ਸਨ, ਡੇਲੇ ਕਰੀਰਾਂ ਨੂੰ। ਡੇਲਿਆ ਬਾਰੇ ਇਕ ਲੋਕ ਗੀਤ ਵੀ ਸੁਣੋ-

ਕਰੀਰਾਂ ਦੇ ਪੱਕੇ ਗਏ ਡੇਲੇ,
ਅੱਜ ਦੇ ਵਿਛੜਿਆਂ ਦੇ,
ਕਦੇ ਹੋਣਗੇ ਸਬੱਬ ਨਾਲ ਮੇਲੇ।

ਡੇਲਿਆਂ ਤੇ ਤੁੱਕਿਆਂ ਦਾ ਆਚਾਰ ਸੁਆਦ ਵੀ ਹੁੰਦਾ ਸੀ ਤੇ ਗੁਣਕਾਰੀ ਵੀ ਹੁੰਦਾ ਸੀ। ਹੁਣ ਮੁੜ ਲੱਸੀ ਦੇ ਪਨੀਰ ਵੱਲ ਆਉਂਦੇ ਹਾਂ।

ਲੱਸੀ ਦਾ ਪਨੀਰ ਬਣਾਉਣ ਲਈ ਖੱਦਰ ਦਾ ਪੋਣਾ ਲੈਂਦੇ ਸਨ। ਇਹ ਪੋਣਾ ਅੱਜ ਦੇ ਪੋਣਿਆਂ ਨਾਲੋਂ ਲੰਮਾ ਚੌੜਾ ਹੁੰਦਾ ਸੀ। ਇਸ ਦਾ ਆਕਾਰ ਆਮ ਤੌਰ ਤੇ ਪੌਣਾ ਕੁ ਗਜ਼ ਲੰਮਾ ਅਤੇ ਐਨਾ ਹੀ ਚੌੜਾ ਹੁੰਦਾ ਸੀ। ਪਨੀਰ ਪੌਣ ਲਈ ਲੱਸੀ ਨੂੰ ਪਹਿਲਾਂ ਪੋਣੀ ਨਾਲ ਪੁਣ ਕੇ ਫਿੱਦੀਆਂ ਕੱਢ ਦਿੰਦੇ ਸਨ। ਪੋਣੇ ਦੇ ਦੋ-ਦੋ ਲੜਾਂ ਨੂੰ ਆਪਸ ਵਿਚ ਬੰਨ੍ਹ ਕੇ ਪੋਣੇ ਦੇ ਵਿਚਾਲੇ ਪੁਣੀ ਹੋਈ ਲੱਸੀ ਪਾਈ ਜਾਂਦੀ ਸੀ। ਲੱਸੀ ਪਾ ਕੇ ਪੋਣੇ ਨੂੰ ਕਿਸੇ ਕੀਲੇ ਤੇ ਲਟਕਾ ਦਿੱਤਾ ਜਾਂਦਾ ਸੀ। ਲਟਕਾਉਣ ਨਾਲ ਲੱਸੀ ਵਿਚੋਂ ਹੌਲੀ ਹੌਲੀ ਸਾਰਾ ਪਾਣੀ ਨਿਕਲ ਜਾਂਦਾ ਸੀ ਤੇ ਪੋਣੇ ਵਿਚ ਬਣਿਆ ਪਨੀਰ ਰਹਿ ਜਾਂਦਾ ਸੀ। ਫੇਰ ਪੋਣੇ ਨੂੰ ਕੀਲੇ ਤੋਂ ਲਾਹ ਲੈਂਦੇ ਸਨ। ਪੋਣੇ ਦੇ ਲੜਾਂ ਨੂੰ ਦਿੱਤੀਆਂ ਗੱਠਾਂ ਖੋਲ੍ਹ ਕੇ ਦੋ ਜਣੀਆਂ ਪੋਣੇ ਦੇ ਲੜਾਂ ਨੂੰ ਫੜ ਲੈਂਦੀਆਂ ਸਨ। ਇਕ ਜਣੀ ਪੋਣੇ ਵਿਚ ਬਣੇ ਪਨੀਰ ਨੂੰ ਕੌਲੀ ਨਾਲ ਘਰੋੜ ਘਰੋੜ ਕੇ ਕੱਢ ਕੇ ਕਿਸੇ ਪਤੀਲੇ ਜਾਂ ਕਿਸੇ ਮਿੱਟੀ ਦੇ ਵਰਤਣ ਵਿਚ ਪਾ ਲੈਂਦੀਆਂ ਸਨ। ਫੇਰ ਉਸ ਵਿਚ ਲੋੜ ਅਨੁਸਾਰ ਪਾਣੀ ਪਾ ਕੇ, ਘੋਲ ਕੇ, ਲੂਣ ਮਿਰਚ ਪਾ ਕੇ ਖਾਣ ਲਈ ਤਿਆਰ ਕਰ ਲੈਂਦੀਆਂ ਸਨ। ਇਸ ਵਿਧੀ ਨਾਲ ਪਨੀਰ ਬਣ ਜਾਂਦਾ ਸੀ।

ਕੱਲੇ ਪਨੀਰ ਦੀ ਸਬਜ਼ੀ ਵੀ ਬਣਾ ਲੈਂਦੇ ਸਨ। ਇਹ ਸਬਜ਼ੀ ਆਂਡਿਆਂ ਦੀ ਭੁਰਜੀ ਦੀ ਤਰ੍ਹਾਂ ਬਣਦੀ ਹੁੰਦੀ ਸੀ। ਆਲੂਆਂ ਵਿਚ ਪਨੀਰ ਪਾ ਕੇ ਵੀ ਸਬਜ਼ੀ ਬਣਾ



ਲੈਂਦੇ ਸਨ। ਪਰ ਆਮ ਤੌਰ ਤੇ ਪਨੀਰ ਵਿਚ ਪਾਣੀ ਰਲਾ ਕੇ, ਲੂਣ ਮਿਰਚ ਪਾ ਕੇ ਹੀ ਵਰਤਿਆ ਜਾਂਦਾ ਸੀ। ਏਸ ਪਨੀਰ ਦੀਆਂ ਅੱਜ ਦੇ ਪਨੀਰ ਦੀ ਤਰ੍ਹਾਂ ਟਿੱਕੀਆਂ ਨਹੀਂ ਬਣਦੀਆਂ ਸਨ।

ਅੱਜ ਦੀ ਪੀੜ੍ਹੀ ਨੂੰ ਇਸ ਪਨੀਰ ਬਾਰੇ ਬਿਲਕੁਲ ਹੀ ਪਤਾ ਨਹੀਂ ਹੈ। ਕਿਸੇ ਸਮੇਂ ਇਹ ਪਨੀਰ ਮਨਭਾਉਂਦੀ ਖ਼ੁਰਾਕ ਦਾ ਹਿੱਸਾ ਹੁੰਦਾ ਸੀ। ਹੁਣ ਇਹ ਬਿਲਕੁਲ ਅਲੋਪ ਹੋ ਗਿਆ ਹੈ। ਲੋਕ ਹੁਣ ਲੱਸੀ ਬਣਾਉਣਾ ਹੀ ਛੱਡੀ ਜਾ ਰਹੇ ਹਨ, ਪੀਣੀ ਹੀ ਛੱਡੀ ਜਾ ਰਹੇ ਹਨ। ਹੁਣ ਚਾਹ ਦਾ ਜ਼ਮਾਨਾ ਹੈ।

0

## ਖਿਚੜੀ

ਪਹਿਲੇ ਸਮਿਆਂ ਵਿਚ ਖਿਚੜੀ ਦੋ/ਤਿੰਨ ਖਾਣ ਵਾਲੇ ਸਾਬਤ ਅੰਨਾਂ/ਅਨਾਜਾਂ ਨੂੰ ਇਕੱਠੇ ਕਰਕੇ ਬਣਾਏ ਗਏ ਪਦਾਰਥ ਨੂੰ ਕਿਹਾ ਜਾਂਦਾ ਸੀ/ਹੈ। ਖਿਚੜੀ ਇਕ ਅਜਿਹਾ ਬਣਿਆ ਖਾਣ ਵਾਲਾ ਨਰਮ ਪਦਾਰਥ ਹੁੰਦਾ ਸੀ/ਹੈ, ਕਿ ਇਸ ਨੂੰ ਖਾਣ ਸਮੇਂ ਨਾ ਤਾਂ ਹੱਥਾਂ ਨੂੰ ਬਹੁਤੀ ਮਿਹਨਤ ਕਰਨੀ ਪੈਂਦੀ ਹੈ ਅਤੇ ਨਾ ਹੀ ਮੂੰਹ ਨੂੰ। ਪਰ ਜੇਕਰ ਫੇਰ ਵੀ ਕੋਈ ਇਸਤਰੀ ਪੁਰਸ਼ ਖਿਚੜੀ ਖਾਂਦੇ ਸਮੇਂ ਔਖ ਮਹਿਸੂਸ ਕਰਦਾ ਸੀ ਤਾਂ ਉਸ ਲਈ ਹੇਠ ਲਿਖਿਆ ਮੁਹਾਵਰਾ ਵਰਤਿਆ ਜਾਂਦਾ ਸੀ-

'ਖਿਚੜੀ ਖਾਂਦੇ ਦਾ ਪਹੁੰਚਾ ਉਤਰਨਾ'

ਸ਼ੁਰੂ ਵਿਚ ਜਦ ਇਨਸਾਨਾਂ ਨੂੰ ਅੰਨ ਨੂੰ ਦਲਣ ਦੀ ਜਾਚ ਨਹੀਂ ਸੀ, ਉਸ ਸਮੇਂ ਸਾਰੇ ਅਨਾਜ ਸਾਬਤ ਖਾਧੇ ਜਾਂਦੇ ਸਨ। ਕੋਈ ਅੰਨ 'ਕੱਲਾ ਖਾ ਲਿਆ ਜਾਂਦਾ ਸੀ। ਕਈ ਅੰਨ 'ਕੱਠੇ ਕਰਕੇ ਖਾ ਲਏ ਜਾਂਦੇ ਸਨ। ਪਹਿਲੇ ਸਮਿਆਂ ਦੀ ਸਾਰੀ ਖੇਤੀ ਬਾਰਸ਼ਾਂ 'ਤੇ ਨਿਰਭਰ ਸੀ। ਮੋਟੇ ਅਨਾਜ ਬਾਜਰਾ, ਜੁਆਰ, ਮੂੰਗੀ, ਮੋਠ, ਜੌਂ ਆਦਿ ਬੀਜੇ ਜਾਂਦੇ ਸਨ। ਮਸਾਂ ਖਾਣ ਜੋਗੀ ਹੀ ਫ਼ਸਲ ਹੁੰਦੀ ਸੀ। ਆਮ ਤੌਰ ਤੇ ਜ਼ਿਆਦਾ ਫ਼ਸਲ ਬਾਜਰੇ ਦੀ ਹੁੰਦੀ ਸੀ। ਬਾਜਰੇ ਦੀ ਫ਼ਸਲ ਦੀ ਪਸ਼ੂ, ਪੰਛੀਆ ਤੋਂ ਰਾਖੀ ਕਰਨੀ ਪੈਂਦੀ ਸੀ। ਬਾਜਰੇ ਦੀ ਰਾਖੀ ਕਰਨ ਲਈ ਕਈ ਵੇਰ ਦਿਉਰ ਭਰਜਾਈ ਦੀ ਮਿੱਠੀ ਮਿੱਠੀ ਨੋਕ ਝੋਕ ਵੀ ਹੋ ਜਾਂਦੀ ਸੀ -

ਤੇਰੇ ਬਾਜਰੇ ਦੀ ਰਾਖੀ,
ਵੇ ਦਿਉਰਾ ਮੈਂ ਨਾ ਬਹਿੰਦੀ ਵੇ।
ਜੇ ਮੈਂ ਤਾੜੀ ਮਾਰ ਉਡਾਵਾਂ,
ਮੇਰੀ ਮਹਿੰਦੀ ਲਹਿੰਦੀ ਵੇ।
ਜੇ ਮੈਂ ਪਿੱਛੇ ਦੌੜ ਉਡਾਵਾਂ,
ਉਤੋਂ ਗਰਮੀ ਪੈਂਦੀ ਵੇ।



Academy of the Punjab in North America: http://www.apnaorg.com

ਤੇਰੇ ਬਾਜਰੇ ਦੀ ਰਾਖੀ,
ਵੇ ਦਿਉਰਾ ਮੈਂ ਨਾ ਬਹਿੰਦੀ ਵੇ।



ਖਿਚੜੀ ਜ਼ਿਆਦਾ ਬਾਜਰੇ ਵਿਚ ਮੋਠ ਜਾਂ ਮੂੰਗੀ ਪਾ ਕੇ ਬਣਾਈ ਜਾਂਦੀ ਸੀ। ਜੁਆਰ, ਮੋਠ, ਮੂੰਗੀ ਪਾ ਕੇ ਵੀ ਬਣਾਈ ਜਾਂਦੀ ਸੀ। ਜਿਹੜੇ ਅਨਾਜ 'ਕੱਠੇ ਕਰਕੇ ਖਿਚੜੀ ਬਣਾਉਣੀ ਹੁੰਦੀ ਸੀ, ਉਨ੍ਹਾਂ ਨੂੰ ਬੜੇ ਤਪਲੇ ਵਿਚ ਪਾ ਕੇ ਵਿਚ ਲੋੜ ਅਨੁਸਾਰ ਪਾਣੀ, ਲੂਣ, ਮਿਰਚ ਪਾ ਕੇ ਹਾਰੇ ਵਿਚ ਪਾਥੀਆਂ ਪਾ ਕੇ ਰਿੱਝਣੀ ਰੱਖ ਦਿੰਦੇ ਸਨ। ਸਾਰੀ ਰਾਤ ਖਿਚੜੀ ਰਿੱਝਦੀ ਰਹਿੰਦੀ ਸੀ। ਅਗਲੇ ਸਾਰਾ ਦਿਨ ਏਸ ਰਿੱਝੀ ਖਿਚੜੀ ਨੂੰ ਖਾਂਦੇ ਰਹਿੰਦੇ ਸਨ। ਕੋਈ ਦਹੀਂ ਨਾਲ ਖਾ ਲੈਂਦੇ ਸਨ। ਕੋਈ ਅੱਧ ਰਿੜਕ ਨਾਲ ਖਾ ਲੈਂਦਾ ਸੀ। ਕੋਈ ਲੱਸੀ ਨਾਲ ਖਾ ਲੈਂਦਾ ਸੀ। ਕੋਈ ਦੁੱਧ ਨਾਲ ਖਾ ਲੈਂਦਾ ਸੀ। ਖਿਚੜੀ ਉਸ ਸਮੇਂ ਦੀ ਪੌਸ਼ਟਿਕ, ਸ਼ੁੱਧ ਤੇ ਬਗ਼ੈਰ ਕਿਸੇ ਮਿਲਾਵਟ ਤੋਂ ਇਕ ਵਧੀਆ ਖ਼ੁਰਾਕ ਮਿਸ਼ਰਣ ਹੁੰਦਾ ਸੀ।

ਫੇਰ ਅਨਾਜ ਨੂੰ ਦੋ ਫਾੜ ਕਰਕੇ, ਦਲ ਕੇ ਖਾਣ ਦਾ ਰਿਵਾਜ ਆ ਗਿਆ। ਏਸ ਤਰ੍ਹਾਂ ਦਲੇ ਹੋਏ ਅਨਾਜ ਦੀ ਬਣੀ ਵਸਤ, ਪਦਾਰਥ ਨੂੰ ਦਲੀਆ ਕਿਹਾ ਜਾਣ ਲੱਗਿਆ–

ਖੱਟੀ ਲੱਸੀ ਤੇ ਮੱਕੀ ਦਾ ਦਲੀਆ,
ਚੁਪ ਕਰਕੇ ਖਾ ਲੈ ਵੀਰਨਾ।

ਫੇਰ ਚੱਕੀ ਦੀ ਕਾਢ ਨਿਕਲਣ ਤੇ ਅਨਾਜ ਨੂੰ ਪੀਹ ਕੇ ਰੋਟੀ ਬਣਾ ਕੇ ਖਾਣ ਦਾ ਰਿਵਾਜ ਸ਼ੁਰੂ ਹੋਇਆ। ਪਰ ਉਸ ਸਮੇਂ ਵੀ ਸਵੇਰ ਦੇ ਟਾਈਮ ਖਿਚੜੀ ਹੀ ਖਾਧੀ ਜਾਂਦੀ ਸੀ। ਫੇਰ ਮੱਕੀ, ਕਣਕ, ਛੋਲਿਆਂ ਆਦਿ ਦੀਆਂ ਫ਼ਸਲਾਂ ਹੋਣ ਲੱਗੀਆਂ। ਹੌਲੀ ਹੌਲੀ ਫੇਰ ਸਵੇਰ ਦੀ ਖਿਚੜੀ ਦੀ ਥਾਂ ਮਿੱਸੀ ਰੋਟੀ ਨੇ ਲੈ ਲਈ। ਮਿੱਸੀ ਰੋਟੀ ਛੋਲਿਆਂ ਤੇ ਕਣਕ ਦੇ ਆਟੇ ਦੀ ਵੀ ਬਣਦੀ ਸੀ। ਮਿੱਸੀ ਰੋਟੀ ਮੱਕੀ ਤੇ ਕਣਕ ਦੇ



ਆਟੇ ਦੀ ਵੀ ਬਣਾਈ ਜਾਂਦੀ ਸੀ। ਮਿੱਸੀ ਰੋਟੀ ਪਾਣੀ ਹੱਥ ਲਾ ਕੇ ਬਣਾਈ ਜਾਂਦੀ ਸੀ/ਹੈ। ਹੁਣ ਤਾਂ ਬਹੁਤੇ ਲੋਕ ਮਿੱਸੀ ਰੋਟੀ ਖਾਣੀ ਵੀ ਪਸੰਦ ਨਹੀਂ ਕਰਦੇ।

ਹੁਣ ਸਾਬਤ ਅਨਾਜਾਂ ਦੀ ਖਿਚੜੀ ਸਾਡੀ ਸਵੇਰ ਦੀ ਖ਼ੁਰਾਕ ਦਾ ਹਿੱਸਾ ਨਹੀਂ ਰਹੀ। ਹੁਣ ਖਿਚੜੀ ਨੂੰ ਬੀਮਾਰਾਂ ਦਾ ਖਾਜਾ ਕਿਹਾ ਜਾਂਦਾ ਹੈ। ਇਹ ਖਿਚੜੀ ਬਣਾਈ ਵੀ ਚੌਲਾਂ ਦੀ ਅਤੇ ਧੋਤੀ ਮੂੰਗੀ ਦੀ ਜਾਂਦੀ ਹੈ। ਸਾਡੀ ਇਹ ਸਾਬਤ ਅਨਾਜਾਂ ਵਾਲੀ ਪੌਸ਼ਟਿਕ, ਸ਼ੁੱਧ ਤੇ ਬਗ਼ੈਰ ਕਿਸੇ ਮਿਲਾਵਟ ਤੋਂ ਬਣਦੀ ਖ਼ੁਰਾਕ ਖਿਚੜੀ ਅਲੋਪ ਹੋ ਗਈ ਹੈ।

0

## ਗੁੜ, ਸ਼ੱਕਰ

ਇਕ ਸਮਾਂ ਸੀ, ਜਦ ਹਰ ਕੰਮ ਗੁੜ ਜਾਂ ਸ਼ੱਕਰ ਵੰਡ ਕੇ ਸ਼ੁਰੂ ਕੀਤਾ ਜਾਂਦਾ ਸੀ। ਗੁੜ ਤੇ ਸ਼ੱਕਰ ਹਰ ਇਕ ਦੀ ਮਨਭਾਉਂਦੀ ਖ਼ੁਰਾਕ ਹੁੰਦੀ ਸੀ। ਸ਼ੱਕਰ ਘਿਉ ਨਾਲ ਰੋਟੀ ਖਵਾਉਣਾ ਉਨ੍ਹਾਂ ਸਮਿਆਂ ਦੀ ਵੱਡੀ ਸੇਵਾ ਸਮਝੀ ਜਾਂਦੀ ਸੀ। ਸਿਆਲਾਂ ਵਿਚ ਘਿਉ ਜੰਮਿਆ ਹੁੰਦਾ ਸੀ। ਇਸ ਲਈ ਇਕ ਹੱਥ ਵਿਚ ਜੰਮੇ ਹੋਏ ਘਿਉ ਦੀ ਪਿੰਨੀ ਬਣਾ ਲੈਂਦੇ ਸਨ ਤੇ ਦੂਜੇ ਹੱਥ ਵਿਚ ਗੁੜ ਲੈ ਕੇ ਉਸ ਸਮੇਂ ਦੇ ਗਭਰੂ ਆਮ ਖਾਂਦੇ ਹੁੰਦੇ ਸਨ। ਦੁੱਧ ਉਨ੍ਹਾਂ ਸਮਿਆਂ ਵਿਚ ਆਮ ਹੁੰਦਾ ਸੀ। ਰਾਤ ਨੂੰ ਕਾੜ੍ਹਨੀ ਦੇ ਦੁੱਧ ਜਾਂ ਤਾਜੇ ਚੋਏ ਹੋਏ ਦੁੱਧ ਨੂੰ ਗਰਮ ਕਰਕੇ ਗੁੜ ਦਾ ਮਿੱਠਾ ਪਾ ਕੇ ਹਰ ਪਰਿਵਾਰ ਪੀਂਦਾ ਹੁੰਦਾ ਸੀ। ਲੱਸੀ ਨਾਲ ਵੀ ਗੁੜ ਖਾਧਾ ਜਾਂਦਾ ਸੀ। ਉਸ ਸਮੇਂ ਦਾ ਲੋਕ ਗੀਤ ਹੈ –

ਗੁੜ ਖਾਂਦੀ ਤੇ ਗੰਨੇ ਚੂਪਦੀ,
ਆਈ ਆਈ ਜੁਆਨੀ ਸ਼ੂਕਦੀ।



ਜੁਆਨੀਆਂ ਤਾਂ ਉਨ੍ਹਾਂ ਸਮਿਆਂ ਵਿਚ ਹੁੰਦੀਆਂ ਸਨ। ਹੁਣ ਕਾਹਦੀਆਂ ਜੁਆਨੀਆਂ ਹਨ? ਹੁਣ ਦੀ ਜੁਆਨੀ ਤਾਂ ਨਸ਼ਿਆਂ ਨੇ ਖਾ ਲਈ ਹੈ। ਉਨ੍ਹਾਂ ਸਮਿਆਂ ਵਿਚ ਕੁੜੀਆਂ ਨੂੰ ਜੰਮਦਿਆਂ ਮਾਰਨ ਦਾ ਰਿਵਾਜ ਸੀ। ਕੁੜੀ ਨੂੰ ਮਾਰ ਕੇ ਵੀ ਉਸ ਦੇ ਮੂੰਹ ਵਿਚ ਗੁੜ ਅਤੇ ਰੂੰ ਦੇ ਕੇ ਦੱਬਦੇ ਸਨ –

ਗੁੜ ਖਾਈਂ, ਪੂਣੀ ਕੱਤੀਂ,



Academy of the Punjab in North America: http://www.apnaorg.com

ਆਪ ਨਾ ਆਈਂ, ਵੀਰੇ ਨੂੰ ਘੱਤੀਂ।

ਘਰ ਦੀ ਨੀਂਹ ਰੱਖਣ ਤੇ ਛੱਤ ਪਾਉਣ ਸਮੇਂ ਵੀ ਗੁੜ ਵੰਡਿਆ ਜਾਂਦਾ ਸੀ। ਹਾੜ੍ਹੀ ਦੀ ਫ਼ਸਲ ਵੱਢਣ ਤੇ ਕੱਢਣ ਸਮੇਂ ਸਭ ਤੋਂ ਜ਼ਿਆਦਾ ਗੁੜ ਸ਼ੱਕਰ ਦੀ ਵਰਤੋਂ ਕੀਤੀ ਜਾਂਦੀ ਸੀ। ਤੂੜੀ ਢੋ ਕੇ ਅੰਦਰ ਲਾਉਣ ਸਮੇਂ ਬਹੁਤ ਸਾਰੀ ਮਿੱਟੀ ਅੰਦਰ ਚਲੀ ਜਾਂਦੀ ਸੀ। ਗੁੜ ਖਾਣ, ਸ਼ੱਕਰ ਘੀ ਖਾਣ ਨਾਲ ਇਹ ਮਿੱਟੀ ਘੱਟਾ ਸਰੀਰ ਵਿਚੋਂ ਖਾਰਜ ਹੋ ਜਾਂਦਾ ਸੀ। ਸ਼ਾਮ ਨੂੰ ਗੁੜ, ਸ਼ੱਕਰ ਪਾ ਕੇ ਢੰਡਿਆਈ ਪੀਤੀ ਜਾਂਦੀ ਸੀ।

ਰਿਸ਼ਤੇ ਵੀ ਗੁੜ, ਸ਼ੱਕਰ ਦੀ ਰੋੜੀ ਨਾਲ ਮੂੰਹ ਮਿੱਠਾ ਕਰਾ ਕੇ ਕੀਤੇ ਜਾਂਦੇ ਸਨ। ਮੁੰਡੇ/ਕੁੜੀ ਦੀ ਮਾਂ ਆਪਣੇ ਪੇਕੀਂ ਮੁੰਡੇ/ਕੁੜੀ ਦੇ ਵਿਆਹ ਦੇਣ ਸਮੇਂ/ਦੱਸਣ ਸਮੇਂ ਵੀ ਗੁੜ ਦੀ ਭੇਲੀ ਲੈ ਕੇ ਜਾਂਦੀ ਸੀ। ਮੁੰਡੇ ਦੇ ਜਨਮ ਸਮੇਂ ਵੀ ਗੁੜ ਦੀ ਭੇਲੀ ਭੇਜੀ ਜਾਂਦੀ ਸੀ। ਲੋਹੜੀ ਵੀ ਗੁੜ ਨਾਲ ਵੰਡੀ ਜਾਂਦੀ ਸੀ। ਲੋਹੜੀ ਮੰਗਣ ਸਮੇਂ ਮੁੰਡੇ, ਕੁੜੀਆਂ ਗੁੜ ਹੀ ਮੰਗਦੀਆਂ ਹੁੰਦੀਆਂ ਸਨ –

ਕੋਠੇ ਉੱਤੇ ਕਾਂ,
ਗੁੜ ਦੇਵੇ ਮੁੰਡੇ ਦੀ ਮਾਂ।

ਪੁਰਾਣੇ ਸਮਿਆਂ ਵਿਚ ਜਿੰਨੇ ਵੀ ਸ਼ਗਨ, ਤਿੱਥ ਤਿਉਹਾਰ ਹੁੰਦੇ ਸਨ, ਉਨ੍ਹਾਂ ਸ਼ਗਨਾਂ ਵਿਚ ਗੁੜ ਅਤੇ ਸ਼ੱਕਰ ਨੂੰ ਹੀ ਵਰਤਿਆ ਜਾਂਦਾ ਸੀ। ਜੇਕਰ ਕੋਈ ਮੁਕੱਦਮਾ ਜਿੱਤਦਾ ਸੀ ਤਾਂ ਵੀ ਗੁੜ ਵੰਡਿਆ ਜਾਂਦਾ ਸੀ–

ਗੁੜ ਵੰਡਦੀ ਤਸੀਲੋਂ ਨਿਕਲੀ,
ਪਹਿਲੀ ਪੇਸ਼ੀ ਯਾਰ ਛੁੱਟ ਗਿਆ।

ਆਸ਼ਕ ਤਾਂ ਇਸ਼ਕ ਨੂੰ ਗੁੜ ਨਾਲੋਂ ਵੀ ਮਿੱਠਾ ਮੰਨਦੇ ਹਨ–

ਗੁੜ ਨਾਲੋਂ ਇਸ਼ਕ ਮਿੱਠਾ,
ਰੱਬਾ! ਲੱਗ ਨਾ ਕਿਸੇ ਨੂੰ ਜਾਵੇ।

ਗੁੜ ਦਾ ਹੀ ਕੜਾਹ ਕੀਤਾ ਜਾਂਦਾ ਸੀ। ਗੁੜ ਦੀ ਹੀ ਗੋਈ ਬਣਾਈ ਜਾਂਦੀ ਸੀ। ਗੁੜ ਦੇ ਹੀ ਤੀਆਂ ਵਿਚ ਪੂੜੇ ਪਕਾਏ ਜਾਂਦੇ ਸਨ–

ਸਾਉਣ ਵਿਚ ਤਾਂ ਲੁੱਟਦੇ ਬਾਣੀਏ,
ਨਵੀਆਂ ਹੱਟੀਆਂ ਪਾ ਕੇ।
ਅੱਗੇ ਤਾਂ ਗੁੜ ਧੜੀਏਂ ਵਿਕਦਾ,
ਹੁਣ ਕਿਉਂ ਦਿੰਦੇ ਘਟਾ ਕੇ।
ਕੁੜੀਆਂ ਮੁੰਡੇ ਜਿੱਦ ਪਏ ਕਰਦੇ,
ਪੂੜੇ ਦਿਉ ਪਕਾ ਕੇ।
ਬਾਣੀਓਂ ਤਰਸ ਕਰੋ,
ਗੁੜ ਵੇਚੋ ਭਾਅ ਘਟਾ ਕੇ।



ਗੁੜ ਨਾਲ ਸਬੰਧਤ ਸਾਨੂੰ ਕਈ ਅਖਾਣ ਵੀ ਮਿਲਦੇ ਹਨ –

'ਗੁੜ ਦਿੱਤਿਆਂ ਜੇ ਕੋਈ ਮਰੇ,
ਤਾਂ ਮੁਹਰਾ ਦੇਣ ਦੀ ਕੀ ਲੋੜ ਹੈ?'

ਏਸੇ ਤਰ੍ਹਾ ਇਕ ਹੋਰ ਅਖਾਣ ਹੈ –

'ਗੁੜ ਗੁੜ ਕਹਿਆਂ,
ਮੂੰਹ ਮਿੱਠਾ ਨਹੀਂ ਹੁੰਦਾ।'

ਲਓ, ਇਕ ਅਖਾਣ ਸ਼ੱਕਰ ਸਬੰਧੀ ਵੀ ਸੁਣੋ–

ਸ਼ੱਕਰ ਖੋਰੇ ਨੂੰ ਸ਼ੱਕਰ,
ਤੇ ਮੂਜੀ ਨੂੰ ਟੱਕਰਾਂ।

ਵਾਰਸ ਸ਼ਾਹ ਨੇ ਤਾਂ ਗੁੜ ਨੂੰ ਪਰਦੇ ਵਿਚ ਹੀ ਖਾਣ ਦੀ ਸਿਫ਼ਾਰਿਸ਼ ਕੀਤੀ ਹੈ–

ਵਾਰਸ ਸ਼ਾਹ ਲੁਕਾਈਏ ਜੱਗ ਕੋਲੋਂ,
ਭਾਵੇਂ ਆਪਣਾ ਹੀ ਗੁੜ ਖਾਈਏ ਜੀ।

ਪਹਿਲਾਂ ਦੇਸੀ ਇੱਖ ਬੀਜਿਆ ਜਾਂਦਾ ਸੀ। ਇਸ ਨੂੰ ਕਾਨਾ ਇੱਖ/ਗੰਨਾ ਵੀ ਕਹਿੰਦੇ ਸਨ। ਇਹ ਸਲਵਾੜ ਦੇ ਕਾਨਿਆਂ ਤੋਂ ਥੋੜ੍ਹਾ ਜਿਹਾ ਮੋਟਾ ਹੋਣ ਕਰ ਕੇ ਹੀ ਇਸ ਨੂੰ ਕਾਨਾ ਇੱਖ/ਗੰਨਾ ਕਹਿੰਦੇ ਸਨ। ਇਹ ਚੂਪਣ ਵਿਚ ਬਹੁਤ ਕਾਠਾ ਹੁੰਦਾ ਸੀ, ਪਰ ਇਸ ਦਾ ਗੁੜ ਤੇ ਸ਼ੱਕਰ ਬਹੁਤ ਵਧੀਆ ਬਣਦੇ ਸਨ। ਇਸ ਵਿਚ ਕਣ ਵੀ ਬਹੁਤ ਹੁੰਦਾ ਸੀ। ਫੇਰ ਲਾਲ ਪੋਨੀ ਤੇ ਅੰਗੂਰੀ ਪੋਨੀ ਗੰਨਿਆਂ ਦੀਆਂ ਫ਼ਸਲਾਂ ਆਈਆਂ। ਇਹ ਚੂਪਣ ਵਿਚ ਪੋਲੇ ਹੁੰਦੇ ਸਨ। ਗੁੜ ਤੇ ਸ਼ੱਕਰ ਵੀ ਵਧੀਆ ਬਣਦੇ ਸਨ। ਫੇਰ ਮਿੱਲ ਵਾਲੇ ਗੰਨਿਆਂ ਦੀਆਂ ਕਿਸਮਾਂ ਆਈਆਂ।

ਪਹਿਲਾਂ ਹਰ ਪਰਿਵਾਰ ਗੰਨਾ ਬੀਜਦਾ ਸੀ। ਹਾੜ੍ਹੀ ਦੀ ਬਿਜਾਈ ਤੋਂ ਪਿੱਛੋਂ ਗੰਨਾ ਪੀੜਦੇ ਸਨ। ਹਰ ਪਿੰਡ ਵਿਚ ਕਈ ਕਈ ਘੁਲਾੜੀਆਂ ਲੱਗੀਆਂ ਹੁੰਦੀਆਂ ਸਨ। ਹਰ ਪਰਿਵਾਰ ਆਪਣੇ ਸਾਰੇ ਸਾਲ ਦੀ ਵਰਤੋਂ ਲਈ ਗੁੜ ਤੇ ਸ਼ੱਕਰ ਆਪ ਪੈਦਾ ਕਰਦੇ ਸਨ। ਜਦ ਰਸ ਕੜ੍ਹ-ਕੜ੍ਹ ਕੇ ਗੁੜ ਬਣਦਾ ਸੀ ਤਾਂ ਦੂਰ ਦੂਰ ਤਕ ਉਸ ਦੀ ਖ਼ੁਸ਼ਬੂ ਫੈਲਦੀ ਹੁੰਦੀ ਸੀ। ਤੱਤਾ ਗੁੜ ਖਾਣ ਦਾ ਬਹੁਤ ਰਿਵਾਜ ਸੀ। ਲੰਘਦੇ ਕਰਦੇ ਬੰਦੇ, ਰਾਹੀ, ਪਾਂਧੀ ਵੀ ਗੁੜ ਖਾ ਜਾਂਦੇ ਸਨ। ਗੁੜ ਦੀਆਂ ਭੇਲੀਆਂ ਬਣਾਈਆਂ ਜਾਂਦੀਆਂ ਸਨ। ਸ਼ੱਕਰ ਤਾਂ ਸ਼ੱਕਰ ਹੀ ਹੁੰਦੀ ਸੀ। ਘਰਾਂ ਵਿਚ ਗੁੜ ਨੂੰ ਆਮ ਤੌਰ 'ਤੇ ਕੱਚੀਆਂ ਕੋਠੀਆਂ ਵਿਚ ਰੱਖਿਆ ਜਾਂਦਾ ਸੀ। ਸ਼ੱਕਰ ਨੂੰ ਭੜੋਲੀਆਂ ਅਤੇ ਘੜਿਆਂ ਵਿਚ ਰੱਖਿਆ ਜਾਂਦਾ ਸੀ।

ਹੁਣ ਗੰਨਾ ਸਿਰਫ਼ ਮਿੱਲ ਏਰੀਏ ਵਿਚ ਹੀ ਬੀਜਿਆ ਜਾਂਦਾ ਹੈ, ਜੋ ਮਿੱਲ ਨੂੰ ਵੇਚ ਦਿੱਤਾ ਜਾਂਦਾ ਹੈ। ਮਾਲਵੇ ਵਿਚ ਸਿਰਫ਼ ਰੋਪੜ ਜ਼ਿਲ੍ਹੇ ਦੇ ਕਈ ਪਰਿਵਾਰ ਹੀ ਘੁਲਾੜੀ ਤੇ ਗੁੜ ਸ਼ੱਕਰ ਬਣਾਉਂਦੇ ਹਨ। ਦੁਆਬੇ ਅਤੇ ਮਾਝੇ ਵਿਚ ਹੁਣ ਕਈ ਥਾਵਾਂ



Academy of the Punjab in North America: http://www.apnaorg.com

ਤੇ ਯੂ.ਪੀ. ਦੇ ਭਈਏ ਠੇਕੇ ਤੇ ਘੁਲਾੜੀਆਂ ਲੈ ਕੇ ਤੇ ਲੋਕਾਂ ਤੋਂ ਗੰਨਾ ਖਰੀਦ ਕੇ ਗੁੜ ਸ਼ੱਕਰ ਜ਼ਰੂਰ ਬਣਾਉਂਦੇ ਹਨ। ਲੋਕ ਹੁਣ ਗੁੜ ਸ਼ੱਕਰ ਬਾਜ਼ਾਰ ਵਿਚੋਂ ਖ਼ਰੀਦ ਲੈਂਦੇ ਹਨ। ਗੁੜ ਸ਼ੱਕਰ ਖਾਣ ਦਾ ਰਿਵਾਜ ਵੀ ਬਹੁਤ ਘੱਟ ਗਿਆ ਹੈ। ਪੁਰਾਣੇ ਬੁੜੇ ਹੀ ਖਾਂਦੇ ਹਨ। ਗੁੜ ਸ਼ੱਕਰ ਦੀ ਥਾਂ ਚੀਨੀ ਅਤੇ ਦੇਸੀ ਖੰਡ ਨੇ ਲੈ ਲਈ ਹੈ। ਜਿੰਨੇ ਸ਼ਗਨ, ਤਿੱਥ ਤਿਉਹਾਰ ਪਹਿਲਾਂ ਗੁੜ, ਸ਼ੱਕਰ ਨਾਲ ਕੀਤੇ ਜਾਂਦੇ ਸਨ, ਉਹ ਹੁਣ ਲੱਡੂਆਂ ਅਤੇ ਬਰਫ਼ੀ ਨਾਲ ਕੀਤੇ ਜਾਂਦੇ ਹਨ। ਨਵੀਂ ਪੀੜ੍ਹੀ ਨੂੰ ਤਾਂ ਘੁਲਾੜੀ ਤੇ ਗੁੜ ਸ਼ੱਕਰ ਕਿਵੇਂ ਬਣਦੇ ਸਨ, ਇਹ ਵੀ ਨਹੀਂ ਪਤਾ।

ਅਸੀਂ ਗੁੜ, ਸ਼ੱਕਰ ਦੀ ਇਕ ਨਰੋਈ ਤੇ ਸ਼ੁੱਧ ਖ਼ੁਰਾਕ ਤੋਂ ਵੰਚਿਤ ਹੋ ਗਏ ਹਾਂ।

0

## ਚੂਰੀ

ਜਦ ਖੇਤੀ ਸਾਰੀ ਦੀ ਸਾਰੀ ਬਾਰਸ਼ਾਂ 'ਤੇ ਨਿਰਭਰ ਹੁੰਦੀ ਸੀ, ਉਸ ਸਮੇਂ ਮੋਟੇ ਅਨਾਜ ਜੁਆਰ, ਬਾਜਰਾ, ਜੌਂ, ਮੂੰਗੀ, ਮੋਠ ਆਦਿ ਦੀਆਂ ਫ਼ਸਲਾਂ ਹੁੰਦੀਆਂ ਸਨ। ਜੁਆਰ, ਬਾਜਰਾ ਤੇ ਜੌਂ ਦੀਆਂ ਗਰਮ ਗਰਮ ਬਣਾਈਆਂ ਰੋਟੀਆਂ ਦੇ ਛੋਟੇ ਛੋਟੇ ਟੁਕੜੇ ਕਰਕੇ, ਵਿਚ ਘਿਉ ਤੇ ਸ਼ੱਕਰ ਪਾ ਕੇ, ਇਨ੍ਹਾਂ ਤਿੰਨਾਂ ਵਸਤਾਂ ਨੂੰ ਦੋਵਾਂ ਹੱਥਾਂ ਨਾਲ ਚੰਗੀ ਤਰ੍ਹਾਂ ਮਸਲ ਕੇ ਪਿੰਨੀ ਰੂਪ ਵਿਚ ਬਣਾਏ ਪਦਾਰਥ ਨੂੰ ਚੂਰੀ ਕਹਿੰਦੇ ਸਨ। ਚੂਰੀ ਵਿਚ ਘਿਉ ਦੀ ਮਾਤਰਾ ਬਹੁਤ ਹੁੰਦੀ ਸੀ। ਏਸੇ ਲਈ ਤਾਂ ਅਖਾਣ ਹੈ –

ਖੰਡ ਬਾਝ ਨਾ ਸ਼ਰਬਤ ਮਿੱਠੇ,
ਘਿਉ ਬਾਝ ਨਾ ਚੂਰੀਆਂ।
ਭਾਈਆਂ ਬਾਝ ਨਾ ਬਾਹਾਂ,
ਤੇ ਨਾ ਰਿਜ਼ਕ ਬਾਝ ਮਗ਼ਰੂਰੀਆਂ।





ਜਦ ਕਣਕ ਤੇ ਮੱਕੀ ਦੀਆਂ ਫ਼ਸਲਾਂ ਹੋਣ ਲੱਗੀਆਂ, ਉਸ ਸਮੇਂ ਕਣਕ ਤੇ ਮੱਕੀ ਦੀਆਂ ਰੋਟੀਆਂ ਦੀ ਚੂਰੀ ਕੁੱਟੀ ਜਾਣ ਲੱਗੀ। ਉਨ੍ਹਾਂ ਸਮਿਆਂ ਵਿਚ ਦੁੱਧ, ਮੱਖਣ, ਘਿਉ, ਦਹੀਂ, ਲੱਸੀ ਆਮ ਹੁੰਦੀ ਸੀ। ਦੁੱਧ ਵੇਚਣ ਦਾ ਤਾਂ ਉਨ੍ਹਾਂ ਸਮਿਆਂ ਵਿਚ ਰਿਵਾਜ ਹੀ ਨਹੀਂ ਸੀ। ਚੂਰੀ ਉਨ੍ਹਾਂ ਸਮਿਆਂ ਵਿਚ ਪੰਜਾਬ ਵਾਸੀਆਂ ਦੀ ਖ਼ੁਰਾਕ ਦਾ ਹਿੱਸਾ ਹੁੰਦੀ ਸੀ। ਚੂਰੀ ਹਰ ਘਰ ਵਿਚ ਕੁੱਟੀ ਜਾਂਦੀ ਸੀ ਤੇ ਖਾਈ ਜਾਂਦੀ ਸੀ। ਚੂਰੀ ਬੱਚਿਆਂ ਦੀ ਤਾਂ ਮਨਭਾਉਂਦੀ ਖ਼ੁਰਾਕ ਹੁੰਦੀ ਸੀ। ਬੱਚੇ ਨੂੰ ਲੋਰੀਆਂ ਦੇਣ ਸਮੇਂ ਵੀ ਕਿਹਾ ਜਾਂਦਾ ਸੀ–

ਹੁੱਲੇ ਨੀ ਮਾਏ ਹੁੱਲੇ।
ਦੋ ਬੇਰੀ ਪੱਤਰ ਝੁੱਲੇ।
ਦੋ ਝੁੱਲ ਪਈਆਂ ਖਜ਼ੂਰਾਂ
ਇਸ ਮੁੰਡੇ ਦਾ ਕਰੋ ਮੰਗੇਵਾਂ।
ਮੁੰਡੇ ਦੀ ਵਹੁਟੀ ਨਿੱਕੜੀ।
ਘਿਉ ਖਾਂਦੀ ਚੂਰੀ ਕੁੱਟਦੀ।
ਕੁੱਟ ਕੁੱਟ ਚੂਰੀ ਭਰਿਆ ਥਾਲ।
ਵਹੁਟੀ ਸਜੇ ਨਣਾਨਾਂ ਨਾਲ।

ਰਾਂਝਾ ਜਦ ਬੇਲੇ ਵਿਚ ਮੱਝੀਆਂ ਚਾਰਨ ਜਾਂਦਾ ਸੀ, ਤਾਂ ਹੀਰ ਚੂਰੀ ਕੁੱਟ ਕੇ ਹੀ ਰਾਂਝੇ ਲਈ ਲੈ ਕੇ ਜਾਂਦੀ ਸੀ। ਚੂਰੀ ਨੇ ਹੀ ਤਾਂ ਹੀਰ ਰਾਂਝੇ ਲਈ ਸਾਰੇ ਪੁਆੜੇ ਪਾਏ ਸਨ –

ਹਰੀ ਲੈ ਭੱਤਾ ਖੰਡ ਖੀਰ ਮੱਖਣ,
ਮੀਏਂ ਰਾਂਝੇ ਦੇ ਪਾਸ ਲਿਆਉਂਦੀ ਹੈ।
ਤੇਰੇ ਵਾਸਤੇ ਜੂਹ ਮੈਂ ਭਾਲ ਥੱਕੀ,
ਰੋ ਰੋ ਆਪਣਾ ਹਾਲ ਸੁਣਾਉਂਦੀ ਹੈ।
ਕੈਦੋਂ ਢੂੰਡਦਾ ਖੋਜ ਤੇ ਫਿਰੇ ਭਉਂਦਾ,
ਬਾਸ ਚੂਰੀ ਦੀ ਬੇਲਿਓਂ ਆਉਂਦੀ ਹੈ।
ਵਾਰਸ ਸ਼ਾਹ ਮੀਆਂ, ਵੇਖੋ ਟੰਗ ਲੰਙੀ,
ਸ਼ੈਤਾਨ ਦੀ ਕਲਹ ਜਗਾਉਂਦੀ ਹੈ।

ਪਹਿਲੇ ਸਮਿਆਂ ਵਿਚ ਲੋਕੀਂ ਪੈਦਲ ਸਫ਼ਰ ਕਰਦੇ ਸਨ। ਰਾਹ ਵਿਚ ਖਾਣ ਲਈ ਆਮ ਤੌਰ ਤੇ ਚੂਰੀ ਕੁੱਟ ਕੇ ਹੀ ਲੈ ਕੇ ਜਾਂਦੇ ਸਨ। ਸਕੂਲ ਪੜ੍ਹਦੇ ਵਿਦਿਆਰਥੀ ਵੀ ਦੁਪਹਿਰ ਨੂੰ ਖਾਣ ਲਈ ਜ਼ਿਆਦਾ ਚੂਰੀ ਹੀ ਲੈ ਕੇ ਜਾਂਦੇ ਸਨ।

ਪਹਿਲੇ ਸਮਿਆਂ ਵਿਚ ਜ਼ਿਆਦਾ ਨੌਕਰੀਆਂ ਫੌਜ ਦੀਆਂ ਹੁੰਦੀਆਂ ਸਨ।



Academy of the Punjab in North America: http://www.apnaorg.com

ਜੰਗ ਲੱਗੀ ਤੋਂ ਚਿੱਠੀਆਂ ਆਉਣੀਆਂ ਬੰਦ ਹੋ ਜਾਂਦੀਆਂ ਸਨ। ਡਾਕਖ਼ਾਨਾ ਵੀ ਉਨ੍ਹਾਂ ਸਮਿਆਂ ਵਿਚ ਕਿਸੇ ਕਿਸੇ ਪਿੰਡ ਵਿਚ ਹੁੰਦਾ ਸੀ। ਆਮ ਤੌਰ 'ਤੇ ਹਫ਼ਤੇ ਵਿਚ ਇਕ ਵਾਰ ਹੀ ਡਾਕ ਆਉਂਦੀ ਸੀ। ਕਬੂਤਰਾਂ ਤੇ ਕਾਵਾਂ ਰਾਹੀਂ ਵੀ ਡਾਕ ਤੇ ਸੁਨੇਹੇ ਭੇਜੇ ਜਾਂਦੇ ਸਨ। ਵਿਛੋੜੇ ਦੀ ਸਤਾਈ ਫੌਜੀ ਦੀ ਵਹੁਟੀ ਕਾਂ ਨੂੰ ਚੂਰੀ ਦਾ ਲਾਲਚ ਦੇ ਕੇ ਆਪਣੇ ਮਾਹੀ ਦੀ ਖ਼ਬਰ ਲਿਆਉਣ ਲਈ ਵਾਸਤਾ ਪਾਉਂਦੀ ਹੁੰਦੀ ਸੀ –

ਚੁੰਝ ਤੇਰੀ ਵੇ ਕਾਲਿਆ ਕਾਵਾਂ,
ਸੋਨੇ ਨਾਲ ਮੜ੍ਹਾਵਾਂ।
ਜਾ ਆਖੀਂ ਮੇਰੇ ਢੋਲ ਸਿਪਾਹੀ ਨੂੰ,
ਨਿੱਤ ਮੈਂ ਔਂਸੀਆਂ ਪਾਵਾਂ।
ਖ਼ਬਰਾਂ ਲਿਆ ਕਾਵਾਂ,
ਤੈਨੂੰ ਘਿਉ ਦੀ ਚੂਰੀ ਖੁਆਵਾਂ।

ਚੂਰੀ ਖ਼ੁਰਾਕ ਦਾ ਨਿੱਤ ਦਾ ਹਿੱਸਾ ਹੋਣ ਕਰਕੇ ਹੀ ਗਿੱਧੇ ਵਿਚ ਨੱਚਦੀਆਂ ਮੁਟਿਆਰਾਂ ਬਾਰੇ ਕਿਹਾ ਜਾਂਦਾ ਸੀ–

ਬਾਂਦਰ ਵਾਂਗ ਟੱਪਦੀ ਮਾਲਣ,
ਖਾਣ ਨੂੰ ਮੰਗਦੀ ਚੂਰੀ।
ਲੱਛੀ ਆਈ ਨਹੀਂ,
ਨਾ ਪੈਂਦੀ ਗਿੱਧੇ ਵਿਚ ਪੂਰੀ।

ਚੂਰੀ ਹੁਣ ਸਾਡੀ ਖ਼ੁਰਾਕ ਦਾ ਹਿੱਸਾ ਨਹੀਂ ਰਹੀ। ਇਕ ਸ਼ੁੱਧ ਤੇ ਖ਼ੁਰਾਕੀ ਤੱਤਾਂ ਨਾਲ ਭਰਪੂਰ ਖ਼ੁਰਾਕ ਨੂੰ ਅਸੀਂ ਛੱਡ ਦਿੱਤਾ ਹੈ। ਹੁਣ ਚੂਰੀ ਦੀ ਥਾਂ ਫਾਸਟ ਫੂਡਜ਼ ਨੇ ਲੈ ਲਈ ਹੈ, ਜਿਹੜੀ ਸਿਹਤ ਲਈ ਗੁਣਕਾਰੀ ਨਹੀਂ ਹੈ।

0

## ਸੱਤੂ, ਠੰਢਿਆਈ

ਅੱਜ ਦੀ ਪੀੜ੍ਹੀ ਨੂੰ ਸੱਤੂ ਕੀ ਹੁੰਦੇ ਸਨ, ਬਿਲਕੁਲ ਹੀ ਨੀ ਪਤਾ। ਜੌਂ ਦੇ ਦਾਣਿਆਂ ਨੂੰ ਪਹਿਲਾਂ ਭੁੰਨਿਆ ਜਾਂਦਾ ਸੀ। ਫੇਰ ਇਨ੍ਹਾ ਦਾਣਿਆਂ ਨੂੰ ਉੱਖਲੀ ਵਿਚ ਪਾ ਕੇ ਹੌਲੀ ਹੌਲੀ ਕੁੱਟ ਕੇ ਉਸ ਦਾ ਉਪਰਲਾ ਛਿੱਲੜ ਲਾਹਿਆ ਜਾਂਦਾ ਸੀ। ਫੇਰ ਜੌਂਆਂ ਨੂੰ ਪੀਹ ਕੇ ਆਟਾ ਬਣਾਇਆ ਜਾਂਦਾ ਸੀ। ਏਸ ਆਟੇ ਵਿਚ ਲੂਣ, ਮਿਰਚ ਹਲਦੀ ਮਿਲਾ ਕੇ ਗੁੰਨ੍ਹ ਕੇ ਖਾ ਲੈਂਦੇ ਸਨ। ਇਹ ਪਹਿਲੇ ਸਮਿਆਂ ਦੀ ਭਾਰਤ ਦੀਆਂ ਬਹੁਤੀਆਂ ਰਿਆਸਤਾਂ ਦੀ ਵਧੀਆ ਖ਼ੁਰਾਕ ਹੁੰਦੀ ਸੀ।





ਉਨ੍ਹਾਂ ਸਮਿਆਂ ਵਿਚ ਲੋਕ ਪੈਦਲ ਹੀ ਸਫ਼ਰ ਕਰਦੇ ਸਨ। ਏਸ ਲਈ ਸਫ਼ਰ ਵਿਚ ਏਸ ਆਟੇ ਵਿਚ ਪਾਣੀ ਘੋਲ ਕੇ ਵਿਚ ਸ਼ੱਕਰ ਜਾਂ ਲੂਣ ਪਾ ਕੇ ਪੀ ਲੈਂਦੇ ਸਨ। ਤੁਸੀਂ ਕ੍ਰਿਸ਼ਨ ਮਹਾਰਾਜ ਦੀ ਕਥਾ ਤਾਂ ਸੁਣੀ ਹੋਵੇਗੀ? ਜਿਸ ਸਮੇਂ ਕ੍ਰਿਸ਼ਨ ਮਹਾਰਾਜ ਨੂੰ ਉਨ੍ਹਾਂ ਦਾ ਦੋਸਤ ਸੁਦਾਮਾ ਮਿਲਣ ਗਿਆ ਸੀ, ਉਸ ਸਮੇਂ ਉਹ ਆਪਣੇ ਦੋਸਤ ਨੂੰ ਭੇਂਟ ਕਰਨ ਲਈ ਸੱਤੂ ਹੀ ਲੈ ਕੇ ਗਿਆ ਸੀ।

ਇਹ ਉਹ ਸਮਾਂ ਸੀ ਜਦੋਂ ਮਨੁੱਖੀ ਸੂਝ ਅਤੇ ਖੇਤੀ ਮੁੱਢਲੇ ਦੌਰ ਵਿਚ ਸੀ। ਖੇਤੀ ਸਾਰੀ ਦੀ ਸਾਰੀ ਬਾਰਿਸ਼ਾਂ ਤੇ ਨਿਰਭਰ ਹੁੰਦੀ ਸੀ। ਜੌਂ ਇਕ ਅਜਿਹੀ ਫ਼ਸਲ ਹੈ, ਜਿਹੜੀ ਹਰ ਮਾੜੀ, ਚੰਗੀ ਜ਼ਮੀਨ ਵਿਚ ਪੈਦਾ ਹੋ ਜਾਂਦੀ ਹੈ। ਏਸ ਕਰ ਕੇ ਹੀ ਉਸ ਸਮੇਂ ਜੌਂਆਂ ਦੇ ਸੱਤੂ ਬਣਾ ਕੇ ਲੋਕ ਖਾਂਦੇ ਸਨ। ਜਿਵੇਂ ਜਿਵੇਂ ਲੋਕਾਂ ਦੀ ਸੂਝ ਵਧਦੀ ਗਈ, ਖੇਤੀ ਵਿਚ ਹੋਰ ਫ਼ਸਲਾਂ ਪੈਦਾ ਹੋਣੀਆਂ ਸ਼ੁਰੂ ਹੋ ਗਈਆਂ। ਜੌਂਆਂ ਦੇ ਨਾਲ ਕਣਕ, ਛੋਲੇ, ਜੁਆਰ, ਬਾਜਰਾ, ਚਾਵਲ ਅਤੇ ਹੋਰ ਵੱਖਰੀਆਂ ਵੱਖਰੀਆਂ ਰਿਆਸਤਾਂ ਵਿਚ ਵੱਖਰੀਆਂ ਵੱਖਰੀਆਂ ਫ਼ਸਲਾਂ ਹੋਣ ਲੱਗੀਆਂ। ਉਹ ਫ਼ਸਲਾਂ ਫੇਰ ਲੋਕਾਂ ਦੀ ਨਿੱਤ ਦੀ ਖ਼ੁਰਾਕ ਦਾ ਹਿੱਸਾ ਬਣਦੀਆਂ ਗਈਆਂ। ਭਾਰਤ ਦੀ ਆਜ਼ਾਦੀ ਤੋਂ ਪਿਛੋਂ ਤਾਂ ਫੇਰ ਖੇਤੀ ਵਿਚ ਬਹੁਤ ਤਰੱਕੀ ਹੋਈ ਹੈ।

ਪੰਜਾਬ ਵਿਚ ਦਰਿਆਵਾਂ ਕਰ ਕੇ, ਜ਼ਮੀਨ ਚੰਗੀ ਉਪਜਾਊ ਹੋਣ ਕਰ ਕੇ ਇਥੇ ਪਹਿਲਾਂ ਤੋਂ ਹੀ ਜੌਂਆਂ ਦੇ ਨਾਲ ਜੁਆਰ, ਬਾਜਰਾ, ਕਣਕ, ਛੋਲੇ, ਮੱਕੀ ਆਦਿ ਦੀਆਂ ਫ਼ਸਲਾਂ ਹੁੰਦੀਆਂ ਸਨ। ਏਸ ਲਈ ਸੱਤੂ ਕਦੇ ਪੰਜਾਬ ਵਾਸੀਆਂ ਦੀ ਖ਼ੁਰਾਕ ਨਹੀਂ ਰਹੀ। ਗਰਮੀ ਦੇ ਮੌਸਮ ਵਿਚ ਪੰਜਾਬ ਵਾਸੀ ਵੀ ਸੱਤੂਆਂ ਵਿਚ ਲੂਣ, ਮਿਰਚ ਦੀ ਥਾਂ ਸ਼ੱਕਰ ਪਾ ਕੇ ਘੋਲ ਕੇ ਪੀਂਦੇ ਹੁੰਦੇ ਸਨ ਕਿਉਂ ਜੋ ਜੌਂਆਂ ਦੀ ਤਾਸੀਰ ਠੰਡੀ ਮੰਨੀ ਜਾਂਦੀ ਹੈ। ਏਸੇ ਕਰ ਕੇ ਹੀ ਜੌਂਆਂ ਤੋਂ ਤਿਆਰ ਕੀਤੀ ਬੀਅਰ ਨੂੰ ਗਰਮੀ ਵਿਚ ਪੀਣਾ ਲੋਕ ਸਭ ਤੋਂ ਜ਼ਿਆਦਾ ਪਸੰਦ ਕਰਦੇ ਹਨ। ਸਫ਼ਰ ਵਿਚ ਪੰਜਾਬ ਵਿਚ ਵੀ



Academy of the Punjab in North America: http://www.apnaorg.com

ਸੱਤੂਆਂ ਦੀ ਵਰਤੋਂ ਕੀਤੀ ਜਾਂਦੀ ਸੀ ਕਿਉਂ ਜੋ ਸਫ਼ਰ ਵਿਚ ਸੱਤੂ ਰੋਟੀ ਦਾ ਬਦਲ ਬਣ ਜਾਂਦੇ ਸਨ।

ਸੱਤੂਆਂ ਨਾਲ ਕਈ ਅਖਾਣ, ਮੁਹਾਵਰੇ ਵੀ ਜੁੜੇ ਹੋਏ ਸਨ। ਜਿਹੜਾ ਬੰਦਾ ਜਿਸਮਾਨੀ ਤੌਰ ਤੇ ਕਮਜ਼ੋਰ ਹੋ ਜਾਂਦਾ ਸੀ, ਉਸ ਬਾਰੇ ਕਿਹਾ ਜਾਂਦਾ ਸੀ–

'ਏਸ ਦੇ ਤਾਂ ਸੱਤੂ ਮੁੱਕੇ ਹੋਏ ਹਨ।'

ਉਨ੍ਹਾਂ ਸਮਿਆਂ ਵਿਚ ਲੋਕ ਖਿਚੜੀ ਖਾਂਦੇ ਸਨ। ਖਿਚੜੀ ਰਿੰਨ੍ਹ ਕੇ ਬਣਾਈ ਜਾਂਦੀ ਸੀ। ਸੱਤੂਆਂ ਨੂੰ ਘੋਲ ਕੇ ਪੀਤਾ ਜਾਂਦਾ ਸੀ। ਸੱਤੂਆਂ ਸਬੰਧੀ ਇਕ ਹੋਰ ਅਖਾਣ ਹੈ –

ਸੱਤੂ ਮਨ ਮੱਤੂ, ਕਬ ਘੋਲੂੰ ਕਬ ਚੱਖੂੰ।
ਖਿਚੜੀ ਪਕਾਈ, ਖਾਈ, ਚੱਲ ਮੇਰੇ ਭਾਈ।

ਹੌਲੀ ਹੌਲੀ ਪੰਜਾਬ ਵਿਚ ਸੱਤੂਆਂ ਦੀ ਥਾਂ ਠੰਢਿਆਈ ਨੇ ਲੈ ਲਈ। ਹੁਣ ਵਾਲੀ ਪੀੜ੍ਹੀ ਠੰਢਿਆਈ ਕੀ ਹੁੰਦੀ ਸੀ, ਇਸ ਬਾਰੇ ਵੀ ਨਹੀਂ ਜਾਣਦੀ। ਆਮ ਆਦਮੀ ਦੀ ਠੰਢਿਆਈ ਵਿਚ ਖਸ਼ ਖਸ਼, ਕਾਲੀ ਮਿਰਚ, ਦੁੱਧ ਤੇ ਸ਼ੱਕਰ ਹੀ ਹੁੰਦੀ ਸੀ। ਜਿਨ੍ਹਾਂ ਲੋਕਾਂ ਦੀ ਆਰਥਿਕ ਹਾਲਤ ਚੰਗੀ ਹੁੰਦੀ ਸੀ, ਉਹ ਠੰਢਿਆਈ ਵਿਚ ਖਸ਼ ਖ਼ਸ਼, ਕਾਲੀ ਮਿਰਚ, ਦੁੱਧ, ਸ਼ੱਕਰ ਦੇ ਨਾਲ ਮਗਜ਼, ਬਦਾਮ ਅਤੇ ਗੁਲਾਬ ਦੀਆਂ ਪੱਤੀਆਂ ਵੀ ਪਾਉਂਦੇ ਸਨ। ਪਹਿਲਾਂ ਕੂੰਡੇ ਵਿਚ ਖਸ਼ ਖ਼ਸ਼ ਨੂੰ ਚੰਗੀ ਤਰ੍ਹਾਂ ਰਗੜਦੇ ਸਨ। ਫੇਰ ਮਗਜ਼, ਬਦਾਮ, ਗੁਲਾਬ ਦੀਆਂ ਪੱਤੀਆਂ ਤੇ ਕਾਲੀ ਮਿਰਚ ਨੂੰ ਵਿਚ ਪਾ ਕੇ ਰਗੜਿਆ ਜਾਂਦਾ ਸੀ। ਉਸ ਪਿੱਛੋਂ ਸ਼ੱਕਰ ਪਾ ਕੇ ਰਗੜਦੇ ਸਨ। ਫੇਰ ਦੁੱਧ ਪਾਉਂਦੇ ਸਨ। ਫੇਰ ਜਿੰਨੇ ਕੁ ਬੰਦਿਆਂ ਲਈ ਠੰਢਿਆਈ ਬਣਾਈ ਜਾਂਦੀ ਸੀ, ਉਸ ਵਿਚ ਓਨਾ ਪਾਣੀ ਪਾਇਆ ਜਾਂਦਾ ਸੀ। ਫੇਰ ਇਸ ਨੂੰ ਪੋਣੇ ਨਾਲ ਪੁਣਦੇ ਸਨ। ਇਸ ਤਰ੍ਹਾਂ ਠੰਢਿਆਈ ਬਣਦੀ ਸੀ। ਜਿਸ ਤਰ੍ਹਾਂ ਉਨ੍ਹਾਂ ਸਮਿਆਂ ਵਿਚ ਛੰਨਿਆਂ, ਕੌਲਿਆਂ ਤੇ ਕੰਗਣੀ ਵਾਲੇ ਗਲਾਸਾਂ ਵਿਚ ਲੱਸੀ ਪੀਤੀ ਜਾਂਦੀ ਸੀ, ਉਸੇ ਤਰ੍ਹਾਂ ਹੀ ਠੰਢਿਆਈ ਵੀ ਛੰਨਿਆਂ, ਕੌਲਿਆਂ ਤੇ ਕੰਗਣੀ ਵਾਲੇ ਗਲਾਸਾਂ ਵਿਚ ਪੀਂਦੇ ਸਨ।

ਗਰਮੀ ਦੇ ਮੌਸਮ ਵਿਚ ਜਦ ਕਣਕ, ਛੋਲੇ, ਜੌਂਆਂ ਨੂੰ ਫਲ੍ਹਿਆਂ ਨਾਲ ਗਾਹਿਆ ਜਾਂਦਾ ਸੀ। ਛੋਲੇ, ਸਰ੍ਹੋਂ ਕੱਢੇ ਜਾਂਦੇ ਸਨ। ਉਸ ਸਮੇਂ ਤੀਜੇ ਪਹਿਰ/ਦੁਪਹਿਰ ਤੋਂ ਬਾਅਦ ਠੰਢਿਆਈ ਵਿਸ਼ੇਸ਼ ਤੌਰ ਤੇ ਪੀਤੀ ਜਾਂਦੀ ਸੀ। ਠੰਢਿਆਈ ਉਨ੍ਹਾਂ ਸਮਿਆਂ ਦੀ ਗਰਮੀ ਦੇ ਮੌਸਮ ਵਿਚ ਦੁਪਹਿਰ ਤੋਂ ਬਾਅਦ ਪੀਣ ਵਾਲੀ ਜ਼ਰੂਰੀ ਖ਼ੁਰਾਕੀ ਵਸਤ ਹੁੰਦੀ ਸੀ। ਲੱਸੀ ਵੀ ਉਨ੍ਹਾਂ ਸਮਿਆਂ ਵਿਚ ਸਾਰਾ ਦਿਨ ਹੀ ਪੀਤੀ ਜਾਂਦੀ ਸੀ। ਉਨ੍ਹਾਂ ਸਮਿਆਂ ਦਾ ਠੰਢਿਆਈ ਤੇ ਲੱਸੀ ਸਬੰਧੀ ਇਕ ਮੁਹਾਵਰਾ ਇਹ ਵੀ ਹੁੰਦਾ ਸੀ – 'ਠੰਢਿਆਈ ਤੇ ਲੱਸੀ ਵਿਚ ਪਾਣੀ ਪਾ ਕੇ ਜਿੰਨਾ ਮਰਜ਼ੀ ਵਧਾ ਲਵੋ।'



ਹੁਣ ਨਾ ਕੋਈ ਸੱਤੂ ਪੀਂਦਾ ਹੈ ਅਤੇ ਨਾ ਹੀ ਸੱਤੂਆਂ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਹੈ? ਏਸੇ ਤਰ੍ਹਾਂ ਹੁਣ ਨਾ ਕੋਈ ਠੰਢਿਆਈ ਪੀਂਦਾ ਹੈ ਅਤੇ ਨਾ ਹੀ ਕਿਸੇ ਨੂੰ ਠੰਢਿਆਈ ਬਾਰੇ ਕੋਈ ਜਾਣਕਾਰੀ ਹੈ। ਹੁਣ ਤਾਂ ਸਵੇਰ ਤੋਂ ਸ਼ਾਮ ਤੱਕ ਚਾਹ ਹੀ ਪੀਤੀ ਜਾਂਦੀ ਹੈ।

0

## ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ

ਕੋਈ ਸਮਾਂ ਸੀ ਜਦੋਂ ਸਿਆਲ ਦੇ ਬਹੁਤੇ ਮੌਸਮ ਵਿਚ ਹਰ ਘਰ ਵਿਚ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਆਮ ਬਣਦੀ ਸੀ। ਸਾਗ ਵਿਚ ਲੋਹਾ, ਕੈਲਸ਼ੀਅਮ ਤੇ ਵਿਟਾਮਿਨ ਹੁੰਦੇ ਹਨ। ਸਰ੍ਹੋਂ ਦੀ ਫ਼ਸਲ ਸਿਆਲੂ ਫ਼ਸਲ ਹੈ। ਮੁੱਖ ਫ਼ਸਲਾਂ ਵਿਚੋਂ ਇਕ ਹੁੰਦੀ ਸੀ। ਮਾਰੂ ਬੀਜੀ ਜਾਂਦੀ ਸੀ। ਸਿਰਫ਼ ਬੀਜ ਦਾ ਹੀ ਖ਼ਰਚਾ ਹੁੰਦਾ ਸੀ। ਆਮਦਨ ਚੰਗੀ ਹੋ ਜਾਂਦੀ ਸੀ। ਸਰ੍ਹੋਂ ਨੂੰ ਫੁੱਲ ਆਉਣ ਤੋਂ ਪਹਿਲਾਂ ਸਾਗ ਦੇ ਤੌਰ ਤੇ ਵਰਤੋਂ ਕੀਤੀ ਜਾਂਦੀ ਸੀ। ਪਹਿਲਾਂ ਪੱਤਿਆਂ ਦਾ ਸਾਗ ਬਣਾਇਆ ਜਾਂਦਾ ਸੀ। ਜਦ ਗੰਦਲਾਂ ਹੋ ਜਾਂਦੀਆਂ ਸਨ ਤਾਂ ਗੰਦਲਾਂ ਦਾ ਸਾਗ ਬਣਾਉਂਦੇ ਸਨ। ਪੱਤਿਆਂ ਦੇ ਸਾਗ ਨਾਲੋਂ ਗੰਦਲਾਂ ਦਾ ਸਾਗ ਜ਼ਿਆਦਾ ਸੁਆਦ ਹੁੰਦਾ ਸੀ।

ਪਹਿਲੇ ਸਮਿਆਂ ਵਿਚ ਸਾਗ ਨਾ ਪਿੰਡਾਂ ਵਿਚ ਅਤੇ ਨਾ ਹੀ ਸ਼ਹਿਰਾਂ ਵਿਚ ਮੁੱਲ ਵਿਕਦਾ ਸੀ। ਪਿੰਡਾਂ ਦੇ ਜਿਹੜੇ ਪਰਿਵਾਰ ਕੋਲ ਜ਼ਮੀਨ ਨਹੀਂ ਹੁੰਦੀ ਸੀ, ਉਹ ਪਰਿਵਾਰ ਜ਼ਮੀਨਾਂ ਵਾਲਿਆਂ ਤੋਂ ਪੁੱਛ ਕੇ, ਸਰ੍ਹੋਂ ਦੇ ਰਾਖਿਆ ਤੋਂ ਪੁੱਛ ਕੇ ਖੇਤਾਂ ਵਿਚੋਂ ਸਾਗ ਤੋੜ ਲੈਂਦੇ ਸਨ। ਜੇਕਰ ਰਾਖਿਆਂ ਤੋਂ ਬਗ਼ੈਰ ਪੁੱਛਿਆਂ ਖੇਤ ਵਿਚ ਕੋਈ ਸਾਗ ਤੋੜਨ ਆ ਜਾਂਦੀ ਸੀ ਤਾਂ ਰਾਖੇ ਦੂਰ ਤੋਂ ਹੀ ਲਲਕਾਰੇ ਮਾਰਨ ਲੱਗ ਜਾਂਦੇ ਸਨ–

ਕਿਹੜੀ ਆਂ ਤੂੰ ਸਾਗ ਤੋੜਦੀ?
ਹੱਥ ਸੋਚ ਕੇ ਗੰਦਲ ਨੂੰ ਪਾਵੀਂ।





Academy of the Punjab in North America: http://www.apnaorg.com

ਸਰ੍ਹੋਂ ਦੇ ਖੇਤਾਂ ਦੀ ਰਾਖੀ ਵਿਸ਼ੇਸ਼ ਤੌਰ ਤੇ ਕੀਤੀ ਜਾਂਦੀ ਸੀ। ਜਿਹੜੇ ਪਰਿਵਾਰ ਆਪ ਰਾਖੀ ਨਹੀਂ ਕਰ ਸਕਦੇ ਸਨ, ਉਹ ਪਰਿਵਾਰ ਰਾਖੀ ਲਈ ਰਾਖੇ ਰੱਖਦੇ ਸਨ। ਰਾਖੀ ਕਰਨ ਲਈ ਖੇਤਾਂ ਵਿਚ ਮਨ੍ਹੇ ਗੱਡੇ ਜਾਂਦੇ ਸਨ। ਅੱਜ ਕੱਲ੍ਹ ਦੀ ਪੀੜ੍ਹੀ ਨੂੰ ਮਨ੍ਹਾਂ ਕਿਸ ਨੂੰ ਕਹਿੰਦੇ ਸਨ, ਇਹ ਵੀ ਨਹੀਂ ਪਤਾ ਹੋਏਗਾ। ਖੇਤ ਦੇ ਵਿਚਕਾਰ ਜਿਹੇ 10 ਕੁ ਫੁੱਟ ਦੀਆਂ ਲੰਮੀਆਂ ਲੱਕੜਾਂ ਚਾਰ ਸਿਰਿਆਂ ਤੋਂ 8 ਕੁ ਫੁੱਟ ਦਾ ਫ਼ਾਸਲਾ ਗੱਡ ਕੇ ਗੱਡੀਆਂ ਜਾਂਦੀਆਂ ਸਨ। ਇਨ੍ਹਾਂ ਗੱਡੀਆਂ ਲੱਕੜਾਂ ਦੇ ਸਿਰਿਆਂ ਨਾਲ ਹੋਰ ਚਾਰ ਲੱਕੜਾਂ ਬੰਨ੍ਹ ਕੇ ਤੇ ਇਕ ਦੋ ਲੱਕੜਾਂ ਵਿਚਾਲੇ ਪਾ ਕੇ, ਉਨ੍ਹਾਂ ਉਪਰ ਕਪਾਹ ਦੀਆਂ ਛਿਟੀਆਂ ਜਾਂ ਸਲਵਾੜ ਦੇ ਕਾਨੇ ਪਾ ਕੇ ਪਾਈ ਗਈ ਛੱਤ ਨੂੰ ਮਨ੍ਹਾ ਕਹਿੰਦੇ ਸਨ। ਏਸ ਮਨ੍ਹੇ ਉਪਰ ਬੈਠ ਕੇ ਹੀ ਰਾਖਾ ਸਾਰੇ ਖੇਤਾਂ ਦੀ ਰਾਖੀ ਕਰਦਾ ਹੁੰਦਾ ਸੀ।

ਗੰਦਲਾਂ ਦਾ ਸਾਗ ਵੱਧ ਸੁਆਦ ਬਣਦਾ ਹੋਣ ਕਰਕੇ ਜੱਟ ਆਪਣੀ ਜੱਟੀ ਨੂੰ ਸਾਗ ਤੋੜਨ ਲਈ ਗੰਦਲਾਂ ਵਾਲੇ ਖੇਤ ਹੀ ਆਉਣ ਨੂੰ ਕਹਿੰਦਾ ਹੁੰਦਾ ਸੀ–

ਤੈਨੂੰ ਗੰਦਲਾਂ ਦਾ ਸਾਗ ਤੁੜਾਵਾਂ,
ਸਰ੍ਹੋਂ ਵਾਲੇ ਆ ਜੀ ਖੇਤ ਨੂੰ।
x x x x
ਕੱਚੀ ਗੰਦਲ ਸਰ੍ਹੋਂ ਦੇ ਫੁੱਲ ਵਰਗੀ,
ਸਰ੍ਹੋਂ ਦਾ ਸਾਗ ਤੋੜਦੀ ਫਿਰੇ।

ਖੇਤ ਵਿਚੋਂ ਸਾਗ ਝੁਕ ਕੇ ਤੋੜਨਾ ਪੈਂਦਾ ਸੀ। ਏਸ ਲਈ ਕਈ ਬਹੂਆਂ ਦੀਆਂ ਕਮਰਾਂ/ਢੂਹੀ ਦੁਖਣ ਲੱਗ ਜਾਂਦੀ ਸੀ, ਜਿਸ ਕਰਕੇ ਉਹ 'ਕੱਲੀਆਂ ਸਾਗ ਤੋੜਨ ਤੋਂ ਕੋਈ ਨਾ ਕੋਈ ਬਹਾਨਾ ਲੱਭ ਲੈਂਦੀਆਂ ਸਨ–

ਮੈਂ 'ਕੱਲੀ ਕਿਉਂ ਸਾਗ ਨੂੰ ਜਾਵਾਂ,
ਰੁੱਗ ਸਾਰਾ ਨਣਦਾਂ ਦਾ।

ਉਨ੍ਹਾਂ ਸਮਿਆਂ ਵਿਚ ਸ਼ਹਿਰਾਂ ਵਿਚ ਸਾਗ, ਸਬਜ਼ੀ ਦੀ ਤਰ੍ਹਾਂ ਬਜ਼ਾਰਾਂ ਵਿਚ ਲਿਆ ਕੇ ਵੇਚਣ ਦਾ ਰਿਵਾਜ ਨਹੀਂ ਸੀ। ਏਸ ਲਈ ਜੇਕਰ ਕਿਸੇ ਸ਼ਹਿਰ ਵਾਸੀ ਨੇ ਸਾਗ ਖਾਣਾ ਹੁੰਦਾ ਸੀ, ਉਹ ਜਾਂ ਤਾਂ ਆਪ ਪਿੰਡਾਂ ਵਿਚੋਂ ਜਾ ਕੇ ਲਿਆਵੁੰਦੇ ਸਨ ਜਾਂ ਆਪਣੇ ਮਿਲਣ ਗਿਲਣ ਵਾਲੇ ਪਿੰਡ ਵਾਲਿਆਂ ਤੋਂ ਮੰਗਵਾਉਂਦੇ ਸਨ। ਏਸੇ ਦੀ ਪ੍ਰੋੜ੍ਹਤਾ ਕਰਦਾ ਲੋਕ ਗੀਤ ਸੁਣੋ–

ਕੀ ਲੈਣਾ ਸ਼ਹਿਰਨ ਬਣ ਕੇ,
ਸਾਗ ਨੂੰ ਤਰਸੇਂਗੀ।

ਹੁਣ ਤਾਂ ਪਿੰਡਾਂ ਨਾਲੋਂ ਸ਼ਹਿਰਾਂ ਵਿਚ ਸਾਗ ਜ਼ਿਆਦੇ ਲੰਮੇ ਸਮੇਂ ਤੱਕ ਮਿਲਦਾ ਰਹਿੰਦਾ ਹੈ। ਪਹਿਲੇ ਸਮਿਆਂ ਵਿਚ ਸਾਗ ਲੋਕੀਂ ਪੂਰੇ ਸੁਆਦ ਤੇ ਪੂਰੀ ਮਿਕਦਾਰ



ਵਿਚ ਖਾਂਦੇ ਸਨ। ਕੌਲੇ, ਛੰਨੇ ਭਰ ਕੇ ਤੇ ਵਿਚ ਪੂਰਾ ਮੱਖਣ ਪਾ ਕੇ–

ਕੁੜੀਓ ਨੀ ਮੈਂ ਬੋਲੀ ਪਾਵਾਂ,
ਘੜੀ ਘੜੀ ਨੇ ਜੋੜੀ।
ਰਾਤੀਂ ਹੱਦ ਕਰ ਗਿਆ,
ਖਾ ਗਿਆ ਸਾਗ ਦੀ ਤੌੜੀ।

ਨੂੰਹ ਸੱਸ ਦੀ ਸਾਡੇ ਸਮਾਜ ਵਿਚ ਬਹੁਤੀ ਨਹੀਂ ਬਣਦੀ ਰਹੀ। ਕਈ ਵੇਰ ਲੜਾਈ ਝਗੜਾ ਹੋਣ ਤੇ ਸੱਸ ਆਪਣੀ ਨੂੰਹ ਨੂੰ ਸਾਗ ਦੇਣ ਤੋਂ ਜਵਾਬ ਦੇ ਦਿੰਦੀ ਸੀ, ਜਿਸ ਕਰਕੇ ਨੂੰਹ ਨੂੰ ਰੁੱਖੀ ਰੋਟੀ ਖਾਣੀ ਪੈਂਦੀ ਸੀ, ਜਿਸ ਦਾ ਗਿਲਾ ਉਹ ਆਪਣੇ ਪਤੀ ਕੋਲ ਕਰਦੀ ਹੁੰਦੀ ਸੀ–

ਤੇਰੀ ਮਾਂ ਨੇ ਰਿੱਧਾ ਸਾਗ ਵੇ,
ਅਸੀਂ ਮੰਗਿਆ ਤਾਂ ਦਿੱਤਾ ਜਵਾਬ ਵੇ,
ਮੈਂ ਰੁੱਖੀ ਰੋਟੀ ਖਾਨੀ ਆਂ, ਵੇ ਮੁੰਡਿਆ!

ਸਰ੍ਹੋਂ ਦੀ ਫ਼ਸਲ ਤੇ ਜਦ ਫੁੱਲ ਆ ਜਾਂਦੇ ਸਨ ਤਾਂ ਖੇਤ ਇਸ ਤਰ੍ਹਾਂ ਲੱਗਦੇ ਹੁੰਦੇ ਸਨ, ਜਿਵੇਂ ਕਿਸੇ ਨੇ ਖੇਤਾਂ ਵਿਚ ਸੋਨਾ ਖਿਲਾਰ ਦਿੱਤਾ ਹੋਵੇ। ਮੁਟਿਆਰਾਂ ਦੇ ਰੰਗ ਰੂਪ ਨੂੰ ਵੀ ਸਰ੍ਹੋਂ ਦੇ ਫੁੱਲਾਂ ਨਾਲ ਤੁਲਨਾ ਦਿੱਤੀ ਜਾਂਦੀ ਸੀ–

ਕੁੜੀ ਲੈ ਗਿਆ ਸਰ੍ਹੋਂ ਦੇ ਫੁੱਲ ਵਰਗੀ,
ਮੁੰਡਾ ਕਾਲੇ ਨਾਗ ਵਰਗਾ।

ਪਹਿਲੇ ਸਮਿਆਂ ਵਿਚ ਜਿਸ ਸੱਜ-ਵਿਆਹੀ ਦਾ ਫੌਜੀ ਪਤੀ ਜੰਗ ਲੱਗਣ ਕਰਕੇ ਵਿਆਹ ਤੋਂ ਛੇਤੀ ਬਾਅਦ ਜੰਗ ਨੂੰ ਚਲਿਆ ਜਾਂਦਾ ਸੀ, ਜੰਗ ਸਾਲਾਂ ਬੱਧੀ ਚਲਦੀ ਰਹਿੰਦੀ ਸੀ। ਜੰਗ ਖ਼ਤਮ ਹੋਣ ਤੋਂ ਪਿਛੋਂ ਜਦ ਉਸ ਦਾ ਪਤੀ ਘਰ ਵਾਪਸ ਆਉਂਦਾ ਸੀ ਤਾਂ ਉਸ ਦੀ ਪਤਨੀ ਆਪਣੇ ਪਤੀ ਨੂੰ ਨਿਹੋਰਾ ਦਿੰਦੀ ਕਹਿੰਦੀ ਸੀ–

ਉਦੋਂ ਕਿਉਂ ਨਾ ਆਇਆ ਵੈਰੀਆ,
ਜਦ ਰੰਗ ਸੀ ਸਰ੍ਹੋਂ ਦੇ ਫੁੱਲ ਵਰਗਾ।

ਸਾਗ ਉਨ੍ਹਾਂ ਸਮਿਆਂ ਵਿਚ ਹੱਥ ਨਾਲ ਸਾਗ ਚੀਰਨ ਵਾਲੀ ਦਾਤੀ ਨਾਲ ਚੀਰਿਆ ਜਾਂਦਾ ਸੀ। ਮਿੱਟੀ ਦੀ ਤੌੜੀ ਵਿਚ ਲੱਕੜਾਂ, ਪਾਥੀਆਂ ਤੇ ਗੁੱਲਾਂ ਦੀ ਅੱਗ ਤੇ ਬਣਾਇਆ ਜਾਂਦਾ ਸੀ। ਸਾਗ ਵਿਚ ਬਾਥੂ ਪਾਇਆ ਜਾਂਦਾ ਸੀ। ਘੋਟਣ ਵਾਲੀ ਘੋਟਣੀ ਨਾਲ ਘੋਟਿਆ ਜਾਂਦਾ ਸੀ। ਇਕ ਦਿਨ ਦਾ ਰਿੰਨਿਆ ਹੋਇਆ ਸਾਗ ਤੜਕਾ ਲਾ ਕੇ ਕਈ ਦਿਨ ਖਾਧਾ ਜਾਂਦਾ ਸੀ।

ਪਹਿਲੇ ਸਮਿਆਂ ਵਿਚ ਕੁੜੀਆਂ ਨੂੰ ਜੰਮਦਿਆਂ ਮਾਰਨ ਦਾ ਰਿਵਾਜ ਸੀ ਜਿਸ ਕਰਕੇ ਹਰ ਘਰ ਵਿਚ ਕੋਈ ਨਾ ਕੋਈ ਭਰਾ ਛੜਾ ਰਹਿ ਜਾਂਦਾ ਸੀ। ਛੜੇ ਹੁੰਦੇ ਵੀ



Academy of the Punjab in North America: http://www.apnaorg.com

ਬਹੁਤ ਘਤਿੱਤੀ ਸਨ। ਭਰਜਾਈਆਂ ਨੂੰ ਟਕੋਰਾਂ ਲਾਉਣ ਤੋਂ ਬਾਜ ਨਹੀਂ ਆਉਂਦੇ ਸਨ। ਕਈ ਵੇਰ ਭਰਜਾਈਆਂ ਵੀ ਛੜੇ ਨੂੰ ਇੱਕੀ ਦੇ ਕੱਤੀ ਪਾਉਂਦੀਆਂ ਮੋੜਵਾਂ ਜਵਾਬ ਦੇ ਦਿੰਦੀਆਂ ਸਨ –

ਛੜਿਆ ਮਰ ਜਾ ਮੱਕੀ ਦਾ ਟੁੱਕ ਖਾ ਕੇ,
ਵਿਚ ਪਾ ਲੈ ਲੂਣ ਦੀ ਡਲੀ।

ਵੈਸੇ ਮੱਕੀ ਦੀ ਰੋਟੀ ਉਪਰ ਲਾਲ ਮਿਰਚਾਂ ਵਾਲਾ ਲੂਣ ਭੁੱਕ ਕੇ ਖੱਟੀ ਲੱਸੀ ਨਾਲ ਖਾਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਸੀ।

ਹੁਣ ਸਰ੍ਹੋਂ ਪੰਜਾਬ ਦੀ ਮੁੱਖ ਫ਼ਸਲ ਨਹੀਂ ਰਹੀ। ਹੁਣ ਪਿੰਡਾਂ ਅਤੇ ਸ਼ਹਿਰਾਂ ਵਿਚ ਪਹਿਲੇ ਜਿੰਨਾ ਸਾਗ ਖਾਣ ਦਾ ਰਿਵਾਜ ਹੀ ਨਹੀਂ ਰਿਹਾ, ਨਾ ਹੀ ਅੱਜ ਦੀ ਪੀੜ੍ਹੀ ਦੀਆਂ ਬਹੁਤੀਆਂ ਜਨਾਨੀਆਂ ਸਾਗ ਬਣਾ ਕੇ ਰਾਜ਼ੀ ਹ। ਹੁਣ ਸਾਗ ਹੱਥ ਵਾਲੀ ਦਾਤੀ ਨਾਲ ਨਹੀਂ ਚੀਰਿਆ ਜਾਂਦਾ, ਸਗੋਂ ਟੋਕਾ ਕਰਨ ਵਾਲੀ ਮਸ਼ੀਨ ਦੀ ਤਰ੍ਹਾਂ ਸਾਗ ਚੀਰਨ ਵਾਲੀ ਮਸ਼ੀਨ ਨਾਲ ਸਾਗ ਚੀਰ ਕੇ ਧਰਿਆ ਜਾਂਦਾ ਹੈ। ਸਾਗ ਹੁਣ ਮਿੱਟੀ ਦੀ ਤੌੜੀ ਵਿਚ ਘੱਟ ਹੀ ਧਰਿਆ ਜਾਂਦਾ ਹੈ। ਜ਼ਿਆਦਾ ਸਾਗ ਦੇਗ ਦੇ ਪਤੀਲਿਆਂ ਜਾਂ ਪ੍ਰੈਸ਼ਰ ਕੁਕਰਾਂ ਵਿਚ ਬਣਾਇਆ ਜਾਂਦਾ ਹੈ। ਮਿਕਸੀ ਨਾਲ ਘੋਟ ਕੇ ਆਲਣ ਪਾਇਆ ਜਾਂਦਾ ਹੈ।

ਸਾਗ ਦਾ ਮੇਲ ਮੱਕੀ ਦੀ ਰੋਟੀ ਨਾਲ ਹੁੰਦਾ ਹੈ। ਮੱਕੀ ਪਹਿਲੇ ਸਮਿਆਂ ਦੀ ਮੁੱਖ ਫ਼ਸਲ ਹੁੰਦੀ ਸੀ। ਅੱਜ ਤੋਂ 40 ਸਾਲ ਪਹਿਲਾਂ ਹਾਜ਼ਰੀ ਰੋਟੀ/ਸਵੇਰ ਦੀ ਰੋਟੀ ਬਹੁਤੀ ਮੱਕੀ ਤੇ ਕਣਕ ਦੇ ਆਟੇ ਦੀ ਮਿੱਸ ਵਾਲੀ ਬਣਾਈ ਜਾਂਦੀ ਸੀ ਜਾਂ ਛੋਲਿਆਂ ਦਾ ਵੇਸਣ ਤੇ ਕਣਕ ਦੇ ਆਟੇ ਦੀ ਮਿੱਸ ਵਾਲੀ ਬਣਾਉਂਦੇ ਸਨ। ਇਹ ਮਿੱਸੀ ਰੋਟੀ ਪਾਣੀ ਹੱਥ ਲਾ ਕੇ ਪਕਾਈ ਜਾਂਦੀ ਸੀ। ਚੁੱਲ੍ਹੇ ਦੀ ਵੱਟ ਨਾਲ ਲਾ ਕੇ ਰਾੜ੍ਹੀ ਜਾਂਦੀ ਸੀ। ਇਸ ਨੂੰ ਦਹੀਂ, ਮੱਖਣ, ਲੱਸੀ ਜਾਂ ਅਚਾਰ ਤੇ ਗੱਠੇ ਨਾਲ ਖਾਧਾ ਜਾਂਦਾ ਸੀ। ਮੱਕੀ ਦੀ ਮਿੱਸੀ ਰੋਟੀ ਤੇ ਲਾਲ ਲੂਣ ਮਿਰਚ ਭੁੱਕ ਕੇ ਲੱਸੀ ਨਾਲ ਵੀ ਆਮ ਖਾ ਲਿਆ ਜਾਂਦਾ ਸੀ। ਮੱਕੀ ਦੀ ਰੋਟੀ ਪਕਾਉਣ ਲਈ ਆਟਾ ਗਰਮ ਪਾਣੀ ਨਾਲ ਗੁੰਨ੍ਹਣਾ ਪੈਂਦਾ ਸੀ। ਗਰਮ ਗਰਮ ਮੱਕੀ ਦੀ ਰੋਟੀ ਦੇ ਉਪਰ ਸਾਗ ਧਰ ਕੇ ਤੇ ਸਾਗ ਵਿਚ ਮੱਖਣ ਪਾ ਕੇ ਖਾਣ ਦਾ ਆਪਣਾ ਹੀ ਅਨੰਦ ਹੁੰਦਾ ਸੀ –

ਮੱਕੀ ਦੀ ਰੋਟੀ ਤੇ ਸਾਗ ਵੀ ਧਰਾਂਗੇ,
ਲੈ ਲੈ ਠਾਣੇਦਾਰੀ ਆਪਾਂ ਲੋਕਾਂ ਨੂੰ ਕੁੱਟਾਂਗੇ।

ਛੋਲਿਆਂ ਦਾ ਸਾਗ ਵੀ ਧਰਿਆ ਜਾਂਦਾ ਸੀ, ਪਰ ਬਹੁਤ ਘੱਟ। ਹੁਣ ਮਾਲਵੇ ਵਿਚ ਕੋਈ ਮੱਕੀ ਨਹੀਂ ਬੀਜਦਾ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਥੋੜ੍ਹੀ ਜਿਹੀ ਮੱਕੀ ਜ਼ਰੂਰ ਬੀਜੀ ਜਾਂਦੀ ਹੈ। ਹੁਣ ਜਿਨ੍ਹਾਂ ਨੇ ਮੱਕੀ ਦੀ ਰੋਟੀ ਖਾਣੀ ਹੁੰਦੀ ਹੈ, ਉਹ ਬਜ਼ਾਰ ਵਿਚੋਂ



ਮੱਕੀ ਖਰੀਦਦੇ ਹਨ। ਅੱਜ ਦੀਆਂ ਬਹੁਤੀਆਂ ਮੁਟਿਆਰਾਂ ਨੂੰ ਮੱਕੀ ਦੀ ਰੋਟੀ ਬਣਾਉਣੀ ਹੀ ਨਹੀਂ ਆਉਂਦੀ। ਬਹੁਤੇ ਪਰਿਵਾਰ ਤਾਂ ਸਾਗ ਨਾਲ ਕਣਕ ਦੀ ਰੋਟੀ ਹੀ ਖਾਂਦੇ ਹਨ। ਹੁਣ ਹਾਜ਼ਰੀ ਰੋਟੀ ਮੱਕੀ ਦੀ ਮਿੱਸ ਵਾਲੀ ਘੱਟ ਹੀ ਬਣਦੀ ਹੈ।

ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਦੀ ਪਹਿਲੇ ਵਾਲੀ ਚੜ੍ਹਤ ਹੁਣ ਖ਼ਤਮ ਹੋ ਗਈ ਹੈ। ਦਿਨੋ ਦਿਨ ਘਟਦੀ ਜਾ ਰਹੀ ਹੈ।

0

## ਖੀਰ, ਕੜਾਹ, ਪੂੜੇ

ਪਹਿਲਾ ਸਮਾਂ ਸੀ, ਜਦ ਬਾਰਾਤਾਂ ਲਈ ਮਠਿਆਈ ਕੜਾਹ ਹੀ ਹੁੰਦੀ ਸੀ। ਕੜਾਹ ਉਨ੍ਹਾਂ ਸਮਿਆਂ ਵਿਚ ਗੁੜ ਤੇ ਦੇਸੀ ਘਿਉ ਨਾਲ ਬਣਾਇਆ ਜਾਂਦਾ ਸੀ। ਲੋਕ ਕੜਾਹ ਖਾਂਦੇ ਵੀ ਬਹੁਤ ਸੀ। ਉਨ੍ਹਾਂ ਸਮਿਆਂ ਵਿਚ ਦੁੱਧ, ਘਿਉ ਆਮ ਹੁੰਦਾ ਸੀ। ਦੁੱਧ ਵੇਚਣ ਦਾ ਰਿਵਾਜ ਨਹੀਂ ਸੀ। ਦੁੱਧ ਵੇਚਣਾ ਉਨ੍ਹਾਂ ਸਮਿਆਂ ਵਿਚ ਪੁੱਤ ਵੇਚਣ ਦੇ ਸਮਾਨ ਸਮਝਿਆ ਜਾਂਦਾ ਸੀ। ਵਿਆਹ ਤੋਂ ਇਕ ਦਿਨ ਪਹਿਲਾਂ ਸਰੀਕੇ ਕਬੀਲੇ ਨੂੰ ਜੋ ਰੋਟੀ ਖਵਾਈ ਜਾਂਦੀ ਸੀ, ਉਹ ਵੀ ਕੜਾਹ ਨਾਲ ਖਵਾਈ ਜਾਂਦੀ ਸੀ। ਸ਼ਰੀਕੇ ਵਿਚ ਜਿਹੜਾ ਪਰੋਲਾ ਦਿੱਤਾ ਜਾਂਦਾ ਸੀ, ਮੰਡਿਆਂ ਵਿਚ ਕੜਾਹ ਰੱਖ ਕੇ ਦਿੱਤਾ ਜਾਂਦਾ ਸੀ। ਕੜਾਹ ਨਾਲ ਸਬੰਧਤ ਸਾਨੂੰ ਕਈ ਮੁਹਾਵਰੇ, ਅਖਾਣ ਵੀ ਮਿਲਦੇ ਹਨ। ਜਿਹੜੇ ਬੰਦੇ ਹਾਬੜਿਆਂ ਵਾਂਗ ਰੋਟੀ ਨੂੰ ਖਾਣ ਨੂੰ ਪੈਂਦੇ ਸਨ, ਉਨ੍ਹਾਂ ਲਈ 'ਬੇਹੇ ਕੜਾਹ ਵਾਂਗੂੰ ਪੈਣਾ' ਮੁਹਾਵਰਾ ਵਰਤਿਆ ਜਾਂਦਾ ਸੀ।

ਜਿਉਂਦਿਆਂ ਦੇ ਮੱਥੇ ਸੜੇ,
ਮੋਇਆਂ ਪਿਛੋਂ ਕੜਾਹ ਚੜ੍ਹੇ।



ਇਹ ਅਖਾਣ ਤਦ ਵਰਤਿਆ ਜਾਂਦਾ ਹੈ, ਜਦ ਕੋਈ ਪਰਿਵਾਰ ਆਪਣੇ ਘਰ ਦੇ ਕਿਸੇ ਮੈਂਬਰ ਦੀ ਜਿਉਂਦਿਆਂ ਤਾਂ ਸੇਵਾ ਨਾ ਕਰੇ, ਪਰ ਉਸ ਦੇ ਮਰਨ ਉਪਰੰਤ ਪੁੰਨ ਦਾਨ ਕੀਤਾ ਜਾਵੇ।



Academy of the Punjab in North America: http://www.apnaorg.com

ਪ੍ਰਾਹੁਣਿਆਂ ਦੀ ਆਓ-ਭਗਤ ਕੜਾਹ ਦੇ ਨਾਲ ਖੀਰ ਪੂੜੇ ਬਣਾ ਕੇ ਕੀਤੀ ਜਾਂਦੀ ਸੀ। ਖੀਰ, ਕੜਾਹ ਤੇ ਪੂੜਿਆਂ ਨਾਲ ਸੇਵਾ ਉਨ੍ਹਾਂ ਸਮਿਆਂ ਦੀ ਫੰਨੇ ਖਾਂ ਸੇਵਾ ਗਿਣੀ ਜਾਂਦੀ ਸੀ।

ਆਏ ਭਾਬੋ ਦੇ ਸਕੇ,
ਘਰ ਖੀਰ ਤੇ ਪੂੜੇ ਪੱਕੇ,
ਆਇਆ ਭਾਈਏ ਦਾ ਕੋਈ,
ਭਾਬੋ ਸੁੱਜ ਭੜੋਲਾ ਹੋਈ।

ਗੁਰੂ ਗ੍ਰੰਥ ਸਾਹਿਬ ਦੇ ਪਾਠ ਸਮੇਂ ਕੜਾਹ ਦੀ ਦੇਗ ਵਰਤਾਈ ਜਾਂਦੀ ਹੈ। ਪਹਿਲਾਂ ਮੀਂਹ ਪਵਾਉਣ ਲਈ ਯੱਗ, ਪਸ਼ੂਆਂ ਦੀਆਂ ਬੀਮਾਰੀਆਂ ਨੂੰ ਦੂਰ ਕਰਨ ਲਈ ਟੂਣੇ ਵੀ ਕੜਾਹ ਨਾਲ ਕੀਤੇ ਜਾਂਦੇ ਸਨ। ਚੌਲਾਂ ਨਾਲ ਯੱਗ ਤੇ ਟੂਣੇ ਤਾਂ ਬਾਅਦ ਵਿਚ ਹੋਣ ਲੱਗੇ ਹਨ। ਜਿਹੜੇ ਕੜਾਹ ਵਿਚ ਚਾਸ (ਗੁੜ ਘੋਲ ਕੇ ਉਬਾਲਾ ਦਿੱਤੇ ਪਾਣੀ ਨੂੰ ਚਾਸ ਕਿਹਾ ਜਾਂਦਾ ਹੈ) ਜ਼ਿਆਦਾ ਪਾਈ ਜਾਂਦੀ ਹੈ, ਉਹ ਕੜਾਹ ਪਤਲਾ ਬਣ ਜਾਂਦਾ ਸੀ। ਉਸ ਕੜਾਹ ਨੂੰ ਗੋਈ ਕਹਿੰਦੇ ਸਨ। ਗੋਈ ਨੂੰ ਕਈ ਬਿਮਾਰੀਆਂ ਦੇ ਇਲਾਜ ਲਈ ਵੀ ਵਰਤਿਆ ਜਾਂਦਾ ਸੀ।

ਜਦ ਖੰਡ ਬਣਾਉਣ ਦੀ ਕਾਢ ਨਿਕਲੀ, ਖੋਪਾ, ਦਾਖਾਂ ਤੇ ਬਦਾਮ ਮਿਲਣ ਲੱਗੇ, ਫੇਰ ਖੀਰ ਕੜਾਹ ਵਿਚ ਖੰਡ ਦੀ ਤੇ ਖੋਪਾ, ਦਾਖਾਂ ਤੇ ਬਦਾਮਾਂ ਦੀ ਵਰਤੋਂ ਹੋਣ ਲੱਗੀ। ਸਾਉਣ ਦੇ ਮਹੀਨੇ ਵਿਚ ਖੀਰ ਵਿਸ਼ੇਸ਼ ਤੌਰ ਤੇ ਬਣਾਈ ਜਾਂਦੀ ਸੀ। ਸਾਉਣ ਮਹੀਨੇ ਵਿਚ ਖੀਰ ਖਾਣ ਦਾ ਮਹਾਤਮ ਗਿਣਿਆ ਜਾਂਦਾ ਸੀ-

ਸਾਉਣ ਖੀਰ ਨਾ ਖਾਧੀਆ,
ਤੂੰ ਕਿਉਂ ਜੰਮਿਆ ਅਪਰਾਧੀਆ?

ਖੀਰ ਨਾਲ ਸਬੰਧਤ ਸਾਨੂੰ ਕਈ ਅਖਾਣ ਵੀ ਮਿਲਦੇ ਹਨ। ਜਿਵੇਂ ਦੁੱਧ ਤੋਂ ਬਿਨਾਂ ਖੀਰ ਨਹੀਂ ਬਣ ਸਕਦੀ, ਏਸੇ ਤਰ੍ਹਾਂ ਹੀ ਹਰ ਕੰਮ ਸਿੱਖਣ ਲਈ ਗੁਰੂ ਦੀ ਲੋੜ ਪੈਂਦੀ ਹੈ-

ਬਿਨਾਂ ਮੁਰਸ਼ਦਾਂ ਰਾਹ ਨਾ ਹੱਥ ਆਉਂਦੇ,
ਦੁੱਧ ਬਾਝ ਨਾ ਹੋਂਵਦੀ ਖੀਰ ਸਾਈਂ।

ਜਿਹੜਾ ਵਿਅਕਤੀ ਕਿਸੇ ਕੰਮ ਵਿਚ ਫਾਇਦਾ ਤਾਂ ਆਪ ਉਠਾਵੇ, ਪਰ ਮੁਸ਼ਕਲ ਆਉਣ ਤੇ ਕਿਸੇ ਹੋਰ ਨੂੰ ਅੱਗੇ ਕਰ ਦੇਵੇ, ਉਸ ਬਾਰੇ ਕਿਹਾ ਜਾਂਦਾ ਹੈ -

ਖੀਰ ਖਾ ਗਈ ਬਾਂਦਰੀ,
ਟੰਬੇ ਖਾਣ ਨੂੰ ਰਿੱਛ।

ਖੀਰਾਂ ਦੋ ਕਿਸਮ ਦੀਆਂ ਹੁੰਦੀਆਂ ਸਨ/ਹਨ। ਇਕ ਖੀਰ ਦੁੱਧ ਨਾਲ ਬਣਾਈ



ਜਾਂਦੀ ਹੈ ਤੇ ਇਕ ਖੀਰ ਰਹੁ ਨਾਲ ਬਣਾਈ ਜਾਂਦੀ ਸੀ। ਗੰਨੇ ਦੇ ਰਸ ਨੂੰ ਰਹੁ ਕਹਿੰਦੇ ਸਨ।

ਸਾਉਣ ਮਹੀਨੇ ਖੀਰ ਨਾਲ ਪੂੜੇ ਬਣਾਉਣ ਦਾ ਵਿਸ਼ੇਸ਼ ਰਿਵਾਜ ਹੁੰਦਾ ਸੀ। ਪਹਿਲੇ ਸਮਿਆਂ ਵਿਚ ਖੇਤੀ ਬਾਰਸ਼ਾਂ 'ਤੇ ਨਿਰਭਰ ਹੋਣ ਕਾਰਨ ਤੇ ਥੋੜ੍ਹੀ ਜ਼ਮੀਨ ਹੀ ਆਬਾਦ ਹੋਣ ਕਾਰਨ ਲੋਕਾਂ ਦਾ ਮਸਾਂ ਗੁਜ਼ਾਰਾ ਹੀ ਹੁੰਦਾ ਸੀ। ਏਸ ਲਈ ਕਈ ਪਰਿਵਾਰਾਂ ਦੀ ਪੂੜੇ ਬਣਾਉਣ ਦੀ ਪੁੱਜਤ/ਸਮਰਥਾ ਵੀ ਨਹੀਂ ਹੁੰਦੀ ਸੀ। ਉਨ੍ਹਾਂ ਘਰਾਂ ਦੀਆਂ ਜਨਾਨੀਆਂ ਦਾ ਸਾਉਣ ਮਹੀਨਾ ਤਾਂ ਫੋਕੀਆਂ ਦਲੀਲਾਂ ਬਣਾਉਣ ਵਿਚ ਹੀ ਲੰਘ ਜਾਂਦਾ ਸੀ-

ਹੋਵੇ ਤੇਲ ਪਕਾਈਏ ਪੂੜੇ,
ਆਟਾ ਗੁਆਂਢੀਆਂ ਤੋਂ ਮੰਗ ਲਿਆਈਏ,
ਮਾਰੀ ਗੁੜ ਨੇ?

ਪੂੜੇ ਤਿੰਨ ਕਿਸਮ ਦੇ ਬਣਦੇ ਹਨ। ਮਿੱਠੇ ਪੂੜੇ, ਲੂਣ ਵਾਲੇ ਪੂੜੇ ਤੇ ਮਾਲ ਪੂੜੇ। ਹੁਣ ਮੈਂ ਤੁਹਾਨੂੰ ਖੀਰ, ਕੜਾਹ ਤੇ ਪੂੜੇ ਬਣਾਉਣ ਦੀ ਵਿਧੀ ਦੱਸਦਾ ਹਾਂ।

**ਕੜਾਹ**: ਕੜਾਹ ਬਣਾਉਣ ਲਈ ਘਿਉ, ਕਣਕ ਦਾ ਆਟਾ ਤੇ ਗੁੜ ਆਮ ਤੌਰ ਤੇ ਇਕੋ ਜਿੰਨੀ ਮਾਤਰਾ ਵਿਚ ਲਿਆ ਜਾਂਦਾ ਸੀ। ਏਸ ਤਰ੍ਹਾਂ ਤਿੰਨੇ ਵਸਤਾਂ ਇਕੋ ਜਿਹੀਆਂ ਲੈਣ ਕਰਕੇ ਬਣੇ ਕੜਾਹ ਨੂੰ ਤਿੰਨ ਮੇਲ ਦਾ ਕੜਾਹ ਕਹਿੰਦੇ ਸਨ। ਪਹਿਲਾਂ ਗੁੜ ਨੂੰ ਪਾਣੀ ਵਿਚ ਘੋਲ ਕੇ ਉਬਾਲ ਦਿੱਤਾ ਜਾਂਦਾ ਸੀ, ਜਿਸ ਨੂੰ ਚਾਸ ਬਣਾਉਣਾ ਕਹਿੰਦੇ ਸਨ। ਘਿਉ ਨੂੰ ਕੜਾਹੀ ਜਾਂ ਪਤੀਲੇ ਵਿਚ ਗਰਮ ਕਰਕੇ ਉਸ ਵਿਚ ਆਟਾ ਪਾਇਆ ਜਾਂਦਾ ਸੀ। ਜਦ ਆਟਾ ਚੰਗੀ ਤਰ੍ਹਾਂ ਭੁੱਜ ਜਾਂਦਾ ਸੀ, ਫੇਰ ਉਸ ਭੁੱਜੇ ਆਟੇ ਵਿਚ ਚਾਸ ਪਾਈ ਜਾਂਦੀ ਸੀ, ਇਸ ਤਰ੍ਹਾਂ ਕੜਾਹ ਬਣ ਜਾਂਦਾ ਸੀ। ਹੁਣ ਘਰਾਂ ਵਿਚ ਕੜਾਹ ਘੱਟ ਹੀ ਬਣਦਾ ਹੈ। ਹੁਣ ਪ੍ਰਾਹੁਣਿਆਂ ਦੀ ਸੇਵਾ ਕੜਾਹ ਨਾਲ ਨਹੀਂ ਹੁੰਦੀ, ਸਗੋਂ ਸ਼ਰਾਬ ਦੀ ਬੋਤਲ ਤੇ ਮੀਟ ਨਾਲ ਕੀਤੀ ਜਾਂਦੀ ਹੈ। ਵਿਆਹ ਸ਼ਾਦੀਆਂ ਵਿਚ ਹੋਰ ਸਵੀਟ ਡਿਸ਼ਾਂ ਦੇ ਨਾਲ ਕਈ ਵੇਰ ਕੜਾਹ ਵੀ ਰੱਖਿਆ ਜਾਂਦਾ ਹੈ। ਪਰ ਇਹ ਕੜਾਹ ਸੂਜੀ, ਮੂੰਗੀ ਦੇ ਆਟੇ ਨਾਲ ਬਣਾਇਆ ਹੁੰਦਾ ਹੈ, ਜਿਸ ਵਿਚ ਖੋਪਾ, ਦਾਖਾਂ, ਬਾਦਾਮ ਤੇ ਕਾਜੂ ਪਾਏ ਜਾਂਦੇ ਹਨ।

**ਖੀਰ**: ਦੁੱਧ ਵਾਲੀ ਖੀਰ ਬਣਾਉਣ ਲਈ ਪਹਿਲਾਂ ਚੌਲਾਂ ਨੂੰ ਪਾਣੀ ਵਿਚ ਥੋੜ੍ਹੀ ਦੇਰ ਭਿਉਂ ਕੇ ਰੱਖਿਆ ਜਾਂਦਾ ਹੈ। ਪਤੀਲੇ ਵਿਚ ਦੁੱਧ ਪਾ ਕੇ ਚੁੱਲ੍ਹੇ ਉਪਰ ਰੱਖ ਦਿੱਤਾ ਜਾਂਦਾ ਹੈ। ਜਦ ਦੁੱਧ ਉਬਾਲੀ ਆਉਣ ਦੇ ਨੇੜੇ ਹੁੰਦਾ ਹੈ ਤਾਂ ਪਾਣੀ ਵਿਚੋਂ ਚੌਲ ਕੱਢ ਕੇ ਦੁੱਧ ਵਿਚ ਪਾ ਦਿੱਤੇ ਜਾਂਦੇ ਹਨ। ਮੱਠੀ ਮੱਠੀ ਅੱਗ ਤੇ ਖੀਰ ਬਣਾਈ ਜਾਂਦੀ ਹੈ। ਕਾੜ੍ਹਨੀ ਵਿਚ ਦੁੱਧ ਤੇ ਚੌਲ ਪਾ ਕੇ ਹਾਰੇ ਵਿਚ ਰੱਖ ਕੇ ਵੀ ਖੀਰ ਬਣਾਈ ਜਾਂਦੀ ਸੀ।



Academy of the Punjab in North America: http://www.apnaorg.com

ਏਸ ਖੀਰ ਦਾ ਰੰਗ ਲਾਲ ਹੁੰਦਾ ਸੀ। ਖੀਰ ਲੋਕ ਹੁਣ ਵੀ ਖਾਂਦੇ ਹਨ, ਪਰ ਪਹਿਲਾਂ ਨਾਲੋਂ ਬਹੁਤ ਹੀ ਘੱਟ।

**ਰਹੁ ਦੀ ਖੀਰ**: ਰਹੁ ਦੀ ਖੀਰ ਵਿਸ਼ੇਸ਼ ਤੌਰ ਤੇ ਪੋਹ ਮਹੀਨੇ ਦੇ ਆਖ਼ਰੀ ਦਿਨ ਬਣਾਈ ਜਾਂਦੀ ਸੀ ਤੇ ਪਹਿਲੇ ਮਾਘ ਦੀ ਸਵੇਰ ਨੂੰ ਖਾਧੀ ਜਾਂਦੀ ਸੀ। ਏਸੇ ਕਰਕੇ ਏਸ ਖੀਰ ਬਾਰੇ ਕਿਹਾ ਜਾਂਦਾ ਸੀ –

'ਪੋਹ ਰਿੰਨੀ, ਮਾਘ ਖਾਧੀ।'

ਸ਼ਾਇਦ ਏਸ ਖੀਰ ਦੀ ਕੋਈ ਧਾਰਮਿਕ ਮਹੱਤਤਾ ਵੀ ਗਿਣੀ ਜਾਂਦੀ ਸੀ? ਘੁਲਾੜੀ ਨਾਲ ਗੰਨੇ ਪੀੜ ਕੇ ਜਿਹੜਾ ਰਸ ਨਿਕਲਦਾ ਸੀ, ਉਸ ਨੂੰ ਰਹੁ ਕਹਿੰਦੇ ਸਨ। ਰਹੁ ਦੀ ਖੀਰ ਬਣਾਉਣ ਲਈ ਚੌਲਾਂ ਨੂੰ ਪਾਣੀ ਵਿਚ ਭਿਉਂ ਦਿੰਦੇ ਸਨ। ਪਤੀਲੇ ਵਿਚ ਰਹੁ ਪਾ ਕੇ ਚੁਲ੍ਹੇ ਉਪਰ ਗਰਮ ਕਰਨ ਲਈ ਰੱਖ ਦਿੰਦੇ ਸਨ। ਰਹੁ ਵਿਚੋਂ ਮੈਲ ਨੂੰ ਕੱਢਣ ਲਈ ਸੁਕਾਈਆਂ ਹੋਈਆਂ ਤੇ ਪਾਣੀ ਵਿਚ ਉਬਾਲੀਆਂ ਹੋਈਆਂ ਭਿੰਡੀਆਂ ਦਾ ਪਾਣੀ ਰਹੁ ਵਿਚ ਪਾਇਆ ਜਾਂਦਾ ਸੀ। ਜਦ ਰਹੁ ਨੂੰ ਚੰਗੀ ਤਰ੍ਹਾਂ ਉਬਾਲਿਆ ਜਾਂਦਾ ਸੀ ਤਾਂ ਰਹੁ ਉਪਰ ਸਾਰੀ ਮੈਲ ਤਰ ਆਉਂਦੀ ਸੀ। ਫੇਰ ਮੈਲ ਨੂੰ ਪੋਣੀ ਨਾਲ ਬਾਹਰ ਕੱਢ ਦਿੱਤਾ ਜਾਂਦਾ ਸੀ। ਸਾਫ਼ ਹੋਏ ਰਹੁ ਵਿਚ ਫੇਰ ਚੌਲ ਪਾ ਦਿੰਦੇ ਸਨ। ਹੌਲੀ ਹੌਲੀ ਰਿੰਨ੍ਹ ਕੇ ਖੀਰ ਬਣਾ ਲੈਂਦੇ ਸਨ। ਹੁਣ ਜ਼ਿਮੀਂਦਾਰ ਗੰਨਾ ਤਾਂ ਬੀਜਦੇ ਹਨ, ਪਰ ਪੀੜਦੇ ਘੱਟ ਹੀ ਹਨ। ਗੰਨਾ ਜ਼ਿਆਦਾ ਮਿੱਲਾਂ ਨੂੰ ਵੇਚ ਦਿੱਤਾ ਜਾਂਦਾ ਹੈ। ਰਹੁ ਦੀ ਖੀਰ ਬਣਨੀ ਹੁਣ ਬਿਲਕੁਲ ਬੰਦ ਹੋ ਗਈ ਹੈ।

**ਮਿੱਠੇ ਪੂੜੇ**: ਮਿੱਠੇ ਪੂੜੇ ਬਣਾਉਣ ਲਈ ਪਹਿਲਾਂ ਗੁੜ ਨੂੰ ਪਾਣੀ ਵਿਚ ਘੋਲਿਆ ਜਾਂਦਾ ਸੀ। ਫੇਰ ਉਸ ਵਿਚ ਕਣਕ ਦਾ ਆਟਾ ਪਾ ਕੇ ਨਾ ਬਹੁਤਾ ਪਤਲਾ ਤੇ ਨਾ ਹੀ ਬਹੁਤਾ ਗਾੜ੍ਹਾ ਘੋਲ ਬਣਾ ਲੈਂਦੇ ਸਨ। ਕਪਾਹ, ਤੂਤ ਜਾਂ ਸਲਵਾੜ ਦਾ 6/7 ਇੰਚ ਦਾ ਉਂਗਲ ਜਿੰਨਾ ਮੋਟਾ ਡੱਕਾ ਲੈ ਕੇ ਉਸ ਦੇ ਇਕ ਸਿਰੇ 'ਤੇ ਕੱਪੜੇ ਦੀ ਥੋੜ੍ਹੀ ਜਿਹੀ ਲੀਰ ਵਲ੍ਹੇਟ ਦਿੱਤੀ ਜਾਂਦੀਸੀ। ਏਸ ਵਲ੍ਹੇਟੀ ਲੀਰ ਨੂੰ ਧਾਗੇ ਨਾਲ ਚੰਗੀ ਤਰ੍ਹਾਂ ਬੰਨ੍ਹ ਦਿੱਤਾ ਜਾਂਦਾ ਸੀ, ਤਾਂ ਜੋ ਡੱਕੇ ਤੋਂ ਉਤਰੇ ਨਾ। ਏਸ ਲੀਰ ਲੱਗੇ ਡੱਕੇ ਨਾਲ ਪੂੜੇ ਬਣਾਉਣ ਸਮੇਂ ਤੇਲ ਤਵੇ ਉਤੇ ਲਾਇਆ ਜਾਂਦਾ ਸੀ। ਪੂੜੇ ਬਣਾਉਣ ਲਈ ਆਮ ਤੌਰ ਤੇ ਪਿੱਪਲ ਦਾ ਬੜਾ ਪੱਤਾ ਲੈ ਕੇ ਉਸ ਪੱਤੇ ਨੂੰ ਵਿਚਕਾਰ ਤੋਂ ਦੂਹਰਾ ਕਰ ਲਿਆ ਜਾਂਦਾ ਸੀ। ਇਕ ਬਾਟੀ ਵਿਚ ਸਰ੍ਹੋਂ ਦਾ ਤੇਲ ਪਾ ਕੇ ਰੱਖ ਲਿਆ ਜਾਂਦਾ ਸੀ। ਚੁੱਲ੍ਹੇ ਉੱਤੇ ਤਵਾ ਰੱਖ ਕੇ ਅੱਗ ਬਾਲ ਦਿੱਤੀ ਜਾਂਦੀ ਸੀ। ਡੱਕੇ ਨਾਲ ਤਵੇ ਉਤੇ ਤੇਲ ਲਾ ਦਿੱਤਾ ਜਾਂਦਾ ਸੀ। ਆਟੇ ਦੇ ਬਣੇ ਘੋਲ ਵਿਚੋਂ ਕੌਲੀ ਨਾਲ ਪੂੜਾ ਬਣਾਉਣ ਜਿੰਨਾ ਘੋਲ ਤਵੇ ਉਤੇ ਪਾਇਆ ਜਾਂਦਾ ਸੀ। ਪਿੱਪਲ ਦੇ ਪੱਤੇ/ਪੋਸਟ ਕਾਰਡ ਨਾਲ ਘੋਲ ਨੂੰ ਹਿਲਾ ਹਿਲਾ ਕੇ ਪੂੜੇ ਦਾ ਰੂਪ ਦੇ ਦਿੱਤਾ ਜਾਂਦਾ ਸੀ। ਪੂੜੇ ਦਾ ਸਾਈਜ਼ ਆਮ ਤੌਰ ਤੇ



8/9 ਕੁ ਇੰਚ ਗੋਲ ਅਕਾਰ ਦਾ ਬਣ ਜਾਂਦਾ ਸੀ। ਪੂੜੇ ਦੇ ਆਲੇ ਦੁਆਲੇ ਤੇ ਉੱਤੇ ਡੱਕੇ ਨਾਲ ਤੇਲ ਲਾਇਆ ਜਾਂਦਾ ਸੀ। ਜਦ ਪੂੜੇ ਦਾ ਹੇਠਲਾ ਹਿੱਸਾ ਪੱਕ ਜਾਂਦਾ ਸੀ ਤਾਂ ਪੂੜੇ ਨੂੰ ਖੁਰਚਣੇ ਨਾਲ ਚੱਕ ਕੇ ਪੂੜੇ ਦਾ ਹੇਠਲਾ ਹਿੱਸਾ ਵੁਪਰ ਕਰ ਦਿੱਤਾਜਾਂਦਾ ਸੀ। ਪੂੜੇ ਦੇ ਆਲੇ ਦੁਆਲੇ ਫੇਰ ਡੱਕੇ ਨਾਲ ਤੇਲ ਲਾਇਆ ਜਾਂਦਾ ਸੀ। ਜਦ ਪੂੜਾ ਪੱਕ ਜਾਂਦਾ ਸੀ ਤਾਂ ਪੂੜੇ ਨੂੰ ਤਵੇ ਤੋਂ ਲਾਹ ਲਿਆ ਜਾਂਦਾ ਸੀ। ਏਸ ਤਰ੍ਹਾਂ ਪੂੜੇ ਬਣਦੇ ਸਨ। ਹੁਣ ਕੋਈ ਕੋਈ ਘਰ ਕਦੇ ਕਦਾਈਂ ਹੀ ਪੂੜੇ ਬਣਾਉਂਦਾ ਹੈ।

ਲੂਣ ਮਿਰਚ ਵਾਲੇ ਪੂੜੇ : ਲੂਣ ਮਿਰਚ ਵਾਲੇ ਪੂੜੇ ਬਣਾਉਣ ਲਈ ਛੋਲਿਆਂ ਦਾ ਵੇਸਣ ਲਿਆ ਜਾਂਦਾ ਸੀ। ਵੇਸਣ ਵਿਚ ਲੂਣ ਮਿਰਚ ਤੇ ਕਈ ਵੇਰ ਬਰੀਕ ਕੁਤਰ ਕੇ ਪਿਆਜ਼ ਵੀ ਪਾ ਲੈਂਦੇ ਸਨ। ਮਿੱਠੇ ਪੂੜੇ ਬਣਾਉਣ ਦੀ ਵਿਧੀ ਅਨੁਸਾਰ ਇਹ ਪੂੜੇ ਵੀ ਤਵੇ ਤੇ ਬਣਦੇ ਸਨ। ਇਹ ਪੂੜੇ ਵੀ ਹੁਣ ਘੱਟ ਹੀ ਬਣਦੇ ਹਨ।

**ਮਾਲ੍ਹ ਪੂੜੇ**: ਮਾਲ੍ਹ ਪੂੜੇ ਮਿੱਠੇ ਹੀ ਬਣਦੇ ਸਨ। ਇਨ੍ਹਾਂ ਦਾ ਸਾਈਜ਼ 3/4 ਕੁ ਇੰਚ ਗੋਲ ਅਕਾਰ ਦਾ ਹੁੰਦਾ ਸੀ। ਮਾਲ ਪੂੜਿਆਂ ਦਾ ਘੋਲ ਤਾਂ ਮਿੱਠੇ ਪੂੜਿਆਂ ਦੀ ਤਰ੍ਹਾਂ ਬਣਦਾ ਸੀ। ਪਰ ਇਸ ਘੋਲ ਨੂੰ ਅੱਧਾ ਪਾਣੀ ਤੇ ਅੱਧਾ ਦੁੱਧ ਪਾ ਕੇ ਬਣਾਇਆ ਜਾਂਦਾ ਸੀ। ਇਨ੍ਹਾਂ ਨੂੰ ਬਣਾਉਣ ਦੀ ਵਿਧੀ ਵੱਖਰੀ ਸੀ। ਮਾਲ ਪੂੜੇ ਬਣਾਉਣ ਲਈ ਕੜਾਹੀ, ਜਲੇਬੀਆਂ ਬਣਾਉਣ ਵਾਲੀ ਕੜਾਹੀ ਵਰਗੀ ਹੁੰਦੀ ਸੀ। ਪਰ ਉਹ ਆਕਾਰ ਵਿਚ ਛੋਟੀ ਹੁੰਦੀ ਸੀ। ਕੜਾਹੀ ਵਿਚ ਤੇਲ ਪਾ ਕੇ ਕੜਾਹੀ ਨੂੰ ਚੁਲ੍ਹੇ ਉੱਪਰ ਰੱਖ ਦਿੰਦੇ ਸਨ। ਗਰਮ ਹੋਏ ਤੇਲ ਵਿਚ ਕੌਲੀ ਨਾਲ ਘੋਲ ਪਾ ਦਿਤਾ ਜਾਂਦਾ ਸੀ। ਜਦ ਮਾਲ੍ਹ ਪੂੜੇ ਦਾ ਹੇਠਲਾ ਹਿੱਸਾ ਪੱਕ ਜਾਂਦਾ ਸੀ, ਰੜ੍ਹ ਜਾਂਦਾ ਸੀ ਤਾਂ ਪੂੜੇ ਨੂੰ ਚਿਮਟੇ ਨਾਲ ਚੱਕ ਕੇ ਪੂੜੇ ਦਾ ਉਪਰਲਾ ਹਿੱਸਾ ਹੇਠਾਂ ਕਰ ਦਿੰਦੇ ਸਨ। ਜਦ ਉਹ ਹਿੱਸਾ ਪੱਕ ਜਾਂਦਾ ਸੀ ਤਾਂ ਚਿਮਟੇ ਨਾਲ ਪੂੜੇ ਨੂੰ ਬਾਹਰ ਕੱਢ ਲਿਆ ਜਾਂਦਾ ਸੀ। ਏਸ ਤਰ੍ਹਾਂ ਮਾਲ੍ਹ ਪੂੜੇ ਬਣਦੇ ਸਨ। ਹੁਣ ਮਾਲ੍ਹ ਪੂੜੇ ਬਣਾਉਣ ਦਾ ਰਿਵਾਜ ਖ਼ਤਮ ਹੀ ਹੋ ਗਿਆ ਹੈ।

0

## ਸੇਮੀਆਂ

ਸੇਮੀਆਂ ਗੁੱਗਾ ਨੌਮੀ ਦੇ ਤਿਉਹਾਰ ਤੋਂ ਪਹਿਲਾਂ ਵੱਟੀਆਂ ਜਾਂਦੀਆਂ ਸਨ। ਪਹਿਲੇ ਸਮਿਆਂ ਦੀ ਸਵੀਟ ਡਿਸ਼ਾਂ ਵਿਚੋਂ ਸੇਮੀਆਂ ਇਕ ਸਵੀਟ ਡਿਸ਼ ਹੁੰਦੀ ਸੀ। ਸੇਮੀਆਂ ਕਦੇ ਕਦੇ ਜਾਂ ਪ੍ਰਾਹੁਣੇ ਆਇਆਂ ਤੋਂ ਬਣਾਈਆਂ ਜਾਂਦੀਆਂ ਸਨ। ਜਿਸ ਦਿਨ ਸੇਮੀਆਂ ਧਰੀਆਂ ਜਾਂਦੀਆਂ ਸਨ, ਉਸ ਦਿਨ ਸਾਰੇ ਟੱਬਰ ਨੂੰ ਚਾਅ ਚੜ੍ਹ ਜਾਂਦਾ ਸੀ–

ਘੱਟਣ ਗਿਆ ਸੀ ਕੀ ਖੱਟ ਲਿਆਇਆ?



Academy of the Punjab in North America: http://www.apnaorg.com

ਖੱਟ ਕੇ ਲਿਆਇਆ ਘਾਹ।
ਨੀ ਮੈਂ ਰਿੰਨ੍ਹਾਂ ਸੇਮੀਆਂ,
ਜੱਟ ਨੂੰ ਚੜ੍ਹ ਗਿਆ ਚਾਅ।



ਪਹਿਲੇ ਸਮਿਆਂ ਵਿਚ ਜਦ ਭਾਈ ਆਪਣੀਆਂ ਭੈਣਾਂ ਨੂੰ ਸਹੁਰੀਂ ਮਿਲਣ ਜਾਂਦੇ ਸਨ ਤਾਂ ਕੋਈ ਨਾ ਕੋਈ ਖਾਣ ਵਾਲੀ ਵਸਤ ਜ਼ਰੂਰ ਲੈ ਕੇ ਜਾਂਦੇ ਸਨ–

ਹੱਥ ਛੱਤਰੀ ਰੁਮਾਲ ਪੱਲੇ ਸੇਮੀਆਂ,
ਭੈਣ ਕੋਲ ਭਾਈ ਚਲਿਆ।

ਪਹਿਲੇ ਸਮਿਆਂ ਵਿਚ ਜਦ ਧੀਆਂ ਆਪਣੇ ਪੇਕਿਆਂ ਤੋਂ ਸਹੁਰੀਂ ਜਾਂਦੀਆਂ ਸਨ ਤਾਂ ਕੋਈ ਨਾ ਕੋਈ ਖਾਣ ਵਾਲੀ ਵਸਤ ਵੀ ਜ਼ਰੂਰ ਨਾਲ ਲੈ ਕੇ ਜਾਂਦੀਆਂ ਸਨ। ਇਨ੍ਹਾਂ ਵਸਤਾਂ ਵਿਚ ਆਮ ਤੌਰ ਤੇ ਪੰਜੀਰੀ ਜਾਂ ਸੇਮੀਆਂ ਹੁੰਦੀਆਂ ਸਨ।

ਨੂੰਹ ਸੱਸ ਦੀ ਸਾਡੇ ਸਮਾਜ ਵਿਚ ਹਮੇਸ਼ਾਂ ਅਣਬਣ ਤੇ ਟਕਰਾ ਰਿਹਾ ਹੈ। ਕਈ ਵੇਰ ਜੇ ਕਿਸੇ ਵਸਤ ਦੇਣ ਤੋਂ ਸੱਸ, ਨੂੰਹ ਨੂੰ ਇਨਕਾਰ ਕਰ ਦਿੰਦੀ ਸੀ ਤਾਂ ਨੂੰਹ ਵੀ ਆਪਣੇ ਮਨ ਵਿਚ ਘਰੋੜ ਰੱਖਦੀ ਸੀ। ਸਮਾਂ ਆਉਣ ਤੇ ਵੱਟਾ ਲਾਹੁੰਦੀ ਸੀ–

ਅਸੀਂ ਪੇਕਿਆਂ ਤੋਂ ਆਂਦੀਆਂ ਸੇਮੀਆਂ,
ਤੁਸੀਂ ਮੰਗਣੀਆਂ, ਅਸੀਂ ਨਹੀਂਓ ਦੇਣੀਆਂ,
ਉਹੋ ਵੱਟਾ ਲਾਹੁਣਾ ਜੀ।

ਸੇਮੀਆਂ ਕਈ ਢੰਗ ਨਾਲ ਰਿੰਨ੍ਹੀਆਂ ਜਾਂਦੀਆਂ ਸਨ। ਆਮ ਤੌਰ ਤੇ ਗੁੜ ਪਾ ਕੇ ਬਣਾਉਂਦੇ ਸਨ। ਜਿਸ ਨੂੰ ਗੜਾਣੇ ਦੀਆਂ ਸੇਮੀਆਂ ਕਿਹਾ ਜਾਂਦਾ ਸੀ। ਗੜਾਣੇ ਦੀਆਂ ਸੇਮੀਆਂ ਵਿਚ ਘਿਉ ਪਾ ਕੇ ਖਾਣ ਨਾਲ ਜ਼ੁਕਾਮ ਤੋਂ ਆਰਾਮ ਆ ਜਾਂਦਾ ਸੀ। ਚੀਨੀ, ਖੰਡ ਆਉਣ ਤੇ ਫੇਰ ਚੀਨੀ/ਖੰਡ ਵਾਲੀਆਂ ਸੇਮੀਆਂ ਬਣਨ ਲੱਗੀਆਂ।



ਪਾਣੀ ਵਿਚ ਉਬਾਲ ਕੇ ਵੀ ਸੇਮੀਆਂ ਬਣਾਉਂਦੇ ਸਨ। ਸੇਮੀਆਂ ਰਿੰਨ੍ਹਣ ਤੋਂ ਪਿੱਛੋਂ ਸੇਮੀਆਂ ਵਿਚ ਬਚੇ ਪਾਣੀ ਨੂੰ ਸੇਮੀਆਂ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਸੀ। ਏਸ ਕੱਢੇ ਪਾਣੀ ਨੂੰ ਪਿੱਛ ਕਹਿੰਦੇ ਸਨ। ਕਈਆਂ ਦੀ ਪਿੱਛ ਪੀਣ ਦੀ ਆਦਤ ਹੁੰਦੀ ਸੀ, ਜਿਸ ਨੂੰ ਵਹੁਟੀਆਂ ਪਸੰਦ ਨਹੀਂ ਕਰਦੀਆਂ ਸਨ–

ਨੀ ਸੇਮੀਆਂ ਦੀ ਪਿੱਛ ਮੰਗਦਾ,
ਜਾਇਆ ਵੱਢੀ ਨੇ ਕੁਲੱਛਣਾ ਜੰਮਿਆ।

ਇਨ੍ਹਾਂ ਸੇਮੀਆਂ ਵਿਚ ਘਿਉ, ਸ਼ੱਕਰ, ਖੰਡ ਪਾ ਕੇ ਖਾਧਾ ਜਾਂਦਾ ਸੀ। ਦੁੱਧ ਵਿਚ ਰਿੰਨ ਕੇ ਵੀ ਸੇਮੀਆਂ ਬਣਾਈਆਂ ਜਾਂਦੀਆਂ ਸਨ। ਹੁਣ ਮੈਂ ਤੁਹਾਨੂੰ ਸੇਮੀਆਂ ਕਿਵੇਂ ਵੱਟੀਆਂ ਜਾਂਦੀਆਂ ਸਨ, ਉਹ ਦੱਸਣ ਲੱਗਿਆ ਹਾਂ।

ਸੇਮੀਆਂ ਦੋ ਤਰ੍ਹਾਂ ਵੱਟੀਆਂ ਜਾਂਦੀਆਂ ਸਨ। ਇਕ ਸੇਮੀਆਂ ਤਾਂ ਚਾਟੀ, ਘੜੇ ਨੂੰ ਮੂਧਾ ਮਾਰ ਕੇ ਉਸ ਉੱਪਰ ਵੱਟੀਆਂ ਜਾਂਦੀਆਂ ਸਨ। ਇਕ ਸੇਮੀਆਂ ਬਗ਼ੈਰ ਚਾਟੀ, ਘੜੇ ਤੋਂ ਸਿਰਫ਼ ਹੱਥਾਂ ਨਾਲ ਹੀ ਵੱਟੀਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਜੌਂ ਸੇਮੀਆਂ ਕਿਹਾ ਜਾਂਦਾ ਸੀ। ਸੇਮੀਆਂ ਆਮ ਤੌਰ ਤੇ ਆਂਢ ਗੁਆਂਢ ਦੀਆਂ ਜਨਾਨੀਆਂ ’ਕੱਠੀਆਂ ਹੋ ਕੇ ਰਲ ਕੇ ਇਕ ਦੂਜੇ ਦੀਆਂ ਵੱਟਦੀਆਂ ਸਨ। ਪਹਿਲਾਂ ਮੈਦਾ ਚੱਕੀ ਰਾਹੀਂ ਜਾਂ ਖਰਾਸ ਰਾਹੀਂ ਪੀਹ ਲਿਆ ਜਾਂਦਾ ਸੀ ਜਾਂ ਬਾਜ਼ਾਰ ਵਿਚੋਂ ਖ਼ਰੀਦਿਆ ਜਾਂਦਾ ਸੀ। ਮੈਦੇ ਨੂੰ ਚੰਗੀ ਤਰ੍ਹਾਂ ਗੁੰਨ੍ਹ ਕੇ ਮੋਣ ਪਾ ਕੇ ਬੜਾ ਪੇੜਾ ਬਣਾ ਲੈਂਦੇ ਸਨ। ਪੇੜੇ ਨੂੰ ਸੁੱਕਣ ਤੋਂ ਬਚਾਉਣ ਲਈ ਸਰ੍ਹੋਂ ਦਾ ਤੇਲ ਲਾ ਕੇ ਪੋਣੇ ਨਾਲ ਢਕ ਦਿੰਦੇ ਸਨ। ਏਸ ਬੜੇ ਪੇੜੇ ਵਿਚੋਂ ਛੋਟੇ ਛੋਟੇ ਪੇੜੇ ਲੈ ਕੇ ਹੱਥਾਂ ਦੀਆਂ ਹਥੇਲੀਆਂ ਨਾਲ ਸੇਮੀਆਂ ਵੱਟੀਆਂ ਜਾਂਦੀਆਂ ਸਨ। ਸੇਮੀਆਂ ਥਿੰਦੀ ਚਾਟੀ ਜਾਂ ਥਿੰਦੇ ਘੜੇ ਨੂੰ ਮੂਧਾ ਮਾਰ ਕੇ ਉਸ ਉੱਪਰ ਵੱਟਦੇ ਸਨ। ਸੇਮੀਆਂ ਨੂੰ ਧੁੱਪੇ ਸੁਕਾਉਣ ਲਈ ਕਰੀਰ ਦੀਆਂ ਝਿੰਗਾਂ ਨੂੰ ਵਰਤਿਆ ਜਾਂਦਾ ਸੀ, ਕਿਉਂ ਜੋ ਇਨ੍ਹਾਂ ਝਿੰਗਾਂ ਦੇ ਪੱਤੇ ਨਹੀਂ ਹੁੰਦੇ ਸਨ। ਉਨ੍ਹਾਂ ਸਮਿਆਂ ਵਿਚ ਕਰੀਰ ਦੇ ਰੁੱਖ ਆਮ ਹੁੰਦੇ ਸਨ। ਹੁਣ ਤਾਂ ਸਾਰੇ ਪੰਜਾਬ ਵਿਚੋਂ ਭਾਲਿਆਂ ਵੀ ਸ਼ਾਇਦ ਕਰੀਰ ਦਾ ਰੁੱਖ ਨਾ ਲੱਭੇ। ਸੇਮੀਆਂ ਸੁੱਕਣ ਤੋਂ ਪਿਛੋਂ ਕੱਪੜੇ ਵਿਚ ’ਕੱਠੀਆਂ ਕਰ ਲੈਂਦੇ ਸਨ। ਫੇਰ ਇਨ੍ਹਾਂ ਸੇਮੀਆਂ ਨੂੰ ਟੁੱਟੀ ਚਾਟੀ ਜਾਂ ਘੜੇ ਦੇ ਥੱਲੇ ਵਿਚ ਚੁਰ ਦੀ ਅੱਗ ਉਪਰ ਰੱਖ ਕੇ ਭੁੰਨਿਆ ਜਾਂਦਾ ਸੀ। ਏਸ ਤਰ੍ਹਾਂ ਸੇਮੀਆਂ ਬਣਦੀਆਂ ਸਨ।

ਕਈ ਸ਼ੌਕੀਨ ਜਨਾਨੀਆਂ ਪੀਲਾ ਜਾਂ ਗ਼ੁਲਾਬੀ ਰੰਗ ਪਾ ਕੇ ਵੀ ਆਟਾ ਗੁੰਨਦੀਆਂ ਸਨ, ਜਿਸ ਨਾਲ ਪੀਲੀਆਂ ਤੇ ਗ਼ੁਲਾਬੀ ਰੰਗ ਦੀਆਂ ਸੇਮੀਆਂ ਬਣਦੀਆਂ ਸਨ। ਸੇਮੀਆਂ ਨੂੰ ਪੋਲੀਆਂ ਬਣਾਉਣ ਲਈ ਕਈ ਪਰਿਵਾਰ ਮੈਦੇ ਵਿਚ ਥੋੜ੍ਹੀ ਸੂਜੀ ਪਾ ਕੇ ਵੀ ਸੇਮੀਆਂ ਬਣਾਉਂਦੇ ਸਨ। ਜੌਂ ਸੇਮੀਆਂ ਦੋਵਾਂ ਹੱਥਾਂ ਵਿਚ ਥੋੜ੍ਹਾ ਥੋੜ੍ਹਾ



Academy of the Punjab in North America: http://www.apnaorg.com

ਆਟਾ ਲੈ ਕੇ ’ਗੂੰਠੇ ਤੇ ਉਂਗਲੀਆਂ ਦੀ ਦਾਬ ਨਾਲ ਵੱਟੀਆਂ ਜਾਂਦੀਆਂ ਸਨ। ਇਹ ਸੇਮੀਆਂ ਥੋੜ੍ਹੀ ਲੰਬਾਈ ਦੀਆਂ ਬਣਦੀਆਂ ਸਨ। ਏਸੇ ਕਰਕੇ ਇਨ੍ਹਾਂ ਸੇਮੀਆਂ ਨੂੰ ਜੌਂ ਸੇਮੀਆਂ ਕਹਿੰਦੇ ਸਨ। ਜੌਂ ਸੇਮੀਆਂ ਨੂੰ ਵੀ ਕਰੀਰ ਦੀਆਂ ਝਿੰਗਾਂ ਤੇ ਸੁਕਾਇਆ ਜਾਂਦਾ ਸੀ। ਫੇਰ ਸੇਮੀਆਂ ਵੱਟਣ ਵਾਲੀਆਂ ਮਸ਼ੀਨਾਂ ਚੱਲ ਪਈਆਂ। ਮਸ਼ੀਨਾਂ ਨਾਲ ਵੱਟਣ ਵਾਲੀਆਂ ਸੇਮੀਆਂ ਨੂੰ ਜਿੰਦੇ ਦੀਆਂ ਸੇਮੀਆਂ ਕਹਿੰਦੇ ਸਨ। ਮਸ਼ੀਨ ਨੂੰ ਮੰਜੇ ਦੀ ਬਾਹੀ ਨਾਲ ਚੰਗੀ ਤਰ੍ਹਾਂ ਬੰਨ੍ਹ ਦਿੰਦੇ ਸਨ। ਇਕ ਜਨਾਨੀ ਮਸ਼ੀਨ ਵਿਚ ਆਟਾ ਤੁੰਨਦੀ ਸੀ। ਦੂਸਰੀ ਜਨਾਨੀ ਮੰਜੇ ਤੇ ਬੈਠ ਕੇ ਗੇੜਾ ਦਿੰਦੀ ਸੀ। ਗੇੜਾ ਦੇਣ ਨਾਲ ਹੀ ਮੈਦੇ ਵਿਚੋਂ ਸੇਮੀਆਂ ਨਿਕਲਦੀਆਂ ਸਨ। ਨਿਕਲਦੀਆਂ ਸੇਮੀਆਂ ਨੂੰ ਮਸ਼ੀਨ ਮੁੱਢੋਂ ਤੋੜ ਕੇ ਕਰੀਰ ਦੀਆਂ ਝਿੰਗਾਂ ਉਪਰ ਪਾ ਕੇ ਸੁੱਕਾ ਲੈਂਦੇ ਸਨ।

ਹੁਣ ਕੋਈ ਟਾਵਾਂ ਟਾਵਾਂ ਘਰ ਹੀ ਚਾਟੀ, ਘੜੇ ਤੇ ਸੇਮੀਆਂ ਵੱਟਦਾ ਹੈ। ਜੌਂ ਸੇਮੀਆਂ ਤਾਂ ਹੁਣ ਕੋਈ ਵੱਟਦਾ ਹੀ ਨਹੀਂ। ਨਾ ਹੀ ਹੁਣ ਜਨਾਨੀਆਂ, ਕੁੜੀਆਂ ਕੋਲ ਸੇਮੀਆਂ ਵੱਟਣ ਦਾ ਸਮਾਂ ਹੈ। ਹੁਣ ਸਾਰੀਆਂ ਲੜਕੀਆਂ ਪੜ੍ਹਦੀਆਂ ਹਨ। ਇਕਹਿਰੇ ਪਰਿਵਾਰ ਹਨ। ਹੁਣ ਬਾਜ਼ਾਰ ਵਿਚੋਂ ਮਸ਼ੀਨਾਂ ਨਾਲ ਭਾਂਤ ਭਾਂਤ ਕਿਸਮ ਦੀਆਂ ਵੱਟੀਆਂ ਸੇਮੀਆਂ ਆਮ ਮਿਲਦੀਆਂ ਹਨ। ਹੁਣ ਲੂਣ ਵਾਲੀਆਂ ਸੇਮੀਆਂ ਖਾਣ ਦਾ ਰਿਵਾਜ ਚੱਲ ਪਿਆ ਹੈ, ਜਿਸ ਨੂੰ ਨੂਡਲਜ਼ ਕਹਿੰਦੇ ਹਨ। ਹੁਣ ਪ੍ਰਾਹੁਣਿਆਂ ਦੀ ਸੇਵਾ ਸੇਮੀਆਂ ਨਾਲ ਨਹੀਂ, ਸਗੋਂ ਮੁਰਗੇ, ਮੀਟ ਤੇ ਸ਼ਰਾਬ ਨਾਲ ਕੀਤੀ ਜਾਂਦੀ ਹੈ।

ਹੁਣ ਹੱਥ ਨਾਲ ਸੇਮੀਆਂ ਕੋਈ ਪੁਰਾਣੀ ਬੁੜੀ ਠੇਰੀ ਹੀ ਆਪਣਾ ਸ਼ੌਕ ਪੂਰਾ ਕਰਨ ਲਈ ਵੱਟਦੀ ਹੈ। ਹੁਣ ਮਿੱਠੀਆਂ ਸੇਮੀਆ ਖਾਣ ਦਾ ਰਿਵਾਜ ਵੀ ਦਿਨੋ ਦਿਨ ਘਟਦਾ ਜਾ ਰਿਹਾ ਹੈ। ਅਸੀਂ ਇਕ ਸ਼ੁੱਧ ਸਵੀਟ ਡਿਸ਼ ਤੋਂ ਹੌਲੀ ਹੌਲੀ ਵਾਂਝੇ ਹੋ ਰਹੇ ਹਾਂ।

0

## ਹੋਲਾਂ

ਅੱਜ ਦੀ ਪੀੜ੍ਹੀ ਨਾ ਹੋਲਾਂ ਬਾਰੇ ਜਾਣਦੀ ਹੈ ਅਤੇ ਨਾ ਹੀ ਉਸ ਨੇ ਹੋਲਾਂ ਬਣੀਆਂ ਦੇਖੀਆਂ ਹੋਣਗੀਆਂ। ਘਾਹ ਫੂਸ, ਛਿਟੀਆਂ ਦੀ ਅੱਗ ਤੇ ਛੋਲਿਆਂ ਦੇ ਛੋਲੂਏ ਵਾਲੇ ਬੂਟਿਆਂ ਨੂੰ ਰੱਖ ਕੇ, ਭੁੰਨੇ ਗਏ ਛੋਲਿਆਂ ਦੀਆਂ ਰਹੀਆਂ ਟਾਂਟਾਂ ਨੂੰ ਹੋਲਾਂ ਕਿਹਾ ਜਾਂਦਾ ਸੀ। ਹੁਣ ਤਾਂ ਪੰਜਾਬ ਵਿਚ ਛੋਲੇ ਹੀ ਹੋਣੋਂ ਹਟ ਗਏ ਹਨ। ਏਸ ਲਈ ਹੋਲਾਂ ਕਿੱਥੋਂ ਬਣਨੀਆਂ ਹਨ? ਹੋਲਾਂ ਖ਼ਤਮ ਹੋਣ ਤੇ ਮੈਨੂੰ ਬਾਣੀਆਂ ਦਾ ਇਕ ਥਾਂ ਛੱਡ ਕੇ ਦੂਜੇ ਥਾਂ ਜਾ ਕੇ ਵਪਾਰ ਕਰਨ ਸਬੰਧੀ ਇਕ ਮੁਹਾਵਰਾ ਚੇਤੇ ਆ ਗਿਆ ਹੈ। ਲਓ, ਤੁਸੀਂ ਵੀ ਸੁਣੋ –

‘ਜਿੱਧਰ ਗਏ ਬਾਣੀਏ, ਓਧਰ ਗਿਆ ਬਾਜ਼ਾਰ।’

ਜਿੱਥੇ ਜਾ ਕੇ ਬਾਣੀਏ ਵਪਾਰ ਕਰਨਾ ਸ਼ੁਰੂ ਕਰ ਦਿੰਦੇ ਸਨ, ਉਥੇ ਹੀ ਉਨ੍ਹਾਂ ਦਾ



ਬਾਜ਼ਾਰ ਬਣ ਜਾਂਦਾ ਸੀ। ਏਸੇ ਲਈ ਛੋਲਿਆਂ ਦੀ ਫ਼ਸਲ ਦਾ ਪੰਜਾਬ ਵਿਚੋਂ ਖ਼ਤਮ ਹੋਣ ਨਾਲ ਹੋਲਾਂ ਦਾ ਖ਼ਤਮ ਹੋਣਾ ਬਣਦਾ ਹੀ ਸੀ। ਛੋਟੇ ਹੁੰਦੇ ਖੇਡਦੇ ਹੋਏ ਹੋਲਾਂ ਸਬੰਧੀ ਇਕ ਟੋਟਕਾ ਵੀ ਗਾਉਂਦੇ ਹੁੰਦੇ ਸੀ–

ਹੋਲਾਂ! ਹੋਲਾਂ!! ਤੇਰੀ ਮਾਂ ਗਵਾਚੀ, ਮੈਂ ਕਿਉਂ ਟੋਲ੍ਹਾਂ?



ਪਹਿਲੇ ਸਮਿਆਂ ਵਿਚ ਬਹੁਤ ਸਾਰੀਆਂ ਜ਼ਮੀਨਾਂ ਗ਼ੈਰ ਆਬਾਦ ਸਨ। ਖੇਤੀ ਸਾਰੀ ਉਸ ਸਮੇਂ ਬਾਰਸ਼ਾਂ ਤੇ ਨਿਰਭਰ ਹੁੰਦੀ ਸੀ। ਸਾਰੇ ਸਾਲ ਵਿਚ ਇਕ ਜ਼ਮੀਨ ਵਿਚ ਇਕ ਹੀ ਫ਼ਸਲ ਬੀਜੀ ਜਾਂਦੀ ਸੀ। ਵਿਹਲੀਆਂ ਪਈਆਂ ਜ਼ਮੀਨਾਂ ਵਿਚ ਲੋਕ ਪਸ਼ੂ ਚਾਰਦੇ ਰਹਿੰਦੇ ਸਨ। ਪਸ਼ੂ ਚਾਰਦੇ ਚਾਰਦੇ ਹੀ ਖੇਤਾਂ ਵਿਚੋਂ ਛੋਲਿਆਂ ਦੇ ਬੂਟੇ ਪੱਟ ਕੇ, ਘਾਹ ਫੂਸ ’ਕੱਠਾ ਕਰਕੇ ਖੇਤਾਂ ਵਿਚ ਹੀ ਹੋਲਾਂ ਬਣਾ ਲੈਂਦੇ ਸਨ। ਉਥੇ ਹੀ ਖਾ ਲੈਂਦੇ ਸਨ। ਹੋਲਾਂ ਖਾਣ ਨਾਲ ਹੱਥ ਵੀ ਕਾਲੇ ਹੋ ਜਾਂਦੇ ਸਨ ਤੇ ਬੁੱਲ੍ਹ ਵੀ ਕਾਲੇ ਹੋ ਜਾਂਦੇ ਸਨ। ਏਸ ਪ੍ਰਥਾਏ ਲੋਕ ਗੀਤ ਹੈ –

ਕਿਹੜੇ ਯਾਰ ਨੇ ਚਬਾਈਆਂ ਹੋਲਾਂ,
ਬੁੱਲੀਆਂ ਨੂੰ ਸੁਆਹ ਲੱਗ ਗੀ।

ਕਈ ਮੁਟਿਆਰਾਂ ਤਾਂ ਹੋਲਾਂ ਨਾ ਖਵਾਉਣ ਕਰਕੇ ਗੁੱਸੇ ਵੀ ਹੋ ਜਾਂਦੀਆਂ ਸਨ–

ਤੇਰੀ ਕੀ ਨੰਗਾ ਵੇ ਯਾਰੀ?
ਹੋਲਾਂ ਨਾ ਚਬਾਈਆਂ ਭੁੰਨ ਕੇ।

ਹੋਲਾਂ ਸਬੰਧੀ ਇਕ ਹਰ ਲੋਕ ਗੀਤ ਹੈ –

ਘੱਲਿਆ ਸੀ ਮੈਂ ਹੋਲਾਂ ਕਰਨ ਨੂੰ,
ਬਾਲ ਲਿਆਇਆ ਦਾੜ੍ਹੀ।
ਭੱਜਿਆ ਜਾਂਦਾ ਸੀ,
ਛੱਜਾਂ ਵਾਲੀ ਦੇ ਵਾਣ੍ਹੀ।



Academy of the Punjab in North America: http://www.apnaorg.com

ਪਹਿਲੇ ਸਮਿਆਂ ਵਿਚ ਹਰ ਪਰਿਵਾਰ ਛੋਲਿਆਂ ਦੇ ਸੀਜ਼ਨ ਵਿਚ ਘਰਾਂ ਵਿਚ ਇਕ ਦੋ ਵਾਰ ਹੋਲਾਂ ਜ਼ਰੂਰ ਬਣਾਉਂਦੇ ਸਨ। ਘਰਾਂ ਵਿਚ ਹੋਲਾਂ ਕਪਾਹ ਦੀਆਂ ਛਿਟੀਆਂ ਦੀ ਅੱਗ ਤੇ ਰੱਖ ਕੇ ਬਣਾਈਆਂ ਜਾਂਦੀਆਂ ਸਨ। ਜਦ ਛਿਟੀਆਂ ਤੇ ਛੋਲਿਆਂ ਦੇ ਬੂਟੇ ਮੱਚ ਕੇ 'ਕੱਲੀਆਂ ਟਾਟਾਂ ਰਹਿ ਜਾਂਦੀਆਂ ਸਨ ਤਾਂ ਬੂਟਿਆਂ ਦੇ ਰਹੇ ਟਾਂਗਰ ਨੂੰ ਇਕ ਪਾਸੇ ਕੱਢ ਦਿੱਤਾ ਜਾਦਾ ਸੀ। ਬਾਕੀ ਰਹੀਆਂ ਟਾਟਾਂ ਦੀਆਂ ਬਣੀਆਂ ਹੋਲਾਂ ਤੇ ਸੁਆਹ ਨੂੰ ਛੱਜ ਵਿਚ ਪਾ ਕੇ ਛੰਡ ਕੇ ਹੋਲਾਂ ਕੱਢ ਲਈਆਂ ਜਾਂਦੀਆਂ ਸਨ। ਇਨ੍ਹਾਂ ਹੋਲਾਂ ਨੂੰ ਕਈ ਕਈ ਦਿਨ ਖਾਂਦੇ ਰਹਿੰਦੇ ਸਨ।

ਹੁਣ ਹੋਲਾਂ ਬੀਤੇ ਸਮੇਂ ਦੀ ਕਹਾਣੀ ਬਣ ਕੇ ਰਹਿ ਗਈਆਂ ਹਨ।

0

## ਭੂਤ ਪਿੰਨੇ

ਛੋਟੇ ਹੁੰਦਿਆਂ ਸਾਡੀਆਂ ਮਾਵਾਂ 'ਭੂਤ ਆਇਆ' ਕਹਿ ਕ ਸਾਨੂੰ ਬਹੁਤ ਡਰਾਉਂਦੀਆਂ ਹੁੰਦੀਆਂ ਸਨ। ਸਾਡੇ ਮਨਾਂ ਵਿਚ ਭੂਤ ਦਾ ਬੜਾ ਸਾਰਾ ਕੱਦ, ਕਾਲਾ ਸ਼ਾਹ ਰੰਗ, ਬੜੇ ਬੜੇ ਦੰਦ, ਸਿਰ ਤੇ ਸਿੰਗ, ਅੱਖਾਂ ਡਰਾਉਣੀਆਂ, ਵੱਡੀ ਸਾਰੀ ਲਾਲ ਜੀਭ, ਬੜੇ ਬੜੇ ਪੈਰ, ਅਜੀਬ ਪਹਿਰਾਵੇ ਵਾਲੇ ਡਰਾਉਣੇ ਵਣ-ਮਾਣਸ ਦਾ ਅਕਸ ਬਣਿਆ ਹੁੰਦਾ ਸੀ। ਭੂਤ ਪਿੰਨੇ ਦਾ ਸਿਰਲੇਖ ਪੜ੍ਹ ਕੇ ਤੁਹਾਡਾ ਦਿਮਾਗ਼ ਵੀ ਜ਼ਰੂਰ ਚਕਰਾ ਗਿਆ ਹੋਵੇਗਾ? ਤੁਸੀਂ ਸੋਚਦੇ ਹੋਵੋਗੇ ਕਿ ਭੂਤ ਤਾਂ 'ਕੱਲਾ ਹੀ ਮਾਣ ਨਹੀਂ ਹੁੰਦਾ ਸੀ? ਇਹ ਭੂਤ ਪਿੰਨੇ ਤਾਂ ਪਤਾ ਨਹੀਂ ਹੋਰ ਕਿੰਨੇ ਹੀ ਡਰਾਉਣੀ ਸ਼ਕਲ ਦੇ ਹੋਣਗੇ? ਲਓ, ਤੁਹਾਡਾ ਸ਼ੰਕਾ ਮੈਂ ਛੇਤੀ ਹੀ ਨਵਿਰਤ ਕਰ ਦਿੰਦਾ ਹਾਂ। ਭੂਤ ਪਿੰਨੇ ਭੂਤਾਂ ਵਰਗੇ ਨਹੀਂ ਹੁੰਦੇ ਸਨ। ਇਹ ਤਾਂ ਮੱਕੀ, ਜੁਆਰ, ਬਾਜਰਾ, ਕਣਕ ਨੂੰ ਭੱਠੀ ਤੇ ਭੁਨਾ ਕੇ, ਵਿਚ ਗੁੜ ਰਲਾ ਕੇ ਬਣਾਏ ਗਏ ਖਾਣ ਪਦਾਰਥ ਹੁੰਦੇ ਸਨ। ਕਈ ਇਲਾਕਿਆਂ ਵਿਚ ਭੂਤ ਪਿੰਨਿਆਂ ਨੂੰ ਮਰੂੰਡੇ ਵੀ ਕਹਿੰਦੇ ਸਨ। ਹੁਣ ਵਾਲੇ ਮਰੂੰਡੇ ਤਾਂ 'ਕੱਲੇ ਚੌਲਾਂ ਦੇ ਹੀ ਬਣਦੇ ਹਨ। ਪਹਿਲੇ ਸਮਿਆਂ ਵਿਚ ਤਾਂ ਚੌਲ ਪੰਜਾਬ ਵਿਚ ਪੈਦਾ ਹੀ ਨਹੀਂ ਹੁੰਦੇ ਸਨ।





ਹੁਣ ਮੈਂ ਤੁਹਾਨੂੰ ਭੂਤ ਪਿੰਨੇ ਬਣਾਉਣ ਦਾ ਢੰਗ ਦੱਸਣ ਲੱਗਿਆ ਹਾਂ। ਹਰ ਅਨਾਜ ਦੇ ਭੂਤ ਪਿੰਨੇ ਬਣਾਉਣ ਲਈ ਗੁੜ ਦੀ ਵਰਤੋਂ ਕੀਤੀ ਜਾਂਦੀ ਸੀ। ਗੁੜ ਨੂੰ ਥੋੜ੍ਹਾ ਥੋੜ੍ਹਾ ਤੋੜ ਕੇ ਵਿਚ ਪਾਣੀ ਪਾ ਕੇ ਚੁਲ੍ਹੇ ਉਪਰ ਰੱਖ ਕੇ ਚਾਹਣੀ ਬਣਾਈ ਜਾਂਦੀ ਸੀ। ਮੱਕੀ ਦੇ ਭੂਤ ਪਿੰਨੇ ਬਣਾਉਣ ਲਈ ਸੁੱਕੀ ਮੱਕੀ ਦੇ ਦਾਣਿਆਂ ਨੂੰ ਭੱਠੀ ਤੇ ਭੁਨਾਇਆ ਜਾਦਾ ਸੀ। ਸੁੱਕੀ ਮੱਕੀ ਹੋਣ ਕਰਕੇ ਸਾਰੇ ਦਾਣਿਆਂ ਦੀਆਂ ਖਿਲਾਂ ਬਣ ਜਾਂਦੀਆਂ ਸਨ। ਇਨ੍ਹਾਂ ਤੱਤੀਆਂ ਤੱਤੀਆਂ ਖਿਲਾਂ ਨੂੰ ਗੁੜ ਦੀ ਚਾਹਣੀ ਵਿਚ ਸਿੱਟ ਕੇ ਗੁੜ ਰਲਾ ਲਿਆ ਜਾਂਦਾ ਸੀ। ਫੇਰ ਇਨ੍ਹਾਂ ਗੁੜ ਰਲੀਆਂ ਖਿਲਾਂ ਦੀਆ ਹੱਥਾਂ ਨਾਲ ਛੋਟੀਆਂ ਛੋਟੀਆਂ ਪਿੰਨੀਆਂ ਵੱਟ ਲੈਂਦੇ ਸਨ। ਕਈ ਦਿਨ ਖਾਂਦੇ ਰਹਿੰਦੇ ਸਨ। ਏਸ ਤਰ੍ਹਾਂ ਮੱਕੀ ਦੇ ਭੂਤ ਪਿੰਨੇ ਬਣਦੇ ਸਨ। ਏਸੇ ਵਿਧੀ ਅਨੁਸਾਰ ਜੁਆਰ, ਬਾਜਰਾ ਅਤੇ ਕਣਕ ਦੇ ਭੂਤ ਪਿੰਨੇ ਬਣਾਏ ਜਾਂਦੇ ਸਨ।

ਪਹਿਲੇ ਸਮਿਆਂ ਵਿਚ ਆਮ ਤੌਰ ਤੇ ਦੋ ਟਾਈਮ ਹੀ ਰੋਟੀ ਬਣਦੀ ਸੀ। ਸਵੇਰ ਦੀ ਰੋਟੀ 10 ਕੁ ਵਜੇ ਖਾਧੀ ਜਾਂਦੀ ਸੀ। ਰਾਤ ਦੀ ਰੋਟੀ ਦਿਨ ਖੜੇ ਖਾ ਲੈਂਦੇ ਸਨ। ਦੁਪਹਿਰ ਤੋਂ ਬਾਅਦ ਮੌਸਮ ਅਨੁਸਾਰ ਮੱਕੀ, ਛੋਲਿਆਂ ਦੇ ਦਾਣੇ ਭੱਠੀ ਤੋਂ ਭੁਨਾ ਕੇ ਚੱਬਦੇ ਸਨ ਜਾਂ ਮੱਕੀ, ਜੁਆਰ, ਬਾਜਰਾ, ਕਣਕ ਦੇ ਭੂਤ ਪਿੰਨੇ ਬਣਾ ਕੇ ਖਾ ਲੈਂਦੇ ਸਨ। ਹੁਣ ਪੰਜਾਬ ਵਿਚ ਮੱਕੀ ਤਾਂ ਨਾ ਮਾਤਰ ਹੀ ਹੁੰਦੀ ਸੀ। ਜੁਆਰ ਬਾਜਰਾ ਪੈਦਾ ਹੀ ਨਹੀਂ ਹੁੰਦੇ। ਏਸ ਲਈ ਮੱਕੀ, ਜੁਆਰ, ਬਾਜਰੇ ਦੇ ਭੂਤ ਪਿੰਨੇ ਬਣਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਣਕ ਜ਼ਰੂਰ ਪੰਜਾਬ ਵਿਚ ਬੇਸ਼ੁਮਾਰ ਪੈਦਾ ਹੁੰਦੀ ਹੈ। ਪਰ ਕਣਕ ਦੇ ਭੂਤ ਪਿੰਨੇ ਨਾ ਕੋਈ ਬਣਾਉਂਦਾ ਹੈ ਅਤੇ ਨਾ ਹੀ ਅੱਜ ਦੀ ਪੀੜ੍ਹੀ ਖਾ ਕੇ ਰਾਜੀ ਹੈ। ਭੂਤ ਪਿੰਨੇ ਸਾਡੀ ਅੱਜ ਦੀ ਖ਼ੁਰਾਕ ਵਿਚੋਂ ਬਿਲਕੁਲ ਅਲੋਪ ਹੋ ਗਏ ਹਨ।



Academy of the Punjab in North America: http://www.apnaorg.com

# ਪਹਿਰਾਵਾ ਤੇ ਗਹਿਣੇ

## ਘੱਗਰੇ

ਜਦ ਇਨਸਾਨੀ ਜੀਵ ਹੋਂਦ ਵਿਚ ਆਇਆ, ਉਹ ਨੰਗਾ ਸੀ, ਨੰਗਾ ਹੀ ਰਹਿੰਦਾ ਸੀ। ਜਦ ਉਸ ਨੂੰ ਕੁਝ ਸੋਝੀ ਆਈ ਤਾਂ ਉਸ ਨੇ ਆਪਣੇ ਗੁਪਤ ਅੰਗਾਂ ਨੂੰ ਪਹਿਲਾ ਬ੍ਰਿਛਾਂ ਦੀਆ ਬਿਲਕਾਂ ਤੇ ਛਿਲਕਾਂ ਨਾਲ, ਫੇਰ ਕਪੜੇ ਨਾਲ ਢਕਣਾ ਸ਼ੁਰੂ ਕੀਤਾ। ਹੌਲੀ ਹੌਲੀ ਫੇਰ ਸਾਰੇ ਸਰੀਰ ਤੇ ਕਪੜੇ ਪਹਿਣੇ ਜਾਣ ਲੱਗੇ। ਬਹੂਆਂ ਅਤੇ ਬੇਟੀਆਂ ਦੀ ਪਛਾਣ ਰੱਖਣ ਲਈ ਘੱਗਰੇ ਹੋਂਦ ਵਿਚ ਆਏ। ਉਨ੍ਹਾਂ ਸਮਿਆਂ ਵਿਚ ਕੁਆਰੀਆਂ ਕੁੜੀਆਂ ਨੂੰ ਆਪਣੇ ਮਾਪਿਆਂ ਦੇ ਘਰ ਚੰਗੇ ਕੱਪੜੇ ਪਹਿਨਣ ਨੂੰ ਨਹੀਂ ਮਿਲਦੇ ਸਨ। ਜਦ ਕੁੜੀਆ ਦਾ ਵਿਆਹ ਹੋ ਜਾਂਦਾ ਸੀ, ਉਸ ਸਮੇਂ ਹੀ ਉਹ ਆਪਣੀ ਮਰਜ਼ੀ ਦੇ ਕਪੜੇ ਪਾ ਕੇ ਆਪਣੇ ਦਿਲ ਦੀਆਂ ਰੀਝਾਂ ਪੂਰੀਆਂ ਕਰਦੀਆਂ ਸਨ –

ਹਰੀਆਂ ਕੁੜਤੀਆਂ, ਕਿਰਮਚੀ ਘੱਗਰੇ,
ਕੁੜਤੀ ਨੂੰ ਬਾਡਰ ਲਾਈਏ।
ਪਿੰਡ ਜਾਣਾ ਸਹੁਰਿਆਂ ਦੇ,
ਬਣ ਕੇ ਕਬੂਤਰੀ ਜਾਈਏ।



ਉਨ੍ਹਾ ਸਮਿਆਂ ਵਿਚ ਪਿੰਡ ਦੀਆਂ ਬਹੂਆਂ ਚਾਹੇ ਬੁੱਢੀਆਂ ਹੋ ਜਾਂਦੀਆਂ ਸਨ, ਪਰ ਘੱਗਰੇ ਜ਼ਰੂਰ ਪਾਉਂਦੀਆਂ ਸਨ। ਵੱਖ-ਵੱਖ ਉਮਰ ਲਈ ਵੱਖ-ਵੱਖ ਕਪੜਿਆਂ ਅਤੇ ਰੰਗਾਂ ਦੇ ਘੱਗਰੇ ਬਣਾਏ ਜਾਂਦੇ ਸਨ। ਘੱਗਰਿਆਂ ਉਪਰ 10 ਗਜ਼ ਤੋਂ ਲੈ ਕੇ 20 ਗਜ਼ ਤੱਕ ਕਪੜਾ ਲੱਗਦਾ ਸੀ। ਕਈ ਲੰਮੇ ਕੱਦ ਵਾਲੀਆਂ ਦੇ 20 ਗਜ਼ ਦੇ ਘੱਗਰੇ ਵੀ ਛੋਟੇ ਰਹਿ ਜਾਂਦੇ ਸਨ–



ਲੰਮੀ ਰੰਨ ਦਾ ਕੀ ਸਲਾਹੀਏ,
ਜਿਉਂ ਕੋਠੇ ਦੀ ਥੰਮੀ।
ਵੀਹਾਂ ਗਜ਼ਾਂ ਦਾ ਘੱਗਰਾ ਪਾਵੇ,
ਅਜੇ ਵੀ ਅੱਡੀ ਨੰਗੀ।

ਦਾਜ ਵਿਚ ਕਈ ਕਈ ਘੱਗਰੇ ਦਿੱਤੇ ਜਾਂਦੇ ਸਨ। ਰੇਸ਼ਮੀ, ਸਾਟਣ, ਸੰਘਈ, ਸੂਫ, ਸੈਲ ਆਦਿ ਦੇ ਗੋਟੇ ਕਨਾਰੀਆਂ ਵਾਲੇ ਘੱਗਰੇ ਬਣਾਏ ਜਾਂਦੇ ਸਨ। ਆਮ ਵਰਤੋਂ ਲਈ ਕਾਲੀ ਸੂਫ ਦੇ ਘੱਗਰਿਆਂ ਦਾ ਜ਼ਿਆਦਾ ਰਿਵਾਜ ਸੀ। ਜ਼ਿਆਦਾ ਉਮਰ ਵਾਲੀਆਂ ਬੁੜੀਆਂ ਚਿੱਟੇ ਘੱਗਰੇ ਪਹਿਨਦੀਆਂ ਸਨ। ਉਨ੍ਹਾਂ ਸਮਿਆਂ ਵਿਚ ਜ਼ਿਆਦਾ ਸਫ਼ਰ ਪੈਦਲ ਹੀ ਕੀਤਾ ਜਾਂਦਾ ਸੀ। ਕਈ ਨਵੀਆਂ ਵਿਆਹੀਆਂ ਦਾ ਸਹੁਰੇ ਪਿੰਡ ਦੇ ਨੇੜੇ ਪਹੁੰਚਣ ਤੱਕ ਵੀ ਘੱਗਰੇ ਦਾ ਜੱਬ ਪਿਆ ਰਹਿੰਦਾ ਸੀ–

ਤੇਰਾ ਘੱਗਰਾ ਰਾਸ ਨਾ ਆਵੇ,
ਸਹੁਰਿਆਂ ਦਾ ਪਿੰਡ ਆ ਗਿਆ।

ਨਵੀਆਂ ਬਹੂਆਂ ਦੇ ਘੱਗਰਿਆਂ ਵਿਚ ਸਿਲਮੇ ਸਿਤਾਰਿਆਂ ਵਾਲੇ, ਸਤਰੰਗੀ ਪੀਂਘ ਵਰਗੇ, ਰੇਸ਼ਮੀ ਨਾਲੇ ਪਾਏ ਹੁੰਦੇ ਸਨ–

ਢਾਈਏ-ਢਾਈਏ-ਢਾਈਏ,
ਕਿੱਲੇ ਉਤੋਂ ਲਾਹ ਘੱਗਰਾ,
ਵਿਚ ਨਾਲਾ ਰੇਸ਼ਮੀ ਪਾਈਏ।

ਜਿਹੜੀਆਂ ਬਹੂਆਂ ਸਰੀਰ ਪੱਖੋਂ ਕਮਜ਼ੋਰ ਹੁੰਦੀਆਂ ਸਨ, ਘੱਗਰੇ ਭਾਰੇ ਹੁੰਦੇ ਸਨ, ਉਨ੍ਹਾਂ ਨੂੰ ਟਕੋਰ ਵੀ ਲਾਈ ਜਾਂਦੀ ਸੀ –

ਲੱਕ ਪਤਲਾ ਹੁਲਾਰੇ ਖਾਵੇ,
ਘੱਗਰੇ ਦਾ ਭਾਰ ਨਾ ਝੱਲੇ।

ਕਈ ਵੇਰ ਮਾੜੇ ਸਰੀਰ ਵਾਲੀ ਮੇਲੇ ਦੀ ਸ਼ੌਕਣ ਨੂੰ ਸਭ ਤੋਂ ਜ਼ਿਆਦਾ ਔਖਾ ਘੱਗਰਾ ਹੀ ਕਰਦਾ ਹੁੰਦਾ ਸੀ–

ਚੰਨ ਵੇ ਕਿ ਘੱਗਰਾ ਵੀਹ ਗਜ਼ ਦਾ,
ਲੱਕ ਗੋਰੀ ਦਾ ਮਰੋੜੇ ਖਾਵੇ,
ਪੇਸ਼ ਨਾ ਜਾਵੇ,
ਕਿ ਸ਼ੌਕਣ ਮੇਲੇ ਦੀ।

ਜਨਾਨੀਆਂ ਜਦ ਬਾਹਰਲੇ ਪਿੰਡਾਂ ਵਿਚ ਕਿਸੇ ਮਰਨੇ ਦੀ ਮਕਾਣ ਜਾਂਦੀਆਂ ਸਨ, ਉਹ ਆਪਣੇ ਘੱਗਰੇ ਆਪਣੇ ਸਿਰਾਂ 'ਤੇ ਰੱਖ ਕੇ ਲੈ ਜਾਂਦੀਆਂ ਸਨ। ਮਕਾਣ ਵਾਲੇ ਪਿੰਡ ਦੇ ਨਜ਼ਦੀਕ ਪਹੁੰਚ ਕੇ ਪਾ ਲੈਂਦੀਆਂ ਸਨ।



Academy of the Punjab in North America: http://www.apnaorg.com

ਪਹਿਲੇ ਸਮਿਆਂ ਵਿਚ ਕੁੜੀਆਂ ਨੂੰ ਜੰਮਦਿਆਂ ਮਾਰਨ ਕਾਰਨ ਹਰ ਪਰਿਵਾਰ ਵਿਚ ਕੋਈ ਨਾ ਕੋਈ ਮੁੰਡਾ ਛੜਾ ਰਹਿ ਜਾਂਦਾ ਸੀ। ਛੜੇ ਹੁੰਦੇ ਵੀ ਹੁੱਝਤੀ ਸਨ। ਕਈ ਜਨਾਨੀਆਂ ਵੀ ਛੜਿਆਂ ਮਗਰ ਹੱਥ ਧੋ ਕੇ ਪੈ ਜਾਂਦੀਆਂ ਸਨ। ਉਹ ਛੜਿਆਂ ਨੂੰ ਸਾੜਨ ਲਈ ਕਾਲੇ ਸੂਫ਼ ਦੇ ਘੱਗਰੇ ਦੀ ਮੰਗ ਕਰਦੀਆਂ ਹੁੰਦੀਆਂ ਸਨ –

ਘੱਗਰਾ ਸਵਾ ਦੇ ਕਾਲੀ ਸੂਫ਼ ਦਾ ਵੇ,
ਜਾਵੇ ਘੂਕਦਾ, ਛੜੇ ਦੀ ਹਿੱਕ ਫੂਕਦਾ ਵੇ।

ਘੱਗਰੇ ਵਿਚ ਜੋ ਸਿਲਮੇ ਸਤਾਰੇ ਤੇ ਘੁੰਗਰੂਆਂ ਵਾਲੇ ਨਾਲੇ ਪਾਏ ਹੁੰਦੇ ਸਨ, ਉਹ ਨਾਲੇ ਘੱਗਰੇ ਦੀ ਲੌਣ ਤੱਕ ਲਮਕਦੇ ਹੁੰਦੇ ਸਨ –

ਬੱਲੇ ਬੱਲੇ ਬਈ ਲੋਣ ਮੇਰੇ ਘੱਗਰੇ ਦੀ,
ਧਰਤੀ ਹੂੰਝਦੀ ਜਾਵੇ।
x x x
ਨਾਲਾ ਟੰਗ ਲੈ ਘੁੰਗਰੂਆਂ ਵਾਲਾ,
ਨੀ ਟੋਲੀ ਆਉਂਦੀ ਛੜਿਆਂ ਦੀ।

ਪਹਿਲੇ ਪੰਜਾਬ, ਹੁਣ ਦੇ ਹਰਿਆਣੇ ਵਿਚ ਜਨਾਨੀਆਂ ਘੱਗਰੀਆਂ ਪਹਿਨਦੀਆਂ ਸਨ/ਹਨ। ਘੱਗਰੀ ਸਬੰਧੀ ਇਕ ਅਖਾਣ ਹੈ –

ਘੱਗਰੀ ਦਾ ਸਾਕ ਅੱਗੇ,
ਪਗੜੀ ਦਾ ਸਾਕ ਪਿਛੇ।

ਹੁਣ ਪਿੰਡਾਂ ਵਿਚ ਅਤੇ ਸ਼ਹਿਰਾਂ ਵਿਚ ਕੋਈ ਵੀ ਘੱਗਰਾ ਨਹੀਂ ਪਾਉਂਦਾ। ਸਟੇਜ ਤੇ ਗਿੱਧਾ ਪਾਉਂਦੀਆਂ ਕੁੜੀਆਂ ਦੇ ਪਾਏ ਘੱਗਰੇ ਕਦੇ ਨਾ ਕਦੇ ਜ਼ਰੂਰ ਨਜ਼ਰ ਆਉਂਦੇ ਹਨ। ਹੁਣ ਕੁੜੀਆਂ, ਬਹੂਆਂ, ਬੁੜੀਆ ਸਲਵਾਰ ਕਮੀਜ਼ ਹੀ ਪਾਉਂਦੀਆਂ ਹਨ। ਸ਼ਹਿਰਾਂ ਵਿਚ ਤਾਂ ਕੁਝ ਕੁੜੀਆਂ ਸਲਵਾਰ ਦੀ ਥਾਂ ਪੈਂਟਾਂ ਪਾਉਣ ਵੀ ਲਗ ਪਈਆਂ ਹਨ। ਜਿਥੇ ਪਹਿਲਾਂ ਵਿਆਹਾਂ ਤੇ ਬਹੂਆਂ ਭਾਂਤ ਭਾਂਤ ਦੇ ਰੇਸ਼ਮੀ ਘੱਗਰੇ ਪਾਉਂਦੀਆਂ ਹੁੰਦੀਆਂ ਸਨ, ਉਥੇ ਅੱਜ ਕੱਲ ਦੀਆਂ ਬਹੂਆਂ ਸਾੜ੍ਹੀ ਦੀ ਮੰਗ ਕਰਨ ਲੱਗ ਪਈਆਂ ਹਨ –

ਮੈਨੂੰ ਲੈ ਦੇ ਰੇਸ਼ਮੀ ਸਾੜ੍ਹੀ,
ਘੱਗਰੇ ਦਾ ਜੁੱਗ ਬੀਤਿਆ।

ਘੱਗਰੇ ਹੁਣ ਸਿਰਫ਼ ਅਜਾਇਬ ਘਰਾਂ ਵਿਚ ਹੀ ਮਿਲਿਆ ਕਰਨਗੇ। ਸਾਡਾ ਇਹ ਵਿਰਸਾ ਵੀ ਦਿਨੋ ਦਿਨ ਅਲੋਪ ਹੋ ਰਿਹਾ ਹੈ।

0



## ਫੁਲਕਾਰੀਆਂ

ਫੁਲਕਾਰੀ ਪੰਜਾਬ ਦੀ ਕਲਾਕਾਰੀ ਦਾ ਨਮੂਨਾ ਹੁੰਦੀ ਸੀ। ਫੁਲਕਾਰੀਆਂ, ਬਾਗ਼, ਸੁੱਭਰ, ਸਾਲੂ, ਵਿਛਾਈਆਂ, ਸਰਹਾਣੇ, ਮੇਜ਼ਪੋਸ਼, ਪੱਖੀਆਂ, ਝੋਲੇ, ਰੁਮਾਲ, ਦਰੀਆਂ, ਚਤਹੀਆਂ, ਖੇਸ ਕਿਸੇ ਸਮੇਂ ਵਿਆਹੁਲੀ ਕੁੜੀ ਦੇ ਦਾਜ ਦੇ ਵਿਸ਼ੇਸ਼ ਅੰਗ ਹੋਇਆ ਕਰਦੇ ਸਨ। ਉਨ੍ਹਾਂ ਸਮਿਆਂ ਵਿਚ ਕੁੜੀਆਂ ਦੀ ਪੜ੍ਹਾਈ ਜਾਂ ਤਾਂ ਕਰਵਾਈ ਹੀ ਨਹੀਂ ਜਾਂਦੀ ਸੀ ਜਾਂ ਫੇਰ ਨਾਮਾਤਰ ਹੀ ਹੁੰਦੀ ਸੀ। ਏਸ ਲਈ ਕੁਆਰੀਆਂ ਕੁੜੀਆਂ ਦਾ ਸਭ ਤੋਂ ਜ਼ਿਆਦਾ ਸਮਾਂ ਕਢਾਈਆਂ, ਕਤਾਈਆਂ, ਬੁਣਾਈਆਂ ਅਤੇ ਸਲਾਈਆਂ ਵਿਚ ਹੀ ਲੰਘਦਾ ਸੀ।



ਫੁਲਕਾਰੀ ਉਹ ਹੁੰਦੀ ਸੀ, ਜਿਸ ਦੀ ਕਢਾਈ ਕਿਤੇ ਕਿਤੇ ਫੁੱਲ ਪਾ ਕੇ ਕੀਤੀ ਜਾਂਦੀ ਸੀ, ਬਹੁਤੇ ਹਿੱਸੇ ਖ਼ਾਲੀ ਰਹਿੰਦੇ ਸਨ। ਵਿਆਹ ਸਮੇਂ ਵਿਆਹੁਲੀ ’ਤੇ ਜਿਹੜੀ ਫੁਲਕਾਰੀ ਦਿੱਤੀ ਜਾਂਦੀ ਸੀ, ਉਸ ਨੂੰ ਚੋਪ ਕਹਿੰਦੇ ਸਨ। ਇਹ ਲਾਲ ਖੱਦਰ ਤੇ ਪੀਲੇ ਧਾਗੇ ਨਾਲ ਕੱਢੀ ਜਾਂਦੀ ਸੀ। ਇਸ ਦੀ ਕਢਾਈ ਪੱਲਿਆਂ ਤੇ ਪਾਸਿਆਂ ’ਤੇ ਕੀਤੀ ਜਾਂਦੀ ਸੀ, ਵਿਚਕਾਰਲਾ ਹਿੱਸਾ ਖ਼ਾਲੀ ਹੁੰਦਾ ਸੀ। ਕਈ ਇਲਾਕਿਆਂ ਵਿਚ ਇਸ ਨੂੰ ਸੁੱਭਰ ਕਹਿੰਦੇ ਸਨ। ਸਾਲੂ ਗੂੜ੍ਹੇ ਲਾਲ ਰੰਗ ਦਾ ਖੱਦਰ ਹੁੰਦਾ ਸੀ, ਜਿਹੜਾ ਵਿਆਹੀਆਂ ਮੁਟਿਆਰਾਂ ਦਾ ਰੋਜ਼ ਦਾ ਪਹਿਰਾਵਾ ਹੁੰਦਾ ਸੀ। ਬਾਗ਼ ਉਸ ਨੂੰ ਕਹਿੰਦੇ ਸਨ, ਜਿਹੜਾ ਸਾਰੇ ਦਾ ਸਾਰਾ ਕੱਢਿਆ ਹੁੰਦਾ ਸੀ। ਏਸ ਦਾ ਕੋਈ ਵੀ ਹਿੱਸਾ ਖ਼ਾਲੀ ਨਹੀਂ ਹੁੰਦਾ ਸੀ। ਬਾਗ਼ ਸੰਤਰੀ, ਪੀਲੇ, ਗੂੜ੍ਹੇ ਲਾਲ ਜਾਂ ਚਿੱਟੇ ਰੰਗਾਂ ਵਿਚ ਕੱਢੇ ਜਾਂਦੇ ਸਨ। ਕਢਾਈ ਕੱਪੜੇ ਦੇ ਪੁੱਠੇ ਪਾਸਿਓਂ ਕੀਤੀ ਜਾਂਦੀ ਸੀ। ਆਮ ਤੌਰ ’ਤੇ ਗਰਮੀ ਦੇ ਮੌਸਮ ਵਿਚ ਕੁੜੀਆਂ ਇਕੱਠੀਆਂ ਹੋ ਕੇ ਬਾਗ਼, ਫੁਲਕਾਰੀਆਂ ਕੱਢਦੀਆਂ ਹੁੰਦੀਆਂ ਸਨ। ਸਭ ਤੋਂ ਜ਼ਿਆਦਾ ਸਮਾਂ ਬਾਗ਼ ਕੱਢਣ ਵਿਚ ਹੀ ਲੱਗਦਾ ਹੁੰਦਾ ਸੀ। ਉਸ ਸਮੇਂ ਦਾਜ ਵਿਚ ਸਭ ਤੋਂ ਜ਼ਿਆਦਾ ਮਹੱਤਤਾ ਬਾਗ਼ ਨੂੰ ਹੀ ਦਿੱਤੀ ਜਾਂਦੀ ਸੀ। ਬਾਗ਼ ਤੇ ਫੁਲਕਾਰੀ



Academy of the Punjab in North America: http://www.apnaorg.com

ਖੱਦਰ ਦੇ ਕਪੜੇ ਤੇ ਕੱਢੇ ਜਾਂਦੇ ਸਨ। ਪੱਟ ਦੇ ਧਾਗੇ ਨਾਲ ਕੱਢੇ ਜਾਂਦੇ ਸਨ। ਖੱਦਰ ਨੂੰ ਘਰ ਹੀ ਰੰਗਦੇ ਹੁੰਦੇ ਸਨ, ਗੂੜ੍ਹੇ ਲਾਲ ਰੰਗ ਦਾ ਜਾਂ ਮਜੀਠੀ ਰੰਗ ਦਾ। ਬਾਗ਼ ਅਤੇ ਫੁਲਕਾਰੀਆਂ ਸੰਬੰਧੀ ਸਾਨੂੰ ਬਹੁਤ ਸਾਰੇ ਲੋਕ ਗੀਤ ਮਿਲਦੇ ਹਨ।

ਉਨ੍ਹਾਂ ਸਮਿਆਂ ਵਿਚ ਲੜਕੀ ਦੀ ਪੈਦਾਇਸ਼ ਦੇ ਨਾਲ ਹੀ ਮਾਂ ਨੂੰ ਦਾਜ ਤਿਆਰ ਕਰਨ ਦਾ ਫ਼ਿਕਰ ਸ਼ੁਰੂ ਹੋ ਜਾਂਦਾ ਸੀ। ਖੇਤੀ ਜ਼ਿਆਦਾ ਉਨ੍ਹਾਂ ਸਮਿਆਂ ਵਿਚ ਬਾਰਸ਼ਾਂ ਜਾਂ ਖੂਹਾਂ ਅਤੇ ਨਹਿਰਾਂ ਦੇ ਪਾਣੀ 'ਤੇ ਨਿਰਭਰ ਹੁੰਦੀ ਸੀ, ਜਿਸ ਕਰ ਕੇ ਲੋਕਾਂ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਹੁੰਦੀ ਸੀ। ਏਸ ਕਰ ਕੇ ਗ਼ਰੀਬ ਪਰਿਵਾਰ ਨੂੰ ਦਾਜ ਤਿਆਰ ਕਰਨਾ ਬਹੁਤ ਔਖਾ ਹੁੰਦਾ ਸੀ –

ਧੀ ਹੋਵੇ ਤਾਂ ਧਨ ਹੋਵੇ,
ਨਿਰਧਨ ਦੇ ਧੀ ਨਾ ਹੋਵੇ।
ਦਿਆਂ ਲੱਖ ਫੁਲਕਾਰੀਆਂ,
ਜਿਥੇ ਧੀ ਦਾ ਆਦਰ ਹੋਵੇ।

ਗਰਮੀ ਦੇ ਮੌਸਮ ਵਿਚ ਖੁਲ੍ਹੇ ਦਰਵਾਜ਼ਿਆਂ ਵਿਚ ਕੁੜੀਆਂ ਕਤਾਈ, ਸਿਲਾਈ ਤੇ ਕਢਾਈ ਦਾ ਕੰਮ ਕਰਦੀਆਂ ਹੁੰਦੀਆਂ ਸਨ। ਬਾਗ ਤੇ ਫੁਲਕਾਰੀ ਅੱਜ ਦੇ ਸਮੇਂ ਦੇ ਸ਼ਾਲਾਂ ਦੇ ਬਦਲ ਸਨ। ਇਨ੍ਹਾਂ ਨੂੰ ਸਰਦੀ ਤੋਂ ਬਚਣ ਲਈ ਉਤੇ ਲਿਆ ਜਾਂਦਾ ਸੀ। ਕਿਸੇ ਮੁਟਿਆਰ ਦੀ ਜੁਆਨੀ ਤੇ ਰੂਪ ਰੰਗ ਦੇ ਪ੍ਰਦਰਸ਼ਨ ਵਿਚ ਫੁਲਕਾਰੀ ਦਾ ਵੀ ਆਪਣਾ ਯੋਗਦਾਨ ਹੁੰਦਾ ਸੀ–

ਹੁਸਨ ਗੋਰੀ ਦਾ ਚੋ ਚੋ ਪੈਂਦਾ,
ਜਿਉਂ ਮਾਖਿਓਂ ਮਖਿਆਰੀ ਦਾ।
ਨੈਣ ਗੋਰੀ ਦੇ ਕਜਲਾ ਪਾਇਆ,
ਡਾਢਾ ਰੰਗ ਫੁਲਕਾਰੀ ਦਾ।
x x x
ਚਿੱਟੇ ਪੱਟ ਦਾ ਮੋਤੀਆ,
ਤੇ ਸਾਵੀਆ ਡੰਡੀਆਂ ਪਾ।
ਕਿਸੇ ਨੇ ਸਿਰ ਤੇ ਪੱਲਾ ਕੀਤਾ,
ਸੂਹੀ ਫੁਲਕਾਰੀ ਦਾ।

ਉਨ੍ਹਾਂ ਸਮਿਆਂ ਵਿਚ ਵਿਆਹੁਲੀ ਕੁੜੀ ਦੇ ਦਾਜ ਦੀ ਤਿਆਰੀ ਵਿਚ ਫੁਲਕਾਰੀ, ਬਾਗ਼ ਦੀ ਹੀ ਵਿਸ਼ੇਸ਼ ਥਾਂ ਹੁੰਦੀ ਸੀ–

ਸਿਰ ਫੁਲਕਾਰੀ, ਹੱਥ ਛਣ–ਕੰਗਣ,
ਪੈਰ ਪੰਜੇਬਾਂ ਪਾ।



ਏਧਰ ਸਖੀਆਂ ਓਧਰ ਸਖੀਆਂ,
ਬੈਠੀ ਪੀੜ੍ਹਾ ਡਾਹ।

ਜਦ ਨ੍ਹਾਈ ਧੋਈ ਕਰਾਉਣ ਤੋਂ ਪਿੱਛੋਂ ਵਿਆਹੁਲਾ ਮੁੰਡਾ ਤਿਆਰ ਹੋ ਜਾਂਦਾ ਸੀ ਤਾਂ ਉਸ ਉਪਰ ਫੁਲਕਾਰੀ ਤਾਣ ਕੇ, ਜਿਸ ਦੀਆਂ ਚਾਰੇ ਕੰਨ੍ਹੀਆਂ ਨੂੰ ਭੈਣਾਂ ਨੇ ਫੜਿਆ ਹੁੰਦਾ ਸੀ, ਗੁਰੁਦੁਆਰੇ ਮੱਥਾ ਟੇਕਣ ਲੈ ਕੇ ਜਾਂਦੀਆਂ ਸਨ। ਮੱਥਾ ਟੇਕਣ ਤੋਂ ਪਿਛੋਂ ਵਿਆਹੁਲਾ ਮੁੰਡਾ ਰਥ ਵਿਚ ਬੈਠਦਾ ਸੀ। ਉਸ ਸਮੇਂ ਦਾ ਗੀਤ ਹੈ –

ਫੁਲਕਾਰੀ ਮੇਰੀ ਮਾਂ ਨੇ ਕੱਢੀ,
ਵੀਰਾ ਤੇਰੇ 'ਤੇ ਮੈਂ ਤਾਣੀ।
ਚੰਦ ਵਰਗੀ ਭਾਬੋ ਵੀਰਾ,
ਕੱਲ੍ਹ ਨੂੰ ਵਿਆਹ ਕੇ ਲਿਆਣੀ।

ਉਨ੍ਹਾਂ ਸਮਿਆਂ ਵਿਚ ਜਾਣ ਆਉਣ ਦੇ ਸਾਧਨ ਰੱਥ, ਘੋੜੀ ਤੇ ਊਠ ਹੀ ਹੁੰਦੇ ਸਨ। ਸੱਜ ਵਿਆਹੀ ਨੂੰ ਲਿਆਉਣ ਲਈ ਊਠ/ਬੋਤੇ ਨੂੰ ਸ਼ਿੰਗਾਰ ਕੇ, ਹਾਰ ਹਮੇਲਾਂ ਪਾ ਕੇ ਲੈਣ ਜਾਂਦੇ ਸਨ। ਬੋਤੇ ਨੂੰ ਅੱਡੀ ਮਾਰ ਕੇ ਹਵਾ ਨਾਲ ਗੱਲਾਂ ਕਰਨ ਲਾ ਦਿੰਦੇ ਸਨ, ਜਿਸ ਕਰ ਕੇ ਫੁਲਕਾਰੀ ਉੱਡ ਉੱਡ ਪੈਂਦੀ ਹੁੰਦੀ ਸੀ–

ਮੇਰੀ ਉੱਡ ਉੱਡ ਜਾਏ ਫੁਲਕਾਰੀ,
ਬੋਤਾ ਹੌਲੀ ਤੋਰ ਮਿੱਤਰਾ!

ਭਾਬੀ ਵਲੋਂ ਦਿੱਤੀ ਫੁਲਕਾਰੀ ਨੂੰ ਨਣਦਾਂ ਬੜੀਆਂ ਸਾਂਭ ਸਾਂਭ ਕੇ ਰੱਖਦੀਆਂ ਹੁੰਦੀਆਂ ਸਨ। ਭਾਬੀ ਨੂੰ ਚਿਰ ਜਿਉਣ ਦੀਆਂ ਅਸੀਸਾਂ ਦਿੰਦੀਆਂ ਹੁੰਦੀਆਂ ਸਨ –

ਵੀਰ ਮੇਰੇ ਨੇ ਕੁੜਤੀ ਦਿੱਤੀ,
ਭਾਬੋ ਨੇ ਫੁਲਕਾਰੀ।
ਨੀ ਜੁੱਗ ਜੁੱਗ ਜੀ ਭਾਬੋ,
ਲਗੇਂ ਵੀਰ ਤੋਂ ਪਿਆਰੀ।

ਫੁਲਕਾਰੀਆਂ 'ਤੇ ਜਾਨਵਰਾਂ, ਫੁੱਲ ਬੂਟੇ ਤੇ ਹੋਰ ਕਈ ਕਿਸਮਾਂ ਦੇ ਡੀਜ਼ਾਈਨ ਆਦਿ ਦੀ ਕਢਾਈ ਕਰਨ ਦਾ ਰਿਵਾਜ ਸੀ ਜਿਸ ਦੀ ਫੁਲਕਾਰੀ 'ਤੇ ਕੂੰਜਾਂ ਦੀ ਡਾਰ ਦੀ ਕਢਾਈ ਕੀਤੀ ਹੁੰਦੀ ਸੀ, ਉਸ ਦਾ ਮੂੰਹ ਵੇਖਣ ਦੀ ਹਰ ਇਕ ਦੀ ਬੜੀ ਇੱਛਾ ਹੁੰਦੀ ਸੀ –

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਬਾਰੀ।
ਡਾਰ ਕੂੰਜਾਂ ਦੀ ਸੋਹਣੀ ਕੱਢੀ,
ਮੂੰਹ ਤੋਂ ਚੁੱਕ ਫੁਲਕਾਰੀ।



Academy of the Punjab in North America: http://www.apnaorg.com

ਜੇਕਰ ਵਹੁਟੀ ਸਰੀਰਕ ਪੱਖੋਂ ਨਾਜ਼ੁਕ ਹੁੰਦੀ ਸੀ, ਕਮਜ਼ੋਰ ਹੁੰਦੀ ਸੀ ਤਾਂ ਉਸ ਨੂੰ ਫੁਲਕਾਰੀ ਵੀ ਭਾਰੀ ਲਗਦੀ ਹੁੰਦੀ ਸੀ:

ਕੱਢਾਂ ਫੁਲਕਾਰੀ ਮਾਹੀ ਵੇ,
ਪਏ ਬਾਂਹ ਨੂੰ ਖੱਲੀ ਢੋਲਾ।
ਫੁਲਕਾਰੀ ਭਾਰੀ ਮਾਹੀ ਵੇ,
ਹੁਣ ਜਾਏ ਨਾ ਝੱਲੀ ਢੋਲਾ।

ਪਹਿਲੇ ਸਮਿਆਂ ਵਿਚ ਰਿਸ਼ਤੇ ਆਮ ਤੌਰ ’ਤੇ ਪੰਡਤ ਜਾਂ ਨਾਈ ਕਰਿਆ ਕਰਦੇ ਸਨ, ਜਿਸ ਕਰਕੇ ਕਈ ਵੇਰ ਨਰੜ ਰਿਸ਼ਤੇ ਵੀ ਬਣ ਜਾਂਦੇ ਸਨ। ਏਸ ਕਰ ਕੇ ਦੰਪਤੀ ਜੀਵਨ ਵਿਚ ਮਨ ਮੁਟਾਵ ਹੁੰਦਾ ਰਹਿੰਦਾ ਸੀ। ਕਈ ਵੇਰ ਫੁਲਕਾਰੀ ਨੂੰ ਰੁੱਸੇ ਕੰਤ ਨੂੰ ਮਨਾਉਣ ਲਈ ਵੀ ਵਰਤਿਆ ਜਾਂਦਾ ਸੀ–

ਕੋਠੇ ਦੀਏ ਕੜੀਏ ਨੀ,
ਤੈਨੂੰ ਚੱਕ ਬਨੇਰੇ ਧਰੀਏ।
ਰੁੱਸੇ ਹੋਏ ਮਾਲਕ ਦਾ,
ਕੀ ’ਲਾਜ਼ ਬਣਾਈਏ ਅੜੀਏ?
ਫੁਲਕਾਰਗੀ ਲਾਹ ਪੈਰਾਂ ਵਿਚ ਧਰੀਏ,
ਇਕ ਵਾਰੀ ਬੋਲੀਂ ਵੇ,
ਫੇਰ ਕਦੇ ਨਾ ਲੜੀਏ।

ਛੋਟਾ ਦਿਉਰ ਹਮੇਸ਼ਾ ਭਰਜਾਈਆਂ ਦਾ ਲਾਡਲਾ ਰਿਹਾ ਹੈ। ਭਰਜਾਈ ਦੇ ਹਰ ਦੁੱਖ ਸੁੱਖ ਦਾ ਸੀਰੀ ਬਣਦਾ ਹੁੰਦਾ ਸੀ। ਜਿਸ ਘਰ ਛੋਟਾ ਦਿਉਰ ਨਹੀਂ ਹੁੰਦਾ ਸੀ, ਉਸ ਭਰਜਾਈ ਨੂੰ ਆਪਣੀ ਫੁਲਕਾਰੀ ਸਾਂਭਣ ਦਾ ਹੀ ਫ਼ਿਕਰ ਲੱਗਿਆ ਰਹਿੰਦਾ ਸੀ –

ਮੇਰੀ ਕੌਣ ਚੁੱਕੂ ਫੁਲਕਾਰੀ?
ਛੋਟੇ ਦਿਉਰ ਬਿਨਾਂ।

ਜਿਸ ਦਾ ਪਤੀ ਪ੍ਰਦੇਸ ਗਿਆ ਹੁੰਦਾ ਸੀ, ਉਹ ਔਖੀ ਹੋਈ ਇੱਥੋਂ ਤਕ ਕਹਿ ਦਿੰਦੀ ਸੀ ਕਿ ਵਿਆਹੀ ਨਾਲੋਂ ਜੇ ਕੁਆਰੀ ਰਹਿੰਦੀ ਤਾਂ ਚੰਗੀ ਸੀ–

ਉੱਤੇ ਫੁਲਕਾਰੀ, ਮੈਂ ਰਹਿੰਦੀ ਕੁਆਰੀ,
ਸੱਸੂ ਪੁੱਤ ਪਰਦੇਸਾਂ ਨੂੰ ਤੋਰਿਆ ਈ।

ਸੱਸ ਦੀ ਔਖੀ ਕੀਤੀ ਕਈ ਵੇਰ ਉਹ ਸਹੁਰੇ ਨੂੰ ਵੀ ਪਲੇਥਣ ਲਾ ਦਿੰਦੀ ਸੀ–

ਸੱਸ ਮੇਰੀ ਦੇ ਮਾਤਾ ਨਿਕਲੀ,



ਨਿਕਲੀ ਡਾਲੀ ਡਾਲੀ।
ਸਹੁਰਾ ਮੇਰਾ ਪੂਜਣ ਲੱਗਾ,
ਲੈ ਕੇ ਲਾਲ ਫੁਲਕਾਰੀ।
ਜੋਤ ਜਗਾਉਂਦੇ ਨੇ,
ਦਾਹੜੀ ਫੂਕ ਲਈ ਸਾਰੀ।

ਅੱਜ ਦੀ ਮੁਟਿਆਰ ਫੁਲਕਾਰੀ, ਬਾਗ਼ ਨੂੰ ਪਸੰਦ ਨਹੀਂ ਕਰਦੀ। ਉਹ ਅੱਜ ਦੇ ਮਾਡਰਨ ਯੁੱਗ ਵਿਚ ਮਾਡਰਨ ਬਣਨਾ ਚਾਹੁੰਦੀ ਹੈ–

ਲੋਕੀਂ ਪਹਿਨਦੇ ਵਲਾਇਤੀ ਟੋਟੇ,
ਮੈਂ ਫੂਕਾਂ ਫੁਲਕਾਰੀ ਨੂੰ।
x x x
ਘੱਗਰੇ ਵੀ ਗਏ,
ਫੁਲਕਾਰੀਆਂ ਵੀ ਗਈਆਂ,
ਹੁਣ ਚੱਲ ਪਏ ਅੰਗਰੇਜ਼ੀ ਬਾਣੇ।

ਹੁਣ ਨਾ ਪਿੰਡਾਂ ਵਿਚ ਅਤੇ ਨਾ ਹੀ ਸ਼ਹਿਰਾਂ ਵਿਚ ਕੋਈ ਫੁਲਕਾਰੀਆਂ, ਬਾਗ਼ ਕੱਢਦਾ ਹੈ। ਫੁਲਕਾਰੀਆਂ ਤੇ ਬਾਗ ਹੁਣ ਅਜਾਇਬ ਘਰਾਂ ਦੀ ਵਸਤ ਬਣ ਗਏ ਹਨ। ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਪੁਰਾਣੇ ਅਜਾਇਬ ਘਰ ਵਿਚ ਫੁਲਕਾਰੀਆਂ ਤੇ ਬਾਗ਼ਾਂ ਨੂੰ ਬੜੇ ਸੁਚੱਜੇ ਢੰਗ ਨਾਲ ਸਾਂਭਣ ਦਾ ਯਤਨ ਕੀਤਾ ਗਿਆ ਹੈ। ਫੁਲਕਾਰੀਆਂ ਤੇ ਬਾਗ ਹੁਣ ਸਾਡੇ ਸਭਿਆਚਾਰ ਅਤੇ ਵਿਰਸੇ ਵਿਚੋਂ ਅਲੋਪ ਹੋ ਗਏ ਹਨ।

0

## ਸੱਗੀ ਫੁੱਲ

ਆਪਣੇ ਆਪ ਨੂੰ ਬਣਾ ਸੰਵਾਰ ਕੇ ਰੱਖਣਾ, ਦੂਸਰਿਆਂ ਦੀਆਂ ਨਜ਼ਰਾਂ ਵਿਚ ਚੰਗਾ ਲੱਗਣਾ ਹਰ ਪ੍ਰਾਣੀ ਦੀ ਦਿਲੀ ਇੱਛਾ ਹੁੰਦੀ ਹੈ। ਹਰ ਯੁੱਗ ਵਿਚ ਸ਼ਿੰਗਾਰ ਕਰਨ ਲਈ ਗਹਿਣਿਆਂ ਦਾ ਯੋਗਦਾਨ ਰਿਹਾ ਹੈ। ਜਦ ਪੱਥਰ ਯੁੱਗ ਸੀ, ਉਸ ਸਮੇਂ ਲੋਕ ਪੱਥਰਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਪਹਿਨੇ ਕੇ ਆਪਣੇ ਆਪ ਨੂੰ ਸਜਾਉਂਦੇ ਸਨ। ਜਿਵੇਂ ਜਿਵੇਂ ਮਨੁੱਖੀ ਸੂਝ ਤਰੱਕੀ ਕਰਦੀ ਗਈ, ਆਪਣੇ ਆਪ ਨੂੰ ਸਜਾ ਕੇ ਰੱਖਣ ਦੀ ਇੱਛਾ ਵੀ ਪ੍ਰਬਲ ਹੁੰਦੀ ਗਈ। ਪੁਰਸ਼ਾਂ ਨਾਲੋਂ ਇਸਤ੍ਰੀਆਂ ਵਿਚ ਆਪਣੇ ਆਪ ਨੂੰ ਸ਼ਿੰਗਾਰ ਕੇ ਰੱਖਣ ਦੀ ਵੱਧ ਇੱਛਾ ਹੈ। ਸ਼ਿੰਗਾਰ ਕਰਨ ਵਿਚ ਗਹਿਣਿਆਂ ਦਾ ਅਹਿਮ ਸਥਾਨ ਹੈ। ਜੇਕਰ ਕਿਸੇ ਕੋਲ ਸਿਹਤ ਹੋਵੇ, ਕੱਦ ਕਾਠ ਹੋਵੇ, ਰੰਗ ਰੂਪ ਹੋਵੇ, ਉਸ ਦੇ ਪਾਏ ਗਹਿਣੇ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੇ ਹਨ।



Academy of the Punjab in North America: http://www.apnaorg.com



ਪਹਿਲੇ ਸਮਿਆਂ ਵਿਚ ਕੁਆਰੀਆਂ ਕੁੜੀਆਂ ਨੂੰ ਆਪਣੇ ਮਾਪਿਆਂ ਦੇ ਘਰ ਹਾਰ ਸ਼ਿੰਗਾਰ ਕਰਨਾ ਬਿਲਕੁਲ ਹੀ ਵਰਜਿਤ ਹੁੰਦਾ ਸੀ। ਅੱਖਾਂ ਵਿਚ ਸੁਰਮਾ ਵੀ ਨਹੀਂ ਪਾ ਸਕਦੀਆਂ ਸਨ। ਜੇਕਰ ਕੋਈ ਲੁਕ ਛਿਪ ਕੇ ਸੁਰਮਾ ਪਾ ਵੀ ਲੈਂਦੀ ਸੀ, ਜਦ ਉਸ ਦਾ ਘਰ ਵਾਲਿਆਂ ਨੂੰ ਪਤਾ ਲੱਗ ਜਾਂਦਾ ਸੀ ਤਾਂ ਉਸ ਨੂੰ ਆਪਣੇ ਆਪ ਨੂੰ ਬਚਾਉਣ ਖ਼ਾਤਰ ਕਿਸੇ ਨਾ ਕਿਸੇ ਪੱਜ ਰਾਹੀਂ ਸੁਰਮੇ ਨੂੰ ਛੁਪਾਉਣਾ ਪੈਂਦਾ ਸੀ –

ਖਿੜਕੀ ਉਹਲੇ ਸੁਰਮਾ ਪਾਇਆ,
ਉਤੋਂ ਆ ਗਿਆ ਤਾਇਆ।
ਰੋ ਰੋ ਕੱਢ ਸੁੱਟਿਆ,
ਜਿਹੜਾ ਸ਼ੌਕ ਦਾ ਪਾਇਆ।

ਕੁੜੀਆਂ ਵਿਆਹ ਹੋਣ ਤੋਂ ਬਾਅਦ ਸਹੁਰੇ ਘਰ ਹੀ ਸ਼ਿੰਗਾਰ ਕਰ ਸਕਦੀਆਂ ਸਨ। ਉਨ੍ਹਾਂ ਸਮਿਆਂ ਵਿਚ ਲੋਕਾਂ ਦੀ ਆਰਥਿਕ ਹਾਲਤ ਮਾੜੀ ਹੁੰਦੀ ਸੀ। ਏਸ ਲਈ ਸਾਰੇ ਰਿਸ਼ਤੇਦਾਰ ਮਿਲ ਕੇ ਵਿਆਹ ਕਰਦੇ ਹੁੰਦੇ ਸਨ। ਹਰ ਰਿਸ਼ਤੇਦਾਰ ਕੋਈ ਨਾ ਕੋਈ ਗਹਿਣਾ ਪਾਉਂਦਾ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਵਿਆਹ ਵਿਚ ਸੱਗੀ ਫੁੱਲ ਪਾਉਣੇ ਜ਼ਰੂਰੀ ਹੁੰਦੇ ਸਨ –

ਸੱਗੀ ਫੁੱਲ ਭੂਆ ਲਿਆਊਗੀ,
ਟਿੱਕਾ ਲਿਆਉਣਗੇ ਜੰਗੀਰੋ ਤੇਰੇ ਨਾਨਕੇ।

ਸੱਗੀ ਫੁੱਲ ਸਿਰ ਤੇ ਪਾਉਣ ਵਾਲਾ ਗਹਿਣਾ ਹੁੰਦਾ ਸੀ–

ਥੜਿਆਂ ਬਾਝ ਨਾ ਪਿੱਪਲ ਸੋਂਹਦੇ,
ਫੁੱਲਾਂ ਬਾਝ ਫੁਲਾਹੀਆਂ।
ਸੱਗੀ ਫੁੱਲ ਸਿਰਾਂ ਨੂੰ ਸੋਂਹਦੇ,



ਪੈਰੀਂ ਝਾਂਜਰਾਂ ਪਾਈਆਂ।
ਸੂਬੇਦਾਰਨੀਆਂ, ਨੱਚਣ ਗਿੱਧੇ ਵਿਚ ਆਈਆਂ।

ਗਹਿਣੇ ਤਾਂ ਉਨ੍ਹਾਂ ਸਮਿਆਂ ਵਿਚ ਹੋਰ ਵੀ ਪਾਏ ਜਾਂਦੇ ਸਨ, ਪਰ ਸੱਗੀ ਫੁੱਲ ਸੁਹਾਗੀ ਤੇ ਸਰਦਾਰੀ ਗਹਿਣਾ ਮੰਨਿਆ ਜਾਂਦਾ ਸੀ–

ਸੱਗੀ ਫੁੱਲ ਸੁਹਾਗੀ ਗਹਿਣਾ,
ਚੰਦ, ਚੌਕ ਜੱਟੀਆਂ ਦੇ।

ਉਹਨਾਂ ਸਮਿਆਂ ਵਿਚ ਵਹੁਟੀਆਂ ਘੁੰਡ ਕੱਢਦੀਆਂ ਹੁੰਦੀਆਂ ਸਨ। ਨਵੀਂ ਵਿਆਹੀ ਵਹੁਟੀ ਨੂੰ ਰੱਥ ਵਿਚੋਂ ਲਾਹ ਕੇ ਜ਼ਰੂਰੀ ਸ਼ਗਨ ਤੋਂ ਬਾਅਦ ਪੀੜ੍ਹੀ ਉਪਰ ਬਿਠਾ ਦਿੱਤਾ ਜਾਂਦਾ ਸੀ। ਫੇਰ ਵਿਆਹ ਵਿਚ ਆਈਆਂ ਮੇਲਣਾਂ, ਸ਼ਰੀਕੇ ਵਾਲੀਆਂ ਤੇ ਪਿੰਡ ਵਾਲੀਆਂ ਜਨਾਨੀਆਂ ਵਹੁਟੀ ਦਾ ਘੁੰਡ ਚੁੱਕ ਕੇ ਮੂੰਹ ਵੇਖਦੀਆਂ ਹੁੰਦੀਆਂ ਸਨ–

ਰਾਜ ਦੁਆਰੇ ਬਹਿ ਗਈ ਰਾਜੋ,
ਰੱਤਾ ਪੀੜ੍ਹਾ ਡਾਹ ਕੇ।
ਕਿਉੜਾ ਛਿੜਕਿਆ ਆਸੇ ਪਾਸੇ,
ਅਤਰ ਫਲੇਲ ਰਲਾ ਕੇ।
ਸੱਗੀ ਫੁੱਲ, ਬਘਿਆੜੀ ਸੋਂਹਦੇ,
ਮੱਥੇ ਬਿੰਦੀ ਚਮਕਾ ਕੇ।
ਨਵੀਂ ਵਿਆਹੀ ਨੂੰ,
ਸਭ ਵੇਖਣ ਘੁੰਡ ਚੁਕਾ ਕੇ।

ਕਈਆਂ ਦੀ ਆਰਥਿਕ ਹਾਲਤ ਮਾੜੀ ਹੁੰਦੀ ਸੀ। ਏਸ ਲਈ ਵਿਆਹ ਵਿਚ ਕਈ ਵੇਰ ਸੱਗੀ ਪਾ ਕੇ ਹੀ ਕੰਮ ਸਾਰ ਦਿੱਤਾ ਜਾਂਦਾ ਸੀ। ਪਰ ਸੱਗੀ ਦੇ ਨਾਲ ਜਿੰਨਾ ਚਿਰ ਫੁੱਲ ਨਹੀਂ ਪਾਏ ਜਾਂਦੇ ਸਨ, ਸੱਗੀ ਦੀ ਉਹ ਸਜਾਵਟ ਨਹੀਂ ਰਹਿੰਦੀ ਸੀ। ਇਸ ਲਈ ਕਈ ਵੇਰ ਨਵੀਂ ਵਿਆਹੀ ਵਹੁਟੀ ਆਪਣੇ ਪਤੀ ਤੋਂ ਫੁੱਲਾਂ ਦੀ ਮੰਗ ਵੀ ਕਰਦੀ ਹੁੰਦੀ ਸੀ–

ਸੱਗੀ ਤਾਂ ਮੇਰੇ ਮਾਪਿਆਂ ਕਰਾਈ,
ਤੂੰ ਮੈਨੂੰ ਫੁੱਲ ਕਰਾ ਦੇ।

ਕਈ ਪਰਿਵਾਰਾਂ ਦੀ ਆਰਥਿਕ ਹਾਲਤ ਏਨੀ ਮਾੜੀ ਹੁੰਦੀ ਸੀ ਕਿ ਉਹ ਵਿਆਹ ਵਿਚ ਆਪਣੀ ਧੀ ਨੂੰ ਸੱਗੀ ਵੀ ਨਹੀਂ ਦੇ ਸਕਦੇ ਸਨ। ਏਸੇ ਲਈ ਵਿਆਹ ਪਿਛੋਂ ਵਹੁਟੀ ਆਪਣੇ ਪਤੀ ਤੋਂ ਸੱਗੀ ਬਣਵਾਉਣ ਦੀ ਇੱਛਾ ਕਰਦੀ ਹੁੰਦੀ ਸੀ–

ਜੇ ਮੁੰਡਿਆ ਤੂੰ ਕੈਂਠਾ ਵੇ ਕਰਾਉਣਾ,



Academy of the Punjab in North America: http://www.apnaorg.com

ਮੈਨੂੰ ਵੀ ਕਰਾ ਦੇ ਸੱਗੀ ਮੁੰਡਿਆ,
ਤੇਰੇ ਮਗਰ ਫਿਰੂੰਗੀ ਭੱਜੀ ਮੁੰਡਿਆ।
x x x
ਮੈਨੂੰ ਸੱਗੀ ਕਰਾ ਦੇ ਵੇ,
ਸਹੁਰੇ ਦਿਆ ਜਾਇਆ।

ਗਹਿਣਿਆਂ ਦੀ ਲੜਾਈ ਸਬੰਧੀ ਇਕ ਲੰਮਾ ਸਾਰਾ ਲੋਕ ਗੀਤ ਹੈ, ਜਿਸ ਵਿਚ ਗਹਿਣਿਆਂ ਦੇ ਝਗੜੇ ਸਬੰਧੀ ਵਹੁਟੀ ਦੀ ਗੁੱਤ ਤੇ ਕਚਹਿਰੀ ਲੱਗਦੀ ਹੈ। ਏਸ ਝਗੜੇ ਦੇ ਫ਼ੈਸਲੇ ਲਈ ਸੱਗੀ ਫੁੱਲਾਂ ਨੂੰ ਸ਼ੈਸ਼ਨ ਜੱਜ ਦੀ ਉਪਾਧੀ ਦਿੱਤੀ ਗਈ ਹੈ, ਜੋ ਇਹ ਸਿੱਧ ਕਰਦੀ ਹੈ ਕਿ ਸਾਰੇ ਗਹਿਣਿਆਂ ਵਿਚੋਂ ਸਭ ਤੋਂ ਜ਼ਿਆਦਾ ਮਹੱਤਤਾ ਸੱਗੀ ਫੁੱਲਾਂ ਦੀ ਹੁੰਦੀ ਸੀ –

ਤੇਰੀ ਗੁੱਤ ਤੇ ਕਚਹਿਰੀ ਲੱਗਦੀ,
ਦੂਰੋਂ ਦੂਰੋਂ ਆਉਣ ਝਗੜੇ।
ਸੱਗੀ ਫੁੱਲ ਨੇ ਸ਼ੈਸ਼ਨ ਜੱਜ ਤੇਰੇ,
ਕੈਂਠਾ ਤੇਰਾ ਮੋਹਤਮ ਹੈ।
ਨੱਥ ਮੱਛਲੀ, ਮੇਖ ਤੇ ਕੋਕਾ,
ਇਹ ਨੇ ਸਾਰੇ ਛੋਟੇ ਮਹਿਕਮੇ।
x x x

ਸੱਗੀ ਦੀ ਸ਼ਕਲ ਮੂਧੀ ਮਾਰੀ ਠੂਠੀ ਵਰਗੀ ਹੁੰਦੀ ਸੀ। ਏਸ ਦੇ ਉਪਰ ਇਕ ਨਿੱਕੀ ਜਿਹੀ ਲੁੰਬੀ ਲੱਗੀ ਹੁੰਦੀ ਸੀ ਜਿਸ ਵਿਚ ਨਗ ਜੜਿਆ ਹੁੰਦਾ ਸੀ। ਸੱਗੀ ਦਾ ਅੰਦਰਲਾ ਹਿੱਸਾ ਚਾਂਦੀ ਦਾ ਹੁੰਦਾ ਸੀ। ਏਸ ਅੰਦਰਲੇ ਚਾਂਦੀ ਦੇ ਹਿੱਸੇ ਉਪਰ ਲਾਖ ਲਾ ਕੇ ਸੋਨੇ ਦੀ ਮੀਨਾਕਾਰੀ ਕਰਕੇ ਪੱਤਰਾ ਲਾਇਆ ਹੁੰਦਾ ਸੀ। ਸੱਗੀ ਦੇ ਅੰਦਰਲੇ ਪਾਸੇ ਕੁੰਡਾ ਲੱਗਿਆ ਹੁੰਦਾ ਸੀ। ਏਸ ਕੁੰਡੇ ਵਿਚੋਂ ਦੀ ਹੀ ਪਰਾਂਦਾ ਲੰਘਾ ਕੇ ਮੀਢੀਆਂ ਵਿਚ ਸੱਗੀ ਗੁੰਦੀ ਜਾਂਦੀ ਸੀ। ਸੱਗੀ ਦੇ ਆਸੇ ਪਾਸੇ ਸੱਗੀ ਦੀ ਸ਼ਕਲ ਦੇ ਹੀ ਦੋ ਫੁੱਲ, ਜਿਨ੍ਹਾਂ ਦਾ ਆਕਾਰ ਸੱਗੀ ਨਾਲੋਂ ਛੋਟਾ ਹੁੰਦਾ ਸੀ, ਪਾਏ ਜਾਂਦੇ ਸਨ। ਇਹ ਫੁੱਲ ਵੀ ਸੱਗੀ ਦੀ ਤਰ੍ਹਾਂ ਹੀ ਬਣਦੇ ਸਨ। ਸੱਗੀ ਦੀ ਤਰ੍ਹਾਂ ਹੀ ਮੀਢੀਆਂ ਵਿਚ ਗੁੰਦੇ ਜਾਂਦੇ ਸਨ। ਸਭ ਤੋਂ ਮਸ਼ਹੂਰ ਪਰਾਂਦੇ ਪਟਿਆਲੇ ਦੇ ਮੰਨੇ ਜਾਂਦੇ ਸਨ। ਦੂਜੇ ਨੰਬਰ ਤੇ ਅੰਮ੍ਰਿਤਸਰ ਦੇ ਆਉਂਦੇ ਸਨ।

ਹੁਣ ਬਹੁਤੀਆਂ ਲੜਕੀਆਂ ਪੜ੍ਹਦੀਆਂ ਹਨ। ਵਿਦਿਆ ਦੇ ਪਾਸਾਰ ਨੇ ਲੜਕੀਆਂ ਵਿਚ ਗਹਿਣਿਆਂ ਪ੍ਰਤੀ ਪਹਿਲਾਂ ਜਿਹੀ ਖਿੱਚ ਨਹੀਂ ਰਹਿਣ ਦਿੱਤੀ। ਹੁਣ ਵਿਆਹਾਂ/ਦਾਜ ਵਿਚ ਸੱਗੀ ਫੁੱਲਾਂ ਦਾ ਗਹਿਣਾ ਨਹੀਂ ਦਿੱਤਾ ਜਾਂਦਾ। ਹੁਣ ਵਿਆਹਾਂ



ਵਿਚ ਲੜਕੀਆਂ ਨੂੰ ਗਹਿਣਿਆਂ ਦੇ ਨਾਲ ਨਾਲ ਜਿਸਮਾਨੀ ਤੌਰ ਤੇ ਸ਼ਿੰਗਾਰ ਕਰਨ ਵੱਲ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ। ਬੜੇ ਬੜੇ ਸ਼ਹਿਰਾਂ ਤੋਂ ਲੈ ਕੇ ਛੋਟੇ ਛੋਟੇ ਕਸਬਿਆਂ ਵਿਚ ਵੀ ਬਿਊਟੀ ਪਾਰਲਰ ਖੁਲ੍ਹੇ ਹੋਏ ਹਨ, ਜਿਹੜੇ ਸ਼ਿੰਗਾਰ ਕਰਨ ਦੇ ਹਜ਼ਾਰਾਂ ਰੁਪੈ ਲੈਂਦੇ ਹਨ। ਹੁਣ ਸੱਗੀ ਫੁੱਲ ਤਾਂ ਸਟੇਜ ਤੇ ਗਿੱਧਾ ਪਾਉਣ ਵਾਲੀਆਂ ਜਾਂ ਕੋਈ ਹੋਰ ਫੰਕਸ਼ਨ ਕਰਨ ਵਾਲੀਆਂ ਕੁੜੀਆਂ ਦੇ ਪਾਏ ਹੀ ਨਜ਼ਰ ਆਉਂਦੇ ਹਨ। ਫੇਰ ਸੱਗੀਆ ਦੀ ਥਾਂ ਜਲੇਬੀ ਜੂੜਿਆਂ ਨੇ ਲੈ ਲਈ।

ਆਉਂਦੀ ਕੁੜੀਏ, ਸੱਚ ਦੇ ਬਚਨ ਹੁੰਦੇ ਗੂੜੇ,
ਬਈ ਸੱਗੀਆਂ ਨਿਲਾਮ ਹੋ ਗਈਆਂ,
ਹੁਣ ਚੱਲ ਪਏ ਜਲੇਬੀ ਜੂੜੇ।
x x x x
ਨਵੇਂ ਫੈਸ਼ਨ ਦੀ ਕੁੜਤੀ ਪਾ ਕੇ,
ਮੂੰਹ ਤੇ ਭੁੱਕਿਆ ਧੂੜਾ।
ਚੱਕੀ ਦੇ ਪੁੜ ਵਰਗਾ,
ਚੱਲ ਪਿਆ ਜਲੇਬੀ ਜੂੜਾ।

ਹੁਣ ਵਹੁਟੀ ਦੇ ਗਹਿਣਿਆਂ ਵਿਚੋਂ ਸੱਗੀ ਫੁੱਲ ਬਿਲਕੁਲ ਹੀ ਅਲੋਪ ਹੋ ਗਏ ਹਨ।

0

## ਘੁੰਡ ਕੱਢਣਾ

ਕੱਪੜੇ ਨਾਲ ਮੂੰਹ ਢੱਕਣ ਨੂੰ ਘੁੰਡ ਕੱਢਣਾ ਕਿਹਾ ਜਾਂਦਾ ਹੈ। ਘੁੰਡ ਸਹੁਰੇ ਘਰ ਕੱਢਿਆ ਜਾਂਦਾ ਸੀ–

ਵਸਣਾ ਸਹੁਰਿਆਂ ਦਾ,
ਘੁੰਡ ਕੱਢ ਕੇ ਮੜਕ ਨਾਲ ਤੁਰਨਾ।

ਘੁੰਡ ਕੱਢਣ ਦਾ ਰਿਵਾਜ ਕਿਵੇਂ ਸ਼ੁਰੂ ਹੋਇਆ, ਕਿਉਂ ਸ਼ੁਰੂ ਹੋਇਆ, ਕਦ ਸ਼ੁਰੂ ਹੋਇਆ, ਇਹ ਇਕ ਵੱਖਰੀ ਖੋਜ ਦਾ ਵਿਸ਼ਾ ਹੈ। ਘੁੰਡ ਦੀਆਂ ਤਿੰਨ ਕਿਸਮਾਂ ਮੰਨੀਆਂ ਗਈਆਂ ਹਨ। ਪੂਰਾ ਘੁੰਡ, ਅੱਧਾ ਘੁੰਡ ਤੇ ਕਾਣਾ ਕੁੰਡ। ਪੂਰਾ ਘੁੰਡ ਉਸ ਘੁੰਡ ਨੂੰ ਕਹਿੰਦੇ ਸਨ ਜਿਹੜਾ ਘੁੰਡ ਮੂੰਹ ਤੋਂ ਸ਼ੁਰੂ ਹੋ ਕੇ ਹਿੱਤ ਤੱਕ ਕੱਢਿਆ ਜਾਂਦਾ ਸੀ। ਅੱਧਾ ਘੁੰਡ ਉਹ ਘੁੰਡ ਹੁੰਦਾ ਸੀ, ਜਿਹੜਾ ਘੁੰਡ ਮੂੰਹ ਤੋਂ ਲੈ ਕੇ ਗਲ ਤੱਕ ਕੱਢਿਆ ਜਾਂਦਾ ਸੀ। ਕਾਣਾ ਘੁੰਡ ਉਸ ਘੁੰਡ ਨੂੰ ਕਹਿੰਦੇ ਸਨ, ਜਿਹੜਾ ਘੁੰਡ ਮੂੰਹ ਦੇ ਸਿਰਫ਼ ਉਸ ਪਾਸੇ ਵੱਲ ਕੱਢਿਆ ਜਾਂਦਾ ਸੀ, ਜਿਸ ਪਾਸੇ ਵੱਲੋਂ ਕੋਈ ਘੁੰਡ ਕੱਢਣ ਵਾਲਾ ਪੁਰਸ਼ ਆਉਂਦਾ ਹੁੰਦਾ ਸੀ। ਮੂੰਹ ਦਾ ਦੂਸਰਾ ਹਿੱਸਾ ਨੰਗਾ ਰਹਿੰਦਾ ਸੀ।



Academy of the Punjab in North America: http://www.apnaorg.com



ਮੁਸਲਮਾਨਾਂ ਵਿਚ ਘੁੰਡ ਦੀ ਥਾਂ ਬੁਰਕਾ ਪਹਿਨਣ ਦਾ ਰਿਵਾਜ ਹੈ। ਜਿਥੇ ਦੂਜੀਆਂ ਸਾਰੀਆਂ ਜਾਤੀਆਂ ਵਿਚ ਘੁੰਡ ਵਿਆਹ ਤੋਂ ਬਾਅਦ ਸਹੁਰੇ ਘਰ ਜਾ ਕੇ ਕੱਢਿਆ ਜਾਂਦਾ ਸੀ, ਉਥੇ ਮੁਸਲਮਾਨ ਜਾਤੀ ਵਿਚ ਬੁਰਕਾ ਹਰ ਲੜਕੀ ਚਾਹੇ ਉਹ ਕੁਆਰੀ ਹੈ, ਚਾਹੇ ਵਿਆਹੀ ਹੋਈ ਹੈ, ਪਹਿਨਦੀ ਹੈ। ਬੁਰਕੇ ਤੇ ਘੁੰਡ ਨਾਲ ਸਬੰਧਤ ਅਖਾਣ ਵੀ ਸਾਨੂੰ ਮਿਲਦੇ ਹਨ-

ਘੁੰਡ ਵਿਚ ਲਹਿਰ ਬਹਿਰ,
ਬੁਰਕੇ ਵਿਚ ਸਾਰਾ ਸ਼ਹਿਰ।

ਇਹ ਅਖਾਣ ਉਸ ਸਮੇਂ ਵਰਤਿਆ ਜਾਂਦਾ ਹੈ ਜਦ ਇਹ ਦੱਸਣਾ ਹੋਵੇ ਕਿ ਥੋੜੇ ਪਰਦੇ ਵਿਚ ਥੋੜ੍ਹੀ ਬਦਮਾਸ਼ੀ ਕੀਤੀ ਜਾ ਸਕਦੀ ਹੈ ਅਤੇ ਬਹੁਤੇ ਪਰਦੇ ਵਿਚ ਬਹੁਤੀ ਬਦਮਾਸ਼ੀ ਹੁੰਦੀ ਹੈ।

ਪਹਿਲੇ ਸਮਿਆਂ ਵਿਚ ਪਿੰਡ ਦੀਆਂ ਧੀਆਂ ਅਤੇ ਬਹੁਆਂ ਦੀ ਪਛਾਣ ਘੁੰਡ ਤੋਂ ਹੁੰਦੀ ਸੀ। ਬਹੁਆਂ ਚਾਹੇ ਬੁੜੀਆਂ ਹੋ ਜਾਂਦੀਆਂ ਸਨ ਤਾਂ ਵੀ ਘੁੰਡ ਕੱਢਦੀਆਂ ਸਨ। ਵਿਆਹ ਸਮੇਂ ਲੜਕੀ ਜਦ ਫੇਰਿਆਂ/ਅਨੰਦ ਕਾਰਜ ਦੀ ਰਸਮ ਤੇ ਬੈਠਦੀ ਸੀ, ਉਸ ਸਮੇਂ ਘੁੰਡ ਕੱਢਿਆ ਜਾਂਦਾ ਸੀ। ਵਿਆਹ ਉਪਰੰਤ ਜਦ ਲੜਕੀ ਨੂੰ ਡੋਲੀ, ਰਥ ਵਿਚ ਬਿਠਾਇਆ ਜਾਂਦਾ ਸੀ, ਉਸ ਸਮੇਂ ਵੀ ਲੜਕੀ ਘੁੰਡ ਕੱਢ ਕੇ ਬੈਠਦੀ ਸੀ। ਵਹੁਟੀ ਨੂੰ ਡੋਲੀ, ਰਥ ਵਿਚੋਂ ਉਤਾਰ ਕੇ ਜਦ ਸਹੁਰੇ ਘਰ ਅੰਦਰ ਲੈ ਕੇ ਆਉਂਦੇ ਸਨ, ਚੌਂਕੀ ਚੜ੍ਹਾਉਂਦੇ ਸਨ, ਪਾਣੀ ਵਾਰ ਕੇ ਪੀਤਾ ਜਾਂਦਾ ਸੀ, ਉਸ ਸਮੇਂ ਵੀ ਘੁੰਡ ਕੱਢਿਆ ਹੁੰਦਾ ਸੀ। ਵਹੁਟੀ ਨੂੰ ਚੌਂਕੀ ਤੋਂ ਉਤਾਰ ਕੇ ਜਦ ਪੀੜ੍ਹੇ ਤੇ ਬਿਠਾਇਆ ਜਾਂਦਾ ਸੀ,



ਉਸ ਸਮੇਂ ਵੀ ਘੁੰਡ ਕੱਢਿਆ ਜਾਂਦਾ ਸੀ। ਪਰਿਵਾਰ ਦੇ ਮੈਂਬਰ, ਰਿਸ਼ਤੇਦਾਰ, ਸ਼ਰੀਕੇ ਵਾਲੇ ਸ਼ਗਨ ਦੇ ਕੇ ਵਹੁਟੀ ਦਾ ਘੁੰਡ ਚੱਕ ਕੇ ਮੂੰਹ ਵੇਖਦੇ ਹੁੰਦੇ ਸਨ। ਵਹੁਟੀ ਗੋਰੀ ਹੈ, ਕਾਲੀ ਹੈ, ਲੰਮੀ ਹੈ, ਮਧਰੀ ਹੈ, ਉਮਰ ਦੀ ਛੋਟੀ ਹੈ, ਬੜੀ ਹੈ, ਨੈਣ ਨਕਸ਼ ਤਿੱਖੇ ਹਨ, ਮਿੱਡੇ ਹਨ, ਦਾ ਪਤਾ ਪਹਿਲੀ ਵੇਰ ਘੁੰਡ ਚੁੱਕਣ ਤੋਂ ਹੀ ਲੱਗਦਾ ਹੁੰਦਾ ਸੀ-

ਨਵੀਂ ਬਹੂ ਮੁਕਲਾਵੇ ਆਈ,
ਬਹਿ ਗਈ ਪੀੜ੍ਹਾ ਡਾਹ ਕੇ।
ਲਹਿੰਗਾ ਜਾਮਣੀ, ਕੁੜਤੀ ਵਰੀ ਦੀ,
ਬਹਿ ਗਈ ਚੌਂਕ ਚੰਦ ਲਾ ਕੇ।
ਪਿੰਡ ਦੀਆਂ ਕੁੜੀਆਂ ਚਾਵਾਂ ਮੱਤੀਆਂ,
ਆਈਆਂ ਹੁੰਮ ਹੁਮਾ ਕੇ।
ਨਵੀਂ ਵਿਆਹੁਲੀ ਦਾ,
ਨਾਂ ਪੁੱਛਣ ਘੁੰਡ ਚੁਕਾ ਕੇ।

ਪਹਿਲੇ ਸਮਿਆਂ ਵਿਚ ਵਿਆਹ ਛੋਟੀ ਉਮਰ ਵਿਚ ਕਰ ਦਿੱਤੇ ਜਾਂਦੇ ਸਨ। ਮੁੰਡੇ ਕੁੜੀ ਦੇ ਜੁਆਨ ਹੋਣ ਤੇ ਮੁਕਲਾਵਾ ਦਿੱਤਾ ਜਾਂਦਾ ਸੀ। ਬਹੁਆਂ ਜਦ ਘਰ ਦੀ ਦੇਹਲੀ ਤੋਂ ਬਾਹਰ ਪੈਰ ਰੱਖਦੀਆਂ ਸਨ ਤਾਂ ਘੁੰਡ ਕੱਢ ਕੇ ਨਿਕਲਦੀਆਂ ਸਨ। ਜਦ ਵਾਪਸ ਘਰ ਅੰਦਰ ਪੈਰ ਰੱਖਦੀਆਂ ਸਨ, ਉਸ ਸਮੇਂ ਹੀ ਘੁੰਡ ਚੁੱਕਦੀਆਂ ਸਨ। ਘੁੰਡ ਕੱਢਣ ਦੀ ਐਨੀ ਤਕੜਾਈ ਹੁੰਦੀ ਸੀ ਕਿ ਸਾਧੂਆਂ ਨੂੰ ਖ਼ੈਰ ਵੀ ਘੁੰਡ ਕੱਢ ਕੇ ਪਾਈ ਜਾਂਦੀ ਸੀ। ਚਾਹੇ ਸਾਧੂਆਂ ਨੂੰ ਉਨ੍ਹਾਂ ਸਮਿਆਂ ਵਿਚ ਰੱਬ ਦਾ ਰੂਪ ਸਮਝਿਆ ਜਾਂਦਾ ਸੀ। ਜੁਆਨੀ ਦੀ ਸਿਖਰ ਦੁਪਹਿਰ, ਗੋਰਾ ਰੰਗ ਤੇ ਹੁਸਨ ਦੀ ਤਾਬ ਵੇਖ ਕੇ ਕਈ ਕਹਿ ਉਠਦੇ ਸਨ -

ਗੋਰਾ ਰੰਗ ਤੇ ਸ਼ਰਬਤੀ ਅੱਖੀਆਂ,
ਘੁੰਡ ਵਿਚ ਕੈਦ ਕੀਤੀਆਂ।
x x x
ਆਰੇ-ਆਰੇ-ਆਰੇ,
ਘੁੰਡ ਵਿਚ ਅੱਗ ਮੱਚਦੀ,
ਚੁੰਨੀ ਸਾੜ ਨਾ ਲਈ ਮੁਟਿਆਰੇ।

ਪਹਿਲੇ ਸਮਿਆਂ ਵਿਚ ਬਹੁਤੀਆਂ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਜਿਸ ਕਰਕੇ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਘੱਟ ਹੁੰਦੀ ਸੀ। ਹਰ ਪਰਿਵਾਰ ਵਿਚ ਕੋਈ ਨਾ ਕੋਈ ਛੜਾ ਰਹਿ ਜਾਂਦਾ ਸੀ। ਛੜਿਆਂ ਦਾ ਘਰ ਤੇ ਸਮਾਜ ਵਿਚ ਬਹੁਤ ਆਦਰ ਸਤਿਕਾਰ ਨਹੀਂ ਹੁੰਦਾ ਸੀ। ਇਸ ਲਈ ਛੜਿਆਂ ਤੋਂ



Academy of the Punjab in North America: http://www.apnaorg.com

ਬਹੂਆਂ ਘੁੰਡ ਕੱਢ ਕੇ ਰੱਖਦੀਆਂ ਸਨ। ਪਰ ਕਈ ਮਨਚਲੀਆਂ ਤੇ ਸ਼ਰਾਰਤੀ ਬਹੂਆਂ ਛੜਿਆਂ ਵਿਚ ਭੜਥੂ ਪਾਉਣ ਵਾਲੀਆਂ ਵੀ ਹੁੰਦੀਆਂ ਸਨ –

ਘੁੰਡ ਕੱਢਣਾ ਤਵੀਤ ਨੰਗਾ ਰੱਖਣਾ,
ਛੜਿਆਂ ਦੀ ਹਿੱਕ ਲੂਹਣ ਨੂੰ।

ਜਦ ਸਹੁਰਾ, ਜੇਠ ਜਾਂ ਕੋਈ ਬੜੇ ਥਾ ਲਗਦਾ ਰਿਸ਼ਤੇਦਾਰ ਜਾਂ ਬੜੇ ਥਾਂ ਲੱਗਦਾ ਕੋਈ ਹੋਰ ਪੁਰਸ਼ ਘਰ ਅੰਦਰ ਵੜ੍ਹਦਾ ਹੁੰਦਾ ਸੀ ਤਾਂ ਉਹ ਖੰਗੂਰਾ ਮਾਰ ਕੇ ਜਾਂ ਕਿਸੇ ਦਾ ਨਾਂ ਲੈ ਕੇ ਆਪਣੇ ਘਰ ਅੰਦਰ ਦਾਖ਼ਲ ਹੋਣ ਦੀ ਸੂਚਨਾ ਦਿੰਦਾ ਸੀ ਤਾਂ ਜੋ ਬਹੂਆਂ ਘੁੰਡ ਕੱਢ ਸਕਣ। ਜੇਕਰ ਅਗਾਊਂ ਸੂਚਨਾ ਤੋਂ ਬਿਨਾਂ ਕੋਈ ਸਹੁਰਾ ਘਰ ਅੰਦਰ ਆਉਣ ਦਾ ਆਦੀ ਹੁੰਦਾ ਸੀ, ਉਸ ਤੋਂ ਨੂੰਹਾਂ ਬੜੀਆਂ ਔਖੀਆਂ ਰਹਿੰਦੀਆਂ ਸਨ–

ਕੋਰੀ ਕੋਰੀ ਕੂੰਡੀ ਵਿਚ ਮਿਰਚਾਂ ਮੈਂ ਰਗੜਾਂ,
ਸਹੁਰੇ ਦੀ ਅੱਖ ਵਿਚ ਪਾ ਦੇਨੀ ਆਂ,
ਘੁੰਡ ਕੱਢਣੇ ਦੀ ਰੜਕ ਮੁਕਾ ਦੇਨੀ ਆਂ।

ਪਹਿਲੇ ਸਮਿਆਂ ਵਿਚ ਵਿਆਹਾਂ ਜਾਂ ਹੋਰ ਸਮਾਗਮਾਂ ਵਿਚ ਸ਼ਾਮਲ ਹੋਣ ਲਈ, ਤੀਆਂ ਵੇਖਣ ਜਾਣ ਸਮੇਂ ਵੀ ਬਹੂਆਂ ਘੁੰਡ ਕੱਢ ਕੇ ਜਾਂਦੀਆਂ ਸਨ–

ਦੇਹ ਨੀ ਪਤਲੀਏ ਗੇੜਾ,
ਲੰਮਾ ਸਾਰਾ ਘੁੰਡ ਕੱਢ ਕੇ।

ਪੇਕੇ ਘਰ ਵਿਚ ਕੁੜੀਆਂ ਕਈ ਵੇਰ ਚੁੰਨੀਆਂ ਵੀ ਘੱਟ ਲੈਂਦੀਆਂ ਸਨ। ਇਸ ਲਈ ਨਵੀਆਂ ਵਿਆਹੀਆਂ ਕੁੜੀਆਂ ਨੂੰ ਪਹਿਲਾਂ ਪਹਿਲਾਂ ਘੁੰਡ ਕੱਢਣਾ ਬੜਾ ਔਖਾ ਲੱਗਦਾ ਹੁੰਦਾ ਸੀ, ਜਿਸ ਕਰਕੇ ਕਈ ਵੇਰ ਸਹੁਰਾ ਟੋਕ ਟਕਾਈ ਵੀ ਕਰਦਾ ਰਹਿੰਦਾ ਸੀ –

ਪੇਕੀਂ ਮੈਂ ਕਦੇ ਚੁੰਨੀ ਨਾ ਲਈ,
ਸਹੁਰੀਂ ਘੁੰਡ ਕੱਢਣਾ ਪੈਂਦਾ ਨੀ,
ਸਹੁਰਾ ਟੋਕਦਾ ਉਠਦਾ ਬਹਿੰਦਾ ਨੀ।

ਬਹੂਆਂ ਦੀ ਸਾਰੀ ਉਮਰ ਘੁੰਡ ਕੱਢਦਿਆਂ ਹੀ ਲੰਘ ਜਾਂਦੀ ਸੀ। ਹੁਣ ਵਿਦਿਆ ਦੇ ਪਸਾਰ ਕਰਕੇ ਲੜਕੀਆਂ ਦਾ ਪੜ੍ਹਿਆ ਲਿਖਿਆ ਹੋਣ ਕਰਕੇ ਬਹੁਤ ਸਾਰੇ ਤਰਕਹੀਣ ਰਸਮੋਂ ਰਿਵਾਜ ਖ਼ਤਮ ਹੋ ਗਏ ਹਨ। ਹੁਣ ਕੋਈ ਲੜਕੀ ਨਾ ਫੇਰਿਆਂ ਸਮੇਂ ਅਤੇਨਾ ਹੀ ਅਨੰਦ ਕਾਰਜ ਸਮੇਂ ਘੁੰਡ ਕੱਢਦੀ ਹੈ ਅਤੇ ਨਾ ਹੀ ਬਾਅਦ ਵਿਚ ਸਹੁਰੇ ਘਰ ਜਾ ਕੇ ਘੁੰਡ ਕੱਢਦੀ ਹੈ। ਪੰਜਾਬ ਵਿਚੋਂ ਘੁੰਡ ਕੱਢਣ ਦੀ ਰਸਮ ਹੁਣ ਖ਼ਤਮ ਹੋ ਗਈ ਹੈ।

0



## ਕੈਂਠਾ

ਮਨ ਹੀ ਮਨ ਵਿਚ ਹਰ ਇਸਤ੍ਰੀ ਪੁਰਸ਼ ਦੀ ਤਮੰਨਾ ਹੁੰਦੀ ਹੈ ਕਿ ਉਹ ਦੂਸਰਿਆਂ ਨੂੰ ਵੱਧ ਤੋਂ ਵੱਧ ਸੋਹਣਾ ਲੱਗੇ, ਚੰਗਾ ਲੱਗੇ। ਸੋਹਣੇ ਲੱਗਣ ਵਿਚ ਪੈਤਰੀ, ਮੈਤਰੀ ਗੁਣ ਤਾਂ ਕੁਦਰਤ ਵਲੋਂ ਹੀ ਸ਼ਾਮਲ ਹੁੰਦੇ ਹਨ। ਥੋੜ੍ਹਾ ਹਿੱਸਾ ਸਾਂਭ ਸੰਭਾਲ ਤੇ ਗਹਿਣਿਆਂ ਦਾ ਵੀ ਹੁੰਦਾ ਹੈ। ਜੇਕਰ ਕਿਸੇ ਪਤੀ ਪਤਨੀ ਦਾ ਕੱਦ ਕਾਠ ਚੰਗਾ ਹੋਵੇ, ਰੰਗ ਗੋਰਾ ਹੋਵੇ, ਨੈਣ ਨਕਸ਼ ਤਿੱਖੇ ਹੋਣ ਤਾਂ ਉਨ੍ਹਾਂ ਦੀ ਉਲਾਦ ਵੀ ਉਨ੍ਹਾਂ ਵਰਗੀ ਹੀ ਹੋਵੇਗੀ। ਪੁਰਾਣੇ ਸਮਿਆਂ ਵਿਚ ਰਿਸ਼ਤੇ ਬ੍ਰਾਹਮਣਾਂ ਅਤੇ ਨਾਈਆਂ ਰਾਹੀਂ ਕੀਤੇ ਜਾਂਦੇ ਸਨ। ਕੁੜੀ ਮੁੰਡੇ ਦਾ ਵਿਆਹ ਤੋਂ ਪਹਿਲਾਂ ਵੇਖਣ ਦਾ ਰਿਵਾਜ ਨਹੀਂ ਸੀ ਤਾਂ ਇਹ ਆਮ ਕਹਿੰਦੇ ਹੁੰਦੇ ਸਨ ਕਿ 'ਕੁੜੀ ਮੁੰਡੇ ਨੂੰ ਤੁਸੀਂ ਕੀ ਵੇਖਣਾ ਹੈ, ਕੁੜੀ ਮੁੰਡਾ ਵੀ ਮਾਂ ਬਾਪ ਵਰਗੇ ਹੀ ਹਨ।'



ਪੁਰਾਣੇ ਸਮਿਆਂ ਵਿਚ ਜਦ ਖੇਤੀ ਵਿਚ ਵਿਕਾਸ ਨਹੀ ਹੋਇਆ ਸੀ, ਸਾਰੀ ਖੇਤੀ ਬਾਰਸ਼ਾਂ ਤੇ ਨਿਰਭਰ ਕਰਦੀ ਸੀ। ਪੜ੍ਹਾਈ ਦਾ ਰਿਵਾਜ ਨਹੀਂ ਸੀ। ਉਨ੍ਹਾਂ ਸਮਿਆਂ ਵਿਚ ਸਾਰਾ ਹੀ ਟੱਬਰ ਦੋ ਵੇਲੇ ਦੀ ਰੋਟੀ ਲਈ ਅਨਾਜ ਪੈਦਾ ਕਰਨ ਲਈ ਦਿਨ ਰਾਤ ਲੱਗਿਆ ਰਹਿੰਦਾ ਸੀ। ਉਸ ਸਮੇਂ ਦਾ ਲੋਕ ਅਖਾਣ ਹੈ–

ਪੇਟ ਨਾ ਪਈਆਂ ਰੋਟੀਆਂ,
ਸਭੇ ਗੱਲਾਂ ਖੋਟੀਆਂ।

ਹੌਲੀ-ਹੌਲੀ ਖੇਤੀ ਦੀ ਬਾਰਸ਼ਾਂ ਤੇ ਨਿਰਭਰਤਾ ਘੱਟਣ ਲੱਗੀ। ਨਹਿਰਾਂ ਨਿਕਲੀਆਂ। ਲੋਕਾਂ ਨੇ ਖੂਹ ਲਾਉਣੇ ਸ਼ੁਰੂ ਕੀਤੇ। ਆਰਥਿਕ ਹਾਲਤ ਚੰਗੀ ਹੋਣ ਲੱਗੀ। ਉਨ੍ਹਾਂ ਸਮਿਆਂ ਵਿਚ ਮੇਲਿਆਂ ਅਤੇ ਵਿਆਹ ਸ਼ਾਦੀਆਂ ਵਿਚ ਹੀ ਮੁੰਡੇ, ਕੁੜੀਆਂ, ਇਸਤਰੀ, ਪੁਰਸ਼ ਚੰਗੇ ਕਪੜੇ ਤੇ ਗਹਿਣੇ ਪਾ ਕੇ ਜਾਂਦੇ ਸਨ। ਅਣ-



Academy of the Punjab in North America: http://www.apnaorg.com

ਵਿਆਹੀਆਂ ਕੁੜੀਆਂ ਨੂੰ ਨਾ ਤਾਂ ਉਸ ਸਮੇਂ ਚੰਗਾ ਖਾਣ ਨੂੰ ਦਿੰਦੇ ਸਨ ਅਤੇ ਨਾ ਹੀ ਚੰਗਾ ਪਹਿਨਣ ਨੂੰ ਦਿੰਦੇ ਸਨ। ਗਹਿਣੇ ਪਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ।

ਪੁਰਸ਼ਾਂ ਵਿਚ ਉਸ ਸਮੇਂ ਗਲ ਲਈ ਕੈਂਠਾ, ਤਵੀਤ, ਕੰਨਾਂ ਲਈ ਨੱਤੀਆਂ, ਹੱਥਾਂ ਲਈ ਛਾਪਾਂ ਹੀ ਗਹਿਣੇ ਹੁੰਦੇ ਸਨ। ਉਨ੍ਹਾਂ ਸਮਿਆਂ ਵਿਚ ਛੋਟੀ ਉਮਰ ਵਿਚ ਵਿਆਹ ਕਰਨ ਦਾ ਰਿਵਾਜ ਸੀ। ਕਿਉਂ ਜੋ ਉਸ ਸਮੇਂ ਬਹੁਤੀਆਂ ਜੰਮਦੀਆਂ ਕੁੜੀਆਂ ਨੂੰ ਮਾਰ ਦਿੱਤਾ ਜਾਂਦਾ ਸੀ, ਜਿਸ ਕਰ ਕੇ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਘੱਟ ਹੁੰਦੀਆਂ ਸਨ। ਤਕਰੀਬਨ ਹਰ ਘਰ ਵਿਚ ਛੜੇ ਰਹਿ ਜਾਂਦੇ ਸਨ। ਵਿਆਹ ਤੋਂ ਕਈ ਕਈ ਸਾਲਾਂ ਬਾਅਦ ਜਦ ਮੁੰਡਾ ਕੁੜੀ ਜੁਆਨ ਹੋ ਜਾਂਦੇ ਸਨ, ਤਾਂ ਮੁਕਲਾਵਾ ਦਿੱਤਾ ਜਾਂਦਾ ਸੀ। ਕਈ ਵੇਰ ਮਾੜੀ ਆਰਥਿਕ ਹਾਲਤ ਵੀ ਮੁਕਲਾਵਾ ਦੇਣ ਵਿਚ ਦੇਰੀ ਦਾ ਕਾਰਨ ਬਣ ਜਾਂਦੀ ਸੀ, ਜਿਸ ਨੂੰ ਕੋਈ ਨਾ ਕੋਈ ਬਹਾਨਾ ਬਣਾ ਕੇ ਅੱਗੇ ਪਾ ਦਿੱਤਾ ਜਾਂਦਾ ਸੀ –

> ਹਾੜੀ ਅਈ ਤੋਂ ਦੇਉਂ ਮੁਕਲਾਵਾ,
> ਨੱਤੀਆਂ ਦੀ ਪਹੁੰਚ ਨਹੀਂ।

ਗਹਿਣੇ ਸ਼ੁਰੂ ਤੋਂ ਹੀ ਜਨਾਨੀਆਂ ਦੀ ਧਰੋਹਰ ਰਹੇ ਹਨ। ਤੰਗੀ ਤੁਰਸ਼ੀ ਵੇਲੇ ਇਹ ਗਹਿਣੇ ਹੀ ਕੰਮ ਆਉਂਦੇ ਸਨ। ਪ੍ਰਾਹੁਣੇ ਨੂੰ ਸਹੁਰੇ ਘਰ ਵਲੋਂ ਪਾਈਆਂ ਹੋਈਆਂ ਨੱਤੀਆਂ, ਕੈਂਠੇ ਕਈ ਵੇਰ ਉਸ ਦੇ ਘਰ ਵਾਲੀ ਦਾ ਬੁੱਤਾ ਵੀ ਸਾਰ ਦਿੰਦੇ ਸਨ –

> ਆ ਲੈ ਨੱਤੀਆਂ, ਕਰਾ ਲੈ ਪਿੱਪਲ ਪੱਤੀਆਂ,
> ਕਿਸੇ ਕੋਲ ਗੱਲ ਨਾ ਕਰੀਂ।

ਪਿੱਪਲ ਪੱਤੀਆਂ ਪਿੱਪਲ ਦੇ ਪੱਤਿਆਂ ਵਰਗਾ ਗਹਿਣਾ ਹੁੰਦਾ ਸੀ। ਕੰਨ ਵਿਚ ਪਾਇਆ ਜਾਂਦਾ ਸੀ। ਬਾਲੀਆਂ ਹੇਠ ਕੁੰਡੇ ਲੱਗੇ ਹੁੰਦੇ ਸਨ। ਇਨ੍ਹਾਂ ਕੁੰਡਿਆਂ ਵਿਚ ਨਿੱਕੀਆਂ ਨਿੱਕੀਆਂ ਪੱਤੀਆਂ ਬਣਾ ਕੇ ਪਾਈਆਂ ਹੁੰਦੀਆਂ ਸਨ। ਮੁਟਿਆਰਾਂ ਦੇ ਥੋੜ੍ਹੇ ਜਿਹੇ ਸਿਰ ਹਿੱਲਣ ਨਾਲ ਹੀ ਪਿੱਪਲ ਪੱਤੀਆਂ ਆਪਸ ਵਿਚ ਵੱਜਦੀਆਂ ਰਹਿੰਦੀਆਂ ਸਨ।

ਉਨ੍ਹਾਂ ਸਮਿਆਂ ਵਿਚ ਵਿਆਹਾਂ, ਸਹੁਰੇ ਘਰ ਜਾਣ ਤੇ ਮੇਲਿਆਂ ਤੇ ਜਾਣ ਸਮੇਂ ਹੀ ਲੋਕ ਸਜ ਧਜ ਕੇ, ਪਹਿਨ ਪਚਰ ਕੇ ਜਾਂਦੇ ਸਨ। ਵਧੀਆ ਕੱਪੜੇ, ਗਲ ਵਿਚ ਕੈਂਠਾ, ਹੱਥਾਂ ਵਿਚ ਛਾਪਾਂ ਪਾਈਆਂ ਹੁੰਦੀਆਂ ਸਨ –

> ਚੱਲ ਜਿੰਦੂਆ ਵੇ ਚੱਲ ਮੇਲੇ ਚੱਲੀਏ,
> ਚੱਲੀਏ ਸ਼ੁਕੀਨੀ ਲਾ।
> ਕੰਨ ਵਿਚ ਮੁੰਦਰਾਂ, ਸਿਰ ਤੇ ਸ਼ਮਲਾ,
> ਗਲ ਵਿਚ ਕੈਂਠਾ ਪਾ।



ਕਈ ਵੇਰ ਮੇਲੇ ਜਾਂਦੇ ਆਪਣੇ ਮਾਹੀ ਨੂੰ ਉਸ ਦੀ ਵਹੁਟੀ ਵੀ ਆਪਣੇ ਲਈ ਲਹਿੰਗਾ ਲਿਆਉਣ ਦੀ ਮੰਗ ਵੀ ਰੱਖ ਦਿੰਦੀ ਸੀ–

> ਸੁਣ ਵੇ ਮਾਹੀਆ ਕੈਂਠੇ ਵਾਲਿਆ,
> ਲੱਗੇ ਜਾਨ ਤੋਂ ਮਹਿੰਗਾ।
> ਲੈ ਜਾ ਮੇਰਾ ਲੱਕ ਮਿਣ ਕੇ,
> ਜਾਵੀਂ ਮੇਲੇ ਤੇ ਲਿਆ ਦੇਵੀਂ ਲਹਿੰਗਾ।

ਕੈਂਠੇ ਵਾਲਿਆਂ ਦੀ ਚੜ੍ਹਤ ਹੀ ਹੋਰ ਹੁੰਦੀ ਸੀ–

> ਵਿਚ ਗਲਾਂ ਦੇ ਕੈਂਠੇ ਸੋਹਣ,
> ਸਿਰ ਉੱਤੇ ਦਸਤਾਰਾਂ।
> ਜਿਥੇ ਖੜ ਜਾਈਏ,
> ਉਥੇ ਆਉਣ ਬਹਾਰਾਂ।

ਜੇ ਕਿਸੇ ਦੇ ਮਾਹੀ ਕੋਲ ਕੈਂਠਾ ਨਹੀਂ ਹੁੰਦਾ ਸੀ, ਉਹ ਕੈਂਠਾ ਬਣਾਉਣਾ ਚਾਹੁੰਦਾ ਸੀ ਤਾਂ ਉਸ ਦੀ ਵਹੁਟੀ ਵੀ ਆਪਣੇ ਕੋਕੇ ਦੀ ਮੰਗ ਅੱਗੇ ਰੱਖ ਦਿੰਦੀ ਸੀ–

> ਜੇ ਮੁੰਡਿਆ ਤੂੰ ਕੈਂਠਾ ਵੇ ਕਰਾਉਣਾ,
> ਮੈਨੂੰ ਵੀ ਕਰਾ ਦੇ ਕੋਕਾ ਮੁੰਡਿਆ।
> ਵੇ ਉਤੋਂ ਮਿੱਠਿਆ,
> ਦਿਲਾਂ ਦਿਆ ਖੋਟਿਆ ਮੁੰਡਿਆ।

ਉਨ੍ਹਾਂ ਸਮਿਆਂ ਵਿਚ ਜੇ ਕੋਈ ਕੈਂਠੇ ਵਾਲੇ ਨੂੰ ਦਿਲ ਦੇ ਬੈਠਦੀ ਸੀ ਤਾਂ ਉਸ ਦੇ ਦਿਲਜਾਨੀ ਦੀ ਪ੍ਰੀਤ ਦੀ ਕਸਕ ਹਮੇਸ਼ਾ ਉਸ ਦੇ ਦਿਲ ਵਿਚ ਰਹਿੰਦੀ ਸੀ–

> ਧਾਗਾ ਹੋਵੇ ਤੋੜੀਏ,
> ਵੇ ਕੈਂਠੇ ਵਾਲਿਆ।
> ਪ੍ਰੀਤ ਨਾ ਤੋੜੀ ਜਾਏ,
> ਵੇ ਜਾਨੀ ਮੇਰਿਆ।

ਕੈਂਠਾ ਮੋਟੇ ਮਣਕਿਆਂ ਦਾ ਹਾਰ ਹੁੰਦਾ ਹੈ। ਦੋ ਮਣਕਿਆਂ ਦੇ ਵਿਚਾਲੇ ਅਨਾਮ ਪ੍ਰੋਇਆ ਹੁੰਦਾ ਹੈ। ਕੈਂਠੇ ਦੇ ਮਣਕੇ ਖ਼ਰਬੂਜ਼ੇ ਦੀਆਂ ਧਾਰੀਆਂ ਵਰਗੇ ਹੁੰਦੇ ਹਨ। ਕੈਂਠੇ ਦੇ ਮਣਕਿਆਂ ਨੂੰ ਧਾਗੇ ਦੀ ਡੋਰੀ ਵਿਚ ਪਰੋਇਆ ਹੁੰਦਾ ਹੈ। ਕੈਂਠਾ ਗਲ ਵਿਚ ਪਾਇਆ ਜਾਂਦਾ ਹੈ।

ਉਨ੍ਹਾਂ ਸਮਿਆਂ ਵਿਚ ਵਿਆਹਾਂ ਤੇ ਮੁਕਲਾਵਿਆਂ ਤੋਂ ਬਾਅਦ ਵੀ ਬਹੁਤ ਬਹੁਤ ਸਮਾਂ ਕੁੜੀਆਂ ਆਪਣੇ ਪੇਕੇ ਰਹਿੰਦੀਆਂ ਹੁੰਦੀਆਂ ਸਨ। ਆਪਣੇ ਮਾਂ ਬਾਪ ਦਾ ਘਰ



Academy of the Punjab in North America: http://www.apnaorg.com

ਅਤੇ ਖੇਤੀ ਦੇ ਕੰਮਾਂ ਵਿਚ ਹੱਥ ਵਟਾਉਂਦੀਆਂ ਸਨ। ਕਈ ਪੇਕੇ ਘਰ ਦੇ ਕੰਮਾਂ ਤੋਂ ਔਖੀਆਂ ਹੋ ਕੇ ਆਪਣੀ ਮਾਂ ਨੂੰ ਵੀ ਕਹਿਣੋਂ ਵੀ ਨਹੀਂ ਝਿਜਕਦੀਆਂ ਸਨ –

ਮਾਏ ਤੇਰੇ ਕੰਮ ਨਾ ਮੁੱਕੇ,<br>
ਕੈਂਠੇ ਵਾਲਾ ਆ ਗਿਆ ਪ੍ਰਾਹੁਣਾ।<br>
x x x x<br>
ਮੁੰਡਾ ਸਾਨੂੰ ਲੈਣ ਆ ਗਿਆ,<br>
ਪਾ ਕੇ ਕੈਂਠਾ ਜੁਗਨੀਆਂ ਵਾਲਾ।

ਵਿਦਿਆ ਦਾ ਯੁੱਗ ਆਉਣ ਕਰ ਕੇ ਮੁੰਡਿਆਂ ਵਿਚ ਕੈਂਠੇ, ਤਵੀਤ ਤੇ ਨੱਤੀਆਂ ਪਾਉਣ ਦਾ ਰਿਵਾਜ ਬਿਲਕੁਲ ਖ਼ਤਮ ਹੋ ਗਿਆ ਹੈ। ਕੈਂਠੇ ਤੇ ਤਵੀਤ ਤਾਂ ਹੁਣ ਭੰਗੜਾ ਪਾਉਣ ਵਾਲੇ, ਗੌਣ ਵਾਲੇ ਤੇ ਹੋਰ ਕਲਾਕਾਰਾਂ ਦੇ ਗਲਾਂ ਵਿਚ ਪਾਇਆ ਸਟੇਜ ਉਪਰ ਹੀ ਵੇਖੇ ਜਾਂਦੇ ਹਨ।

0

## ਕੱਚ ਦੀਆਂ ਚੂੜੀਆਂ

ਚੂੜੀਆਂ ਨੂੰ ਅੱਜ ਦੀਆਂ ਸੋਨੇ ਦੀਆਂ ਚੂੜੀਆਂ ਨਾ ਸਮਝ ਲੈਣਾ। ਮੈਂ ਉਨ੍ਹਾਂ ਚੂੜੀਆਂ ਦੀ ਗੱਲ ਕਰ ਰਿਹਾ ਹਾਂ, ਜਿਹੜੀਆਂ ਕੱਚ ਦੀਆਂ ਬਣੀਆਂ ਹੁੰਦੀਆਂ ਸਨ। ਉਨ੍ਹਾਂ ਨੂੰ ਵੰਗਾਂ ਵੀ ਕਹਿੰਦੇ ਸਨ। ਉਨ੍ਹਾਂ ਸਮਿਆਂ ਵਿਚ ਲੋਕਾਂ ਕੋਲ ਖਾਣ ਜੋਗੇ ਦਾਣੇ ਹੀ ਪੈਦਾ ਹੁੰਦੇ ਸਨ। ਸੋਨਾ ਖਰੀਦਣਾ ਆਮ ਆਦਮੀ ਦੇ ਵਸ ਦਾ ਰੋਗ ਨਹੀਂ ਸੀ। ਆਮ ਪਰਿਵਾਰਾਂ ਦੀਆਂ ਬਹੂਆਂ ਦਾ ਕੱਚ ਦੀਆਂ ਚੂੜੀਆਂ ਅਤੇ ਦੰਦਾਸਾ ਹੀ ਸ਼ਿੰਗਾਰ ਦੀਆਂ ਵਸਤਾਂ ਹੁੰਦੀਆਂ ਸਨ –

ਮੁੰਡਾ ਮੋਹ ਲਿਆ ਤਵੀਤਾਂ ਵਾਲਾ,<br>
ਦਮੜੀ ਦਾ ਸੱਕ ਮਲ ਕੇ।





ਪਹਿਲੇ ਸਮਿਆਂ ਵਿਚ ਮੰਜੇ ਜੋੜ ਕੇ ਕੋਠੇ 'ਤੇ ਰੱਖੇ ਲਾਊਡ ਸਪੀਕਰ ਤੇ ਇਹ ਗੀਤ ਆਮ ਵੱਜਿਆ ਕਰਦਾ ਸੀ।

ਵਣਜਾਰੇ ਚੂੜੀਆਂ ਵੇਚਣ ਅਤੇ ਚੜ੍ਹਾਉਣ ਦਾ ਕੰਮ ਕਰਿਆ ਕਰਦੇ ਸਨ। ਜੇਕਰ ਪਿੰਡ ਵਿਚ ਵਣਜਾਰੇ ਆਏ ਦਾ ਪਤਾ ਲੱਗ ਜਾਂਦਾ ਸੀ, ਤਾਂ ਭਰਜਾਈ ਆਪਣੀ ਨਣਦ ਦਾ ਮਿੰਨਤ ਤਰਲਾ ਕਰ ਕੇ ਵਣਜਾਰੇ ਨੂੰ ਚੂੜੀਆਂ ਚੜ੍ਹਾਉਣ ਲਈ ਬੁਲਾਉਣ ਲਈ ਭੇਜਦੀ ਹੁੰਦੀ ਸੀ–

ਆਇਆ ਪਿੰਡ ਵਿਚ ਸੁਣੀਂਦਾ ਵਣਜਾਰਾ,<br>
ਨੀ ਸੱਦ ਲਿਆ ਨਣਾਨੇ ਰਾਣੀਏ!

ਵਣਜਾਰੇ ਨੂੰ ਵੀ ਇਕ ਥਾਂ ਬੈਠ ਕੇ ਵੰਗਾਂ ਚੜ੍ਹਾਉਣ ਲਈ ਪ੍ਰੇਰਿਆ ਜਾਂਦਾ ਸੀ–

ਆ ਵਣਜਾਰਿਆ, ਬਹੁ ਵਣਜਾਰਿਆ,<br>
ਕਿਥੇ ਆ ਤੇਰੇ ਘਰ ਵੇ?<br>
ਪਿੰਡ ਦੀਆਂ ਕੁੜੀਆਂ ਕਰ ਲੈ 'ਕੱਠੀਆਂ,<br>
ਕਿਉਂ ਫਿਰਦਾ ਏਂ ਦਰ ਦਰ ਵੇ?<br>
ਚਾੜ੍ਹ ਬਲੌਰੀ ਵੰਗਾਂ ਮੇਰੇ,<br>
ਤੇਰੀ ਝੋਲੀ ਦੇ ਵਿਚ ਪਾ ਦਿਆਂ ਜ਼ਰ ਵੇ।<br>
ਭੀੜੀ ਵੰਗ ਬਚਾ ਕੇ ਚਾੜ੍ਹੀ,<br>
ਮੈਂ ਜਾਊਂਗੀ ਮਰ ਵੇ।<br>
ਕੋਲੇ ਬੋਤਲ ਦੇ,<br>
ਚਾਰ ਚੰਗਿਆੜੇ ਧਰ ਵੇ।

ਨਣਦ ਅਤੇ ਭਰਜਾਈ ਦਾ ਬੜਾ ਨੇੜਲਾ ਰਿਸ਼ਤਾ ਹੁੰਦਾ ਸੀ। ਕਈ ਵੇਰ ਉਹ ਆਪਣੀਆਂ ਖ਼ਾਹਸ਼ਾਂ ਪੂਰੀਆਂ ਕਰਨ ਲਈ ਆਪਣੀ ਭਰਜਾਈ ਦਾ ਸਹਾਰਾ ਵੀ ਲੈਂਦੀ ਹੁੰਦੀ ਸੀ–

ਭਾਬੀਏ ਚੜ੍ਹਾ ਦੇ ਚੂੜੀਆਂ,<br>
ਆਇਆ ਗਲੀ ਵਿਚ ਇਕ ਵਣਜਾਰਾ।

ਹਰ ਕੱਪੜਾ, ਹਰ ਗਹਿਣਾ, ਹਰ ਕਿਸਮ ਦੇ ਰੰਗ ਰੂਪ ਤੇ ਕੱਦ ਕਾਠ ਤੇ ਨਹੀਂ ਸਜਦਾ ਹੁੰਦਾ। ਤੀਲੀ ਤਿੱਖੇ ਨੱਕ ਤੇ ਸਜਦੀ ਸੀ। ਚੂੜੀਆਂ ਲਈ ਗੋਰੀਆਂ ਬਾਹਾਂ ਚਾਹੀਦੀਆਂ ਹੁੰਦੀਆਂ ਸਨ –

ਚੂੜੀਆਂ ਗੋਰੀਆਂ ਬਾਹਾਂ ਦਾ ਗਹਿਣਾ,<br>
ਤੀਲੀ ਸਜੇ ਤਿੱਖੇ ਨੱਕ ਨੂੰ।



Academy of the Punjab in North America: http://www.apnaorg.com

ਉਨ੍ਹਾਂ ਸਮਿਆਂ ਵਿਚ ਗਹਿਣੇ ਤੇ ਚੂੜੀਆਂ ਹੀ ਮੁਟਿਆਰ ਦਾ ਸ਼ਿੰਗਾਰ ਹੁੰਦੇ ਸਨ–

ਗਹਿਣਿਆਂ ਬਾਝ ਨਾ ਸੋਂਹਦੀਆਂ ਨਾਰਾਂ,
ਚੂੜੀਆਂ ਬਾਝ ਕਲਾਈਆਂ।

ਉਨ੍ਹਾਂ ਸਮਿਆਂ ਵਿਚ ਛੋਟੀ ਉਮਰ ਵਿਚ ਵਿਆਹ ਕਰਨ ਦਾ ਰਿਵਾਜ ਹੁੰਦਾ ਸੀ। ਜਦ ਕੁੜੀਆਂ ਜੁਆਨ ਹੋ ਜਾਂਦੀਆਂ ਸਨ, ਉਸ ਸਮੇਂ ਮੁਕਲਾਵਾ ਦਿੱਤਾ ਜਾਂਦਾ ਸੀ। ਮੁਕਲਾਵੇ ਵੇਲੇ ਕੁੜੀ ਆਪਣੀ ਮਾਂ ਤੋਂ ਚੂੜੀਆਂ ਚੜ੍ਹਾਉਣ ਦੀ ਨਿਮਾਣੀ ਜਿਹੀ ਮੰਗ ਕਰਦੀਆਂ ਹੁੰਦੀਆਂ ਸਨ–

ਚੂੜੀਆਂ ਚੜ੍ਹਾ ਦੇ ਰੰਗਲੀ,
ਮੈਂ ਅੱਜ ਮੁਕਲਾਵੇ ਜਾਣਾ।

ਉਨ੍ਹਾਂ ਸਮਿਆਂ ਵਿਚ ਚਾਹੇ ਲੋਕਾਂ ਦੀ ਆਰਥਿਕ ਹਾਲਤ ਬਹੁਤ ਚੰਗੀ ਨਹੀਂ ਹੁੰਦੀ ਸੀ, ਪਰ ਹਰ ਘਰ ਵਿਚ ਦੁੱਧ ਆਮ ਹੁੰਦਾ ਸੀ। ਲੋਕ ਦੁੱਧ, ਮੱਖਣ, ਘੀ, ਦਹੀਂ ਰੱਜ ਕੇ ਖਾਂਦੇ ਸਨ। ਅੱਧ ਰਿੜਕ, ਤਿਉੜ, ਲੱਸੀ ਪੀਂਦੇ ਸਨ। ਦੁੱਧ ਉਨ੍ਹਾ ਸਮਿਆਂ ਵਿਚ ਹੱਥੀਂ ਰਿੜਕਿਆ ਜਾਂਦਾ ਸੀ। ਪਹਿਰ ਦੇ ਤੜਕੇ ਉਠ ਕੇ ਜਦ ਨਵੀਂ ਬਹੂ ਚੂੜੀਆਂ ਵਾਲੀਆਂ ਬਾਹਾਂ ਨਾਲ ਦੁੱਧ ਰਿੜਕਦੀ ਹੁੰਦੀ ਸੀ ਤਾਂ ਛਣਕਦੀਆਂ ਚੂੜੀਆਂ ਕਿਸੇ ਰਾਗ ਦਾ ਭੁਲੇਖਾ ਵੀ ਪਾਉਂਦੀਆਂ ਹੁੰਦੀਆਂ ਸਨ। ਕਈ ਵੇਰ ਇਹ ਚੂੜੀਆਂ ਉਸ ਦੇ ਮਾਹੀ ਦੀ ਨੀਂਦ ਖ਼ਰਾਬ ਕਰਨ ਦਾ ਕਾਰਨ ਵੀ ਬਣ ਜਾਂਦੀਆਂ ਸਨ –

ਨਵੀਂ ਬਹੂ ਦੁੱਧ ਰਿੜਕੇ,
ਉੱਠ ਕੇ ਪਹਿਰ ਦੇ ਤੜਕੇ।
ਚੂੜੀਆਂ ਨੇ ਰਾਗ ਛੇੜ ਲਿਆ,
ਮੇਰੇ ਨੀਂਦ ਅੱਖਾਂ ਵਿਚ ਰੜਕੇ।

ਉਨ੍ਹਾਂ ਸਮਿਆਂ ਵਿਚ ਲੈ ਦੇ ਕੇ ਚੂੜੀਆਂ ਹੀ ਇਕ ਬਾਹਾਂ ਦਾ ਸ਼ਿੰਗਾਰ ਹੁੰਦੀਆਂ ਸਨ। ਕਈਆਂ ਕੋਲ ਆਪਣੀ ਮਾੜੀ ਆਰਥਿਕ ਹਾਲਤ ਕਾਰਨ ਆਪਣੀ ਵਹੁਟੀ ਦੀ ਚੂੜੀਆਂ ਦੀ ਮੰਗ ਵੀ ਵੇਲੇ ਸਿਰ ਪੂਰੀ ਨਹੀਂ ਕੀਤੀ ਜਾ ਸਕਦੀ ਹੁੰਦੀ ਸੀ। ਏਸ ਲਈ ਜਦ ਕਦੇ ਉਸ ਦੇ ਮਾਹੀ ਕੋਲ ਪੈਸੇ ਹੁੰਦੇ ਸਨ, ਉਹ ਆਪਣੀ ਚੂੜੀਆਂ ਚੜ੍ਹਾਉਣ ਦੀ ਮੰਗ ਕਰਦੀ ਹੁੰਦੀ ਸੀ–

ਤੇਰੀ ਜੇਬ ’ਚੋਂ ਖੜਕਦੇ ਪੈਸੇ,
ਹੱਥਾਂ ਨੂੰ ਚੜ੍ਹਾ ਦੇ ਚੂੜੀਆਂ।

ਉਨ੍ਹਾਂ ਸਮਿਆਂ ਵਿਚ ਚਾਂਦੀ ਦੇ ਰੁਪੈ ਹੁੰਦੇ ਸਨ, ਜਿਨ੍ਹਾਂ ਦਾ ਜੇਬ ਵਿਚ ਹੋਇਆਂ ਦਾ ਖੜਕਾ ਹੋਣ ਕਰ ਕੇ ਪਤਾ ਲੱਗ ਜਾਂਦਾ ਸੀ।



ਸਮਾਜ ਵਿਚ ਨੂੰਹ ਅਤੇ ਸੱਸ ਦਾ ਰਿਸ਼ਤਾ ਕਦੇ ਵੀ ਸੁਖਾਵਾਂ ਨਹੀਂ ਰਿਹਾ। ਇਹ ਆਪਸ ਵਿਚ ਖਹਿਬੜਦੀਆਂ ਅਤੇ ਖੜਕਦੀਆਂ ਹੀ ਰਹੀਆਂ ਹਨ। ਸੱਸ ਨੇ ਕਦੇ ਵੀ ਮਾਂ ਬਣਨ ਦੀ ਕੋਸ਼ਿਸ਼ ਨਹੀਂ ਕੀਤੀ। ਸੱਸ ਨੂੰ ਜਿਥੇ ਕਿਤੇ ਵੀ ਮੌਕਾ ਮਿਲਦਾ ਸੀ, ਉਹ ਆਪਣੀ ਨੂੰਹ ਦੇ ਕੰਮਾਂ ਵਿਚ ਨੁਕਸ ਕੱਢਣੋਂ ਨਹੀਂ ਹਟਦੀ ਸੀ। ਏਸ ਲਈ ਸੱਸ ਵਲੋਂ ਚੜ੍ਹਾਈਆਂ ਗਈਆਂ ਵੰਗਾਂ ਵੀ ਉਸ ਨੂੰ ਨਹੀਂ ਸੁਖਾਂਦੀਆਂ ਸਨ–

ਇਹ ਵੰਗਾਂ ਮੇਰੀ ਸੱਸ ਨੇ ਚੜ੍ਹਾਈਆਂ,
ਭੰਨਾਂ ਮਹਿਲ ਦੇ ਨਾਲ,
ਵੰਗਾਂ ਟੋਕਵੀਆਂ।

ਮਾਂ ਵਲੋਂ ਦਿੱਤੀ ਹਰ ਵਸਤ ਧੀ ਨੂੰ ਪਿਆਰੀ ਹੀ ਨਹੀਂ ਹੁੰਦੀ ਸੀ ਸਗੋਂ ਉਸ ਨੂੰ ਸਾਂਭ ਸਾਂਭ ਕੇ ਰੱਖਿਆ ਜਾਂਦਾ ਸੀ, ਚਾਹੇ ਉਹ ਚੂੜੀਆਂ ਹੀ ਹੁੰਦੀਆਂ ਸਨ –

ਇਹ ਵੰਗਾਂ ਮੇਰੀ ਮਾਂ ਨੇ ਚੜ੍ਹਾਈਆਂ,
ਰੱਖਾਂ ਅੱਖਾਂ ਦੇ ਨਾਲ,
ਵੰਗਾਂ ਟੋਕਵੀਆਂ।

ਉਹ ਆਪਣੇ ਮਾਹੀ ਵਲੋਂ ਚੜ੍ਹਾਈਆਂ ਵੰਗਾਂ ਨੂੰ ਹਰ ਵਕਤ ਆਪਣੇ ਕਲੇਜੇ ਨਾਲ ਲਾ ਕੇ ਰੱਖਦੀ ਸੀ–

ਇਹ ਵੰਗਾਂ ਮੇਰੇ ਮਾਹੀ ਨੇ ਚੜ੍ਹਾਈਆਂ,
ਰੱਖਾਂ ਕਲੇਜੇ ਨਾਲ,
ਵੰਗਾਂ ਟੋਕਵੀਆਂ।

ਤੀਆਂ, ਕਰੂਏ ਤੇ ਸਰਗੀ ਦੇ ਵਰਤਾਂ ਸਮੇਂ ਚੂੜੀਆਂ ਵਿਸ਼ੇਸ਼ ਤੌਰ ’ਤੇ ਚੜ੍ਹਾਈਆਂ ਜਾਂਦੀਆਂ ਸਨ। ਮੇਲਿਆਂ ਵਿਚ ਵਿਸ਼ੇਸ਼ ਤੌਰ ’ਤੇ ਵਣਜਾਰੇ ਚੂੜੀਆਂ ਵੇਚਣ ਆਉਂਦੇ ਸਨ। ਜੇਕਰ ਕਿਸੇ ਦੇ ਪਤੀ ਦੀ ਮੌਤ ਹੋ ਜਾਂਦੀ ਸੀ ਤਾਂ ਉਸ ਦੇ ਪਹਿਨੀਆਂ ਚੂੜੀਆਂ ਨੂੰ ਭੰਨ/ਤੋੜ ਦਿੱਤਾ ਜਾਂਦਾ ਸੀ। ਕੋਈ ਵਿਧਵਾ ਚੂੜੀਆਂ ਨਹੀਂ ਪਹਿਨ ਸਕਦੀ ਸੀ। ਕੱਚ ਦੀਆਂ ਚੂੜੀਆਂ ਨੂੰ ਭੰਨ ਕੇ ਕੁੜੀਆਂ ਪਿਆਰ ਕਢਦੀਆਂ ਹੁੰਦੀਆਂ ਸਨ।

ਅੱਜ ਸਾਰੀਆਂ ਕੁੜੀਆਂ ਪੜ੍ਹਦੀਆਂ ਹਨ। ਏਸ ਲਈ ਚੂੜੀਆਂ/ਵੰਗਾਂ ਪਹਿਨਣ ਦਾ ਰਿਵਾਜ ਖ਼ਤਮ ਹੋ ਗਿਆ ਹੈ। ਵਿਆਹ ਵਿਚ ਵੰਗਾਂ ਦੀ ਥਾਂ ਹੁਣ ਚੂੜੇ ਪਹਿਨੇ ਜਾਂਦੇ ਹਨ ਜੋ ਪਲਾਸਟਿਕ ਦੇ ਬਣੇ ਹੁੰਦੇ ਹਨ। ਕੱਚ ਦੀਆਂ ਚੂੜੀਆਂ/ਵੰਗਾਂ ਦੀ ਥਾਂ ਹੁਣ ਸੋਨੇ ਦੀਆਂ ਚੂੜੀਆਂ ਨੇ ਲੈ ਲਈ ਹੈ।

0



Academy of the Punjab in North America: http://www.apnaorg.com

# ਚਾਦਰੇ

ਕਪੜੇ ਦੀ ਈਜਾਦ ਹੋਣ ਤੇ ਮਨੁਖੀ ਵਸੋਂ ਨੇ ਆਪਣੇ ਸਰੀਰ ਨੂੰ ਕਪੜੇ ਨਾਲ ਢਕਣਾ ਸ਼ੁਰੂ ਕੀਤਾ। ਸ਼ੁਰੂ ਸ਼ੁਰੂ ਵਿਚ ਗੁਪਤ ਅੰਗਾਂ ਨੂੰ ਕਪੜੇ ਦੀ ਲੰਗੋਟੀ ਨਾਲ ਕੱਜਿਆ ਜਾਂਦਾ ਸੀ। ਆਮ ਆਦਮੀ ਦਾ ਪਹਿਰਾਵਾ ਲੰਗੋਟੀ ਹੋਣ ਕਰ ਕੇ ਮਹਾਤਮਾ ਗਾਂਧੀ ਨੇ ਲੰਗੋਟੀ ਨੂੰ ਹੀ ਅਪਨਾਇਆ ਸੀ। ਉਸ ਸਮੇਂ ਦਾ ਗਾਂਧੀ ਜੀ ਬਾਰੇ ਲੋਕ ਗੀਤ ਹੈ –

ਤੇਰੇ ਲੱਕ ਤੇ ਕਪੀਨ ਮੋਢੇ ਭੂਰੀ,<br>
ਤੇ ਖੂੰਡੀ ਵਾਲਾ ਮਾਹੀ ਹਿੰਦ ਦਾ।<br>
ਹੱਥ ਸੋਟੀ ਤੇ ਤੇੜ ਲੰਗੋਟੀ,<br>
ਉਹ ਸੀ ਸਈਓ, ਬਾਪੂ ਹਿੰਦ ਦਾ।



ਲੰਗੋਟੀ ਤੋਂ ਪਿਛੋਂ ਸਰੀਰ ਦੇ ਸਾਰੇ ਅੰਗਾਂ ਤੇ ਕਪੜੇ ਪਹਿਨੇ ਜਾਣ ਲੱਗੇ। ਲੱਕ ਤੋਂ ਹੇਠਾਂ ਫੇਰ ਲੁੰਗੀ/ਧੋਤੀ/ਚਾਦਰੇ ਪਹਿਨਣ ਦਾ ਰਿਵਾਜ ਚੱਲਿਆ। ਪਹਿਲੇ ਸਮਿਆਂ ਦੇ ਚੋਬਰਾਂ ਦੀ ਚੰਗੀ ਸਿਹਤ ਹੋਣ ਕਰਕੇ ਚਾਦਰੇ ਜਚਦੇ ਵੀ ਬੜੇ ਹੁੰਦੇ ਸਨ –

ਚਿੱਟੇ ਚਾਦਰੇ, ਕੁੰਢੀਆਂ ਮੁੱਛਾਂ,<br>
ਮੋਢੇ ਡਾਂਗ ਉਲਾਰੀ।<br>
ਜ਼ੋਰ ਜੁਆਨੀ ਦਾ,<br>
ਕਰਦੇ ਖ਼ੂਬ ਖੁਆਰੀ।

x x x



ਚਾਦਰਾ ਸੜਕ ਹੂੰਝਦਾ ਜਾਵੇ,<br>
ਨੀ ਮਾਂ ਦੇ ਸ਼ੁਕੀਨ ਪੁੱਤ ਦਾ।

x x x

ਚਿੱਟਾ ਚਾਦਰਾ ਕੰਨਾਂ ਦੇ ਵਿਚ ਨੱਤੀਆਂ,<br>
ਨੀ ਮਾਂ ਦੇ ਸ਼ੁਕੀਨ ਪੁੱਤ ਦਾ।

x x x

ਚਿੱਟਾ ਚਾਦਰਾ ਕੰਨਾਂ ਦੇ ਵਿਚ ਨੱਤੀਆਂ,<br>
ਪੱਟਤਾ ਸ਼ੁਕੀਨੀ ਨੇ।

ਮੇਲਿਆਂ ਤੇ ਲੋਕੀਂ ਚਾਦਰਾ ਬੰਨ੍ਹ ਕੇ ਜਾਂਦੇ ਸਨ –

ਧੋ ਦੇ ਚਾਦਰਾ ਲਹੌਰੀ ਲੂਣ ਪਾ ਕੇ,<br>
ਨੀ ਮੇਲੇ ਜਾਣਾ ਮੁਕਸਰ ਦੇ।

ਪਹਿਲੇ ਸਮਿਆਂ ਵਿਚ ਸਾਰੇ ਖੱਦਰ ਹੀ ਪਹਿਨਦੇ ਸਨ। ਵਿਆਹਦੜ ਵੀ ਖੱਦਰ ਪਾਉਂਦਾ ਸੀ। ਜੇ ਕਿਸੇ ਸਾਧਾਰਨ/ਆਮ ਜਿਹੀ ਦਿੱਖ ਵਾਲੇ ਗੱਭਰੂ ਦਾ ਕਿਸੇ ਸੁਨੱਖੀ, ਛੈਲ ਛਬੀਲੀ ਮੁਟਿਆਰ ਨਾਲ ਵਿਆਹ ਹੋ ਜਾਂਦਾ ਸੀ ਤਾਂ ਕਿਹਾ ਜਾਂਦਾ ਸੀ–

ਮੁੰਡਾ ਬੰਨ੍ਹ ਕੇ ਖੱਦਰ ਦਾ ਭੋਥਾ,<br>
ਵਿਆਹ ਕੇ ਲੈ ਗਿਆ ਪੱਟ ਵਰਗੀ।

ਚਾਦਰੇ ਨੂੰ ਕਈ ਇਲਾਕਿਆਂ ਵਿਚ ਭੋਥਾ ਵੀ ਕਹਿੰਦੇ ਸਨ। ਕਈ ਵਿਚਾਰੇ ਜਿਹੜੇ ਛੜੇ ਰਹਿ ਜਾਂਦੇ ਸਨ, ਜਿਨ੍ਹਾਂ ਦੇ ਮਾਪੇ ਵੀ ਮਰ ਜਾਂਦੇ ਸਨ, ਉਨ੍ਹਾਂ ਦੇ ਕਪੜੇ ਮੈਲੇ ਕੁਚੈਲੇ ਹੀ ਰਹਿੰਦੇ ਸਨ, ਜਿਹੜੇ ਧੋਤਿਆਂ ਤੋਂ ਵੀ ਨਿੱਖਰਦੇ ਨਹੀ ਸਨ –

ਸਾਬਨ ਥੋੜ੍ਹਾ ਮੈਲ ਬਥੇਰੀ,<br>
ਖੂਹ ਤੇ ਬੈਠਾ ਰੋਵੇ।<br>
ਮਾਪਿਆਂ ਵਾਹਰੇ ਦਾ,<br>
ਕੌਣ ਚਾਦਰਾ ਧੋਵੇ?

x x x

ਟੁੱਟੀ ਜੁੱਤੀ ਤੇ ਚਾਦਰਾ ਮੈਲਾ,<br>
ਮਾੜੇ ਦਿਨ ਆ ਗਏ ਮਿੱਤਰਾ!

ਚਾਦਰੇ ਰੰਗਦਾਰ, ਡੱਬੀਦਾਰ ਤੇ ਚਿੱਟੇ ਹੁੰਦੇ ਸਨ। ਜਿਹੜੇ ਜ਼ਿਮੀਂਦਾਰ ਖੇਤੀ ਵਿਚ ਘੱਟ ਧਿਆਨ ਦਿੰਦੇ ਸਨ, ਵਿਹਲੇ ਰਹਿੰਦੇ ਸਨ, ਖਰਚਾ ਜ਼ਿਆਦਾ ਕਰਦੇ ਸਨ, ਕੁੱਕੜ ਖਾਣ ਦੇ ਸ਼ੁਕੀਨ ਹੁੰਦੇ ਸਨ, ਚਿੱਟੇ ਚਾਦਰੇ ਤੇ ਚਿੱਟੇ ਕਪੜੇ ਪਹਿਨਦੇ ਸਨ, ਉਨ੍ਹਾਂ ਜ਼ਿਮੀਂਦਾਰਾਂ ਬਾਰੇ ਕਿਹਾ ਜਾਂਦਾ ਸੀ–



Academy of the Punjab in North America: http://www.apnaorg.com

ਚਿੱਟਾ ਚਾਦਰਾ, ਕੁੱਕੜ ਖਾਣਾ,
ਓਸ ਜੱਟ ਦਾ ਨਹੀਂ ਟਿਕਾਣਾ।

ਪਹਿਲੇ ਸਮਿਆਂ ਵਿਚ ਖੇਤੀ ਸਾਰੀ ਬਾਰਸ਼ਾਂ ਤੇ ਨਿਰਭਰ ਹੋਣ ਕਾਰਨ ਮਸਾਂ ਖਾਣ ਜੋਗੇ ਹੀ ਦਾਣੇ ਪੈਦਾ ਹੁੰਦੇ ਸਨ। ਇਸ ਲਈ ਜਿਹੜੇ ਪਰਿਵਾਰਾਂ ਦੀ ਆਰਥਿਕ ਹਾਲਤ ਮਾੜੀ ਹੁੰਦੀ ਸੀ, ਉਨ੍ਹਾਂ ਦੇ ਗੱਭਰੂਆਂ ਬਾਰੇ ਕਿਹਾ ਜਾਂਦਾ ਸੀ–

ਚਿੱਟੇ ਚਾਦਰੇ ਲੜਾਂ ਤੋਂ ਖਾਲੀ,
ਬਹੁਤੇ ਗਭਰੂਆਂ ਦੇ।
x x x
ਹੁਣ ਦੇ ਗੱਭਰੂਆਂ ਦੇ,
ਚਿੱਟੇ ਚਾਦਰੇ ਜ਼ਮੀਨਾਂ ਗਹਿਣੇ।
x x x
ਚਾਰੇ ਲੜ ਚਾਦਰੇ ਦੇ ਖਾਲੀ,
ਮੈਨੂੰ ਕਹਿੰਦਾ ਖਾ ਲੈ ਰਿਉੜੀਆਂ।

ਅਜੇਹੇ ਖਰਚ ਕਰਨ ਵਾਲੇ ਤੇ ਵਿਹਲੇ ਰਹਿਣ ਵਾਲੇ ਜੱਟ ਨੂੰ ਤਾੜਨਾ ਕੀਤੀ ਜਾਂਦੀ ਸੀ ਕਿ ਖ਼ਰਚ ਆਪਣੀ ਆਮਦਨ ਨੂੰ ਮੁੱਖ ਰੱਖ ਕੇ ਕਰੋ। ਆਪਣੀ ਕਬੀਲਦਾਰੀ ਨੂੰ ਸਮਝੋ। ਏਸੇ ਕਰ ਕੇ ਭੈਣਾਂ ਆਪਣੇ ਵੀਰਾਂ ਨੂੰ ਕਬੀਲਦਾਰੀ ਦਾ ਵਾਸਤਾ ਪਾ ਕੇ ਖ਼ਰਚ ਘਟਾਉਣ, ਵਿਹਲੇ ਰਹਿ ਕੇ ਸ਼ੁਕੀਨੀਆਂ ਲਾਉਣ, ਚਾਦਰੇ ਪਾਉਣ ਤੋਂ ਰੋਕਦੀਆਂ ਹੁਦੀਆਂ ਸਨ–

ਮੇਰਿਆ ਵੱਡਿਆ ਕਬੀਲਦਾਰਾ ਵੀਰਨਾ,
ਸਿੱਟਵਾ ਨਾ ਪਾਈਂ ਚਾਦਰਾ।

ਸਿੱਟਵਾਂ ਚਾਦਰਾ ਉਸ ਚਾਦਰੇ ਨੂੰ ਕਹਿੰਦੇ ਸਨ, ਜਿਹੜਾ ਅੱਡੀਆਂ ਤੋਂ ਹੇਠਾਂ ਤੱਕ ਪਾਇਆ ਜਾਂਦਾ ਸੀ। ਸਿੱਟਵੇਂ ਚਾਦਰੇ ਦਾ ਹੇਠਲਾ ਹਿੱਸਾ ਗਲੀ/ਬੀਹੀ ਦੀ ਮਿੱਟੀ ਨਾਲ ਲਿਬੜ ਜਾਂਦਾ ਸੀ। ਸਿੱਟਵੇਂ ਚਾਦਰੇ ਪਾਉਣ ਵਾਲੇ ਨੂੰ ਸਮਾਜ, ਭਾਈਚਾਰੇ ਵਿਚ ਵੀ ਚੰਗੀਆਂ ਨਜ਼ਰਾਂ ਨਾਲ ਨਹੀਂ ਵੇਖਿਆ ਜਾਂਦਾ ਸੀ।

ਚਾਦਰਾ ਤੇੜ, ਲੱਕ ਦੁਆਲੇ ਪਹਿਨਿਆਂ ਜਾਂਦਾ ਸੀ। ਪਰ ਕਈ ਵੇਰ ਇਹ ਥੋੜ੍ਹੀ ਸਰਦੀ ਸਮੇਂ ਉੱਤੇ ਲੈਣ ਅਤੇ ਧੁੱਪ ਤੋਂ ਬਚਣ ਲਈ ਵੀ ਉੱਤੇ ਲੈਣ ਦੇ ਕੰਮ ਆ ਜਾਂਦਾ ਸੀ –

ਸੁਣ ਨੀ ਕੁੜੀਏ ਨੱਚਣ ਵਾਲੀਏ,
ਨੱਚਦੀ ਬੰਨ੍ਹ ਕੇ ਘੇਰਾ।
ਧੁੱਪ ਵਿਚ ਤੂੰ ਨੱਚੇ ਕੁੜੀਏ,
ਸੜੇ ਕਾਲਜਾ ਮੇਰਾ।



ਨੀ ਜੇ ਤੈਨੂੰ ਧੁੱਪ ਲੱਗਦੀ,
ਲੈ ਲੈ ਚਾਦਰਾ ਮੇਰਾ।

ਲੋੜਾਂ ਆਪਣਾ ਰਾਹ ਆਪ ਲੱਭ ਲੈਂਦੀਆਂ ਹਨ। ਮਨੁੱਖੀ ਸੂਝ ਅਤੇ ਵਿਦਿਆ ਦੇ ਪਸਾਰ ਕਰ ਕੇ ਲੰਗੋਟੀ, ਲੁੰਗੀ, ਧੋਤੀ ਤੇ ਚਾਦਰੇ ਦੀ ਥਾਂ ਕੱਛਾ, ਨੀਕਰਾਂ, ਕਛਹਿਰਿਆਂ, ਪਜਾਮਿਆਂ ਅਤੇ ਪੈਂਟਾਂ ਨੇ ਲੈ ਲਈ ਹੈ। ਹੁਣ ਪੰਜਾਬ ਦਾ ਮੁੱਖ ਪਹਿਰਾਵਾ ਚਾਦਰਿਆਂ ਦੀ ਥਾਂ ਭਾਂਤ ਭਾਂਤ ਦੇ ਪਜਾਮੇ ਅਤੇ ਪੈਂਟਾਂ ਹਨ। ਹੁਣ ਹਰ ਇਸਤਰੀ ਪੁਰਸ਼ ਦੀ ਚੰਗੀ ਲੱਗਣ ਦੀ ਪ੍ਰਵਿਰਤੀ ਦਿਨੋ ਦਿਨ ਵੱਧ ਰਹੀ ਹੈ। ਅੱਜ ਜਿਸ ਕੋਲ ਸਿਹਤ ਹੈ, ਹੁਸਨ ਹੈ, ਜੁਆਨੀ ਹੈ, ਉਸ ਦੇ ਚੰਗੇ ਪਾਏ ਕਪੜੇ ਸੋਨੇ ’ਤੇ ਸੁਹਾਗੇ ਵਾਲਾ ਕੰਮ ਦਿੰਦੇ ਹਨ–

ਏਕ ਹੁਸਨ ਆਦਮੀ, ਹਜ਼ਾਰ ਹੁਸਨ ਕਪੜਾ।
ਲਾਖ ਹੁਸਨ ਜੇਵਰ, ਕਰੋੜ ਹੁਸਨ ਨਖਰਾ।

ਹੁਣ ਮਾਲਵੇ ਅਤੇ ਦੁਆਬੇ ਵਿਚ ਚਾਦਰੇ ਪਹਿਨੇ ਘੱਟ ਹੀ ਨਜ਼ਰ ਆਉਂਦੇ ਹਨ। ਮਾਝੇ ਵਿਚ ਅਜੇ ਵੀ ਪੁਰਾਣੇ ਬੁੜੇ ਚਾਦਰਾ ਪਾਉਂਦੇ ਹਨ। ਚਾਦਰੇ ਦਾ ਯੁੱਗ ਹੁਣ ਖ਼ਤਮ ਹੋਣ ਦੇ ਨੇੜੇ ਪੁੱਜ ਗਿਆ ਹੈ।

0

## ਤੁਰਲੇ ਵਾਲੀ ਪੱਗ

ਸਿਰ ਉਪਰ ਰੰਗਦਾਰ, ਸਫ਼ੈਦ ਜਾਂ ਛੀਂਟ ਦੇ ਬੰਨ੍ਹੇ ਕਪੜੇ ਨੂੰ ਪੱਗ, ਪੱਗੜੀ, ਸਾਫਾ ਜਾਂ ਦਸਤਾਰ ਕਹਿੰਦੇ ਹਨ। ਪੱਗ ਚਾਹੇ ਤੁਰਲੇ ਵਾਲੀ ਹੁੰਦੀ ਸੀ, ਚਾਹੇ ਬਗੈਰ ਤੁਰਲੇ ਤੋਂ, ਪਰ ਇਹ ਪੰਜਾਬੀਆਂ ਦੀ ਪਛਾਣ ਦੀ ਪ੍ਰਤੀਕ ਹੁੰਦੀ ਸੀ/ਹੈ। ਪੱਗ ਦੀ ਰਾਖੀ ਲਈ ਕਤਲ ਤੱਕ ਹੋ ਜਾਂਦੇ ਸਨ। ਇਸ ਦਾ ਸਾਈਜ਼ ਆਮ ਤੌਰ ਤੇ 4 ਮੀਟਰ ਤੋਂ ਲੈ ਕੇ 9 ਮੀਟਰ ਤੱਕ ਹੁੰਦਾ ਹੈ। ਪਹਿਲਾਂ ਪਹਿਲਾਂ ਪੱਗਾਂ ਬਗੈਰ ਮਾਵਾ ਲਾਏ ਤੋਂ ਬੰਨ੍ਹੀਆਂ ਜਾਂਦੀਆਂ ਸਨ। ਫਿਰ ਵਿਆਹ, ਸ਼ਾਦੀਆਂ, ਮੇਲਿਆਂ ਤੇ ਹੋਰ ਸਮਾਗਮਾਂ ਤੇ ਮਾਵਾ ਲਾ ਕੇ ਪੱਗ ਬੰਨ੍ਹਣ ਦਾ ਯੁੱਗ ਆ ਗਿਆ। ਜਦ ਸਮਾਜ ਵਿਚ ਹੋਰ ਜਾਗਰੂਪਤਾ, ਤਰੱਕੀ ਹੋਈ, ਫਿਰ ਮਾਵਾ ਲਾ ਕੇ ਪੱਗ ਬੰਨ੍ਹਣਾ ਆਮ ਹੋ ਗਿਆ। ਵਿਆਹ ਸ਼ਾਦੀਆਂ, ਸਹੁਰੇ ਜਾਣ ਸਮੇਂ ਫਿਰ ਤੁਰਲੇ ਵਾਲੀ/ਟੌਹਰੇ ਵਾਲੀ ਪੱਗ ਬੰਨ੍ਹਣ ਤੇ ਗਲ ਵਿਚ ਸੋਨੇ ਦਾ ਕੈਂਠਾ ਪਾਉਣ ਦਾ ਯੁੱਗ ਆਇਆ। ਸਾਡੇ ਸਿਰਮੌਰ ਕਵੀ ਪ੍ਰੋ: ਮੋਹਨ ਸਿੰਘ ਨੇ ਆਪਣੀ ਇਕ ਕਵਿਤਾ ਵਿਚ ਤੁਰਲੇ/ਸ਼ਮਲੇ ਵਾਲੇ ਮਾਹੀ ਦੀ ਉਡੀਕ ਕਰਦੀ ਵਹੁਟੀ ਦਾ ਕਿੰਨਾ ਸੋਹਣਾ ਵਰਨਣ ਕੀਤਾ ਹੈ –

ਸਰਘੀ ਵੇਲੇ ਸੁਫਨਾ ਡਿੱਠਾ,
ਮੇਰੇ ਮਾਹੀ ਆਉਣਾ ਅੱਜ ਨੀ।



Academy of the Punjab in North America: http://www.apnaorg.com

ਪਈ ਚੜ੍ਹਾਂ ਮੈਂ ਮੁੜ ਮੁੜ ਕੋਠੇ,
ਕਰ ਕਰ ਲੱਖਾਂ ਪੱਜ ਨੀ।
ਧੜਕੂੰ ਧੜਕੂੰ ਕੋਠੀ ਕਰਦੀ,
ਫੜਕੂੰ ਫੜਕੂੰ ਰਗ ਨੀ।
ਕਦੋਂ ਢੱਕੀਓਂ ਉੱਚੀ ਹੋਸੀ,
ਉਹ ਸ਼ਮਲੇ ਵਾਲੀ ਪੱਗ ਨੀ।

ਪੱਗ ਦੇ ਜਿਸ ਲੜ ਦਾ ਤੁਰਲਾ/ਟੌਹਰਾ ਛੱਡਣਾ ਹੁੰਦਾ ਸੀ, ਉਸ ਨੂੰ ਬਹੁਤਾ ਮਾਵਾ ਦਿੱਤਾ ਜਾਂਦਾ ਸੀ। ਸਾਰੀ ਪੱਗ ਬੰਨ੍ਹ ਕੇ ਆਖਰ ਵਾਲੇ ਲੜ ਦਾ ਤੁਰਲਾ/ਟੌਹਰਾ/ਸ਼ਮਲਾ ਛੱਡਿਆ ਜਾਂਦਾ ਸੀ। ਪੁਰਾਣੇ ਸਮਿਆਂ ਵਿਚ ਸਾਰੇ ਕਰਮਚਾਰੀ ਹੀ ਪੱਗ ਬੰਨ੍ਹਦੇ ਸਨ। ਮਿਲਟਰੀ ਦੀ ਆਪਣੀ ਨਿਰਧਾਰਤ ਰੰਗ ਦੀ ਪੱਗ ਹੁੰਦੀ ਹੈ। ਠਾਣੇਦਾਰ ਦੀ ਵਰਦੀ ਵਿਚ ਤੁਰਲੇ/ਟੌਹਰੇ ਵਾਲੀ ਪੱਗ ਬੰਨ੍ਹਣਾ ਨੀਯਤ ਕੀਤਾ ਹੁੰਦਾ ਹੈ। ਗਾਉਣ ਵਾਲੇ ਵੀ ਚਿੱਟੀ ਤੁਰਲੇ ਵਾਲੀ ਪੱਗ ਬੰਨ੍ਹਦੇ ਸਨ।



ਪੁਰਾਣੇ ਸਮਿਆਂ ਵਿਚ ਸਾਰੀਆਂ ਸ਼੍ਰੇਣੀਆਂ ਹੀ ਆਮ ਤੌਰ ਤੇ ਪੱਗ ਬੰਨ੍ਹਦੀਆਂ ਸਨ। ਪਹਿਲਾਂ ਚਿੱਟੀਆਂ ਪੱਗਾਂ ਹੁੰਦੀਆਂ ਸਨ, ਫਿਰ ਛੀਂਟ ਅਤੇ ਪੱਗਾਂ ਰੰਗਣ ਦਾ ਰਿਵਾਜ ਹੋ ਗਿਆ। ਉਨ੍ਹਾਂ ਸਮਿਆਂ ਵਿਚ ਮੌਸਮ ਅਨੁਸਾਰ ਵੀ ਪੱਗਾਂ ਰੰਗਣ ਦਾ ਰਿਵਾਜ ਸੀ। ਸਾਰਾ ਕੰਮ ਲਲਾਰੀ ਕਰਦੇ ਸਨ। ਟਸਰੀ ਦੀ ਪੱਗ ਵੀ ਬਹੁਤ ਮਸ਼ੂਹਰ ਹੁੰਦੀ ਸੀ। ਇਹ ਖ਼ਾਸ ਖ਼ਾਸ ਮੌਕਿਆਂ ਤੇ ਹੀ ਬੰਨ੍ਹੀ ਜਾਂਦੀ ਸੀ। ਇਹ ਮਹਿੰਗੀ ਪੱਗ ਹੁੰਦੀ ਸੀ। ਏਸ ਲਈ ਜਦ ਕਿਸੇ ਦੇ ਘਰ ਲੜਕੀ ਪੈਦਾ ਹੋ ਜਾਂਦੀ ਸੀ ਤਾਂ ਟਸਰੀ ਦੀ ਪੱਗ ਬੰਨ੍ਹਣ ਵਾਲੇ ਨੂੰ ਲੜਕੀ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਾ ਕੇ ਟਸਰੀ ਦੀ



ਪੱਗ ਤੇ ਵੀ ਖ਼ਰਚ ਕਰਨ ਤੋਂ ਸੰਕੋਚ ਕਰਨ ਲਈ ਕਿਹਾ ਜਾਂਦਾ ਸੀ –

ਧੀ ਜੰਮ ਪਈ,
ਜਵਾਈ ਵਾਲਾ ਹੋ ਗਿਆ,
ਟਸਰੀ ਨਾ ਬੰਨ੍ਹ ਵੀਰਨਾ।

ਜਦ ਬਾਬਾ ਰਾਮ ਸਿੰਘ ਨੇ ਕੂਕਿਆਂ ਦੀ ਲਹਿਰ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਲਈ ਚਿੱਟਾ ਪਹਿਰਾਵਾ ਅਤੇ ਚਿੱਟੀ ਗੋਲ ਪੱਗ ਬੰਨ੍ਹਣ ਦੀ ਹਦਾਇਤ ਕਰ ਦਿੱਤੀ ਜੋ ਉਨ੍ਹਾਂ ਦੇ ਅਨੁਆਈਆਂ ਦਾ ਅਨਿਖੜਵਾਂ ਸਰੂਪ ਬਣ ਗਿਆ ਹੈ। ਗੁਰੂ ਸਾਹਿਬ ਦੀਆਂ ਲਾਡਲੀਆਂ ਫੌਜਾਂ (ਨਿਹੰਗ ਸਿੰਘਾਂ) ਦੀਆਂ ਪੱਗਾਂ ਦੀ ਪਹਿਚਾਣ ਦੂਰੋਂ ਹੀ ਹੋ ਜਾਂਦੀ ਹੈ।

ਹੁਣ ਮਿੱਲਾਂ ਵਲੋਂ ਹੀ ਰੰਗਦਾਰ ਪੱਗਾਂ ਤਿਆਰ ਕੀਤੀਆਂ ਜਾਂਦੀਆਂ ਹਨ। ਕੋਈ ਸਮਾਂ ਸੀ ਜਦੋਂ ਐਫ 74 ਦੀ ਮਲਮਲ ਦੀ ਪੱਗ ਸਭ ਤੋਂ ਵਧੀਆ ਮੰਨੀ ਜਾਂਦੀ ਸੀ। ਚੀਰੇ ਵਾਲੀ ਪੱਗ ਦੀ ਵੀ ਕਿਸੇ ਸਮੇਂ ਚੜ੍ਹਤ ਰਹੀ ਹੈ। ਹਿੰਦੂਆਂ ਵਿਚ ਵਿਆਹ ਸਮੇਂ ਮੁੰਡੇ, ਕੁੜੀ ਦੇ ਪਿਤਾ, ਚਾਚੇ, ਤਾਏ, ਭਰਾਵਾਂ, ਜੀਜੇ ਤੇ ਹੋਰ ਨਜ਼ਦੀਕੀ ਰਿਸ਼ਤੇਦਾਰਾਂ ਦੇ ਗ਼ੁਲਾਬੀ ਪੱਗ ਬੰਨ੍ਹਣ ਦਾ ਬਹੁਤ ਰਿਵਾਜ ਰਿਹਾ ਹੈ। ਜੋ ਹੁਣ ਦਿਨੋ ਦਿਨ ਘਟ ਰਿਹਾ ਹੈ। ਮਾਲਵੇ, ਮਾਝੇ ਅਤੇ ਦੁਆਬੇ ਵਿਚ ਪੱਗ ਬੰਨ੍ਹਣ ਦਾ ਸਟਾਈਲ ਵੀ ਵਖਰਾ ਵਖਰਾ ਹੈ। ਪਟਿਆਲੇ ਸ਼ਾਹੀ ਪੱਗ ਬੰਨ੍ਹਣ ਦੀ ਮਸ਼ਹੂਰੀ ਅੱਜ ਵੀ ਹੈ।

ਪੱਗ ਨੂੰ ਇੱਜ਼ਤ, ਮਾਣ, ਸਵੈਮਾਣ, ਸਤਿਕਾਰ ਦਾ ਚਿੰਨ੍ਹ ਮੰਨਿਆ ਜਾਂਦਾ ਸੀ/ਹੈ। ਜੇਕਰ ਪਰਿਵਾਰ ਦਾ ਕੋਈ ਮੈਂਬਰ ਖੁਨਾਮੀ ਕਰ ਲੈਂਦਾ ਸੀ, ਤਾਂ ਕਿਹਾ ਜਾਂਦਾ ਸੀ ਕਿ ਇਸ ਨੇ ਪਰਿਵਾਰ ਦੀ ਚਿੱਟੀ ਪੱਗ (ਇੱਜ਼ਤ) ਨੂੰ ਦਾਗ਼ ਲਾ ਦਿੱਤਾ ਹੈ

ਲੰਬੜਾਂ ਨੇ ਜੱਟ ਕੁੱਟਿਆ,
ਨਾਲੇ ਲਾਹ ਲਿਆ ਟਸਰ ਦਾ ਚੀਰਾ।

ਲੜਕਾ ਜਦ ਆਪਣੀ ਪੱਗ ਬੰਨ੍ਹਣ ਯੋਗ ਆਪ ਹੋ ਜਾਂਦਾ ਸੀ ਤਾਂ ਮੁੰਡੇ ਦੇ ਨਾਨਕਿਆਂ ਵਲੋਂ ਪੱਗ ਦਿੱਤੀ ਜਾਂਦੀ ਸੀ। ਪਰਿਵਾਰ ਵਿਚ ਛੋਟਾ ਜਿਹਾ ਸਮਾਗਮ ਰਚਾ ਕੇ ਮੁੰਡੇ ਨੂੰ ਪੱਗ ਬੰਨ੍ਹਾਈ ਜਾਂਦੀ ਸੀ, ਜਿਸ ਨੂੰ ਦਸਤਾਰਬੰਦੀ ਕਹਿੰਦੇ ਸਨ। ਹੁਣ ਇਹ ਰਿਵਾਜ ਨਾ ਦੇ ਬਰਾਬਰ ਰਹਿ ਗਿਆ ਹੈ।

ਜਿਸ ਪਰਿਵਾਰ ਵਿਚ ਇਕੱਲਾ ਹੀ ਇਕ ਪੁਰਸ਼ ਹੁੰਦਾ ਸੀ, ਉਹ ਸਮਾਜ ਵਿਚ ਆਪਣੀ ਤਾਕਤ ਵਧਾਉਣ, ਰੁਤਬਾ ਵਧਾਉਣ ਲਈ ਆਪਣੇ ਕਿਸੇ ਜਿਗਰੀ ਯਾਰ ਨੂੰ ਆਪਣੀ ਪੱਗ ਦੇ ਕੇ ਉਸ ਤੋਂ ਪੱਗ ਆਪ ਲੈ ਕੇ ਪੱਗ ਵੱਟ ਭਰਾ ਬਣਾ ਲੈਂਦਾ ਸੀ। ਇਸ ਤਰ੍ਹਾਂ ਉਹ ਪੱਗ ਵੱਟ ਭਰਾ ਇਕ ਦੂਜੇ ਦੀ ਇੱਜ਼ਤ ਦੇ ਰਖਵਾਲੇ ਬਣ ਜਾਂਦੇ ਸਨ। ਸਮਾਜ ਵਿਚ, ਕਬੀਲਦਾਰੀਆਂ ਵਿਚ ਉਹ ਸਾਰੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਦੇ ਸਨ, ਜਿਵੇਂ ਕਿ ਇਕੋ ਮਾਂ ਦੇ ਪੇਟੋਂ ਜੰਮੇ ਭਰਾ ਪੂਰੀਆਂ ਕਰਦੇ ਸਨ। ਜਦ ਪਰਿਵਾਰ ਦੇ



Academy of the Punjab in North America: http://www.apnaorg.com

ਬੜੇ ਪੁਰਸ਼ ਦੀ ਮੌਤ ਹੋ ਜਾਂਦੀ ਹੈ ਤਾਂ ਮੌਤ ਦੇ ਭੋਗ ਪਿਛੋਂ ਉਸ ਦੇ ਲੜਕਿਆਂ ਨੂੰ ਉਨ੍ਹਾਂ ਦੇ ਸਹੁਰੇ ਅਤੇ ਹੋਰ ਰਿਸ਼ਤੇਦਾਰ ਪੱਗਾਂ ਦਿੰਦੇ ਹਨ, ਜਿਸ ਦਾ ਮਤਲਬ ਹੁੰਦਾ ਹੈ ਕਿ ਤੁਸੀਂ ਹੁਣ ਆਪਣੇ ਪਿਤਾ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਆਪ ਨਿਭਾਉਣੀਆਂ ਹਨ।

ਪੁਰਾਣੇ ਸਮਿਆਂ ਵਿਚ ਜਦ ਆਉਣ ਜਾਣ ਦੇ ਸਾਧਨ ਬਹੁਤੇ ਵਿਕਸਿਤ ਨਹੀਂ ਸਨ, ਲੋਕ ਪੈਦਲ ਹੀ ਸਫਰ ਕਰਦੇ ਸਨ। ਸਰਦੇ ਪੁੱਜਦੇ ਪਰਿਵਾਰਾਂ ਕੋਲ ਹੀ ਘੋੜੀਆਂ ਰੱਖੀਆਂ ਹੁੰਦੀਆਂ ਸਨ। ਜੇਕਰ ਨਵੇਂ ਵਿਆਹੇ ਮੁੰਡੇ ਕੋਲ ਘੋੜੀ ਨਹੀਂ ਹੁੰਦੀ ਸੀ ਤਾਂ ਉਸ ਦੀ ਸੱਜ-ਵਿਆਹੀ ਵਹੁਟੀ ਨੂੰ ਵੀ ਆਪਣੇ ਮਾਹੀ ਦੇ ਮਗਰ ਤੁਰ ਕੇ ਹੀ ਸਹੁਰੀਂ ਜਾਣਾ ਪੈਂਦਾ ਸੀ। ਵਹੁਟੀ ਵੀ ਜਵਾਨੀ ਦੇ ਜੋਸ਼ ਵਿਚ ਆ ਕੇ ਕਹਿ ਦਿੰਦੀ ਸੀ-

ਮੂਹਰੇ ਲੱਗ ਵੇ ਸੰਧੂਰੀ ਪੱਗ ਵਾਲਿਆ,
ਪਿਛੇ ਆਉਂ ਮੈਂ ਮੇਲ੍ਹਦੀ।
x x x
ਤੋਤੇ ਰੰਗੀ ਪੱਗ ਬੰਨ੍ਹ ਕੇ,
ਮੁੰਡਾ ਲੈ ਗਿਆ ਸਰ੍ਹੋਂ ਦੇ ਫੁੱਲ ਵਰਗੀ।

ਕਈ ਵੇਰ ਤੁਰਲਾ/ਸ਼ਮਲਾ/ਟੌਹਰਾ ਮੋਰ ਦੀ ਉਡਾਰੀ ਦਾ ਵੀ ਭੁਲੇਖਾ ਪਾ ਦਿੰਦਾ ਸੀ-

ਜਾਪੇ ਮੋਰ ਨੇ ਉਡਾਰੀ ਲਾਈ,
ਚੰਨਾ ਤੇਰਾ ਉੱਡੇ ਸ਼ਮਲਾ।

ਜੇਕਰ ਕਿਸੇ ਦੇ ਘਰ ਵਾਲੇ ਨੂੰ ਪੱਗ ਬੰਨ੍ਹਣੀ ਨਹੀਂ ਆਉਂਦੀ ਸੀ ਤਾਂ ਕਈ ਵੇਰ ਉਸ ਦੀ ਵਹੁਟੀ ਦੀ ਉਸ ਦੇ ਘਰ ਵਸਣ ਤੋਂ ਮੁਨਕਰ ਹੋਣ ਤੱਕ ਦੀ ਵੀ ਨੌਬਤ ਆ ਜਾਂਦੀ ਸੀ-

ਉਹਦੇ ਘਰ ਨਹੀਂ ਵਸਣਾ,
ਜੀਹਨੂੰ ਪੱਗ ਬੰਨ੍ਹਣੀ ਨਾ ਆਵੇ।

ਹੁਣ ਤਾਂ ਜੱਟਾਂ ਤੇ ਹੋਰ ਸਾਰੀਆਂ ਸ਼੍ਰੇਣੀਆਂ ਦੇ ਬਹੁਤੇ ਬੱਚੇ ਮੂੰਹ ਸਿਰ ਮੁਨਾਈ ਜਾਂਦੇ ਹਨ। ਜਿਨ੍ਹਾਂ ਬੱਚਿਆਂ ਦੇ ਕੇਸ ਰੱਖੇ ਵੀ ਹੁੰਦੇ ਹਨ, ਉਹ ਬਹੁਤੇ ਸਿਰ ਉਪਰ ਪਟਕਾ ਬੰਨ੍ਹਦੇ ਹਨ। ਪਿੰਡਾਂ ਵਿਚ ਖੇਤੀ ਕਰਨ ਵਾਲੇ ਬਹੁਤੇ ਜ਼ਿਮੀਂਦਾਰ ਤੇ ਹੋਰ ਸ਼੍ਰੇਣੀਆਂ ਵਾਲੇ ਸਿਰ ਉਪਰ ਸਾਫੀ/ਪਰਨਾ, ਜਿਹੜਾ ਕਿ ਆਮ ਤੌਰ 'ਤੇ ਦੋ ਢਾਈ ਮੀਟਰ ਦਾ ਹੁੰਦਾ ਹੈ ਤੇ ਚਾਰ ਖ਼ਾਨੇ ਦਾ ਬਣਿਆ ਹੁੰਦਾ ਹੈ, ਸਿਰ ਉਪਰ ਬੰਨ੍ਹਦੇ ਹਨ। ਸਿਰ ਦਾ ਵਿਚਕਾਰਲਾ ਹਿੱਸਾ ਆਮ ਤੌਰ 'ਤੇ ਨੰਗਾ ਹੀ ਛੱਡਿਆ ਹੁੰਦਾ ਹੈ।

ਹੁਣ ਖ਼ਾਲਸਾ ਸਕੂਲਾਂ ਵਿਚ ਹੀ ਵਿਦਿਆਰਥੀਆਂ ਲਈ ਪੱਗਾਂ ਬੰਨ੍ਹਣਾ ਲਾਜ਼ਮੀ



ਕੀਤਾ ਹੋਇਆ ਹੈ। ਇਸੇ ਤਰ੍ਹਾਂ ਹੀ ਜਿਹੜੇ ਅੰਮ੍ਰਿਤ ਛਕ ਲੈਂਦੇ ਹਨ, ਉਹ ਪੱਗ ਬੰਨ੍ਹਦੇ ਹਨ। ਹੁਣ ਸਟੇਜਾਂ ਤੇ ਭੰਗੜਾ ਪਾ ਰਹੇ ਕਲਾਕਾਰਾਂ ਦੇ ਹੀ ਤੁਰਲੇ ਵਾਲੀਆਂ ਪੱਗਾਂ ਬੰਨ੍ਹੀਆਂ ਹੁੰਦੀਆਂ ਹਨ। ਕਈ ਸਿਖ ਸੰਸਥਾਵਾਂ ਬੱਚਿਆਂ ਦੇ ਪੱਗ ਬੰਨ੍ਹਣ ਦੇ ਮੁਕਾਬਲੇ ਕਰਵਾਉਂਦੀਆਂ ਹਨ। ਹੁਣ ਪੱਗ ਬੰਨ੍ਹਣ ਦਾ ਰਿਵਾਜ ਦਿਨੋ ਦਿਨ ਘੱਟ ਰਿਹਾ ਹੈ। ਤੁਰਲੇ/ਟੌਹਰੇ/ਸ਼ਮਲੇ ਵਾਲੀ ਪੱਗ ਤਾਂ ਹੁਣ ਕਿਤੇ ਕਿਤੇ ਹੀ ਨਜ਼ਰ ਆਉਂਦੀ ਹੈ। ਪਹਿਲਾਂ ਜਿਥੇ ਸੱਜ-ਵਿਆਹੀ ਮੁਟਿਆਰ ਆਪਣੇ ਬਾਂਕੇ ਪਤੀ ਦੀ ਪਛਾਣ 'ਮਾਹੀ ਮੇਰਾ ਤੁਰਲੇ ਵਾਲਾ' ਕਹਿ ਕੇ ਕਰਾਉਂਦੀ ਹੁੰਦੀ ਸੀ, ਉਥੇ ਹੁਣ ਵਾਲੀ ਨਵੀਂ ਵਹੁਟੀ ਤਾਂ ਵੱਧ ਤੋਂ ਵੱਧ ਇਹ ਹੀ ਕਹਿ ਸਕਦੀ ਹੈ 'ਮਾਹੀ ਤਾਂ ਮੇਰਾ ਮੂੰਹ ਸਿਰ ਮੁੰਨਾ'। ਪਸੰਦ ਤਾਂ ਹਰ ਇਕ ਦੀ ਆਪਣੀ ਆਪਣੀ ਹੁੰਦੀ ਹੈ।

0

## ਰੁਮਾਲ

ਕਿਸੇ ਸਮੇਂ ਪਰਨਾ ਰੁਮਾਲ ਦਾ ਕੰਮ ਵੀ ਦਿੰਦਾ ਸੀ। ਉਨ੍ਹਾਂ ਸਮਿਆਂ ਵਿਚ ਰਿਸ਼ਤੇਦਾਰੀ, ਵਿਆਹ, ਮੇਲੇ ਜਾਂ ਕਿਸੇ ਹੋਰ ਸਮਾਗਮ ਵਿਚ ਜਾਣ ਸਮੇਂ ਹਰ ਬੰਦੇ ਦੇ ਮੋਢੇ ਉਪਰ ਪਰਨਾ ਰੱਖਿਆ ਹੁੰਦਾ ਸੀ। ਪਰਨੇ ਨੂੰ ਕਈ ਇਲਾਕਿਆਂ ਵਿਚ ਮੁਕਾ, ਸਾਫੀ ਤੇ ਸਮੋਸਾ ਵੀ ਕਿਹਾ ਜਾਂਦਾ ਸੀ। ਪਰਨਾ ਆਮ ਤੌਰ 'ਤੇ ਦੋ ਕੁ ਗਜ਼ ਦਾ ਚਾਰਖਾਨੇ ਕਪੜੇ ਦਾ ਬਣਿਆ ਹੁੰਦਾ ਸੀ। ਇਹ ਬਹੁ-ਮੰਤਵੀ ਕੰਮ ਦਿੰਦਾ ਸੀ। ਇਸ ਲਈ ਮੰਜ਼ਲ 'ਤੇ ਪਹੁੰਚਣ ਤੇ ਲੋਕ ਏਸ ਪਰਨੇ ਨੂੰ ਲੱਤਾਂ, ਬਾਹਾਂ ਤੇ ਮੂੰਹ ਤੇ ਪਈ ਮਿੱਟੀ ਨੂੰ ਪੂੰਝਣ, ਝਾੜਨ ਲਈ ਵਰਤਦੇ ਸਨ। ਜਨਾਨੀਆਂ ਆਪਣੀ ਚੁੰਨੀ ਵਰਤ ਲੈਂਦੀਆਂ ਸਨ। ਪਰਨੇ ਨੂੰ ਤੇੜ ਪਾ ਕੇ ਪਿੰਡੇ ਵੀ ਨ੍ਹਾਉਂਦੇ ਸਨ। ਉਨ੍ਹਾਂ ਸਮਿਆਂ ਵਿਚ ਗੁਸਲਖ਼ਾਨੇ ਨਹੀਂ ਹੁੰਦੇ ਸਨ। ਬਾਹਰ ਵਿਹੜਿਆਂ ਵਿਚ ਹੀ ਨ੍ਹਾਉਂਦੇ ਸਨ।





Academy of the Punjab in North America: http://www.apnaorg.com

ਜਿਉਂ ਜਿਉਂ ਲੋਕਾਂ ਦੀ ਸੂਝ ਵਧਦੀ ਗਈ, ਆਮਦਨ ਵਧਦੀ ਗਈ, ਰਹਿਣ-ਸਹਿਣ, ਪਹਿਨਣ ਵਿਚ ਤਰੱਕੀ ਹੁੰਦੀ ਗਈ। ਲੋਕਾਂ ਨੇ ਬਾਹਰ ਅੰਦਰ ਜਾਣ ਸਮੇਂ ਪਰਨੇ ਦੀ ਵਰਤੋਂ ਕਰਨੀ ਛੱਡ ਦਿੱਤੀ। ਰੁਮਾਲਾਂ ਦੀ ਵਰਤੋਂ ਕਰਨ ਲੱਗੇ। ਪਹਿਲੇ ਸਮਿਆਂ ਵਿਚ ਦਰਜੀ ਦੇ ਕੱਪੜੇ ਸੀਣ ਪਿਛੋਂ ਜੋ ਵੱਡੀਆਂ ਲੀਰਾਂ ਬਚ ਰਹਿੰਦੀਆਂ ਸਨ, ਉਨ੍ਹਾਂ ਦੇ ਰੁਮਾਲ ਬਣਾ ਲਏ ਜਾਂਦੇ ਸਨ। ਜਿਉਂ ਜਿਉਂ ਵੰਨ-ਸੁਵੰਨੇ ਕਪੜੇ ਲੋਕ ਪਹਿਨਣ ਲੱਗੇ, ਉਸ ਸਮੇਂ ਰੰਗਦਾਰ ਕਪੜਿਆਂ ਦੇ ਰੁਮਾਲ ਬਣਨ ਲੱਗੇ। ਰੁਮਾਲ ਦਾ ਸਾਈਜ਼ ਆਮ ਤੌਰ 'ਤੇ 10/12 ਇੰਚ ਦਾ ਵਰਗਾਕਾਰ ਹੁੰਦਾ ਸੀ, ਜਿਸ ਨੂੰ ਚਾਰੇ ਪਾਸਿਆਂ ਤੋਂ ਮਸ਼ੀਨ ਫੇਰ ਕੇ ਲੇੜ੍ਹਿਆ ਜਾਂਦਾ ਸੀ।

ਹੌਲੀ ਹੌਲੀ ਰੁਮਾਲ ਪਹਿਰਾਵੇ ਦੇ ਹਿੱਸੇ ਦੇ ਨਾਲ ਨਾਲ ਸ਼ੁਕੀਨੀ ਦਾ, ਵਿਸ਼ੇਸ਼ ਤੌਰ 'ਤੇ ਮੁਟਿਆਰਾਂ ਦੀ ਸ਼ੁਕੀਨੀ ਦਾ ਅੰਗ ਬਣ ਗਿਆ। ਉਨ੍ਹਾਂ ਸਮਿਆਂ ਦੀ ਮੁਟਿਆਰ ਦੀ ਸ਼ੁਕੀਨੀ, ਸ਼ਿੰਗਾਰ ਵਿਚ ਰੁਮਾਲ, ਹੱਥਾਂ ਵਿਚ ਚੂੜੀਆਂ, ਅੱਖਾਂ ਵਿਚ ਸੁਰਮਾ/ਕਜਲਾ ਹੁੰਦਾ ਸੀ -

ਨੈਣੀਂ ਕਜਲਾ,
ਬਾਹਾਂ ਦੇ ਵਿਚ ਚੂੜੀਆਂ,
ਹੱਥ 'ਚ ਰੁਮਾਲ ਰੱਖਦੀ,
ਪੱਟੀ ਸ਼ੌਕ ਦੀ,
ਹੱਥ 'ਚ ਰੁਮਾਲ ਰੱਖਦੀ।

ਕਈ ਮੁਟਿਆਰਾਂ ਤਾਂ ਰੁਮਾਲ ਖਰੀਦਣ ਲਈ ਹੀ ਆਪਣੇ ਮਾਹੀ ਨਾਲ ਬਾਜ਼ਾਰ ਜਾਂਦੀਆਂ ਸਨ -

ਚੱਲ ਜਿੰਦੂਆ ਵੇ ਚਲ ਚੱਲੀਏ ਬਾਜ਼ਾਰ,
ਜਿੱਥੇ ਨੇ ਵਿਕਦੇ ਰੁਮਾਲ।
ਹਾੜ੍ਹਾ ਵੇ ਜਿੰਦੂਆ ਬੁਰਾ ਵਿਛੋੜਾ,
ਲੈ ਚੱਲ ਆਪਣੇ ਨਾਲ।

ਸਮੇਂ ਦੇ ਗੁਜ਼ਰਨ ਨਾਲ ਪਾਪਲੀਨ ਦੇ ਸਫ਼ੈਦ ਤੇ ਹਲਕੇ ਰੰਗਾਂ ਦੇ ਕੱਪੜਿਆਂ ਦੇ ਰੁਮਾਲਾਂ ਨੂੰ ਹੱਥ ਨਾਲ ਕੱਢਣ ਦਾ ਰਿਵਾਜ ਤੁਰ ਪਿਆ। ਜ਼ਿਆਦਾ ਰੁਮਾਲਾਂ ਵਿਚ ਆਮ ਤੌਰ 'ਤੇ ਇਕ ਕੋਨੇ ਵਿਚ ਹੀ ਬੂਟੀ ਪਾਈ ਜਾਂਦੀ ਸੀ। ਕੋਈ ਕੋਈ ਰੁਮਾਲ ਦੇ ਚਾਰੇ ਕੋਨਿਆਂ ਤੇ ਵੀ ਬੂਟੀਆਂ ਪਾਈਆਂ ਜਾਂਦੀਆਂ ਸਨ। ਕਈ ਰੁਮਾਲਾਂ ਨੂੰ ਚਾਰੇ ਪਾਸਿਆਂ ਤੋਂ ਕੱਢ ਕੇ ਵਿਚਾਲੇ ਇਕ ਫੁਲ, ਬੂਟੀ ਪਾ ਦਿੱਤੀ ਜਾਂਦੀ ਸੀ। ਏਸ ਤਰ੍ਹਾਂ ਕਈ ਕਿਸਮਾਂ ਦੇ ਰੁਮਾਲ ਕੱਢੇ ਜਾਂਦੇ ਸਨ। ਇਨ੍ਹਾਂ ਰੁਮਾਲਾਂ ਨੂੰ ਹੱਥਾਂ ਨਾਲ ਹੀ ਲੇੜ੍ਹਿਆ/ਤਰਪਾਈ ਕੀਤੀ ਜਾਂਦੀ ਸੀ। ਕਈ ਵੇਰ ਤਰਪਾਈ ਉਪਰ ਵੀ ਭਾਂਤ ਭਾਂਤ



ਦੇ ਡੀਜ਼ਾਈਨ ਪਾਏ ਜਾਂਦੇ ਸਨ। ਕਰੋਸ਼ੀਏ ਨਾਲ ਵੀ ਰੁਮਾਲ ਬੁਣੇ ਜਾਂਦੇ ਸਨ। ਕਰੋਸ਼ੀਏ ਨਾਲ ਬੁਣੇ ਹੋਏ ਰੁਮਾਲ ਆਮ ਤੌਰ 'ਤੇ ਥਾਲਾਂ ਨੂੰ ਢਕਣ ਲਈ ਹੀ ਵਰਤੇ ਜਾਂਦੇ ਸਨ। ਕਰੋਸ਼ੀਏ ਵਾਲੇ ਛੋਟੇ ਰੁਮਾਲ ਤੇ ਦੂਸਰੇ ਛੋਟੇ ਰੁਮਾਲ ਛੋਟੇ ਬੱਚਿਆਂ ਦੇ ਜੂੜਿਆਂ ਉਪਰ ਬੰਨ੍ਹਣ ਦਾ ਰਿਵਾਜ ਵੀ ਸੀ। ਹੱਥ ਨਾਲ ਕੱਢੇ ਰੁਮਾਲਾਂ ਨੂੰ ਪਿਆਰ ਦੀ ਨਿਸ਼ਾਨੀ ਵਜੋਂ ਵੀ ਵਰਤਿਆ ਜਾਂਦਾ ਸੀ -

ਹੱਥੀਂ ਕੱਢ ਕੇ ਰੁਮਾਲ ਨਿਸ਼ਾਨੀ,
ਨੀ ਦੇ ਜਾਹ ਮਿੱਤਰਾਂ ਨੂੰ।

ਰੁਮਾਲ ਦੀ ਕਢਾਈ ਦੇ ਨਾਲ ਨਾਲ ਕਈ ਮੁਟਿਆਰਾਂ ਆਪਣੇ ਪਤੀ/ਪ੍ਰੇਮੀ ਦਾ ਨਾਂ ਵੀ ਰੁਮਾਲਾਂ ਤੇ ਕੱਢਦੀਆਂ ਹੁੰਦੀਆਂ ਸਨ -

ਨੀ ਮੈਂ ਕੱਢਦੀ ਰੁਮਾਲ ਉਤੇ ਬੂਟੀਆਂ,
ਸੱਜਣਾਂ ਦਾ ਨਾਂ ਲਿਖਦੀ।
x x x
ਸਾਨੂੰ ਦੇ ਕੇ ਰੁਮਾਲ ਨਿਸ਼ਾਨੀ,
ਆਪ ਬਹਿ ਗਈ ਡੋਲੀ ਚੜ੍ਹ ਕੇ।

ਹਰ ਨਵੀਂ ਵਿਆਹੀ ਵਹੁਟੀ ਦੀ ਇੱਛਾ ਹੁੰਦੀ ਸੀ ਕਿ ਉਸ ਦਾ ਪਤੀ ਵੱਧ ਤੋਂ ਵੱਧ ਸਮੇਂ ਉਸ ਦੇ ਨੇੜੇ ਰਹੇ। ਜਿਸ ਦਾ ਪਤੀ ਨੌਕਰੀ ਕਾਰਨ ਸਾਰਾ ਦਿਨ ਘਰੋਂ ਬਾਹਰ ਰਹਿੰਦਾ ਸੀ, ਉਸ ਸੱਜ-ਵਿਆਹੀ ਨੂੰ ਦਿਨ ਦਾ ਵਿਛੋੜਾ ਹੀ ਸਤਾਉਂਦਾ ਰਹਿੰਦਾ ਸੀ। ਇਸ ਲਈ ਵਿਹਲ, ਇਕੱਲਾਪਨ ਉਸ ਦੇ ਪਤੀ ਦੇ ਵਿਛੋੜੇ ਨੂੰ ਹੋਰ ਦੁਖਦਾਈ ਬਣਾ ਦਿੰਦਾ ਸੀ। ਇਸ ਤੋਂ ਛੁਟਕਾਰਾ ਪਾਉਣ ਲਈ ਕਈ ਵੇਰ ਨਵੀਂ ਵਹੁਟੀ ਆਪਣੀ ਸੱਸ/ਮਾਂ ਨੂੰ ਕਿਸੇ ਲਈ ਰੁਮਾਲ ਕੱਢਣ ਵਾਸਤੇ ਹੀ ਪੁੱਛ ਲੈਂਦੀ ਸੀ-

ਪੱਚੀਆਂ ਪਿੰਡਾਂ ਦਾ ਮੇਰਾ ਢੋਲ ਪਟਵਾਰੀ,
ਨਿੱਤ ਆਉਣਾ ਜਾਣਾ ਉਹਦਾ ਕੰਮ ਸਰਕਾਰੀ,
ਮੇਰਾ ਤਾਂ ਮੰਦੜਾ ਹਾਲ ਮਾਏ ਮੇਰੀਏ,
ਦੱਸ ਕੀਹਦਾ ਕੱਢਾਂ ਮੈਂ ਰੁਮਾਲ ਮਾਏ ਮੇਰੀਏ?

ਪਹਿਲੇ ਸਮਿਆਂ ਵਿਚ ਮੰਗਣੇ, ਵਿਆਹ ਸਮੇਂ ਜੋ ਥਾਲਾਂ ਵਿਚ ਮਠਿਆਈ, ਸੁੱਕੇ ਮੇਵੇ ਜਾਂ ਕੋਈ ਹੋਰ ਵਸਤ ਪਾਈ ਹੁੰਦੀ ਸੀ, ਉਨ੍ਹਾਂ ਥਾਲਾਂ ਨੂੰ ਬੂਟੀਆਂ ਵਾਲੇ ਰੇਸ਼ਮੀ ਰੁਮਾਲਾਂ ਨਾਲ ਢਕਿਆ ਜਾਂਦਾ ਸੀ-

ਥਾਲ ਉਤੇ ਰੁਮਾਲ ਵੇ ਅੜਿਆ,
ਥਾਲ ਉੱਤੇ ਰੁਮਾਲ ਚੀਰੇ ਵਾਲਿਆ।
ਵਿਚ ਚੰਬੇ ਦੀਆਂ ਵੇ ਡਲੀਆਂ,
ਇਹ ਖਿੜਿਆ ਗੁਲਜ਼ਾਰ ਵੇ ਅੜਿਆ।



Academy of the Punjab in North America: http://www.apnaorg.com

ਜਿਸ ਸੋਹਣੀ, ਸੁੰਦਰ, ਮਨਮੋਹਣੀ, ਰੇਸ਼ਮੀ ਰੁਮਾਲ ਵਰਗੀ ਮੁਟਿਆਰ ਨੂੰ ਕਿੱਕਰ ਦੇ ਜਾਤੂ ਵਰਗਾ ਪਤੀ ਮਿਲ ਜਾਂਦਾ ਸੀ, ਉਸ ਮੁਟਿਆਰ ਨੂੰ ਸਾਰੀ ਉਮਰ ਪਛਤਾਵਾ ਰਹਿੰਦਾ ਸੀ-

ਰੰਨ ਘਸ ਗਈ ਖੱਦਰ ਨਾਲ ਖਹਿ ਕੇ,
ਰੇਸ਼ਮੀ ਰੁਮਾਲ ਵਰਗੀ।

ਜਿਨ੍ਹਾਂ ਘੋੜੀਆਂ, ਊਠਾਂ ਤੇ ਬਰਾਤ ਜਾਂਦੀ ਸੀ, ਉਨ੍ਹਾਂ ਨੂੰ ਹੋਰ ਸ਼ਿੰਗਾਰ ਦੇ ਨਾਲ ਰੇਸ਼ਮੀ ਰੁਮਾਲਾਂ ਨਾਲ ਵੀ ਸ਼ਿੰਗਾਰਿਆ ਜਾਂਦਾ ਸੀ। ਬੰਨ੍ਹੀ ਜੰਞ ਛੁਡਾਉਣ ਵਾਲਾ ਜਾਨੀ ਥਾਲ ਵਿਚ ਪਰੋਸੀ ਰੋਟੀ ਉਪਰ ਰੇਸ਼ਮੀ ਰੁਮਾਲ ਦੇ ਕੇ ਜੰਨ ਛੁਡਾਉਂਦਾ ਹੁੰਦਾ ਸੀ।

ਅੱਜ ਸਾਰੀਆਂ ਲੜਕੀਆਂ ਪੜ੍ਹਦੀਆਂ ਹਨ। ਇਸ ਲਈ ਨਾ ਤਾਂ ਉਨ੍ਹਾਂ ਕੋਲ ਕਢਾਈ ਕਰਨ ਦਾ ਸਮਾਂ ਹੈ ਅਤੇ ਨਾ ਹੀ ਹੁਣ ਕਢਾਈ ਵਾਲੇ ਰੁਮਾਲਾਂ ਦਾ ਰਿਵਾਜ ਹੈ। ਹੁਣ ਬਾਜ਼ਾਰ ਵਿਚੋਂ ਭਾਂਤ ਭਾਂਤ ਦੇ ਮਸ਼ੀਨੀ ਬਣੇ ਰੁਮਾਲ ਲੋਕ ਆਪਣੀ ਪਸੰਦ ਅਨੁਸਾਰ ਖਰੀਦ ਲੈਂਦੇ ਹਨ।

0



# ਤਿਉਹਾਰ ਤੇ ਰਸਮਾਂ

## ਤੀਆਂ

ਤੀਆਂ ਕੁੜੀਆਂ ਦਾ ਮੁੱਖ ਤਿਉਹਾਰ ਹੁੰਦਾ ਸੀ। ਸਾਉਣ ਮਹੀਨੇ ਦੀ ਤੀਜ ਨੂੰ ਤੀਆਂ ਸ਼ੁਰੂ ਹੁੰਦੀਆਂ ਸਨ। ਤੀਆਂ ਖ਼ੁਸ਼ੀਆਂ ਦਾ ਤਿਉਹਾਰ ਹੁੰਦਾ ਸੀ। ਏਸੇ ਕਰ ਕੇ ਜਿਸ ਪਰਿਵਾਰ ਦੀਆਂ ਬਹੂ ਬੇਟੀਆਂ, ਮਰਦਾਂ ਦਾ ਸੋਹਣਾ, ਖ਼ੁਸ਼ੀਆਂ ਭਰਿਆ ਜੀਵਨ ਬਤੀਤ ਹੋ ਰਿਹਾ ਹੁੰਦਾ ਸੀ ਤਾਂ ਉਹ ਕਹਿੰਦੇ ਹੁੰਦੇ ਸਨ ਕਿ 'ਤੀਆਂ ਵਰਗੇ ਦਿਨ ਲੰਘ ਰਹੇ ਹਨ।' ਕੁਆਰੀਆਂ ਕੁੜੀਆਂ ਤਾਂ ਪਹਿਲਾਂ ਹੀ ਮਾਪਿਆਂ ਦੇ ਘਰ ਹੁੰਦੀਆਂ ਸਨ। ਵਿਆਹੀਆਂ ਹੋਈਆਂ ਕੁੜੀਆਂ ਨੂੰ ਉਨ੍ਹਾਂ ਦੇ ਵੀਰ ਸਹੁਰਿਆਂ ਤੋਂ ਲਿਆਉਣ ਲਈ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਜਾਣ ਆਉਣ ਦੇ ਸਾਧਨ ਬਹੁਤੇ ਵਿਕਸਿਤ ਨਹੀਂ ਸਨ। ਇਸ ਲਈ ਭੈਣਾਂ ਪਹਿਲਾਂ ਹੀ ਆਪਣੇ ਵੀਰਾਂ ਨੂੰ ਤੀਆਂ ਤੇ ਲਿਆਉਣ ਲਈ ਚਿਤਾਵਨੀਆਂ ਦਿੰਦੀਆਂ ਰਹਿੰਦੀਆਂ ਸਨ-

ਭਾਵੇਂ ਦੇਈਂ ਨਾ ਸੇਰ ਸੰਧਾਰਾ,
ਤੀਆਂ, ਗੁੱਗੇ ਸੱਦੀਂ ਵੀਰਨਾ।



ਪਹਿਲੇ ਸਮਿਆਂ ਵਿਚ ਪੰਡਤਾਂ ਦੇ ਵਹਿਮ-ਭਰਮ ਬਹੁਤ ਪਾਏ ਹੁੰਦੇ ਸਨ। ਨਵੀਆਂ ਵਿਆਹੀਆਂ ਨੂੰਹਾਂ ਤੇ ਸੱਸਾਂ ਦਾ ਸਾਉਣ ਮਹੀਨੇ 'ਕੱਠਾ ਰਹਿਣਾ ਮਾੜਾ, ਕਰੋਪੀ ਵਾਲਾ ਮਹੀਨਾ ਗਿਣਿਆ ਜਾਂਦਾ ਸੀ। ਏਸ ਲਈ ਵਿਆਹ ਤੋਂ ਪਿਛੋਂ ਪਹਿਲਾ ਸਾਉਣ ਮਹੀਨਾ ਪੇਕੇ ਘਰ ਕੱਟਣ ਦਾ ਵੀ ਇਕ ਰਿਵਾਜ ਸੀ। ਕਈਆਂ ਨੂੰ ਤੀਆਂ ਕਰ ਕੇ ਹੀ ਸਹੁਰਿਆਂ ਤੋਂ ਛੁੱਟੀ ਮਿਲਦੀ ਹੁੰਦੀ ਸੀ-



Academy of the Punjab in North America: http://www.apnaorg.com

ਚਿੱਟੀ ਕਪਾਹ ਦੀਆਂ ਚਿੱਟੀਆਂ ਨੇ ਫੁੱਟੀਆਂ,
ਚੜ੍ਹ ਗਿਆ ਸਾਉਣ ਮਿਲੀਆਂ ਸਹੁਰਿਆਂ ਤੋਂ ਛੁੱਟੀਆਂ।

ਜਿਸ ਦਾ ਵੀਰ ਤੀਆਂ ਨੂੰ ਲੈਣ ਨਹੀਂ ਆਉਂਦਾ ਸੀ, ਉਸ ਨੂੰ ਸੱਸ ਦੇ ਤਾਹਨੇ ਮਿਹਣੇ ਵੀ ਸੁਣਨੇ ਪੈਂਦੇ ਸਨ –

ਸੱਸ ਮਾਰਦੀ ਬੀਹੀ ਦੇ ਵਿਚ ਮਿਹਣੇ,
ਤੀਆਂ ਨੂੰ ਨਾ ਆਇਆ ਵੀਰਨਾ।

ਪੀਂਘ 'ਕੱਲੀਆਂ 'ਕੱਲੀਆਂ ਕੁੜੀਆਂ ਵੀ ਝੂਟਦੀਆਂ ਸਨ ਤੇ ਦੋ-ਦੋ ਵੀ। ਪੀਂਘ ਦੀਆਂ ਬੜੀਆਂ ਬੜੀਆਂ ਹੀਂਘਾਂ ਚੜ੍ਹਾਈਆਂ ਜਾਂਦੀਆਂ ਸਨ। ਪੀਂਘਾਂ ਹੁਲਾਰਾ ਵੀ ਦਿੰਦੀਆਂ ਸਨ-

ਮੇਰੀ ਪੀਂਘ ਨੇ ਹੁਲਾਰਾ ਦੇਣਾ,
ਹੋ ਜੋ ਦੂਰ ਕੁੜੀਓ!

ਝੂਟੇ ਵੀ ਗਿਣ-ਗਿਣ ਕੇ ਲਏ ਜਾਂਦੇ ਸਨ –

ਰਲ ਮਿਲ ਸਈਆਂ ਹੋਈਆਂ 'ਕੱਠੀਆਂ,
ਜਿਉਂ ਮੂਨਾਂ ਦੀਆਂ ਡਾਰਾਂ।
ਪਿੱਪਲ ਹੇਠਾਂ ਲੱਗਿਆ ਮੇਲਾ,
ਆਈਆਂ ਸਭ ਮੁਟਿਆਰਾਂ।
ਆਓ ਕੁੜੀਓ ਝੂਟੇ ਲੈ ਲਓ,
ਗਿਣ ਕੇ ਬਾਰਾਂ ਬਾਰਾਂ।
ਲੁੱਟ ਲਓ ਕੁੜੀਓ ਨੀ,
ਸਾਉਣ ਦੀਆਂ ਬਹਾਰਾਂ।

ਪੀਂਘਾਂ ਝੂਟਣ ਤੋਂ ਪਿਛੋਂ ਗਿੱਧੇ ਦੀ ਵਾਰੀ ਆਉਂਦੀ ਸੀ। ਇਕ ਗੋਲ ਘੇਰੇ ਵਿਚ ਕੁੜੀਆਂ 'ਕੱਠੀਆਂ ਹੋ ਜਾਂਦੀਆਂ ਸਨ। ਦੋ-ਦੋ ਕੁੜੀਆਂ ਵਾਰੀ ਵਾਰੀ ਘੇਰੇ ਦੇ ਅੰਦਰ ਹੋ ਕੇ ਨੱਚਣ ਲੱਗ ਜਾਂਦੀਆਂ ਸਨ। ਬਾਕੀ ਕੁੜੀਆਂ ਵਾਰੀ ਵਾਰੀ ਬੋਲੀਆਂ ਪਾਉਂਦੀਆਂ ਸਨ। ਕੋਈ ਕੁੜੀ ਆਪਣੇ ਨਿਆਣੇ ਕੰਤ ਦੇ ਝੋਰੇ ਦੇ ਦੁੱਖ ਰੋਂਦੀ ਸੀ-

ਜੇ ਮਾਏ ਕੁਝ ਦਿਸਦਾ ਹੋਵੇ,
ਕਰਾਂ ਅੰਦੇਸਾ ਥੋੜ੍ਹਾ।
ਖੁੱਦੋ ਖੂੰਡੀ ਫਿਰੇ ਖੇਡਦਾ,
ਘਰ ਨੂੰ ਨਾ ਕਰਦਾ ਮੋੜਾ।
ਰੋਹੂ ਦਾ ਕਿੱਲਾ ਮਾਲਕ ਮੇਰਾ,
ਨਹੀਂ ਟਾਹਲੀ ਦਾ ਪੋਰਾ।
ਕੰਤ ਨਿਆਣੇ ਦਾ,



ਖਾ ਗਿਆ ਹੱਡਾਂ ਨੂੰ ਝੋਰਾ।

ਕੰਤ ਨਿਆਣਾ ਹੈ, ਘਰ ਵਿਚ ਉਸ ਦੀ ਨਹੀਂ ਚਲਦੀ। ਘਰ ਵਿਚ ਜੇਠ ਤੇ ਜੇਠਾਣੀ ਦੀ ਚਲਦੀ ਹੈ। ਸਰਦਾਰੀ ਜੇਠਾਣੀ ਦੀ ਹੈ ਤੇ ਕਾਰੋਬਾਰ ਸਾਰਾ ਦਰਾਣੀ ਕਰਦੀ ਹੈ –

ਪਹਿਲੀ ਵਾਰ ਮੈਂ ਆਈ ਸਹੁਰੇ,
ਬਣ ਗਈ ਸਭ ਤੋਂ ਨਿਮਾਣੀ।
ਦੁੱਧ ਵਾਧ ਮੈਂ ਸਾਰਾ ਸਾਂਭਦੀ,
ਨਾਲੇ ਭਰਦੀ ਪਾਣੀ।
ਦਿਨ ਚੜ੍ਹ ਜਾਏ ਮੈਨੂੰ ਜਾਗ ਨਾ ਆਏ,
ਮਾਰੇ ਬੋਲ ਜਠਾਣੀ।
ਉਠ ਕੇ ਕੰਮ ਕਰ ਲੈ,
ਪਈ ਆ ਮੂੰਗੀਆ ਤਾਣੀ।

ਕੋਈ ਕੁੜੀ ਆਪਣੀ ਕੁਪੱਤੀ ਸੱਸ ਦੀ ਭੜਾਸ ਬੋਲੀਆਂ ਰਾਹੀਂ ਕੱਢਦੀ ਸੀ। ਕੋਈ ਸਿਪਾਹੀ ਨੂੰ ਛੁੱਟੀ ਨਾ ਮਿਲਣ ਦਾ ਝੋਰਾ ਕਰਦੀ ਸੀ। ਕੋਈ ਦੂਰ ਗਏ ਮਾਹੀ ਦੇ ਦੁੱਖ ਇਨ੍ਹਾਂ ਬੋਲੀਆਂ ਰਾਹੀਂ ਰੋਂਦੀ ਸੀ। ਜਿਹੜੀਆਂ ਕੁੜੀਆਂ ਬੋਲੀ ਪਾਉਣ ਤੇ ਗਿੱਧੇ ਵਿਚ ਨੱਚਣ ਤੋਂ ਟਾਲ ਮਟੋਲ ਕਰਦੀਆਂ ਸਨ, ਉਨ੍ਹਾਂ ਨੂੰ ਵੀ ਟਕੋਰਾਂ ਲਾਈਆਂ ਜਾਂਦੀਆਂ ਸਨ-

ਕੁੜੀਆਂ ਚਿੜੀਆਂ ਹੋਈਆਂ 'ਕੱਠੀਆਂ,
ਸਭ ਤੋਂ ਚੜ੍ਹਦੀ ਨੂਰੀ।
ਆਪੋ ਵਿਚ ਦੀ ਗੱਲਾਂ ਕਰਦੀਆਂ,
ਹੁੰਦੀਆਂ ਘੂਰਮ ਘੂਰੀ।
ਉਮਰੀ ਬਾਝ ਗਿੱਧਾ ਨਹੀਂ ਪੈਂਦਾ,
ਆਊ ਤਾਂ ਪੈ ਜਾਊ ਪੂਰੀ।
ਰਾਣੀ ਕੁੜੀ ਨੂੰ ਸੱਦਾ ਭੇਜੋ,
ਜਿਹੜੀ ਨਿੱਤ ਮਲਦੀ ਕਸਤੂਰੀ।
ਪੰਜ ਸੇਰ ਮੱਠੀਆਂ ਖਾ ਗਈ ਹੁਕਮੀ,
ਕਰੇ ਨਾ ਸਬਰ ਸਬੂਰੀ।
ਬਾਂਦਰ ਵਾਂਗ ਟਪਦੀ ਮਾਲਣ,
ਖਾਣ ਨੂੰ ਮੰਗਦੀ ਚੂਰੀ।
ਲੱਛੀ ਆਈ ਨਹੀਂ,
ਨਾ ਪੈਂਦੀ ਗਿੱਧੇ ਵਿਚ ਪੂਰੀ।



Academy of the Punjab in North America: http://www.apnaorg.com

ਜਿਹੜੀਆਂ ਨੱਚਣ ਵਿਚ ਮਾਹਰ ਹੁੰਦੀਆਂ ਸਨ, ਉਨ੍ਹਾਂ ਦੀ ਤਾਰੀਫ਼ ਵੀ ਕੀਤੀ ਜਾਂਦੀ ਸੀ–

ਡਿੱਗ ਡਿੱਗ ਪੈਣ ਪੰਛੀ,
ਜਦੋਂ ਬੰਤੋ ਗਿੱਧੇ ਵਿਚ ਆਈ।

ਜਿਸ ਨੂੰ ਨੱਚਣਾ ਨਹੀਂ ਆਉਂਦਾ ਸੀ, ਉਸ ਦਾ ਮਖੌਲ ਵੀ ਉਡਾਇਆ ਜਾਂਦਾ ਸੀ–

ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ,
ਭਿੱਜ ਗਿਆ ਗੈਬੀ ਤੋਤਾ।
ਸ਼ਾਮੋਂ ਇਉਂ ਨੱਚਦੀ,
ਜਿਵੇਂ ਟੱਪਦੀ ਸੜਕ ਤੇ ਬੋਤਾ।

ਕਈ ਕਬੀਲਦਾਰੀਆਂ ਦੇ ਖਲਜਗਣ ਵਿਚ ਪੈਣ ਕਰ ਕੇ ਆਪ ਹੀ ਤੀਆਂ ਦੇ ਮੌਕੇ ਪੇਕੇ ਨਹੀਂ ਜਾ ਸਕਦੀਆਂ ਸਨ। ਉਨ੍ਹਾਂ ਦੀਆਂ ਘਰਾਂ ਦੀਆਂ ਬੁੱਤੀਆਂ ਹੀ ਪੂਰੀਆਂ ਨਹੀਂ ਹੁੰਦੀਆਂ ਸਨ। ਉਨ੍ਹਾਂ ਦੀ ਤੀਆਂ ਦੀ ਤਾਂਘ ਦਿਲਾਂ ਵਿਚ ਹੀ ਰਹਿ ਜਾਂਦੀ ਸੀ।

ਪੰਜਾਬ ਖੇਤੀ ਪ੍ਰਧਾਨ ਪ੍ਰਦੇਸ ਹੋਣ ਕਰ ਕੇ ਤੇ ਖੇਤੀ ਬਹੁਤੀ ਬਾਰਸ਼ਾਂ 'ਤੇ ਨਿਰਭਰ ਹੋਣ ਕਰ ਕੇ ਉਨ੍ਹਾਂ ਦੇ ਰੋਜ਼ੀ ਰੋਟੀ ਦੇ ਮਸਲੇ ਹੀ ਹੱਲ ਨਹੀਂ ਹੁੰਦੇ ਸਨ–

ਖੰਡ ਬਾਝ ਦੁੱਧ ਮਿੱਠਾ ਨਾ ਹੁੰਦਾ,
ਬ੍ਰਿਛਾਂ ਬਾਝ ਨਾ ਛਾਵਾਂ।
ਖੇਤ ਉਜਾੜ ਪਿਆ,
ਮੈਂ ਕਿਵੇਂ ਗਿੱਧੇ ਵਿਚ ਜਾਵਾਂ?

ਸਾਉਣ ਮਹੀਨਾ ਬਾਰਸ਼ਾਂ ਦਾ ਮਹੀਨਾ ਹੈ। ਕਦੇ ਬਾਰਸ਼ ਪੈ ਜਾਣੀ, ਕਦੇ ਹਟ ਜਾਣੀ, ਕਦੇ ਝੜੀ ਲੱਗ ਜਾਣੀ –

ਆਇਆ ਸਾਵਣ ਦਿਲ ਪ੍ਰਚਾਵਣ,
ਝੜੀ ਲੱਗ ਗਈ ਭਾਰੀ।
ਹੂਟੇ ਲੈਂਦੀ ਮਰੀਆਂ ਭਿੱਜ ਗਈ,
ਨਾਲੇ ਰਾਮ ਪਿਆਰੀ।
ਕੁੜਤੀ ਹਰੋ ਦੀ ਭਿੱਜ ਗਈ ਵਰੀ ਦੀ,
ਕਿਸ਼ਨੋ ਦੀ ਫੁਲਕਾਰੀ।
ਹਰਨਾਮੀ ਦੀ ਸੁੱਥਣ ਭਿੱਜ ਗਈ,
ਬਹੁਤੇ ਗੋਟੇ ਵਾਲੀ।
ਸ਼ਾਮੋ ਰਾਣੀ ਦੀਆਂ ਭਿੱਜੀਆਂ ਮੇਢੀਆਂ,



ਗਿਣਤੀ 'ਚੋਂ ਪੂਰੀਆਂ ਚਾਲੀ।
ਸਾਉਣ ਦਿਆ ਬੱਦਲਾ ਵੇ,
ਹੀਰ ਭਿੱਜ ਗਈ ਸਿਆਲਾਂ ਵਾਲੀ।

ਜਿਹੜੀਆਂ ਕੁੜੀਆਂ ਗਿੱਧੇ ਵਿਚ ਦਿਲਚਸਪੀ ਨਹੀਂ ਲੈਂਦੀਆਂ ਸਨ, ਉਨ੍ਹਾਂ ਨੂੰ ਟਕੋਰਾਂ ਵੀ ਲਾਈਆਂ ਜਾਂਦੀਆਂ ਸਨ–

ਚਿੱਟੀ ਚਿੱਟੀ ਕਣਕ ਦੁਆਬੇ ਦੀ,
ਜਿਹੜੀ ਗਿੱਧਾ ਨਾ ਪਾਊ ਰੰਨ ਬਾਬੇ ਦੀ।

ਵਿਆਹ ਤੋਂ ਬਾਅਦ ਕੁੜੀਆਂ ਦਾ ਕਦੇ ਕਦਾਈਂ ਹੀ ਮਿਲਣ ਹੁੰਦਾ ਸੀ। ਸਿਰਫ਼ ਤੀਆਂ ਹੀ ਇਕ ਅਜਿਹਾ ਤਿਉਹਾਰ ਹੁੰਦਾ ਸੀ, ਜਿਸ ਵਿਚ ਵਿਆਹੀਆਂ ਹੋਈਆਂ ਕੁੜੀਆਂ ਫਿਰ ਮਿਲ ਸਕਦੀਆਂ ਸਨ। ਏਸ ਲਈ ਕੁੜੀਆਂ ਏਸ ਤੀਆਂ ਦੇ ਤਿਉਹਾਰ ਨੂੰ ਵੱਧ ਤੋਂ ਵੱਧ ਚਿਰ ਸਥਾਈ ਬਣਾਉਣ ਲਈ ਕੋਸ਼ਿਸ਼ ਕਰਦੀਆਂ ਹੁੰਦੀਆਂ ਸਨ–

ਜਿਹੜੇ ਪੱਤਣ ਪਾਣੀ ਅੱਜ ਲੰਘ ਜਾਂਦਾ,
ਫੇਰ ਨਾ ਲੰਘਣਾ ਭਲਕੇ।
ਬੇੜੀ ਦਾ ਪੂਰ ਤ੍ਰਿੰਞਣ ਦੀਆਂ ਕੁੜੀਆਂ,
ਫੇਰ ਨਾ ਬੈਠਣ ਰਲ ਕੇ।
ਨੱਚ ਕੇ ਵਿਖਾ ਦੇ ਲੱਛੀਏ,
ਜਾਈਂ ਨਾ ਗਿੱਧੇ 'ਚੋਂ ਟਲ ਕੇ।

ਤੀਆਂ ਵਿਚ ਖੀਰ, ਪੂੜੇ, ਕੜਾਹ, ਗੁਲਗਲੇ ਬਣਾਏ ਜਾਂਦੇ ਸਨ। ਸਾਉਣ ਮਹੀਨੇ ਦਾ ਖੀਰ ਨਾਲ ਵੀ ਸਬੰਧ ਜੁੜਿਆ ਹੋਇਆ ਹੈ।

ਸਾਉਣ ਖੀਰ ਨਾ ਖਾਧੀ ਆ,
ਤੂੰ ਕਿਉਂ ਜੰਮਿਆ ਅਪਰਾਧੀਆ?

ਹਰ ਘਰ ਆਪਣੀ ਆਪਣੀ ਵਿਤ ਅਨੁਸਾਰ ਖੀਰ, ਪੂੜੇ, ਕੜਾਹ, ਗੁਲਗਲੇ ਬਣਾਉਂਦਾ ਸੀ। ਕੋਈ ਬਾਦਾਮ, ਦਾਖ਼ਾਂ, ਖੰਡ ਵਰਤਦੇ ਸਨ। ਕਈ ਆਰਥਿਕ ਪੱਖੋਂ ਮਾੜੇ ਗੁਲਗਲਿਆਂ ਨਾਲ ਹੀ ਸਾਰ ਲੈਂਦੇ ਸਨ। ਕਈ ਵਿਚਾਰੀਆਂ ਗੁਲਗਲੇ ਬਣਾਉਣ ਲਈ ਤੇਲ ਦੀ ਉਡੀਕ ਹੀ ਕਰਦੀਆਂ ਰਹਿੰਦੀਆਂ ਸਨ–

ਵੱਡਿਆਂ ਘਰਾਂ ਨੇ ਕੀਤੇ ਤਿਹੌਲੇ,
ਖੰਡ ਘਿਓ ਖ਼ੂਬ ਰਲਾ ਕੇ।
ਮਾੜਿਆਂ ਘਰਾਂ ਨੇ ਕੀਤੀ ਗੋਈ,
ਗੁੜ ਦੀ ਰੋੜੀ ਪਾ ਕੇ।
ਤੇਲ ਬਾਝ ਨ ਪੱਕਦੇ ਗੁਲਗਲੇ,
ਵੇਖ ਰਹੀ ਪਰਤਾ ਕੇ।



Academy of the Punjab in North America: http://www.apnaorg.com

ਆ ਜਾ ਵੇ ਮਿੱਤਰਾ,
ਦੇ ਜਾ ਤੇਲ ਲਿਆ ਕੇ।

ਆਰਥਿਕ ਵਿਗਿਆਨ ਦਾ ਸਿਧਾਂਤ ਹੈ ਕਿ ਜੇਕਰ ਮੰਗ ਵਧ ਜਾਵੇ ਤੇ ਸਪਲਾਈ ਘਟ ਜਾਵੇ ਤਾਂ ਵਸਤਾਂ ਮਹਿੰਗੀਆਂ ਹੋ ਜਾਂਦੀਆਂ ਹਨ। ਸਾਉਣ ਮਹੀਨੇ ਵਿਚ ਗੁੜ ਅਤੇ ਤੇਲ ਦੀ ਮੰਗ ਵਧ ਜਾਣ ਕਰ ਕੇ ਪਿੰਡ ਦੇ ਦੁਕਾਨਦਾਰ, ਬਾਣੀਏ ਰੇਟ ਵਧਾ ਦਿੰਦੇ ਸਨ।

ਉਨ੍ਹਾਂ ਸਮਿਆਂ ਵਿਚ ਨਵੀਆਂ ਵਿਆਹੀਆਂ ਕੁੜੀਆਂ ਦੇ ਪ੍ਰਾਹੁਣੇ ਵੀ ਸਹੁਰੀਂ ਤੀਆਂ ਵੇਖਣ ਆਉਂਦੇ ਸਨ –

ਤੀਆਂ ਦੇ ਦਿਨ ਥੋੜੇ ਰਹਿ ਗਏ,
ਮੀਂਹ ਪੈਂਦਾ ਕਿਣ ਮਿਣ ਕਾਣੇ।
ਸੀਸ ਗੁੰਦਾ ਲਓ ਪਾ ਲਓ ਡੋਰੀ,
ਰੰਗ ਲਓ ਸੂਹੇ ਬਾਣੇ।
ਤੀਆਂ ਵੇਖਣ ਆਉਣ ਪ੍ਰਾਹੁਣੇ,
ਬਣ ਕੇ ਇੰਦਰ ਰਾਣੇ।
ਅੜੀਓ ਪਰਸੋਂ ਨੂੰ,
ਅਸਾਂ ਗੁੜ ਦੇ ਪੂੜੇ ਖਾਣੇ।

ਜੇ ਕੋਈ ਕੁਪੱਤੀ ਸੱਸ ਦਾ ਭੇਜਿਆ ਹੋਇਆ ਪ੍ਰਾਹੁਣਾ ਤੀਆਂ ਦੇ ਵਿਚ ਹੀ ਲੈਣ ਆ ਜਾਂਦਾ ਸੀ ਤਾਂ ਵਹੁਟੀ ਆਪਣੇ ਪ੍ਰਾਹੁਣੇ ਦੇ ਟੁੱਟ ਕੇ ਗਲ ਪੈ ਜਾਂਦੀ ਸੀ –

ਵੇ ਕੀ ਤੇਰੀ ਮਾਂ ਮਰਗੀ?
ਮੈਨੂੰ ਤੀਆਂ ਦੇ ਵਿਚਾਲੇ ਲੈਣ ਆਇਆ?
x x x x x
ਤੇਰੀ ਮੱਤ ਕਿਉਂ ਗਭਰੂਆ ਮਾਰੀ,
ਤੀਆਂ ਵਿਚ ਲੈਣ ਆ ਗਿਉਂ।

ਜਦ ਤੀਆਂ ਦੇ ਦਿਨ ਪੂਰੇ ਹੋ ਜਾਂਦੇ ਸਨ ਤਾਂ ਅਖ਼ੀਰੀ ਦਿਨ ਤੀਆਂ ਦਾ ਭੋਗ ਪਾਇਆ ਜਾਂਦਾ ਸੀ। ਜਿਸ ਨੂੰ 'ਬਲ੍ਹੋ ਪਾਉਣੀ' ਕਹਿੰਦੇ ਸਨ। ਕੁੜੀਆ ਅਗਲੇ ਸਾਲ ਦੀਆਂ ਤੀਆਂ ਮਨਾਉਣ ਦੀ ਆਸ ਲੈ ਕੇ ਤੀਆਂ ਦੇ ਤਿਉਹਾਰ ਨੂੰ ਖ਼ਤਮ ਕਰਦੀਆਂ ਹੁੰਦੀਆਂ ਸਨ –

ਤੀਆਂ ਤੀਜ ਦੀਆਂ,
ਵਰ੍ਹੇ ਦਿਨਾਂ ਨੂੰ ਫੇਰ।

ਉਨ੍ਹਾਂ ਸਮਿਆਂ ਵਿਚ ਖੇਤੀ ਦਾ ਮਸ਼ੀਨੀਕਰਨ ਨਹੀਂ ਹੋਇਆ ਸੀ। ਲੋਕਾਂ ਕੋਲ ਵਿਹਲ ਸੀ। ਸੰਯੁਕਤ ਪਰਿਵਾਰ ਤੇ ਬੜੇ ਪਰਿਵਾਰ ਹੁੰਦੇ ਸਨ। ਜਿਸ ਕਰ ਕੇ ਕੁੜੀਆਂ, ਬਹੂਆਂ ਨੂੰ ਤੀਆਂ ਵਿਚ ਆਉਣ ਲਈ ਸਮਾਂ ਮਿਲ ਜਾਂਦਾ ਸੀ। ਹੁਣ ਇਕ ਤਾਂ ਪਰਿਵਾਰ ਨਿਯੋਜਨ ਹੋਣ ਕਰ ਕੇ ਪਰਿਵਾਰ ਹੀ ਛੋਟੇ ਹੋ ਗਏ ਹਨ। ਦੂਜੇ ਸੰਯੁਕਤ ਪਰਿਵਾਰ ਦੀ ਥਾਂ ਇਕਹਿਰੇ ਪਰਿਵਾਰ ਬਣ ਗਏ ਹਨ। ਹੁਣ ਤਾਂ ਰਿਸ਼ਤੇਦਾਰੀਆਂ ਵਿਚ ਵੀ ਜਾਣ ਲਈ ਲੋਕਾਂ ਕੋਲ ਸਮਾਂ ਨਹੀਂ ਹੈ। ਤੀਆਂ ਮਨਾਉਣ ਲਈ ਸਮਾਂ ਕਿੱਥੇ ਹੈ? ਅੱਜ ਹਰ ਬੰਦਾ ਇਕ ਨਾ ਖ਼ਤਮ ਹੋਣ ਵਾਲੀ ਦੌੜ ਵਿਚ ਲੱਗਿਆ ਹੋਇਆ ਹੈ।

ਅੱਜ ਪੰਜਾਬ ਦੇ ਕਿਸੇ ਪਿੰਡ ਵਿਚ ਵੀ ਤੀਆਂ ਨਹੀਂ ਮਨਾਈਆਂ ਜਾਂਦੀਆਂ। ਹਾਂ, ਅਖ਼ਬਾਰਾਂ ਵਿਚ ਕਦੇ ਨਾ ਕਦੇ ਕਿਸੇ ਸ਼ਹਿਰ ਵਿਚ ਕਿਸੇ ਲੇਡੀਜ਼ ਦੀ ਸੰਸਥਾ ਵਲੋਂ ਤੀਆਂ ਮਨਾਉਣ ਦੀ ਖ਼ਬਰ ਜ਼ਰੂਰ ਆ ਜਾਂਦੀ ਹੈ। ਪੰਜਾਬ ਦੀਆਂ ਮੁਟਿਆਰਾਂ ਦਾ ਇਹ ਰੰਗਲਾ ਤਿਉਹਾਰ ਪੰਜਾਬ ਦੇ ਸਭਿਆਚਾਰ ਵਿਚੋਂ ਅਲੋਪ ਹੋ ਗਿਆ ਹੈ। ਤੀਆਂ ਸਾਡੇ ਅਤੀਤ ਦਾ ਇਕ ਹੱਸਾ ਬਣ ਗਈਆਂ ਹਨ।

0

## ਲੋਹੜੀ

ਸਾਡਾ ਸਮਾਜਿਕ ਢਾਂਚਾ ਪੁਰਸ਼ ਪ੍ਰਧਾਨ ਹੈ। ਏਸ ਲਈ ਲੜਕੀ ਨਾਲੋਂ ਲੜਕੇ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪੁੱਤਰ ਹੀ ਬਾਪ ਦੀ ਵਿਰਾਸਤ ਨੂੰ ਅੱਗੇ ਤੋਰਦਾ ਹੈ। ਬਾਪ ਦੀ ਮੌਤ ਤੋਂ ਬਾਅਦ ਪੁੱਤਰ ਹੀ ਘਰ ਦਾ ਸੰਚਾਲਣ ਕਰਦਾ ਹੈ। ਪੁੱਤਰ ਦੀ ਅਣਹੋਂਦ ਹਰ ਇਕ ਨੂੰ ਖੜਕਦੀ ਹੈ। ਪੁੱਤਰ ਤੋਂ ਬਗ਼ੈਰ ਘਰ ਸੁੰਨੇ ਸੁੰਨੇ ਲੱਗਦੇ ਹਨ, ਵੱਢ-ਵੱਢ ਖਾਂਦੇ ਹਨ–

ਉੱਸਰੀ ਏ ਕੋਠੀ ਚੂਨੇਦਾਰ,
ਪੁੱਤਰਾਂ ਬਾਝੋਂ ਨਹੀਂ ਸੱਜਦੀ।





Academy of the Punjab in North America: http://www.apnaorg.com

ਪਹਿਲੇ ਸਮਿਆਂ ਵਿਚ ਬਹੁਤੀਆਂ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਮਾਰਨ ਤੋਂ ਬਾਅਦ ਕੁੜੀਆਂ ਦੇ ਮੂੰਹ ਵਿਚ ਗੁੜ ਦੀ ਰੋੜੀ, ਹੱਥ ਵਿਚ ਪੂਣੀ ਤੇ ਘੜੇ ਵਿਚ ਰੂੰ ਰੱਖ ਕੇ ਦੱਬ ਦਿੱਤਾ ਜਾਂਦਾ ਸੀ ਤੇ ਕਿਹਾ ਜਾਂਦਾ ਸੀ–

ਗੁੜ ਖਾਵੀਂ, ਪੂਣੀ ਕੱਤੀਂ,
ਆਪ ਨਾ ਆਈਂ,
ਵੀਰੇ ਨੂੰ ਘੱਤੀਂ।

ਕੁੜੀ ਜੰਮਣ ਤੇ ਘਰ ਵਿਚ ਸੋਗ ਪੈ ਜਾਂਦਾ ਸੀ। 'ਪੱਥਰ ਜੰਮ ਪਿਆ' ਕਿਹਾ ਜਾਂਦਾ ਸੀ। ਉਥੇ ਭੈਣ ਆਪਣੇ ਵੀਰ ਦੇ ਪੁੱਤਰ ਹੋਣ ਲਈ ਸੁੱਖਣਾ ਸੁਖਦੀਆਂ ਹੁੰਦੀਆਂ ਸਨ –

ਵੀਰਾ ਤੇਰੀ ਜੜ੍ਹ ਲੱਗ ਜੇ,
ਵੇ ਮੈਂ ਨਿੱਤ ਬਰੂਮੇਂ ਜਲ ਪਾਵਾਂ।

ਬਰੂਮਾ ਪਿੱਪਲ ਦੇ ਦਰਖ਼ਤ ਨੂੰ ਕਹਿੰਦੇ ਹਨ, ਜੋ ਪਵਿੱਤਰ ਮੰਨਿਆ ਗਿਆ ਹੈ। ਜਿਹੜਾ ਕੋਈ ਸੁੱਖ ਸੁੱਖ ਕੇ ਕਿਸੇ ਮਿਥੇ ਸਮੇਂ ਤੱਕ ਇਸ ਦੀਆਂ ਜੜ੍ਹਾਂ ਵਿਚ ਹਰ ਰੋਜ਼ ਪਾਣੀ ਪਾਵੇ, ਉਸ ਦੀ ਮੁਰਾਦ ਪੂਰੀ ਹੋ ਜਾਂਦੀ ਸੀ। ਇਹ ਧਾਰਨਾ ਮੰਨੀ ਜਾਂਦੀ ਸੀ। ਮੁੰਡਾ ਜੰਮਣ ਤੇ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਸਨ। ਪੁੰਨ–ਦਾਨ ਕੀਤਾ ਜਾਂਦਾ ਸੀ –

ਬਾਪੂ ਮੱਝੀਆਂ ਦੇ ਸੰਗਲ ਫੜਾਏ,
ਵੀਰ ਘਰ ਪੁੱਤ ਜੰਮਿਆ।

ਮੁੰਡਾ ਜੰਮਣ ਤੇ ਲੋਹੜੀ ਮਨਾਈ ਜਾਂਦੀ ਸੀ। ਲੋਹੜੀ ਦਾ ਤਿਉਹਾਰ ਪੋਹ ਮਹੀਨੇ ਦੇ ਆਖ਼ਰੀ ਦਿਨਾਂ ਵਿਚ ਹੁੰਦਾ ਹੈ। ਲੋਹੜੀ ਵੰਡਣ ਲਈ ਲੜਕੇ ਦੀਆਂ ਭੈਣਾਂ, ਭੂਆਂ, ਚਾਚੀਆਂ, ਤਾਈਆਂ ਨਵੇਂ ਨਵੇਂ ਸੂਟ ਪਾ ਕੇ ਪਿੰਡ ਵਿਚ ਹਫ਼ਤਾ ਹਫ਼ਤਾ ਪਹਿਲਾਂ ਗੁੜ ਵੰਡਣਾ ਸ਼ੁਰੂ ਕਰ ਦਿੰਦੀਆਂ ਸਨ। ਸਾਰੇ ਪਿੰਡ ਵਿਚ ਗੁੜ ਵੰਡਣ ਲਈ ਕਈ ਕਈ ਦਿਨ ਲੱਗ ਜਾਂਦੇ ਸਨ।

ਲੋਹੜੀ ਤੇ ਸਾਰੇ ਰਿਸ਼ਤੇਦਾਰ, ਸਾਕ ਸਬੰਧੀ ਆਉਂਦੇ ਸਨ। ਲੋਹੜੀ ਘਰ ਵਿਚ ਬਾਲੀ ਜਾਂਦੀ ਸੀ। ਘਰ ਵਾਲੇ, ਸਾਰੇ ਰਿਸ਼ਤੇਦਾਰ, ਆਂਢ ਗੁਆਂਢ ਸਕੇ ਬੈਠ ਕੇ ਲੋਹੜੀ ਸੇਕਦੇ ਸਨ। ਗੁੜ, ਰਿਓੜੀਆਂ, ਮੱਕੀ ਦੇ ਦਾਣੇ, ਮੂੰਗਫਲੀ ਆਦਿ ਵੰਡੇ ਜਾਂਦੇ ਸਨ। ਲੋਹੜੀ ਮੰਗਣ ਵਾਲਿਆਂ ਨੂੰ ਵੀ ਦਿੱਤੀ ਜਾਂਦੀ ਸੀ। ਲੋਹੜੀ ਮੰਗਣ ਵਾਲਿਆਂ ਨਾਲ ਗਲੀਆਂ ਭਰੀਆਂ ਪਈਆਂ ਹੁੰਦੀਆਂ ਸਨ। ਲਾਗੀ ਤੱਥੀ ਸਾਰੇ ਹੀ ਲੋਹੜੀ ਮੰਗਣ ਵਾਲਿਆਂ ਵਿਚ ਸ਼ਾਮਲ ਹੁੰਦੇ ਸਨ। ਮੁੰਡੇ ਦੇ ਬਾਪੂ ਤੇ ਮਾਂ ਤੋਂ ਲੋਹੜੀ ਮੰਗਣ ਵੇਲੇ ਗੀਤ ਗਾਏ ਜਾਂਦੇ ਸਨ –



ਕੋਠੇ ਹੇਠ ਚਾਕੂ,
ਗੁੜ ਦੇਵੇ ਮੁੰਡੇ ਦਾ ਬਾਪੂ।
x x x
ਕੋਠੇ ਉੱਤੇ ਕਾਂ,
ਗੁੜ ਦੇਵੇ ਮੁੰਡੇ ਦੀ ਮਾਂ।

ਕਈ ਲੋਹੜੀ ਮੰਗਣ ਵਾਲੇ ਮੁੰਡੇ ਦੇ ਪਿਉ ਤੇ ਮਾਂ ਨੂੰ ਲੰਮੀ ਉਮਰ ਦੀਆਂ ਅਸੀਸਾਂ ਵੀ ਦਿੰਦੇ ਸਨ –

ਕੌਲੀ ਵਿਚ ਘਿਉ,
ਜੀਵੇ ਮੁੰਡੇ ਦਾ ਪਿਉ।
x x x
ਕੋਠੇ ਹੇਠ ਗਾਂ,
ਜੀਵੇ ਮੁੰਡੇ ਦੀ ਮਾਂ।

ਜੇਕਰ ਕੋਈ ਲੋਹੜੀ ਦੇਣ ਵਿਚ ਦੇਰ ਕਰਦਾ ਸੀ ਤਾਂ ਉਸ ਨੂੰ ਲੋਹੜੀ ਛੇਤੀ ਦੇਣ ਲਈ ਕਿਹਾ ਜਾਂਦਾ ਸੀ –

ਅੰਦਰ ਭਾਂਡੇ ਨਾ ਖੜਕਾ,
ਲੋਹੜੀ ਸਾਡੇ ਹੱਥ ਫੜਾ।

ਮੁੰਡੇ ਦੇ ਨਾਨਾ ਨਾਨੀ ਦੀ ਸੁੱਖ ਵੀ ਮੰਗੀ ਜਾਂਦੀ ਸੀ –

ਕਲਮਦਾਨ ਵਿਚ ਕਾਨਾ,
ਜੀਵੇ ਮੁੰਡੇ ਦਾ ਨਾਨਾ।
x x x
ਕਲਮਦਾਨ ਵਿਚ ਕਾਨੀ,
ਜੀਵੇ ਮੁੰਡੇ ਦੀ ਨਾਨੀ।

ਏਸੇ ਤਰ੍ਹਾਂ ਹੋਰ ਬਹੁਤ ਸਾਰੇ ਗੀਤ ਅਤੇ ਟੱਪੇ ਗਾ ਕੇ ਲੋਹੜੀ ਮੰਗੀ ਜਾਂਦੀ ਸੀ। ਦੁੱਲਾ ਭੱਟੀ ਵਾਲਾ ਇਕ ਡਾਕੂ ਹੋਇਆ ਹੈ। ਉਸ ਨੇ ਇਕ ਗ਼ਰੀਬ ਬਾਹਮਣ ਦੀਆਂ ਦੋ ਲੜਕੀਆਂ ਸੁੰਦਰੀ ਤੇ ਮੁੰਦਰੀ ਦਾ ਵਿਆਹ ਕੀਤਾ ਸੀ। ਏਸ ਲਈ ਲੋਹੜੀ ਸਮੇਂ ਦੁੱਲੇ ਭੱਟੀ ਦੇ ਗੀਤ ਵੀ ਗਾਏ ਜਾਂਦੇ ਸਨ –

ਸੁੰਦਰ ਮੁੰਦਰੀਏ ਹੋ!
ਤੇਰਾ ਕੌਣ ਵਿਚਾਰਾ ਹੋ!
ਦੁੱਲਾ ਭੱਟੀ ਵਾਲਾ ਹੋ!
ਦੁੱਲੇ ਧੀ ਵਿਆਹੀ ਹੋ!



Academy of the Punjab in North America: http://www.apnaorg.com

ਸੇਰ ਸ਼ੱਕਰ ਪਾਈ ਹੋ!
ਕੁੜੀ ਦੇ ਬੋਝੇ ਪਾਈ ਹੋ!
ਕੁੜੀ ਦਾ ਲਾਲ ਪਟਾਕਾ ਹੋ!
ਕੁੜੀ ਦਾ ਸਾਲੂ ਪਾਟਾ ਹੋ!
ਸਾਲੂ ਕੌਣ ਸਮੇਟੇ ਹੋ!

ਜਿਨ੍ਹਾਂ ਘਰਾਂ ਵਿਚ ਲੜਕੇ ਪੈਦਾ ਹੁੰਦੇ ਸਨ, ਉਹ ਘਰ ਆਪਣੀ ਪੱਤੀ/ਠੁੱਲ੍ਹਿਆਂ ਦੀ ਧਰਮਸਾਲਾਂ, ਦਰਵਾਜ਼ੇ ਗੁੜ ਦੀ ਭੇਲੀ, ਲੱਕੜਾਂ, ਪਾਥੀਆਂ ਲੋਹੜੀ ਬਾਲਣ ਲਈ ਭੇਜਦੇ ਸਨ। ਸਾਡੀ ਪੱਤੀ/ਠੁੱਲ੍ਹੇ ਦੇ ਬੰਦੇ ਉਥੇ ਲੋਹੜੀ ਬਾਲਦੇ ਸਨ। ਹਾਜ਼ਰ ਆਏ ਸਾਰਿਆਂ ਬੰਦਿਆਂ, ਬੱਚਿਆਂ ਨੂੰ ਗੁੜ ਵੰਡਿਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਖ਼ੁਸ਼ੀ ਵੀ ਸਾਰੇ ਪਿੰਡ ਦੀ ਸਾਂਝੀ ਹੁੰਦੀ ਸੀ। ਏਸੇ ਤਰ੍ਹਾਂ ਗ਼ਮ ਵਿਚ ਵੀ ਸਾਰੇ ਪਿੰਡ ਵਾਲੇ ਸ਼ਾਮਲ ਹੁੰਦੇ ਸਨ।

ਹੁਣ ਦਰਵਾਜ਼ਿਆਂ, ਧਰਮਸਾਲਾਂ ਵਿਚ ਕੋਈ ਵੀ ਲੋਹੜੀ ਨਹੀਂ ਬਾਲਦਾ। ਪਹਿਲਾਂ ਵਾਲਾ ਭਾਈਚਾਰਾ, ਪਿਆਰ ਖ਼ਤਮ ਹੋ ਰਿਹਾ ਹੈ/ਹੋ ਗਿਆ ਹੈ। ਅੱਜ ਦਾ ਯੁੱਗ ਵਿਅਕਤੀਗਤ ਯੁੱਗ ਹੈ। ਹੁਣ ਪਿੰਡਾਂ ਵਿਚ ਬਹੁਤ ਹੀ ਨਜ਼ਦੀਕੀ ਘਰਾਂ ਵਿਚ ਹੀ ਥੋੜ੍ਹਾ ਜਿਹਾ ਲੋਹੜੀ ਦਾ ਸ਼ਗਨ ਕੀਤਾ ਜਾਂਦਾ ਹੈ। ਘਰਾਂ ਵਿਚ ਲੋਹੜੀ ਬਾਲਣ ਦਾ ਰਿਵਾਜ ਬਹੁਤ ਘੱਟ ਹੋ ਗਿਆ ਹੈ। ਹੁਣ ਚੰਗੇ ਪੜ੍ਹੇ ਲਿਖੇ ਤੇ ਅਗਾਂਹ ਵਧੂ ਪਰਿਵਾਰਾਂ ਵਿਚ ਕੁੜੀ ਦੀ ਪੈਦਾਇਸ਼ 'ਤੇ ਵੀ ਖ਼ੁਸ਼ੀ ਮਨਾਈ ਜਾਂਦੀ ਹੈ। ਲੋਹੜੀ ਵੀ ਵੰਡੀ ਜਾਂਦੀ ਹੈ। ਅੱਜ ਕੁੜੀਆਂ ਪੜ੍ਹਾਈ ਵਿਚ ਮੁੰਡਿਆਂ ਨਾਲੋਂ ਕਿਤੇ ਅੱਗੇ ਹਨ। ਯੂਨੀਵਰਸਿਟੀ ਦੀ ਪੜ੍ਹਾਈ ਵਿਚ ਕੁੜੀਆਂ ਗਿਣਤੀ ਵਿਚ ਮੁੰਡਿਆਂ ਨਾਲੋਂ ਕਿੱਤੇ ਵੱਧ ਹਨ।

ਹੁਣ ਲੋਹੜੀ ਮਨਾਉਣ ਤੇ ਸਾਂਝੇ ਤੌਰ 'ਤੇ ਲੋਹੜੀ ਮਨਾਉਣਾ ਸਾਡੇ ਵਿਰਸੇ ਵਿਚੋਂ ਦਿਨੋ ਦਿਨ ਅਲੋਪ ਹੋ ਰਿਹਾ ਹੈ।

0

## ਵਿਆਹ

ਵਿਆਹ ਸਾਡੇ ਸਮਾਜ ਦਾ ਇਕ ਪਵਿੱਤਰ ਬੰਧਨ ਹੈ, ਜਿਸ ਨਾਲ ਬੰਸ-ਪ੍ਰਣਾਲੀ ਅੱਗੇ ਤੁਰਦੀ ਹੈ। ਸਾਡਾ ਸਮਾਜ ਪੁਰਸ਼ ਪ੍ਰਧਾਨ ਸਮਾਜ ਹੈ। ਇਸ ਲਈ ਖਾਨਦਾਨ ਦੀ ਲੜੀ ਨੂੰ ਅੱਗੇ ਤੋਰਨ ਲਈ ਮੁੰਡੇ ਦੀ ਲੋੜ ਸਮਝੀ ਜਾਂਦੀ ਹੈ। ਮੁੰਡੇ ਦੇ ਪੈਦਾ ਹੋਣ ਲਈ ਸੁੱਖਣਾ ਸੁੱਖੀਆਂ ਜਾਂਦੀਆਂ ਹਨ। ਪੈਦਾਇਸ਼ ਤੇ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਲੋਹੜੀ ਬਾਲੀ ਜਾਂਦੀ ਹੈ। ਪਰ ਲੜਕੀ ਦੀ ਪੈਦਾਇਸ਼ ਲਈ ਕੋਈ ਸੁੱਖਣਾ ਨਹੀਂ ਸੁੱਖਦਾ, ਸਗੋਂ ਲੜਕੀ ਦੀ ਪੈਦਾਇਸ਼ ਤੇ 'ਪੱਥਰ ਜੰਮ ਪਿਆ' ਕਿਹਾ



ਜਾਂਦਾ ਹੈ। ਲੜਕੀ ਜੰਮਣ ਤੇ ਖ਼ੁਸ਼ੀ ਤੇ ਲੋਹੜੀ ਮਨਾਉਣੀ ਤਾਂ ਇਕ ਪਾਸੇ ਰਹੀ, ਸਗੋਂ ਪਹਿਲੇ ਸਮਿਆਂ ਵਿਚ ਲੜਕੀਆਂ ਨੂੰ ਜੰਮਦਿਆਂ ਮਾਰ ਦਿੱਤਾ ਜਾਂਦਾ ਸੀ। ਹੁਣ ਲੜਕੀ ਨੂੰ ਜੰਮਣ ਤੋਂ ਪਹਿਲਾਂ ਮਾਰਨ ਦਾ ਰਿਵਾਜ ਚੱਲ ਪਿਆ ਹੈ।



ਮੁੰਡੇ ਦੀ ਪਾਲਣਾ-ਪੋਸ਼ਣਾ ਦੁੱਧ ਮਲਾਈਆਂ ਨਾਲ ਕੀਤੀ ਜਾਂਦੀ ਸੀ/ਹੈ। ਕੁੜੀਆਂ ਨੂੰ ਅਣਚਾਹਿਆ ਜੀਵ ਸਮਝ ਕੇ ਪਾਲਿਆ ਜਾਂਦਾ ਹੈ। ਕੁੜੀ ਨੂੰ ਪਰਾਇਆ ਧਨ ਸਮਝਿਆ ਜਾਂਦਾ ਹੈ, ਕਿਉਂ ਜੋ ਉਸ ਨੂੰ ਪਾਲ ਪੋਸ ਕੇ ਵਿਆਹ ਕੇ ਬਿਗਾਨੇ ਘਰ ਚਲੇ ਜਾਣਾ ਹੁੰਦਾ ਹੈ। ਇਸ ਲਈ ਕੁੜੀਆਂ ਨੂੰ ਨਾ ਖਾਣ ਨੂੰ ਚੰਗਾ ਦਿੱਤਾ ਜਾਂਦਾ ਸੀ/ਹੈ ਅਤੇ ਨਾ ਹੀ ਪਹਿਨਣ ਨੂੰ -

ਸੱਚ ਦੇ ਵਚਨ ਵਿਚ ਪੇੜੇ,
ਬਈ ਜੰਮੀ ਜਾਈ ਤੇਰੇ ਬਾਬਲਾ,
ਮੇਰਾ ਰਿਜ਼ਕ ਬਿਗਾਨੇ ਖੇੜੇ।

x x x

ਮਧਾਣੀਆਂ! ਮਧਾਣੀਆਂ!! ਮਧਾਣੀਆਂ!!!
ਹਾਏ ਓਏ ਮੇਰਿਆ ਡਾਢਿਆ ਰੱਬਾ,
ਕਿੱਥੇ ਜੰਮੀਆਂ ਤੇ ਕਿਨ੍ਹਾਂ ਨੇ ਲੈ ਜਾਣੀਆਂ।

ਪਹਿਲੇ ਸਮਿਆਂ ਵਿਚ ਬਹੁਤੀਆਂ ਕੁੜੀਆਂ ਨੂੰ ਜੰਮਦਿਆਂ ਮਾਰ ਦਿੱਤਾ ਜਾਂਦਾ ਸੀ। ਇਸ ਲਈ ਕੁੜੀਆਂ ਅਤੇ ਮੁੰਡਿਆਂ ਦਾ ਛੋਟੀ ਉਮਰ ਵਿਚ ਵਿਆਹ ਕਰਨ ਦਾ ਰਿਵਾਜ ਸੀ। ਉਨ੍ਹਾਂ ਸਮਿਆਂ ਵਿਚ ਬਹੁਤੇ ਰਿਸ਼ਤੇ ਪੰਡਤਾਂ ਅਤੇ ਨਾਈਆਂ ਰਾਹੀਂ ਭਾਲੇ ਜਾਂਦੇ ਸਨ। ਪੰਡਤ ਅਤੇ ਨਾਈ ਉਨ੍ਹਾਂ ਸਮਿਆਂ ਦੇ ਵਿਚੋਲੇ ਸਨ। ਇਸ ਲਈ



Academy of the Punjab in North America: http://www.apnaorg.com

ਮੁੰਡੇ ਅਤੇ ਕੁੜੀ ਵਾਲੇ ਦੋਵੇਂ ਪਰਿਵਾਰ ਉਨ੍ਹਾਂ ਦੀ ਪੂਰੀ ਸੇਵਾ ਕਰਦੇ ਹੁੰਦੇ ਸਨ-

ਕਿਸੇ ਦਾ ਮੁੰਡਾ, ਕਿਸੇ ਦੀ ਧੀ,
ਵਿਚੋਲਾ ਖਾ ਗਿਆ ਸ਼ੱਕਰ ਘੀ।

ਇਹ ਉਨ੍ਹਾਂ ਸਮਿਆਂ ਦਾ ਹੀ ਅਖਾਣ ਹੈ। ਉਨ੍ਹਾਂ ਸਮਿਆਂ ਵਿਚ ਵੱਧ ਤੋਂ ਵੱਧ ਸੇਵਾ ਸ਼ੱਕਰ ਘੀ ਹੀ ਹੁੰਦੀ ਸੀ। ਹੁਣ ਦੇ ਵਿਚੋਲਿਆਂ ਨੂੰ ਤਾਂ ਕੜੇ, ਛਾਪਾਂ ਪਾਏ ਜਾਂਦੇ ਹਨ। ਮੁੰਡਿਆਂ ਦੇ ਰਿਸ਼ਤੇ ਵੇਲੇ ਚੰਗੇ ਘਰਾਣੇ ਘਰਾਂ ਦੀਆਂ ਲੜਕੀਆਂ ਦੀ ਭਾਲ ਕੀਤੀ ਜਾਂਦੀ ਸੀ। ਕੁੜੀਆਂ ਆਪਣਾ ਰਿਸ਼ਤਾ ਆਪਣੀ ਮਾਂ ਰਾਣੀ ਅਤੇ ਬਾਬਲ ਨੂੰ ਉਸ ਘਰ ਕਰਨ ਲਈ ਕਹਿੰਦੀਆਂ ਹੁੰਦੀਆਂ ਸਨ, ਜਿਥੇ ਸੱਸ ਦੇ ਪੁੱਤ ਬਹੁਤੇ ਹੋਣ। ਸੱਸ ਸਹੁਰਾ ਚੰਗੇ ਹੋਣ-

ਦੇਵੀਂ ਵੇ ਬਾਬਲ ਉਸ ਘਰੇ,
ਜਿੱਥੇ ਸੱਸ ਭਲੀ,
ਪ੍ਰਧਾਨ ਸਹੁਰਾ ਸਰਦਾਰ ਹੋਵੇ।
ਡਾਹ ਪੀਹੜਾ ਬਹਿੰਦੀ ਸਾਹਮਣੇ ਵੇ,
ਮੱਥੇ ਕਦੇ ਨਾ ਪਾਵੇ ਵੱਟ,
ਬਾਬਲ ਤੇਰਾ ਪੁੰਨ ਹੋਵੇ।

ਘਰ ਵਿਚ ਦੁੱਧ, ਮੱਖਣਾਂ ਦੀਆਂ ਲਹਿਰਾਂ ਬਹਿਰਾਂ ਹੋਣ -

ਦੇਵੀਂ ਵੇ ਬਾਬਲਾ ਉਸ ਘਰੇ,
ਜਿਥੇ ਸੱਸੂ ਦੇ ਮੱਝਾਂ ਸੱਤ।
ਇਕ ਚੋਵਾਂ, ਇਕ ਵਧਾਵਾਂ,
ਮੇਰਾ ਚਾਟੀਆਂ ਦੇ ਵਿਚ ਹੱਥ,
ਬਾਬਲ ਤੇਰਾ ਪੁੰਨ ਹੋਵੇ।

ਘਰ ਵਾਲਾ ਜੁਆਨ ਹੋਵੇ, ਰੰਗ ਦਾ ਗੋਰਾ ਹੋਵੇ, ਅਕਲਾਂ ਵਾਲਾ ਹੋਵੇ, ਨਾ ਬਹੁਤਾ ਲੰਮਾ ਹੋਵੇ ਅਤੇ ਨਾ ਬਹੁਤ ਮਧਰਾ ਹੋਵੇ, ਕਾਲਾ ਤਾਂ ਬਿਲਕੁਲ ਹੀ ਨਾ ਹੋਵੇ -

ਕਾਲਾ ਡੂੰਡ ਨਾ ਸਹੇੜੀਂ ਮੇਰੇ ਬਾਬਲਾ,
ਘਰ ਦਾ ਮਾਲ ਡਰੂ।

ਪੱਕਾ ਘਰ ਹੋਵੇ -

ਪੱਕਾ ਘਰ ਟੋਲੀਂ ਬਾਬਲਾ
ਕਿਤੇ ਲਿੱਪਣੇ ਨਾ ਪੈਣ ਬਨੇਰੇ।

ਇਹ ਉਹ ਸਮਾਂ ਸੀ ਜਦ ਸਾਰੀ ਖੇਤੀ ਹੱਥੀਂ ਕੀਤੀ ਜਾਂਦੀ ਸੀ। ਇਸ ਲਈ ਬਹੁਤੇ ਬੰਦਿਆਂ ਦੀ ਲੋੜ ਹੁੰਦੀ ਸੀ। ਜਿੰਨੇ ਕਿਸੇ ਦੇ ਬਹੁਤੇ ਪੁੱਤ ਹੁੰਦੇ ਸਨ, ਓਨਾ ਹੀ



ਉਹ ਘਰ ਬਖ਼ਤਾਵਰ ਮੰਨਿਆ ਜਾਂਦਾ ਸੀ। ਰਿਸ਼ਤਾ ਲੱਭਣ ਪਿੱਛੋਂ ਪੰਡਤ ਤੋਂ ਦਿਨ ਕਢਵਾ ਕੇ ਮੰਗਣਾ ਕੀਤਾ ਜਾਂਦਾ ਸੀ। ਮੰਗਣੇ ਸਮੇਂ ਮੁੰਡੇ ਦੇ ਰਿਸ਼ਤੇਦਾਰ ਤੇ ਸ਼ਰੀਕੇ ਵਾਲੇ ਬੁਲਾਏ ਜਾਂਦੇ ਸਨ। ਏਸ ਤਰ੍ਹਾਂ ਕੁੜੀ ਦਾ ਪਿਉ, ਚਾਚੇ, ਤਾਏ, ਮਾਮੇ, ਨਾਨੇ ਮੰਗਣਾ ਕਰਨ ਸਮੇਂ ਆਉਂਦੇ ਸਨ। ਕਈ ਵੇਰ ਮੰਗਣਾ ਵਿਚੋਲਾ, ਪੰਡਤ ਅਤੇ ਨਾਈ ਵੀ ਕਰ ਜਾਂਦੇ ਸਨ। ਮੰਗਣਾ ਦੁਪਹਿਰ ਤੋਂ ਬਾਅਦ ਕੀਤਾ ਜਾਂਦਾ ਸੀ। ਮੰਗਣੇ ਸਮੇਂ ਮੁੰਡੇ ਨੂੰ ਚੜ੍ਹਦੀ ਵਾਲੇ ਪਾਸੇ ਮੂੰਹ ਕਰਾ ਕੇ ਬਿਠਾਇਆ ਜਾਂਦਾ ਸੀ। ਗੁੜ ਦੀ ਰੋੜੀ ਨਾਲ ਮੁੰਡੇ ਦਾ ਮੂੰਹ ਮਿੱਠਾ ਕਰਾ ਕੇ ਉਸ ਦੇ ਹੱਥ ਵਿਚ ਚਾਂਦੀ ਦਾ ਰੁਪਇਆ ਧਰ ਦਿੱਤਾ ਜਾਂਦਾ ਸੀ। ਮੁੰਡੇ ਦੀ ਝੋਲੀ ਵਿਚ ਪੰਜ ਜਾਂ ਸੱਤ ਮੁੱਠੀਆਂ ਸ਼ੱਕਰ ਦੀਆਂ ਪਾ ਦਿੰਦੇ ਸਨ। ਮੰਗਣਾ ਕਰਨ ਵਾਲਾ ਫੇਰ ਮੁੰਡੇ ਦਾ ਸਿਰ ਪਲੋਸ ਕੇ ਬੈਠ ਜਾਂਦਾ ਸੀ। ਉਸ ਤੋਂ ਪਿਛੋਂ ਨਾਲ ਆਏ ਦੂਸਰੇ ਬੰਦੇ ਸ਼ਗਨ ਪਾਉਂਦੇ ਸਨ। ਫੇਰ ਮੁੰਡੇ ਵਾਲਿਆਂ ਦੇ ਪਰਿਵਾਰ ਵਾਲੇ ਸ਼ਗਨ ਪਾਉਂਦੇ ਸਨ। ਕਈ ਇਲਾਕਿਆਂ ਵਿਚ ਮੰਗਣਾ ਕਰਨ ਨੂੰ 'ਹੱਥ ਰੁਪਇਆ ਧਰਨਾ' ਵੀ ਕਹਿੰਦੇ ਸਨ। ਮੰਗਣੇ ਸਮੇਂ ਗੀਤ ਗਾਏ ਜਾਂਦੇ ਸਨ -

ਚੌਂਕੀ ਬੈਠਾ ਤੂੰ ਸੋਹੇਂ ਵੀਰਾ,
ਕੋਈ ਮੋਢੇ ਧਰੀ ਬੰਦੂਕ।
ਝੁਕ ਝੁਕ ਦੁਨੀਆ ਵੇਖਦੀ,
ਤੈਨੂੰ ਪਰਮੇਸ਼ਰ ਦਿੱਤਾ ਰੂਪ।

ਮੰਗਣੇ ਦੀ ਰਸਮ ਖ਼ਤਮ ਹੋਣ ਤੋਂ ਪਿੱਛੋਂ ਮੁੰਡੇ ਵਾਲੇ ਮੰਗਣਾ ਕਰਨ ਵਾਲਿਆਂ ਹੱਥ ਕੁੜੀ ਨੂੰ ਸ਼ਗਨ ਭੇਜਦੇ ਸਨ। ਪੰਡਤ ਤੋਂ ਪੁੱਛ ਕੇ ਕੁੜੀ ਵਾਲੇ ਵਿਆਹ ਦਾ ਦਿਨ ਕਢਵਾਉਂਦੇ ਸਨ। ਵਿਆਹ ਦੇ ਦਿਨ ਦੀ ਚਿੱਠੀ ਨੂੰ ਖੰਮਣੀ ਵਿਚ ਬੰਨ੍ਹ ਕੇ, ਹਲਦੀ ਲਾ ਕੇ ਮੁੰਡੇ ਵਾਲਿਆਂ ਨੂੰ ਨਾਈ ਹੱਥ ਭੇਜੀ ਜਾਂਦੀ ਸੀ। ਉਨ੍ਹਾਂ ਸਮਿਆਂ ਵਿਚ ਵਿਆਹ ਆਮ ਤੌਰ 'ਤੇ ਹਾੜ੍ਹੀ ਅਤੇ ਸਾਉਣੀ ਦੀ ਫ਼ਸਲ ਕੱਢ ਕੇ ਰੱਖੇ ਜਾਂਦੇ ਸਨ। ਵਿਆਹ ਫੇਰਿਆਂ ਨਾਲ ਹੁੰਦੇ ਸਨ। ਵਿਆਹ ਤੋਂ ਮਹੀਨਾ ਦੋ ਮਹੀਨਾ ਪਹਿਲਾਂ ਕੁੜੀ ਦੀ ਮਾਂ, ਚਾਚੀਆਂ, ਤਾਈਆਂ, ਬਹੂਆਂ, ਸ਼ਰੀਕੇ ਵਾਲੀਆਂ, ਆਂਢਣਾ ਗੁਆਂਢਣਾਂ ਰਾਤ ਦੀ ਰੋਟੀ ਦਾ ਕੰਮ ਨਿਬੇੜ ਕੇ ਅੱਧੀ ਅੱਧੀ ਰਾਤ ਤੱਕ ਸੁਹਾਗ ਦੇ ਗੀਤ ਗਾਉਂਦੀਆਂ ਹੁੰਦੀਆਂ ਸਨ। ਏਸੇ ਤਰ੍ਹਾਂ ਮੁੰਡੇ ਵਾਲੇ ਪਰਿਵਾਰ ਘੋੜੀ ਦੇ ਗੀਤ ਅਤੇ ਹੋਰ ਗੀਤ ਗਾਉਂਦੇ ਸਨ।

ਮੁੰਡੇ ਅਤੇ ਕੁੜੀ ਦੇ ਘਰ ਵਾਲੇ, ਨਾਨਕੇ, ਭੂਆ ਅਤੇ ਹੋਰ ਰਿਸ਼ਤੇਦਾਰ ਪੰਜੀਰੀ ਰਲਾ ਕੇ ਦਿੰਦੇ ਸਨ। ਉਨ੍ਹਾਂ ਸਮਿਆਂ ਵਿਚ ਸਾਰੇ ਕੰਮ ਹੱਥੀਂ ਹੁੰਦੇ ਸਨ। ਇਸ ਲਈ ਵਿਆਹ ਤੋਂ ਕਾਫ਼ੀ ਸਮਾਂ ਪਹਿਲਾਂ ਲੱਡੂ, ਜਲੇਬੀਆਂ, ਪਕੌੜੇ, ਪਕੌੜੀਆਂ, ਸ਼ੱਕਰਪਾਰਿਆਂ ਨੂੰ ਬਣਾਉਣ ਲਈ ਛੋਲਿਆਂ ਦਾ ਵੇਸਣ, ਮੈਦਾ, ਆਟਾ ਚੱਕੀ ਤੇ ਘਰ ਦੀਆਂ



Academy of the Punjab in North America: http://www.apnaorg.com

ਜਨਾਨੀਆਂ ਅਤੇ ਸ਼ਰੀਕੇ ਵਾਲੀਆਂ ਪੀਹਦੀਆਂ ਹੁੰਦੀਆਂ ਸਨ। ਦਾਲਾਂ ਸਬਜ਼ੀਆਂ ਲਈ ਮਸਾਲੇ ਕੁੱਟੇ ਜਾਂਦੇ ਸਨ। ਵੜੀਆਂ ਬਣਾਈਆਂ ਜਾਂਦੀਆਂ ਹਨ। ਮੁੰਡੇ ਕੁੜੀ ਲਈ ਵਟਣਾ ਵੀ ਚੱਕੀ ਤੋਂ ਪੀਹ ਕੇ ਤਿਆਰ ਕੀਤਾ ਜਾਂਦਾ ਸੀ।

ਵਿਆਹ ਤੋਂ ਪੰਦਰਾਂ ਕੁ ਦਿਨ ਪਹਿਲਾਂ ਸਾਰੇ ਰਿਸ਼ਤੇਦਾਰਾਂ ਨੂੰ ਨਾਈ ਵਿਆਹ ਦੇ ਦਿਨ ਦੀ ਇਤਲਾਹ ਕਰਨ ਜਾਂਦਾ ਸੀ, ਜਿਸ ਨੂੰ ਗੰਢਾਂ ਦੇਣਾ ਕਹਿੰਦੇ ਸਨ। ਕੁੜੀ/ਮੁੰਡੇ ਦੀ ਮਾਂ ਆਪਣੇ ਪੇਕੀਂ ਵਿਆਹ ਦੀ ਗੰਢ ਦੇਣ ਲਈ ਗੁੜ ਦੀ ਭੇਲੀ ਆਪ ਲੈ ਕੇ ਜਾਂਦੀ ਸੀ। ਕੁੜੀਆਂ ਦੀਆਂ ਮਾਵਾਂ ਤਾਂ ਕੁੜੀ ਜੰਮਣ ਤੇ ਹੀ ਦਾਜ ਤਿਆਰ ਕਰਨਾ ਸ਼ੁਰੂ ਕਰ ਦਿੰਦੀਆਂ ਸਨ। ਕੁੜੀ ਬੜੀ ਹੋ ਕੇ ਆਪਣੀ ਮਾਂ, ਚਾਚੀਆਂ, ਭੂਆ, ਭੈਣਾਂ ਨਾਲ ਦਰੀਆਂ ਬੁਣਦੀਆਂ ਸਨ। ਚਤਹੀਆਂ, ਖੇਸ, ਦੁਪੱਟਿਆਂ ਲਈ ਸੂਤ ਕੱਤਦੀਆਂ ਸਨ। ਫੁਲਕਾਰੀ, ਵਿਛਾਈਆਂ, ਸਰਾਹਣੇ, ਝੋਲੇ, ਰੁਮਾਲ ਕੱਢਦੀਆਂ ਸਨ।

ਕੁੜੀ ਲਈ ਬਰੀ, ਪ੍ਰਾਹੁਣੇ ਲਈ ਕਪੜੇ, ਘਰ ਵਾਲਿਆਂ ਲਈ ਅਤੇ ਦੇਣ ਲੈਣ ਕਰਨ ਵਾਲੇ ਕਪੜੇ ਖਰੀਦਣ, ਖੰਡ, ਘਿਉ ਖਰੀਦਣ ਵਾਸਤੇ ਗੱਡਾ ਜੋੜ ਕੇ ਸ਼ਹਿਰ ਜਾਂਦੇ ਸਨ। ਦਰਜੀ ਨੂੰ ਘਰ ਬਿਠਾ ਕੇ ਬਰੀ ਦੇ ਸੂਟ, ਮੁੰਡੇ ਅਤੇ ਘਰ ਵਾਲਿਆਂ ਲਈ ਕਪੜੇ ਸਿਲਾਏ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਖੇਤੀ ਬਾਰਸ਼ਾਂ ’ਤੇ ਨਿਰਭਰ ਹੋਣ ਕਰ ਕੇ ਲੋਕਾਂ ਦੀ ਆਮਦਨ ਥੋੜ੍ਹੀ ਹੁੰਦੀ ਸੀ। ਇਸ ਲਈ ਵਿਆਹਾਂ ਵਿਚ ਰਿਸ਼ਤੇਦਾਰ ਅਤੇ ਸ਼ਰੀਕੇ ਵਾਲੇ ਆਪਣੀ ਆਪਣੀ ਵਿਤ ਅਨੁਸਾਰ ਮੱਦਦ ਕਰਦੇ ਸਨ। ਕੁੜੀ ਨੂੰ ਸੂਟ ਦਿੰਦੇ ਸਨ। ਨਾਨਕੇ ਕੁੜੀ ਲਈ ਸੂਟਾਂ ਦੇ ਨਾਲ ਕੋਈ ਨਾ ਕੋਈ ਟੂੰਮ ਵੀ ਪਾਉਂਦੇ ਸਨ।

ਵਿਆਹ ਤੋਂ ਹਫ਼ਤਾ ਕੁ ਪਹਿਲਾਂ ਹਲਵਾਈ ਲੱਡੂ, ਪਕੌੜੇ, ਪਕੌੜੀਆਂ, ਸ਼ੱਕਰਪਾਰੇ ਬਣਾਉਣ ਲਈ ਕੜਾਹੀ ਚੜ੍ਹਾਉਂਦਾ ਸੀ। ਬੂਰਾ ਕੁੱਟਦਾ ਸੀ। ਹਫ਼ਤਾ ਕੁ ਪਹਿਲਾਂ ਸ਼ਰੀਕੇ ਵਾਲੇ, ਜਿਨ੍ਹਾਂ ਨੂੰ ਸਕਿਆਂ ਦੇ ਘਰ ਵੀ ਕਹਿੰਦੇ ਸਨ, ਘਿਉ, ਆਟੇ ਅਤੇ ਗੁੜ ਦੀਆਂ ਮਾਈਆਂ ਦੇਣੀਆਂ ਸ਼ੁਰੂ ਕਰ ਦਿੰਦੇ ਸਨ। ਮਾਈਆਂ ਨਾਲ ਕਾਫ਼ੀ ਸਾਰਾ ਘਿਉ, ਗੁੜ, ਆਟਾ ’ਕੱਠਾ ਹੋ ਜਾਂਦਾ ਸੀ। ਵਿਆਹ ਤੋਂ ਪੰਜ ਦਿਨ ਪਹਿਲਾਂ ਕੁੜੀ ਵਾਲੇ ਮੁੰਡੇ ਦੀ ਮਾਂ ਨੂੰ (ਹੋਣ ਵਾਲੀ ਸੱਸ) ਰੋਪਣਾ ਭੇਜਦੇ ਸਨ। ਰੋਪਣਾ ਵਿਚ ਆਮ ਤੌਰ ’ਤੇ ਸੱਸ ਲਈ ਕਈ ਸੂਟ, ਕੋਈ ਗਹਿਣਾ, ਜੁੱਤੀ ਅਤੇ ਕੋਈ ਵਰਤਣ ਵਾਲਾ ਭਾਂਡਾ ਚੋਲਾਂ ਦਾ ਭਰ ਕੇ ਭੇਜਿਆ ਜਾਂਦਾ ਸੀ। ਰੋਪਣਾ ਪਾਉਣ ਸਮੇਂ ਗੀਤ ਗਾਏ ਜਾਂਦੇ ਸਨ –

ਆਉਂਦੀ ਕੁੜੀਏ, ਜਾਂਦੀ ਕੁੜੀਏ,
ਚੱਕ ਲਿਆ ਬਾਜ਼ਾਰ ਵਿਚੋਂ ਮਹਿੰਦੀ।



ਆਓ ਕੁੜੀਓ ਚੌਲ ਵੰਡੀਏ,
ਮੇਰੇ ਵੀਰ ਦੀ ਰੋਪਣਾ ਪੈਂਦੀ।

ਵਿਆਹ ਤੋਂ ਇਕ ਦਿਨ ਪਹਿਲਾਂ ਸ਼ਰੀਕੇ ਵਾਲਿਆਂ ਨੂੰ ਰੋਟੀ ਖਵਾਈ ਜਾਂਦੀ ਸੀ। ਰੋਟੀ ਗੁੜ ਦੇ ਕੜਾਹ, ਦਾਲ ਅਤੇ ਮੰਡਿਆਂ ਨਾਲ ਖਵਾਉਂਦੇ ਸਨ। ਅੱਜ ਦੀ ਪੀੜ੍ਹੀ ਮੰਡੇ ਕਿਸ ਨੂੰ ਕਹਿੰਦੇ ਸਨ, ਇਹ ਵੀ ਨਹੀਂ ਜਾਣਦੀ। ਗਿੱਠ ਕੁ ਭਾਵ 10/12 ਇੰਚ ਦੀ ਗੋਲ ਜਿਹੇ ਆਕਾਰ ਦੀ ਪਤਲੀ ਬਣਾਈ ਗਈ ਰੋਟੀ ਨੂੰ ਮੰਡੇ ਕਹਿੰਦੇ ਸਨ। ਸ਼ਰੀਕੇ ਵਾਲਿਆਂ ਦੇ ਘਰ ਮੰਡਿਆਂ ਵਿਚ ਕੜਾਹ ਰੱਖ ਕੇ ਘਰੀਂ ਵੀ ਭੇਜਿਆ ਜਾਂਦਾ ਸੀ, ਜਿਸ ਨੂੰ ਪਰੋਸਾ ਦੇਣਾ ਕਹਿੰਦੇ ਸਨ। ਰੋਟੀ ਵਾਲੇ ਦਿਨ ਹੀ ਸਾਰੇ ਰਿਸ਼ਤੇਦਾਰ, ਸ਼ਰੀਕੇ ਵਾਲੇ ਨਿਉਂਦਾ ਪਾਉਂਦੇ ਸਨ। ਰਿਸ਼ਤੇਦਾਰਾਂ ਅਤੇ ਸ਼ਰੀਕੇ ਵਾਲਿਆਂ ਵਲੋਂ ਵਿਆਹ ਵਿਚ ਨਕਦ ਰੂਪ ਵਿਚ ਦਿੱਤੇ ਰੁਪਇਆਂ ਨੂੰ ਨਿਉਂਦਾ ਕਹਿੰਦੇ ਸਨ। ਨਿਉਂਦੇ ਦੀ ਰਕਮ ਨੂੰ ਬਕਾਇਦਾ ਵਹੀਆਂ ਵਿਚ ਲਿਖਿਆ ਜਾਂਦਾ ਸੀ। ਜਦ ਨਿਉਂਦਾ ਪਾਉਣ ਵਾਲੇ ਪਰਿਵਾਰ ਵਿਚ ਵਿਆਹ ਹੁੰਦਾ ਸੀ ਤਾਂ ਜਿੰਨਾ ਨਿਉਂਦਾ ਉਨ੍ਹਾਂ ਨੇ ਪਾਇਆ ਹੁੰਦਾ ਸੀ, ਉਸ ਨਾਲੋਂ ਵੱਧ ਨਿਉਂਦਾ ਪਾਉਂਦੇ ਸਨ।

ਰੋਟੀ ਵਾਲੇ ਦਿਨ ਹੀ ਨਾਨਕਾ ਮੇਲ ਅਤੇ ਹੋਰ ਰਿਸ਼ਤੇਦਾਰ ਪਹੁੰਚ ਜਾਂਦੇ ਸਨ। ਨਾਨਕੇ ਮੇਲ ਵਾਲੇ ਪਿੰਡ ਵੜਣ ਸਾਰ ਹੀ ਗੀਤ ਗਾਉਣੇ ਸ਼ੁਰੂ ਕਰ ਦਿੰਦੇ ਸਨ। ਗੀਤ ਕਾਹਦੇ ਹੁੰਦੇ ਸਨ, ਪਿੰਡ ਵਾਲਿਆਂ ਦੀ ਖੁੰਭ ਠੱਪਣ ਵਾਲੇ ਹੁੰਦੇ ਸਨ। ਪਹਿਲਾ ਗੀਤ ਤਾਂ ਮੁੰਡੇ/ਕੁੜੀ ਦੀ ਮਾਂ ਦਾ ਨਾਂ ਲੈ ਕੇ ਗਾਇਆ ਜਾਂਦਾ ਸੀ–

ਬੋਲੇ ਨੀ ਬੰਬੀਹਾ ਬੋਲੇ,
ਕਰਤਾਰੋ ਦੇ ਬਾਰ ਨੀ ਬੰਬੀਹਾ ਬੋਲੇ।

ਫੇਰ ਤਾਂ ਗੀਤਾਂ ਦੀ ‘ਚੱਲ ਸੋ ਚੱਲ’ ਹੋ ਜਾਂਦੀ ਸੀ। ਜੇਕਰ ਰਸਤੇ ਵਿਚ ਬੈਠੇ ਮੁੰਡੇ ਖੁੰਡੇ ਮਿਲ ਜਾਣ ਤਾਂ ਉਨ੍ਹਾਂ ਦੀ ਸਭ ਤੋਂ ਜ਼ਿਆਦਾ ਛੋਤ ਲਾਹੀ ਜਾਂਦੀ ਸੀ–

ਆਉਂਦੀ ਕੁੜੀਏ ਭਰ ਲਿਆ ਟੋਕਰਾ ਨੜਿਆਂ ਦਾ,
ਕਿੱਥੇ ਲਾਹੇਂਗੀ ਨੀ, ਇਹ ਪਿੰਡ ਛੜਿਆਂ ਦਾ।
x x x x x
ਘੁੰਡ ਕੱਢ ਕੇ ਤੁਰੀਂ ਮੁਟਿਆਰੇ,
ਨੀ ਇਹ ਪਿੰਡ ਛੜਿਆਂ ਦਾ।

ਇਸ ਤਰ੍ਹਾਂ ਨਾਨਕੀਆਂ ਗੀਤ ਗਾਉਂਦੀਆਂ ਵਿਆਹ ਵਾਲੇ ਘਰ ਪਹੁੰਚ ਜਾਂਦੀਆਂ ਸਨ।

ਉਨ੍ਹਾਂ ਸਮਿਆਂ ਵਿਚ ਸਾਬਨ ਦੀ ਘਰਾਂ ਵਿਚ ਘੱਟ ਹੀ ਵਰਤੋਂ ਹੁੰਦੀ ਸੀ। ਇਸ ਲਈ ਵਿਆਹ ਤੋਂ ਕਈ ਕਈ ਦਿਨ ਪਹਿਲਾਂ ਲੜਕੇ/ਲੜਕੀ ਨੂੰ ਵਟਣਾ ਮਲ ਕੇ



Academy of the Punjab in North America: http://www.apnaorg.com

ਨੁਹਾਇਆ ਜਾਂਦਾ ਸੀ। ਵਟਣਾ ਜੌਂ ਦਾ ਆਟਾ, ਹਲਦੀ, ਦਹੀਂ ਅਤੇ ਸਰ੍ਹੋਂ ਦਾ ਤੇਲ ਪਾ ਕੇ ਤਿਆਰ ਕੀਤਾ ਜਾਂਦਾ ਸੀ। ਵਟਣਾ ਮਲਣ ਦਾ ਉਨ੍ਹਾਂ ਸਮਿਆਂ ਵਿਚ ਵਿਸ਼ੇਸ਼ ਮਹੱਤਵ ਵੀ ਸੀ। ਵਟਣਾ ਮਲਣ ਨਾਲ ਚਿਹਰਾ ਮੋਹਰਾ ਸਰੀਰ ਸਾਫ਼ ਤੇ ਦਿਲਕਸ਼ ਬਣ ਜਾਂਦਾ ਸੀ। ਵਟਣਾ ਮਲਣ ਨਾਲ ਮੁੰਡੇ/ਕੁੜੀ ਤੇ ਰੂਪ ਚੜ੍ਹ ਜਾਂਦਾ ਸੀ। ਵਿਆਹ ਵਾਲੇ ਦਿਨ ਮੁੰਡੇ/ਕੁੜੀ ਨੂੰ ਚੌਂਕੀ ਤੇ ਬਿਠਾ ਕੇ ਨਾਈ/ਨੈਣ ਵਟਣਾ ਮਲ ਕੇ ਨਵ੍ਹਾਉਂਦੇ ਸਨ। ਉਸ ਸਮੇਂ ਗੀਤ ਵੀ ਗਾਏ ਜਾਂਦੇ ਸਨ–

ਵਾਹ ਵਾਹ ਕਿ ਵਟਣਾ ਕਟੋਰੇ ਦਾ,
ਜਿੰਦੇ ਨੀ ਵਟਣਾ ਕਟੋਰੇ ਦਾ,
ਵਾਹ ਵਾਹ ਮਲਦੀਆਂ ਦੋ ਜਣੀਆਂ,
ਜਿੰਦੇ ਨੀ ਮਲਦੀਆਂ ਦੋ ਜਣੀਆਂ।
x x x x
ਆਂਗਨ ਚਿੱਕੜ ਕੀਹਨੇ ਕੀਤਾ ਵੇ,
ਕੀਹਨੇ ਡੋਲ੍ਹਿਆ ਪਾਣੀ।
ਬਾਬਲ ਬੇਟੜੀ ਨ੍ਹਾਤੀ ਨੀ,
ਉਹਨੇ ਡੋਲਿਆ ਪਾਣੀ।

ਨਹਾਈ ਧੋਈ ਤੋਂ ਪਿੱਛੋਂ ਮੁੰਡੇ/ਕੁੜੀ ਨਾਨਕਿਆਂ ਵਲੋਂ ਲਿਆਂਦੇ ਕਪੜੇ ਪਹਿਨਦੇ ਸਨ। ਇਨ੍ਹਾਂ ਕਪੜਿਆਂ ਨੂੰ ਜੋੜਾ ਜਾਮਾ ਕਿਹਾ ਜਾਂਦਾ ਸੀ। ਫੇਰ ਮੁੰਡੇ/ਕੁੜੀ ਨੂੰ ਸ਼ਗਨ ਦੇ ਕੇ ਮਾਮਾ ਚੌਂਕੀ ਤੋਂ ਉਤਾਰਦਾ ਸੀ। ਉਸ ਸਮੇਂ ਗੀਤ ਗਾਏ ਜਾਂਦੇ ਸਨ –

ਵਧਾਈਆਂ ਅੰਮਾਂ ਤੈਨੂੰ ਵਧਾਈਆਂ ਨੀ,
ਵਧਾਈਆਂ ਤੇਰੇ ਆਰ ਨੂੰ, ਪਰਿਵਾਰ ਨੂੰ,
ਤੇਰੇ ਬਾਪ ਵੱਡੇ ਸਰਦਾਰ ਨੂੰ,
ਜਿਹਨੇ ਅੰਮ੍ਰਿਤ ਧਰਿਆ ਨਾਂ,
ਵਧਾਈਆਂ ਅੰਮਾਂ ਤੈਨੂੰ ਵਧਾਈਆਂ ਨੀ।

ਵੀਰ ਦੇ ਵਿਆਹ ਦਾ ਸਭ ਤੋਂ ਵੱਧ ਚਾਅ ਭੈਣਾਂ ਨੂੰ ਹੁੰਦਾ ਸੀ। ਭੈਣਾਂ ਹੀ ਵੀਰ ਦੇ ਹੱਥ ਤੇ ਗਾਨਾ ਬੰਨ੍ਹਦੀਆਂ ਸਨ। ਗਾਨਾ ਬੰਨ੍ਹਣ ਸਮੇਂ ਵੀ ਗੀਤ ਗਾਏ ਜਾਂਦੇ ਸਨ। ਫੇਰ ਮੁੰਡੇ ਦੀ ਭਰਜਾਈ ਸੁਰਮਾ ਪਾਉਂਦੀ ਸੀ। ਉਸ ਸਮੇਂ ਗੀਤ ਗਾਉਂਦੇ ਸਨ –

ਪਹਿਲੀ ਸਲਾਈ ਦਿਉਰਾ ਰਸ ਭਰੀ,
ਦੂਜੀ ਗੁਲ ਅਨਾਰ।
ਤੀਜੀ ਸਲਾਈ ਤਾਂ ਪਾਵਾਂ,
ਜੇ ਮੋਹਰਾਂ ਦੇਵੇਂ ਚਾਰ।



ਸੁਰਮਾ ਪਵਾਈ ਦੇ ਭਰਜਾਈ ਨੂੰ ਰੁਪਏ ਦਿੱਤੇ ਜਾਂਦੇ ਸਨ। ਵਿਆਹੁਲੇ ਮੁੰਡੇ ਦੇ ਨਾਲ ਹੀ ਸਰਬਾਲੇ ਦੀ ਨੁਹਾਈ ਧੋਈ ਕਰਾਈ ਜਾਂਦੀ ਸੀ। ਸਰਬਾਲਾ ਵਿਆਂਹਦੜ ਦਾ ਛੋਟਾ ਭਾਈ, ਚਾਚੇ ਤਾਏ ਜਾਂ ਮਾਮੇ ਦਾ ਮੁੰਡਾ ਹੁੰਦਾ ਸੀ। ਸਰਬਾਲੇ ਨੂੰ ਵੀ ਸੁਰਮਾ ਪਾਇਆ ਜਾਂਦਾ ਸੀ। ਸਰਬਾਲੇ ਨੂੰ ਸ਼ਗਨ ਵੀ ਦਿੱਤੇ ਜਾਂਦੇ ਸਨ। ਸਰਬਾਲਾ ਇਕ ਕਿਸਮ ਦਾ ਲਾੜੇ ਦਾ ਬਾਡੀਗਾਰਡ ਹੁੰਦਾ ਸੀ।

ਲਾੜੇ ਦੇ ਤਿਆਰ ਹੋਣ ਤੇ ਲਾੜੇ ਦੇ ਸਿਰ ਉਪਰ ਬਾਗ ਤਾਣ ਕੇ, ਜਿਸ ਦੀਆਂ ਚਾਰੇ ਕੰਨੀਆਂ ਨੂੰ ਭੈਣਾਂ ਨੇ ਫੜਿਆ ਹੁੰਦਾ ਸੀ, ਗੁਰੂਦਵਾਰੇ ਮੱਥਾ ਟੇਕਣ ਲੈ ਕੇ ਜਾਂਦੇ ਸਨ। ਲਾੜੇ ਦੇ ਹੱਥ ਵਿਚ ਕ੍ਰਿਪਾਨ ਹੁੰਦੀ ਸੀ। ਮੱਥਾ ਟੇਕਣ ਪਿੱਛੋਂ ਲਾੜੇ ਦੇ ਘੋੜੀ ਤੇ ਬੈਠਣ ਸਮੇਂ ਘੋੜੀ ਗਾਈ ਜਾਂਦੀ ਸੀ–

ਨਿੱਕੀ ਨਿੱਕੀ ਬੂੰਦੀ ਨਿਕਿਆ ਮੀਂਹ ਵੇ ਵਰ੍ਹੇ।
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।
ਦਮਾਂ ਦੀ ਬੋਰੀ ਤੇਰਾ ਬਾਬਲ ਭਰੇ।
ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ।
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।
x x x
ਘੋੜੀ ਦੇ ਉਤੇ ਮੇਰਾ ਵੀਰ ਚੜ੍ਹੇ।
ਭੈਣ ਵੇ ਸੁਹਾਗਣ ਤੇਰੀ ਵਾਗ ਫੜੇ।
ਪੀਲੀ ਪੀਲੀ ਦਾਲ ਤੇਰੀ ਘੋੜੀ ਚਰੇ।
ਭੈਣ ਵੇ ਸੁਹਾਗਣ ਤੇਰੇ ਸ਼ਗਨ ਕਰੇ।

ਏਸੇ ਤਰ੍ਹਾਂ ਲਾੜੇ ਦੀਆਂ ਤਾਈਆਂ, ਚਾਚੀਆਂ, ਭੂਆਂ ਤੇ ਹੋਰ ਰਿਸ਼ਤੇਦਾਰ ਵੀ ਘੋੜੀ ਗਾਉਂਦੀਆਂ ਸਨ। ਘੋੜੀ ਦੀ ਵਾਗ/ਲਗਾਮ ਭੈਣ ਦੇ ਹੱਥ ਵਿਚ ਫੜੀ ਹੁੰਦੀ ਸੀ। ਭਾਈ (ਲਾੜਾ) ਆਪਣੀਆਂ ਭੈਣਾਂ ਨੂੰ ਸ਼ਗਨ ਦਿੰਦਾ ਸੀ–

ਕੀ ਕੁਝ ਦੇਣਾ ਵੀਰਾ ਵਾਗ ਫੜਾਈ?
ਮੈਂ ਹਾਂ ਭੈਣ ਤੇਰੀ ਮਾਂ ਪਿਉ ਜਾਈ।

ਰਥ ਦੀ ਈਜਾਦ ਹੋਣ ਤੇ ਫੇਰ ਘੋੜੀ ਦੀ ਥਾਂ ਲਾੜਾ ਰਥ ਵਿਚ ਬੈਠਦਾ ਸੀ। ਜੰਨ ਰਥਾਂ, ਘੋੜੀਆਂ, ਊਠਾਂ, ਗੱਡਿਆਂ ਅਤੇ ਪੈਦਲ ਜਾਂਦੀ ਸੀ। ਘੱਟੋ ਘੱਟ ਇਕ ਰਥ ਤਾਂ ਜੰਨ ਵਿਚ ਜ਼ਰੂਰ ਜਾਂਦਾ ਸੀ, ਜਿਸ ਵਿਚ ਲਾੜਾ, ਸਰਬਾਲਾ, ਪਰਿਵਾਰ ਦਾ ਜੁਆਈ ਜਾਂ ਕੋਈ ਹੋਰ ਪਰਿਵਾਰ ਦਾ ਸੀਨੀਅਰ ਮੈਂਬਰ ਬੈਠਦਾ ਸੀ। ਜੇਕਰ ਰਿਸ਼ਤਾ ਕਿਸੇ ਵਿਚੋਲੇ ਰਾਹੀਂ ਹੋਇਆ ਹੁੰਦਾ ਸੀ ਤਾਂ ਵਿਚੋਲਾ ਵੀ ਰੱਥ ਵਿਚ ਬੈਠਦਾ ਸੀ। ਆਉਂਦੇ ਹੋਏ ਰਥ ਵਿਚ ਲਾੜੇ ਦੇ ਨਾਲ ਵਹੁਟੀ ਤੇ ਵਹੁਟੀ ਦੇ ਨਾਲ ਆਏ ਉਸ ਦੇ



Academy of the Punjab in North America: http://www.apnaorg.com

ਭਾਈ ਜਾਂ ਹੋਰ ਰਿਸ਼ਤੇਦਾਰ ਬੈਠਦੇ ਸਨ। ਜੰਨ ਚੜ੍ਹਣ ਸਮੇਂ ਭੈਣਾਂ ਗੀਤ ਗਾਉਂਦੀਆਂ ਸਨ –

ਜਿਨ੍ਹੀਂ ਰਾਹੀਂ ਮੇਰਾ ਵੀਰ ਜੰਨ ਚੜ੍ਹਿਆ,
ਉਨ੍ਹਾਂ ਰਾਹਾਂ ਦਾ ਰੇਤਾ ਖੰਡ ਬਣਿਆ।

ਜੇਕਰ ਲਾੜਾ ਘੋੜੀ ਤੇ ਬੈਠ ਕੇ ਜਾਂਦਾ ਸੀ ਤਾਂ ਭੈਣਾਂ ਗੀਤ ਗਾਉਂਦੀਆਂ ਸਨ–

ਹੋਰਾਂ ਦੇ ਵੀਰੇ ਚੜ੍ਹਗੇ ਊਠਾਂ ਤੇ,
ਮੇਰੇ ਵੀਰ ਦੀ ਘੋੜੀ।
ਜੰਨ ਮੇਰੇ ਵੀਰੇ ਦੀ,
ਸਿਖਰ ਦੁਪਹਿਰੇ ਤੋਰੀ।

ਜੇਕਰ ਵਿਆਂਹਦੜ ਰਥ ਵਿਚ ਬੈਠਦਾ ਸੀ ਤਾਂ ਗੀਤ ਗਾਉਂਦੀਆਂ ਸਨ–

ਸੋਹਣਾ ਵਿਆਂਹਦੜ ਰਥ ਵਿਚ ਬਹਿ ਗਿਆ,
ਹੇਠ ਚਤਹੀ ਵਿਛਾ ਕੇ।
ਵੀਰ ਉਹਦੇ ਸਭ ਚੜ੍ਹ ਗਏ ਊਠਾਂ ਤੇ,
ਝਾਂਜਰਾਂ ਛੌਟੀਆਂ ਪਾ ਕੇ।
ਰਥ ਗੱਡੀਆਂ ਦਾ ਅੰਤ ਨਾ ਕਾਈ,
ਜਾਨੀ ਚੜ੍ਹ ਗਏ ਸਜ ਸਜਾ ਕੇ।
ਜੰਨ ਆਈ ਜਦ ਕੁੜੀਆਂ ਨੇ ਵੇਖੀ,
ਆਈਆਂ ਹੁੰਮ ਹੁਮਾ ਕੇ।
ਵਿਆਂਹਦੜ ਢੁੱਲ ਵਰਗਾ,
ਵੇਖ ਲੈ ਵਿਆਹੁਲੀਏ ਆ ਕੇ।

ਜੰਨ ਤੋਰਨ ਪਿੱਛੋਂ ਨਗਰ ਖੇੜੇ ਦੀ ਸੁੱਖ ਮੰਗਣ ਦੇ ਗੀਤ ਗਾਏ ਜਾਂਦੇ ਸਨ–

ਸੁੱਖ ਵਸਦੀ ਵੇ ਬਾਬਾ ਥੋੜੀ ਨਗਰੀ,
ਜੀ ਸੁੱਖ ਵਸਦੀ ਜੀ।

ਰਾਤ ਨੂੰ ਨਾਨਕੀਆਂ ਜਾਗੋ ਕੱਢਦੀਆਂ ਸਨ, ਛੱਜ ਕੁੱਟਦੀਆਂ ਸਨ, ਗਿੱਧਾ ਪਾਉਂਦੀਆਂ ਸਨ।

ਸ਼ਾਮ ਨੂੰ ਜੰਨ ਸਹੁਰੇ ਪਿੰਡ ਪਹੁੰਚਦੀ ਸੀ। ਘੋੜੀਆਂ, ਊਠਾਂ ਵਾਲੇ ਸਾਰੇ ਪਿੰਡ ਉਤੋਂ ਦੀ ਗੇੜਾ ਦਿੰਦੇ ਸਨ। ਫੇਰ ਕੁੜੀ ਵਾਲਿਆਂ ਦੀ ਪੰਚਾਇਤ ਆ ਕੇ ਜੰਨ ਨੂੰ ਜੀ ਆਇਆਂ ਕਹਿੰਦੀ ਸੀ। ਮੁੰਡੇ ਦੇ ਬਾਪ ਅਤੇ ਮਾਮੇ ਦੀ ਖੇਸ ਉਪਰ ਇਕ ਰੁਪਇਆ ਰੱਖ ਕੇ ਮਿਲਣੀ ਕੀਤੀ ਜਾਂਦੀ ਸੀ। ਜੰਨ ਫੇਰ ਆਪਣੇ ਉਤਾਰੇ ਵਾਲੀ ਥਾਂ ਪਹੁੰਚਦੀ ਸੀ।



ਜਿਸ ਨੂੰ ਜੰਨ ਦਾ ਡੇਰਾ ਕਹਿੰਦੇ ਸਨ। ਜਿਹੜਾ ਕਿ ਆਮ ਤੌਰ ’ਤੇ ਧਰਮਸਾਲਾ ਵਿਚ ਹੁੰਦਾ ਸੀ। ਧਰਮਸਾਲਾ/ਡੇਰੇ ਵਿਚ ਜੰਨ ਦੇ ਰਹਿਣ ਲਈ ਸਾਰੇ ਪਿੰਡ ਵਿਚੋਂ ਮੰਜੇ ਬਿਸਤਰੇ ’ਕੱਠੇ ਕਰ ਕੇ ਰੱਖੇ ਹੁੰਦੇ ਸਨ। ਧਰਮਸਾਲਾ ਵਿਚ ਹੀ ਆਈ ਬਰਾਤ ਨੂੰ ਲੱਡੂ, ਬਦਾਨਾ ਅਤੇ ਲੂਣ ਵਾਲੀਆਂ ਪਕੌੜੀਆਂ ਨੂੰ ਕੌਲੀਆਂ ਵਿਚ ਪਾ ਕੇ ਦੁੱਧ/ਚਾਹ ਪਿਆਈ ਜਾਂਦੀ ਸੀ।

ਉਨ੍ਹਾਂ ਸਮਿਆਂ ਵਿਚ ਰਾਹ ਕੱਚੇ ਹੁੰਦੇ ਸਨ, ਜਿਸ ਕਰ ਕੇ ਬਰਾਤੀਆਂ ਉਪਰ ਮਿੱਟੀ ਘੱਟਾ ਪਿਆ ਹੁੰਦਾ ਸੀ। ਇਸ ਲਈ ਦੁੱਧ/ਚਾਹ ਪੀਣ ਤੋਂ ਪਿੱਛੋਂ ਜਿਹੜੇ ਬਰਾਤੀ ਨਹਾਉਣਾ ਚਾਹੁੰਦੇ ਸਨ, ਉਹ ਨਹਾ ਲੈਂਦੇ ਸਨ। ਜਿਹੜੇ ਹੱਥ ਮੂੰਹ ਧੋਣਾ ਚਾਹੁੰਦੇ ਸਨ, ਉਹ ਹੱਥ ਮੂੰਹ ਧੋ ਲੈਂਦੇ ਸਨ। ਖੁੱਲ੍ਹੇ ਥਾਂ ਵਿਚ ਹੀ ਲੱਕੜ ਦੇ ਪਟੜੇ ਤੇ ਬੈਠ ਕੇ ਨੁਹਾਉਂਦੇ ਸਨ। ਸਰਦੀਆਂ ਦੇ ਮੌਸਮ ਵਿਚ ਨਹਾਉਣ ਲਈ ਬੜੇ ਕੜਾਹੇ ਵਿਚ ਪਾਣੀ ਗਰਮ ਹੁੰਦਾ ਰਹਿੰਦਾ ਸੀ। ਜਿੱਥੋਂ ਲੋੜ ਅਨੁਸਾਰ ਬਾਲਟੀਆਂ ਵਿਚ ਪਾਣੀ ਲੈ ਕੇ ਵਰਤਦੇ ਰਹਿੰਦੇ ਸਨ। ਰਥ ਅਤੇ ਗੱਡਿਆਂ ਦੇ ਬਲਦਾਂ, ਘੋੜੀਆਂ ਅਤੇ ਊਠਾਂ ਲਈ ਵਧੀਆ ਦਾਣਾ ਅਤੇ ਪੱਠੇ ਖਾਣ ਨੂੰ ਦਿੱਤੇ ਜਾਂਦੇ ਸਨ।

ਰਾਤ ਦੀ ਰੋਟੀ ਬਰਾਤੀਆਂ ਨੂੰ ਧਰਮਸਾਲਾ/ਡੇਰੇ ਵਿਚ ਖਵਾਈ ਜਾਂਦੀ ਸੀ। ਏਸ ਰੋਟੀ ਨੂੰ ਕੱਚੀ ਰੋਟੀ ਕਹਿੰਦੇ ਸਨ। ਕਈ ਇਲਾਕਿਆਂ ਵਿਚ ਏਸ ਨੂੰ ਕੁਆਰੀ ਰੋਟੀ ਵੀ ਕਿਹਾ ਜਾਂਦਾ ਸੀ। ਅਗਲੇ ਦਿਨ ਸਵੇਰ ਦਾ ਚਾਹ ਪਾਣੀ ਫੇਰ ਧਰਮਸਾਲਾ ਵਿਚ ਹੀ ਕੌਲੀਆਂ ਵਿਚ ਮਠਿਆਈ ਪਾ ਕੇ ਪਿਆਇਆ ਜਾਂਦਾ ਸੀ। ਦੁਪਹਿਰ ਦੀ ਰੋਟੀ ਖਾਣ ਲਈ ਬਰਾਤ ਕੁੜੀ ਵਾਲਿਆਂ ਦੇ ਘਰ ਜਾਂਦੀ ਸੀ। ਬਰਾਤ ਨਾਲ ਲਾੜਾ ਨਹੀਂ ਜਾਂਦਾ ਸੀ। ਲਾੜੇ ਨੂੰ ਧਰਮਸਾਲਾ ਵਿਚ ਹੀ ਰੋਟੀ ਖਵਾਈ ਜਾਂਦੀ ਸੀ। ਰੋਟੀ ਲੱਡੂ, ਜਲੇਬੀਆਂ, ਬੂਰਾ ਖੰਡ, ਘਿਉ, ਕੜਾਹ ਆਦਿ ਨਾਲ ਖਵਾਉਂਦੇ ਸਨ। ਬਰਾਤ ਨੂੰ ਵੇਖਣ ਲਈ ਮੇਲਣਾਂ, ਆਂਢਣਾਂ-ਗੁਆਂਢਣਾਂ ਕੋਠਿਆਂ ਦੇ ਬਨੇਰਿਆਂ ’ਤੇ ਜਾਂ ਜਿਥੇ ਵੀ ਕਿਸੇ ਨੂੰ ਥਾਂ ਮਿਲਦੀ ਸੀ, ਦਾ ਝੁਰਮਟ ਪਿਆ ਹੁੰਦਾ ਸੀ। ਆਈ ਬਰਾਤ ਦਾ ਗੀਤਾਂ ਨਾਲ ਸੁਆਗਤ ਕੀਤਾ ਜਾਂਦਾ ਸੀ। ਨਾਲ ਦੀ ਨਾਲ ਸਿੱਠਣੀਆਂ ਦੇ ਕੇ ਠਿੱਠ ਵੀ ਕੀਤਾ ਜਾਂਦਾ ਸੀ –

ਸਾਡੇ ਨਵੇਂ ਸੱਜਣ ਘਰ ਆਏ, ਸਲੋਨੀ ਦੇ ਨੈਣ ਭਲੇ।
ਸਾਨੂੰ ਕੀ ਕੀ ਵਸਤ ਲਿਆਏ, ਸਲੋਨੀ ਦੇ ਨੈਣ ਭਲੇ।
x x x x x x
ਸਾਡੇ ਨਵੇਂ ਸੱਜਣ ਘਰ ਆਏ, ਵੱਜ ਰਹੀਆਂ ਬੰਸਰੀਆਂ।
ਸਾਡੀ ਸੀਤਾ ਨੂੰ ਵਿਆਹੁਣ ਆਏ, ਵੱਜ ਰਹੀਆ ਬੰਸਰੀਆਂ।

ਸ਼ਾਮ ਦੀ ਰੋਟੀ ਖਾਣ ਲਈ ਬਰਾਤ ਫੇਰ ਕੁੜੀ ਵਾਲਿਆਂ ਦੇ ਘਰ ਜਾਂਦੀ ਸੀ,



Academy of the Punjab in North America: http://www.apnaorg.com

ਪਰ ਲਾੜਾ ਬਰਾਤ ਨਾਲ ਨਹੀਂ ਜਾਂਦਾ ਸੀ। ਲਾੜੇ ਨੂੰ ਰੋਟੀ ਫੇਰ ਧਰਮਸਾਲਾ ਵਿਚ ਹੀ ਖਵਾਈ ਜਾਂਦੀ ਸੀ। ਜਦ ਬਰਾਤ ਰੋਟੀ ਖਾ ਕੇ ਵਾਪਸ ਧਰਮਸਾਲਾ ਵਿਚ ਆ ਜਾਂਦੀ ਸੀ, ਫੇਰ ਲਾੜਾ, ਸਰਬਾਲਾ, ਉਸ ਦੇ ਘਰ ਵਾਲੇ ਅਤੇ ਕੁਝ ਨਜ਼ਦੀਕੀ ਰਿਸ਼ਤੇਦਾਰ ਫੇਰਿਆਂ ਲਈ ਜਾਂਦੇ ਸਨ। ਫੇਰਿਆਂ ਸਮੇਂ ਹੀ ਲਾੜੇ ਨੂੰ ਪਹਿਲੀ ਵਾਰ ਘਰ ਵਾਲੇ, ਰਿਸ਼ਤੇਦਾਰ, ਸ਼ਰੀਕੇ ਵਾਲੇ ਤੇ ਆਂਢੀ ਗੁਆਂਢੀ ਵੇਖਦੇ ਹੁੰਦੇ ਸਨ। ਫੇਰਿਆਂ ਸਮੇਂ ਗੀਤ ਗਾਏ ਜਾਂਦੇ ਸਨ। ਲਾੜੇ ਨੂੰ ਸਿੱਠਣੀਆਂ ਵੀ ਦਿੱਤੀਆਂ ਜਾਂਦੀਆਂ ਸਨ। ਲਾੜੇ ਦੀ ਬੇਬੇ, ਬਾਪੂ ਭੈਣਾਂ ਆਦਿ ਦਾ ਪੂਰਾ ਮਜ਼ਾਕ ਉਡਾਇਆ ਜਾਂਦਾ ਸੀ –

ਹੋਰ ਜਾਨੀ ਲਿਆਏ ਊਂਠ ਘੋੜੇ,
ਲਾੜਾ ਲਿਆਇਆ ਟੱਟੂ ਨੀ।
ਨੀ ਮਨੌਂ ਦੇ ਜਾਣਾ,
ਵਿਹੜੇ ਦੀ ਜੜ੍ਹ ਪੱਟੂ ਨੀ।

ਫੇਰ ਲਾੜੇ ਦੀ ਭੈਣ ਦੀ ਵਾਰੀ ਆ ਜਾਂਦੀ ਸੀ–

ਲਾੜੇ ਦੀ ਭੈਣ, ਚੜ੍ਹ ਗਈ ਡੇਕ,
ਟੁੱਟ ਗਿਆ ਡਾਹਣਾ, ਡਿੱਗ ਪਈ ਹੇਠ।
ਪੁੱਛ ਲਓ ਮੁੰਡਿਓ ਰਾਜੀ ਆ?

ਫੇਰੇ ਖ਼ਤਮ ਹੋਣ ਤੇ ਕੁੜੀਆਂ ਗੀਤ ਗਾਉਂਦੀਆਂ ਸਨ –

ਖਾਰੇ ਬਦਲ ਗਏ,
ਬੀਬੀ ਹੋ ਗਈ ਪਰਾਈ।

ਅਗਲੇ ਦਿਨ ਸਵੇਰ ਦਾ ਚਾਹ ਪਾਣੀ ਬਰਾਤੀਆਂ ਨੂੰ ਫੇਰ ਧਰਮਸ਼ਾਲਾ ਵਿਚ ਹੀ ਪਿਆਇਆ ਜਾਂਦਾ ਸੀ। ਫੇਰ ਬਰੀ ਲਿਆ ਕੇ ਕੁੜੀ ਵਾਲਿਆਂ ਨੂੰ ਵਿਖਾਈ ਜਾਂਦੀ ਸੀ। ਬਰੀ ਵਿਚ ਵਹੁਟੀ ਲਈ ਗਹਿਣੇ, ਸੂਟ ਤੇ ਹਾਰ ਸ਼ਿੰਗਾਰ ਦਾ ਸਾਮਾਨ ਹੁੰਦਾ ਸੀ। ਮੁੰਡੇ ਵਾਲੇ ਪੂਰਾ ਜ਼ੋਰ ਲਾ ਕੇ ਬਰੀ ਬਣਾ ਕੇ ਲਿਆਉਂਦੇ ਸਨ, ਪਰ ਫੇਰ ਵੀ ਬਰੀ ਵਿਚ ਨਿਗੋਚਾਂ ਕੱਢ ਕੇ ਗਹਿਣਿਆਂ ਸਬੰਧੀ ਰੱਜ ਕੇ ਸਿੱਠਣੀਆਂ ਦਿੱਤੀਆਂ ਜਾਂਦੀਆਂ ਸਨ –

ਫੁੱਲ ਗਹਿਣਾ ਕੁੜੇ, ਫੁੱਲ ਗਹਿਣਾ ਕੁੜੇ,
ਪੁਰਾਣਾ ਲਿਆਂਦਾ ਗਹਿਣਾ ਕੁੜੇ।
x x x x
ਇਹ ਕੀ ਗੱਲ ਵੇ ਕੁੜਮਾ?
ਸੱਸ ਦੇ ਗਹਿਣੇ ਨੂੰਹ ਨੂੰ ਢੋਏ।

ਗਹਿਣਿਆਂ ਵਿਚ ਪੂਰੀ ਖੋਟ ਪਾਈ ਦੱਸ ਕੇ ਗਹਿਣੇ ਹੀ ਚਾਂਦੀ ਦੇ ਹੋਣ ਸਬੰਧੀ ਸਿੱਠਣੀਆਂ ਦਿੱਤੀਆਂ ਜਾਂਦੀਆਂ ਸਨ –

ਛੇ ਮਹੀਨੇ ਸੁਨਿਆਰ ਬਿਠਾਇਆ,
ਚਾਂਦੀ ਦੇ ਗਹਿਣਿਆਂ ਤੇ ਪਾਣੀ ਫਿਰਾਇਆ।
ਪਿੱਤਲ ਪਾਉਣਾ ਸਈ,
ਨਿਜੱਲਿਓ! ਲੱਜ ਤੁਹਾਨੂੰ ਨਹੀਂ।

ਏਸੇ ਤਰ੍ਹਾਂ ਬਰੀ ਦੇ ਸੂਟਾਂ ਨੂੰ ਪੁਰਾਣੇ ਦੱਸ ਕੇ ਠਿੱਠ ਕੀਤਾ ਜਾਂਦਾ ਸੀ –

ਚੁੱਪ ਕੀਤੜਿਆ, ਮੂੰਹ ਮੀਤੜਿਆ,
ਤੈਂ ਬਰੀ ਪੁਰਾਣੀ ਲਿਆਂਦੀ ਵੇ,
ਚੁੱਪ ਕੀਤੜਿਆ।

ਫੇਰ ਦੁਪਹਿਰ ਦੀ ਰੋਟੀ ਲਈ ਬਰਾਤ ਸਮੇਤ ਲਾੜੇ ਪਹੁੰਚਦੀ ਸੀ। ਰੋਟੀ ਵਰਤਾਉਂਦੇ ਸਮੇਂ ਹੀ ਕੁੜੀਆਂ ਜੰਨ ਬੰਨ੍ਹ ਦਿੰਦੀਆਂ ਸਨ। ਜੰਨ ਬੰਨ੍ਹਣ ਉਹ ਰਸਮ ਹੁੰਦੀ ਸੀ, ਜਦ ਬਰਾਤੀਆਂ ਨੂੰ ਵਰਤਾਈ ਜਾਂਦੀ ਰੋਟੀ ਨੂੰ ਕੁੜੀਆਂ ਗੀਤ ਗਾ ਕੇ ਖਾਣ ਤੋਂ ਵਰਜਿਤ ਕਰ ਦਿੰਦੀਆਂ ਸਨ–

ਲੈ ਕੇ ਨਾਮ ਗੁਪਾਲ ਦਾ, ਬੰਨ੍ਹੀ ਜੰਨ ਮੈਂ ਆਪ।
ਖੋਲ੍ਹੇ ਬਿਨਾਂ ਜੇ ਖਾਓਗੇ, ਖਾਣਾ ਹੋਊ ਸਰਾਪ।

ਗੀਤਾਂ ਰਾਹੀਂ ਬਰਾਤ ਨੂੰ ਵਰਤਾਈ ਗਈ ਹਰ ਮਠਿਆਈ, ਇੱਥੋਂ ਤੱਕ ਕਿ ਪੀਣ ਵਾਲਾ ਪਾਣੀ ਵੀ ਬੰਨ੍ਹ ਦਿੱਤਾ ਜਾਂਦਾ ਸੀ –

ਭੋਜਨ ਬੰਨ੍ਹਤਾ, ਜੰਨ ਬੰਨ੍ਹੀ, ਕਿਤੇ ਨਾ ਜਾਇਓ ਖਾ।
ਥੋਡੇ ਵਿਚੋਂ ਕੋਈ ਚਤਰ ਜੇ, ਭੋਜਨ ਲਵੇ ਛੁਡਾ।

ਆਮ ਤੌਰ 'ਤੇ ਬਰਾਤੀ ਆਪਣੇ ਨਾਲ ਬੰਨ੍ਹੀ ਜੰਨ ਛੁਡਾਉਣ ਲਈ ਕਿਸੇ ਕੱਚ ਕਰੜ ਕਵੀਸ਼ਰ ਜਾਂ ਚਿੱਠੇ/ਕਿੱਸੇ ਪੜ੍ਹਣ ਵਾਲੇ ਨੂੰ ਜਾਨੀ ਬਣਾ ਕੇ ਲਿਆਉਂਦੇ ਸਨ। ਉਹ ਬੰਦਾ ਥਾਲ ਵਿਚ ਪਰੋਸੀ ਹੋਈ ਰੋਟੀ ਨੂੰ ਰੇਸ਼ਮੀ ਰੁਮਾਲ ਨਾਲ ਢਕ ਕੇ ਜੰਨ੍ਹ ਛੁਡਾਉਣੀ ਸ਼ੁਰੂ ਕਰਦਾ ਸੀ –

ਈਸ਼ਵਰ ਰਿਦੇ ਧਿਆਏ ਕੇ, ਗੰਗਾਜਲੀ ਉਠਾਏ।
ਬੱਧੀ ਖੋਲ੍ਹਾਂ ਜੰਨ ਮੈਂ, ਆਦਿ ਗਣੇਸ਼ ਮਨਾਏ।
ਬਰਫ਼ੀ, ਪੇੜਾ, ਅੰਮ੍ਰਿਤੀ, ਖੁਲ੍ਹੇ ਚੌਲ, ਕੜਾਹ।
ਪੂੜੀ ਭਾਜੀ ਖੁਲ੍ਹ ਗਈ, ਖੁਲ੍ਹਾ ਜ਼ਰਦ ਪਲਾ।
ਖੁਲ੍ਹੇ ਜਾਨੀ ਬੈਠੜੇ, ਖੁਲ੍ਹਾ ਸਕਲ ਸਰੀਰ।
ਖੁਲ੍ਹ ਗਈਆਂ ਸਭ ਥਾਲੀਆਂ, ਖੁਲ੍ਹ ਗਿਆ ਜੇ ਨੀਰ।
ਰੋਟੀ ਖਾਓ ਪ੍ਰੇਮ ਸੇ, ਖੁਲ੍ਹੇ ਅਸੀਂ ਤਮਾਮ।



Academy of the Punjab in North America: http://www.apnaorg.com

ਸੱਚੇ ਈਸ਼ਵਰ ਸਾਡੜੇ, ਆਣ ਸਵਾਰੇ ਕਾਮ।

ਜਦ ਰੋਟੀ ਛੁਡਾ ਲਈ ਜਾਂਦੀ ਸੀ, ਤਾਂ ਜੰਨ ਛੁਡਾਉਣ ਵਾਲਾ ਵਿਅਕਤੀ ਜੰਨ ਬੰਨ੍ਹਣ ਵਾਲੀ ਮੁਟਿਆਰ, ਉਸ ਦੀਆਂ ਸਹੇਲੀਆਂ, ਭੈਣਾਂ ਭਤੀਜੀਆਂ ਨੂੰ ਬੰਨ੍ਹ ਦਿੰਦਾ ਸੀ –

ਨਾਰੇ ਚੰਚਲ ਹਾਰੀਏ, ਸਭ ਨੂੰ ਸਮਝੇਂ ਟਿੱਚ।
ਹੁਣ ਕਿਉਂ ਲੁਕ ਕੇ ਬੈਠਦੀ, ਤੂੰ ਨਾਰਾਂ ਦੇ ਵਿੱਚ?

ਜੇ ਕਰ ਬਰਾਤ ਵਿਚ ਕੋਈ ਜੰਨ ਛੁਡਾਉਣ ਵਾਲਾ ਨਹੀਂ ਹੁੰਦਾ ਸੀ ਤਾਂ ਫੇਰ ਲਾੜੇ ਦੀ ਗੀਤਾਂ ਰਾਹੀਂ ਸ਼ਾਮਤ ਆ ਜਾਂਦੀ ਸੀ–

ਜੇ ਲਾੜਿਆ ਤੇਰਾ ਹੋਵੇ ਕਬੀਲਾ,
ਬੱਧੀ ਜੰਨ ਛੁਡਾਵੇ।
ਹੁਣ ਕੌਣ ਛੁਡਾਵੇ?
ਲਾਗੀ ਤੱਥੀ ਆਏ,
ਜੰਨ ਕੌਣ ਛੁਡਾਵੇ?

ਫੇਰ ਬੰਨ੍ਹੀ ਹੋਈ ਰੋਟੀ ਨੂੰ ਖਾਂਦੇ ਜਾਨੀਆਂ ਤੇ ਗੀਤਾਂ ਦੀ ਬੁਛਾੜ ਸ਼ੁਰੂ ਹੋ ਜਾਂਦੀ ਸੀ –

ਜਾਨੀ ਠੇਠਾਂ ਦੇ ਠੇਠ, ਭੈਣਾਂ ਦੇ ਜੇਠ,
ਬੱਧੀ ਰੋਟੀ ਖਾ ਨੀ ਗਏ।

ਫੇਰ ਲਾੜੇ ਨੂੰ, ਲਾੜੇ ਦੀ ਭੈਣ, ਮਾਂ, ਪਿਉ, ਭਾਈ ਤੇ ਬਰਾਤੀਆਂ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਸਨ। ਲਾੜਾ ਚਾਹੇ ਟੀਸੀ ਦਾ ਬੇਰ ਹੁੰਦਾ ਸੀ, ਪਰ ਸਿੱਠਣੀਆਂ ਵਿਚ ਮੇਲਣਾਂ ਉਸ ਨੂੰ ਘੁਮਿਆਰ ਬਣਾ ਦਿੰਦੀਆਂ ਸਨ। ਕੁੜੀ ਚਾਹੇ ਚੌੜ ਚਾਨਣ ਹੋਵੇ, ਉਸ ਨੂੰ ਤਿੱਲੇ ਦੀ ਤਾਰ ਬਣਾ ਦਿੰਦੀਆਂ ਸਨ–

ਕੁੜੀ ਤਾਂ ਸਾਡੀ ਤਿੱਲੇ ਦੀ ਤਾਰ ਵੇ,
ਮੁੰਡਾ ਤਾਂ ਜਾਪੇ ਨਿਰਾ ਘੁਮਿਆਰ ਵੇ।
ਜੋੜੀ ਤਾਂ ਫੱਬਦੀ ਨਹੀਂ,
ਨਿਲੱਜਿਓ, ਲੱਜ ਤੁਹਾਨੂੰ ਨਹੀਂ।

ਲਾੜੇ ਤੋਂ ਬਾਅਦ ਫੇਰ ਲਾੜੇ ਦੇ ਪਿਉ ਦੀ ਵਾਰੀ ਆ ਜਾਂਦੀ ਸੀ–

ਸਾਡੇ ਤਾਂ ਵਿਹੜੇ ਤਾਣਾ ਤਣੀਂ ਦਾ,
ਲਾੜੇ ਦਾ ਪਿਉ ਕਾਣਾ ਸੁਣੀਂਦਾ।
ਐਨਕ ਲਾਉਣੀ ਪਈ,
ਨਿਲੱਜਿਓ, ਲੱਜ ਤੁਹਾਨੂੰ ਨਹੀਂ।



ਜੇ ਰੱਬ ਸਬੱਬੀਂ ਲਾੜੇ ਦਾ ਪਿਉ ਕਾਲੇ ਰੰਗ ਦਾ ਹੁੰਦਾ ਸੀ, ਫੇਰ ਤਾਂ ਮੇਲਣਾਂ ਲਾੜੇ ਦੇ ਪਿਉ ਦੇ ਰੰਗ ਤੇ ਖ਼ੂਬ ਪਲੇਥਣ ਲਾਉਂਦੀਆਂ ਸਨ –

ਤੁਸੀਂ ਗੈਸ ਬੁਝਾ ਦਿਓ ਜੀ,
ਸਾਡਾ ਕੁੜਮ ਬੈਟਰੀ ਵਰਗਾ।

ਲਾੜੇ ਦੇ ਪਿਉ ਤੋਂ ਪਿਛੋਂ ਫੇਰ ਲਾੜੇ ਦੀ ਮਾਂ, ਭੈਣ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਸਨ। ਸਿੱਠਣੀਆਂ ਦੇਣ ਵਿਚ ਸਾਲੀਆਂ ਸਭ ਤੋਂ ਅੱਗੇ ਹੁੰਦੀਆਂ ਸਨ–

ਚੂੰਟਕੀ ਮਾਰਾਂ ਖਾਕ ਦੀ ਜੀਜਾ,
ਤੈਨੂੰ ਬਾਂਦਰ ਲਵਾਂ ਬਣਾ।
ਟੁੱਕ ਦੀ ਬੁਰਕੀ ਪਾ ਕੇ,
ਤੈਥੋਂ ਖੇਡਾਂ ਲਵਾਂ ਪਵਾ।

ਮਨੁੱਖ ਤਾਂ ਫੇਰ ਵੀ ਬਾਂਦਰ ਦਾ ਸੁਧਰਿਆ ਰੂਪ ਹੈ। ਪਰ ਸਾਲੀਆਂ ਤਾਂ ਜੀਜੇ ਨੂੰ ਬਾਂਦਰ ਤੋਂ ਖੋਤਾ ਬਣਾਉਣ ਤੇ ਤੁਲੀਆਂ ਹੁੰਦੀਆਂ ਸਨ –

ਚੂੰਟਕੀ ਮਾਰਾਂ ਖਾਕ ਦੀ ਜੀਜਾ,
ਤੈਨੂੰ ਖੋਤਾ ਲਵਾਂ ਬਣਾ।
ਨੌਂ ਮਣ ਛੋਲੇ ਲੱਦ ਕੇ,
ਤੈਨੂੰ ਪਾਵਾਂ ਕੋਟਲੇ ਦੇ ਰਾਹ।

ਸਿੱਠਣੀਆਂ ਦੀ ਮਿੱਠੀ ਨੋਕ ਝੋਕ ਵਿਚ ਸਰਬਾਲੇ ਦੀ ਵੀ ਵਾਰੀ ਆ ਜਾਂਦੀ ਸੀ –

ਅੱਜ ਤਾਂ ਖਾ ਲਈ ਸ਼ੀਰਨੀ ਵੇ ਸੁੱਖਿਆ,
ਕੋਈ ਕੱਲ੍ਹ ਨੂੰ ਖਾ ਲਈ ਵੇ ਦਾਲ।
ਪਰਸੋਂ ਨੂੰ ਖਾ ਲਈਂ ਖਿਚੜੀ,
ਵੇ ਤੂੰ ਖੱਟੀ ਲੱਸੀ ਦੇ ਨਾਲ।

ਜੇਕਰ ਬਰਾਤ ਵਿਚ ਬਾਜਾ ਨਹੀਂ ਆਉਂਦਾ ਸੀ ਤਾਂ ਲਾੜੇ ਦਾ ਬਾਜਾ ਬਜਾ ਦਿੱਤਾ ਜਾਂਦਾ ਸੀ –

ਪੈਸਾ ਪੈਸਾ ਸਾਡੇ ਪਿੰਡ ਦਿਓ ਪਾਓ,
ਲਾੜੇ ਜੋਗਾ ਤੁਸੀਂ ਬਾਜਾ ਮੰਗਾਓ।
ਜੰਨ ਤੇ ਸਜਦੀ ਨਹੀਂ,
ਨਿਜੱਲਿਓ, ਲੱਜ ਤੁਹਾਨੂੰ ਨਹੀਂ।

ਦੁਪਹਿਰ ਦੀ ਰੋਟੀ ਸਮੇਂ ਹੀ ਜੇਕਰ ਪਿੰਡ ਵਿਚ ਲਾੜੇ ਦੇ ਪਿੰਡ ਦੀ ਕੋਈ ਕੁੜੀ ਵਿਆਹੀ ਹੁੰਦੀ ਸੀ ਤਾਂ ਉਸ ਦੇ ਘਰ ਪੱਤਲ ਭੇਜੀ ਜਾਂਦੀ ਸੀ। ਥਾਲ ਵਿਚ ਮਠਿਆਈ ਅਤੇ ਕੁਝ ਰੁਪਈਏ ਭੇਜੇ ਜਾਣ ਨੂੰ ਪੱਤਲ ਕਿਹਾ ਜਾਂਦਾ ਸੀ। ਇਹ ਪੱਤਲ ਇਕ



Academy of the Punjab in North America: http://www.apnaorg.com

ਕਿਸਮ ਦੀ ਆਪਣੇ ਪਿੰਡ ਦੀ ਧੀ ਲਈ ਪਿਆਰ ਦੀ, ਮੋਹ ਦੀ ਪ੍ਰਤੀਕ ਹੁੰਦੀ ਸੀ। ਪੱਤਲ ਪਿੰਡ ਦੇ ਨਾਈ ਰਾਹੀਂ ਜਾਂ ਬਰਾਤ ਵਿਚ ਆਏ ਕਿਸੇ ਸਿਆਣੇ ਬਰਾਤੀ ਰਾਹੀਂ ਭੇਜੀ ਜਾਂਦੀ ਸੀ। ਦੁਪਹਿਰ ਦੀ ਰੋਟੀ ਖਾਣ ਤੋਂ ਪਿੱਛੋਂ ਪ੍ਰਾਹੁਣੇ ਨੂੰ ਸ਼ਗਨ ਦੇਣ ਲਈ ਘਰ ਅੰਦਰ ਬੁਲਾਇਆ ਜਾਂਦਾ ਸੀ। ਲਾੜੇ ਦੇ ਨਾਲ ਸਰਬਾਲਾ ਅਤੇ ਇਕ ਦੋ ਹੋਰ ਮੁੰਡੇ ਵੀ ਉਸ ਨਾਲ ਆ ਜਾਂਦੇ ਸਨ। ਲਾੜੇ ਅਤੇ ਸਰਬਾਲੇ ਨੂੰ ਲਾੜੀ ਦੀ ਮਾਂ ਲੱਡੂ ਨਾਲ ਮੂੰਹ ਮਿੱਠਾ ਕਰਵਾਉਂਦੀ ਸੀ ਅਤੇ ਨਾਲ ਹੀ ਇਕ ਰੁਪਇਆ ਸ਼ਗਨ ਦਿੰਦੀ ਸੀ। ਲਾੜੇ ਦੇ ਦੁਆਲੇ ਮੇਲਣਾਂ ਅਤੇ ਸਾਲੀਆਂ ਦਾ ਝੁਰਮਟ ਪਿਆ ਹੁੰਦਾ ਸੀ। ਸਾਲੀਆਂ ਲਾੜੇ ਤੋਂ ਛੰਦ ਸੁਣਦੀਆਂ ਸਨ। ਆਮ ਤੌਰ ਤੇ ਲਾੜਾ ਛੰਦਾਂ ਵਿਚ ਆਪਣੀ ਸੱਸ, ਸਹੁਰੇ, ਸਾਲੇ, ਸਾਲੀਆਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਦਿੰਦਾ ਸੀ–

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਕੇਸਰ।
ਸੱਸ ਤਾਂ ਮੇਰੀ ਪਾਰਬਤੀ, ਸਹੁਰਾ ਮੇਰਾ ਪਰਮੇਸ਼ਰ।
ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਬਰੂਟੀ।
ਸਹੁਰਾ ਫੁੱਲ ਗੁਲਾਬ ਦਾ, ਸੱਸ ਚੰਬੇ ਦੀ ਬੂਟੀ।

ਛੰਦਾਂ ਵਿਚ ਸਾਲੇ, ਸਾਲੀਆਂ ਨੂੰ ਕੁਝ ਜ਼ਿਆਦਾ ਹੀ ਮਸਕਾ ਲਾਇਆ ਜਾਂਦਾ ਸੀ –

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਆਲਾ।
ਅਕਲਾਂ ਵਾਲੀ ਸਾਲੀ ਮੇਰੀ, ਸੋਹਣਾ ਮੇਰਾ ਸਾਲਾ।

ਹੋਣ ਵਾਲੀ ਘਰ ਵਾਲੀ ਨੂੰ ਵੀ ਪੂਰੇ ਸਬਜ਼ ਬਾਗ਼ ਵਿਖਾਏ ਜਾਂਦੇ ਸਨ –

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਖੀਰਾ।
ਧੀ ਤੁਹਾਡੀ ਐਦਾਂ ਰੱਖੂੰ, ਜਿਉਂ ਮੁੰਦਰੀ ਵਿਚ ਹੀਰਾ।

ਸ਼ਾਮ ਨੂੰ ਬਰਾਤ ਨੂੰ ਖੱਟ ਵਿਖਾਉਣ ਲਈ ਬੁਲਾਉਂਦੇ ਸਨ। ਨੈਣ ਸਾਰੇ ਸ਼ਰੀਕੇ ਵਾਲਿਆਂ ਦੇ ਘਰ ਖੱਟ ਵੇਖਣ ਦਾ ਬੁਲਾਵਾ ਦੇ ਕੇ ਆਉਂਦੀ ਸੀ। ਖੱਟ ਸਮੇਂ ਲਾੜੇ ਨੂੰ ਚੌਕੀ 'ਤੇ ਬਿਠਾਇਆ ਜਾਂਦਾ ਸੀ। ਲਾੜੇ ਨੂੰ ਕੈਂਠਾ, ਨੱਤੀਆਂ ਜਾਂ ਜੋ ਕੁਝ ਵੀ ਗਹਿਣਾ ਪਾਉਣਾ ਹੁੰਦਾ ਸੀ, ਖੱਟ ਸਮੇਂ ਹੀ ਪਾਇਆ ਜਾਂਦਾ ਸੀ। ਲਾੜੀ ਨੂੰ ਜੋ ਗਹਿਣੇ, ਕਪੜੇ, ਸੂਟ, ਬਿਸਤਰੇ, ਗਦੈਲੇ, ਰਜਾਈਆਂ, ਭਾਂਡੇ ਦੇਣੇ ਹੁੰਦੇ ਸਨ, ਉਨ੍ਹਾਂ ਸਭ ਨੂੰ ਮੰਜਿਆਂ 'ਤੇ ਰੱਖ ਕੇ ਦਿਖਾਇਆ ਜਾਂਦਾ ਸੀ। ਏਸੇ ਤਰ੍ਹਾਂ ਜੋ ਕਪੜੇ, ਸੂਟ, ਖੇਸ, ਦੁਪੱਟੇ ਲਾੜੇ ਨੂੰ, ਲਾੜੇ ਦੀ ਮਾਂ, ਪਿਉ, ਭੈਣ, ਭਾਈਆਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਦੇਂਦੇ ਹੁੰਦੇ ਸਨ, ਉਹ ਵੀ ਮੰਜਿਆਂ 'ਤੇ ਰੱਖ ਕੇ ਵਿਖਾਏ ਜਾਂਦੇ ਸਨ।

ਉਨ੍ਹਾਂ ਸਮਿਆਂ ਵਿਚ ਬਰਾਤਾਂ ਆਮ ਤੌਰ 'ਤੇ ਤਿੰਨ ਦਿਨ ਜ਼ਰੂਰ ਠਹਿਰਦੀਆਂ ਸਨ। ਸ਼ਾਮ ਨੂੰ ਲੜਕੀ ਨੂੰ ਵਿਦਾ ਕੀਤਾ ਜਾਂਦਾ ਸੀ, ਜਿਸ ਨੂੰ ਡੋਲੀ ਤੋਰਨਾ ਕਹਿੰਦੇ



ਸਨ। ਕੁੜੀ ਦੀ ਮਾਂ ਡੋਲੀ ਵਿਚ ਬੈਠੀ ਕੁੜੀ ਨੂੰ, ਲਾੜੇ ਨੂੰ ਸ਼ਗਨ ਦਿੰਦੀ ਸੀ। ਡੋਲੀ ਤੁਰਦੇ ਸਮੇਂ ਡੋਲੀ ਉਪਰ ਦੀ ਲਾੜੇ ਦਾ ਪਿਉ, ਚਾਚੇ, ਤਾਏ, ਨਾਨੇ, ਮਾਮੇ, ਫੁੱਫੜ, ਮਾਸੜ ਆਦਿ ਪੈਸੇ ਸਿੱਟਦੇ ਸਨ। ਡੋਲੀ ਤੁਰਨ ਸਮੇਂ ਦੇ ਗੀਤ ਸਭ ਦੇ ਦਿਲਾਂ ਨੂੰ ਮੋਮ ਕਰ ਦਿੰਦੇ ਸਨ –

ਅੱਜ ਦੀ ਦਿਹਾੜੀ ਰੱਖ ਲੈ ਡੋਲੀ ਨੀ ਮਾਂ,
ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ।
ਨਾ ਮੈਂ ਲੜੀ ਆਂ, ਨਾ ਮੈਂ ਬੋਲੀ ਨੀ ਮਾਂ,
ਅੱਜ ਦੀ ਦਿਹਾੜੀ ਰੱਖ ਲੈ ਡੋਲੀ ਨੀ ਮਾਂ।

ਕੋਲੋਂ ਹੀ ਕੋਈ ਹੋਰ ਲਾੜੀ ਨੂੰ ਧਰਵਾਸ ਦਿੰਦੀ ਹੋਈ ਗੀਤ ਛੁਹ ਲੈਂਦੀ ਸੀ–

ਨਾ ਰੋ ਭੈਣੇ ਨਾ ਰੋ,
ਗੁਝੜੇ ਰੋਣ ਨਾ ਰੋ।
ਮਾਪਿਆਂ ਡੋਲੀ ਪਾ ਦਿੱਤੀ,
ਤੂੰ ਬੁੱਢ ਸੁਹਾਗਣ ਹੋ।

ਵਾਪਸ ਜਾਂਦੀ ਬਰਾਤ ਨੂੰ ਚੋਭਾਂ, ਟਕੋਰਾਂ ਲਾਈਆਂ ਜਾਂਦੀਆਂ ਸਨ–

ਆਉਂਦੇ ਜਾਨੀ ਇਉਂ ਆਏ,
ਜਿਵੇਂ ਸਰ੍ਹੋਂ ਦਾ ਖਿੜਿਆ ਖੇਤ।
ਜਾਂਦੇ ਜਾਨੀ ਇਉਂ ਚੱਲੇ,
ਜਿਵੇਂ ਉੱਡੇ ਟਿੱਬਿਆਂ ਦੀ ਰੇਤ।
x x x
ਬੰਨਾ ਬੰਨੀ ਲੈ ਚੱਲਿਆ,
ਕੁੜਮ ਲੈ ਗਏ ਦਾਤ।
ਜਾਨੀ ਪਿੱਛੇ ਪਏ ਫਿਰਨ,
ਕੋਈ ਨਾ ਪੁੱਛੇ ਬਾਤ।

ਵਹੁਟੀ ਰਥ ਵਿਚ ਲਾੜੇ ਦੇ ਨਾਲ ਬੈਠਦੀ ਸੀ। ਰਥ ਨੂੰ ਤਰਖਾਣ ਚਲਾਉਂਦੇ ਸਨ। ਕਈ ਮਨਚਲੇ ਰਥਵਾਨ ਬਲਦਾਂ ਨੂੰ ਤੇਜ ਕਰਨ ਲਈ ਆਰ ਲਾ ਕੇ ਵਹੁਟੀ ਨਾਲ ਆਈ ਨੈਣ ਨੂੰ ਗੁੱਝੀਆਂ ਟਕੋਰਾਂ ਲਾਉਣ ਤੋਂ ਨਹੀਂ ਝਿਜਕਦੇ ਸਨ –

ਬੱਗਿਆ ਚੱਕ ਚੌਕੜੀ,
ਨੈਣ ਨਫ਼ੇ ਵਿਚ ਆਈ।

ਡੋਲੀ ਤੋਰਨ ਤੋਂ ਪਿੱਛੋਂ ਸ਼ੱਕਰ ਦੀ ਸੁੱਕੀ ਪੰਜੀਰੀ ਵੰਡੀ ਜਾਂਦੀ ਸੀ। ਰਾਤ ਨੂੰ ਨਾਨਕੀਆਂ ਜਾਗੋ ਕੱਢਦੀਆਂ ਸਨ, ਛੱਜ ਕੁੱਟਦੀਆਂ ਸਨ, ਗਿੱਧਾ ਪਾਉਂਦੀਆਂ



Academy of the Punjab in North America: http://www.apnaorg.com

ਸਨ।

ਜਦ ਮੁੰਡਾ ਡੋਲੀ ਲੈ ਕੇ ਘਰ ਪਹੁੰਚਦਾ ਸੀ ਤਾਂ ਮੁੰਡੇ ਦੀ ਭੈਣ ਆਪਣੀ ਭਰਜਾਈ ਨੂੰ ਡੋਲੀ ਵਿਚੋਂ ਉਤਰਨ ਨੂੰ ਕਹਿੰਦੀ ਸੀ। ਭਰਜਾਈ ਨੇ ਲੰਮਾ ਸਾਰਾ ਘੁੰਡ ਕੱਢਿਆ ਹੁੰਦਾ ਸੀ। ਉਸ ਸਮੇਂ ਗੀਤ ਗਾਏ ਜਾਂਦੇ ਸਨ–

ਦੋ ਕਬੂਤਰ ਰੰਗਲੇ, ਚੁੱਗਦੇ ਨਦੀਓਂ ਪਾਰ।
ਉੱਤਰ ਨੀ ਭਾਬੋ ਡੋਲੀਓਂ, ਦੇਖ ਸਹੁਰੇ ਦਾ ਬਾਰ।

ਨੈਣ ਦਰਵਾਜ਼ੇ ਦੇ ਦੋਵੇਂ ਕੌਲਿਆਂ 'ਤੇ ਤੇਲ ਚੋਂਦੀ ਸੀ। ਭੈਣਾਂ ਫੇਰ ਦਰਵਾਜ਼ੇ ਵਿਚ ਖੜ੍ਹ ਕੇ ਭਾਈ ਤੇ ਭਰਜਾਈ ਦਾ ਬਾਰ ਰੋਕਦੀਆਂ ਸਨ। ਭਰਾ ਤੋਂ ਸ਼ਗਨ ਲੈ ਕੇ ਡੋਲੀ ਨੂੰ ਦਰਵਾਜ਼ਿਉਂ ਅੰਦਰ ਆਉਣ ਦਿੱਤਾ ਜਾਂਦਾ ਸੀ। ਫੇਰ ਮੁੰਡੇ ਅਤੇ ਵਹੁਟੀ ਨੂੰ ਚੌਂਕੀ ਤੇ ਚੜ੍ਹਾਇਆ ਜਾਂਦਾ ਸੀ। ਮੁੰਡੇ ਦੀ ਮਾਂ ਦੋਵਾਂ ਉਪਰ ਦੀ ਪਾਣੀ ਵਾਰ ਕੇ ਪੀਂਦੀ ਸੀ। ਉਸ ਸਮੇਂ ਗੀਤ ਗਾਉਂਦੇ ਸਨ–

ਪਾਣੀ ਵਾਰ ਬੰਨੇ ਦੀਏ ਮਾਏ, ਬੰਨਾ ਬੰਨੀ ਬਾਰ ਖੜੇ।
ਸੁੱਖਾਂ ਸੁੱਖਦੀ ਨੂੰ ਇਹ ਦਿਨ ਆਏ, ਬੰਨਾ ਬੰਨੀ ਬਾਰ ਖੜੇ।

ਚੌਂਕੀ ਤੋਂ ਉਤਾਰ ਕੇ ਵਹੁਟੀ ਨੂੰ ਪੀੜ੍ਹੀ ਤੇ ਬਿਠਾਇਆ ਜਾਂਦਾ ਸੀ। ਇਸ ਤਰ੍ਹਾਂ ਵਿਆਹ ਸੰਪੂਰਨ ਹੋ ਜਾਂਦਾ ਸੀ। ਮੇਲਣਾਂ ਗੀਤ ਗਾ ਕੇ ਵਿਆਹ ਦੇ ਕਾਰਜ ਪੂਰੇ ਹੋਣ ਤੇ ਮੋਹਰ ਲਾ ਦਿੰਦੀਆਂ ਸਨ–

ਖੜੋਤੀ ਕੁੜੀਏ, ਚੱਕ ਲਿਆ ਬਜਾਰ ਵਿਚੋਂ ਉਰੇ।
ਭਾਗਾ ਵਾਲਿਆਂ ਦੇ, ਅੱਜ ਹੋ ਗਏ ਕਾਰਜ ਪੂਰੇ।

ਮੁੰਡੇ ਦੀ ਮਾਂ ਵਹੁਟੀ ਦਾ ਘੁੰਡ ਚੱਕ ਕੇ ਮੂੰਹ ਮਿੱਠਾ ਕਰਾਉਂਦੀ ਸੀ, ਦੁੱਧ ਪਿਆਉਂਦੀ ਸੀ, ਰੁਪੈ ਦੇ ਕੇ ਸ਼ਗਨ ਦਿੰਦੀ ਸੀ। ਫੇਰ ਮੇਲਣਾਂ, ਪਰਿਵਾਰ ਦੇ ਹੋਰ ਮੈਂਬਰ, ਆਂਢਣਾਂ-ਗੁਆਂਢਣਾਂ ਵਹੁਟੀ ਦਾ ਘੁੰਡ ਚੱਕ ਕੇ ਮੂੰਹ ਵੇਖਦੀਆਂ ਸਨ, ਸ਼ਗਨ ਦਿੰਦੀਆਂ ਸਨ। ਛੋਟੇ ਦਿਉਰ ਦੀ ਭਰਜਾਈ ਦੀ ਗੋਦ ਵਿਚ ਬੈਠਣ ਦੀ ਰਸਮ ਹੁੰਦੀ ਸੀ। ਅਗਲੇ ਦਿਨ ਜਾਂ ਉਸ ਤੋਂ ਅਗਲੇ ਦਿਨ ਰਿਸ਼ਤੇਦਾਰਾਂ ਅਤੇ ਸ਼ਰੀਕੇ ਵਾਲਿਆਂ ਨੂੰ ਵਹੁਟੀ ਵਲੋਂ ਲਿਆਂਦਾ ਦਾਜ ਵਿਖਾਇਆ ਜਾਂਦਾ ਸੀ। ਦਾਜ ਵਿਖਾਉਣ ਲਈ ਨੈਣ ਰਾਹੀਂ ਸਾਰੇ ਸ਼ਰੀਕੇ ਵਾਲਿਆਂ ਨੂੰ ਬੁਲਾਵਾ ਭੇਜਿਆ ਜਾਂਦਾ ਸੀ। ਨਣਦ ਓਨਾ ਚਿਰ ਭਰਜਾਈ ਨੂੰ ਦਾਜ ਵਾਲਾ ਸੰਦੂਖ ਖੋਲ੍ਹਣ ਨਹੀਂ ਦਿੰਦੀ ਸੀ, ਜਿੰਨਾ ਚਿਰ ਤੱਕ ਨਣਦ ਨੂੰ ਸੂਟ ਦੇਣ ਦਾ ਵਾਅਦਾ ਨਹੀਂ ਦਿੱਤਾ ਜਾਂਦਾ ਸੀ। ਨਣਦ ਦੇ ਇਸ ਸੂਟ ਨੂੰ ਸੰਦੂਖ ਖੁਲਵਾਈ ਸੂਟ ਦਾ ਨਾਂ ਦਿੱਤਾ ਜਾਂਦਾ ਸੀ। ਸੰਦੂਖ ਖੋਲ੍ਹ ਕੇ ਸਾਰਾ ਦਾਜ ਮੰਜਿਆਂ ਉਪਰ ਰੱਖ ਦਿੰਦੇ ਸਨ। ਜਦ ਸਾਰੇ ਰਿਸ਼ਤੇਦਾਰ ਅਤੇ ਸ਼ਰੀਕੇ ਵਾਲੇ ਦਾਜ ਵੇਖ ਲੈਂਦੇ ਸਨ ਤਾਂ ਫੇਰ ਦਾਜ ਨੂੰ ਸੰਦੂਖ ਵਿਚ ਰੱਖ ਦਿੱਤਾ ਜਾਂਦਾ ਸੀ।



ਫੇਰ ਨਾਨਕਾ ਮੇਲ ਅਤੇ ਦੂਸਰੇ ਰਿਸ਼ਤੇਦਾਰ ਵਿਆਹ ਦੀ ਮਠਿਆਈ ਲੈ ਕੇ ਆਪਣੇ ਆਪਣੇ ਪਿੰਡਾਂ ਨੂੰ ਵਾਪਸ ਚਲੇ ਜਾਂਦੇ ਸਨ। ਵਿਆਹ ਵਿਚ ਦਿੱਤੀ ਮਠਿਆਈ ਨੂੰ ਭਾਜੀ ਦੇਣਾ ਕਹਿੰਦੇ ਸਨ। ਏਸੇ ਤਰ੍ਹਾਂ ਕੁੜੀ ਦੀ ਡੋਲੀ ਤੋਰਨ ਤੋਂ ਪਿਛੋਂ ਕੁੜੀ ਦਾ ਨਾਨਕਾ ਮੇਲ ਅਤੇ ਹੋਰ ਰਿਸ਼ਤੇਦਾਰ ਵਾਪਸ ਚਲੇ ਜਾਂਦੇ ਸਨ। ਨਾਨਕੇ ਮੇਲ ਵਾਲੇ ਜਿਵੇਂ ਗੀਤ ਗਾਉਂਦੇ ਆਉਂਦੇ ਹੁੰਦੇ ਸਨ, ਉਸੇ ਤਰ੍ਹਾਂ ਹੀ ਉਹ ਗੀਤ ਗਾਉਂਦੇ ਵਾਪਸ ਤੁਰ ਪੈਂਦੇ ਸਨ -

ਤਾਰਾ ਮੀਰਾ ਗਾਹੀਦਾ,
ਗੰਢਾਂ ਦੇ ਕੇ ਮੇਲ ਸਦਾਇਆ,
ਹੁਣ ਕਿਉਂ ਮੇਲ ਟਾਹੀਦਾ।
x x x x
ਆਉਂਦੀ ਕੁੜੀਏ, ਜਾਂਦੀ ਕੁੜੀਏ,
ਚੱਕ ਲਿਆ ਬਾਜ਼ਾਰ ਵਿਚੋਂ ਸੋਟੀ।
ਬਈ ਅੱਜ ਸਾਨੂੰ ਕੋਈ ਰੱਖ ਲਓ,
ਭਾਵੇਂ ਦੇ ਦਿਓ ਦਾਲ ਨਾਲ ਰੋਟੀ।

ਅਗਲੇ ਦਿਨ ਜਠੇਰਿਆਂ ਦੀ ਥਾਂ ਤੇ ਮੱਥਾ ਟੇਕ ਕੇ ਛਿਟੀਆਂ ਖੇਡਣ ਜਾਂਦੇ ਸਨ। ਮੁੰਡੇ ਅਤੇ ਬਹੂ ਦੇ ਹੱਥਾਂ ਵਿਚ ਤੂਤ ਦੀਆਂ ਪਤਲੀਆਂ ਛਿਟੀਆਂ ਫੜਾ ਦਿੰਦੇ ਸਨ। ਮੁੰਡਾ, ਬਹੂ ਦੇ, ਬਹੂ, ਮੁੰਡੇ ਦੇ ਪੋਲੀਆਂ ਪੋਲੀਆਂ ਸੱਤ ਸੱਤ ਛਿਟੀਆਂ ਮਾਰ ਕੇ ਰਸਮ ਪੂਰੀ ਕਰਦੇ ਸਨ। ਲਾੜੇ ਦੇ ਹੱਥ 'ਤੇ ਜੋ ਵਟਣਾ ਮਲਣ ਸਮੇਂ ਗਾਨਾ ਬੰਨ੍ਹਿਆ ਜਾਂਦਾ ਸੀ, ਉਸ ਨੂੰ ਵਹੁਟੀ ਖੋਲ੍ਹਦੀ ਸੀ। ਏਸੇ ਤਰ੍ਹਾਂ ਗਾਨਾ ਲਾੜੀ ਦੇ ਹੱਥ 'ਤੇ ਬੰਨ੍ਹਿਆ ਹੁੰਦਾ ਸੀ, ਉਸ ਨੂੰ ਲਾੜਾ ਖੋਲ੍ਹਦਾ ਸੀ। ਪਰਾਂਤ ਵਿਚ ਪਾਣੀ ਪਾ ਕੇ ਵਿਚ ਚੌਲ ਤੇ ਹਲਦੀ ਘੋਲ ਦਿੰਦੇ ਸਨ। ਏਸ ਘੋਲ ਵਿਚ ਚਾਂਦੀ ਦਾ ਰੁਪਇਆ ਸਿੱਟ ਦਿੱਤਾ ਜਾਂਦਾ ਸੀ। ਇਸ ਨੂੰ ਲਾੜਾ ਅਤੇ ਲਾੜੀ ਨੇ ਭਾਲਣਾ ਹੁੰਦਾ ਸੀ, ਇਸ ਨੂੰ ਕੰਗਣਾ ਖੇਡਣਾ ਕਹਿੰਦੇ ਸਨ।

ਇਕ ਗੋਤ ਕਨਾਲੇ ਦੀ ਰਸਮ ਹੁੰਦੀ ਸੀ। ਇਹ ਮਿੱਠੇ ਚੌਲ ਬਣਾ ਕੇ ਕੀਤੀ ਜਾਂਦੀ ਸੀ। ਚੌਲ ਬੜੀ ਸਾਰੀ ਪਰਾਂਤ ਵਿਚ ਪਾ ਲੈਂਦੇ ਸਨ। ਲਾੜੀ ਦੇ ਸਹੁਰਿਆਂ ਦੇ ਗੋਤ ਦੀਆਂ ਸਾਰੀਆਂ ਜਨਾਨੀਆਂ 'ਕੱਠੀਆਂ ਹੋ ਕੇ ਲਾੜੀ ਨਾਲ ਪਰਾਂਤ ਵਿਚੋਂ ਚੌਲ ਖਾਂਦੀਆਂ ਸਨ। ਇਸ ਰਸਮ ਨਾਲ ਨਵੀਂ ਵਹੁਟੀ ਆਪਣੇ ਸਹੁਰਿਆਂ ਦੇ ਗੋਤ ਵਿਚ ਸ਼ਾਮਲ ਹੋ ਜਾਂਦੀ ਸੀ।

ਇਹ ਸੀ ਪਹਿਲੀਆਂ ਵਿਆਹ ਦੀਆਂ ਰਸਮਾਂ।

ਹੁਣ ਤਾਂ ਝੱਟ ਮੰਗਣੀ ਅਤੇ ਪੱਟ ਵਿਆਹ ਦੀਆਂ ਰਸਮਾਂ ਚੱਲ ਪਈਆਂ ਹਨ।



Academy of the Punjab in North America: http://www.apnaorg.com

ਹੁਣ ਬਹੁਤੇ ਰਿਸ਼ਤੇ ਸਿੱਧੇ ਭਾਲੇ ਜਾਂਦੇ ਹਨ। ਕੁਝ ਅਖ਼ਬਾਰਾਂ, ਮੈਰਿਜ ਬਿਊਰਾਂ ਅਤੇ ਵਿਚੋਲਿਆਂ ਰਾਹੀਂ ਵੀ ਹੁੰਦੇ ਹਨ। ਪਿੰਡਾਂ ਵਿਚ ਹੁਣ ਕੋਈ ਵੀ ਪਰਿਵਾਰ ਪੰਡਤਾਂ ਤੋਂ ਪੁੱਛ ਕੇ ਵਿਆਹ ਦਾ ਦਿਨ ਨੀਯਤ ਨਹੀਂ ਕਰਦਾ। ਬਹੁਤੇ ਵਿਆਹ ਐਤਵਾਰ ਨੂੰ ਰੱਖੇ ਜਾਂਦੇ ਹਨ। ਵਿਆਹਾਂ ਦੀਆਂ ਜਿਥੇ ਪਹਿਲਾਂ ਨਾਈਆਂ ਰਾਹੀਂ ਗੰਢਾਂ ਭੇਜੀਆਂ ਜਾਂਦੀਆਂ ਸਨ, ਹੁਣ ਵਿਆਹਾਂ ਦੀ ਇਤਲਾਹ ਵਿਆਹ ਦੇ ਕਾਰਡਾਂ ਰਾਹੀਂ ਡਾਕ ਰਾਹੀਂ ਭੇਜਣ ਦਾ ਰਿਵਾਜ ਚੱਲ ਪਿਆ ਹੈ। ਵਿਆਹਾਂ ਵਿਚ ਗੀਤ ਗਾਉਣ ਦਾ ਰਿਵਾਜ ਹੁਣ ਬਿਲਕੁਲ ਹਟ ਗਿਆ ਹੈ। ਵਿਆਹ ਤੋਂ ਇਕ ਦਿਨ ਪਹਿਲਾਂ ਗੀਤ ਗਾਏ ਜਾਂਦੇ ਹਨ, ਜਿਸ ਨੂੰ ਅੱਜ ਦੇ ਨਵੇਂ ਯੁੱਗ ਨੇ ਲੇਡੀਜ਼ ਸੰਗੀਤ ਦਾ ਨਾਂ ਦਿੱਤਾ ਹੋਇਆ ਹੈ। ਹੁਣ ਵਟਣਾ ਮਲਣ ਦਾ ਸ਼ਗਨ ਜਿਹਾ ਹੀ ਕੀਤਾ ਜਾਂਦਾ ਹੈ। ਮੁੰਡਾ, ਕੁੜੀ ਆਪਣੀ ਆਪਣੀ ਪਸੰਦ ਦੇ ਸਾਬਨਾਂ ਨਾਲ ਨਹਾਉਂਦੇ ਹਨ। ਵਿਆਹੁਲੀ ਨੂੰ ਬਿਊਟੀ ਪਾਰਲਰ ਤੋਂ ਤਿਆਰ ਕਰਵਾ ਕੇ ਲਿਆਉਣ ਦਾ ਰਿਵਾਜ ਚੱਲ ਪਿਆ ਹੈ।

ਵਿਆਹ ਤੋਂ ਇਕ ਦਿਨ ਪਹਿਲਾਂ ਹੀ ਮੁੰਡੇ ਦਾ ਮੰਗਣਾ ਕੀਤਾ ਜਾਂਦਾ ਹੈ। ਜਿੱਥੇ ਪਹਿਲਾਂ ਸਿਰਫ਼ ਕੁੜੀ ਨੂੰ ਸ਼ਗਨ ਭੇਜਿਆ ਜਾਂਦਾ ਸੀ, ਹੁਣ ਕੁੜੀਆਂ ਦੇ ਮੰਗਣੇ ਕਰਨ ਦਾ ਰਿਵਾਜ ਵੀ ਚੱਲ ਪਿਆ ਹੈ, ਜਿਸ ਨੂੰ ਚੁੰਨੀ ਚੜ੍ਹਾਉਣ ਦੀ ਰਸਮ ਦਾ ਨਾਂ ਦਿੱਤਾ ਗਿਆ ਹੈ। ਵਿਆਹ ਤੋਂ ਪਹਿਲਾ ਮੁੰਡੇ, ਕੁੜੀ ਨੂੰ ਪੰਜੀਰੀ ਰਲਾ ਕੇ ਦੇਣ ਦਾ ਰਿਵਾਜ ਵੀ ਖ਼ਤਮ ਹੋਣ ਦੇ ਨੇੜੇ ਹੈ। ਕਿਉਂ ਜੋ ਮਿੱਠਾ ਖਾ ਕੇ ਹੁਣ ਕੋਈ ਰਾਜੀ ਨਹੀਂ। ਦਰਜੀ ਨੂੰ ਘਰ ਬਿਠਾ ਕੇ ਹੁਣ ਕੋਈ ਕਪੜਿਆਂ ਦੀ ਸਲਾਈ ਨਹੀਂ ਕਰਵਾਉਂਦਾ। ਮੁੰਡੇ ਅਤੇ ਕੁੜੀਆਂ ਦੇ ਕਪੜੇ ਸਿਲਾਉਣ ਲਈ ਆਪਣੀ ਆਪਣੀ ਪਸੰਦ ਦੇ ਦਰਜੀ ਹਨ। ਬਰੀ ਦੇ ਬਹੁਤੇ ਸੂਟ ਅਣਸੀਤੇ ਹੀ ਹੁੰਦੇ ਹਨ। ਰੋਪਣਾ ਭੇਜਣ ਦਾ ਰਿਵਾਜ ਹੁਣ ਬਿਲਕੁਲ ਹਟ ਗਿਆ ਹੈ। ਬਰਾਤਾਂ ਕਾਰਾਂ, ਜੀਪਾਂ, ਬੱਸਾਂ ਤੇ ਸਵੇਰੇ ਜਾਂਦੀਆਂ ਹਨ ਤੇ ਸ਼ਾਮ ਨੂੰ ਮੁੰਡੇ ਨੂੰ ਵਿਆਹ ਕੇ ਘਰ ਵਾਪਸ ਆ ਜਾਂਦੀਆਂ ਹਨ। ਮੁੰਡੇ ਅਤੇ ਕੁੜੀ ਦੇ ਦੋਵੇਂ ਪਰਿਵਾਰਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਮੁੰਡੇ, ਕੁੜੀ ਨੂੰ ਪਹਿਲਾਂ ਹੀ ਦੇਖਿਆ ਹੁੰਦਾ ਹੈ। ਘਰਾਂ ਵਿਚ ਮਠਿਆਈ ਵੀ ਹੁਣ ਘੱਟ ਹੀ ਪਕਾਈ ਜਾਂਦੀ ਹੈ। ਬਣੀ ਬਣਾਈ ਬਾਜ਼ਾਰ ਵਿਚੋਂ ਖਰੀਦਣ ਦਾ ਰਿਵਾਜ ਚੱਲ ਪਿਆ ਹੈ। ਬਹੁਤੇ ਵਿਆਹ ਹੁਣ ਮੈਰਿਜ ਪੈਲਿਸਾਂ ਵਿਚ ਹੁੰਦੇ ਹਨ, ਜਿਥੇ ਮੁੰਡੇ ਅਤੇ ਕੁੜੀ ਦੇ ਪਰਿਵਾਰ ਅਤੇ ਰਿਸ਼ਤੇਦਾਰ ਸਿੱਧੇ ਪਹੁੰਚਦੇ ਹਨ। ਵਿਆਹ ਦੇਖ ਕੇ ਉਥੋਂ ਹੀ ਵਾਪਸ ਚਲੇ ਜਾਂਦੇ ਹਨ। ਵਿਆਹਾਂ ਵਿਚ ਹੁਣ ਪਹਿਲੇ ਸਮਿਆਂ ਵਾਲੀ ਭਾਈਚਾਰਕ ਸਾਂਝ ਨਹੀਂ ਰਹੀ। ਜਿਥੇ ਪਹਿਲਾਂ ਅਨੰਦ ਕਾਰਜ ਦੀ ਰਸਮ ਵਿਚ ਸਾਰੀ ਬਰਾਤ ਸ਼ਾਮਲ ਹੁੰਦੀ ਸੀ ਤੇ ਅਨੰਦ ਕਾਰਜ 12 ਵਜੇ ਤੋਂ ਪਹਿਲਾਂ ਪਹਿਲਾਂ ਕੀਤੇ ਜਾਂਦੇ ਸਨ, ਉਥੇ ਹੁਣ ਬਰਾਤਾਂ ਹੀ 12/1 ਵਜੇ ਪਹੁੰਚਦੀਆਂ ਹਨ। ਅਨੰਦ ਕਾਰਜ ਦੀ ਰਸਮ ਵਿਚ ਗਿਣਤੀ ਦੇ ਨਜ਼ਦੀਕੀ ਰਿਸ਼ਤੇਦਾਰ



ਹੀ ਸ਼ਾਮਲ ਹੁੰਦੇ ਹਨ। ਬਾਕੀ ਸਾਰੀ ਬਰਾਤ ਸ਼ਰਾਬ ਪੀਣ ਤੇ ਖਾਣ ਪੀਣ ਵਿਚ ਮਸਤ ਹੋ ਜਾਂਦੀ ਹੈ।

ਹੁਣ ਨਾਨਕੇ ਮੇਲ ਦਾ ਵਿਆਹਾਂ ਵਿਚ ਆਉਣ ਅਤੇ ਜਾਣ ਦਾ ਪਤਾ ਹੀ ਨਹੀਂ ਲੱਗਦਾ। ਹੁਣ ਬੰਬੀਹਾ ਨਹੀਂ ਬੋਲਦਾ। ਹੁਣ ਡੀ.ਜੇ. ਬੋਲਦਾ ਹੈ, ਜਿਹੜਾ ਸਾਰੇ ਵਿਆਹ ਵਿਚ ਕੰਨ ਪਈ ਸੁਣਨ ਨਹੀਂ ਦਿੰਦਾ। ਗਾਨਾ ਬੰਨ੍ਹਣ ਦਾ ਰਿਵਾਜ ਵੀ ਹੁਣ ਦਿਨੋ ਦਿਨ ਘੱਟਦਾ ਜਾ ਰਿਹਾ ਹੈ। ਸਿੱਠਣੀਆਂ ਦੇਣਾ, ਜੰਨ ਬੰਨ੍ਹਣਾ ਅਤੇ ਛੁਡਾਉਣਾ, ਲਾੜੇ ਤੋਂ ਛੰਦ ਸੁਣਨ ਦਾ ਰਿਵਾਜ ਬਿਲਕੁਲ ਹੀ ਖ਼ਤਮ ਹੋ ਗਿਆ ਹੈ। ਪੱਤਲ ਦੇਣੀ ਕੀਹਨੂੰ ਕਹਿੰਦੇ ਸਨ, ਇਹ ਵੀ ਅੱਜ ਦੀ ਪੀੜ੍ਹੀ ਨਹੀਂ ਜਾਣਦੀ। ਜਾਗੋ ਕੱਢਣੀ ਅਤੇ ਛੱਜ ਕੁਟਣ ਦਾ ਰਿਵਾਜ ਵੀ ਦਿਨੋ ਦਿਨ ਘਟ ਰਿਹਾ ਹੈ। ਖੱਟ ਦਿਖਾਉਣ ਦਾ ਰਿਵਾਜ ਹੁਣ ਬਿਲਕੁਲ ਹੀ ਨਹੀਂ ਰਿਹਾ। ਮੁੰਡੇ ਅਤੇ ਕੁੜੀ ਵਾਲਿਆਂ ਦੇ ਪਰਿਵਾਰ ਦੇਣ ਲੈਣ ਦਾ ਫ਼ੈਸਲਾ ਪਹਿਲਾਂ ਹੀ ਕਰ ਲੈਂਦੇ ਹਨ। ਹੁਣ ਨਿਉਂਦੇ ਦੀ ਥਾਂ ਮੁੰਡੇ ਕੁੜੀ ਨੂੰ ਸਿੱਧਾ ਹੀ ਵਿਆਹ ਸਮੇਂ ਸ਼ਗਨ ਪਾ ਦਿੱਤਾ ਜਾਂਦਾ ਹੈ, ਜਿਸ ਦੀ ਕੋਈ ਲਿਖਾ ਪੜ੍ਹੀ ਨਹੀਂ ਕੀਤੀ ਜਾਂਦੀ।

ਹੁਣ ਘੁੰਡ ਕੱਢਣ ਦਾ ਰਿਵਾਜ ਨਹੀਂ ਰਿਹਾ। ਇਸ ਲਈ ਕਿਸੇ ਨੂੰਹ ਨੂੰ ਨਾ ਸਹੁਰੇ ਦੀਆਂ ਅੱਖਾਂ ਵਿਚ ਮਿਰਚਾਂ ਪਾਉਣ ਅਤੇ ਨਾ ਹੀ ਗਲ ਵਿਚ ਟੱਲ ਪਾਉਣ ਦੀ ਲੋੜ ਮਹਿਸੂਸ ਹੁੰਦੀ ਹੈ। ਹੁਣ ਨਾ ਕੋਈ ਕੰਗਣਾ ਖੇਡਦਾ ਹੈ ਅਤੇ ਨਾ ਗੋਤ ਕਨਾਲਾ ਦੀ ਰਸਮ ਹੁੰਦੀ ਹੈ, ਨਾ ਕੋਈ ਛਿਟੀਆਂ ਖੇਡਦਾ ਹੈ। ਹੁਣ ਇਨ੍ਹਾਂ ਸਾਰੀਆਂ ਰਸਮਾਂ ਦਾ ਪੁਰਾਣੇ ਸਭਿਆਚਾਰ ਦੀਆਂ ਕਿਤਾਬਾਂ ਪੜ੍ਹਨ ਤੋਂ ਹੀ ਪਤਾ ਲੱਗਿਆ ਕਰੇਗਾ। ਜਿਥੇ ਕਈ ਮਹੀਨੇ ਪਹਿਲਾਂ ਵਿਆਹ ਬਾਰੇ ਸਾਰੇ ਪਿੰਡ ਨੂੰ ਪਤਾ ਹੁੰਦਾ ਸੀ, ਹੁਣ ਵਿਆਹ ਬਾਰੇ ਗਲੀ ਗੁਆਂਢ ਨੂੰ ਵੀ ਦੋ ਤਿੰਨ ਦਿਨ ਪਹਿਲਾਂ ਹੀ ਪਤਾ ਲੱਗਦਾ ਹੈ। ਹੁਣ ਵਿਆਹ ਸਬੰਧੀ ਬਹੁਤ ਕੁਝ ਬਣਿਆ ਬਣਾਇਆ ਮਿਲ ਜਾਂਦਾ ਹੈ। ਹੁਣ ਵਿਆਹ ਦਿਖਾਵੇਬਾਜ਼ੀ ਤੇ ਸ਼ੋਸ਼ੇਬਾਜ਼ੀ ਦਾ ਅਖਾੜਾ ਬਣ ਕੇ ਰਹਿ ਗਏ ਹਨ। ਵਿਆਹਾਂ ਤੇ ਹੋਣ ਵਾਲੇ ਖਰਚਾਂ ਦੀ ਹੁਣ ਕੋਈ ਸੀਮਾ ਹੀ ਨਹੀਂ ਰਹੀ।

0

## ਗਿੱਧਾ

ਪਹਿਲੇ ਸਮਿਆਂ ਵਿਚ ਹਰ ਖ਼ੁਸ਼ੀ ਮੌਕੇ ਗਿੱਧਾ ਪਾਇਆ ਜਾਂਦਾ ਸੀ। ਪੁੱਤਰ ਦੇ ਜੰਮਣ, ਛਟੀ ਕਰਨ, ਮੰਗਣਾ ਕਰਨ ਤੇ ਵਿਆਹ ਕਰਨ ਸਮੇਂ ਗਿੱਧਾ ਪਾਉਣ ਦਾ ਰਿਵਾਜ ਹੁੰਦਾ ਸੀ। ਪਰ ਸਭ ਤੋਂ ਜ਼ਿਆਦਾ ਗਿੱਧਾ ਤੀਆਂ ਵਿਚ ਪੈਂਦਾ ਸੀ। ਗਿੱਧਾ ਪਾਉਣ ਲਈ ਮੁਟਿਆਰਾਂ ਪਹਿਲਾਂ ਗੋਲ ਘੇਰਾ ਬਣਾਉਂਦੀਆਂ ਸਨ। ਫੇਰ ਇਕ ਕੁੜੀ ਬੋਲੀ ਪਾਉਂਦੀ ਸੀ, ਬਾਕੀ ਦੀਆਂ ਗੋਲ ਘੇਰੇ ਵਿਚ ਖੜੀਆਂ ਕੁੜੀਆਂ ਹੌਲੀ ਹੌਲੀ



Academy of the Punjab in North America: http://www.apnaorg.com

ਗਿੱਧਾ ਪਾਉਂਦੀਆਂ ਰਹਿੰਦੀਆਂ ਸਨ। ਬੋਲੀ ਦੇ ਅਖ਼ੀਰਲੇ ਟੱਪੇ ਨੂੰ ਸਾਰੀਆਂ ਕੁੜੀਆਂ ਚੁੱਕ ਲੈਂਦੀਆਂ ਸਨ। ਫੇਰ ਗੋਲੇ ਘੇਰੇ ਵਿਚੋਂ ਖੜੀਆਂ ਕੁੜੀਆਂ ਵਿਚੋਂ ਦੋ ਕੁੜੀਆਂ ਘੇਰੇ ਅੰਦਰ ਆ ਕੇ ਨੱਚਣਾ ਸ਼ੁਰੂ ਕਰ ਦਿੰਦੀਆਂ ਸਨ। ਨੱਚਦੀਆਂ ਹੋਈਆਂ ਕੁੜੀਆਂ ਆਪਣੇ ਸਰੀਰ ਅਤੇ ਬਾਹਾਂ ਨੂੰ ਕਈ ਕਿਸਮਾਂ ਨਾਲ ਹਿਲਾ ਹਿਲਾ ਕੇ ਤਾੜੀ ਮਾਰਦੀਆਂ ਸਨ। ਨੱਚਣ ਸਮੇਂ ਕਈ ਵੇਰ ਘੁੰਡ ਕੱਢ ਲੈਂਦੀਆਂ ਸਨ। ਮੂੰਹ ਨਾਲ ਕਈ ਕਿਸਮ ਦੀਆਂ ਆਵਾਜ਼ਾਂ ਵੀ ਕੱਢਦੀਆਂ ਸਨ। ਨੱਚ ਨੱਚ ਕੇ ਧਰਤੀ ਨੂੰ ਕੰਬਣੀ ਲਿਆ ਦਿੰਦੀਆਂ ਸਨ। ਜਦੋਂ ਕੁੜੀਆਂ ਟੱਪਾ ਬੋਲਣਾ ਬੰਦ ਕਰ ਦਿੰਦੀਆਂ ਸਨ, ਤਾਂ ਘੇਰੇ ਵਿਚ ਨੱਚਣ ਵਾਲੀਆਂ ਕੁੜੀਆਂ ਮੁੜ ਘੇਰੇ ਵਿਚ ਆ ਜਾਂਦੀਆਂ ਸਨ। ਫੇਰ ਇਕ ਕੁੜੀ ਬੋਲੀ ਪਾਉਂਦੀ ਸੀ। ਬੋਲੀ ਦੇ ਅਖ਼ੀਰਲੇ ਟੱਪੇ ਨੂੰ ਫੇਰ ਸਾਰੀਆਂ ਕੁੜੀਆਂ ਚੁੱਕ ਲੈਂਦੀਆਂ ਸਨ। ਘੇਰੇ ਵਿਚੋਂ ਫੇਰ ਦੋ ਕੁੜੀਆਂ ਘੇਰੇ ਦੇ ਵਿਚਾਲੇ ਆ ਕੇ ਨੱਚਦੀਆਂ ਸਨ। ਨੱਚਦੀਆਂ ਕੁੜੀਆਂ ਆਪਣੇ ਸਰੀਰ ਤੇ ਬਾਹਾਂ ਨੂੰ ਕਈ ਕਿਸਮਾਂ ਨਾਲ ਹਿਲਾ ਹਿਲਾ ਕੇ ਨੱਚਦੀਆਂ ਰਹਿੰਦੀਆਂ ਸਨ। ਇਸ ਤਰ੍ਹਾਂ ਗਿੱਧਾ ਪੈਂਦਾ ਰਹਿੰਦਾ ਸੀ –

ਕੱਠੀਆਂ ਹੋ ਕੇ ਆਈਆਂ ਗਿੱਧੇ ਵਿਚ,
ਇਕੋ ਜਿਹੀਆਂ ਮੁਟਿਆਰਾਂ।
ਚਾਨਣ ਦੇ ਵਿਚ ਏਦਾਂ ਚਮਕਣ,
ਜਿਉਂ ਸੋਨੇ ਦੀਆਂ ਤਾਰਾਂ।



ਗਲੀਂ ਉਨ੍ਹਾਂ ਦੇ ਰੇਸ਼ਮੀ ਕੁੜਤੀਆਂ,
ਤੇੜ ਲੰਮੀਆਂ ਸਲਵਾਰਾਂ।
ਦੂਹਰੀਆਂ ਹੋ ਹੋ ਨੱਚਣ ਕੁੜੀਆਂ,



ਜਿਉਂ ਹਰਨਾਂ ਦੀਆਂ ਡਾਰਾਂ।
ਜ਼ੋਰ ਜਵਾਨੀ ਦਾ,
ਲੁੱਟ ਲੈ ਮੌਜ ਬਹਾਰਾਂ।

ਗਿੱਧੇ ਵਿਚ ਮੁਟਿਆਰਾਂ ਹਾਰ ਸ਼ਿੰਗਾਰ ਕਰਕੇ ਆਉਂਦੀਆਂ ਸਨ –

ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ,
ਫੁਲਾਂ ਬਾਝ ਫੁਲਾਹੀਆਂ।
ਗਹਿਣਿਆਂ ਬਾਝ ਨ ਸੋਂਹਦੀਆਂ ਨਾਰਾਂ,
ਚੂੜੀਆਂ ਬਾਝ ਕਲਾਈਆਂ।
ਸੱਗੀ ਫੁੱਲ ਸਿਰਾਂ ਤੇ ਸੋਂਹਦੇ,
ਪੈਰੀਂ ਝਾਂਜਰਾਂ ਪਾਈਆਂ।
ਬਣਕੇ ਮੋਰਨੀਆਂ,
ਨੱਚਣ ਗਿੱਧੇ ਵਿਚ ਆਈਆਂ।

ਪਹਿਲੇ ਸਮਿਆਂ ਵਿਚ ਮੁੰਡੇ ਵੀ ਗਿੱਧੇ ਪਾਉਂਦੇ ਹੁੰਦੇ ਸਨ। ਮੁੰਡੇ ਪਹਿਲੀ ਬੋਲੀ ਆਮ ਤੌਰ 'ਤੇ ਦੇਵਤਿਆਂ ਨੂੰ ਧਿਆਉਣ ਲਈ ਪਾਉਂਦੇ ਸਨ–

ਦੇਵੀ ਮਾਤਾ ਗੌਣ ਬਖ਼ਸ਼ਦੀ,
ਨਾਮ ਲਏ ਜਗ ਤਰਦਾ।
ਬੋਲੀਆਂ ਪਾਉਣ ਦੀ ਹੋ ਗਈ ਮਨਸਾ,
ਆ ਕੇ ਗਿੱਧੇ ਵਿਚ ਵੜਦਾ।
ਨਾਲ ਸ਼ੌਕ ਦੇ ਪਾਵਾਂ ਬੋਲੀਆਂ,
ਮੈਂ ਨੀ ਕਿਸੇ ਤੋਂ ਡਰਦਾ।
ਦੇਵੀ ਦੇ ਚਰਨਾਂ ਤੇ,
ਸੀਸ ਮੈਂ ਆਪਣਾ ਧਰਦਾ।

ਕਿਸੇ ਮੁਟਿਆਰ ਦੀ ਗਿੱਧਾ ਪਾਉਣ ਤੇ ਬੋਲੀਆਂ ਪਾਉਣ ਵਿਚ ਸਰਦਾਰੀ ਹੁੰਦੀ ਸੀ –

ਕਿਸ਼ਨੋ, ਬਿਸ਼ਨੋ ਦੋਵੇਂ ਭੈਣਾਂ,
ਬਿਸ਼ਨੋ ਹਾਲੇ ਕੁਆਰੀ।
ਕਿਸ਼ਨੋ ਚੰਦ ਵਰਗੀ,
ਉਹਦੀ ਗਿੱਧੇ ਵਿਚ ਸਰਦਾਰੀ।

ਏਸੇ ਤਰ੍ਹਾਂ ਕਈ ਪਿੰਡਾਂ ਦੇ ਮੁੰਡਿਆਂ ਦੀ ਵੀ ਗਿੱਧਾ ਪਾਉਣ ਤੇ ਬੋਲੀਆਂ ਪਾਉਣ ਵਿਚ ਝੰਡੀ ਹੁੰਦੀ ਹੈ –

ਸਾਡੇ ਪਿੰਡ ਦੇ ਮੁੰਡੇ ਵੇਖ ਲੋ,



Academy of the Punjab in North America: http://www.apnaorg.com

ਜਿਉਂ ਟਾਹਲੀ ਦੇ ਪਾਵੇ।
ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ,
ਜੋ ਪਿੰਜਣੀ ਨਾਲ ਸੁਹਾਵੇ।
ਦੁੱਧਾਕਾਸ਼ਨੀ ਬੰਨ੍ਹਦੇ ਸਾਫ਼ੇ,
ਜਿਉਂ ਉਡਿਆ ਕਬੂਤਰ ਜਾਵੇ।
ਮਲਮਲ ਦੇ ਤਾਂ ਕੁੜਤੇ ਸੋਂਹਦੇ,
ਜਿਉਂ ਬਗਲਾ ਤਲਾ ਵਿਚ ਨ੍ਹਾਵੇ।
ਗਿੱਧਾ ਪਾਉਂਦੇ ਮੁੰਡਿਆਂ ਦੀ,
ਸਿਫ਼ਤ ਕਰੀ ਨਾ ਜਾਵੇ।

ਪਹਿਲਾਂ ਪੁੱਤਰ ਦੇ ਜੰਮਣ ਤੇ ਗਿੱਧਾ ਪਾਇਆ ਜਾਂਦਾ ਸੀ –

ਤੇਰੇ ਘਰ ਜੰਮਿਆ ਪੁੱਤ ਵੇ ਨਰੰਜਣਾ,
ਅੱਜ ਗਿੱਧੇ ਦੀ ਰੁੱਤ ਵੇ ਨਰੰਜਣਾ।

ਮੁੰਡੇ ਜੰਮਣ ਦੀ ਜਦ ਖੁਸਰੇ ਵਧਾਈ ਲੈਣ ਆਉਂਦੇ ਸੀ, ਉਸ ਸਮੇਂ ਖੁਸਰਿਆਂ ਵਲੋਂ ਗਿੱਧਾ ਪਾਇਆ ਜਾਂਦਾ ਸੀ। ਜਦ ਪੁੱਤਰ ਦੀ ਛਟੀ ਕੀਤੀ ਜਾਂਦੀ ਸੀ, ਉਸ ਸਮੇਂ ਸਾਰੇ ਰਿਸ਼ਤੇਦਾਰ ਬੁਲਾਏ ਜਾਂਦੇ ਸਨ, ਗਿੱਧਾ ਪਾਇਆ ਜਾਂਦਾ ਸੀ। ਭੈਣਾਂ ਗੀਤ ਗਾਉਂਦੀਆਂ ਤੇ ਨੱਚਦੀਆਂ ਸਨ –

ਵੀਰ ਘਰ ਪੁੱਤ ਜੰਮਿਆ,
ਪੁੱਤ ਵੀਰ ਦਾ ਭਤੀਜਾ ਮੇਰਾ।

ਜਦ ਮੁੰਡੇ ਜੰਮਣ ਦੀ ਲੋਹੜੀ ਮਨਾਉਂਦੇ ਸਨ, ਉਸ ਸਮੇਂ ਗਿੱਧਾ ਪਾਇਆ ਜਾਂਦਾ ਸੀ। ਜਦ ਮੁੰਡੇ ਕੁੜੀ ਦਾ ਵਿਆਹ ਹੁੰਦਾ ਸੀ, ਉਸ ਸਮੇਂ ਨਾਨਕੀਆਂ ਤੇ ਦਾਦਕੀਆਂ ਗਿੱਧਾ ਪਾਉਂਦੀਆਂ ਸਨ। ਜਦ ਜਾਗੋ ਕੱਢੀ ਜਾਂਦੀ ਸੀ, ਉਸ ਸਮੇਂ ਗਿੱਧਾ ਪਾਇਆ ਜਾਂਦਾ ਸੀ। ਜਦ ਛੱਜ ਕੁੱਟਿਆ ਜਾਂਦਾ ਸੀ, ਉਸ ਸਮੇਂ ਗਿੱਧਾ ਪਾਇਆ ਜਾਂਦਾ ਸੀ। ਪਹਿਲੇ ਸਮਿਆਂ ਵਿਚ ਘੁੰਡ ਕੱਢਣ ਦਾ ਰਿਵਾਜ ਸੀ। ਜੇਕਰ ਕੋਈ ਵਹੁਟੀ ਘੁੰਡ ਕੱਢ ਕੇ ਗਿੱਧਾ ਪਾਉਂਦੀ ਤੇ ਨੱਚਦੀ ਹੁੰਦੀ ਸੀ ਤਾਂ ਉਸ ਨੂੰ ਟਕੋਰ ਲਾਈ ਜਾਂਦੀ ਸੀ–

ਘੁੰਡ ਦਾ ਗਿੱਧੇ ਵਿਚ ਕੰਮ ਕੀ ਗੋਰੀਏ?
ਏਥੇ ਬੈਠੇ ਤੇਰੇ ਹਾਣੀ।
ਨੀ ਜਾਂ ਘੁੰਡ ਕੱਢਦੀ ਬਹੁਤੀ ਸੋਹਣੀ,
ਜਾਂ ਘੁੰਡ ਕੱਢਦੀ ਕਾਣੀ।
ਤੂੰ ਤਾਂ ਮੈਨੂੰ ਦਿਸੇਂ ਮਜਾਜਣ,



ਘੁੰਡ ’ਚੋਂ ਅੱਖ ਪਛਾਣੀ।
ਖੁੱਲ੍ਹ ਕੇ ਨੱਚ ਲੈ ਨੀ,
ਬਣ ਜਾਹ ਗਿੱਧੇ ਦੀ ਰਾਣੀ।

ਸਭ ਤੋਂ ਜ਼ਿਆਦਾ ਗਿੱਧਾ ਤੀਆਂ ਵਿਚ ਪੈਂਦਾ ਸੀ। ਤੀਆਂ ਸਾਉਣ ਮਹੀਨੇ ਦੀ ਤੀਜ ਤੋਂ ਸ਼ੁਰੂ ਹੁੰਦੀਆਂ ਸਨ। ਵਿਆਹੀਆਂ ਹੋਈਆਂ ਕੁੜੀਆਂ ਨੂੰ ਉਨ੍ਹਾਂ ਦੇ ਸਹੁਰਿਆਂ ਤੋਂ ਵੀਰ ਲਿਆਉਂਦੇ ਸਨ। ਕੁਆਰੀਆਂ ਕੁੜੀਆ ਪਹਿਲਾਂ ਹੀ ਆਪਣੇ ਮਾਪਿਆਂ ਦੇ ਘਰ ਹੁੰਦੀਆਂ ਸਨ। ਪਿੱਪਲਾਂ, ਬਰੋਟਿਆਂ ਤੇ ਪੀਂਘਾਂ ਪਾਈਆਂ ਜਾਂਦੀਆਂ ਸਨ। ਕੁੜੀਆਂ ਬਿਦ ਬਿਦ ਕੇ ਪੀਂਘਾਂ ਦੀਆਂ ਹੀਂਘਾਂ ਚੜ੍ਹਾਉਂਦੀਆਂ ਸਨ। ਫੇਰ ਗਿੱਧੇ ਦੀ ਵਾਰੀ ਆਉਂਦੀ ਸੀ –

ਸਾਉਣ ਮਹੀਨੇ ਦਿਨ ਗਿੱਧੇ ਦੇ,
ਸਭੇ ਸਹੇਲੀਆਂ ਆਈਆਂ।
ਭਿੱਜ ਗਈ ਰੂਹ ਮਿੱਤਰਾ,
ਸ਼ਾਮ ਘਟਾ ਚੜ੍ਹ ਆਈਆਂ।

ਗਿੱਧੇ ਵਿਚ ਨੱਚ ਕੇ, ਬੋਲੀਆਂ ਪਾ ਕੇ ਸ਼ੌਂਕ ਪੂਰੇ ਕੀਤੇ ਜਾਂਦੇ ਸਨ–

ਸੁਣ ਨੀ ਕੁੜੀਏ, ਨੱਚਣ ਵਾਲੀਏ,
ਤੇਰਾ ਪੁੰਨਿਆਂ ਤੋਂ ਰੂਪ ਸਵਾਇਆ।
ਵਿਚ ਕੁੜੀਆਂ ਦੇ ਪਾਵੇਂ ਪੈਲਾਂ,
ਤੈਨੂੰ ਨੱਚਣਾ ਕੀਹਨੇ ਸਿਖਾਇਆ?
ਸਭਨਾਂ ਨੂੰ ਤੂੰ ਇਉਂ ਲਗਦੀ ਏਂ,
ਜਿਉਂ ਬਿਰਛਾਂ ਦੀ ਛਾਇਆ।
ਸ਼ੌਂਕ ਨਾਲ ਨੱਚ ਲੈ ਨੀ,
ਗਿੱਧਾ ਬਸੰਤੀ ਆਇਆ।

ਤੀਆਂ ਦੇ ਗਿੱਧੇ ਦੀਆਂ ਬੋਲੀਆ ਵਿਚ ਕੁੜੀਆਂ ਆਪਣੇ ਮਨਾਂ ਦੀ ਭੜਾਸ ਜਿਵੇਂ ਸੱਸ, ਸਹੁਰੇ ਦੇ ਮਾੜੇ ਵਿਹਾਰ, ਪਰਿਵਾਰ ਦੀ ਮਾੜੀ ਮਾਇਕ ਹਾਲਤ, ਔਖੀ ਕਬੀਲਦਾਰੀ, ਜੰਗ ’ਤੇ ਗਏ ਫੌਜੀ ਪਤੀ ਦਾ ਵਿਛੋੜਾ, ਨਿਆਣੇ ਤੇ ਬੜੀ ਉਮਰ ਦੇ ਪਤੀ ਦੇ ਦੁੱਖ ਆਦਿ ਰੋਂਦੀਆਂ ਸਨ।

ਹੁਣ ਮੁੰਡਿਆਂ ਦਾ ਗਿੱਧਾ ਬਿਲਕੁਲ ਅਲੋਪ ਹੋ ਗਿਆ ਹੈ। ਪੁੱਤਰ ਜੰਮਣ ਤੇ ਹੁਣ ਗਿੱਧਾ ਨਹੀਂ ਪਾਇਆ ਜਾਂਦਾ, ਸਗੋਂ ਸ਼ਰਾਬ ਪਿਲਾਈ ਜਾਂਦੀ ਹੈ। ਮੁੰਡੇ ਜੰਮਣ ਦੀ ਛਟੀ ਕਰਨ ਦਾ ਰਿਵਾਜ ਹੁਣ ਖ਼ਤਮ ਹੋ ਗਿਆ ਹੈ। ਮੰਗਣੇ ਤੇ ਵਿਆਹ ਹੁਣ ਮੈਰਿਜ ਪੈਲੇਸਾਂ ਵਿਚ ਹੋਣ ਲੱਗ ਪਏ ਹਨ। ਵਿਆਹ ਤੋਂ ਇਕ ਦਿਨ ਪਹਿਲਾਂ ਲੇਡੀਜ਼



Academy of the Punjab in North America: http://www.apnaorg.com

ਸੰਗੀਤ ਕਰਨ ਦਾ ਰਿਵਾਜ ਚਲ ਪਿਆ ਹੈ, ਜਿਸ ਵਿਚ ਹੀ ਗਿੱਧੇ ਦੀ ਥੋੜ੍ਹੀ ਜਿਹੀ ਰਸਮ ਪੂਰੀ ਕੀਤੀ ਜਾਂਦੀ ਹੈ। ਜਾਗੋ ਕੱਢਣੀ ਤੇ ਛੱਜ ਕੁੱਟਣਾ ਇਕ ਸ਼ਗਨ ਵਜੋਂ ਕੀਤੇ ਜਾਂਦੇ ਸਨ। ਸ਼ਗਨ ਵਜੋਂ ਹੀ ਥੋੜ੍ਹਾ ਜਿਹਾ ਗਿੱਧਾ ਪਾ ਲਿਆ ਜਾਂਦਾ ਹੈ। ਤੀਆਂ ਲੱਗਣੀਆਂ ਹੁਣ ਬੰਦ ਹੋ ਗਈਆਂ ਹਨ। ਗਿੱਧਾ ਹੁਣ ਕਾਲਜ ਦੇ ਫੰਕਸ਼ਨਾਂ, ਟੀ.ਵੀ. ਪ੍ਰੋਗਰਾਮਾਂ, ਵੀਡੀਓ ਕੈਸਟਾਂ ਬਣਾਉਣ ਤੱਕ ਹੀ ਸੀਮਤ ਹੋ ਗਿਆ ਹੈ। ਗਿੱਧਾ ਜੋ ਕਦੇ ਸਾਡੇ ਸਭਿਆਚਾਰ ਦਾ ਇਕ ਮਹੱਤਵਪੂਰਨ ਭਾਗ ਹੁੰਦਾ ਸੀ, ਹੁਣ ਅਲੋਪ ਹੋ ਰਿਹਾ ਹੈ।

0

## ਜਾਗੋ ਕੱਢਣੀ ਤੇ ਛੱਜ ਕੁੱਟਣਾ

ਪਹਿਲੇ ਸਮਿਆਂ ਵਿਚ ਖੇਤੀ ਬਾਰਸ਼ਾਂ 'ਤੇ ਨਿਰਭਰ ਹੋਣ ਕਰ ਕੇ ਲੋਕਾਂ ਲੋਕ ਵਿਹਲ ਬਹੁਤ ਹੁੰਦੀ ਸੀ। ਇਸ ਲਈ ਉਨ੍ਹਾਂ ਸਮਿਆਂ ਵਿਚ ਵਿਆਹ ਸ਼ਾਦੀਆਂ, ਤਿੱਥ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਏ ਜਾਂਦੇ ਸਨ। ਵਿਆਹਾਂ ਲਈ ਕਈ ਮਹੀਨੇ ਪਹਿਲਾਂ ਗੀਤ ਗਾਉਣੇ ਸ਼ੁਰੂ ਕਰ ਦਿੰਦੇ ਸਨ। ਵਿਆਹਾਂ ਲਈ ਤਿਆਰੀ ਵੀ ਕਈ ਕਈ ਮਹੀਨੇ ਪਹਿਲਾਂ ਸ਼ੁਰੂ ਕਰ ਦਿੱਤੀ ਜਾਂਦੀ ਸੀ, ਕਿਉਂ ਜੋ ਉਨ੍ਹਾਂ ਸਮਿਆਂ ਵਿਚ ਸਾਰੇ ਕੰਮ ਹੱਥੀਂ ਕੀਤੇ ਜਾਂਦੇ ਸਨ।



ਵਿਆਹਾਂ ਵਿਚ ਨਾਨਕੇ ਮੇਲ ਦੀ ਸਭ ਤੋਂ ਜ਼ਿਆਦਾ ਚੜ੍ਹਤ ਹੁੰਦੀ ਸੀ। ਉਨ੍ਹਾਂ ਸਮਿਆਂ ਵਿਚ ਨਾਨਕੇ ਮੇਲ ਵਿਚ ਕੱਲੇ ਨਾਨਕਿਆਂ ਦੇ ਪਰਿਵਾਰ ਵਾਲੇ ਹੀ ਨਹੀਂ ਹੁੰਦੇ ਸਨ, ਸਗੋਂ ਉਨ੍ਹਾਂ ਦੇ ਦਾਦਿਆਂ, ਪੜਦਾਦਿਆਂ ਤੱਕ ਦੇ ਸਕੇ ਪਰਿਵਾਰ ਵੀ ਨਾਨਕੇ ਮੇਲ ਵਿਚ ਸ਼ਾਮਲ ਹੁੰਦੇ ਸਨ। ਇਸ ਤਰ੍ਹਾਂ ਨਾਨਕੇ ਮੇਲ ਦੀ ਵਿਆਹ ਵਿਚ ਸਭ ਤੋਂ ਵੱਧ ਗਿਣਤੀ ਹੁੰਦੀ ਸੀ। ਨੱਚਣ ਵਾਲੀਆਂ, ਗਿੱਧਾ ਪਾਉਣ ਵਾਲੀਆਂ ਤੇ



ਬੋਲੀਆਂ ਪਾਉਣ ਵਾਲੀਆਂ ਕੁੜੀਆਂ ਅਤੇ ਬਹੂਆਂ ਨੂੰ ਨਾਨਕੇ ਮੇਲ ਵਿਚ ਵਿਸ਼ੇਸ਼ ਤੌਰ ਤੇ ਲੈ ਕੇ ਜਾਂਦੇ ਸਨ। ਲਾਗੀ ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਨਾਈ/ਨੈਣ ਹੁੰਦੇ ਸਨ, ਨਾਨਕੇ ਮੇਲ ਵਿਚ ਜਾਂਦੇ ਸਨ। ਨਾਨਕਾ ਮੇਲ ਪਿੰਡ ਵੜ੍ਹਦਿਆਂ ਹੀ ਗੀਤਾਂ ਦੀ ਬੁਛਾੜ ਸ਼ੁਰੂ ਕਰ ਦਿੰਦਾ ਸੀ। ਸਭ ਤੋਂ ਪਹਿਲਾਂ ਆਪਣੀ ਧੀ ਦਾ ਨਾਂ ਲੈ ਕੇ ਬੰਬੀਹਾ ਬੁਲਾਉਂਦੀਆਂ ਸਨ। ਨਾਨਕੇ ਮੇਲ ਦੀ ਉਡੀਕ ਵਿਚ ਗੱਭਰੂ ਵੀ ਖੁੰਢਾਂ 'ਤੇ ਬੈਠੇ ਹੁੰਦੇ ਸਨ। ਇਸ ਲਈ ਨਾਨਕੀਆਂ ਦਾ ਅਗਲਾ ਵਾਰ ਗਭਰੂਆਂ 'ਤੇ ਹੁੰਦਾ ਸੀ।

ਪੁਰਾਣੇ ਸਮਿਆਂ ਵਿਚ ਕੁੜੀ ਨੂੰ ਜੰਮਦਿਆਂ ਮਾਰਨ ਦੀ ਪ੍ਰਥਾ ਕਰ ਕੇ ਹਰ ਪਰਿਵਾਰ ਵਿਚ ਛੜੇ ਰਹਿ ਜਾਂਦੇ ਸਨ। ਖੁੰਢ੍ਹ ਟੋਲੀਆਂ ਵਿਚ ਛੜਿਆਂ ਦੀ ਹੀ ਭਰਮਾਰ ਹੁੰਦੀ ਸੀ। ਇਸ ਲਈ ਨਾਨਕੀਆਂ ਦਾ ਅਗਲਾ ਵਾਰ ਛੜਿਆਂ 'ਤੇ ਹੁੰਦਾ ਸੀ। ਇਸ ਤਰ੍ਹਾਂ ਨਾਨਕੀਆਂ ਪਿੰਡ ਵਾਲਿਆਂ ਦੀ ਖੁੰਭ੍ਹ ਠੱਪਦੀਆਂ ਵਿਆਹ ਵਾਲੇ ਘਰ ਪਹੁੰਚਦੀਆਂ ਸਨ। ਉਨ੍ਹਾਂ ਸਮਿਆਂ ਵਿਚ ਜਾਣ ਆਉਣ ਦੇ ਸਾਧਨ ਪੈਦਲ, ਬੋਤੇ, ਘੋੜੀ, ਗੱਡੇ ਅਤੇ ਰਥ ਹੁੰਦੇ ਸਨ। ਏਸ ਲਈ ਵਿਆਹ ਹਫ਼ਤਾ ਹਫ਼ਤਾ ਚਲਦੇ ਰਹਿੰਦੇ ਸਨ। ਤਿੰਨ ਤਿੰਨ ਰਾਤਾਂ ਤਾਂ ਬਰਾਤਾਂ ਕੱਟਦੀਆਂ ਹੁੰਦੀਆਂ ਸਨ।

ਜਿਸ ਦਿਨ ਲੜਕੇ ਦੀ ਬਰਾਤ ਵਿਆਹੁਣ ਜਾਂਦੀ ਹੁੰਦੀ ਸੀ, ਉਸ ਰਾਤ ਨੂੰ ਲੜਕੇ ਦੇ ਪਿੰਡ ਨਾਨਕੀਆਂ ਜਾਗੋ ਕੱਢਦੀਆਂ ਹੁੰਦੀਆਂ ਸਨ। ਜਾਗੋ ਬਣਾਉਣ ਲਈ ਪਿੱਤਲ ਦੀ ਵਲਟੋਹੀ ਲਈ ਜਾਂਦੀ ਸੀ। ਵਲਟੋਹੀ ਦੇ ਮੂੰਹ ਦੇ ਹੇਠਲੇ ਚੌੜੇ ਗੋਲ ਘੇਰੇ ਤੇ ਆਟੇ ਦੇ ਦੀਵੇ ਬਣਾ ਕੇ ਰੱਖੇ ਜਾਂਦੇ ਸਨ। ਇਨ੍ਹਾਂ ਦੀਵਿਆਂ ਵਿਚ ਸਰ੍ਹੋਂ ਦਾ ਤੇਲ ਪਾਇਆ ਜਾਂਦਾ ਸੀ ਤੇ ਜਗਾਏ ਜਾਂਦੇ ਸਨ। ਏਸ ਨੂੰ ਮੁੰਡੇ ਦੀ ਮਾਮੀ ਦੇ ਸਿਰ 'ਤੇ ਰੱਖਿਆ ਜਾਂਦਾ ਸੀ। ਮਾਮੀ ਦੇ ਸੱਗੀ ਫੁੱਲ ਪਾਏ ਹੁੰਦੇ ਸਨ। ਕੰਨਾਂ ਤੇ ਗਲੇ ਵਿਚ ਗਹਿਣਿਆਂ ਦੀ ਛਹਿਬਰ ਲੱਗੀ ਹੁੰਦੀ ਸੀ। ਵਧੀਆ ਗੋਟੇ ਕਿਨਾਰੀ ਵਾਲਾ ਘੱਗਰਾ ਪਾਇਆ ਹੁੰਦਾ ਸੀ। ਘੱਗਰੇ ਵਿਚ ਸਲਮੇ ਸਤਾਰਿਆਂ ਤੇ ਘੁੰਗਰੂਆਂ ਵਾਲਾ ਨਾਲਾ ਲਮਕਦਾ ਹੁੰਦਾ ਸੀ। ਮਾਮੀ ਪੂਰੀ ਮੁੜ੍ਹੈਂਲਣ ਬਣੀ ਹੁੰਦੀ ਸੀ –

ਜਾਗੋ ਕੱਢਣੀ ਮੜ੍ਹਕ ਨਾਲ ਤੁਰਨਾ,
ਬਈ ਵਿਆਹ ਕਰਤਾਰੇ ਦਾ।

ਜਾਗੋ ਪਹਿਲਾਂ ਵਿਆਹੁਲੇ ਲੜਕੇ ਦੇ ਤਾਏ ਚਾਚਿਆਂ ਦੇ ਘਰ ਜਾਂਦੀ ਸੀ। ਫਿਰ ਸਾਰੇ ਪੱਤੀ/ਅਗਵਾੜ ਦੇ ਘਰਾਂ ਵਿਚ ਜਾਂਦੀ ਸੀ। ਛੋਟੇ ਪਿੰਡਾਂ ਵਿਚ ਸਾਰੇ ਪਿੰਡਾਂ ਵਿਚ ਹੀ ਜਾਗੋ ਕੱਢੀ ਜਾਂਦੀ ਸੀ। ਤਾਏ, ਤਾਈਆਂ, ਚਾਚੇ, ਚਾਚੀਆਂ ਦੇ ਨਾਂ ਲੈ ਕੇ ਗੀਤ ਗਾਏ ਜਾਂਦੇ ਸਨ –

ਦਰਸ਼ਨ ਸਿਆਂ, ਜੀਤੋ ਜਗਾ ਲੈ ਵੇ,
ਜਾਗੋ ਆਈ ਆ।
ਸੁੱਤੀ ਨੂੰ ਜਗਾ ਲੈ,



Academy of the Punjab in North America: http://www.apnaorg.com

ਰੁੱਸੀ ਨੂੰ ਮਨਾ ਲੈ,
ਸੋਨ ਚਿੜ੍ਹੀ ਗਲ ਲਾ ਲੈ ਵੇ,
ਜਾਗੋ ਆਈ ਆ।

ਜਾਗੋ ਵਿਚ ਕਈ ਨਾਨਕੀਆਂ ਦਾ ਸਾਧ/ਪੰਡਤ ਦਾ ਰੂਪ ਧਾਰਿਆ ਹੁੰਦਾ ਸੀ। ਹੱਥ ਵਿਚ ਘੁੰਗਰੂਆਂ ਵਾਲਾ ਸੋਟਾ ਫੜਿਆ ਹੁੰਦਾ ਸੀ, ਜੋ ਜਾਗੋ ਮੂਹਰੇ ਮੂਹਰੇ ਖੜਕਾਉਂਦੀਆਂ ਜਾਂਦੀਆਂ ਸਨ। ਪਿੰਡ ਦੇ ਮੋਹਰੀ ਬੰਦਿਆਂ, ਜੈਲਦਾਰਾਂ, ਨੰਬਰਦਾਰਾਂ ਦੇ ਘਰਾਂ ਅੱਗੇ ਜਾ ਕੇ ਗੀਤ ਗਾਏ ਜਾਂਦੇ ਸਨ –

ਨੰਬਰਦਾਰਾ, ਜ਼ੋਰੋ ਜਗਾ ਲੈ ਵੇ,
ਜਾਗੋ ਆਈ ਆ।
ਚੁੱਪ ਕਰ ਬੀਬੀ, ਚੁੱਪ ਕਰ ਨੀ,
ਮਸਾਂ ਸਵਾਈ ਆ, ਲੋਰੀ ਦੇ ਕੇ ਪਾਈ ਆ,
ਅੜੀ ਕਰੂਗੀ, ਰੋ ਪਊਗੀ,
ਜਾਗੋ ਆਈ ਆ।

x x x x x

ਕੋਈ ਵੇਚੇ ਮੁੰਢ ਜਮੈਣ,
ਕੋਈ ਵੇਚੇ ਰਾਈ।
ਚੌਕੀਦਾਰ ਆਪਣੀ ਜੋਰੂ ਵੇਚੇ,
ਟਕੇ ਟਕੇ ਸਿਰ ਸਾਹੀ।
ਖ਼ਬਰਦਾਰ ਰਹਿਣਾ ਜੀ,
ਚੌਂਕੀ ਹਾਕਮਾਂ ਦੀ ਆਈ।

ਏਸ ਤਰ੍ਹਾਂ ਬਹੁਤ ਸਾਰੇ ਗੀਤ ਗਾਏ ਜਾਂਦੇ ਸਨ। ਜਿਹੜੇ ਘਰੀਂ ਜਾਗੋ ਜਾਂਦੀ ਸੀ, ਉਹ ਘਰ ਵਾਲੇ ਜਾਗੋ ਵਿਚ ਤੇਲ ਪਾਉਂਦੇ ਸਨ ਤੇ ਸ਼ਗਨ ਵੀ ਦਿੰਦੇ ਸਨ –

ਬਹੁਤਾ ਲੱਕ ਨਾ ਹਿਲਾਈਂ,
ਨੀ ਜਾਗੋ ਵਾਲੀਏ,
ਦੀਵਿਆਂ ’ਚੋਂ ਤੇਲ ਡੁੱਲਜੂ।

ਜਾਗੋ ਵਾਲਿਆਂ ਦੇ ਅੱਗੇ ਜੋ ਵੀ ਰੁਕਾਵਟ ਆਉਂਦੀ ਸੀ, ਉਹ ਤੁਰਤ ਫੁਰਤ ਦੂਰ ਕਰ ਦਿੱਤੀ ਜਾਂਦੀ ਸੀ। ਜੇਕਰ ਰਸਤੇ ਵਿਚ ਕੋਈ ਮੰਜਾ ਡਾਹੀ ਪਿਆ ਹੁੰਦਾ ਸੀ, ਉਸ ਦਾ ਮੰਜਾ ਮੂਧਾ ਮਾਰ ਦਿੰਦੇ ਸਨ। ਮੰਜੇ ਤੋਂ ਹੇਠਾਂ ਸਿੱਟ ਦਿੰਦੇ ਸਨ। ਉਸ ਸਮੇਂ ਬਹੁਤੇ ਘਰ ਕੱਚੇ ਹੁੰਦੇ ਸਨ। ਉਨ੍ਹਾਂ ਦੇ ਪਰਨਾਲੇ ਲੱਕੜ ਜਾਂ ਟੀਨ ਦੇ ਬਣੇ ਹੁੰਦੇ ਸਨ। ਜਾਗੋ ਵਾਲੇ ਇਨ੍ਹਾਂ ਪਰਨਾਲਿਆਂ ਨੂੰ ਤੋੜ ਦਿੰਦੇ ਸਨ। ਰਸਤੇ ਵਿਚ ਜਿਹੜੀਆਂ ਬਾਣੀਆਂ ਦੀਆਂ ਹੱਟੀਆਂ ਆਉਂਦੀਆਂ ਸਨ, ਉਹ ਬਾਣੀਏ ਜਾਂ ਤਾਂ ਆਪ ਹੀ



ਰਿਉੜੀਆਂ, ਪਤਾਸੇ, ਮਖਾਣੇ, ਖੰਡ ਦੇ ਖਿਡੌਣੇ, ਪਕੌੜੀਆਂ ਜਾਗੋ ਵਾਲਿਆਂ ਨੂੰ ਵੰਡ ਦਿੰਦੇ ਸਨ ਜਾਂ ਜਾਗੋ ਵਾਲੀਆਂ ਧੱਕੇ ਨਾਲ ਚੱਕ ਲੈਂਦੀਆਂ ਸਨ। ਕੋਈ ਕਿਸੇ ਦਾ ਗੁੱਸਾ ਨਹੀਂ ਕਰਦਾ ਸੀ।

ਜਾਗੋ ਜਦ ਗੇੜਾ ਕੱਢ ਕੇ ਘਰ ਆ ਜਾਂਦੀ ਸੀ ਤਾਂ ਨਾਨਕੀਆਂ ਛੱਜ ਕੁੱਟਦੀਆਂ ਸਨ। ਛੱਜ ਕੁੱਟਣ ਲਈ ਘੁੰਗਰੂਆਂ ਵਾਲਾ ਡੰਡਾ ਵਰਤਿਆ ਜਾਂਦਾ ਸੀ। ਗੀਤ ਵੀ ਗਾਉਂਦੀਆਂ ਸਨ। ਨੱਚਦੀਆਂ ਵੀ ਸਨ। ਗਿੱਧਾ ਵੀ ਨਾਲ ਦੇ ਨਾਲ ਪਾਉਂਦੀਆਂ ਸਨ।

ਟੌਹਰੇ ਬਾਝ ਨਾ ਸੋਂਹਦਾ ਗਭਰੂ,
ਕਾਠੀ ਬਾਝ ਨਾ ਬੋਤੀ।
ਪੱਤਾਂ ਬਾਝ ਨਾ ਸੋਂਹਦੀ ਮੱਛਲੀ,
ਤੁੰਗਲਾਂ ਬਾਝ ਨਾ ਮੋਤੀ।
ਮਣਕਿਆਂ ਬਾਝ ਨਾ ਸੋਂਹਦੇ ਮੂੰਗੇ,
ਅਸਾਂ ਐਵੇਂ ਈ ਲੜੀ ਪਰੋਤੀ।
ਇਹਨੇ ਕੀ ਨੱਚਣਾ,
ਇਹ ਤਾਂ ਕੌਲੇ ਕੋਲ ਖਲੋਤੀ।

ਬੋਲੀ ਖ਼ਤਮ ਹੋਣ ਤੇ ਨਾਨਕੀਆਂ ਦਾ ਛੱਜ ’ਤੇ ਡੰਡਾ ਤੇ ਡੰਡਾ ਚਲਦਾ। ਫੇਰ ਕੋਈ ਦੂਜੀ ਬੋਲੀ ਸ਼ੁਰੂ ਕਰ ਲੈਂਦੀ–

ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ,
ਭਿੱਜ ਗਿਆ ਗੈਬੀ ਤੋਤਾ।
ਮੇਲਣ ਇਉਂ ਨੱਚਦੀ,
ਜਿਵੇਂ ਟਪਦਾ ਸੜਕ ਤੇ ਬੋਤਾ।
ਖੁਲ੍ਹ ਕੇ ਨੱਚ ਲੈ ਨੀ,
ਹਾਣੋ ਹਾਣ ਖਲੋਤਾ।

ਜੇਕਰ ਫੇਰ ਵੀ ਨੱਚਣ ਵਾਲੀਆਂ ਢਿੱਲ ਮੱਠ ਕਰਦੀਆਂ ਸਨ ਤਾਂ ਉਨ੍ਹਾਂ ਨੂੰ ਟਕੋਰ ਲਾਈ ਜਾਂਦੀ ਸੀ–

ਬਾਰੀਂ ਬਰਸੀਂ ਖੱਟਣ ਗਿਆ ਸੀ,
ਖੱਟ ਕੇ ਲਿਆਂਦਾ ਫੀਤਾ।
ਏਹਨੇ ਕੀ ਨੱਚਣਾ,
ਜੀਹਨੇ ਦੁੱਧ ਬੱਕਰੀ ਦਾ ਪੀਤਾ।

ਫੇਰ ਛੱਜ ਦਾ ਕੁੱਟ ਕੁੱਟ ਕੇ ਤੀਲਾ ਤੀਲਾ ਕਰ ਦਿੱਤਾ ਜਾਂਦਾ ਸੀ।

ਏਸੇ ਤਰ੍ਹਾਂ ਕੁੜੀ ਦੀ ਡੋਲੀ ਭੇਜਣ ਤੋਂ ਬਾਅਦ ਦੀ ਰਾਤ ਨੂੰ ਕੁੜੀ ਦੀਆਂ



Academy of the Punjab in North America: http://www.apnaorg.com

ਨਾਨਕੀਆਂ ਜਾਗੋ ਕੱਢਦੀਆਂ ਸਨ, ਛੱਜ ਕੁੱਟਦੀਆਂ ਸਨ।

ਅੱਜ ਝੱਟ ਮੰਗਣੀ ਤੇ ਪੱਟ ਵਿਆਹ ਦਾ ਰਿਵਾਜ ਹੈ। ਲੋਕਾਂ ਕੋਲ ਸਮਾਂ ਹੀ ਨਹੀਂ ਹੈ। ਇਕ ਦਿਨ ਵਿਚ ਵਿਆਹ ਹੋ ਜਾਂਦਾ ਹੈ। ਮੁੰਡੇ ਤੇ ਕੁੜੀ ਦੇ ਵਿਆਹ ਵਿਚ ਘਰ ਘਰ ਵਿਚ ਹੀ ਕੋਈ ਕੋਈ ਪਰਿਵਾਰ ਜਾਗੋ ਕੱਢਣ ਅਤੇ ਛੱਜ ਕੁੱਟਣ ਦੀ ਰਸਮ ਨੂੰ ਸ਼ਗਨ ਮਾਤਰ ਹੀ ਕਰਦੇ ਹਨ। ਹੁਣ ਵਿਆਹ ਮੈਰਿਜ ਪੈਲਸਾਂ ਵਿਚ ਹੋਣ ਲੱਗ ਪਏ ਹਨ। ਜਿੱਥੇ ਮੁੰਡੇ ਅਤੇ ਕੁੜੀ ਦੇ ਪਰਿਵਾਰ ਵਾਲੇ ਸਿੱਧੇ ਆਉਂਦੇ ਹਨ। ਵਿਆਹ ਕਰ ਕੇ ਸ਼ਾਮ ਨੂੰ ਆਪਣੇ ਆਪਣੇ ਘਰੀਂ ਪਹੁੰਚ ਜਾਂਦੇ ਹਨ।

ਜਾਗੋ ਅਤੇ ਛੱਜ ਕੁੱਟਣ ਦੀ ਰਸਮ ਹੁਣ ਦਿਨੋ ਦਿਨ ਘਟਦੀ ਜਾ ਰਹੀ ਹੈ।

0

## ਕਰੂਏ ਦਾ ਵਰਤ

ਮਨੁੱਖ ਕੋਲ ਜਦ ਕਿੰਤੂ ਪ੍ਰੰਤੂ ਕਰਨ ਦੀ ਸੋਚ ਨਹੀਂ ਸੀ, ਅਨਪੜ੍ਹਤਾ ਸੀ, ਉਸ ਸਮੇਂ ਮਨੁੱਖ ਨੂੰ ਜਿਥੋਂ ਵੀ ਕੋਈ ਲਾਭ ਹੁੰਦਾ ਸੀ ਜਾਂ ਨੁਕਸਾਨ ਹੋਣ ਦਾ ਡਰ ਹੁੰਦਾ ਸੀ ਤਾਂ ਉਸ ਨੂੰ ਦੇਵੀ ਦੇਵਤੇ ਮਿਥ ਲੈਂਦੇ ਸਨ। ਇਸ ਤਰ੍ਹਾਂ ਭਾਰਤ ਵਿਚ ਅਣ ਗਿਣਤ ਦੇਵੀ ਦੇਵਤੇ ਹੋਂਦ ਵਿਚ ਆ ਗਏ। ਪੁਰਸ਼ ਪ੍ਰਧਾਨ ਸਮਾਜ ਹੋਣ ਕਰ ਕੇ ਪੁਰਸ਼ਾਂ ਦੀ ਲੰਮੀ ਉਮਰ, ਬੀਮਾਰੀਆਂ ਤੋਂ ਬਚਾਓ ਲਈ ਕਈ ਕਿਸਮ ਦੇ ਵਰਤ ਰੱਖੇ ਜਾਣ ਲੱਗੇ। ਮੰਨੂ ਦੀ ਸ਼੍ਰੇਣੀ ਵੰਡ ਕਾਰਨ ਵਿਦਿਆ ਪੜ੍ਹਨੀ ਤੇ ਪੜ੍ਹਾਉਣੀ ਪੰਡਤਾਂ ਦੇ ਹਿੱਸੇ ਆਈ। ਪੰਡਤਾਂ ਨੇ ਆਪਣੇ ਇਸ ਏਕਾਧਿਕਾਰ ਨੂੰ ਆਪਣੀ ਸੁਵਿਧਾ ਅਨੁਸਾਰ ਵਰਤਿਆ। ਸਮਾਜ ਵਿਚ ਐਨੇ ਵਹਿਮ, ਭਰਮ ਤੇ ਅੰਧ ਵਿਸ਼ਵਾਸ ਪੈਦਾ ਕਰ ਦਿੱਤੇ ਕਿ ਹਫ਼ਤੇ ਦੇ ਸੱਤੇ ਦਿਨਾਂ ਵਿਚ ਕੋਈ ਨਾ ਕੋਈ ਮਨਾਹੀ ਕਰ ਦਿੱਤੀ। ਕਈ ਥਿਤਾਂ, ਦਿਨਾਂ ਨੂੰ ਸ਼ੁਭ ਕਰਾਰ ਦੇ ਦਿੱਤਾ, ਕਈਆਂ ਨੂੰ ਅਸ਼ੁਭ!





ਪਹਿਲੇ ਸਮਿਆਂ ਵਿਚ ਬਹੁਤ ਕਿਸਮ ਦੇ ਵਰਤ ਰੱਖੇ ਜਾਂਦੇ ਸਨ। ਕਰੂਏ ਦੇ ਵਰਤ ਰੱਖਣ ਦਾ ਬਹੁਤ ਰਿਵਾਜ ਹੁੰਦਾ ਸੀ। ਵਿਆਹੀਆਂ ਹੋਈਆਂ ਕੁੜੀਆ ਨੂੰ ਕਰੂਏ ਦੇ ਵਰਤਾਂ ਲਈ ਵੀਰ ਗੱਡੀ ਜੋੜ ਕੇ ਲੈਣ ਜਾਂਦੇ ਸਨ –

ਗੱਡੀ ਜੋੜ ਕੇ ਆਈਂ ਵੇ ਵੀਰਾ,<br>ਕਰੂਏ ਦੇ ਵਰਤਾਂ ਨੂੰ।

ਜੇ ਕਰ ਕਿਸੇ ਕਬੀਲਦਾਰੀ ਦੇ ਕੰਮ ਧੰਦੇ ਵਿਚ ਫਸਿਆ ਹੋਇਆ ਵੀਰ ਕਰੂਏ ਦੇ ਵਰਤਾਂ ਨੂੰ ਭੈਣ ਨੂੰ ਲਿਆਉਣ ਤੋਂ ਖੁੰਜ ਜਾਂਦਾ ਸੀ, ਬਾਅਦ ਵਿਚ ਭੈਣ ਕੋਲ ਜਾਂਦਾ ਸੀ ਤਾਂ ਉਸ ਨੂੰ ਭੈਣ ਦੇ ਤੱਤੇ ਬੋਲ ਸੁਣਨੇ ਪੈਂਦੇ ਸਨ –

ਕਾਹਨੂੰ ਆਇਆ ਵੇ ਬੇਸ਼ਰਮਾ ਵੀਰਾ,<br>ਕਰੂਏ ਦੇ ਵਰਤ ਗਏ।

ਕਰੂਏ ਦੇ ਵਰਤ ਪਤੀ ਦੇਵ ਦੀ ਚੰਗੀ ਸਿਹਤ ਲਈ ਤੇ ਚਿਰ ਜਿਉਣ ਦੀ ਕਾਮਨਾ ਕਰਨ ਲਈ ਰੱਖੇ ਜਾਂਦੇ ਸਨ। ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਤਾਰਿਆਂ ਦੀ ਛਾਵੇਂ ਮਿੱਠੀਆਂ ਰੋਟੀਆਂ/ਚੂਰੀ ਖਾ ਕੇ ਵਰਤ ਸ਼ੁਰੂ ਕੀਤਾ ਜਾਂਦਾ ਸੀ। ਫੇਰ ਸਾਰਾ ਦਿਨ ਕੁਝ ਨਹੀਂ ਖਾਣਾ ਹੁੰਦਾ ਸੀ। ਸ਼ਾਮ ਨੂੰ ਬ੍ਰਾਹਮਣ ਤੋਂ ਵਰਤ ਸਬੰਧੀ ਕਥਾ ਸੁਣਨ ਜਾਂਦੀਆਂ ਸਨ। ਕਥਾ ਸੁਣਨ ਤੋਂ ਬਿਨਾ ਇਹ ਵਰਤ ਅਧੂਰਾ ਮੰਨਿਆ ਜਾਂਦਾ ਸੀ। ਚੰਦ ਚੜ੍ਹੇ ਤੋਂ ਖਾਣ ਪੀਣ ਕਰਦੀਆਂ ਸਨ।

ਭਲਾ ਜੇ ਵਰਤ ਰੱਖਣ ਨਾਲ ਹੀ ਪਤੀਆਂ ਦੀ ਸਿਹਤ ਚੰਗੀ ਰਹਿਣ ਲੱਗ ਜਾਵੇ, ਉਮਰਾਂ ਲੰਮੀਆਂ ਹੋ ਜਾਣ, ਫੇਰ ਤਾਂ ਇਹ ਕੰਮ ਹੀ ਬੜਾ ਸੌਖਾ ਹੈ। ਨਾ ਡਾਕਟਰਾਂ ਨੂੰ ਫੀਸ ਦੇਣੀ ਪਵੇ, ਨਾ ਦਵਾਈਆਂ ਖਾਣੀਆਂ ਪੈਣ, ਨਾ ਹਸਪਤਾਲਾਂ ਵਿਚ ਦਾਖਲ ਹੋਣਾ ਪਵੇ। ਵਰਤ ਰੱਖੋ, ਪਤੀ ਦੇਵ ਨੌਂ ਬਰ ਨੌਂ! ਪੰਜਾਬ ਵਿਚ ਜਦ ਸਿੰਘ ਸਭਾ ਲਹਿਰ ਚੱਲੀ, ਉਸ ਨਾਲ ਪਿੰਡਾਂ ਵਿਚੋਂ ਬਹੁਤ ਸਾਰੇ ਅਜਿਹੇ ਵਰਤ ਰੱਖਣੇ ਬੰਦ ਹੋ ਗਏ –

ਮੈਨੂੰ ਵਰਤ ਰੱਖਣ ਨਾ ਦੇਵੇ,<br>ਮਾਹੀ ਮੇਰਾ ਸਿੰਘ ਸਭੀਆ।

ਪਰ ਅੱਜ ਤਰਕਸ਼ੀਲਤਾ ਦਾ ਯੁੱਗ ਹੈ। ਵਿਦਿਆ ਦਾ ਜ਼ਮਾਨਾ ਹੈ। ਸਾਇੰਸ ਕਿਥੇ ਤੋਂ ਕਿੱਥੇ ਪਹੁੰਚ ਗਈ ਹੈ। ਲੋਕ ਹੁਣ ਅੰਧ ਵਿਸ਼ਵਾਸ ਦੇ ਘੇਰੇ ਵਿਚੋਂ ਬਾਹਰ ਨਿਕਲ ਰਹੇ ਹਨ। ਪਿੰਡਾਂ ਵਿਚ ਹੁਣ ਕੋਈ ਵੀ ਕਰੂਏ ਦੇ ਵਰਤ ਨਹੀਂ ਰੱਖਦਾ। ਹਿੰਦੂਆਂ ਦੇ ਘਰਾਂ ਵਿਚ ਅਜੇ ਵੀ ਇਹ ਵਰਤ ਰੱਖਣ ਦਾ ਰਿਵਾਜ ਚੱਲ ਰਿਹਾ ਹੈ। ਪਰ ਉਥੇ ਵੀ ਹੁਣ ਇਹ ਦਿਨੋ ਦਿਨ ਘਟ ਰਿਹਾ ਹੈ।

0



Academy of the Punjab in North America: http://www.apnaorg.com

## ਬਾਸੀਅੜਾ

ਜਦ ਭਾਰਤ ਦੀ ਆਬਾਦੀ ਥੋੜ੍ਹੀ ਸੀ, ਉਸ ਸਮੇਂ ਭਾਰਤ ਵਿਚ 33 ਕਰੋੜ ਦੇਵੀ ਦੇਵਤਿਆਂ ਦਾ ਵਾਸ ਮੰਨਿਆ ਜਾਂਦਾ ਸੀ। ਹੁਣ ਭਾਰਤ ਦੀ ਆਬਾਦੀ 115 ਕਰੋੜ ਤੋਂ ਉਪਰ ਹੋ ਗਈ ਹੈ। ਜੇਕਰ ਵਿਦਿਆ ਅਤੇ ਸਾਇੰਸ ਵਿਦਿਆ ਦਾ ਪਾਸਾਰ ਨਾ ਹੁੰਦਾ ਤਾਂ ਹੁਣ ਤੱਕ ਭਾਰਤ ਵਿਚ 100 ਕਰੋੜ ਤੋਂ ਉਪਰ ਦੇਵੀ ਦੇਵਤੇ ਬਣ ਜਾਣੇ ਸਨ? ਜਦ ਮਨੁੱਖ ਕੋਲ ਕਿੰਤੂ, ਪ੍ਰੰਤੂ, ਤਰਕ, ਕਿਉਂ, ਕਿਵੇਂ ਜਾਨਣ ਦੀ ਸੂਝ ਨਹੀਂ ਸੀ, ਉਸ ਸਮੇਂ ਹਰ ਜਾਨ, ਬੇਜਾਨ ਵਸਤ, ਜਿਸ ਤੋਂ ਮਨੁੱਖ ਨੂੰ ਕੋਈ ਲਾਭ ਹੁੰਦਾ ਸੀ, ਉਸ ਲਈ ਦੇਵੀ ਦੇਵਤੇ ਸਨ।



ਖਸਰਾ ਤੇ ਚੇਚਕ ਨੂੰ ਛੋਟੀ ਮਾਤਾ ਤੇ ਬੜੀ ਮਾਤਾ ਕਹਿੰਦੇ ਸਨ। ਇਹ ਬੱਚਿਆਂ ਦੇ ਨਾ ਨਿਕਲੇ, ਜੇ ਨਿਕਲ ਆਵੇ ਤਾਂ ਕੋਈ ਨੁਕਸਾਨ ਨਾ ਕਰੇ, ਉਸ ਦੀ ਪੂਜਾ ਕੀਤੀ ਜਾਂਦੀ ਸੀ। ਇਹ ਤਿਉਹਾਰ ਸੀਤਲਾ ਦੇਵੀ ਨਾਲ ਸਬੰਧਤ ਹੁੰਦਾ ਸੀ। ਏਸ ਪੂਜਾ ਨੂੰ ਬਾਸੀਅੜਾ ਕਿਹਾ ਜਾਂਦਾ ਸੀ। ਏਸ ਦੇ ਪੂਜਣ ਲਈ ਕਿਸੇ ਸਾਂਝੇ ਥਾਂ ਤੇ ਛੋਟੀਆਂ ਜਿਹੀਆਂ ਕਈ ਮਟੀਆਂ ਬਣਾਈਆਂ ਜਾਂਦੀਆਂ ਸਨ। ਇਹ ਪੂਜਾ ਫੱਗਣ ਅਤੇ ਚੇਤ ਦੇ ਮਹੀਨਿਆਂ ਦੇ ਹਨੇਰੇ ਪੱਖ ਦੇ ਪਹਿਲੇ ਮੰਗਲਵਾਰ ਨੂੰ ਕੀਤੀ ਜਾਂਦੀ ਸੀ। ਏਸ ਪੂਜਾ ਲਈ ਸੋਮਵਾਰ ਦੀ ਸ਼ਾਮ ਨੂੰ ਗੁਲਗਲੇ, ਮੱਠੀਆਂ, ਕਚੌਰੀਆਂ, ਮਿੱਠੀਆਂ ਰੋਟੀਆਂ, ਕੜਾਹ, ਮਿੱਠੇ ਚੌਲ, ਖਿਚੜੀ ਆਦਿ ਬਣਾਏ ਜਾਂਦੇ ਸਨ। ਸੋਮਵਾਰ ਦੀ ਰਾਤ ਨੂੰ ਹੀ ਬਰੂੜ ਭਿਉਂਤੇ ਜਾਂਦੇ ਸਨ। ਕਣਕ, ਛੋਲੇ, ਮੋਠ, ਮਾਂਹ, ਮੂੰਗੀ ਜਾਂ ਜਿਹੜੀ ਵੀ ਫ਼ਸਲ ਦੇ ਦਾਣੇ ਘਰ ਹੋਣ, ਉਹ ਪਾਣੀ ਵਿਚ ਭਿਉਂ ਕੇ ਰਾਤ ਨੂੰ ਰੱਖੇ ਜਾਂਦੇ ਸਨ, ਇਨ੍ਹਾਂ ਨੂੰ ਬਰੂੜ ਕਹਿੰਦੇ ਸਨ।

ਸਵੇਰੇ ਦਿਨ ਚੜ੍ਹਨ ਤੋਂ ਪਹਿਲਾਂ ਉਠ ਕੇ ਜਨਾਨੀਆਂ ਅਤੇ ਬੱਚੇ ਸੀਤਲਾ ਮਾਤਾ ਦੇ ਪੂਜਣ ਦੇ ਸਥਾਨ ਤੇ ਜਾਂਦੇ ਸਨ। ਪਹਿਲੀ ਸ਼ਾਮ ਪਕਾਏ ਹੋਏ ਪਕਵਾਨ ਤੇ



ਬਰੂੜਾਂ ਨਾਲ ਮੱਥਾ ਟੇਕਿਆ ਜਾਂਦਾ ਸੀ। ਮੱਥਾ ਟੇਕਣ ਵੇਲੇ ਕਿਹਾ ਜਾਂਦਾ ਸੀ –

ਮਾਤਾ ਰਾਣੀਏ,<br>
ਗੁਲਗੁਲੇ ਖਾਣੀਏ,<br>
ਬਾਲ ਬੱਚਾ ਰਾਜੀ ਰੱਖਣਾ।

ਰਾਤ ਦੇ ਪੱਕੇ ਹੋਏ ਪਕਵਾਨ ਗੁਲਗਲੇ, ਮੱਠੀਆਂ, ਚੌਲ, ਕੜਾਹ ਆਦਿ ਸੀਤਲਾ ਮਾਤਾ ਦੇ ਵਾਹਨ ਗਧੇ ਨੂੰ ਚੜ੍ਹਾਏ ਜਾਂਦੇ ਸਨ। ਮੌਕੇ ਤੇ ਬੈਠੇ ਮਰਾਸੀਆਂ ਨੂੰ ਦਿੱਤੇ ਜਾਂਦੇ ਸਨ। ਹਾਜ਼ਰ ਗ਼ਰੀਬ ਗੁਰਬਿਆਂ ਨੂੰ ਵੰਡੇ ਜਾਂਦੇ ਸਨ।

ਏਸ ਤਿਉਹਾਰ ਨੂੰ ਬਾਸੀਅੜਾ ਏਸ ਕਰ ਕੇ ਵੀ ਕਹਿੰਦੇ ਸਨ ਕਿਉਂ ਜੋ ਇਹ ਪੂਜਾ ਦਾ ਸਮਾਨ ਪਹਿਲੀ ਸ਼ਾਮ ਨੂੰ ਬਣਾਇਆ ਜਾਂਦਾ ਸੀ, ਅਗਲੇ ਦਿਨ ਮੱਥਾ ਟੇਕਣ ਤੋਂ ਪਿਛੋਂ ਖਾਧਾ ਜਾਂਦਾ ਸੀ। ਏਸ ਤਰ੍ਹਾਂ ਇਹ ਪਕਵਾਨ ਬਾਸੀ, ਬੇਹਾ ਹੋ ਜਾਂਦਾ ਸੀ। ਏਸ ਕਰ ਕੇ ਹੀ ਸ਼ਾਇਦ ਇਸ ਨੂੰ ਬਾਸੀਅੜਾ ਕਹਿੰਦੇ ਸਨ।

ਹੁਣ ਵਿਦਿਆ ਅਤੇ ਮੈਡੀਕਲ ਵਿਦਿਆ ਦਾ ਪਸਾਰ ਹੋਣ ਕਰਕੇ ਇਹ ਤਿਉਹਾਰ ਅਤੇ ਇਹੋ ਜਿਹੇ ਹੋਰ ਬਹੁਤ ਸਾਰੇ ਅੰਧ ਵਿਸ਼ਵਾਸਾਂ ਵਾਲੇ ਤੇ ਤਰਕਹੀਣ ਤਿਉਹਾਰ ਲੋਕਾਂ ਵਲੋਂ ਮਨਾਉਣੇ ਘੱਟਦੇ ਜਾ ਰਹੇ ਹਨ।

0

## ਸਾਂਝੀ ਮਾਈ

ਜਦ ਮੰਨੂ ਨੇ ਸ਼੍ਰੇਣੀ ਵੰਡ ਕੀਤੀ ਸੀ, ਉਸ ਸਮੇਂ ਜਿਹੜਾ ਇਨਸਾਨ ਜਿਹੜਾ ਕੰਮ ਕਰਦਾ ਸੀ, ਉਸ ਕੰਮ ਨੂੰ ਮੁੱਖ ਰੱਖ ਕੇ ਹੀ ਉਸ ਨੂੰ ਉਸ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ ਸੀ। ਉਸ ਸ਼੍ਰੇਣੀ ਵੰਡ ਅਨੁਸਾਰ ਵਿਦਿਆ ਪੜ੍ਹਨੀ ਅਤੇ ਪੜ੍ਹਾਉਣੀ ਪੰਡਤਾਂ ਦਾ ਕੰਮ ਮਿਥਿਆ ਗਿਆ ਸੀ। ਹੌਲੀ ਹੌਲੀ ਫੇਰ ਇਹ ਕੰਮ ਦੀ ਵੰਡ ਜਨਮ ਤੋਂ ਹੀ ਨਿਰਧਾਰਤ ਹੋਣ ਲੱਗ ਪਈ। ਜਿਹੜਾ ਪੰਡਤਾਂ ਦੇ ਘਰ ਜੰਮਦਾ ਸੀ ਉਹ ਪੰਡਤ ਬਣ ਜਾਂਦਾ ਸੀ, ਜਿਹੜਾ ਸੂਦਰਾਂ ਦੇ ਘਰ ਜੰਮਦਾ ਸੀ, ਉਹ ਸ਼ੂਦਰ ਬਣ ਜਾਂਦਾ ਸੀ।





Academy of the Punjab in North America: http://www.apnaorg.com

ਇਹ ਪ੍ਰਮਾਣੀਕ ਸਚਾਈ ਹੈ, ਜਦ ਕਿਸੇ ਕੰਮ ਦੀ ਕਿਸੇ ਕੋਲ ਇਜਾਰੇਦਾਰੀ, ਏਕਾਧਿਕਾਰ ਹੋ ਜਾਂਦਾ ਹੈ, ਉਹ ਆਪਣੀ ਮਨ ਮਰਜ਼ੀ ਕਰਨ ਲੱਗ ਜਾਂਦਾ ਹੈ। ਏਸ ਤਰ੍ਹਾਂ ਇਜਾਰੇਦਾਰੀ ਕਰ ਕੇ ਕਈ ਬੁਰਾਈਆਂ ਆ ਜਾਂਦੀਆਂ ਹਨ। ਕੋਈ ਸਮਾਂ ਸੀ, ਜਦ ਹਰ ਨਵਾਂ ਕੰਮ ਪੰਡਤਾਂ ਤੋਂ ਪੁੱਛ ਕੇ ਕੀਤਾ ਜਾਂਦਾ ਸੀ। ਪੰਡਤਾਂ ਦੀ ਰੋਟੀ ਰੋਜ਼ੀ ਵਿਦਿਆ ਪੜ੍ਹਣ ਅਤੇ ਪੜ੍ਹਾਉਣ ਦੀ ਇਜਾਰੇਦਾਰੀ ਹੋਣ ਕਾਰਨ ਪੰਡਤਾਂ ਨੇ ਆਪਣੀ ਰੋਟੀ ਰੋਜ਼ੀ ਨੂੰ ਹੋਰ ਵਧੀਆ ਬਣਾਉਣ ਲਈ, ਆਪਣੀ ਤੂਤੀ ਕਾਇਮ ਰੱਖਣ ਲਈ ਲੋਕਾਂ ਵਿਚ ਬਹੁਤ ਸਾਰੇ ਅੰਧ ਵਿਸ਼ਵਾਸ, ਤਰਕਹੀਨ ਵਹਿਮ-ਭਰਮ, ਭੁਲੇਖੇ, ਰਸਮਾਂ, ਤਿਉਹਾਰ ਚਾਲੂ ਕਰਵਾਏ, ਨਾਲ ਹੀ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਉਪਾਓ ਵੀ ਦੱਸਦੇ ਰਹੇ। ਉਨ੍ਹਾਂ ਸਮਿਆਂ ਵਿਚ ਲੋਕਾਂ ਵਿਚ ਸੂਝ ਵੀ ਘੱਟ ਸੀ। ਏਸ ਲਈ ਪੰਡਤ ਜੋ ਦੱਸਦੇ ਸਨ, ਓਹੀ ਉਪਾਓ ਕਰ ਲੈਂਦੇ ਸਨ।

ਮੈਂ ਭੂਮਿਕਾ ਕੁਝ ਜ਼ਿਆਦਾ ਬੰਨ੍ਹ ਗਿਆ ਹਾਂ। ਹੁਣ ਅਸਲ ਵਿਸ਼ੇ ਵੱਲ ਆਉਂਦਾ ਹਾਂ। ਪੁਰਾਣੇ ਤਿਉਹਾਰਾਂ ਵਿਚ ਇਕ ਤਿਉਹਾਰ ਸਾਂਝੀ ਮਾਈ ਦਾ ਹੁੰਦਾ ਸੀ। ਇਹ ਤਿਉਹਾਰ ਭੈਣਾਂ, ਵੀਰ ਦੀ ਮੰਗ ਲਈ ਤੇ ਪਰਿਵਾਰ ਦੀ ਸੁਖ ਸ਼ਾਂਤੀ ਲਈ ਮਨਾਉਂਦੀਆਂ ਸਨ। ਇਸ ਨੂੰ ਕੁਆਰੀਆਂ ਕੁੜੀਆਂ ਮਨਾਉਂਦੀਆਂ ਸਨ। ਪਹਿਲੇ ਸਮਿਆਂ ਵਿਚ ਤਕਰੀਬਨ ਹਰ ਘਰ ਵਿਚ ਸਾਂਝੀ ਲਾਈ ਜਾਂਦੀ ਸੀ। ਕਈ ਵੇਰ ਕਈ ਪਰਿਵਾਰ ਮਿਲ ਕੇ ਵੀ ਸਾਂਝੀ ਮਾਈ ਲਾ ਲੈਂਦੇ ਸਨ।

ਜਿਸ ਤਰ੍ਹਾਂ ਨਾ ਤੋਂ ਹੀ ਸਪਸ਼ਟ ਹੈ, ਸਾਂਝੀ ਮਾਈ ਦੀ ਮੂਰਤੀ ਇਕ ਜਨਾਨੀ ਦੀ ਮੂਰਤੀ ਬਣਾਈ ਜਾਂਦੀ ਸੀ। ਮੂਰਤੀ ਬਣਾਉਣ ਲਈ ਪਹਿਲਾਂ ਕੁੜੀਆਂ ਚਿਉਕਣੀ ਮਿੱਟੀ ਲਿਆਉਂਦੀਆਂ ਸਨ। ਮਿੱਟੀ ਨੂੰ ਚੰਗੀ ਤਰ੍ਹਾਂ ਗੋ ਕੇ ਸਾਂਝੀ ਮਾਈ ਦੇ ਸਰੀਰ ਦੇ ਸਾਰੇ ਅੰਗ ਧਰਤੀ ਤੇ ਬਣਾਉਂਦੀਆਂ ਸਨ। ਗਹਿਣੇ ਵੀ ਬਣਾਏ ਜਾਂਦੇ ਸਨ। ਸੁੱਕਣ ਲਈ ਧੁੱਪੇ ਰੱਖ ਦਿੰਦੇ ਸਨ। ਜਦ ਇਹ ਚੰਗੀ ਤਰ੍ਹਾ ਸੁੱਕ ਜਾਂਦੇ ਸਨ ਤਾਂ ਪਹਿਲੇ ਨਰਾਤੇ ਵਾਲੇ ਦਿਨ ਘਰ ਦੀ ਇਕ ਕੰਧ ਤੇ ਪਹਿਲਾਂ ਗੋਹਾ ਮਿੱਟੀ ਥੱਪਿਆ ਜਾਂਦਾ ਸੀ। ਫੇਰ ਉਸ ਉਪਰ ਸਾਂਝੀ ਮਾਈ ਦੇ ਸੁਕਾਏ ਹੋਏ ਸਾਰੇ ਅੰਗਾਂ ਨੂੰ ਚਿਪਕਾ ਦਿੱਤਾ ਜਾਂਦਾ ਸੀ। ਨਾਲ ਹੀ ਬਣਾਏ ਗਹਿਣੇ ਚਿਪਕਾ ਦਿੱਤੇ ਜਾਂਦੇ ਸਨ। ਕਈ ਸਾਂਝੀ ਮਾਈ ਤੇ ਮਿੱਟੀ ਦਾ ਪਰੋਲਾ ਫੇਰ ਦਿੰਦੀਆਂ ਸਨ। ਕਈ ਕਲੀ ਕਰ ਦਿੰਦੀਆਂ ਸਨ। ਕਈ ਵੇਰ ਸਾਂਝੀ ਦੀ ਮੂਰਤੀ ਤੇ ਕਈ ਕਈ ਰੰਗ ਕਰ ਦਿੰਦੀਆਂ ਸਨ। ਗਹਣਿਆਂ ਤੋਂ ਵੱਖਰੇ ਰੰਗ ਕਰਦੀਆਂ ਸਨ। ਹਰ ਸ਼ਾਮ ਨੂੰ ਕੁੜੀਆਂ 'ਕੱਠੀਆਂ ਹੋ ਕੇ ਸਾਂਝੀ ਮਾਈ ਦੀ ਆਰਤੀ ਕਰਦੀਆਂ ਸਨ। ਘਿਉ ਦੀ ਜੋਤ ਜਗਾਉਂਦੀਆਂ ਸਨ। ਸਭ ਤੋਂ ਪਹਿਲਾਂ ਆਰਤੀ ਵਿਚ ਗਾਇਆ ਜਾਂਦਾ ਸੀ –

ਸਾਂਝੀ ਮਾਈ ਪਟੜੇ ਖੋਲ੍ਹ,
ਕੁੜੀਆਂ ਆਈਆਂ ਤੇਰੇ ਕੋਲ।



ਜਾਗੂੰਗੀ, ਜਗਾਊਂਗੀ,
ਕੋਠੇ ਚੜ੍ਹ ਕੇ ਗਾਊਂਗੀ।
x x x
ਤੂੰ ਜਾਗ ਮੇਰੀ ਸਾਂਝੀ,
ਤੇਰੇ ਮੱਥੇ ਲੱਗੇ ਭਾਗ,
ਤੇਰੇ ਪੱਟੀਆਂ ਸਿਰ ਸੁਹਾਗ।
x x x
ਨੀ ਤੂੰ ਜਾਗ ਸਾਂਝੀ ਜਾਗ,
ਸਾਡੇ ਜਾਗ ਪੈਣ ਭਾਗ।
ਮੈਂ ਆਈ ਤੇਰੇ ਦਵਾਰ।
ਮੈਨੂੰ ਤਾਰ ਮਾਈ ਤਾਰ।
ਮੇਰੀ ਪੂਜਾ ਲੇਖੇ ਲਾਈਂ।
ਮੇਰੀਆਂ ਦੂਰ ਰਹਿਣ ਬਲਾਈਂ।
ਜਾਗ ਸਾਂਝੀ ਜਾਗ।

ਸਾਂਝੀ ਮਾਈ ਤੋਂ ਵੀਰ ਦੀ ਮੰਗ ਵੀ ਕੀਤੀ ਜਾਂਦੀ ਸੀ ਤੇ ਨਾਲੇ ਵੀਰ ਪਿਆਰ ਦੀ ਵੀ–

ਪਹਿਲੀ ਆਰਤੀ ਕਰਾਂ ਕਰਾਰ,
ਜੀਵੇ ਮੇਰਾ ਵੀਰ ਪਿਆਰ।
ਵੀਰ ਪਿਆਰ ਦੀਆਂ ਅੜੀਆਂ,
ਸ਼ਿਵ ਦੁਆਲੇ ਖੜੀਆਂ।
ਨਰੈਣ ਸਾਡੇ ਆਇਆ।
ਗੋਬਿੰਦ ਸਾਡੇ ਆਇਆ,
ਅਸੀਂ ਹਰ ਕਾ ਦਰਸ਼ਨ ਪਾਇਆ।

ਸਾਂਝੀ ਮਾਈ ਦੀ ਗਹਿਣਿਆਂ ਦੀ ਮੰਗ ਪੂਰੀ ਕਰਨ ਦਾ ਵਿਸ਼ਵਾਸ ਦਵਾਉਂਦੇ ਹੋਏ ਗਾਇਆ ਜਾਂਦਾ ਸੀ –

ਮੇਰੀ ਸਾਂਝੀ ਤਾਂ ਮੰਗਦੀ
ਛੱਜ ਭਰ ਗਹਿਣੇ।
ਕਿੱਥੋਂ ਲਿਆਵਾਂ ਮੇਰੀ ਸਾਂਝੀ
ਮੈਂ ਛੱਜ ਭਰ ਗਹਿਣੇ ?
ਵੀਰ ਮੇਰਾ ਸੁਨਿਆਰੇ ਦਾ ਸਾਥੀ,
ਉਥੋਂ ਲਿਆਵਾਂ ਮੈਂ ਛੱਜ ਭਰ ਗਹਿਣੇ।



Academy of the Punjab in North America: http://www.apnaorg.com

ਤੂੰ ਲੈ ਮੇਰੀ ਸਾਂਝੀ
ਛੱਜ ਭਰ ਗਹਿਣੇ।

ਮਿੱਠਾ ਭੋਜਨ ਵੀ ਸਾਂਝੀ ਦੀ ਮੰਗ ਹੁੰਦੀ ਸੀ-

ਸਾਂਝੀ ਤਾਂ ਮੰਗਦੀ ਮਿੱਠਾ ਭੋਜਨ,
ਕਿੱਥੋਂ ਲਿਆਵਾਂ ਮਿੱਠਾ ਭੋਜਨ?
ਵੀਰ ਮੇਰਾ ਖੇਤਾਂ ਦਾ ਮਾਲੀ,
ਉਥੋਂ ਲਿਆਵਾਂ ਮੈਂ ਮਿੱਠਾ ਭੋਜਨ।

ਏਸੇ ਤਰ੍ਹਾਂ ਹੋਰ ਬਹੁਤ ਸਾਰੇ ਆਰਤੀ ਦੇ ਗੀਤ ਗਾਏ ਜਾਂਦੇ ਸਨ। ਆਰਤੀ ਕਰਨ ਤੋਂ ਬਾਅਦ ਸ਼ੱਕਰ/ਸ਼ੱਕਰ ਦੀ ਪੰਜੀਰੀ ਵੰਡੀ ਜਾਂਦੀ ਸੀ। ਦੁਸਹਿਰੇ ਵਾਲੇ ਦਿਨ ਸਾਂਝੀ ਮਾਈ ਨੂੰ ਕੰਧ ਤੋਂ ਉਤਾਰ ਕੇ, ਟੋਕਰੇ ਵਿਚ ਰੱਖ ਕੇ, ਜੇਕਰ ਪਿੰਡ ਦੇ ਨੇੜੇ ਨਹਿਰ, ਸੂਆ ਜਾਂ ਕੱਸੀ ਵੱਗਦੀ ਹੁੰਦੀ ਸੀ ਤਾਂ ਉਸ ਵਿਚ ਤਾਰ ਦਿੰਦੇ ਸਨ। ਨਹੀਂ ਤਾਂ ਪਿੰਡ ਦੇ ਟੋਬੇ ਵਿਚ ਤਾਰ ਆਉਂਦੇ ਸਨ। ਸਾਂਝੀ ਨੂੰ ਜਲਪ੍ਰਵਾਹ ਕਰਨ ਸਮੇਂ ਵੀ ਗੀਤ ਗਾਉਂਦੀਆਂ ਸਨ-

ਨਾ ਰੋ ਮੇਰੀਏ ਸਾਂਝੀਏ!
ਵਰ੍ਹੇ ਦਿਨਾਂ ਨੂੰ ਫੇਰ ਆਵਾਂਗੇ।
ਤੈਨੂੰ ਫੇਰ ਲਿਆਵਾਂਗੇ।
ਨਾ ਰੋ ਮੇਰੀ ਸਾਂਝੀਏ।
ਇਹ ਸੀ ਸਾਂਝੀ ਮਾਈ ਦਾ ਤਿਉਹਾਰ।

ਹੁਣ ਸਾਇੰਸ ਦਾ ਯੁੱਗ ਹੈ, ਤਰਕ ਦਾ ਜ਼ਮਾਨਾ ਹੈ। ਇਹੋ ਜਿਹੇ ਬਹੁਤੇ ਅੰਧ ਵਿਸ਼ਵਾਸਾਂ ਵਾਲੇ ਤਿੱਥਾਂ ਤਿਉਹਾਰ ਖ਼ਤਮ ਹੋ ਗਏ ਹਨ। ਹੁਣ ਪੰਜਾਬ ਵਿਚ ਪਹਿਲਾਂ ਦੇ ਮੁਕਾਬਲੇ ਬਹੁਤ ਘੱਟ ਸਾਂਝੀ ਮਾਈ ਦਾ ਤਿਉਹਾਰ ਮਨਾਇਆ ਜਾਂਦਾ ਹੈ।



# ਪੇਂਡੂ ਕਿੱਤੇ/ਆਹਰ

## ਖਰਾਸ

ਖਰਾਸ ਲੱਗਣ ਤੋਂ ਪਹਿਲਾਂ ਜਨਾਨੀਆਂ ਆਟਾ, ਦਾਣਾ ਚੱਕੀ 'ਤੇ ਘਰ ਹੀ ਪੀਂਹਦੀਆਂ ਸਨ। ਉਨ੍ਹਾਂ ਸਮਿਆਂ ਵਿਚ ਦੁੱਧ, ਦਹੀਂ, ਮੱਖਣ, ਘਿਉ ਖ਼ੁਰਾਕ ਦਾ ਅਹਿਮ ਹਿੱਸਾ ਹੁੰਦੇ ਸਨ। ਇਸ ਲਈ ਹੀ ਉਨ੍ਹਾਂ ਸਮਿਆਂ ਵਿਚ ਮੁੰਡੇ ਕੁੜੀਆਂ ਦੀ ਸਿਹਤ ਬਹੁਤ ਚੰਗੀ ਹੁੰਦੀ ਸੀ। ਕੁੜੀਆਂ ਆਪਣੇ ਰਿਸ਼ਤੇ ਲੱਭਣ ਸਮੇਂ ਆਪਣੇ ਬਾਬਲ ਨੂੰ ਉਹ ਘਰ ਲੱਭਣ ਲਈ ਕਹਿੰਦੀਆਂ ਸਨ, ਜਿਸ ਘਰ ਵਿਚ ਬਹੁਤੀਆਂ ਮੱਝਾਂ ਹੋਣ।



ਖਰਾਸ ਲੱਗਣ ਤੇ ਸਾਰੀ ਪਿਹਾਈ ਖਰਾਸਾਂ 'ਤੇ ਹੋਣ ਲੱਗ ਪਈ। ਜਿਹੜੇ ਇਲਾਕਿਆਂ ਵਿਚੋਂ ਦੀ ਨਹਿਰਾਂ ਲੰਘਦੀਆਂ ਸਨ, ਉਥੇ ਨਹਿਰਾਂ 'ਤੇ ਘਰਾਟ ਲੱਗ ਗਏ। ਇਸ ਨਾਲ ਵੀ ਘਰ ਦੀਆਂ ਸੁਆਣੀਆਂ ਨੂੰ ਹੋਰ ਸਹੂਲਤ ਹੋ ਗਈ -

ਜਿਉਂਦੇ ਰਹਿਣ ਘਰਾਟਾਂ ਵਾਲੇ,
ਸੁੱਤੀਆਂ ਨਾ ਜਾਗਦੀਆਂ।

ਉਨ੍ਹਾਂ ਸਮਿਆਂ ਵਿਚ ਸਾਰੀ ਖੇਤੀ ਬਲਦਾਂ ਤੇ ਊਠਾਂ ਨਾਲ ਕੀਤੀ ਜਾਂਦੀ ਸੀ। ਬਲਦਾਂ ਤੇ ਊਠਾਂ ਨੂੰ ਖ਼ੁਰਾਕ ਵੀ ਪੂਰੀ ਦਿੱਤੀ ਜਾਂਦੀ ਸੀ। ਸ਼ਿੰਗਾਰ ਕੇ ਵੀ ਪੂਰੇ ਰੱਖੇ ਜਾਂਦੇ ਸਨ। ਕਈ ਸ਼ੁਕੀਨ ਜੱਟ ਖਰਾਸ ਤੇ ਜੋੜਨ ਲਈ ਆਪਣੇ ਬਲਦਾਂ ਨੂੰ ਘੁੰਗਰੂਆਂ ਨਾਲ ਸ਼ਿੰਗਾਰ ਕੇ ਲਿਆਉਂਦੇ ਸਨ -

ਬੱਗੇ ਬਲਦ ਖਰਾਸੇ ਜਾਣਾ,
ਜੈ ਕੁਰੇ ਕੱਢ ਘੁੰਗਰੂ।



Academy of the Punjab in North America: http://www.apnaorg.com

ਖਰਾਸਾਂ ਤੋਂ ਪਿਛੋਂ ਇੰਜਣਾਂ ਨਾਲ ਚੱਲਣ ਵਾਲੀਆਂ ਆਟਾ ਚੱਕੀਆਂ ਲੱਗੀਆਂ। ਬਿਜਲੀ ਆਉਣ ਤੇ ਇਹ ਚੱਕੀਆਂ ਬਿਜਲੀ ਨਾਲ ਚੱਲਣ ਲੱਗ ਪਈਆਂ। ਖਰਾਸ ਦੀ ਬਣਤਰ ਕਿਸ ਤਰ੍ਹਾਂ ਦੀ ਹੁੰਦੀ ਸੀ, ਹੁਣ ਮੈਂ ਤੁਹਾਨੂੰ ਦੱਸਣ ਜਾ ਰਿਹਾ ਹਾਂ।

ਸਭ ਤੋਂ ਹੇਠਾਂ ਬੜਾ ਚੱਕਲਾ ਹੁੰਦਾ ਸੀ। ਵੱਡੇ ਚੱਕਲੇ ਦੇ ਬਾਹਰਲੇ ਪਾਸੇ ਆਮੋ ਸਾਹਮਣੇ ਇਕ ਛੋਟੀ ਜਿਹੀ ਅਰਧ ਗੋਲ ਆਕਾਰ ਦੀ ਥੋੜ੍ਹੀ ਜਿਹੀ ਕੰਧ ਕੀਤੀ ਹੁੰਦੀ ਸੀ। ਏਸ ਕੰਧ ਦੇ ਉਪਰ ਇਕ ਲੱਕੜ ਰੱਖੀ ਹੁੰਦੀ ਸੀ, ਜਿਸ ਨੂੰ ਧੱਕੜ ਕਹਿੰਦੇ ਸਨ। ਜਿਸ ਦੇ ਵਿਚਾਲੇ ਬੜੀ ਇਕ ਗੋਲ ਮੋਰੀ ਹੁੰਦੀ ਸੀ। ਏਸ ਮੋਰੀ ਵਿਚੋਂ ਦੀ ਲੋਹੇ ਦੀ ਲੱਠ ਵੱਡੇ ਚੱਕਲੇ ਵਿਚ ਹੇਠਾਂ ਤੱਕ ਪਾਈ ਹੁੰਦੀ ਸੀ। ਲੱਠ ਦੇ ਹੇਠਲੇ ਹਿੱਸੇ ਦੇ ਹੇਠਾਂ ਇਕ ਲੱਕੜ ਦਾ ਮੁੰਨਾ ਗੱਡਿਆ ਹੁੰਦਾ ਸੀ, ਜਿਸ ਤੇ ਏਸ ਲੱਠ ਦਾ ਹੇਠਲਾ ਹਿੱਸਾ ਟਿਕਿਆ ਹੁੰਦਾ ਸੀ। ਵੱਡੇ ਚੱਕਲੇ ਦੇ ਨਾਲ ਇਕ ਸਾਈਡ ਤੇ ਛੋਟੀ ਚੱਕਲੀ ਫਿੱਟ ਹੁੰਦੀ ਸੀ। ਏਸ ਛੋਟੀ ਚੱਕਲੀ ਦੇ ਵਿਚਾਲੇ ਵੀ ਇਕ ਲੋਹੇ ਦੀ ਲੱਠ ਹੁੰਦੀ ਸੀ। ਏਸ ਲੱਠ ਦੇ ਹੇਠਲੇ ਹਿੱਸੇ ਨੂੰ ਵੀ ਧਰਤੀ ਵਿਚ ਗੱਡੇ ਲੱਕੜ ਦੇ ਮੁੰਨੇ ’ਤੇ ਟਿਕਾਇਆ ਹੁੰਦਾ ਸੀ। ਛੋਟੀ ਚੱਕਲੀ ਦੇ ਥੋੜ੍ਹਾ ਉਪਰ ਇਕ ਲੱਕੜ ਦਾ ਫਰੇਮ ਬਣਿਆ ਹੁਦਾ ਸੀ, ਜਿਸ ਉਪਰ ਪੱਕੇ ਤੌਰ ਤੇ ਇਕ ਗੋਲ ਪੱਥਰ ਫਿੱਟ ਹੁੰਦਾ ਸੀ। ਏਥ ਪੱਥਰ ਦੇ ਉਪਰ ਲੋਹੇ ਦੀ ਲੱਠ ਵਿਚ ਲੋਹੇ ਦੀ ਮੰਨਮੀ ਪਾਈ ਹੁੰਦੀ ਸੀ। ਇਕ ਲੱਕੜ ਦਾ ਗੁੱਟਕਾ ਵੀ ਰੱਖਿਆ ਹੁੰਦਾ ਸੀ। ਪੱਕੇ ਤੌਰ ’ਤੇ ਫਿੱਟ ਪੱਥਰ ਉਪਰ ਇਕ ਹੋਰ ਪੱਥਰ ਰੱਖਿਆ ਹੁੰਦਾ ਸੀ। ਮੰਨਮੀ ਤੇ ਗੁੱਟਕਾ ਹੀ ਏਸ ਉਪਰਲੇ ਪੱਥਰ ਨੂੰ ਘੁੰਮਾਉਂਦਾ ਸੀ। ਹੇਠਲੇ ਪੱਥਰ ਅਤੇ ਉਪਰਲੇ ਪੱਥਰ ਨੂੰ ਹੇਠਲਾ ਪੁੜ ਤੇ ਉਪਰਲਾ ਪੁੜ ਕਿਹਾ ਜਾਂਦਾ ਸੀ। ਇਨ੍ਹਾਂ ਪੱਥਰਾਂ ਦੇ ਹੇਠਲੇ ਅਤੇ ਉਪਰਲੇ ਸਿਰਿਆਂ ਤੇ ਲੋਹੇ ਦੇ ਕੜੇ ਚਾੜ੍ਹੇ ਹੁੰਦੇ ਸਨ। ਇਹ ਕੜੇ ਪੱਥਰਾਂ ਨੂੰ ਟੁੱਟਣ ਤੋਂ ਬਚਾਉਂਦੇ ਸਨ।

ਇਨ੍ਹਾਂ ਪੁੜਾਂ ਨੂੰ ਢਕਣ ਲਈ ਲੋਹੇ ਦੀ ਚੱਦਰ ਦਾ ਇਕ ਗੋਲ ਟਾਪਾ ਬਣਿਆ ਹੁੰਦਾ ਸੀ। ਏਸ ਟਾਪੇ ਵਿਚ ਇਕ ਮੋਰੀ ਰੱਖੀ ਹੁੰਦੀ ਸੀ, ਜਿਸ ਰਾਹੀਂ ਆਟਾ ਹੇਠਾਂ ਬੋਰੀ ਜਾਂ ਪੀਪੇ ਵਿਚ ਪਾਉਣ ਲਈ ਪਰਨਾਲਾ ਰੱਖਿਆ ਹੁੰਦਾ ਸੀ। ਉਪਰਲੇ ਪੁੜ ਦੇ ਵਿਚਕਾਰ ਇਕ ਗੋਲ ਹਿੱਸਾ ਖਾਲੀ ਹੁੰਦਾ ਸੀ। ਲੋਹੇ ਦੇ ਟਾਪੇ ਉਪਰ ਇਕ ਫਰੇਮ ਬਣਿਆ ਹੁੰਦਾ ਸੀ, ਜਿਸ ਤੇ ਕੀਫ ਦੀ ਤਰ੍ਹਾਂ ਦਾਣੇ ਪਾਉਣ ਲਈ ਬੜੀ ਕੀਫ ਲਾਈ ਹੁੰਦੀ ਸੀ। ਏਸ ਕੀਫ ਵਿਚੋਂ ਦੀ ਹੀ ਉਪਰਲੇ ਪੁੜ ਵਿਚਕਾਰ ਖ਼ਾਲੀ ਹਿੱਸੇ ਵਿਚ ਦਾਣੇ ਡਿੱਗਦੇ ਹੁੰਦੇ ਸਨ। ਕੀਫ਼ ਤਾਂ ਤੁਸੀਂ ਵੇਖੀ ਹੋਵੇਗੀ? ਢੋਲ ਵਿਚੋਂ, ਪੀਪੇ ਵਿਚੋਂ ਘਰਲੇ ਰਾਹੀਂ ਤੇਲ ਕੱਢਣ ਸਮੇਂ ਬੋਤਲ ਦੇ ਮੂੰਹ ਤੇ ਕੀਫ਼ ਰੱਖ ਕੇ ਹੀ ਤੇਲ ਬੋਤਲ ਵਿਚ ਪਾਇਆ ਜਾਂਦਾ ਹੈ। ਕੀਫ਼ ਵਿਚੋਂ ਕਿੰਨੇ ਦਾਣੇ ਪੁੜਾਂ ਦੇ ਵਿਚਾਲੇ ਡਿਗਣੇ ਚਾਹੀਦੇ ਹਨ, ਇਸ ਨੂੰ ਕੰਟਰੋਲ ਕਰਨ ਲਈ ਇਕ ਛੋਟੀ ਜਿਹੀ ਲੋਹੇ ਦੇ ਸਰੀਏ ਨਾਲ ਗੋਲ ਚੱਕਰੀ ਲੱਗੀ ਹੁੰਦੀ ਸੀ। ਇਸ ਨੂੰ ਗਲਾ ਘੱਟ ਤੇ ਗਲਾ ਵੱਧ ਕਰਨ ਲਈ ਵਰਤਿਆ ਜਾਂਦਾ ਸੀ। ਜੇਕਰ ਗਲਾ ਘੱਟ ਕੀਤਾ ਜਾਂਦਾ ਸੀ ਤਾਂ ਆਟਾ ਬਰੀਕ ਪੀਸਿਆ ਜਾਂਦਾ ਸੀ। ਜੇਕਰ ਗਲਾ ਜ਼ਿਆਦਾ ਕੀਤਾ ਜਾਂਦਾ ਸੀ ਤਾਂ ਦਾਣਾ ਪੀਸਿਆ ਜਾਂਦਾ ਸੀ।



ਵੱਡੇ ਚੱਕਲੇ ਵਿਚ ਜਿਹੜੀ ਲੋਹੇ ਦੀ ਲੱਠ ਪਾਈ ਹੁੰਦੀ ਸੀ, ਉਸ ਦੇ ਉਪਰਲੇ ਸਿਰੇ ਤੇ ਦੇਗ ਦਾ ਸਿਰ ਬਣਿਆ ਹੁੰਦਾ ਸੀ। ਏਸ ਸਿਰ ਵਿਚ ਹੀ ਲੱਕੜ ਦੀ ਗਰਦਲ ਫਿੱਟ ਕੀਤੀ ਜਾਂਦੀ ਸੀ। ਜੇਕਰ ਇਹ ਸਿਰ ਨਹੀਂ ਲਾਇਆ ਜਾਂਦਾ ਸੀ ਤਾਂ ਲੱਕੜ ਦੀ ਗਰਦਲ/ਗਰਧਨ ਦਾ ਜਿਹੜਾ ਹਿੱਸਾ ਲੋਹੇ ਦੀ ਲੱਠ ਦੇ ਉਪਰ ਹੁੰਦਾ ਸੀ, ਉਸ ਦੇ ਉਪਰਲੇ ਤੇ ਹੇਠਲੇ ਹਿੱਸੇ ਵਿਚ ਮੋਟੀ ਚੱਦਰ ਦੇ ਦੋ ਟੁਕੜੇ ਲਾਏ ਹੁੰਦੇ ਸਨ, ਜਿਨ੍ਹਾਂ ਨੂੰ ਤਾਲੂਏ ਕਹਿੰਦੇ ਸਨ। ਇਹ ਤਾਲੂਏ ਗਰਧਨ ਨੂੰ ਮਜ਼ਬੂਤੀ ਦਿੰਦੇ ਹੁੰਦੇ ਸਨ।

ਖਰਾਸ ਚਲਾਉਣ ਲਈ ਬਲਦਾਂ ਦੀ ਜੋੜੀ ਜਾਂ ਊਂਠ ਨੂੰ ਗਰਦਲ ਨਾਲ ਜੋੜਿਆ ਜਾਂਦਾ ਸੀ। ਗਰਦਲ ਚੱਲਣ ਨਾਲ ਬੜਾ ਚੱਕਲਾ ਚਲਦਾ ਸੀ। ਬੜਾ ਚੱਕਲਾ ਛੋਟੀ ਚੱਕਲੀ ਨੂੰ ਚਲਾਉਂਦਾ ਸੀ। ਛੋਟੀ ਚੱਕਲੀ ਦੇ ਉਪਰ ਕਰ ਕੇ ਜਿਹੜਾ ਪੱਥਰ ਫਿੱਟ ਹੁੰਦਾ ਸੀ, ਜਿਸ ਪੱਥਰ ਉਪਰ ਲੋਹੇ ਦੀ ਲੱਠ ਵਿਚ ਮੰਨਮੀ ਤੇ ਗੁੱਟਕਾ ਲੱਗਿਆ ਹੁੰਦਾ ਸੀ, ਬਲਦਾਂ ਦੀ ਜੋੜੀ ਚੱਲਣ ਨਾਲ ਇਹ ਉਪਰਲਾ ਪੱਥਰ ਘੁੰਮਣ ਲੱਗਦਾ ਸੀ। ਕੀਫ ਵਿਚੋਂ ਦਾਣੇ ਡਿਗਣੇ ਸ਼ੁਰੂ ਹੋ ਜਾਂਦੇ ਸਨ। ਇਹ ਦਾਣੇ ਦੋਵਾਂ ਪੁੜਾਂ ਦੇ ਵਿਚਾਲੇ ਆ ਕੇ ਪੀਸੇ ਜਾਂਦੇ ਸਨ, ਜਿਸ ਨਾਲ ਆਟਾ ਅਤੇ ਦਾਣਾ ਤਿਆਰ ਹੋ ਜਾਂਦਾ ਸੀ। ਇਹ ਆਟਾ ਜਾਂ ਦਾਣਾ ਦੋਵਾਂ ਪੁੜਾਂ ਤੇ ਜਿਹੜਾ ਟਾਪਾ ਲੱਗਿਆ ਹੁੰਦਾ ਸੀ, ਉਸ ਦੀਆਂ ਸਾਈਡਾਂ ਵਿਚ ਦੀ ਹੁੰਦਾ ਹੋਇਆ ਟਾਪੇ ਵਿਚ ਲਗੇ ਪਰਨਾਲੇ ਰਾਹੀਂ ਬੋਰੀ ਜਾਂ ਪੀਪੇ ਵਿਚ ਪੈਂਦਾ ਰਹਿੰਦਾ ਸੀ।

ਇਸ ਸੀ ਖਰਾਸ ਦੀ ਬਣਤਰ। ਹੁਣ ਤੁਹਾਨੂੰ ਪੰਜਾਬ ਵਿਚ ਭਾਲਿਆਂ ਵੀ ਕਿਤੇ ਖਰਾਸ ਨਹੀਂ ਮਿਲੇਗਾ।

0

## ਕੋਹਲੂ

ਕੋਹਲੂ ਪਹਿਲੇ ਸਮਿਆਂ ਦੀ ਲੱਕੜ ਦੀ ਉਹ ਮਸ਼ੀਨਰੀ ਸੀ, ਜਿਸ ਰਾਹੀਂ ਸਰ੍ਹੋਂ ਅਤੇ ਹੋਰ ਤੇਲ ਵਾਲੀਆਂ ਫ਼ਸਲਾਂ ਵਿਚੋਂ ਤੇਲ ਕੱਢਿਆ ਜਾਂਦਾ ਸੀ। ਪਹਿਲੇ ਸਮਿਆਂ ਵਿਚ ਰਸੋਈ ਵਿਚ ਜਾਂ ਦੇਸੀ ਘਿਉ ਵਰਤਿਆ ਜਾਂਦਾ ਸੀ ਜਾਂ ਸਰ੍ਹੋਂ ਦਾ ਤੇਲ ਵਰਤਦੇ ਸਨ। ਤੇਲ ਕੱਢਣ ਲਈ ਤੇਲੀ ਪਿੰਡਾਂ ਵਿਚ ਹੁੰਦੇ ਸਨ। ਤੇਲ ਦੀ ਵਰਤੋਂ ਨਾਲ ਸਰੀਰ ਵਿਚ ਲਚਕ, ਨਰਮੀ ਤੇ ਤਾਕਤ ਪੈਦਾ ਹੁੰਦੀ ਸੀ। ਪਹਿਲਵਾਨ ਤੇਲ ਦੀ ਮਾਲਸ਼ ਕਰਦੇ ਹੁੰਦੇ ਸਨ। ਘੁਲਣ ਸਮੇਂ ਸਰੀਰ ਨੂੰ ਤੇਲ ਲਾ ਕੇ ਘੁਲਦੇ ਸਨ। ਤੇਲ ਦੇਣਾ (ਲਾਲਚ ਦੇਣਾ) ਆਕੜੇ ਬੰਦੇ ਨੂੰ ਵੀ ਨਰਮ ਕਰ ਦਿੰਦਾ ਸੀ, ਤਾਂ ਹੀ ਤਾਂ ਸਿਆਣੇ ਕਹਿੰਦੇ ਸਨ –



Academy of the Punjab in North America: http://www.apnaorg.com

ਤੇਲ, ਤਮਾ ਜਿਸ ਨੂੰ ਮਿਲੇ,
ਤੁਰਤ ਨਰਮ ਹੋ ਜਾਏ।

ਤਮਾਂ ਲਾਲਚ ਨੂੰ ਕਹਿੰਦੇ ਹਨ। ਇਹ ਤਮਾਂ ਹੀ ਅੱਜ ਦੀ ਰਿਸ਼ਵਤਖੋਰੀ ਦੀ ਜਨਮਦਾਤੀ ਹੈ। ਜਿਹੜਾ ਅਫ਼ਸਰ, ਬਾਬੂ ਕੰਮ ਨਾ ਕਰੇ ਜਾਂ ਕੰਮ ਵਿਚ ਰੋੜਾ ਅਟਕਾਵੇ, ਉਸ ਨੂੰ ਤੇਲ (ਲਾਲਚ) ਦੇਵੋ, ਉਹ ਤੁਰਤ ਮਲਾਈ ਵਰਗਾ ਨਰਮ ਹੋ ਜਾਂਦਾ ਹੈ। ਫੇਰ ਉਹ ਕੰਮ ਕਰ ਕੇ ਤੁਹਾਡੇ ਹੱਥ ਫੜਾਉਂਦਾ ਹੈ। ਹੈ ਨਾ ਤੇਲ ਦਾ ਕ੍ਰਿਸ਼ਮਾ!



ਪਹਿਲੇ ਸਮਿਆਂ ਵਿਚ ਪਿੰਡ ਸਵੈ-ਨਿਰਭਰ ਹੁੰਦੇ ਸਨ। ਜੀਵਨ ਦੀਆਂ ਤਿੰਨੇ ਲੋੜਾਂ ਗੁੱਲੀ, ਜੁੱਲੀ ਤੇ ਕੁੱਲੀ ਆਮ ਤੌਰ ਤੇ ਪਿੰਡਾਂ ਵਿਚ ਪੂਰੀਆਂ ਹੋ ਜਾਂਦੀਆਂ ਸਨ।

ਕੋਹਲੂ ਇਕ ਬਲਦ ਨਾਲ ਚਲਾਇਆ ਜਾਂਦਾ ਸੀ। ਏਸ ਤਰ੍ਹਾਂ ਕੋਹਲੂ ਦਾ ਬਲਦ ਕਈ ਕੋਹਾਂ ਦਾ ਪੈਂਡਾ ਕਰ ਲੈਂਦਾ ਸੀ। ਕੋਹਲੂ ਦੇ ਬਲਦ ਸਬੰਧੀ ਅਖਾਣ ਹੈ-

'ਕੋਹਲੂ ਦੇ ਬਲਦ ਨੂੰ ਘਰੇ ਹੀ ਪੰਜਾਹ ਕੋਹ।'

ਹਰ ਬੰਦਾ ਮਤਲਬ ਦਾ ਯਾਰ ਹੈ। ਪੁਰਾਣਿਆਂ ਸਿਆਣਿਆਂ ਦੇ ਹਰ ਜਾਤ ਸਬੰਧੀ ਤਜਰਬੇ ਕੱਢੇ ਵੀ ਸਾਨੂੰ ਮਿਲਦੇ ਹਨ-

ਤੇਲੀ, ਜੁਲਾਹਾ, ਬੌਰੀਆ,
ਜਰਕਸ ਤੇ ਸੁਨਿਆਰ।
ਇਹ ਪੰਜੇ ਮਿਤ ਕਦੇ ਨਹੀਂ,
ਮਤਲਬ ਦੇ ਯਾਰ।

x x x



ਤੇਲੀ ਕਿਸੇ ਦਾ ਨਾ ਬੇਲੀ।

ਤੇਲੀਆਂ ਨਾਲ ਸਬੰਧਤ ਸਾਨੂੰ ਹੋਰ ਵੀ ਅਖਾਣ ਮਿਲਦੇ ਹਨ -

ਤੇਲੀ ਵੀ ਕੀਤਾ ਤੇ ਰੁੱਖਾ ਵੀ ਖਾਧਾ।

ਕੋਹਲੂ ਨੂੰ ਚਲਾਉਣ ਲਈ ਇਕ ਬਲਦ ਦੀ ਵਰਤੋਂ ਕੀਤੀ ਜਾਂਦੀ ਸੀ। ਬਲਦ ਦੇ ਗਲ ਵਿਚ ਆਮ ਤੌਰ ਤੇ ਘੁੰਗਰੂਆਂ ਦੀ ਘੰਗਰਾਲ ਪਾਈ ਹੁੰਦੀ ਸੀ। ਇਸ ਲਈ ਇਕ ਤਾਂ ਕੋਹਲੂ ਦੇ ਲੱਠ ਦੇ ਖੜਕੇ ਕਰ ਕੇ ਤੇ ਦੂਸਰੇ ਬਲਦ ਦੀ ਘੁੰਗਰਾਲ ਦੇ ਖੜਕੇ ਕਰ ਕੇ ਦੂਰੋਂ ਹੀ ਤੇਲੀਆਂ ਦੇ ਘਰ ਦਾ ਪਤਾ ਲੱਗ ਜਾਂਦਾ ਸੀ-

ਉਹ ਘਰ ਤੇਲੀ ਦਾ,
ਜਿੱਥੇ ਲੱਠ ਕੋਹਲੂ ਦੀ ਖੜਕੇ।

ਮੇਰੇ ਦਾਦਾ ਜੀ ਚੌਧਰੀ ਹਰਦਿਤ ਸਿੰਘ, ਤੇਲੀ ਬਾਰੇ ਇਕ ਕਹਾਣੀ ਸੁਣਾਉਂਦੇ ਹੁੰਦੇ ਸਨ। ਉਸ ਸਮੇਂ ਹਰਿਆਣਾ ਪੰਜਾਬ ਦਾ ਹਿੱਸਾ ਸੀ। ਹਰਿਆਣੇ ਦਾ ਇਕ ਤੇਲੀ ਪੰਜਾਬੀ ਬੋਲਦੇ ਏਰੀਏ ਵਿਚ ਰਹਿੰਦਾ ਸੀ। ਉਸ ਸਮੇਂ ਦੇ ਜੱਟ ਤੇ ਤੇਲੀ ਦੀ ਲੜਾਈ ਦਾ ਇਹ ਕਿੱਸਾ ਹੈ। ਜੱਟ ਤਕੜਾ ਸੀ, ਤੇਲੀ ਮਾੜਾ ਸੀ। ਜੱਟ ਨੇ ਤੇਲੀ ਨੂੰ ਜੱਫਾ ਮਾਰ ਕੇ ਹੇਠਾਂ ਸਿੱਟ ਲਿਆ। ਤੇਲੀ ਹੇਠਾਂ ਪਿਆ ਜੱਟ ਨੂੰ ਕਹੀ ਜਾਵੇ, 'ਜਾਟ ਰੇ ਜਾਟ, ਤੇਰੇ ਸਿਰ ਪੇ ਖਾਟ'। ਖਾਟ ਮੰਜੇ ਨੂੰ ਕਹਿੰਦੇ ਹਨ। ਜੱਟ ਕਿਹੜਾ ਅੱਗੇ ਭਲਾਮਾਣਸ ਸੀ, ਉਸ ਨੇ ਜਵਾਬ ਦਿੱਤਾ, 'ਤੇਰੀ ਰੇ ਤੇਲੀ, ਤੇਰੇ ਸਿਰ 'ਤੇ ਕੋਹਲੂ।' ਤੇਲੀ ਕਹਿਣ ਲੱਗਿਆ, 'ਯਹ ਤੋ ਤਾਲ ਤੁਕਾਂਤ ਮੇਂ ਜੁੜਤੀ ਨਹੀਂ।' ਜੱਟ ਨੇ ਫੇਰ ਜਟਕੇ ਅੰਦਾਜ ਵਿਚ ਕਿਹਾ, 'ਜੁੜਦੀ ਆ, ਚਾਹੇ ਨਹੀਂ ਜੁੜਦੀ, ਸਾਲਿਆ, ਤੇਲੀਆ ਭਾਰ ਨਾਲ ਤਾਂ ਮਰੇਂਗਾ।'

ਇਹ ਹੈ ਕੋਹਲੂ ਦੇ ਭਾਰੇ ਹੋਣ ਦਾ ਸਬੂਤ।

ਜਿਹੜੀ ਮੋਟੀ ਜਨਾਨੀ ਗਿੱਧੇ ਵਿਚ ਨੱਚਣ ਤੋਂ ਟਲਦੀ ਹੁੰਦੀ ਸੀ, ਉਸ ਨੂੰ ਟਕੋਰ ਲਾਈ ਜਾਂਦੀ ਸੀ-

ਖੱਟਣ ਗਿਆ ਸੀ, ਕੀ ਖੱਟ ਲਿਆਇਆ?
ਖੱਟ ਕੇ ਲਿਆਇਆ ਰੂੰ।
ਗੇੜਾ ਦੇ ਦੇ ਨੀ ਰਕਾਨੇ,
ਕੋਹਲੂ ਵਰਗੀ ਤੂੰ।

ਗੱਲ ਕੋਹਲੂ ਦੀ ਕਰਨੀ ਸੀ। ਮੈਂ ਥੋੜ੍ਹਾ ਪਾਸੇ ਚਲਿਆ ਗਿਆ ਹਾਂ। ਹੁਣ ਕੋਹਲੂ ਵੱਲ ਆਉਂਦੇ ਹਾਂ। ਕੋਹਲੂ ਦੀ ਬਣਤਰ ਏਸ ਤਰ੍ਹਾਂ ਹੁੰਦੀ ਸੀ।

ਕੋਹਲੂ ਇਕ ਪੀਸ ਹੀ ਹੁੰਦਾ ਸੀ। ਇਹ ਮੋਟੀ ਲੱਕੜ ਵਿਚੋਂ ਬਣਾਇਆ ਜਾਂਦਾ ਸੀ। ਕੋਹਲੂ ਦਾ ਉਪਰਲਾ ਹਿੱਸਾ ਜਿਸ ਤਰ੍ਹਾਂ ਆਟਾ ਪੀਹਣ ਵਾਲੀ ਮਸ਼ੀਨ ਵਿਚ



Academy of the Punjab in North America: http://www.apnaorg.com

ਦਾਣੇ ਪਾਉਣ ਵਾਲਾ ਹਿੱਸਾ ਹੁੰਦਾ ਹੈ, ਉਸ ਤਰ੍ਹਾਂ ਉਪਰੋਂ ਚੌੜਾ ਹੁੰਦਾ ਸੀ। ਇਸ ਨੂੰ ਘੇਰ ਕਹਿੰਦੇ ਸਨ। ਇਸ ਵਿਚ ਦੋ ਕੁ ਫੁੱਟ ਡੂੰਘੀ ਖੱਡ ਬਣਾਈ ਜਾਂਦੀ ਸੀ, ਜਿਸ ਵਿਚ ਤੇਲ ਕੱਢਣ ਲਈ ਸਰ੍ਹੋਂ ਪਾਉਂਦੇ ਸਨ। ਇਹ ਹੇਠਾਂ ਨੂੰ ਘੱਟ ਮੋਟਾ ਹੁੰਦਾ ਜਾਂਦਾ ਸੀ। ਏਸ ਘੱਟ ਮੋਟੇ ਹਿੱਸੇ ਵਿਚ ਇਕ ਗਲੀ ਰੱਖੀ ਹੁੰਦੀ ਸੀ, ਜਿਸ ਵਿਚ ਛੋਟੀ ਜਿਹੀ ਪਰਨਾਲੀ ਲਾਈ ਹੁੰਦੀ ਸੀ। ਇਸ ਪਰਨਾਲੀ ਵਿਚੋਂ ਦੀ ਤੇਲ ਨਿਕਲ ਕੇ ਹੇਠਾਂ ਰੱਖੇ ਪੀਪੇ ਵਿਚ ਪੈਂਦਾ ਰਹਿੰਦਾ ਸੀ। ਕੋਹਲੂ ਵਿਚ ਤੇਲ ਕੱਢਣ ਲਈ ਪਾਈ ਸਰ੍ਹੋਂ ਨੂੰ ਕੱਚੀ ਘਾਣੀ ਕਹਿੰਦੇ ਸਨ। ਏਸ ਘੱਟ ਮੁਟਾਈ/ਗੁਲਾਈ ਵਾਲੇ ਹਿੱਸੇ ਵਿਚ ਇਕ ਝਿਰੀ ਪਾਈ ਹੁੰਦੀ ਸੀ। ਏਸ ਝਿਰੀ ਦੁਆਲੇ ਲੱਕੜ ਦਾ ਇਕ ਡੱਕਰਾ ਪਾਇਆ ਹੁੰਦਾ ਸੀ। ਜਿਹੜਾ ਗਰਦਲ ਨਾਲ ਜੋੜਿਆ ਹੁੰਦਾ ਸੀ। ਇਹ ਡੱਕਰਾ ਗਰਦਲ ਨੂੰ ਕੋਹਲੂ ਨਾਲ ਕਸੀ ਰੱਖਦਾ ਸੀ। ਏਸ ਡੱਕਰੇ ਨੂੰ ਠੇਲ੍ਹਣ ਕਹਿੰਦੇ ਸਨ।

ਕੋਹਲੂ ਦੇ ਏਸ ਹਿੱਸੇ ਤੋਂ ਹੇਠਾਂ ਕੋਹਲੂ ਫੇਰ ਮੋਟਾ ਹੁੰਦਾ ਜਾਂਦਾ ਸੀ। ਏਸ ਮੋਟੇ ਹਿੱਸੇ ਨੂੰ ਧਰਤੀ ਵਿਚ ਗੱਡਿਆ ਹੁੰਦਾ ਸੀ। ਕੋਹਲੂ ਦੇ ਉਪਰਲੇ ਖੱਡ ਵਾਲੇ ਹਿੱਸੇ ਵਿਚ ਮੂੰਗਲੀ ਪਾਈ ਹੁੰਦੀ ਸੀ। ਏਸ ਮੂੰਗਲੀ ਦੇ ਸਿਰ ਵਿਚ ਗਰਦਲ/ਲੱਠ ਪਾਈ ਹੁੰਦੀ ਸੀ। ਜਿਥੇ ਮੂੰਗਲੀ ਪਾਈ ਜਾਂਦੀ ਸੀ, ਉਥੇ ਲੱਠ ਵਿਚ ਖੋਡ ਹੁੰਦੀ ਸੀ। ਇਹ ਖੋਡ ਮੂੰਗਲੀ ਨੂੰ ਘੁੱਟੀ ਵੀ ਰੱਖਦੀ ਸੀ ਤੇ ਲੱਠ ਘੁੰਮਦੀ ਵੀ ਰਹਿੰਦੀ ਸੀ। ਗਰਦਲ ਦੇ ਅਖੀਰ ਤੇ ਭਾਰ ਨੂੰ ਡਿਗਣ ਤੋਂ ਰੋਕਣ ਲਈ ਖੜੇ ਰੁਖ ਚਾਰ ਨਿੱਕੇ ਡੰਡੇ ਲਾਏ ਹੁੰਦੇ ਸਨ, ਜਿਨ੍ਹਾਂ ਨੂੰ ਪਾਵੇ ਕਹਿੰਦੇ ਸਨ। ਗਰਦਲ ਨਾਲ ਬਲਦ ਜੋੜਿਆ ਜਾਂਦਾ ਸੀ। ਗਰਦਲ ਮੂੰਗਲੀ ਨੂੰ ਚਲਾਉਂਦੀ ਸੀ। ਕੋਹਲੂ ਦੇ ਉਪਰਲੇ ਖੱਡ ਵਾਲੇ ਹਿੱਸੇ ਵਿਚ ਸਰ੍ਹੋਂ ਪਾਈ ਜਾਂਦੀ ਸੀ। ਸਰ੍ਹੋਂ ਤੋਂ ਬਣ ਰਹੀ ਖਲ ਤੇ ਤੇਲ ਨੂੰ ਹਿਲਾਉਣ ਤੇ ਥੱਲਣ ਲਈ ਡੰਡੇ ਦੀ ਵਰਤੋਂ ਕੀਤੀ ਜਾਂਦੀ ਸੀ। ਏਸ ਡੰਡੇ ਨੂੰ ਖੰਜਨ ਕਹਿੰਦੇ ਸਨ। ਕੋਹਲੂ ਦੇ ਚੱਲਣ ਨਾਲ ਮੂੰਗਲੀ ਕੋਹਲੂ ਵਿਚ ਘੁੰਮਦੀ ਸੀ। ਇਹ ਮੂੰਗਲੀ ਘੁੰਮ ਘੁੰਮ ਕੇ ਹੀ ਸਰ੍ਹੋਂ ਨੂੰ ਪੀੜਦੀ ਹੁੰਦੀ ਸੀ, ਜਿਸ ਵਿਚੋਂ ਤੇਲ ਨਿਕਲਦਾ ਹੁੰਦਾ ਸੀ।

ਇਹ ਸੀ ਕੋਹਲੂ ਦੀ ਬਣਤਰ ਤੇ ਉਸ ਦਾ ਕੰਮ।

0

## ਭੱਠੀਆਂ

ਕੋਈ ਸਮਾਂ ਸੀ ਜਦ ਪਿੰਡਾਂ ਵਿਚ ਕਈ ਕਈ ਭੱਠੀਆਂ ਹੁੰਦੀਆਂ ਸਨ। ਭੱਠੀਆਂ ਸ਼ਾਮ ਨੂੰ ਤਪਾਈਆਂ ਜਾਂਦੀਆਂ ਸਨ। ਦਾਣੇ ਭੁੰਨਾਉਣ ਵਾਲੇ ਮੁੰਡੇ, ਕੁੜੀਆਂ ਦਾ ਝੁਰਮਟ ਇਨ੍ਹਾਂ ਭੱਠੀਆਂ ਦੁਆਲੇ ਲੱਗਿਆ ਰਹਿੰਦਾ ਸੀ। ਸਿਆਲ ਦੀਆ ਲੰਮੀਆਂ ਠੰਡੀਆਂ ਰਾਤਾਂ ਨੂੰ ਇਨ੍ਹਾਂ ਭੱਠੀਆਂ ਦੀ ਠੰਡੀ ਹੋ ਰਹੀ ਅੱਗ ਦੁਆਲੇ ਮੁੰਡਿਆਂ ਦੀਆਂ ਢਾਣੀਆਂ ਅੱਧੀ ਅੱਧੀ ਰਾਤ ਤੱਕ ਪਿੰਡ ਦੇ ਭਖਦੇ ਮਸਲਿਆਂ ਤੇ ਚੁੰਜ ਚਰਚਾ



ਕਰਦੀਆਂ ਰਹਿੰਦੀਆਂ ਸਨ। ਇਨ੍ਹਾਂ ਢਾਣੀਆਂ ਵਿਚ ਗਭਰੂ ਤੇ ਵਿਸ਼ੇਸ਼ ਤੌਰ ਤੇ ਵਿਆਹੋਂ ਖੁੰਝੇ ਛੜੇ ਰਹੇ ਮੁੰਡੇ ਜ਼ਿਆਦਾ ਹੁੰਦੇ ਸਨ। ਛੜੇ ਆਪਣੇ ਵਿਆਹ ਕਰਾਉਣ ਦੀਆਂ ਜੁਗਤਾਂ, ਦਲੀਲਾਂ ਵੀ ਇਨ੍ਹਾਂ ਭੱਠੀਆਂ 'ਤੇ ਕਰਦੇ ਰਹਿੰਦੇ ਸਨ –

ਛੜੇ ਬੈਠ ਕੇ ਦਲੀਲਾਂ ਕਰਦੇ,
ਵਿਆਹ ਕਰਵਾਉਣ ਦੀਆਂ।



ਇਹ ਭੱਠੀਆਂ ਆਸ਼ਕਾਂ ਦੇ ਮਿਲਣ ਸਥਾਨ ਵੀ ਹੁੰਦੀਆਂ ਸਨ–

ਤਿੰਨ ਥਾਂ ਆਸ਼ਕਾਂ ਦੇ,
ਹੱਟੀ, ਭੱਠੀ ਤੇ ਦਰਵਾਜ਼ਾ।

ਉਨ੍ਹਾਂ ਸਮਿਆਂ ਵਿਚ ਹਰ ਘਰ ਸ਼ਾਮ ਨੂੰ ਦਾਣੇ ਭੁੰਨਾਉਂਦਾ ਸੀ। ਆਮ ਤੌਰ ਤੇ ਰੋਟੀ ਸਵੇਰੇ ਅਤੇ ਰਾਤ ਨੂੰ ਬਣਾਈ ਜਾਂਦੀ ਸੀ। ਚਾਹ ਅਜੇ ਪਿੰਡਾਂ ਵਿਚ ਪਹੁੰਚੀ ਨਹੀਂ ਸੀ। ਸ਼ਾਮ ਨੂੰ ਕਾੜ੍ਹਨੀ ਦਾ ਕੜ੍ਹਿਆ ਹੋਇਆ ਦੁੱਧ ਪੀਣ ਦਾ ਰਿਵਾਜ ਸੀ। ਸ਼ਾਮ ਨੂੰ ਦਾਣੇ ਚੱਬਣਾ ਖ਼ੁਰਾਕ ਦਾ ਇਕ ਹਿੱਸਾ ਹੁੰਦਾ ਸੀ। ਦਾਣੇ ਜ਼ਿਆਦਾ ਤੋਂ ਜ਼ਿਆਦਾ ਭੁੰਨਾਏ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਜ਼ਮੀਨਾਂ ਜ਼ਿਆਦਾ ਮਾਰੂ ਹੁੰਦੀਆਂ ਸਨ। ਏਸ ਕਰ ਕੇ ਛੋਲਿਆਂ ਦੇ ਦਾਣੇ ਮੱਕੀ ਜੌਂ ਨਾਲੋਂ ਜ਼ਿਆਦਾ ਭੁੰਨਾਏ ਜਾਂਦੇ ਸਨ। ਕਣਕ, ਜੌਂ ਤੇ ਜੁਆਰ ਦੇ ਦਾਣਿਆਂ ਨੂੰ ਭੁਨਾ ਕੇ ਵਿਚ ਗੁੜ ਪਾ ਕੇ ਪਿੰਨੀਆਂ ਬਣਾਈਆਂ ਜਾਂਦੀਆਂ ਸਨ। ਇਨ੍ਹਾਂ ਨੂੰ ਕਈ ਕਈ ਦਿਨ ਖਾਂਦੇ ਰਹਿੰਦੇ ਸਨ। ਇਨ੍ਹਾਂ ਪਿੰਨੀਆਂ ਨੂੰ ਭੂਤ ਪਿੰਨੇ ਕਹਿੰਦੇ ਸਨ।

ਝਿਉਰਾਂ ਦਾ ਮੁਖ ਕਿੱਤਾ ਦਾਣੇ ਭੁੰਨਣੇ, ਘਰਾਂ ਵਿਚ ਘੜਿਆਂ ਰਾਹੀਂ, ਮਸ਼ਕਾਂ ਰਾਹੀਂ ਪਾਣੀ ਭਰਨਾ ਤੇ ਵਿਆਹ ਸ਼ਾਦੀਆਂ ਵਿਚ ਕੰਮ ਕਰਨਾ ਹੁੰਦਾ ਸੀ। ਦਾਣੇ ਭੁੰਨਣ ਨਾਲ ਉਨ੍ਹਾਂ ਦੀ ਨਿੱਤ ਜਿਨਸ ਰੂਪ ਵਿਚ ਕਮਾਈ ਵੀ ਹੁੰਦੀ ਸੀ। ਜਿਸ ਦੇ



Academy of the Punjab in North America: http://www.apnaorg.com

ਦਾਣੇ ਭੁੰਨੇ ਜਾਂਦੇ ਸਨ, ਉਨ੍ਹਾਂ ਦੇ ਦਾਣਿਆਂ ਵਿਚੋਂ ਕੜਾਹੀ ਵਿਚ ਪਾਉਣ ਸਮੇਂ ਹੱਥ ਅੱਗੇ ਕਰ ਕੇ ਦਾਣੇ ਭੁੰਨਣ ਵਾਲੀ ਕੁਝ ਦਾਣੇ ਕੱਢਦੀ ਹੁੰਦੀ ਸੀ, ਇਸ ਨੂੰ ਚੁੰਗ ਕੱਢਣੀ ਕਹਿੰਦੇ ਸਨ। ਦਾਣੇ ਭੁੰਨਣ ਸਮੇਂ ਕੜਾਹੀ ਵਿਚ ਦਾਤੀ ਫੇਰਨ ਵੇਲੇ ਜਿੰਨੇ ਦਾਣੇ ਕੜਾਹੀ ਤੋਂ ਬਾਹਰ ਡਿੱਗਦੇ ਸਨ, ਉਹ ਵੀ ਭੱਠੀ ਵਾਲੀ ਦੇ ਹੁੰਦੇ ਸਨ। ਸੁੱਕੀ ਮੱਕੀ ਦੇ ਦਾਣੇ ਭੁੰਨਾਉਣ ਸਮੇਂ ਮੱਕੀ ਦੀਆਂ ਖਿਲਾਂ ਹੋ ਕੇ ਬਾਹਰ ਬਹੁਤ ਡਿੱਗਦੀਆਂ ਸਨ। ਕਈ ਵੇਰ ਰੋਟੀ ਦਾ ਮਸਲਾ ਵੀ ਦਾਣੇ ਚੱਬ ਕੇ ਹੱਲ ਕਰਨ ਲਈ ਕਿਹਾ ਜਾਂਦਾ ਸੀ –

ਦਾਣੇ ਚੱਬ ਲੈ ਪਤੀਲੇ ਦਿਆ ਢੱਕਣਾ,
ਰੋਟੀ ਮੇਰਾ ਯਾਰ ਖਾ ਗਿਆ।

ਪੰਜਾਬੀ ਦੇ ਬਿਰਹੋਂ ਦੇ ਕਵੀ ਸ਼ਿਵ ਕੁਮਾਰ ਬਟਾਲਵੀ ਆਪਣੇ ਇਕ ਗੀਤ ਵਿਚ ਭੱਠੀ ਵਾਲੀ ਨੂੰ ਮੁਖ਼ਾਤਬ ਹੋ ਕੇ ਲਿਖਦਾ ਹੈ –

ਭੱਠੀ ਵਾਲੀਏ, ਚੰਬੇ ਦੀਏ ਡਾਲੀਏ,
ਪੀੜਾਂ ਦਾ ਪਰਾਗਾ ਭੁੰਨ ਦੇ।

ਪਹਿਲੇ ਸਮਿਆਂ ਵਿਚ ਲੋਕੀਂ ਪੈਦਲ ਸਫ਼ਰ ਕਰਦੇ ਸਨ। ਕੱਚੇ ਰਾਹ ਹੁੰਦੇ ਸਨ। ਖੂਹ ਵੀ ਘੱਟ ਹੁੰਦੇ ਸਨ। ਗਰਮੀ ਦੇ ਮੌਸਮ ਵਿਚ ਰਾਹੀ ਪਾਂਧੀਆਂ ਲਈ ਲੋਕ ਪਿਆਉ ਲਾਉਂਦੇ ਸਨ, ਜਿਥੇ ਰਾਹੀ ਪਾਂਧੀਆਂ ਨੂੰ ਪਾਣੀ ਪਿਲਾਉਣ ਦੇ ਨਾਲ ਛੋਲਿਆਂ ਦੇ ਭੁੱਜੇ ਹੋਏ ਦਾਣੇ ਵੀ ਖਾਣ ਨੂੰ ਦਿੱਤੇ ਜਾਂਦੇ ਸਨ।

ਜਿਹੜਾ ਭੱਠੀ ਤੇ ਪਹਿਲਾ ਪਹੁੰਚਦਾ ਸੀ, ਉਹ ਦੇ ਦਾਣੇ ਪਹਿਲਾਂ ਭੁੰਨੇ ਜਾਂਦੇ ਸਨ। ਕਈ ਵੇਰ ਲੇਟ ਆ ਕੇ ਤੇਜੀ ਕਰਨ ਵਾਲਿਆਂ ਨਾਲ ਤਲਖ਼ ਕਲਾਮੀ ਵੀ ਹੋ ਜਾਂਦੀ ਸੀ–

ਰਾਹ ਵਿਚ ਤੇਰੀ ਭੱਠੀ ਮਹਿਰੀਏ,
ਠੱਗੀ ਦੇ ਤੰਬੂ ਤਾਣੇ।
ਮਗਰੋਂ ਆਇਆਂ ਦੇ ਪਹਿਲਾਂ ਭੁੰਨਦੀ,
ਕਰਦੀ ਦਿਲ ਦੇ ਭਾਣੇ।
ਕਿਸੇ ਦੀ ਮੱਕੀ, ਕਿਸੇ ਦੇ ਛੋਲੇ,
ਸਾਡੇ ਤਾਂ ਮੋਠ ਪੁਰਾਣੇ।
ਲੱਤ ਮਾਰ ਤੇਰੀ ਭੱਠੀ ਢਾਹ ਦਿਆਂ,
ਰੇਤ ਰਲਾ ਦਿਆਂ ਦਾਣੇ।
ਕੈਦਾਂ ਉਮਰ ਦੀਆਂ,
ਕੰਤ ਜਿਨ੍ਹਾਂ ਦੇ ਨਿਆਣੇ।



ਪਹਿਲੇ ਸਮਿਆਂ ਦੇ ਵਿਆਹਾਂ ਵਿਚ ਲਾੜੇ ਨੂੰ ਇਕ ਸਿੱਠਣੀ ਦਿੱਤੀ ਜਾਂਦੀ ਸੀ ਜਿਹੜੀ ਭੱਠੀ ਦੇ ਭੁੰਨਾਏ ਦਾਣਿਆਂ ਨਾਲ ਸਬੰਧਿਤ ਸੀ –

ਸਾਡੇ ਤਾਂ ਵਿਹੜੇ ਮੁੱਢ ਮਕਈ ਦਾ,
ਦਾਣੇ ਤਾਂ ਮੰਗਦਾ ਉਧਲ ਗਈ ਦਾ,
ਭੱਠੀ ਤਪਾਉਣੀ ਪਈ,
ਨਿਜੱਲਿਓ, ਲੱਜ ਤੁਹਾਨੂੰ ਨਹੀਂ।

ਦਿਉਰ ਤੇ ਭਰਜਾਈ ਦਾ ਰਿਸ਼ਤਾ ਬੜੇ ਲਾਡ ਪਿਆਰ ਦਾ ਰਿਸ਼ਤਾ ਹੁੰਦਾ ਸੀ। ਕਈ ਵੇਰ ਭਰਜਾਈ ਆਪਣੇ ਦਿਉਰ ਨੂੰ ਖੋਟੀਆਂ ਖਰੀਆਂ ਸੁਣਾ ਕੇ ਦਾਣੇ ਚੱਬਣ ਦੀ ਸੁਲ੍ਹਾ ਵੀ ਮਾਰਦੀ ਹੁੰਦੀ ਸੀ –

ਆ ਜਾ ਬਹਿ ਕੇ ਦਾਣੇ ਚੱਬੀਏ,
ਭੁੱਖੇ ਨੰਗਿਆਂ ਬੇਸ਼ਰਮਾ ਦਿਉਰਾ।

ਹੁਣ ਮੈਂ ਤੁਹਾਨੂੰ ਭੱਠੀ ਦੀ ਬਣਤਰ ਬਾਰੇ ਦੱਸਣ ਜਾ ਰਿਹਾ ਹਾਂ।

ਆਮ ਤੌਰ ’ਤੇ ਭੱਠੀ ਝਿਉਰਾਂ ਦੇ ਘਰ ਦੇ ਮੂਹਰੇ ਹੀ ਪਾਈ ਹੁੰਦੀ ਸੀ। ਧਰਤੀ ਵਿਚ ਟੋਆ ਪੱਟ ਕੇ ਭੱਠੀ ਪੱਟੀ ਜਾਂਦੀ ਸੀ। ਭੱਠੀ ਦੇ ਪਿਛਲੇ ਹਿੱਸੇ ਵਿਚ ਧੂੰਆਂ ਨਿਕਲਣ ਖ਼ਾਤਰ ਥੋੜਾ ਜਿਹਾ ਮੋਰਾ ਰੱਖਿਆ ਹੁੰਦਾ ਸੀ। ਪੱਟੀ ਭੱਠੀ ਨੂੰ ਤੂੜੀ ਮਿੱਟੀ ਨਾਲ ਲਿੱਪਿਆ ਜਾਂਦਾ ਸੀ। ਏਸੇ ਤਰ੍ਹਾਂ ਝਿਉਰੀ ਜਿਥੇ ਬੈਠ ਕੇ ਦਾਣੇ ਭੁੰਨਦੀ ਸੀ, ਜਿਥੇ ਦਾਣੇ ਭੁੰਨਾਉਣ ਵਾਲੇ ਆ ਕੇ ਬੈਠਦੇ ਸਨ, ਉਸ ਜਗ੍ਹਾ ਨੂੰ ਵੀ ਚੰਗੀ ਤਰ੍ਹਾਂ ਤੂੜੀ ਮਿੱਟੀ ਨਾਲ ਲਿੱਪਿਆ ਜਾਂਦਾ ਸੀ। ਤੂੜੀ ਮਿੱਟੀ ਦੇ ਉਪਰ ਫੇਰ ਪੀਲੀ ਮਿੱਟੀ ਵਿਚ ਗੋਹਾ ਮਿਲਾ ਕੇ ਫੇਰਿਆ ਜਾਂਦਾ ਸੀ ਤਾਂ ਜੋ ਬੈਠਣ ਵਾਲੀ ਥਾਂ ਸਾਫ਼ ਸੁਥਰੀ ਲੱਗੇ। ਭੱਠੀ ਉਪਰ ਦਾਣੇ ਭੁੰਨਣ ਲਈ ਕੜਾਹੀ ਰੱਖੀ ਜਾਂਦੀ ਸੀ। ਭੱਠੀ ਵਿਚ ਸੁੱਕੀ ਘਾਹ, ਫੂਸ, ਕਾਹੀ, ਸਲਵਾੜ ਦਾ ਝੋਕਾ ਝਿਉਰੀ ਦੇ ਪਰਿਵਾਰ ਦਾ ਕੋਈ ਮੈਂਬਰ ਲਾਉਂਦਾ ਸੀ। ਆਮ ਤੌਰ ’ਤੇ ਇਹ ਝੋਕਾ ਪਰਿਵਾਰ ਦੇ ਬੁੜ੍ਹਾ ਬੁੜ੍ਹੀ ਹੀ ਲਾਉਂਦੇ ਸਨ। ਕੜਾਹੀ ਵਿਚ ਕੱਕਾ ਰੇਤਾ ਪਾਇਆ ਜਾਂਦਾ ਸੀ। ਬਾਲਣ ਦੇ ਝੋਕੇ ਨਾਲ ਰੇਤਾ ਗਰਮ ਹੋ ਜਾਂਦਾ ਸੀ। ਫੇਰ ਝਿਉਰੀ ਆਪਣੇ ਛਾਲਣੇ ਵਿਚ ਦਾਣੇ ਪਵਾਉਂਦੀ ਸੀ। ਛਾਲਣੀ ਵਿਚੋਂ ਦਾਣੇ ਕੜਾਹੀ ਵਿਚ ਸਿੱਟੇ ਜਾਂਦੇ ਸਨ। ਕੜਾਹੀ ਵਿਚ ਦਾਣੇ ਸਿੱਟਣ ਸਮੇਂ ਝਿਉਰੀ ਇਕ ਹੱਥ ਅੱਗੇ ਕਰ ਕੇ ਦਾਣਿਆਂ ਦੀ ਚੁੰਗ ਕੱਢਦੀ ਸੀ। ਕੜਾਹੀ ਵਿਚ ਪਾਏ ਦਾਣਿਆਂ ਨੂੰ ਫ਼ਸਲ ਵੱਢਣ ਵਾਲੀ ਦੰਦਲ ਦਾਤੀ ਦੇ ਪੁੱਠੇ ਪਾਸੇ ਨਾਲ ਹਿਲਾਇਆ ਜਾਂਦਾ ਸੀ। ਜਦ ਦਾਣੇ ਭੁੱਜ ਜਾਂਦੇ ਸਨ ਤਾਂ ਉਨ੍ਹਾਂ ਨੂੰ ਛਾਲਣੇ ਨਾਲ ਕੜਾਹੀ ਵਿਚੋਂ ਬਾਹਰ ਕੱਢ ਲਿਆ ਜਾਂਦਾ ਸੀ। ਜੇਕਰ ਛੋਲਿਆਂ ਦੇ ਦਾਣੇ ਹੁੰਦੇ ਸਨ ਤਾਂ ਉਨ੍ਹਾਂ ਨੂੰ ਕੜਾਹੀ ਵਿਚ ਹੀ ਕੁੱਜੇ ਦੇ ਹੇਠਲੇ ਹਿੱਸੇ ਨਾਲ ਫੇਰ ਕੇ ਦੋ-ਫਾੜ ਕੀਤਾ



Academy of the Punjab in North America: http://www.apnaorg.com

ਜਾਂਦਾ ਸੀ। ਛਾਲਣੀ ਨਾਲ ਦਾਣੇ ਕੱਢਣ ਸਮੇਂ ਰੇਤਾ ਕੜਾਹੀ ਵਿਚ ਹੀ ਕਿਰ ਜਾਂਦਾ ਸੀ। ਭੁੱਜੇ ਦਾਣੇ ਛਾਲਣੀ ਵਿਚ ਰਹਿ ਜਾਂਦੇ ਸਨ। ਫੇਰ ਇਨ੍ਹਾਂ ਭੁੱਜੇ ਦਾਨਿਆਂ ਨੂੰ ਦਾਣੇ ਭੁੰਨਾਉਣ ਵਾਲਿਆਂ ਦੇ ਹਵਾਲੇ ਕੀਤਾ ਜਾਂਦਾ ਸੀ।

ਇਹ ਸੀ ਭੱਠੀ ਦੀ ਬਣਤਰ ਤੇ ਭੱਠੀ ਦੀ ਕਾਰਜ ਵਿਧੀ।

0

## ਕੁੰਬਲ

ਦੇਸੀ ਖੱਦਰ, ਖੇਸ, ਚਤਹੀਆਂ, ਦੁੱਪਟੇ, ਕੁੰਬਲ ਤੇ ਬਣਾਏ ਜਾਂਦੇ ਸਨ। ਕੁੰਬਲ ਪਹਿਲੇ ਸਮਿਆਂ ਵਿਚ ਕਈ ਘਰਾਂ ਵਿਚ ਬਣਾਈ ਹੁੰਦੀ ਸੀ। ਕੁੰਬਲ ਤੇ ਪਰਿਵਾਰ ਦੀਆਂ ਕੁੜੀਆਂ, ਬਹੂਆਂ ਤੇ ਬੁੜੀਆਂ ਖੱਦਰ, ਖੇਸ ਆਦਿ ਆਪ ਬਣਾਉਂਦੀਆਂ ਸਨ। ਉਨ੍ਹਾਂ ਸਮਿਆਂ ਵਿਚ ਪਿੰਡਾਂ ਵਿਚ ਜੁਲਾਹੇ ਵੀ ਹੁੰਦੇ ਸਨ, ਜਿਹੜੇ ਕੁੰਬਲਾਂ ਤੇ ਕਪੜੇ ਬੁਣਦੇ ਸਨ। ਜੁਲਾਹਿਆਂ ਸਬੰਧੀ ਅਖਾਣ ਸੁਣੋ –

ਅੱਠ ਜੁਲਾਹੇ ਤੇ ਨੌਂ ਹੁੱਕੇ,
ਇਸ ਤੇ ਵੀ ਧੱਕਮ ਧੱਕੇ।

ਜ਼ਰੂਰਤ ਤੋਂ ਵੱਧ ਵਸਤਾਂ ਹੋਣ ਤੇ ਵੀ ਜੇ ਮੂਰਖ ਬੰਦੇ ਲੜਦੇ ਰਹਿਣ ਤਾਂ ਇਹ ਅਖਾਣ ਕਿਹਾ ਜਾਂਦਾ ਸੀ।

ਪਹਿਲੇ ਸੀ ਅਸੀਂ ਖਾਸ ਜੁਲਾਹੇ,
ਫੇਰ ਬਣ ਗਏ ਦਰਜੀ।
ਹੌਲੀ ਹੌਲੀ ਹੋ ਗਏ ਸੱਯਦ,
ਦੇਖ ਖ਼ੁਦਾ ਦੀ ਮਰਜ਼ੀ।

ਜਿਹੜਾ ਵਿਅਕਤੀ ਇਕ ਥਾਂ ਟਿਕ ਕੇ ਨਹੀਂ ਰਹਿੰਦਾ ਸੀ, ਉਸ ਬਾਰੇ ਇਹ ਅਖਾਣ ਵਰਤਿਆ ਜਾਂਦਾ ਸੀ।

ਉਨ੍ਹਾਂ ਸਮਿਆਂ ਵਿਚ ਪਿੰਡਾਂ ਵਿਚ ਸਕੂਲ ਆਮ ਨਹੀਂ ਹੁੰਦੇ ਸਨ। ਕੁੜੀਆਂ ਨੂੰ ਤਾਂ ਉਨ੍ਹਾਂ ਸਮਿਆਂ ਵਿਚ ਪੜ੍ਹਾਉਣ ਦਾ ਰਿਵਾਜ ਨਹੀਂ ਸੀ। ਉਨ੍ਹਾਂ ਸਮਿਆਂ ਵਿਚ ਲੋਕ ਪਿੰਡਾਂ ਦੇ ਕੋਲ ਦੀ ਸੜਕ ਵੀ ਬਣਾਉਣ ਨਹੀਂ ਦਿੰਦੇ ਸਨ। ਕਹਿੰਦੇ ਹੁੰਦੇ ਸਨ, "ਸਾਡੀਆਂ ਜਨਾਨੀਆਂ ਲਾਰੀਆਂ (ਮੋਟਰ ਗੱਡੀਆਂ) 'ਤੇ ਚੜ੍ਹ ਕੇ ਸ਼ਹਿਰ ਜਾਣ ਲੱਗ ਜਾਣਗੀਆਂ, ਘਰ ਦੇ ਕੰਮ ਕਾਰ ਛੱਡ ਜਾਣਗੀਆਂ, ਬਿਗੜ ਜਾਣਗੀਆਂ, ਆਪ ਹੁਦਰੀਆਂ ਹੋ ਜਾਣਗੀਆਂ।"

ਸੜਕ ਪਿੰਡ ਕੋਲ ਦੀ ਨਾ ਕੱਢਣ ਦਾ ਵਾਕਾ ਤਾਂ ਮੈਂ ਆਪਣੀ ਅੱਖੀਂ ਵੇਖਿਆ ਹੋਇਆ ਹੈ। ਲਓ, ਤੁਸੀਂ ਵੀ ਸੁਣ ਲਵੋ। ਮੈਂ ਉਸ ਸਮੇਂ ਸੱਤਵੀਂ ਵਿਚ ਪੜ੍ਹਦਾ ਸੀ। ਮੇਰੇ ਪਿੰਡ ਸੰਦੌੜ ਦੇ ਬਿਲਕੁਲ ਨਾਲ ਜੂਹ ਨਾਲ ਜੂਹ ਫਰਵਾਲੀ ਪਿੰਡ ਦੀ ਲੱਗਦੀ



ਹੈ। 1952 ਵਿਚ ਜਦ ਮਲੇਰਕੋਟਲੇ ਤੋਂ ਰਾਏਕੋਟ ਨੂੰ ਮੁਰੱਬਾਬੰਦੀ ਦੇ ਛੱਡੇ ਰਾਹਾਂ ਵਿਚ ਦੀ ਸੜਕ ਬਣਨ ਲੱਗੀ ਤਾਂ ਏਸ ਸੜਕ ਨੇ ਸੰਦੌੜ ਤੋਂ ਫਰਵਾਲੀ ਨੂੰ ਬਣਨਾ ਸੀ। ਫਰਵਾਲੀ ਪਿੰਡ ਵਾਲਿਆਂ ਨੇ ਆਪਣਾ ਅਸਰ ਰਸੂਖ਼ ਵਰਤ ਕੇ ਸੜਕ ਆਪਣੇ ਪਿੰਡ ਵਿਚੋਂ ਨਾ ਬਣਨ ਦਿੱਤੀ। ਫੇਰ ਇਹ ਸੜਕ ਵਿੰਗ ਪਾ ਕੇ ਫੌਜੇਵਾਲ ਤੇ ਕਲਿਆਣ ਪਿੰਡਾਂ ਵਿਚੋਂ ਦੀ ਕੱਢੀ ਗਈ। ਹੁਣ ਫਰਵਾਲੀ ਪਿੰਡ ਮੁੱਖ ਸੜਕ ਤੋਂ ਇਕ ਪਾਸੇ ਰਹਿ ਗਿਆ ਹੈ। ਅੱਜ ਸਾਰੇ ਫਰਵਾਲੀ ਪਿੰਡ ਵਾਲੇ ਆਪਣੇ ਬਜ਼ੁਰਗਾਂ ਦੀ ਕੀਤੀ ਗਲਤੀ ਦਾ ਖਮਿਆਜਾ ਭੁਗਤ ਰਹੇ ਹਨ।



ਉਨ੍ਹਾਂ ਸਮਿਆਂ ਵਿਚ ਕੁੜੀਆਂ ਨੂੰ ਘਰ ਦੇ ਕੰਮਾ ਕਾਰਾਂ, ਕਢਾਈਆਂ, ਬੁਣਾਈਆਂ, ਕਤਾਈਆਂ ਅਤੇ ਸਿਲਾਈਆਂ ਵਿਚ ਮਾਹਰ ਕੀਤਾ ਜਾਂਦਾ ਸੀ। ਉਸ ਸਮੇਂ ਪਿੰਡ ਸਵੈ-ਨਿਰਭਰ ਹੁੰਦੇ ਸਨ। ਰੋਟੀ, ਕੱਪੜਾ ਅਤੇ ਮਕਾਨ ਦੀਆਂ ਮੰਗਾਂ ਪਿੰਡਾਂ ਵਿਚ ਹੀ ਪੂਰੀਆਂ ਹੋ ਜਾਂਦੀਆਂ ਸਨ। ਕਪੜਾ ਉਸ ਸਮੇਂ ਕੁੰਬਲਾ 'ਤੇ ਬਣਾਇਆ ਜਾਂਦਾ ਸੀ। ਹਰ ਪਿੰਡ ਜੁਲਾਹੇ ਹੁੰਦੇ ਸਨ। ਉਨ੍ਹਾਂ ਸਮਿਆਂ ਵਿਚ ਘਰੇਲੂ ਉਦਯੋਗ ਦੀ ਚੜ੍ਹਤ ਹੁੰਦੀ ਸੀ। ਖੱਦਰ ਦੀ ਹੀ ਉਸ ਸਮੇਂ ਬਹੁਤੀ ਵਰਤੋਂ ਹੁੰਦੀ ਸੀ। ਖੱਦਰ ਦੇ ਕੱਪੜਿਆਂ ਨਾਲ ਹੀ ਸ਼ੁਕੀਨੀ ਲਾਈ ਜਾਂਦੀ ਸੀ –

ਚੰਦਰਾ ਸ਼ੁਕੀਨ ਹੋ ਗਿਆ,
ਸਿਰ ਬੰਨ੍ਹ ਕੇ ਖੱਦਰ ਦਾ ਸਾਫਾ।

ਜਦ ਅੰਗਰੇਜ਼ਾਂ ਨੇ ਮਸ਼ੀਨੀ ਕਪੜੇ ਨੂੰ ਧੜਾ ਧੜ ਤਿਆਰ ਕਰ ਕੇ ਖੱਦਰ ਬਣਾਉਣ ਦੇ ਘਰੇਲੂ ਉਦਯੋਗ ਨੂੰ ਢਾਅ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਸਮੇਂ ਮਹਾਤਮਾ ਗਾਂਧੀ ਏਸ ਘਰੇਲੂ ਉਦਯੋਗ ਨੂੰ ਬਚਾਉਣ ਲਈ ਅੱਗੇ ਆਏ। ਉਸ ਸਮੇਂ ਦੀ ਬੋਲੀ ਹੈ –



Academy of the Punjab in North America: http://www.apnaorg.com

ਗਾਂਧੀ ਦੇ ਖੱਦਰ ਨੇ,
ਸੰਘ ਲੱਠੇ ਦਾ ਘੁੱਟਿਆ ਯਾਰੋ।

ਗਾਂਧੀ ਖੱਦਰ ਹੱਥ ਖੱਡੀਆਂ 'ਤੇ ਬਣਾਇਆ ਜਾਂਦਾ ਸੀ। ਮਹਾਤਮਾ ਗਾਂਧੀ ਨੇ ਕਾਂਗਰਸ ਪਾਰਟੀ ਦੇ ਵਰਕਰਾਂ ਨੂੰ ਖੱਦਰ ਪਾਉਣ ਲਈ ਪਾਬੰਦ ਵੀ ਕੀਤਾ। ਵਿਦੇਸ਼ੀ ਕਪੜੇ ਦੀ ਵਰਤੋਂ ਦਾ ਬਾਈਕਾਟ ਵੀ ਕੀਤਾ। ਉਸ ਸਮੇਂ ਖੱਦਰ ਪਹਿਨਣ ਵਾਲੇ ਵਰਕਰ ਦੀ ਕਦਰ ਵੀ ਕੀਤੀ ਜਾਂਦੀ ਸੀ। ਖੱਦਰ ਪਹਿਨਣ ਵਾਲੇ ਨੂੰ ਇਕ ਮਾਡਲ ਇਨਸਾਨ ਵੀ ਗਿਣਿਆ ਜਾਂਦਾ ਸੀ। ਸਮੇਂ ਦੇ ਗੁਜ਼ਰਨ ਨਾਲ ਖੱਦਰ ਦੀ ਵਰਤੋਂ ਘਟਣ ਲੱਗੀ। ਇਸਤਰੀਆਂ ਵੀ ਆਪਣੇ ਘਰ ਵਾਲੇ ਤੋਂ ਖੱਦਰ ਦੀ ਥਾਂ ਦੂਸਰੇ ਕੱਪੜਿਆਂ ਦੀ ਮੰਗ ਕਰਨ ਲੱਗੀਆਂ –

ਖੱਦਰ ਹੱਡਾਂ ਨੂੰ ਖਾਵੇ,
ਮਲ ਮਲ ਲਿਆ ਦੇ ਵੇ।
x x x
ਸੱਤ ਰੰਗੀ ਬੋਸਕੀ ਦਾ ਸੂਟ ਸਵਾ ਦੇ।
ਸੂਟ ਸਵਾ ਦੇ, ਮੋਰ ਘੁੱਗੀਆਂ ਪਵਾ ਦੇ।

ਹੁਣ ਕੋਈ ਵੀ ਖੱਦਰ ਨਹੀਂ ਪਹਿਨਦਾ। ਸਮੇਂ ਦੇ ਗੁਜ਼ਰਨ ਨਾਲ ਖੱਦਰ ਦੀ 'ਕੱਲੀ ਕਦਰ ਹੀ ਨਹੀਂ ਘਟੀ, ਸਗੋਂ ਖੱਦਰ ਪਹਿਨਣ ਵਾਲੇ ਬਹੁਤੇ ਵਰਕਰਾਂ ਵਿਚ ਆਚਰਨਿਕ ਤੇ ਆਰਥਿਕ ਬੁਰਾਈਆਂ ਵੀ ਆਈਆਂ ਹਨ। ਲੋਕ ਹੁਣ ਖੱਦਰ ਪਾਉਣ ਵਾਲੇ ਨੂੰ ਨਫ਼ਰਤ ਕਰਦੇ ਹਨ –

ਖੱਦਰ ਠੱਗ ਪਹਿਨਦੇ,
ਮੈਨੂੰ ਲੈ ਦੇ ਰੇਸ਼ਮੀ ਸਾੜ੍ਹੀ।

ਹੁਣ ਮੈਂ ਤੁਹਾਨੂੰ ਕੁੰਬਲ ਕਿਹੋ ਜਿਹੀ ਹੁੰਦੀ ਸੀ? ਕੁੰਬਲ ਦੀ ਬਣਤਰ ਕੀ ਹੁੰਦੀ ਸੀ? ਦੱਸਣ ਜਾ ਰਿਹਾ ਹਾਂ।

ਕੁੰਬਲ ਆਮ ਤੌਰ 'ਤੇ ਘਰ ਦੇ ਖੁੱਲ੍ਹੇ ਦਲਾਨ ਵਿਚ ਬਣਾਈ ਜਾਂਦੀ ਸੀ। ਕੁੰਬਲ ਨੂੰ ਬਣਾਉਣ ਲਈ ਧਰਤੀ ਵਿਚ ਤਿੰਨ ਕੁ ਫੁੱਟ ਡੂੰਘਾ ਤੇ ਚਾਰ ਕੁ ਫੁੱਟ ਚੌੜਾ ਟੋਆ ਪੁੱਟਿਆ ਜਾਂਦਾ ਸੀ। ਏਸ ਟੋਏ ਦੇ ਅਗਲੇ ਹਿੱਸੇ ਦੇ ਬਾਹਰਲੇ ਪਾਸੇ ਧਰਤੀ ਦੀ ਪੱਧਰ 'ਤੇ ਆਹਮੋ ਸਾਹਮਣੇ ਦੋ ਮੋਟੇ ਕੀਲੇ ਗੱਡੇ ਹੁੰਦੇ ਸਨ। ਇਨ੍ਹਾਂ ਕੀਲਿਆਂ ਨੂੰ ਤੁਲ ਵਾਲੇ ਕੀਲੇ ਕਹਿੰਦੇ ਸਨ। ਕੀਲਿਆਂ ਦੇ ਅੰਦਰਲੇ ਪਾਸੇ ਗੋਲ ਖੱਡੇ ਕੀਤੇ ਹੁੰਦੇ ਸਨ। ਇਨ੍ਹਾਂ ਕੀਲਿਆਂ ਦੇ ਖੱਡਿਆਂ ਵਿਚ ਚਾਰ ਕੁ ਫੁੱਟ ਚਪਟੀ ਲੱਕੜ, ਜਿਸ ਦੇ ਸਿਰਿਆਂ ਨੂੰ ਪਤਲਾ ਤੇ ਗੋਲ ਕੀਤਾ ਹੁੰਦਾ ਸੀ, ਵਿਚ ਪਾਇਆ ਜਾਂਦਾ ਸੀ। ਏਸ ਪਾਈ ਲੱਕੜ ਨੂੰ ਤੁਲ ਕਹਿੰਦੇ ਸਨ। ਏਸ ਤੁਲ ਵਿਚ ਆਰ ਪਾਰ ਗਲੀਆਂ ਕੱਢੀਆਂ ਹੁੰਦੀਆਂ ਸਨ,



ਜਿਸ ਵਿਚ ਛੋਟੇ ਛੋਟੇ ਧਾਗੇ ਲੰਘਾਏ ਹੁੰਦੇ ਸਨ। ਏਸ ਤੁਲ ਦੇ ਇਕ ਪਾਸੇ ਮੋਟੇ ਹਿੱਸੇ ਵਿਚ ਪਤਲੇ ਗੋਲ ਕੀਤੇ ਹਿੱਸੇ ਦੇ ਨਾਲ ਇਕ ਪਤਲੀ ਸੋਟੀ/ਡੰਡਾ ਆਰ ਪਾਰ ਪਾਈ ਜਾਂਦੀ ਸੀ। ਏਸ ਸੋਟੀ/ਡੰਡੇ ਦੇ ਸਿਰਿਆਂ ਨੂੰ ਫੜ ਕੇ ਤੁਲ ਨੂੰ ਘੁਮਾਇਆ ਜਾਂਦਾ ਸੀ। ਤੁਲ ਘੁੰਮਣ ਨਾਲ ਬੁਣਿਆ ਕਪੜਾ ਤੁਲ 'ਤੇ ਵਲ੍ਹੇਟਿਆ ਜਾਂਦਾ ਸੀ। ਤੁਲ ਦੇ ਪਿਛਲੇ ਪਾਸੇ ਧਰਤੀ ਦੀ ਪੱਧਰ ਤੋਂ ਥੋੜ੍ਹਾ ਨੀਵਾਂ ਕਪੜਾ ਬੁਣਨ ਵਾਲਾ ਜੁਲਾਹਾ/ ਜਨਾਨੀ ਬੈਠਦੀ ਸੀ, ਜਿਸ ਦੀਆਂ ਦੋਵੇਂ ਲੱਤਾਂ ਹੇਠਾਂ ਟੋਏ ਵਿਚ ਹੁੰਦੀਆਂ ਸਨ।

ਕਪੜਾ ਬੁਣਨ ਲਈ ਤਾਣਾ ਖੁਲ੍ਹੇ ਵਿਹੜੇ ਵਿਚ ਜਾਂ ਘਰ ਤੋਂ ਬਾਹਰ ਕਿਸੇ ਖੁੱਲ੍ਹੀ ਥਾਂ ਤੇ ਥੋੜ੍ਹੇ ਥੋੜ੍ਹੇ ਫ਼ਾਸਲੇ ਤੇ ਪਤਲੀਆਂ ਸੋਟੀਆਂ ਗੱਡ ਕੇ ਤਣਿਆ ਜਾਂਦਾ ਸੀ। ਤਣੇ ਹੋਏ ਤਾਣੇ ਨੂੰ ਕੈਂਚੀ ਨਾਲ ਕੱਟ ਕੇ ਇਕ ਡੰਡੇ 'ਤੇ ਵਲ੍ਹੇਟ ਲਿਆ ਜਾਂਦਾ ਸੀ। ਏਸ ਡੰਡੇ ਨੂੰ ਤਾਣਾ ਡੰਡੇ ਤੇਲ ਕਿਹਾ ਜਾਂਦਾ ਸੀ। ਏਸ ਤਾਣੇ ਨੂੰ ਪਾਣ ਦੇਣ ਲਈ 15/ 16 ਫੁੱਟ ਦੇ ਫ਼ਾਸਲੇ 'ਤੇ ਦੋ ਪਾਸੇ ਦੋ ਪਤਲੀਆਂ ਲੱਕੜਾਂ/ਸੋਟੀਆਂ ਦਾ ਕਰਾਸ ਬਣਾ ਕੇ ਧਰਤੀ 'ਤੇ ਖੜਾਇਆ ਜਾਂਦਾ ਸੀ। ਇਨਾਂ ਕਰਾਸ ਕੀਤੀਆਂ ਲੱਕੜਾਂ/ਸੋਟੀਆਂ ਦੇ ਸਿਰਿਆਂ ਵਿਚ ਰੱਸਾ ਪਾ ਕੇ ਪਿੱਛੇ ਗੱਡੇ ਕੀਲਿਆਂ ਵਿਚ ਬੰਨ੍ਹਿਆ ਜਾਂਦਾ ਸੀ। ਤਾਣੇ ਨੂੰ ਖੋਲ੍ਹ ਕੇ ਇਨ੍ਹਾਂ ਦੋਵੇਂ ਲੱਕੜਾਂ/ਸੋਟੀਆਂ ਦੇ ਵਿਚਾਲੇ ਧਰਤੀ ਦੀ ਪੱਧਰ ਤੋਂ ਤਿੰਨ ਕੁ ਫੁਟ ਉੱਚਾ ਰੱਖ ਕੇ ਕਸ ਲਿਆ ਜਾਂਦਾ ਸੀ। ਏਸ ਕਸੇ ਤਾਣੇ ਤੇ ਪਾਣ ਦਿੱਤੀ ਜਾਂਦੀ ਸੀ। ਪਾਣ ਦੇਣ ਸਮੇਂ ਤਾਣੇ ਉਪਰ ਕੁੱਚ ਫੇਰੀ ਜਾਂਦੀ ਸੀ, ਜਿਸ ਨਾਲ ਧਾਗੇ ਵੱਖਰੇ ਵੱਖਰੇ ਰਹਿੰਦੇ ਸਨ। ਪਾਣ ਦਿੱਤੇ ਤਾਣੇ ਨੂੰ ਫੇਰ ਡੰਡੇ 'ਤੇ ਵਲ੍ਹੇਟ ਲਿਆ ਜਾਂਦਾ ਸੀ।

ਧਰਤੀ ਵਿਚ ਪੁੱਟੇ ਹੋਏ ਟੋਏ ਦੇ ਸਾਹਮਣੇ 8/10 ਫੁੱਟ ਦੇ ਫ਼ਾਸਲੇ 'ਤੇ ਇਕ ਕੀਲਾ ਗੱਡਿਆ ਹੁੰਦਾ ਸੀ। ਡੰਡੇ 'ਤੇ ਵਲ੍ਹੇਟੇ ਪਾਣ ਦਿੱਤੇ ਤਾਣੇ ਦੇ ਇਕ ਸਿਰੇ ਨੂੰ ਖੋਲ੍ਹ ਕੇ ਤਾਣੇ ਦੇ ਧਾਗਿਆਂ ਨੂੰ ਇਕ ਚਾਰ ਕੁ ਫੁੱਟ ਬਣੀ ਕੰਘੀ ਵਿਚੋਂ ਦੀ ਲੰਘਾ ਕੇ ਤੁਲ ਵਿਚ ਪਾਏ ਧਾਗਿਆਂ ਨਾਲ ਜੋੜਿਆ ਜਾਂਦਾ ਸੀ। ਏਸ ਕੰਘੀ ਦੀ ਉਪਰਲੀ ਲੱਕੜ ਦੇ ਸਿਰਿਆਂ ਵਿਚ ਦੋ ਮੋਟੀਆਂ ਰੱਸੀਆਂ ਪਾ ਕੇ ਛੱਤ ਵਿਚ ਲੱਗੇ ਸ਼ਤੀਰ ਜਾਂ ਕੜੀਆਂ ਨਾਲ ਬੰਨ੍ਹੀਆਂ ਹੁੰਦੀਆਂ ਸਨ। ਤਾਣੇ ਨੂੰ ਖੋਲ੍ਹ ਕੇ ਪਿੱਛੇ ਗੱਡੇ ਕੀਲੇ ਨਾਲ ਬੰਨ੍ਹ ਦਿੱਤਾ ਜਾਂਦਾ ਸੀ। ਤਾਣਾ ਪੂਰਾ ਚੌੜਾ ਰਹੇ, ਇਸ ਲਈ ਤਾਣੇ ਵਿਚ ਇਕ ਤਾਂ ਕੰਘੀ ਦੇ ਨੇੜੇ ਦੋ ਸੋਟੀਆਂ ਪਾਈਆਂ ਜਾਂਦੀਆਂ ਸਨ, ਦੂਜੇ ਜਿਥੇ ਤਾਣੇ ਨੂੰ ਕੀਲੇ ਨਾਲ ਬੰਨ੍ਹਿਆ ਜਾਂਦਾ ਸੀ, ਉਸ ਦੇ ਨੇੜੇ ਤਾਣੇ ਦੇ ਵਿਚਾਲੇ ਇਕ ਹੋਰ ਸੋਟੀ ਪਾਈ ਜਾਂਦੀ ਸੀ।

ਤਾਣੇ ਵਿਚ ਪਾਈ ਕੰਘੀ ਦੇ ਹੇਠਲੇ ਹਿੱਸੇ ਵਿਚ ਦੋ ਮੋਟੀਆਂ ਰੱਸੀਆਂ ਬੰਨ੍ਹੀਆਂ ਹੁੰਦੀਆਂ ਸਨ। ਇਨ੍ਹਾਂ ਰੱਸੀਆਂ ਨੂੰ ਰੱਛ ਕਹਿੰਦੇ ਸਨ। ਇਨ੍ਹਾ ਰੱਛਾਂ ਦੇ ਹੇਠਲੇ ਹਿੱਸੇ ਵਿਚ ਲੱਕੜ ਦੇ ਪੈਰਾਂ ਵਿਚ ਪਾਉਣ ਵਾਲੇ ਪਊਆਂ ਦੀ ਤਰ੍ਹਾਂ ਪਊਏ ਲੱਗੇ ਹੁੰਦੇ



Academy of the Punjab in North America: http://www.apnaorg.com

ਸਨ। ਖੱਦਰ ਬੁਣਨ ਵਾਲਾ ਜੁਲਾਹਾ/ਜਨਾਨੀ ਇਨ੍ਹਾਂ ਪਊਆਂ ਨੂੰ ਵਾਰੀ ਵਾਰੀ ਆਪਣੇ ਪੈਰਾਂ ਨਾਲ ਉਪਰ ਹੇਠ ਦਬਦਾ ਹੁੰਦਾ ਸੀ। ਜਿਸ ਨਾਲ ਤਾਣਾ ਉਪਰ ਹੇਠ ਹੁੰਦਾ ਰਹਿੰਦਾ ਸੀ। ਏਸ ਤਾਣੇ ਵਿਚ ਦੀ ਲੋਹੇ ਦੀ ਨਲੀ, ਜਿਸ ਵਿਚ ਧਾਗੇ ਦੀਆਂ ਨਲਕੀਆਂ ਪਾਈਆਂ ਹੁੰਦੀਆਂ ਸਨ, ਨੂੰ ਲੰਘਾਇਆ ਜਾਂਦਾ ਸੀ। ਏਸ ਨਲੀ ਵਿਚ ਦੀ ਵਗੇ ਧਾਗੇ ਨਾਲ ਹੀ ਕਪੜਾ ਬਣਨਾ ਸ਼ੁਰੂ ਹੁੰਦਾ ਸੀ। ਤਾਣੇ ਵਿਚ ਦੀ ਨਲੀ ਵਗਾਉਣ ਤੋਂ ਪਿੱਛੋਂ ਤਾਣੇ ਵਿਚ ਪਾਈ ਹੋਈ ਕੰਘੀ ਨਾਲ ਏਸ ਵਗੇ ਧਾਗੇ ਨੂੰ ਪਹਿਲਾਂ ਬਣੇ ਖੱਦਰ ਨਾਲ ਸੈੱਟ ਕਰਨ ਲਈ ਠੋਕਿਆ ਜਾਦਾ ਸੀ। ਬਣੇ ਖੱਦਰ ਦਾ ਸਾਈਜ਼ ਇਕੋ ਜਿਹਾ ਰਹੇ, ਏਸ ਲਈ ਬੁਣੇ ਖੱਦਰ ਤੇ ਲੱਕੜ ਦੀ ਦੋ ਹਿੱਸਿਆਂ ਵਿਚ ਬਣੀ ਪਣਖ ਲਾਈ ਜਾਂਦੀ ਸੀ। ਏਸ ਪਣਖ ਦੇ ਦੋਵੇਂ ਬਾਹਰਲੇ ਹਿੱਸਿਆਂ ਵਿਚ ਤਿੱਖੀਆਂ ਮੇਖਾਂ/ਆਰਾਂ ਲਾਈਆਂ ਹੁੰਦੀਆਂ ਸਨ। ਇਨ੍ਹਾਂ ਆਰਾਂ ਨੂੰ ਬੁਣੇ ਹੋਏ ਖੱਦਰ ਦੇ ਸਿਰਿਆਂ ਵਿਚ ਲਾ ਕੇ ਪਣਖ ਨੂੰ ਵਿਚਾਲੇ ਇਕ ਕਲਿਪ ਨਾਲ ਜੋੜ ਦਿੱਤਾ ਜਾਂਦਾ ਸੀ।

ਜਿਉਂ ਜਿਉਂ ਕਪੜਾ ਬੁਣਿਆ ਜਾਂਦਾ ਸੀ, ਤਿਉਂ ਤਿਉਂ ਏਸ ਬੁਣੇ ਖੱਦਰ ਨੂੰ ਤੁਲ ਤੇ ਵਲ੍ਹੇਟਿਆ ਜਾਂਦਾ ਸੀ। ਤੁਲ ਵਿਚ ਕਪੜਾ ਵਲ੍ਹੇਟਣ ਕਰ ਕੇ ਕੀਲੇ ਵਿਚ ਬੰਨ੍ਹੇ ਤਾਣੇ ਨੂੰ ਖੋਲ੍ਹ ਕੇ ਹੋਰ ਅੱਗੇ ਕੀਤਾ ਜਾਂਦਾ ਸੀ। ਏਸ ਤਰ੍ਹਾਂ ਖੱਦਰ ਬੁਣਨ ਦਾ ਕਾਰਜ ਚਲਦਾ ਰਹਿੰਦਾ ਸੀ। ਇਹੀ ਸੀ ਕੁੰਬਲ ਦੀ ਬਣਤਰ ਤੇ ਖੱਦਰ ਬੁਣਨ ਦੀ ਵਿਧੀ।

ਪੰਜਾਬ ਵਿਚ ਸ਼ਾਇਦ ਹੀ ਹੁਣ ਕਿਸੇ ਪਿੰਡ ਜਾਂ ਸ਼ਹਿਰ ਵਿਚ ਕੁੰਬਲ ਮਿਲੇ।

0

## ਆਵੀ ਪਾਉਣੀ

ਮਨੁੱਖ ਦੀਆਂ ਤਿੰਨ ਮੁੱਢਲੀਆਂ ਲੋੜਾਂ ਹਨ, ਜਿਨ੍ਹਾਂ ਨੂੰ ਪਹਿਲੇ ਸਮਿਆਂ ਵਿਚ ਗੁੱਲੀ, ਜੁੱਲੀ ਤੇ ਕੁੱਲੀ ਕਿਹਾ ਜਾਂਦਾ ਸੀ। ਪਹਿਲਾਂ ਪਿੰਡ ਹੋਂਦ ਵਿਚ ਆਏ। ਪਿੰਡ ਉਨ੍ਹਾਂ ਸਮਿਆਂ ਵਿਚ ਸਵੈ-ਨਿਰਭਰ ਹੁੰਦੇ ਸਨ। ਮਨੁੱਖ ਦੀਆਂ ਇਹ ਤਿੰਨੇ ਲੋੜਾਂ ਪਿੰਡ ਵਿਚ ਹੀ ਪੂਰੀਆਂ ਹੋ ਜਾਂਦੀਆਂ ਸਨ। ਖਾਣ ਲਈ ਅਨਾਜ ਪਿੰਡ ਵਿਚ ਪੈਦਾ ਹੋ ਜਾਂਦਾ ਸੀ। ਜਨਾਨੀਆਂ ਆਟਾ ਚੱਕੀ 'ਤੇ ਪੀਹ ਲੈਂਦੀਆਂ ਸਨ। ਕਪਾਹ ਪਿੰਡ ਵਿਚ ਪੈਦਾ ਹੁੰਦੀ ਸੀ। ਸੂਤ ਜਨਾਨੀਆਂ ਕੱਤ ਲੈਂਦੀਆਂ ਸਨ। ਕੱਪੜਾ ਪਿੰਡ ਦੇ ਜੁਲਾਹੇ ਤਿਆਰ ਕਰ ਦਿੰਦੇ ਸਨ। ਦਰਜੀ ਸਿਉਂ ਦਿੰਦੇ ਸਨ। ਰਹਿਣ ਲਈ ਕੁੱਲੀਆਂ ਲੋਕ ਆਪ ਬਣਾ ਲੈਂਦੇ ਸਨ। ਫੇਰ ਪਿੰਡਾਂ ਦੇ ਤਰਖਾਣ/ਮਿਸਤਰੀ ਕੱਚੇ ਘਰ ਬਣਾਉਣ ਲੱਗ ਪਏ। ਕੁਝ ਗਿਣਤੀ ਦੀਆਂ ਵਸਤਾਂ ਹੀ ਹੁੰਦੀਆਂ ਸਨ, ਜਿਹੜੀਆਂ ਪਿੰਡ ਦੇ ਹੱਟ-ਬਾਣੀਏ ਸ਼ਹਿਰੋਂ ਲਿਆ ਕੇ ਵੇਚਦੇ ਸਨ।





ਉਨ੍ਹਾਂ ਸਮਿਆਂ ਵਿਚ ਹਰ ਕਿਸਮ ਦਾ ਕਿੱਤਾ ਕਰਨ ਵਾਲੇ ਲੋਕੀਂ ਪਿੰਡਾਂ ਵਿਚ ਰਹਿੰਦੇ ਸਨ। ਜੁੱਤੀ ਜੋੜਾ ਪਿੰਡ ਦੇ ਚਮਿਆਰ/ਮੋਚੀ ਬਣਾ ਦਿੰਦੇ ਸਨ। ਤੇਲ ਪਿੰਡ ਦੇ ਤੇਲੀ ਕੱਢ ਦਿੰਦੇ ਸਨ। ਟੂੰਮ, ਛੱਲਾ ਪਿੰਡ ਦੇ ਸੁਨਿਆਰ ਬਣਾ ਦਿੰਦੇ ਸਨ। ਘਰ ਵਰਤਣ ਲਈ ਬਹੁਤੇ ਭਾਂਡੇ ਮਿੱਟੀ ਦੇ ਬਣੇ ਹੁੰਦੇ ਸਨ, ਜਿਹੜੇ ਪਿੰਡ ਦੇ ਘੁਮਿਆਰ ਹੀ ਤਿਆਰ ਕਰਦੇ ਸਨ। ਪਾਣੀ ਤੋਂ ਲੈ ਕੇ ਦੁੱਧ, ਮੱਖਣ, ਘੀ, ਆਟਾ ਪਾਉਣ, ਆਟਾ ਗੁੰਨਣ, ਦਾਲਾਂ ਧਰਨ, ਪਾਣੀ ਗਰਮ ਕਰਨ, ਸਾਰੇ ਦੇ ਸਾਰੇ ਕੰਮਾਂ ਲਈ ਮਿੱਟੀ ਦੇ ਬਰਤਨਾਂ ਦੀ ਹੀ ਵਰਤੋਂ ਕੀਤੀ ਜਾਂਦੀ ਸੀ।

ਜਿੰਨੇ ਵੀ ਘਰਾਂ ਵਿਚ ਛੋਟੇ ਕੁੱਜੇ, ਝਕਰੇ, ਤਪਲੇ, ਵਲ੍ਹਣੀਆਂ, ਘੜੇ, ਮੱਟ, ਕਾੜ੍ਹਨੀਆਂ, ਚਾਟੀਆਂ, ਆਟਾ ਗੁੰਨ੍ਹਣ ਲਈ ਪਰਾਤਾਂ, ਚੂੰਗੜੇ, ਦੀਵੇ, ਚੱਪਣ, ਗੱਲ ਕੀ, ਘਰ ਵਰਤਣ ਦੀ ਹਰ ਚੀਜ਼ ਘੁਮਿਆਰ ਬਣਾਉਂਦੇ ਸਨ।

ਕਈ ਘੁਮਿਆਰ ਮਿੱਟੀ ਦੇ ਭਾਂਡਿਆਂ ਦੇ ਬਣਾਉਣ ਦੇ ਨਾਲ ਨਾਲ ਇੱਟਾਂ ਦੀ ਢੋ-ਢੁਆਈ, ਫ਼ਸਲਾਂ ਦੀ ਢੁਆਈ ਦਾ ਕੰਮ ਵੀ ਕਰਦੇ ਸਨ। ਏਸ ਲਈ ਘੁਮਿਆਰਾਂ ਲਈ ਗਧੇ ਰੱਖਣੇ ਲਾਜ਼ਮੀ ਹੁੰਦੇ ਸਨ। ਇਕ ਤਾਂ ਭਾਂਡੇ ਬਣਾਉਣ ਲਈ ਗਧਿਆਂ ਤੇ ਮਿੱਟੀ ਢੋਣੀ ਹੁੰਦੀ ਸੀ, ਦੂਜੇ ਇੱਟਾਂ ਤੇ ਫ਼ਸਲਾਂ ਦੀ ਢੋ ਢੁਆਈ ਗਧਿਆਂ ਤੇ ਕੀਤੀ ਜਾਂਦੀ ਸੀ। ਬਾਹਰ ਅੰਦਰ ਜਾਣ ਲਈ ਘੁਮਿਆਰ ਗਧਿਆਂ ਦੀ ਹੀ ਸਵਾਰੀ ਕਰਦੇ ਸਨ। ਇੱਥੋਂ ਤੱਕ ਕਿ ਵਿਆਹਾਂ ਵਿਚ ਵੀ ਗਧਿਆਂ ਦੀ ਹੀ ਸਵਾਰੀ ਕਰਦੇ ਸਨ।

ਘੁਮਿਆਰ ਜ਼ਿਆਦਾਤਰ ਮੁਸਲਮਾਨ ਹੁੰਦੇ ਸਨ। ਕੁਝ ਘੁਮਿਆਰ ਹਿੰਦੂ ਵੀ ਹੁੰਦੇ ਸਨ। ਘੁਮਿਆਰਾਂ ਨੂੰ ਪ੍ਰਜਾਪਤੀ ਕਿਹਾ ਜਾਂਦਾ ਸੀ। ਘੁਮਿਆਰਾਂ ਤੇ ਖੋਤਿਆਂ ਸਬੰਧੀ ਸਾਨੂੰ ਕਈ ਅਖਾਣ ਮਿਲਦੇ ਹਨ –



Academy of the Punjab in North America: http://www.apnaorg.com

ਲੜੀ ਘੁਮਿਆਰ ਨਾਲ,
ਕੰਨ ਮਰੋੜੇ ਖੋਤੇ ਦੇ।
x x x
ਸੂਈ ਖੋਤੀ, ਕਿਲ੍ਹੇ ਘੁਮਿਆਰ।

ਜਦੋਂ ਕੋਈ ਕਿਸੇ ਦੀ ਤਕਲੀਫ਼ ਵੇਖ ਕੇ ਆਪ ਫਜ਼ੂਲ ਦਾ ਦੁੱਖ ਪ੍ਰਗਟਾਵੇ ਤਾਂ ਇਹ ਅਖਾਣ ਵਰਤਿਆ ਜਾਂਦਾ ਹੈ।

ਹੁਣ ਮੈਂ ਤੁਹਾਨੂੰ ਘੁਮਿਆਰ ਭਾਂਡੇ ਕਿਵੇਂ ਤਿਆਰ ਕਰਦੇ ਸਨ, ਕਿਵੇਂ ਆਵੀ ਵਿਚ ਪਕਾਉਂਦੇ ਸਨ, ਉਹ ਦੱਸਣ ਜਾ ਰਿਹਾ ਹਾਂ।

ਪਹਿਲਾਂ ਚੰਗੀ ਚਿਉਕਣੀ ਕਾਲੀ ਮਿੱਟੀ ਪਿੰਡ ਵਿਚੋਂ ਜਾਂ ਨੇੜੇ ਤੇੜੇ ਦੇ ਪਿੰਡਾਂ ਵਿਚੋਂ, ਜਿਥੋਂ ਵੀ ਮਿਲਦੀ ਹੁੰਦੀ ਸੀ, ਉਸ ਨੂੰ ਗਧਿਆਂ ਤੇ ਢੋ ਕੇ ਭਾਂਡੇ ਤਿਆਰ ਕਰਨ ਵਾਲੀ ਥਾਂ 'ਤੇ ਲਿਆਉਂਦੇ ਸਨ। ਫੇਰ ਉਸ ਮਿੱਟੀ ਦੀ ਕਈ ਦਿਨਾਂ ਤੱਕ ਘਾਣੀ ਤਿਆਰ ਕਰਦੇ ਰਹਿੰਦੇ ਸਨ। ਜਦ ਘਾਣੀ ਚੰਗੀ ਤਰ੍ਹਾਂ ਤਿਆਰ ਹੋ ਜਾਂਦੀ ਸੀ, ਮੱਖਣ ਦੀ ਤਰ੍ਹਾਂ ਮੁਲਾਇਮ ਹੋ ਜਾਂਦੀ ਸੀ, ਤਾਂ ਭਾਂਡੇ ਚੱਕ ਕੇ ਤਿਆਰ ਕੀਤੇ ਜਾਂਦੇ ਸਨ। ਜਿਹੜਾ ਭਾਂਡਾ ਤਿਆਰ ਕਰਨਾ ਹੁੰਦਾ ਸੀ, ਉਨ੍ਹੀ ਕੁ ਗੋਈ ਮਿੱਟੀ ਨੂੰ ਚੱਕ ਕੇ ਵਿਚਾਲੇ ਰੱਖੀ ਥਾਂ ਤੇ ਰੱਖਿਆ ਜਾਂਦਾ ਸੀ। ਫੇਰ ਚੱਕ ਵਿਚ ਰੱਖੇ ਸੁਰਾਖ਼ ਵਿਚ ਡੰਡਾ ਪਾ ਕੇ ਚੱਕ ਨੂੰ ਪੂਰੇ ਜ਼ੋਰ ਦੀ ਘੁਮਾਇਆ ਜਾਂਦਾ ਸੀ। ਫੇਰ ਸੁਰਾਖ਼ ਵਿਚੋਂ ਡੰਡੇ ਨੂੰ ਕੱਢ ਕੇ ਇਕ ਪਾਸੇ ਰੱਖ ਦਿੱਤਾ ਜਾਂਦਾ ਸੀ। ਫੇਰ ਦੋਵੇਂ ਹੱਥਾਂ ਨਾਲ ਰੱਖੀ ਮਿੱਟੀ ਦਾ ਭਾਂਡਾ ਡੌਲਿਆ ਜਾਂਦਾ ਸੀ। ਫੇਰ ਡੌਲੇ ਹੋਏ ਭਾਂਡੇ ਨੂੰ ਇਕ ਧਾਗੇ ਨਾਲ ਕੱਟ ਕੇ ਚੱਕ ਤੋਂ ਲਾਹ ਲੈਂਦੇ ਸਨ।

ਸੁੱਕਣ ਲਈ ਰੱਖ ਦਿੰਦੇ ਸਨ। ਕਈ ਭਾਰੇ ਭਾਂਡੇ ਜਿਵੇਂ ਤੌਲੇ, ਚਾਟੀਆਂ, ਕਾੜ੍ਹਨੀਆਂ, ਘੜੇ, ਮੱਟਾਂ ਆਦਿ ਦੀ ਮਜ਼ਬੂਤੀ ਦੇਣ ਲਈ ਇਕ ਹੱਥ ਵਿਚ ਘੜੇ ਦੇ ਅੰਦਰ ਮਿੱਟੀ ਦੀ ਬਣੀ ਦਰਨੀ ਫੜ ਲੈਂਦੇ ਸਨ। ਦੂਸਰੇ ਹੱਥ ਨਾਲ ਮਿੱਟੀ ਦੀ ਹੀ ਛੋਟੀ ਜਿਹੀ ਬਣੀ ਥਾਪੀ ਨਾਲ ਹੌਲੀ ਹੌਲੀ ਕੁੱਟਿਆ ਜਾਂਦਾ ਸੀ। ਕਈ ਭਾਂਡਿਆਂ ਦੇ ਮੂੰਹਾਂ ਦੇ ਨੇੜੇ ਤੇ ਠਿੱਡਾਂ ਤੇ ਚਮਕੀਲ/ਅਬਰਕ ਵੀ ਲਾ ਦਿੰਦੇ ਸਨ। ਕਈਆਂ ਦੇ ਕਾਲੇ ਰੰਗ ਨਾਲ ਲਾਈਨਾਂ ਵੀ ਲਾ ਦਿੰਦੇ ਸਨ। ਜਦ ਭਾਂਡੇ ਚੰਗੀ ਤਰ੍ਹਾਂ ਸੁੱਕ ਜਾਂਦੇ ਸਨ ਤਾਂ ਇਨ੍ਹਾਂ ਭਾਂਡਿਆਂ ਨੂੰ ਆਵੀ ਵਿਚ ਪਾ ਕੇ ਪਕਾਇਆ ਜਾਂਦਾ ਸੀ। ਭਾਂਡੇ ਪਕਾਉਣ ਲਈ ਪਾਥੀਆਂ, ਲੱਕੜਾਂ ਦਾ ਬੂਰਾ ਆਦਿ ਦੀ ਵਰਤੋਂ ਕੀਤੀ ਜਾਂਦੀ ਸੀ।

ਇਹ ਸੀ ਭਾਂਡੇ ਬਣਾਉਣ ਦੀ ਵਿਧੀ। ਅੱਜ ਪੰਜਾਬ ਦੇ ਟਾਵੇਂ ਟਾਵੇਂ ਪਿੰਡਾਂ ਵਿਚ ਹੀ ਘੁਮਿਆਰ ਭਾਂਡੇ ਬਣਾਉਂਦੇ ਹਨ ਤੇ ਆਵੀ ਪਾਉਂਦੇ ਹਨ। ਕਿਉਂ ਜੋ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਦਿਨੋ ਦਿਨ ਘਟੀ ਜਾ ਰਹੀ ਹੈ। ਹੁਣ ਘਰ ਘਰ ਨਲਕੇ ਜਾਂ



ਵਾਟਰ ਵਰਕਸ ਦੀਆਂ ਟੂਟੀਆਂ ਲੱਗੀਆਂ ਹੋਈਆਂ ਹਨ। ਬਹੁਤੇ ਲੋਕਾਂ ਨੇ ਆਪਣੇ ਘਰਾਂ ਉਪਰ ਸੀਮੈਂਟ ਦੀਆਂ ਟੈਂਕੀਆਂ ਬਣਾਈਆਂ ਹੋਈਆਂ ਹਨ ਜਾਂ ਪਲਾਸਟਿਕ ਦੀਆਂ ਟੈਂਕੀਆਂ ਰੱਖੀਆਂ ਹੋਈਆਂ ਹਨ। ਇਸ ਲਈ ਕੋਈ ਵੀ ਪਰਿਵਾਰ ਹੁਣ ਪਾਣੀ ਘੜਿਆਂ ਵਿਚ ਨਹੀਂ ਰੱਖਦਾ। ਲੋੜ ਅਨੁਸਾਰ ਪਾਣੀ ਸਿੱਧਾ ਨਲਕਿਆਂ ਜਾਂ ਟੂਟੀਆਂ ਤੋਂ ਲੈ ਕੇ ਵਰਤ ਲੈਂਦੇ ਹਨ ਜਾਂ ਲੋਹੇ, ਪਿੱਤਲ, ਸਟੀਲ ਜਾਂ ਪਲਾਸਟਿਕ ਦੀਆਂ ਬਾਲਟੀਆਂ ਵਿਚ ਭਰ ਕੇ ਰੱਖ ਲੈਂਦੇ ਸਨ। ਦਾਲਾਂ ਹੁਣ ਕੁੱਜਿਆਂ ਦੀ ਥਾਂ ਬਹੁਤੀਆਂ ਕੁਕਰਾਂ ਜਾਂ ਪਤੀਲਿਆਂ ਵਿਚ ਬਣਾਈਆਂ ਜਾਂਦੀਆਂ ਹਨ। ਲੱਸੀ ਪੀਣ ਦਾ ਰਿਵਾਜ ਹੁਣ ਦਿਨੋ ਦਿਨ ਘਟ ਰਿਹਾ ਹੈ। ਜੇਕਰ ਖੇਤ ਕਿਸੇ ਨੇ ਰੋਟੀ ਦੇ ਨਾਲ ਲੱਸੀ ਲੈ ਕੇ ਜਾਣੀ ਹੋਵੇ, ਉਹ ਬਲ੍ਹਣੀ ਝੱਕਰੇ ਦੀ ਥਾਂ ਪਿੱਤਲ, ਸਟੀਲ ਜਾਂ ਅਲਮੂਨੀਅਮ ਦੇ ਡੋਲੂ ਵਿਚ ਲੈ ਕੇ ਜਾਂਦੇ ਹਨ। ਜਿਥੇ ਪਹਿਲਾਂ ਘਰ ਦੀਆਂ ਦਾਲਾਂ, ਲੂਣ, ਮਿਰਚ, ਮਸਾਲੇ, ਰਸੋਈ ਤੇ ਘਰ ਦਾ ਹੋਰ ਸਮਾਨ ਮਿੱਟੀ ਦੇ ਛੋਟੇ ਵੱਡੇ ਭਾਂਡਿਆਂ ਵਿਚ ਰੱਖਿਆ ਜਾਂਦਾ ਸੀ, ਉਹ ਹੁਣ ਲੋਹੇ, ਸਟੀਲ, ਅਲਮੂਨੀਅਮ ਤੇ ਪਲਾਸਟਿਕ ਦੇ ਪੀਪੇ, ਢੋਲੀਆਂ ਆਦਿ ਵਿਚ ਰੱਖਿਆ ਜਾਂਦਾ ਹੈ।

ਪਹਿਲੇ ਸਮਿਆਂ ਦਾ ਅਖਾਣ 'ਘੁਮਿਆਰੀ ਆਪਣੇ ਭਾਂਡੇ ਨੂੰ ਹੀ ਸਲਾਹੁੰਦੀ ਹੈ' ਦੀ ਵਰਤੋਂ ਹੁਣ ਕਿਸ ਨੇ ਕਰਨੀ ਹੈ? ਕਿਉਂ ਜੋ ਮਿੱਟੀ ਦੇ ਭਾਂਡੇ ਤਾਂ ਹੁਣ ਬਣਨੋਂ ਹੀ ਹਟਦੇ ਜਾ ਰਹੇ ਹਨ।

0

## ਘੁਲਾੜੀ/ਵੇਲਨਾ

ਘੁਲਾੜੀ ਨਾਲ ਗੰਨੇ ਪੀੜ ਕੇ, ਰਸ ਕੜਾਹੇ ਵਿਚ ਕਾੜ੍ਹ ਕੇ ਗੁੜ ਬਣਾਇਆ ਜਾਂਦਾ ਸੀ। ਘੁਲਾੜੀ ਬਾਰੇ ਦੱਸਣ ਤੋਂ ਪਹਿਲਾਂ ਮੈਂ ਪੁਰਾਣੇ ਸਮਿਆਂ ਵਿਚ ਗੁੜ ਦੀ ਕੀ ਮਹੱਤਤਾ ਹੁੰਦੀ ਸੀ, ਦੱਸਣਾ ਯੋਗ ਸਮਝਦਾ ਹਾਂ। ਗੁੜ ਦੀ ਉਸ ਸਮੇਂ ਹਰ ਥਾਂ ਪ੍ਰਧਾਨਤਾ ਹੁੰਦੀ ਸੀ। ਹਰ ਕੰਮ ਗੁੜ ਜਾਂ ਸ਼ੱਕਰ ਵੰਡ ਕੇ ਸ਼ੁਰੂ ਕੀਤਾ ਜਾਂਦਾ ਸੀ। ਘਰ ਦੀ ਨੀਂਹ ਰੱਖਣ ਸਮੇਂ, ਛੱਤ ਪਾਉਣ ਸਮੇਂ ਵੀ ਗੁੜ ਹੀ ਵੰਡਿਆ ਜਾਂਦਾ ਸੀ। ਗੁੜ/ਸ਼ੱਕਰ ਦੀ ਡਲੀ ਨਾਲ ਰਿਸ਼ਤੇ ਕੀਤੇ ਜਾਂਦੇ ਸਨ। ਜਦ ਕੁੜੀਆਂ, ਬਹੂਆਂ, ਬੁੜੀਆਂ ਵਿਆਹ ਤੋਂ ਕਈ ਮਹੀਨੇ ਪਹਿਲਾਂ ਗੀਤ ਗਾਉਣੇ ਸ਼ੁਰੂ ਕਰਦੀਆਂ ਸਨ, ਉਨ੍ਹਾਂ ਨੂੰ ਗੀਤ ਗਾਉਣ ਤੋਂ ਪਿਛੋਂ ਗੁੜ ਦੇ ਕੇ ਹੀ ਵਿਦਾ ਕੀਤਾ ਜਾਂਦਾ ਸੀ। ਵਿਆਹ ਸਮੇਂ ਗੁੜ ਦੇ ਕੜਾਹ ਦੇ ਸ਼ਰੀਕੇ, ਕਬੀਲੇ ਨੂੰ ਪਰੋਸੇ ਦਿੱਤੇ ਜਾਂਦੇ ਸਨ। ਗੁੜ ਦੇ ਗੁਲਗਲੇ ਪਕਾਏ ਜਾਂਦੇ ਸਨ। ਬੱਚੇ ਦੇ ਜਨਮ ਸਮੇਂ ਵੀ ਗੁੜ ਦੀ ਭੇਲੀ ਦਿੱਤੀ ਜਾਂਦੀ ਸੀ। ਗੁੜ ਨਾਲ ਹੀ ਲੋਹੜੀ ਵੰਡੀ ਜਾਂਦੀ ਸੀ। ਗੁੜ, ਸ਼ੱਕਰ ਉਸ ਸਮੇਂ ਖ਼ੁਰਾਕ ਦਾ ਜ਼ਰੂਰੀ ਹਿੱਸਾ ਹੁੰਦਾ ਸੀ।



Academy of the Punjab in North America: http://www.apnaorg.com



ਉਨ੍ਹਾਂ ਸਮਿਆਂ ਵਿਚ ਗੰਨੇ ਚੂਪਣ ਤੇ ਰਸ ਪੀਣ ਦਾ ਬਹੁਤ ਰਿਵਾਜ ਸੀ। ਜਦ ਪੰਜਾਬ ਤੇ ਗੋਰਿਆਂ ਦਾ ਰਾਜ ਹੋਇਆ ਤਾਂ ਉਨ੍ਹਾਂ ਨੇ ਪੰਜਾਬ ਵਿਚ ਚਾਹ ਪੀਣਾ ਪ੍ਰਚਲਤ ਕੀਤਾ। ਜਿਸ ਦਾ ਪਤੀ ਚਾਹ ਪੀਣ ਲੱਗ ਜਾਂਦਾ ਸੀ, ਉਸ ਦੀ ਪਤਨੀ ਉਸ ਨੂੰ ਚਾਹ ਛੱਡ ਕੇ ਗੰਨੇ ਚੂਪਣ ਦੀ ਸਿਫ਼ਾਰਿਸ਼ ਕਰਦੀ ਹੁੰਦੀ ਸੀ–

ਵੇ ਤੂੰ ਚਾਹ ਗੋਰਿਆਂ ਦੀ ਛੱਡ ਦੇ,
ਗੰਨਿਆਂ ਦਾ ਰਸ ਚੂਪ ਲੈ।

ਉਨ੍ਹਾਂ ਸਮਿਆਂ ਵਿਚ ਪਰਿਵਾਰ ਦੇ ਕਈ ਗਭਰੂ ਛੜੇ ਰਹਿ ਜਾਂਦੇ ਸਨ। ਜੇਕਰ ਰੱਬ ਸਬੱਬੀਂ ਛੜੇ ਰਹਿ ਗਏ ਜੇਠ ਦੀ ਕੁੜਮਾਈ ਹੋ ਜਾਂਦੀ ਸੀ ਤਾਂ ਵੀ ਉਸ ਦੀ ਭਰਜਾਈ ਗੁੜ ਹੀ ਵੰਡਦੀ ਹੁੰਦੀ ਸੀ –

ਛੜੇ ਜੇਠ ਦੀ ਹੋਈ ਕੁੜਮਾਈ,
ਗਲੀਆਂ 'ਚ ਗੁੜ ਵੰਡਦੀ।

ਜੇਕਰ ਉਨ੍ਹਾਂ ਸਮਿਆਂ ਵਿਚ ਕੋਈ ਮੁਕੱਦਮਾ ਜਿੱਤ ਜਾਂਦਾ ਸੀ, ਤਾਂ ਵੀ ਗੁੜ ਵੰਡਿਆ ਜਾਂਦਾ ਸੀ। ਬਾਅਦ ਵਿਚ ਗੁੜ ਦੀ ਥਾਂ ਲੱਡੂਆਂ ਨੇ ਲੈ ਲਈ–

ਲੱਡੂ ਵੰਡਦੀ ਤਸੀਲੋਂ ਨਿਕਲੀ,
ਪਹਿਲੀ ਪੇਸ਼ੀ ਯਾਰ ਛੁੱਟ ਗਿਆ।

ਗੱਲ ਕੀ ਉਨ੍ਹਾਂ ਸਮਿਆਂ ਵਿਚ ਕੋਈ ਵੀ ਕਾਰਜ ਗੁੜ ਤੋਂ ਬਿਨਾਂ ਸੰਪੂਰਨ ਨਹੀਂ ਸਮਝਿਆ ਜਾਂਦਾ ਸੀ। ਲਓ, ਹੁਣ ਘੁਲਾੜੀ ਦੀ ਬਣਤਰ ਬਾਰੇ ਵੀ ਸੁਣ ਲਵੋ।

ਘੁਲਾੜੀ ਸਾਰੀ ਦੀ ਸਾਰੀ ਲੋਹੇ ਦੀ ਦੇਗ ਦੀ ਬਣੀ ਹੁੰਦੀ ਸੀ। ਸਭ ਤੋਂ ਹੇਠਲੇ ਹਿੱਸੇ ਨੂੰ ਜਿਥੇ ਰਸ ਨਿਕਲ ਕੇ ਡਿਗਦਾ ਹੁੰਦਾ ਸੀ ਤੇ ਜਿਸ ਤੇ ਵੇਲਣੇ ਫਿਟ ਹੁੰਦੇ ਸਨ, ਉਸ ਨੂੰ ਪਾਰੀ ਕਿਹਾ ਜਾਂਦਾ ਸੀ। ਪਾਰੀ ਪਰਾਂਤ ਦੀ ਤਰ੍ਹਾਂ ਸਿਰਿਆਂ ਤੋਂ ਉੱਚੀ



ਹੁੰਦੀ ਸੀ ਤਾਂ ਜੋ ਰਸ ਬਾਹਰ ਨਾ ਡੁੱਲ੍ਹੇ। ਪਾਰੀ ਦਾ ਅਗਲਾ ਹਿੱਸਾ ਪਰਨਾਲੇ ਦੀ ਸ਼ਕਲ ਦਾ ਬਣਿਆ ਹੁੰਦਾ ਸੀ, ਜਿਸ ਨੂੰ ਪਰਨਾਲਾ ਹੀ ਕਹਿੰਦੇ ਸਨ। ਪਰਨਾਲੇ ਵਿਚੋਂ ਦੀ ਰਸ ਨਿਕਲ ਕੇ ਪੀਪੇ ਵਿਚ ਪੈਂਦਾ ਸੀ। ਘੁਲਾੜੀ ਦੇ ਅਗਲੇ ਹਿੱਸੇ ਵਿਚ ਦੋ ਵੇਲਨੇ ਲੱਗੇ ਹੁੰਦੇ ਸਨ ਤੇ ਇਕ ਵੇਲਨਾ ਪਿਛਲੇ ਪਾਸੇ ਹੁੰਦਾ ਸੀ। ਇਨ੍ਹਾਂ ਵੇਲਨਿਆਂ ਦੇ ਹੇਠਲੇ ਹਿੱਸੇ ਪਾਰੀ ਵਿਚ ਸੈੱਟ ਕੀਤੇ ਹੁੰਦੇ ਸਨ। ਵੇਲਨਿਆਂ ਉਪਰ ਦੇਗ ਦਾ ਢੱਕਣ ਲੱਗਿਆ ਹੁੰਦਾ ਸੀ, ਜਿਸ ਨੂੰ ਧੱਕੜ ਕਹਿੰਦੇ ਸਨ। ਕਈ ਇਲਾਕਿਆਂ ਵਿਚ ਇਸ ਨੂੰ ਸਿਰਕੋਪ ਵੀ ਕਹਿੰਦੇ ਸਨ। ਏਸ ਧੱਕੜ ਵਿਚ ਵੇਲਨਿਆਂ ਦੇ ਉਪਰਲੇ ਸਿਰੇ ਫਿੱਟ ਕੀਤੇ ਹੁੰਦੇ ਸਨ। ਧੱਕੜ ਵਿਚ ਇਕ ਮੋਰੀ ਹੁੰਦੀ ਸੀ, ਜਿਥੋਂ ਦੀ ਇਕ ਵੇਲਨੇ ਦਾ ਸਿਰਾ ਬਾਹਰ ਨਿਕਲਿਆ ਹੁੰਦਾ ਸੀ। ਏਸ ਸਿਰੇ ਉਪਰ ਦੇਗ ਦਾ ਟੋਪਾ ਫਿੱਟ ਕੀਤਾ ਜਾਂਦਾ ਸੀ, ਜਿਸ ਵਿਚ ਘੁਲਾੜੀ ਨੂੰ ਚਲਾਉਣ ਲਈ ਲੱਕੜ ਦੀ ਗਰਦਲ ਪਾਈ ਜਾਂਦੀ ਸੀ। ਪਾਰੀ ਤੇ ਧੱਕੜ ਨੂੰ ਮੇਲਣ ਲਈ ਵੇਲਨਿਆਂ ਤੋਂ ਬਾਹਰ ਦੋ ਪਾਸੇ ਬਾਹੀਆਂ ਲੱਗੀਆਂ ਹੁੰਦੀਆਂ ਸਨ। ਇਹ ਬਾਹੀਆਂ ਪਾਰੀ, ਧੱਕੜ ਤੇ ਵੇਲਨਿਆਂ ਨੂੰ ਕੰਟਰੋਲ ਕਰਦੀਆਂ ਸਨ।

ਵੇਲਨਿਆਂ ਦੇ ਉਪਰਲੇ ਸਿਰਿਆਂ ਵਿਚ ਦੰਦੇ ਹੁੰਦੇ ਸਨ। ਅਗਲੇ ਦੋਵਾਂ ਵੇਲਨਿਆਂ ਦੇ ਅੱਗੇ ਇਕ ਦੇਗ ਦੀ ਫੱਟੀ ਲਾਈ ਹੁੰਦੀ ਸੀ, ਜਿਸ ਦੇ ਵਿਚਾਲੇ ਬੜਾ ਸਾਰਾ ਸੁਰਾਖ਼ ਹੁੰਦਾ ਸੀ, ਜਿਸ ਨੂੰ ਘੁਲਾੜੀ ਦਾ ਮੂੰਹ ਕਹਿੰਦੇ ਸਨ। ਏਸ ਮੂੰਹ ਵਿਚ ਦੀ ਹੀ ਗੰਨੇ ਘੁਲਾੜੀ ਵਿਚ ਲਾਏ ਜਾਂਦੇ ਸਨ। ਘੁਲਾੜੀ ਵਿਚ ਗੰਨੇ ਲਾਉਣ ਵਾਲੇ ਬੰਦੇ ਦੇ ਬੈਠਣ ਲਈ ਜ਼ਮੀਨ ਨੀਵੀਂ ਪੱਟ ਕੇ ਜਗ੍ਹਾ ਬਣਾਈ ਹੁੰਦੀ ਸੀ। ਨੀਵੀਂ ਥਾਂ ਏਸ ਕਰ ਕੇ ਬਣਾਈ ਜਾਂਦੀ ਸੀ ਤਾਂ ਜੋ ਘੁਲਾੜੀ ਦੀ ਗਰਦਲ ਆਸਾਨੀ ਨਾਲ ਗੰਨੇ ਲਾਉਣ ਵਾਲੇ ਬੰਦੇ ਦੇ ਉਪਰ ਦੀ ਲੰਘ ਸਕੇ। ਏਸ ਤਰ੍ਹਾਂ ਹੀ ਜਿਥੇ ਗੰਨੇ ਘੁਲਾੜੀ ਵਿਚ ਲਾਉਣ ਲਈ ਰੱਖੇ ਜਾਂਦੇ ਸਨ, ਉਹ ਥਾਂ ਵੀ ਧਰਤੀ ਪੱਟ ਕੇ ਨੀਵੀਂ ਕੀਤੀ ਹੁੰਦੀ ਸੀ ਤਾਂ ਜੋ ਗੰਨਿਆਂ ਦੀ ਭਰੀ ਉਪਰ ਦੀ ਘੁਲਾੜੀ ਦੀ ਗਰਦਲ ਆਸਾਨੀ ਨਾਲ ਲੰਘ ਸਕੇ।

ਘੁਲਾੜੀ ਨੂੰ ਧਰਤੀ ਵਿਚ ਗੱਡਣ ਲਈ ਘੁਲਾੜੀ ਦੀ ਪਾਰੀ ਦੇ ਹੇਠਲੇ ਹਿੱਸੇ ਹੇਠਾਂ ਨੂੰ ਵਧਾਏ ਹੁੰਦੇ ਸਨ। ਬਾਹੀਆਂ ਦੇ ਹੇਠਾਂ ਵੀ ਇਹ ਹੇਠਲੇ ਹਿੱਸੇ ਵਧੇ ਹੁੰਦੇ ਸਨ। ਇਨ੍ਹਾਂ ਹਿੱਸਿਆਂ ਵਿਚ ਗਲੀਆਂ ਰੱਖੀਆਂ ਹੁੰਦੀਆਂ ਸਨ। ਇਨ੍ਹਾਂ ਵਧੇ ਹੋਏ ਹਿੱਸਿਆਂ ਦੇ ਥੱਲੇ ਦੋ ਦੋ ਮਜ਼ਬੂਤ ਲੱਕੜਾਂ ਧਰਤੀ ਵਿਚ ਡੂੰਘੀਆਂ ਗੱਡੀਆਂ ਹੁੰਦੀਆਂ ਸਨ। ਇਨ੍ਹਾਂ ਲੱਕੜਾਂ ਦੇ ਸਿਰਿਆਂ ਵਿਚ ਦੀ ਤੇ ਪਾਰੀ ਦੇ ਹੇਠਲੇ ਹਿੱਸੇ ਵਿਚ ਛੱਡੇ ਸੁਰਾਖ਼ਾਂ ਵਿਚ ਦੀ ਲੋਹੇ ਦੇ ਕਾਬਲੇ ਪਾਏ ਜਾਂਦੇ ਸਨ, ਜਿਹੜੇ ਘੁਲਾੜੀ ਨੂੰ ਜਕੜ ਕੇ ਰੱਖਦੇ ਸਨ।

ਘੁਲਾੜੀ ਬਲਦਾਂ ਦੀ ਜੋੜੀ ਜਾਂ ਊਠ ਨਾਲ ਚਲਾਈ ਜਾਂਦੀ ਸੀ। ਬਲਦਾਂ ਦੀ



Academy of the Punjab in North America: http://www.apnaorg.com

ਜੋੜੀ ਨੂੰ ਗਰਦਲ ਨਾਲ ਜੋੜਿਆ ਜਾਂਦਾ ਸੀ। ਗਰਦਲ ਵੇਲਨਿਆਂ ਨੂੰ ਚਲਾਉਂਦੀ ਸੀ। ਗੰਨੇ ਲਾਉਣ ਵਾਲਾ ਘੁਲਾੜੀ ਵਿਚ ਗੰਨੇ ਲਾਉਂਦਾ ਸੀ। ਰਸ ਨਿਕਲ ਕੇ ਪਾਰੀ ਵਿਚ ਦੀ ਹੁੰਦਾ ਹੋਇਆ ਧਰਤੀ ਵਿਚ ਡੂੰਘੇ ਰੱਖੇ ਪੀਪੇ ਵਿਚ ਪੈਂਦਾ ਸੀ। ਏਸ ਪੀਪੇ ਨੂੰ ਵਹਾ ਕਿਹਾ ਜਾਂਦਾ ਸੀ। ਘੁਲਾੜੀ ਦੀ ਪੈੜ ਦੇ ਨਾਲ ਹੀ ਵਹਿਣੀ ਬਣਾਈ ਹੁੰਦੀ ਸੀ। ਵਹਿਣੀ ਇਕ ਬਹੁਤ ਬੜੇ ਆਕਾਰ ਦਾ ਚੁਲ੍ਹਾ ਹੁੰਦਾ ਸੀ, ਜਿਸ ਦੇ ਉਪਰ ਗੁੜ ਬਣਾਉਣ ਲਈ ਕੜਾਹਾ ਰੱਖਿਆ ਹੁੰਦਾ ਸੀ। ਗੁੜ ਬਣਾਉਣ ਲਈ ਆਮ ਤੌਰ ਤੇ 8 ਵਹਿਆਂ/ਪੀਪੇ ਤੋਂ ਲੈ ਕੇ 12 ਪੀਪਿਆਂ ਦਾ ਰਸ ਕੜਾਹੇ ਵਿਚ ਪਾਇਆ ਜਾਂਦਾ ਸੀ। ਕੜਾਹੇ ਉਪਰ ਇਕ ਟੋਕਰੀ ਰੱਖੀ ਹੁੰਦੀ ਸੀ, ਜਿਸ ਵਿਚ ਮਲਮਲ ਦਾ ਕੱਪੜਾ ਰੱਖਿਆ ਹੁੰਦਾ ਸੀ। ਕੜਾਹੇ ਵਿਚ ਰਸ ਪਾਉਣ ਸਮੇਂ ਰਸ ਵਿਚ ਜੋ ਨਿੱਕ ਸੁੱਕ ਹੁੰਦਾ ਸੀ, ਉਹ ਟੋਕਰੀ ਵਿਚ ਰਹਿ ਜਾਂਦਾ ਸੀ।

ਰਸ ਪਕਾਉਣ ਤੇ ਗੁੜ ਬਣਾਉਣ ਲਈ ਗੰਨਿਆਂ ਦੀ ਸੁੱਕੀ ਪੱਤੀ, ਸਲਵਾੜ ਦੀ ਅੱਗ ਦੇ ਸੇਕ ਦੀ ਵਰਤੋਂ ਕੀਤੀ ਜਾਂਦੀ ਸੀ। ਗੰਨਿਆਂ ਦੇ ਸੁੱਕੇ ਤੱਥਿਆਂ ਦੀ ਵਰਤੋਂ ਵੀ ਰਸ ਪਕਾਉਣ ਲਈ ਕੀਤੀ ਜਾਂਦੀ ਸੀ। ਗੰਨੇ ਦੇ ਰਸ ਨੂੰ ਸਾਫ਼ ਕਰਨ ਲਈ ਭਿੰਡੀ ਦੇ ਸੁੱਕੇ ਬੂਟਿਆਂ ਨੂੰ ਕੱਟ ਕੇ ਪਾਨੀ ਵਿਚ ਉਬਾਲਿਆਂ ਜਾਂਦਾ ਸੀ। ਏਸ ਉਬਾਲੇ ਹੋਏ ਪਾਣੀ ਨੂੰ ਕੜਾਹੇ ਵਿਚ ਗਰਮ ਹੋ ਰਹੇ ਰਸ ਵਿਚ ਪਾ ਦਿੱਤਾ ਜਾਂਦਾ ਸੀ। ਇਸ ਨਾਲ ਰਸ ਵਿਚ ਜੋ ਮੈਲ ਹੁੰਦੀ ਸੀ, ਉਹ ਉਪਰ ਆ ਜਾਂਦੀ ਸੀ, ਜਿਸ ਨੂੰ ਲੱਕੜ ਦੇ ਹੱਥੇ ਵਿਚ ਲੱਗੀ ਛਾਨਣੀ ਨਾਲ ਰਸ ਵਿਚੋਂ ਬਾਹਰ ਕੱਢ ਲੈਂਦੇ ਸਨ। ਰਸ ਦੀ ਇਹ ਮੈਲ ਪਸ਼ੂਆਂ ਦੀ ਖ਼ੁਰਾਕ ਵਿਚ ਵਰਤ ਲੈਂਦੇ ਸਨ। ਰਸ ਨੂੰ ਲੱਕੜ ਦੇ ਮਕਸੂਦ ਨਾਲ ਹਿਲਾਉਂਦੇ ਰਹਿੰਦੇ ਸਨ। ਜਿਉਂ ਜਿਉਂ ਰਸ ਪੱਕਦਾ ਸੀ, ਰਸ ਵਿਚ ਬੁਲਬੁਲੀਆਂ ਬਣਦੀਆਂ ਸਨ। ਜਦ  ਰਸ ਪੱਕ ਕੇ ਗੁੜ ਬਣਨ ਯੋਗ ਹੋ ਜਾਂਦਾ ਸੀ, ਤਾਂ ਇਸ ਨੂੰ ਕੜਾਹੇ ਵਿਚੋਂ ਲੱਕੜ ਦੇ ਚੌਰਸ ਜਾਂ ਗੋਲ ਬਣੇ ਆਕਾਰ ਵਾਲੇ ਬੜੇ ਸਾਰੇ ਟੱਬ ਵਿਚ ਉਲਦ ਦਿੱਤਾ ਜਾਂਦਾ ਸੀ, ਜਿਸ ਨੂੰ ਗੰਡ ਕਹਿੰਦੇ ਸਨ। ਜਦ ਇਹ ਥੋੜ੍ਹਾ ਠੰਡਾ ਹੋ ਜਾਂਦਾ ਸੀ ਤਾਂ ਇਸ ਨੂੰ ਲੋਹੇ ਦੇ ਬੜੇ ਬੜੇ ਖੁਰਚਣਿਆਂ ਨਾਲ ਉਲਟਾਅ ਪੁਲਟਾਅ ਕੇ ਚੰਡਿਆ ਜਾਂਦਾ ਸੀ। ਇਨ੍ਹਾਂ ਖੁਰਚਣਿਆਂ ਨੂੰ ਚੰਡਣੀਆਂ ਕਹਿੰਦੇ ਸਨ। ਚੰਡ ਕੇ ਗੁੜ ਦੀਆਂ ਭੇਲੀਆਂ ਜਾਂ ਪੇਸ਼ੀਆ ਜਾਂ ਸ਼ੱਕਰ ਬਣਾਈ ਜਾਂਦੀ ਸੀ। ਪੰਜ ਕੁ ਕਿਲੋ ਗੁੜ ਨੂੰ ਇਕ ਥਾਂ 'ਕੱਠਾ ਕਰ ਕੇ ਜਮਾਉਣ ਨੂੰ ਭੇਲੀ ਕਹਿੰਦੇ ਸਨ। ਭੇਲੀਆਂ, ਪੇਸ਼ੀਆਂ ਤੇ ਸ਼ੱਕਰ ਨੂੰ ਮੋਟੇ ਖੇਸ ਤੇ ਪਾਇਆ ਜਾਂਦਾ ਸੀ। ਜਦ ਇਹ ਸੁੱਕ ਕੇ ਠੰਡੀਆਂ ਹੋ ਜਾਂਦੀਆਂ ਸਨ ਤਾਂ ਇਨ੍ਹਾਂ ਨੂੰ ਘਰਾਂ ਨੂੰ ਲੈ ਜਾਂਦੇ ਸਨ। ਉਨਾਂ ਸਮਿਆਂ ਦਾ ਹੀ ਸਿਆਣਿਆਂ ਦਾ ਕਿਹਾ ਹੋਇਆ ਅਖਾਣ ਹੈ –

ਪੁੱਤ ਪੜ੍ਹਾਇਆ ਭਲਾ,
ਕਮਾਦ ਪੀੜਿਆ ਭਲਾ।



ਹੁਣ ਮਾਲਵੇ ਵਿਚ ਘੁਲਾੜੀਆ ਘੱਟ ਹੀ ਨਜ਼ਰ ਆਉਂਦੀਆਂ ਹਨ। ਦੁਆਬੇ ਅਤੇ ਮਾਝੇ ਵਿਚ ਅਜੇ ਵੀ ਸੜਕਾਂ ਦੇ ਆਲੇ ਦੁਆਲੇ ਕਈ ਘੁਲਾੜੀਆਂ ਚਲਦੀਆਂ ਮਿਲਦੀਆਂ ਹਨ। ਇਨ੍ਹਾਂ ਨੂੰ ਯੂ.ਪੀ. ਦੇ ਪ੍ਰਵਾਸੀ ਮਜ਼ਦੂਰ ਤੇ ਠੇਕੇਦਾਰ ਚਲਾਉਂਦੇ ਹਨ। ਇਹ ਜ਼ਿਮੀਂਦਾਰਾਂ ਤੋਂ ਜ਼ਮੀਨ ਠੇਕੇ 'ਤੇ ਲੈ ਕੇ ਘੁਲਾੜੀਆਂ ਲਾ ਲੈਂਦੇ ਹਨ। ਗੰਨਾ ਜ਼ਿਮੀਂਦਾਰਾਂ ਤੋਂ ਖ਼ਰੀਦ ਲੈਂਦੇ ਹਨ। ਪਰ ਇਹ ਘੁਲਾੜੀਆਂ ਬਲਦਾਂ ਜਾਂ ਊਠਾਂ ਨਾਲ ਚਲਾਉਣ ਦੀ ਥਾਂ ਇੰਜਣਾਂ ਨਾਲ ਚਲਾਈਆਂ ਜਾਂਦੀਆਂ ਹਨ।

0

## ਬਾਜ਼ੀ ਪਾਉਣੀ

ਕਲਾਬਾਜ਼ੀ ਲਾਉਣ, ਕਲਾਬਾਜ਼ੀ ਖਾਣ, ਨੂੰ ਬਾਜ਼ੀ ਪਾਉਣੀ ਕਹਿੰਦੇ ਹਨ। ਪਹਿਲੇ ਸਮਿਆਂ ਵਿਚ ਹਰ ਕਿੱਤੇ ਨਾਲ ਸਬੰਧਤ ਲੋਕ ਪਿੰਡਾਂ ਵਿਚ ਰਹਿੰਦੇ ਸਨ। ਆਪਣੇ ਕਿੱਤੇ ਕਰਦੇ ਸਨ। ਏਸੇ ਕਰਕੇ ਹੀ ਉਨ੍ਹਾਂ ਸਮਿਆਂ ਵਿਚ ਪਿੰਡ ਸਵੈ-ਨਿਰਭਰ ਹੁੰਦੇ ਸਨ। ਬਾਜ਼ੀ ਬਾਜ਼ੀਗਰ ਜਾਤੀ ਵਾਲੇ ਪਾਉਂਦੇ ਸਨ। ਉਨ੍ਹਾਂ ਸਮਿਆਂ ਵਿਚ ਸਾਰੇ ਪਿੰਡਾਂ ਵਿਚ ਬਾਜ਼ੀਗਰ ਨਹੀਂ ਹੁੰਦੇ ਸਨ। ਆਮ ਤੌਰ 'ਤੇ 12 ਸਾਲਾਂ ਬਾਅਦ ਬਾਜ਼ੀ ਪਾਈ ਜਾਂਦੀ ਸੀ। ਬਾਜ਼ੀ ਨਾਲ ਸਬੰਧਿਤ ਸਾਨੂੰ ਕਈ ਮੁਹਾਵਰੇ ਵੀ ਮਿਲਦੇ ਹਨ ਜਿਵੇਂ ਕੰਮ ਸਿਰੇ ਚੜ੍ਹ ਜਾਣ ਨੂੰ 'ਬਾਜ਼ੀ ਲੈ ਜਾਣਾ' ਕਹਿੰਦੇ ਹਨ। ਆਸ ਦੇ ਉਲਟ ਕੰਮ ਹੋਣ ਨੂੰ 'ਬਾਜ਼ੀ ਪੁੱਠੀ ਪੈਣੀ' ਕਹਿੰਦੇ ਹਨ।

ਬਾਜ਼ੀਗਰਾਂ ਨੇ ਜਿਸ ਪਿੰਡ ਵਿਚ ਬਾਜ਼ੀ ਪਾਉਣੀ ਹੁੰਦੀ ਸੀ, ਉਹ ਆਪਣਾ ਸਾਰਾ ਸ਼ਰੀਕਾ ਕਬੀਲਾ ਲੈ ਕੇ ਉਸ ਪਿੰਡ ਵਿਚ ਬਾਜ਼ੀ ਪਾਉਣ ਤੋਂ ਇਕ ਮਹੀਨਾ ਪਹਿਲਾਂ ਪਹੁੰਚ ਜਾਂਦੇ ਸਨ। ਪਿੰਡ ਵਾਲੇ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਕਰਦੇ ਸਨ। ਖਾਣ ਪੀਣ ਲਈ ਰਸਦ 'ਕੱਠੀ ਕਰਕੇ ਦਿੰਦੇ ਸਨ।





Academy of the Punjab in North America: http://www.apnaorg.com

ਪਿੰਡ ਵਿਚ ਰਹਿੰਦੇ ਹੋਏ ਬਾਜ਼ੀਗਰ ਬਾਜ਼ੀ ਪਾਉਣ ਵਾਲੇ ਸਾਰੇ ਕਰਤਵਾਂ ਦੀ ਪ੍ਰੈਕਟਿਸ ਕਰਦੇ ਰਹਿੰਦੇ ਸਨ। ਆਮ ਤੌਰ ਤੇ ਪਿੰਡਾਂ ਦੇ ਦਰਵਾਜ਼ਿਆਂ ਅੱਗੇ ਖੁਲ੍ਹੀ ਥਾਂ ਹੁੰਦੀ ਸੀ, ਜਿਥੇ ਬਾਜ਼ੀ ਪਾਈ ਜਾਂਦੀ ਸੀ। ਬਾਜ਼ੀ ਪੈਂਦੀ ਸਾਰਾ ਪਿੰਡ ਵੇਖਦਾ ਸੀ। ਆਲੇ ਦੁਆਲੇ ਪਿੰਡਾਂ ਦੇ ਲੋਕ ਵੀ ਪੈਂਦੀ ਬਾਜ਼ੀ ਨੂੰ ਦੇਖਣ ਆਉਂਦੇ ਸਨ। ਜੇ ਕਿਸੇ ਮੁਟਿਆਰ ਦਾ ਘਰ ਵਾਲਾ ਪਿੰਡ ਵਿਚ ਪੈਂਦੀ ਬਾਜ਼ੀ ਸਮੇਂ ਘਰ ਬੈਠਾ ਹੁੰਦਾ ਸੀ, ਤਾਂ ਉਸ ਦੀ ਪਤਨੀ ਉਸ ਨੂੰ ਬਾਜ਼ੀ ਪੈਂਦੀ ਦੇਖਣ ਜਾਣ ਲਈ ਤੁੰਨਦੀ ਹੁੰਦੀ ਸੀ-

ਦਰਵਾਜ਼ੇ ਪੈਂਦੀ ਬਾਜ਼ੀ,
ਤੂੰ ਬਾਜ਼ੀ ਕਿਉਂ ਨੀ ਦੇਖਦਾ?

ਬਾਜ਼ੀ ਪਾਉਣ ਸਮੇਂ ਉੱਚੀ ਛਾਲ ਤੇ ਹੋਰ ਛਾਲਾਂ ਲਾਉਣ ਦੇ ਕਰਤਵ ਜ਼ਿਆਦਾ ਦਿਖਾਏ ਜਾਂਦੇ ਸਨ। ਉੱਚੀ ਛਾਲ ਲਾਉਣ ਲਈ ਇਕ ਬਹੁਤ ਵਧੀਆ ਲੱਕੜ ਦਾ ਲਚਕਦਾਰ ਫੱਟਾ ਲਿਆ ਜਾਂਦਾ ਸੀ। ਫੱਟੇ ਨੂੰ ਸਰ੍ਹੋਂ ਦਾ ਤੇਲ ਲਾ ਕੇ ਮਜ਼ਬੂਤ ਕੀਤਾ ਜਾਂਦਾ ਸੀ। ਏਸ ਫੱਟੇ ਨੂੰ ਤਿਰਛੀ ਛੇਪ ਵਿਚ ਧਰਤੀ ਵਿਚ ਗੱਡਿਆ ਜਾਂਦਾ ਸੀ। ਬਾਜ਼ੀ ਪਾਉਣ ਵਾਲਿਆਂ ਦੇ ਸਰੀਰ ਤੇ ਸਿਰਫ਼ ਜਾਂਘੀਆ ਹੀ ਪਾਇਆ ਹੁੰਦਾ ਸੀ। ਸਰੀਰ ਉਪਰ ਤੇਲ ਮਲਿਆ ਹੁੰਦਾ ਸੀ। ਛਾਲ ਲਾਉਣ ਵਾਲਾ ਦੂਰ ਤੋਂ ਭੱਜ ਕੇ ਆ ਕੇ ਗੱਡੇ ਫੱਟੇ ਉਪਰ ਪੈਰ ਰੱਖ ਕੇ ਉੱਚੀ ਛਾਲ ਲਾਉਂਦਾ ਸੀ। ਜਿੱਥੇ ਉੱਚੀ ਛਾਲ ਲਾਉਣ ਵਾਲਾ ਆ ਕੇ ਡਿਗਦਾ ਸੀ/ਪਹੁੰਚਦਾ ਸੀ, ਉਸ ਥਾਂ ਨੂੰ ਕਹੀ ਨਾਲ ਡੂੰਘੀ ਪੱਟ ਕੇ ਪੋਲਾ ਕੀਤਾ ਹੁੰਦਾ ਸੀ। ਹੋਰ ਉੱਚੀ ਛਾਲ ਲਾਉਣ ਲਈ ਫੱਟੇ ਤੋਂ ਥੋੜ੍ਹੀ ਦੂਰੀ ਤੇ, ਫੱਟੇ ਤੋਂ ਕਾਫ਼ੀ ਉੱਚਾ ਮੰਜਾ ਖੜ੍ਹਾ ਕੀਤਾ ਜਾਂਦਾ ਸੀ। ਫੇਰ ਉਸ ਖੜ੍ਹੇ ਮੰਜੇ ਉਪਰ ਦੀ ਛਾਲ ਮਾਰਦੇ ਸਲ। ਉੱਚੀ ਛਾਲ ਲਾਉਣ ਸਮੇਂ ਕਈ ਲੋਟ ਪੋਟਣੀਆਂ ਵੀ ਖਾਂਦੇ ਸਨ। ਹੋਰ ਵੀ ਕਈ ਕਰਤਵ ਕਰਦੇ ਸਨ। ਇਨ੍ਹਾਂ ਛਾਲਾਂ ਨੂੰ ਪੱਟੜੀ ਦੀਆਂ ਛਾਲਾਂ ਕਹਿੰਦੇ ਸਨ। ਧਰਤੀ ਉਪਰ ਦੋਵੇਂ ਹੱਥ ਲਾ ਕੇ ਕਈ ਕਿਸਮ ਦੀਆਂ ਕਲਾਬਾਜ਼ੀਆਂ ਕਰਦੇ ਸਨ।

ਉਨ੍ਹਾਂ ਕੋਲ ਲੋਹੇ ਦੇ ਚੱਕਰ ਹੁੰਦੇ ਸਨ, ਜਿਨ੍ਹਾਂ ਦੇ ਵਿਚ ਦੀ ਛਾਲਾਂ ਮਾਰਦੇ ਸਨ। ਕਈ ਚੱਕਰਾਂ ਵਿਚ ਲੋਹੇ ਦੀਆਂ ਛੁਰੀਆਂ ਲੱਗੀਆਂ ਹੁੰਦੀਆਂ ਸਨ, ਜਿਨ੍ਹਾਂ ਵਿਚ ਦੀ ਵੀ ਛਾਲਾਂ ਮਾਰਦੇ ਸਨ। ਚੱਕਰਾਂ ਨਾਲ ਲੀਰਾਂ ਬੰਨ੍ਹ ਕੇ, ਤੇ ਲੀਰਾਂ ਨੂੰ ਅੱਗ ਲਾ ਕੇ, ਉਸ ਦੇ ਵਿਚੋਂ ਦੀ ਵੀ ਛਾਲਾਂ ਲਾਉਂਦੇ ਸਨ। ਤਲਵਾਰ ਦੇ ਦੋਵੇਂ ਸਿਰਿਆਂ ’ਤੇ ਲੀਰਾਂ ਬੰਨ੍ਹ ਕੇ, ਲੀਰਾਂ ਤੇ ਮਿੱਟੀ ਦਾ ਤੇਲ ਪਾ ਕੇ, ਫੇਰ ਉਨ੍ਹਾਂ ਲੀਰਾਂ ਨੂੰ ਅੱਗ ਲਾ ਕੇ, ਤਲਵਾਰ ਨੂੰ ਮੂੰਹ ਵਿਚ ਫੜ ਕੇ, ਗੋਲ ਚੱਕਰ ਵਿਚ ਦੀ ਵੀ ਛਾਲਾਂ ਮਾਰਦੇ ਸਨ। ਲੋਹੇ ਦੇ ਕਈ ਛੋਟੇ ਛੋਟੇ ਚੱਕਰਾਂ ਵਿਚੋਂ ਦੀ ਆਪਣੇ ਸਾਰੇ ਸਰੀਰ ਨੂੰ ਕੱਢਦੇ ਹੁੰਦੇ ਸਨ। ਬਾਜ਼ੀਗਰਾਂ ਦੇ ਸਰੀਰਾਂ ਵਿਚ ਲਚਕ ਬਹੁਤ ਹੁੰਦੀ ਸੀ। ਜਿਸ ਤਰ੍ਹਾਂ ਚਾਹੁੰਦੇ ਸਨ, ਸਰੀਰ ਨੂੰ ਮੋੜ ਲੈਂਦੇ ਸਨ। ਰੱਸੇ ਉਪਰ ਦੀ ਤੁਰਦੇ ਸਨ। ਹੋਰ ਵੀ ਕਈ ਕਰਤਵ ਕਰਦੇ ਸਨ।

ਬਾਜ਼ੀ ਪਾਉਣ ਪਿਛੋਂ ਬਾਜ਼ੀਗਰ ਖੇਸ ਧਰਤੀ ਉਪਰ ਵਿਛਾ ਦਿੰਦੇ ਸਨ। ਸਾਰੇ



ਇਕੱਠ ਨੂੰ ਆਪਣੀ ਇੱਛਾ ਅਨੁਸਾਰ ਪੈਸੇ, ਕਪੜੇ, ਦਾਣੇ ਦੇਣ ਲਈ ਕਹਿੰਦੇ ਸਨ। ਲੋਕ ਪੈਸੇ ਵੀ ਦਿੰਦੇ ਸਨ, ਸੂਟ, ਦੁਪੱਟੇ, ਖੇਸ, ਪੱਗਾਂ, ਦਾਣੇ, ਗੁੜ, ਸ਼ੱਕਰ ਵੀ ਦਿੰਦੇ ਸਨ।

ਹੁਣ ਪੰਜਾਬ ਦੇ ਕਿਸੇ ਪਿੰਡ ਵਿਚ ਵੀ ਬਾਜ਼ੀ ਨਹੀਂ ਪੈਂਦੀ। ਸਾਡਾ ਇਹ ਵਿਰਸਾ ਗੁਜ਼ਰੇ ਸਮੇਂ ਦੀ ਕਹਾਣੀ ਬਣ ਗਿਆ ਹੈ।

0

## ਰੂੰ ਪਿੰਜਣੀ/ਤਾੜਾ

ਰੂੰ ਤਾੜੇ ਨਾਲ ਪਿੰਜੀ ਜਾਂਦੀ ਸੀ। ਅੱਜ ਦੀ ਪੀੜ੍ਹੀ, ਤਾੜਾ ਕੀ ਹੁੰਦਾ ਸੀ? ਕੀ ਕੰਮ ਆਉਂਦਾ ਸੀ? ਬਿਲਕੁਲ ਹੀ ਨਹੀਂ ਦੱਸ ਸਕਦੀ। ਨਾ ਹੀ ਅੱਜ ਦੀ ਪੀੜ੍ਹੀ ਨੇ ਤਾੜਾ ਵੇਖਿਆ ਹੋਵੇਗਾ। ਕਈ ਇਲਾਕਿਆਂ ਵਿਚ ਤਾੜੇ ਨੂੰ ਰੂੰ ਪੇਂਜਾ ਵੀ ਕਹਿੰਦੇ ਸਨ। ਕਪਾਹ ਤੋਂ ਚੰਗੀ ਰੂੰ ਬਣਾਉਣ ਲਈ ਕਪਾਹ ਨੂੰ ਕਈ ਸਟੇਜਾਂ ਵਿਚੋਂ ਲੰਘਣਾ ਪੈਂਦਾ ਸੀ। ਚੁਗੀ ਹੋਈ ਕਪਾਹ ਵਿਚੋਂ ਪਹਿਲਾਂ ਚੰਗੀ ਚੰਗੀ ਕਿਸਮ ਦੀ ਕਪਾਹ, ਜਿਸ ਨੂੰ ਫੁੱਟ ਕਹਿੰਦੇ ਸਨ, ਉਹ ਕੱਢੀ ਜਾਂਦੀ ਸੀ। ਇਨ੍ਹਾਂ ਫੁੱਟਾਂ ਨੂੰ ਧੁੱਪੇ ਸੁਕਾਇਆ ਜਾਂਦਾ ਸੀ। ਸੁੱਕੇ ਹੋਏ ਫੁੱਟਾਂ ਨੂੰ ਫੇਰ ਤੂਤ ਦੀ ਛਟੀ ਨਾਲ ਚੰਗੀ ਤਰ੍ਹਾਂ ਝੰਬ ਕੇ, ਫੁੱਟਾਂ ਵਿਚੋਂ ਜੋ ਕਪਾਹ ਦੇ ਪੱਤਿਆਂ ਦੇ ਬਰੀਕ ਅੰਸ਼, ਮਿੱਟੀ ਦੇ ਕਿਨਕੇ ਅਤੇ ਹੋਰ ਨਿੱਕ-ਸੁੱਕ ਹੁੰਦਾ ਸੀ, ਸਾਫ਼ ਕੀਤਾ ਜਾਂਦਾ ਸੀ। ਸਾਫ਼ ਕੀਤੇ ਫੁੱਟਾਂ ਨੂੰ ਫੇਰ ਜਨਾਨੀਆਂ ਰੂੰ ਵੇਲਣੇ ਨਾਲ ਵੇਲ੍ਹ ਕੇ ਰੂੰ ਬਣਾਉਂਦੀਆਂ ਸਨ। ਏਸ ਬਣੀ ਰੂੰ ਨੂੰ ਤਾੜੇ ਨਾਲ ਪਿੰਜ ਕੇ ਰਜਾਈਆਂ, ਗਦੈਲੇ, ਸਰਹਾਣੇ ਭਰਾਏ ਜਾਂਦੇ ਸਨ। ਪਿੰਜੀ ਰੂੰ ਦੀਆਂ ਪੂਣੀਆਂ ਵੱਟੀਆਂ ਜਾਂਦੀਆਂ ਸਨ। ਪੂਣੀਆਂ ਕੱਤ ਕੇ ਧਾਗਾ, ਸੂਤ ਬਣਾਇਆ ਜਾਂਦਾ ਸੀ। ਸੂਤ, ਧਾਗੇ ਤੋਂ ਕੱਪੜਾ ਤਿਆਰ ਕੀਤਾ ਜਾਂਦਾ ਸੀ। ਗੱਲ ਕੀ, ਮਨੁੱਖ ਜਾਤੀ ਦੀ ਵਰਤਣ ਵਾਲੀ ਹਰ ਵਸਤ ਧਾਗੇ, ਸੂਤ ਤੋਂ ਤਿਆਰ ਹੁੰਦੀ ਸੀ।





Academy of the Punjab in North America: http://www.apnaorg.com

ਪਿੰਡ ਪਹਿਲੇ ਸਮਿਆਂ ਵਿਚ ਸਵੈ-ਨਿਰਭਰ ਹੁੰਦੇ ਸਨ। ਖਾਣ, ਪਹਿਨਣ, ਰਹਿਣ ਵਾਲੀ ਹਰ ਵਸਤ, ਸਿਵਾਏ ਲੂਣ ਜਾਂ ਇਕ ਅੱਧੀ ਹੋਰ ਵਸਤ ਤੋਂ, ਹਰ ਵਸਤ ਪਿੰਡਾਂ ਵਿਚ ਮਿਲਦੀ ਸੀ। ਹਰ ਜਾਤ ਦੇ ਲੋਕ ਪਿੰਡਾਂ ਵਿਚ ਰਹਿੰਦੇ ਸਨ। ਤਾੜੇ ਦਾ ਕੰਮ ਜੁਲਾਹੇ, ਭਰਾਈ ਅਤੇ ਤੇਲੀ ਕਰਦੇ ਸਨ। ਹੁਣ ਮੈਂ ਤੁਹਾਨੂੰ ਰੂੰ ਪਿੰਜਣੀ/ਤਾੜਾ ਕਿਹੋ ਜਿਹਾ ਹੁੰਦਾ ਸੀ, ਕਿਵੇਂ ਬਣਦਾ ਸੀ, ਉਹ ਦੱਸਣ ਜਾ ਰਿਹਾ ਹਾਂ।

ਤਾੜਾ ਬਣਾਉਣ ਲਈ ਇਕ 6 ਕੁ ਫੁੱਟ ਲੰਮੀ ਤੇ 4 ਕੁ ਇੰਚ ਗੋਲ ਜਿਹੀ ਲੱਕੜ ਲਈ ਜਾਂਦੀ ਸੀ। ਏਸ ਲੱਕੜ ਨੂੰ ਰੰਦੇ ਨਾਲ ਚੰਗੀ ਤਰ੍ਹਾਂ ਰੰਦ ਕੇ ਗੋਲ ਕੀਤਾ ਜਾਂਦਾ ਸੀ। ਏਸ ਗੋਲ ਕੀਤੀ ਲੰਮੀ ਲੱਕੜ ਨੂੰ ਡੰਡਾ ਕਹਿੰਦੇ ਸਨ। ਏਸ ਡੰਡੇ ਦਾ ਇਕ ਸਿਰਾ ਮੋਟਾ ਹੁੰਦਾ ਸੀ। ਜਿਉਂ ਜਿਉਂ ਦੂਜੇ ਪਾਸੇ ਨੂੰ ਜਾਂਦਾ ਸੀ, ਇਹ ਥੋੜ੍ਹਾ ਥੋੜ੍ਹਾ ਪਤਲਾ ਹੁੰਦਾ ਜਾਂਦਾ ਸੀ। ਮੋਟੇ ਸਿਰੇ ਵਾਲੇ ਹਿੱਸੇ ਨਾਲ ਫੱਟੀ ਲੱਗੀ ਹੁੰਦੀ ਸੀ। ਜਿਸ ਦੇ ਦੋ ਪਾਸੇ ਡੇਢ ਕੁ ਫੁੱਟ ਦੇ ਹੁੰਦੇ ਸਨ ਤੇ ਤੀਜਾ ਪਾਸਾ ਗੁਲਾਈ ਦੇ ਕੇ ਬਣਾਇਆ ਹੁੰਦਾ ਸੀ। ਏਸ ਫੱਟੀ ਨੂੰ ਪੱਖਾ ਕਹਿੰਦੇ ਸਨ। ਡੰਡੇ ਦੇ ਦੂਸਰੇ ਸਿਰੇ ਤੇ ਵੀ ਇਕ ਛੋਟੀ ਜਿਹੀ ਅਰਧ ਗੋਲ ਆਕਾਰ ਦੀ ਫੱਟੀ ਲਾਈ ਹੁੰਦੀ ਸੀ, ਜਿਸ ਨੂੰ ਮਾਂਗੀ ਕਹਿੰਦੇ ਸਨ। ਇਸ ਦਾ ਸਾਈਜ਼ 8/9 ਕੁ ਇੰਚ ਦਾ ਹੁੰਦਾ ਸੀ। ਮਾਂਗੀ ਉਪਰ ਇਕ ਗੁਲਾਈਦਾਰ ਅੱਧਾ ਕੁ ਇੰਚ ਦੀ ਫੱਟੀ ਲਾਈ ਹੁੰਦੀ ਸੀ, ਜਿਸ ਦੇ ਉਪਰ ਦੀ ਤੰਦੀ ਲੰਘਾਈ ਜਾਂਦੀ ਸੀ।

ਡੰਡੇ ਦੇ ਮੋਟੇ ਸਿਰੇ ਵਿਚ ਜਿਥੇ ਪੱਖਾ ਜੋੜਿਆ ਹੁੰਦਾ ਸੀ, ਉਸ ਦੇ ਨਾਲ ਇਕ ਕਿੱਲ ਲਾਈ ਹੁੰਦੀ ਸੀ। ਏਸੇ ਤਰ੍ਹਾਂ ਜਿਥੇ ਮਾਂਗੀ ਦੂਸਰੇ ਸਿਰੇ ਨਾਲ ਜੋੜੀ ਹੁੰਦੀ ਸੀ, ਉਸ ਦੇ ਨਾਲ ਵੀ ਇਕ ਕਿੱਲ ਲਾਈ ਹੁੰਦੀ ਸੀ। ਡੰਡੇ ਵਾਲੀ ਕਿੱਲ ਵਿਚ ਤੰਦੀ ਬੰਨ੍ਹ ਕੇ ਤੇ ਪੱਖੇ ਦੇ ਉਤੋਂ ਦੀ ਤੰਦੀ ਲੰਘਾ ਕੇ ਫੇਰ ਮਾਂਗੀ ਦੇ ਉਪਰ ਦੀ ਤੰਦੀ ਲੰਘਾ ਕੇ ਤੰਦੀ ਨੂੰ ਡੰਡੇ ਵਿਚ ਲੱਗੇ ਕਿੱਲ ਨਾਲ ਬੰਨ੍ਹਿਆ ਜਾਂਦਾ ਸੀ। ਤੰਦੀ ਦਾ ਬਾਕੀ ਬਚਿਆ ਹਿੱਸਾ ਡੰਡੇ ਨਾਲ ਵਲ੍ਹੇਟ ਦਿੱਤਾ ਜਾਂਦਾ ਸੀ। ਤੰਦੀ ਦੀ ਥਰਥਰਾਹਟ ਹੀ ਰੂੰ ਪਿੰਜਦੀ ਸੀ। ਰੂੰ ਪਿੰਜਦਿਆਂ ਤੋਂ ਤੰਦੀ ਟੁੱਟਦੀ ਰਹਿੰਦੀ ਸੀ। ਏਸ ਲਈ ਜੋ ਬਚੀ ਹੋਈ ਤੰਦੀ ਡੰਡੇ ਨਾਲ ਬੰਨ੍ਹੀ ਹੁੰਦੀ ਸੀ, ਉਸ ਨੂੰ ਖੋਲ੍ਹ ਕੇ ਵਰਤਦੇ ਰਹਿੰਦੇ ਸਨ। ਤੰਦੀ ਦੀ ਲੰਬਾਈ ਕਾਫ਼ੀ ਹੁੰਦੀ ਸੀ। ਤੰਦੀ ਮਰੀ ਮੱਝ ਦੇ ਚਮੜੇ ਦੀ ਸੁਕਾ ਕੇ ਬਣਾਈ ਗਈ ਰੱਸੀ ਨੂੰ ਕਹਿੰਦੇ ਸਨ।

ਪੱਖੇ ਦੇ ਹਿੱਸੇ ਤੇ ਜਿਥੋਂ ਦੇ ਉਪਰ ਦੀ ਤੰਦੀ ਨੂੰ ਲੰਘਾਇਆ ਜਾਂਦਾ ਸੀ, ਉਸ ਉਪਰ ਪੁੱਛੜ ਲਾਇਆ ਜਾਂਦਾ ਸੀ। ਪੁੱਛੜ ਚਮੜੇ ਦੀ ਇੰਚ ਕੁ ਚੌੜੀ ਵੱਧਰੀ ਨੂੰ ਕਹਿੰਦੇ ਸਨ। ਪੁੱਛੜ ਨੂੰ ਕੱਸ ਕੇ ਰੱਖਣ ਲਈ ਵੀਰ ਲੱਗੀ ਹੁੰਦੀ ਸੀ। ਪੁੱਛੜ ਤੰਦੀ ਨੂੰ ਰਗੜ ਲੱਗਣ ਤੋਂ ਬਚਾਉਂਦੀ ਸੀ। ਤਾੜੇ ਨੂੰ ਚਲਾਉਣ ਲਈ ਲੱਕੜ ਦੀ ਮੁੰਗਰੀ



ਹੁੰਦੀ ਸੀ, ਜਿਸ ਦੀ ਛੇਪ ਅੱਜ ਕਲ੍ਹ ਦੇ ਵਰਜਿਸ਼ ਕਰਨ ਵਾਲੇ ਡੰਬਲਾਂ ਦੀ ਤਰ੍ਹਾਂ ਹੁੰਦੀ ਸੀ। ਮੁੰਗਰੀ 15 ਕੁ ਇੰਚ ਦੀ ਹੁੰਦੀ ਸੀ। ਖਰਾਦ ਕੇ ਬਣਾਈ ਜਾਂਦੀ ਸੀ। ਮੁੰਗਰੀ ਦਾ ਵਿਚਾਲੇ ਵਾਲਾ ਹਿੱਸਾ ਪਤਲਾ ਹੁੰਦਾ ਸੀ। ਵਿਚਾਲੇ ਪਤਲੇ ਹਿੱਸੇ ਤੋਂ ਹੀ ਮੁੰਗਰੀ ਨੂੰ ਚਲਾਉਣ ਸਮੇਂ ਫੜਿਆ ਜਾਂਦਾ ਸੀ। ਮੁੰਗਰੀ ਦੇ ਦੋਵੇਂ ਕਿਨਾਰੇ ਗੁਲਾਈਦਾਰ ਮੋਟੇ ਹੁੰਦੇ ਸਨ। ਮੁੰਗਰੀ ਨੂੰ ਕਈ ਇਲਾਕਿਆਂ ਵਿਚ ਧੁਣਧੁਣੀ ਵੀ ਕਹਿੰਦੇ ਸਨ।

ਤਾੜੇ ਨੂੰ ਚਲਾਉਣ ਲਈ ਪਹਿਲਾਂ ਬਾਂਸ ਦੀ ਲਚਕਦਾਰ ਫਾਕੜ ਲਈ ਜਾਂਦੀ ਸੀ। ਏਸ ਫਾਕੜ ਦੇ ਦੋਵੇਂ ਸਿਰਿਆਂ ਨਾਲ ਰੱਸੀ ਬੰਨ੍ਹ ਕੇ ਇਨ੍ਹਾਂ ਰੱਸੀਆਂ ਨੂੰ ਛੱਤ ਦੀਆਂ ਕੜੀਆਂ ਨਾਲ ਬੰਨ੍ਹਿਆ ਜਾਂਦਾ ਸੀ ਜਾਂ ਦਰਖ਼ਤ ਨਾਲ ਬੰਨ੍ਹ ਦਿੰਦੇ ਸਨ। ਇਸ ਨੂੰ ਟੰਗਣਾ ਕਹਿੰਦੇ ਸਨ। ਟੰਗਣੇ ਦੇ ਸਿਰਿਆਂ ਤੇ ਦੋ ਰੱਸੀਆਂ ਬੰਨ੍ਹੀਆਂ ਜਾਂਦੀਆਂ ਸਨ, ਜੋ ਤਾੜੇ ਤੱਕ ਆਉਂਦੀਆਂ ਸਨ। ਇਨ੍ਹਾ ਰੱਸੀਆਂ ਨੂੰ ਤਾੜੇ ਦੀ ਲੱਠ ਨਾਲ ਬੰਨ੍ਹਿਆ ਜਾਂਦਾ ਸੀ। ਇਨ੍ਹਾਂ ਰੱਸੀਆਂ ਨੂੰ ਤਣੀਆਂ ਕਹਿੰਦੇ ਸਨ। ਟੰਗਣਾ ਤਾੜੇ ਨੂੰ ਸਪਰਿੰਗ ਦਾ ਕੰਮ ਦਿੰਦਾ ਸੀ। ਤੇਲੀ ਦੇ ਇਕ ਹੱਥ ਵਿਚ ਤਾੜੇ ਦਾ ਡੰਡਾ ਫੜਿਆ ਹੁੰਦਾ ਸੀ, ਦੂਸਰੇ ਹੱਥ ਵਿਚ ਮੁੰਗਰੀ ਫੜੀ ਹੁੰਦੀ ਸੀ। ਤਾੜੇ ਹੇਠਾਂ ਵੇਲ੍ਹੀ ਹੋਈ ਰੂੰ ਪਈ ਹੁੰਦੀ ਸੀ। ਤੇਲੀ ਮੁੰਗਰੀ ਤੰਦੀ 'ਤੇ ਮਾਰਦਾ ਸੀ। ਤੰਦੀ ਵੇਲ੍ਹੀ ਹੋਈ ਰੂੰ ਨਾਲ ਲੱਗ ਲੱਗ ਕੇ ਰੂੰ ਨੂੰ ਪਿੰਜੀ ਜਾਂਦੀ ਸੀ। ਏਸ ਤਰ੍ਹਾਂ ਤਾੜਾ ਕੰਮ ਕਰਦਾ ਸੀ, ਰੂੰ ਪਿੰਜਦਾ ਸੀ। ਕਈ ਵੇਰ ਰੂੰ ਦਾ ਕੋਈ ਹਿੱਸਾ ਪਿੰਜਣ ਤੋਂ ਰਹਿ ਜਾਂਦਾ ਸੀ, ਉਸ ਰਹੀ ਰੂੰ ਨੂੰ ਕੱਚੀ ਰੂੰ ਕਹਿੰਦੇ ਸਨ। ਇਹ ਰੂੰ ਤੇਲੀ ਨੂੰ ਫੇਰ ਪਿੰਜਣੀ ਪੈਂਦੀ ਸੀ। ਇਸ ਸਬੰਧੀ ਲੋਕ ਗੀਤ ਹੈ -

ਲਾ ਦੇ ਤੇਲੀਆ ਤਾੜਾ,<br>
ਰੂੰ ਮੇਰੀ ਕੱਚੀ ਪਈ।

ਹੁਣ ਪਿੰਡਾਂ, ਸ਼ਹਿਰਾਂ ਵਿਚ ਤਾੜੇ ਚਲਾਉਣ ਵਾਲੇ ਤੇਲੀ/ਜੁਲਾਹੇ/ਭਰਾਈ ਹੀ ਨਹੀਂ ਰਹੇ। ਹੁਣ ਕਪਾਹ ਦੀ ਵਿਲਾਈ ਤੇ ਪਿੰਜਾਈ ਮਸ਼ੀਨਾਂ ਨਾਲ ਹੁੰਦੀ ਹੈ। ਤਾੜਾ ਹੁਣ ਪੰਜਾਬ ਵਿਚੋਂ ਤੁਹਾਨੂੰ ਭਾਲਿਆਂ ਵੀ ਨਹੀਂ ਮਿਲੇਗਾ। ਸਾਡਾ ਇਹ ਹੱਥ ਉਦਯੋਗ ਅਲੋਪ ਹੋ ਗਿਆ ਹੈ।

0



Academy of the Punjab in North America: http://www.apnaorg.com

# ਸਾਂਝ ਤੇ ਪਿਆਰ

## ਸਾਂਝੇ/ਸੰਯੁਕਤ ਪਰਿਵਾਰ

ਕਿਸੇ ਸਮੇਂ ਪੰਜਾਬੀਆਂ ਦੇ ਸਾਂਝੇ/ਸੰਯੁਕਤ, ਬੜੇ ਪਰਿਵਾਰਾਂ ਨੂੰ ਆਦਰਸ਼ਕ ਪਰਿਵਾਰ ਮੰਨਿਆ ਜਾਂਦਾ ਸੀ। ਭੈਣਾਂ ਵੀ ਉਨ੍ਹਾਂ ਸਮਿਆਂ ਵਿਚ ਪੰਜ ਵੀਰਾਂ ਦੀ ਮੰਗ ਕਰਦੀਆਂ ਸਨ–

ਪੰਜ ਵੀਰ ਦੇਈਂ ਵੇ ਰੱਬਾ,
ਬੰਨ੍ਹੀ ਫੌਜੀ ਬਰਮਾ ਨੂੰ ਜਾਵੇ।

ਉਨ੍ਹਾਂ ਸਮਿਆਂ ਵਿਚ ਜ਼ਿਆਦਾ ਨੌਕਰੀਆਂ ਫੌਜ ਵਿਚ ਹੀ ਹੁੰਦੀਆਂ ਸਨ। ਧੀਆਂ ਵੀ ਆਪਣੇ ਬਾਬਲ ਨੂੰ ਉਨ੍ਹਾਂ ਸਮਿਆਂ ਵਿਚ ਉਸ ਘਰ ਰਿਸ਼ਤਾ ਕਰਨ ਲਈ ਕਹਿੰਦੀਆਂ ਸਨ, ਜਿਥੇ ਸੱਸ ਦੇ ਬਹੁਤੇ ਪੁੱਤ ਹੋਣ:

ਦੇਵੀਂ ਵੇ ਬਾਬਲਾ! ਉਸ ਘਰੇ,
ਜਿਥੇ ਸੱਸ ਦੇ ਬਹੁਤੇ ਪੁੱਤ।
ਇਕ ਮੰਗੀਏ, ਇਕ ਵਿਆਹੀਏ,
ਮੈਂ ਸ਼ਾਦੀਆਂ ਵੇਖਾਂ ਨਿੱਤ।
ਬਾਬਲ ਤੇਰਾ ਪੁੰਨ ਹੋਵੇ!



ਉਨ੍ਹਾਂ ਸਮਿਆਂ ਵਿਚ ਨਵੀਂ ਵਿਆਹੀ ਵਹੁਟੀ ਨੂੰ ਅਸੀਸ ਦੇਣ ਸਮੇਂ ਵੀ ਕਿਹਾ ਜਾਂਦਾ ਸੀ, "ਸੱਤ ਪੁੱਤਰਾਂ ਦੀ ਮਾਂ ਹੋਵੇ।' ਪਰਿਵਾਰ ਵਿਚ ਬਹੁਤੇ ਪੁਰਸ਼ ਮੈਂਬਰਾਂ ਦਾ ਹੋਣਾ ਉਨ੍ਹਾਂ ਸਮਿਆਂ ਦੀ ਪ੍ਰਮੁੱਖ ਲੋੜ ਸੀ। ਜਿੰਨੇ ਵੱਧ ਬੰਦੇ, ਓਨੀ ਵੱਧ ਤਾਕਤ। ਉਨ੍ਹਾਂ ਸਮਿਆਂ ਵਿਚ ਬਾਹੂ ਬਲ ਵਾਲਿਆਂ ਦਾ ਰਾਜ ਹੁੰਦਾ ਸੀ।



ਲੜਕੀ ਦਾ ਰਿਸ਼ਤਾ ਵੀ ਉਸ ਪਰਿਵਾਰ ਵਿਚੋਂ ਲਿਆ ਜਾਂਦਾ ਸੀ, ਜਿਹੜਾ ਸਾਂਝੇ/ਸੰਯੁਕਤ ਪਰਿਵਾਰ ਵਿਚੋਂ ਆਇਆ ਹੋਵੇ। ਸਾਂਝੇ ਪਰਿਵਾਰ ਰਲ ਮਿਲ ਕੇ ਰਹਿਣ ਦੇ ਸਿੱਖਿਆ ਸਕੂਲ ਹੁੰਦੇ ਸਨ। ਉਸ ਸਮੇਂ ਦਾ ਅਖਾਣ ਹੈ–

'ਧੀ ਘਰਾਣੇ ਦੀ, ਬਲਦ ਲਾਣੇ ਦਾ।'

ਧੀ ਸਾਂਝੇ/ਸੰਯੁਕਤ ਪਰਿਵਾਰ ਦੀ ਚੰਗੀ ਮੰਨੀ ਜਾਂਦੀ ਸੀ। ਬਲਦ ਉਸ ਪਰਿਵਾਰ ਦਾ ਚੰਗਾ ਮੰਨਿਆ ਜਾਂਦਾ ਸੀ, ਜਿਹੜੇ ਪਰਿਵਾਰ ਵਿਚ ਬਹੁਤੇ ਬਲਦ ਰੱਖੇ ਹੁੰਦੇ ਸਨ। ਬਹੁਤੀ ਖੇਤੀ ਕਰਦੇ ਸਨ।

ਉਨ੍ਹਾਂ ਸਮਿਆਂ ਵਿਚ ਥੋੜ੍ਹੀ ਜਿਹੀ ਆਬਾਦੀ ਹੁੰਦੀ ਸੀ। ਪਿੰਡ ਆਬਾਦ ਹੋ ਰਹੇ ਸਨ। ਸਾਰਾ ਪਿੰਡ ਗਿਣਤੀ ਦੇ ਚਾਰ ਪੰਜ ਬਜ਼ੁਰਗਾਂ ਦੀ ਔਲਾਦ ਹੁੰਦਾ ਸੀ। ਤੁਸੀਂ ਅੱਜ ਪੰਜਾਬ ਦੇ ਕਿਸੇ ਪਿੰਡ ਵੱਲ ਨਜ਼ਰ ਮਾਰ ਲਵੋ, ਉਨ੍ਹਾਂ ਪਿੰਡਾਂ ਦੀਆਂ ਪੱਤੀਆਂ, ਠੁਲਿਆਂ ਦੇ ਨਾਂ ਪਹਿਲੇ ਪਿੰਡ ਵਸਾਉਣ ਵਾਲੇ ਬਜ਼ੁਰਗਾਂ ਦੇ ਨਾਂ 'ਤੇ ਹੀ ਹਨ।

ਹੋਰ ਤਾਂ ਹੋਰ, ਤੁਸੀਂ ਪਹਿਲੇ ਸਮਿਆਂ ਦੇ ਘਰਾਂ ਦੀ ਬਣਤਰ ਵੱਲ ਨਜ਼ਰ ਮਾਰ ਕੇ ਵੇਖ ਲਵੋ। ਹਰ ਪਰਿਵਾਰ ਦੀਆਂ ਗੁਆਂਢੀ ਪਰਿਵਾਰ ਨਾਲ ਦੀਵਾਰਾਂ/ਕੰਧਾਂ ਸਾਂਝੀਆਂ ਹੁੰਦੀਆਂ ਸਨ, ਛੱਤਾਂ ਸਾਂਝੀਆਂ ਹੁੰਦੀਆਂ ਸਨ, ਬਨੇਰੇ ਸਾਂਝੇ ਹੁੰਦੇ ਸਨ। ਤੁਸੀਂ ਇਕ ਘਰ ਦੀ ਛੱਤ ਤੇ ਚੜ੍ਹ ਕੇ ਸਾਰੇ ਪਿੰਡ ਦੀਆਂ ਛੱਤਾਂ ਤੇ ਜਾ ਸਕਦੇ ਸੀ। ਸਾਂਝੀਆਂ ਛੱਤਾਂ ਤੇ ਮੈਨੂੰ ਇਕ ਲੋਕ ਗੀਤ ਯਾਦ ਆ ਗਿਆ –

ਕੋਠੇ ਕੋਠੇ ਆਜੀਂ ਕੁੜੀਏ,
ਤੈਨੂੰ ਬਾਲੋ ਦਾ ਯਾਰ ਦਿਖਾਵਾਂ।

ਹੁਣ ਘਰਾਂ ਦੀਆਂ ਗੁਆਂਢੀਆਂ ਨਾਲ ਦੀਵਾਰਾਂ/ਕੰਧਾਂ ਤਾਂ ਸਾਂਝੀਆਂ ਮਿਲ ਜਾਣਗੀਆਂ, ਪਰ ਬਨੇਰਿਆਂ 'ਤੇ ਐਨੀਆਂ ਉੱਚੀਆਂ ਕੰਧਾਂ ਕੀਤੀਆਂ ਹੁੰਦੀਆਂ ਹਨ ਕਿ ਤੁਸੀਂ ਇਕ ਛੱਤ ਤੋਂ ਦੂਜੀ ਛੱਤ 'ਤੇ ਜਾ ਨਹੀਂ ਸਕਦੇ।

ਉਸ ਸਮੇਂ ਖੇਤੀ ਮੁੱਢਲੇ ਦੌਰ ਵਿਚ ਸੀ। ਥੋੜ੍ਹੀਆਂ ਜਿਹੀਆਂ ਜ਼ਮੀਨਾਂ ਹੀ ਆਬਾਦ ਸਨ, ਬਹੁਤੀਆਂ ਜ਼ਮੀਨਾਂ ਗ਼ੈਰ–ਆਬਾਦ ਪਈਆਂ ਸਨ। ਇਨ੍ਹਾਂ ਜ਼ਮੀਨਾਂ ਨੂੰ ਵਾਹੀਯੋਗ ਬਣਾਉਣ ਲਈ ਬਹੁਤੇ ਬੰਦਿਆਂ ਦੀ ਲੋੜ ਹੁੰਦੀ ਸੀ। ਖੇਤੀ ਉਨ੍ਹਾਂ ਸਮਿਆਂ ਵਿਚ ਸਾਰੀ ਦੀ ਸਾਰੀ ਹੱਥੀਂ ਕੀਤੀ ਜਾਂਦੀ ਸੀ, ਬਾਰਸ਼ਾਂ 'ਤੇ ਨਿਰਭਰ ਸੀ। ਏਸ ਲਈ ਥੋੜ੍ਹੇ ਜਿਹੇ ਸਮੇਂ ਵਿਚ ਹੀ ਜ਼ਮੀਨਾਂ ਨੂੰ ਤਿਆਰ ਕਰਕੇ ਫ਼ਸਲਾਂ ਬੀਜਣੀਆਂ ਹੁੰਦੀਆਂ ਸਨ। ਕੋਹ/ਚਰਸ ਨਾਲ ਫ਼ਸਲ ਸਿੰਜਦੇ ਸਨ। ਹੱਥੀਂ ਗੋਡੀ ਕਰਦੇ ਸਨ। ਹੱਥੀਂ ਵਾਢੀ ਕਰਦੇ ਸਨ। ਵੱਢੀ ਹੋਈ ਫ਼ਸਲ ਮੰਜਿਆਂ 'ਤੇ ਢੋਈ ਜਾਂਦੀ ਸੀ। ਫਲ੍ਹਿਆਂ ਨਾਲ ਗਾਹੁੰਦੇ ਸਨ। ਤੰਗਲੀਆਂ ਨਾਲ ਉਡਾਈ ਕਰਕੇ ਦਾਣੇ ਕੱਢੇ ਜਾਂਦੇ ਸਨ। ਤੂੜੀ ਤੇ



Academy of the Punjab in North America: http://www.apnaorg.com

ਦਾਣੇ ਸਿਰਾਂ ਉਪਰ ਢੋਏ ਜਾਂਦੇ ਸਨ।

ਪੈਸਾ ਵੀ ਲੋਕਾਂ ਕੋਲ ਘੱਟ ਹੁੰਦਾ ਸੀ। ਇਕ ਚੁਲ੍ਹੇ ਤੇ ਰੋਟੀ ਪੱਕਦੀ ਹੋਣ ਕਰਕੇ (ਸਾਂਝੇ ਪਰਿਵਾਰ ਕਰਕੇ) ਖਰਚਾ ਵੀ ਘੱਟ ਹੁੰਦਾ ਸੀ। ਲੋਕਾਂ ਦੀਆਂ ਲੋੜਾਂ ਵੀ ਘੱਟ ਸਨ। ਪੈਸਾ ਉਨ੍ਹਾਂ ਸਮਿਆਂ ਵਿਚ ਜੀਵਨ ਜਿਊਣ ਦਾ ਇਕ ਸਾਧਨ ਮਾਤਰ ਹੁੰਦਾ ਸੀ। ਅੱਜ ਦੀ ਤਰ੍ਹਾਂ ਪੈਸਾ ਲੋਕਾਂ ਲਈ ਸਭ ਕੁਝ ਨਹੀਂ ਹੁੰਦਾ ਸੀ। ਪਿਆਰ ਸਭ ਤੋਂ ਉਪਰ ਸੀ। ਲਾਲਚ ਨਾਂ ਦੀ ਬਿਮਾਰੀ ਅਜੇ ਲੋਕਾਂ ਵਿਚ ਨਹੀਂ ਆਈ ਸੀ। ਏਸੇ ਕਰਕੇ ਸਾਂਝੇ ਪਰਿਵਾਰ ਚਲ ਰਹੇ ਸਨ। ਕੱਚੇ ਘਰ ਹੁੰਦੇ ਸਨ। ਪਸ਼ੂ ਰੱਖਣ ਲਈ ਵਾੜੇ ਹੁੰਦੇ ਸਨ।

ਸਾਂਝੇ ਪਰਿਵਾਰ ਉਨ੍ਹਾਂ ਸਮਿਆਂ ਦੀ ਲੋੜ ਵੀ ਸਨ। ਖੇਤੀ ਹੀ ਇਕੋ ਇਕ ਰੋਟੀ ਰੋਜ਼ੀ ਦਾ ਸਾਧਨ ਸੀ। ਜਿਸ ਪਰਿਵਾਰ ਵਿਚ ਬਹੁਤੇ ਬੰਦੇ ਹੁੰਦੇ ਸਨ, ਉਹ ਪਰਿਵਾਰ ਹੀ ਖੇਤੀ ਵਿਚ ਅੱਗੇ ਹੁੰਦਾ ਸੀ। 'ਕੱਲੇ ਬੰਦੇ ਨੂੰ ਤਾਂ ਖੇਤੀ ਕਰਨੀ ਹੀ ਔਖੀ ਹੁੰਦੀ ਸੀ। ਏਸੇ ਕਰਕੇ ਉਸ ਸਮੇਂ ਦੀ ਲੋਕ ਬੋਲੀ ਹੈ –

> 'ਕੱਲਾ ਹੋਵੇ ਨਾ ਰੋਹੀ ਦੇ ਵਿਚ ਰੁੱਖ,
> 'ਕੱਲਾ ਨਾ ਹੋਵੇ ਪੁੱਤ ਜੱਟ ਦਾ।

ਬਾਪ ਤੋਂ ਪਿੱਛੋਂ ਬੜਾ ਭਰਾ ਘਰ ਦਾ ਕਾਰ ਮੁਖਤਿਆਰ ਹੁੰਦਾ ਸੀ। ਉਸ ਨੂੰ ਲਾਣੇਦਾਰ ਕਿਹਾ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਜੰਮਦੀਆਂ ਕੁੜੀਆਂ ਨੂੰ ਮਾਰਨ ਦਾ ਰਿਵਾਜ ਸੀ। ਇਸ ਕਰਕੇ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਘੱਟ ਸਨ। ਹਰ ਘਰ ਵਿਚ ਕੋਈ ਨਾ ਕੋਈ ਭਰਾ ਛੜਾ ਰਹਿ ਜਾਂਦਾ ਸੀ। ਸਾਂਝੇ ਪਰਿਵਾਰ ਰਹਿਣ ਦਾ ਇਹ ਵੀ ਇਕ ਕਾਰਨ ਸੀ।

ਸਾਂਝੇ ਪਰਿਵਾਰਾਂ ਵਿਚ ਬੱਚਿਆਂ ਦੀ ਪਾਲ ਪੋਸ਼ਣ ਕਰਨਾ ਵੀ ਆਸਾਨ ਹੁੰਦਾ ਸੀ। ਦਾਦੀਆਂ, ਤਾਈਆਂ, ਚਾਚੀਆਂ ਆਪਸ ਵਿਚ ਬੱਚਿਆਂ ਨੂੰ ਸੰਭਾਲ ਲੈਂਦੀਆਂ ਸਨ। ਆਪਸ ਵਿਚ ਰਲ ਕੇ ਘਰ ਦਾ ਕੰਮ ਕਰ ਲੈਂਦੀਆਂ ਸਨ। ਉਨ੍ਹਾਂ ਸਮਿਆਂ ਵਿਚ ਆਟਾ, ਦਾਣਾ, ਦਾਲਾਂ ਘਰ ਹੀ ਚੱਕੀਆਂ ਤੇ ਜਨਾਨੀਆਂ ਪੀਂਹਦੀਆਂ ਸਨ, ਦੁੱਧ ਹੱਥੀਂ ਰਿੜਕਦੀਆਂ ਸਨ, ਧਾਰਾਂ ਕੱਢਦੀਆਂ ਸਨ, ਗੋਹਾ ਕੂੜਾ ਕਰਦੀਆਂ ਸਨ, ਖੇਤ ਰੋਟੀ ਲੈ ਕੇ ਜਾਂਦੀਆਂ ਸਨ, ਖੇਤੀ ਦੇ ਕੰਮ ਵਿਚ ਹੱਥ ਵਟਾਉਂਦੀਆਂ ਸਨ। ਤਕੜੀਆਂ ਜਨਾਨੀਆਂ ਤਾਂ ਹਾੜ੍ਹੀ ਵੀ ਬੰਦਿਆਂ ਦੇ ਬਰਾਬਰ ਵੱਢ ਲੈਂਦੀਆਂ ਸਨ–

> ਹਾੜ੍ਹੀ ਵੱਢੂੰਗੀ ਬਰਾਬਰ ਤੇਰੇ,
> ਦਾਤੀ ਨੂੰ ਲਵਾ ਦੇ ਘੁੰਗਰੂ।

ਮੱਝਾਂ ਗਾਈਆਂ ਦੀ ਸਾਰੀ ਸੰਭਾਲ ਜਨਾਨੀਆਂ ਹੀ ਕਰਦੀਆਂ ਸਨ। ਅੱਜ



ਦੀਆਂ ਜਨਾਨੀਆਂ ਇਹ ਸਾਰੇ ਕੰਮ ਛੱਡ ਗਈਆਂ ਹਨ। ਏਸੇ ਕਰਕੇ ਅੱਜ ਦੀਆਂ ਜਨਾਨੀਆਂ ਨੂੰ ਬੀਮਾਰੀਆਂ ਜ਼ਿਆਦਾ ਚਿੰਬੜਦੀਆਂ ਹਨ–

> ਛੱਡ ਛੱਡਾ ਕੇ ਮਾਹੀ ਵੇ,
> ਘਰ ਦੇ ਕੰਮ ਕਾਰ ਢੋਲਾ।
> ਰੋਗੀ ਹੋਈਆਂ ਮਾਹੀ ਵੇ,
> ਨਮੀਆਂ ਮੁਟਿਆਰਾਂ ਢੋਲਾ।

ਰਾਤ ਨੂੰ ਦਾਦੀਆਂ ਬੱਚਿਆਂ ਨੂੰ ਬਾਤਾਂ, ਕਹਾਣੀਆ ਸੁਣਾਉਂਦੀਆਂ ਸਨ। ਕਹਾਣੀਆਂ ਬੱਚਿਆਂ ਦੇ ਮਨਾਂ ਵਿਚ ਚੰਗੇ ਗੁਣ ਪੈਦਾ ਕਰਦੀਆਂ ਸਨ। ਬੱਚਿਆਂ ਨੂੰ ਬਾਤਾਂ ਦਾ ਐਨਾ ਚਾਅ ਹੁੰਦਾ ਸੀ ਕਿ ਰਾਤ ਪੈਂਦੀ ਸਾਰ ਹੀ ਬੱਚੇ ਦਾਦੀਆਂ ਦੁਆਲੇ ਹੋ ਜਾਂਦੇ ਸਨ।

ਹੌਲੀ ਹੌਲੀ ਪਰਿਵਾਰਾਂ ਵਿਚ ਪੈਸੇ ਦੀ ਪ੍ਰਧਾਨਤਾ ਹੋਣੀ ਸ਼ੁਰੂ ਹੋ ਗਈ। ਪਰਿਵਾਰ ਦੀ ਸਾਂਝੀ ਜ਼ਿੰਮੇਵਾਰੀ ਹੋਣ ਕਰਕੇ ਕਈ ਭਰਾ ਘੱਟ ਕੰਮ ਕਰਦੇ ਸਨ, ਜਿਸ ਕਰਕੇ ਪਰਿਵਾਰਾਂ ਵਿਚ ਮਨ ਮੁਟਾਵ ਤੇ ਕਲੇਸ਼ ਹੋਣੇ ਸ਼ੁਰੂ ਹੋ ਗਏ। ਘਰ ਵਿਚ ਬੱਚੇ ਜ਼ਿਆਦਾ ਹੋਣ ਕਰਕੇ ਘਰ ਦੀਆਂ ਜਨਾਨੀਆਂ ਦੇ ਬੱਚਿਆਂ ਕਰਕੇ ਛੋਟੇ ਛੋਟੇ ਝਗੜੇ ਹੋਣੇ ਸ਼ੁਰੂ ਹੋ ਗਏ। ਖੂਹਾਂ, ਟਿਊਬੈੱਲਾਂ ਦੇ ਲੱਗਣ ਤੇ ਨਵੇਂ ਬੀਜ ਆਉਣ ਤੇ ਪਰਿਵਾਰਾਂ ਦੀ ਆਮਦਨ ਵਧਣ ਲੱਗੀ। ਹਰੇ ਇਨਕਲਾਬ ਆਉਣ ਤੇ ਪਰਿਵਾਰਾਂ ਕੋਲ ਪੈਸਾ ਵੀ ਹੋਣ ਲਗ ਪਿਆ। ਜਿਥੇ ਪੈਸਾ ਹੋਵੇ ਤੇ ਇਕ ਬੰਦੇ ਦੇ ਹੱਥ ਵਿਚ ਹੋਵੇ, ਉਥੇ ਵਿਤਕਰਾ ਵੀ ਆ ਜਾਂਦਾ ਹੈ।

ਜਨਸੰਖਿਆ ਵਧਣ ਕਰਕੇ, ਜ਼ਮੀਨਾਂ ਦੀ ਵੰਡ ਦਰ ਵੰਡ ਹੋਣ ਕਰਕੇ ਜ਼ਮੀਨਾਂ ਵੀ ਘਟਣ ਲੱਗੀਆਂ। ਪਰਿਵਾਰ ਨਿਯੋਜਨ ਦੇ ਫਾਇਦੇ ਹੋਣ ਕਰਕੇ ਪਰਿਵਾਰ ਛੋਟੇ ਹੋਣ ਲੱਗ ਪਏ। ਜਿਥੇ ਭੈਣਾਂ ਪਹਿਲਾਂ ਪੰਜ ਵੀਰਾਂ ਦੀ ਮੰਗ ਕਰਦੀਆ ਸਨ, ਉਥੇ ਸਰਕਾਰ ਦਾ ਨਾਹਰਾ ਹੋ ਗਿਆ–

> 'ਛੋਟਾ ਪਰਿਵਾਰ, ਸੁਖੀ ਪਰਿਵਾਰ'

ਹੁਣ ਤਾਂ ਗੱਲ ਏਸ ਤੋਂ ਵੀ ਅੱਗੇ ਲੰਘ ਗਈ ਹੈ –

> 'ਇਕ ਹੀ ਕਾਫ਼ੀ, ਦੂਜੇ ਤੋਂ ਮੁਆਫ਼ੀ'

ਹੁਣ ਤਾਂ ਦੋ ਭਰਾ ਆਪਸ ਵਿਚ 'ਕੱਠੇ ਨਹੀਂ ਰਹਿ ਸਕਦੇ। ਮਾਂ ਬਾਪ ਨੂੰ ਵੀ ਕੋਈ ਆਪਣੇ ਨਾਲ ਰੱਖ ਕੇ ਰਾਜ਼ੀ ਨਹੀਂ। ਹੁਣ ਇਕਹਿਰੇ ਪਰਿਵਾਰਾਂ ਦਾ ਯੁੱਗ ਆ ਗਿਆ ਹੈ। ਸਾਂਝੇ/ਸੰਯੁਕਤ ਪਰਿਵਾਰਾਂ ਦਾ ਯੁੱਗ ਬੀਤ ਗਿਆ ਹੈ।

0



Academy of the Punjab in North America: http://www.apnaorg.com

# ਪਿਆਰ ਤੇ ਪ੍ਰਾਹੁਣਚਾਰੀ

ਕਿਸੇ ਸਮੇਂ ਪਿਆਰ ਤੇ ਪ੍ਰਾਹੁਣਚਾਰੀ ਪੰਜਾਬ ਦੇ ਸਭਿਆਚਾਰ ਦੀ ਵਿਸ਼ੇਸ਼ਤਾ ਮੰਨੀ ਜਾਂਦੀ ਸੀ। ਉਨ੍ਹਾਂ ਸਮਿਆਂ ਵਿਚ ਥੋੜ੍ਹੀ ਜਿਹੀ ਆਬਾਦੀ ਹੁੰਦੀ ਸੀ। ਕੁੜੀਆਂ ਨੂੰ ਜੰਮਦਿਆਂ ਮਾਰਨ ਦਾ ਰਿਵਾਜ ਸੀ। ਮੁੰਡੇ ਜ਼ਿਆਦਾ ਹੁੰਦੇ ਸਨ। ਇਸ ਕਰਕੇ ਹਰ ਪਰਿਵਾਰ ਵਿਚੋਂ ਇਕ ਦੋ ਹੀ ਵਿਆਹੇ ਜਾਂਦੇ ਸਨ, ਬਾਕੀ ਛੜੇ ਰਹਿ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਸਿਹਤ ਸਹੂਲਤਾਂ ਵੀ ਨਹੀਂ ਹੁੰਦੀਆਂ ਸਨ। ਇਸ ਲਈ ਮੌਤ ਦਰ ਬਹੁਤ ਹੁੰਦੀ ਸੀ। ਪਲੇਗ ਵਰਗੀਆਂ ਬੀਮਾਰੀਆਂ ਪੈ ਜਾਂਦੀਆਂ ਸਨ। ਥੋੜ੍ਹੀ ਆਬਾਦੀ ਹੋਣ ਕਰਕੇ ਲੋਕਾਂ ਦਾ ਆਪਸ ਵਿਚ ਪਿਆਰ ਬਹੁਤ ਹੁੰਦਾ ਸੀ। ਲਾਲਚ ਨਾਂ ਦੀ ਬਲਾ ਉਸ ਸਮੇਂ ਹੁੰਦੀ ਹੀ ਨਹੀਂ ਸੀ। ਲੋਕਾਂ ਕੋਲ ਖੁਲ੍ਹੀਆਂ ਜ਼ਮੀਨਾਂ ਹੁੰਦੀਆਂ ਸਨ। ਬਹੁਤੀਆਂ ਬੇਆਬਾਦ ਹੁੰਦੀਆਂ ਸਨ। ਖੇਤੀ ਬਾਰਸ਼ਾਂ ਤੇ ਨਿਰਭਰ ਸੀ। ਖਾਣ ਜੋਗੇ ਹੀ ਦਾਣੇ ਹੁੰਦੇ ਸਨ। ਲੋਕ ਆਪਣੇ ਰਿਸ਼ਤੇਦਾਰਾਂ ਨੂੰ ਆਪਣੇ ਕੋਲ ਬੁਲਾ ਕੇ ਵਸਾਉਂਦੇ ਹੁੰਦੇ ਸਨ। ਆਪਣੇ ਕੋਲੋਂ ਜ਼ਮੀਨਾਂ ਵੀ ਦਿੰਦੇ ਸਨ।



ਜਿਥੇ ਕੋਈ ਚੀਜ਼, ਵਸਤ, ਬੱਚਾ, ਬੱਚੀ ਲੋੜੋਂ ਘੱਟ ਹੋਵੇ ਜਾਂ ਲੋੜ ਜੋਗੀ ਹੋਵੇ, ਉਸ ਦੀ ਬਹੁਤ ਕਦਰ ਕੀਤੀ ਜਾਂਦੀ ਹੈ। ਉਸ ਨਾਲ ਪਿਆਰ ਕੀਤਾ ਜਾਂਦਾ ਹੈ। ਇਸ ਕਰਕੇ ਉਨ੍ਹਾਂ ਸਮਿਆਂ ਵਿਚ ਪਰਿਵਾਰਾਂ ਤੇ ਰਿਸ਼ਤੇਦਾਰਾਂ ਵਿਚ ਪਿਆਰ ਤਾਂ ਹੁੰਦਾ ਹੀ ਸੀ, ਆਮ ਲੋਕਾਂ ਨਾਲ ਵੀ ਬਹੁਤ ਪਿਆਰ ਹੁੰਦਾ ਸੀ। ਇਕ ਪਰਿਵਾਰ ਦੀ ਧੀ ਨੂੰ ਸਾਰੇ ਪਿੰਡ ਦੀ ਧੀ ਸਮਝਿਆ ਜਾਂਦਾ ਸੀ। ਇਕ ਪਰਿਵਾਰ ਦੇ ਜੁਆਈ ਨੂੰ ਸਾਰੇ ਪਿੰਡ ਦਾ ਜੁਆਈ ਸਮਝਿਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਦਰਵਾਜ਼ਿਆਂ ਰਾਹੀਂ ਹੀ ਪਿੰਡਾਂ ਅੰਦਰ ਆਇਆ ਜਾ ਸਕਦਾ ਸੀ। ਪਿੰਡਾਂ ਅੰਦਰ ਜਾਣ ਲਈ ਹੋਰ ਕੋਈ ਰਾਹ



ਨਹੀਂ ਹੁੰਦਾ ਸੀ। ਇਸ ਲਈ ਜਦ ਕੋਈ ਵਿਆਹੀ ਕੁੜੀ ਸਹੁਰਿਆਂ ਨੂੰ ਜਾਂਦੀ ਸੀ ਜਾਂ ਸਹੁਰਿਆਂ ਤੋਂ ਆਉਂਦੀ ਸੀ ਤਾਂ ਦਰਵਾਜ਼ੇ ਵਿਚ ਜਿੰਨੇ ਵੀ ਆਦਮੀ ਬੈਠੇ ਹੁੰਦੇ ਸਨ, ਉਹ ਸਾਰੇ ਕੁੜੀ ਦਾ ਸਿਰ ਪਲੋਸਦੇ ਸਨ, ਪਿਆਰ ਦਿੰਦੇ ਸਨ, ਸੁਖ ਸਾਂਦ ਪੁੱਛਦੇ ਸਨ। ਏਸੇ ਤਰ੍ਹਾਂ ਪ੍ਰਾਹੁਣੇ ਦਾ ਆਦਰ ਮਾਣ ਕਰਦੇ ਹੁੰਦੇ ਸਨ। ਦਰਵਾਜ਼ਿਆਂ ਰਾਹੀਂ ਅੰਦਰ ਆਉਣ ਕਰਕੇ ਸਾਰੇ ਪਿੰਡ ਨੂੰ ਪਤਾ ਲੱਗ ਜਾਂਦਾ ਸੀ ਕਿ ਫਲਾਣੇ ਪਰਿਵਾਰ ਦੀ ਕੁੜੀ ਸਹੁਰਿਆਂ ਤੋਂ ਆਈ ਹੈ। ਫਲਾਣੇ ਪਰਿਵਾਰ ਦਾ ਜੁਆਈ ਆਇਆ ਹੈ। ਪ੍ਰਾਹੁਣੇ ਵੀ ਕਈ ਕਈ ਦਿਨ ਸਹੁਰੀਂ ਰਹਿੰਦੇ ਸਨ। ਸਾਰੇ ਪਿੰਡ ਦੀ ਇੱਜ਼ਤ ਸਾਂਝੀ ਹੁੰਦੀ ਸੀ।

ਲੋਕਾਂ ਕੋਲ ਵਿਹਲ ਦਾ ਸਮਾਂ ਵੀ ਬਹੁਤ ਹੁੰਦਾ ਸੀ। ਲੋਕ ਹਫ਼ਤਾ ਹਫ਼ਤਾ ਰਿਸ਼ਤੇਦਾਰੀਆਂ ਵਿਚ ਬੈਠੇ ਰਹਿੰਦੇ ਸਨ। ਸੰਯੁਕਤ ਪਰਿਵਾਰ ਹੁੰਦੇ ਸਨ। ਦਾਦੇ ਤੋਂ ਪੋਤੇ ਤੱਕ ਇਕ ਹੀ ਛੱਤ ਥੱਲੇ ਰਹਿੰਦੇ ਸਨ। ਹਰ ਪਰਿਵਾਰ ਵਿਚ ਆਮ ਤੌਰ ਤੇ 14/15 ਜੀਅ ਹੁੰਦੇ ਸਨ। ਬੜਾ ਪਰਿਵਾਰ ਹੋਣ ਕਰਕੇ ਸਾਰਿਆਂ ਦੀ ਰਲ ਮਿਲ ਕੇ ਰਹਿਣ ਦੀ ਆਦਤ ਬਣੀ ਹੁੰਦੀ ਸੀ। ਇਕ ਦੂਜੇ ਨੂੰ ਪਿਆਰ ਕਰਨ ਦੀ ਗੁੜ੍ਹਤੀ ਉਨ੍ਹਾਂ ਨੂੰ ਪਰਿਵਾਰ ਵਿਚੋਂ ਹੀ ਮਿਲ ਜਾਂਦੀ ਸੀ। ਵੈਸੇ ਵੀ ਸਿਆਣਿਆਂ ਨੇ ਕਿਹਾ ਹੈ, 'ਬੱਚਾ ਸਭ ਕੁਝ ਆਪਣੇ ਪਰਿਵਾਰ ਵਿਚੋਂ ਹੀ ਸਿੱਖਦਾ ਹੈ।' ਸਿਆਣਿਆਂ ਅਨੁਸਾਰ ਪਿਆਰ ਲਈ ਸਭ ਤੋਂ ਘਾਤਕ ਹਥਿਆਰ ਵਪਾਰ ਤੇ ਉਧਾਰ ਨੂੰ ਮੰਨਿਆ ਗਿਆ ਹੈ –

ਜਿਥੇ ਹੋਵੇ ਪਿਆਰ, ਉਥੇ ਕਰੀਏ ਨਾ ਵਪਾਰ।
ਜੇ ਕਰੀਏ ਵਪਾਰ, ਨਾ ਕਰੀਏ ਉਧਾਰ।
ਜੇ ਕਰੀਏ ਉਧਾਰ, ਨਾ ਕਰੀਏ ਕਰਾਰ।
ਜੇ ਕਰੀਏ ਕਰਾਰ, ਨਾ ਕਰੀਏ ਇਨਕਾਰ।

ਕਿਉਂ ਜੋ ਪਹਿਲੇ ਸਮਿਆਂ ਵਿਚ ਸਾਰਿਆਂ ਦਾ ਆਪਸ ਵਿਚ ਪਿਆਰ ਹੁੰਦਾ ਸੀ, ਏਸ ਲਈ ਸਾਰਿਆਂ ਦੇ ਮਨਾਂ ਵਿਚ ਖੇੜਾ ਰਹਿੰਦਾ ਸੀ। ਲੋਕਾਂ ਦੇ ਖਿੜੇ ਸੁਭਾਅ ਹੋਣ ਕਰਕੇ ਉਨ੍ਹਾਂ ਸਮਿਆਂ ਵਿਚ ਬੀਮਾਰੀਆਂ ਵੀ ਘੱਟ ਹੁੰਦੀਆਂ ਸਨ। ਖਿੜੇ ਸੁਭਾਅ ਸਬੰਧੀ ਲੇਖਕ ਐਡੀਸਨ ਨੇ ਲਿਖਿਆ ਹੈ, "ਖਿੜਿਆ ਸੁਭਾਅ ਖ਼ੂਬਸੂਰਤੀ ਨੂੰ ਹੋਰ ਵੀ ਖ਼ੂਬਸੂਰਤ ਬਣਾਏਗਾ। ਇਹ ਬੀਮਾਰੀ ਨੂੰ ਹਲਕਾ ਕਰਦਾ ਹੈ ਤੇ ਦਿਲ ਦੇ ਜ਼ਖ਼ਮਾਂ ਨੂੰ ਮਿਟਾਉਂਦਾ ਹੈ।"

ਹੁਣ ਲੋਕਾਂ ਕੋਲ ਨਾ ਸਮਾਂ ਹੈ ਅਤੇ ਨਾ ਵਿਹਲ ਹੈ। ਲੋਕਾਂ ਦੀ ਇਕ ਨਾ ਖ਼ਤਮ ਹੋਣ ਵਾਲੀ ਦੌੜ ਲੱਗੀ ਹੋਈ ਹੈ। ਲੋੜ ਤੋਂ ਬਗੈਰ ਨਾ ਕੋਈ ਰਿਸ਼ਤੇਦਾਰ ਕਿਸੇ ਕੋਲ ਜਾਂਦਾ ਹੈ ਅਤੇ ਨਾ ਹੀ ਆਉਂਦਾ ਹੈ। ਬਹੁਤ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਛੱਡ ਕੇ ਹੁਣ ਪਰਿਵਾਰ ਦੀ ਇੱਛਾ ਹੁੰਦੀ ਹੈ ਕਿ ਰਿਸ਼ਤੇਦਾਰ ਛੇਤੀ ਤੋਂ ਛੇਤੀ ਘਰੋਂ ਨਿਕਲਣ। ਹੁਣ ਬਹੁਤੇ ਰਿਸ਼ਤੇਦਾਰਾਂ ਦੀ ਸੇਵਾ ਮਨੋ ਨਹੀਂ ਕੀਤੀ ਜਾਂਦੀ, ਸਗੋਂ ਗਲ ਪਿਆ ਢੋਲ



Academy of the Punjab in North America: http://www.apnaorg.com

ਵਜਾਉਂਦੇ ਹਨ। ਹੁਣ ਇਕਹਿਰੇ ਪਰਿਵਾਰ ਹੋਣ ਕਰਕੇ ਰਲ ਮਿਲ ਕੇ ਰਹਿਣ ਦੀ ਭਾਵਨਾ ਹੀ ਬੱਚਿਆਂ ਵਿਚ ਪੈਦਾ ਨਹੀਂ ਹੁੰਦੀ। ਲੋਕਾਂ ਦੀਆਂ ਇਛਾਵਾਂ ਉਨ੍ਹਾਂ ਦੀਆਂ ਸਮਰਥਾਵਾਂ ਨਾਲੋਂ ਬਹੁਤ ਵਧੀਆਂ ਹੋਈਆਂ ਹਨ, ਜਿਸ ਨੂੰ ਪੂਰੀਆਂ ਕਰਨ ਲਈ ਸਾਰਾ ਪਰਿਵਾਰ ਸਾਰੇ ਦਿਨ ਗਧੀ ਗੇੜ ਵਿਚ ਪਿਆ ਰਹਿੰਦਾ ਹੈ। ਇਛਾਵਾਂ ਪੂਰੀਆਂ ਨਾ ਹੋਣ ਕਰਕੇ ਲੋਕਾਂ ਵਿਚ ਮਾਨਸਿਕ ਤਣਾਓ (ਟੈਨਸ਼ਨ) ਵਧਿਆ ਹੋਇਆ ਹੈ। ਏਸ ਮਾਨਸਿਕ ਤਣਾਉ ਨੇ ਪਿਆਰ ਤੇ ਪ੍ਰਾਹੁਣਾਚਾਰੀ ਨੂੰ ਸਭ ਤੋਂ ਵੱਧ ਢਾਹ ਲਾਈ ਹੈ।

ਪਹਿਲੇ ਸਮਿਆਂ ਵਿਚ ਲੋਕਾਂ ਦੀਆਂ ਲੋੜਾਂ ਬਹੁਤ ਘੱਟ ਹੁੰਦੀਆਂ ਸਨ। ਇਛਾਵਾਂ ਸਮਰਥਾਵਾਂ ਅਨੁਸਾਰ ਹੁੰਦੀਆਂ ਸਨ, ਜਿਹੜੀਆਂ ਪੂਰੀਆਂ ਹੋ ਜਾਂਦੀਆਂ ਸਨ। ਏਸ ਕਰਕੇ ਲੋਕ ਸੰਤੁਸ਼ਟ ਹੁੰਦੇ ਸਨ। ਸੰਤੁਸ਼ਟ ਵਿਅਕਤੀ, ਸੰਤੁਸ਼ਟ ਪਰਿਵਾਰ ਹੀ ਪਿਆਰ ਦੇ ਪ੍ਰਾਹੁਣਚਾਰੀ ਮਨੋ ਕਰ ਸਕਦਾ ਹੈ। ਹੁਣ ਲੋਕਾਂ ਦਾ ਮਨ ਕਿਤੇ ਹੋਰ ਹੁੰਦਾ ਹੈ। ਬੰਦਾ ਸਰੀਰਕ ਤੌਰ 'ਤੇ ਹੀ ਹਾਜ਼ਰ ਹੁੰਦਾ ਹੈ। ਪਹਿਲਾਂ ਪ੍ਰਾਹੁਣਿਆਂ ਦੇ ਆਇਆਂ ਤੇ ਘਰ ਵਾਲਿਆਂ ਨੂੰ ਚਾਅ ਚੜ੍ਹ ਜਾਂਦਾ ਸੀ। ਪੂਰੀ ਸੇਵਾ ਕੀਤੀ ਜਾਂਦੀ ਸੀ। ਹੁਣ ਜੇਕਰ ਬੁਲਾਏ ਪ੍ਰਾਹੁਣਿਆਂ ਨਾਲੋਂ ਵਧ ਪ੍ਰਾਹੁਣੇ ਆ ਜਾਣ ਤਾਂ ਪਰਿਵਾਰ ਵਾਲਿਆਂ ਦੇ ਮੱਥੇ ਵੱਟ ਪੈ ਜਾਂਦਾ ਹੈ। ਉਨ੍ਹਾਂ ਦੀ ਸੇਵਾ ਤਾਂ ਕੀ ਕਰਨੀ ਹੈ, ਡੰਗ ਟਪਾਈ ਕੀਤੀ ਜਾਂਦੀ ਹੈ। ਲਓ, ਅਜਿਹਾ ਹੀ ਇਕ ਅਖਾਣ ਸੁਣੋ–

ਤਿੰਨ ਬੁਲਾਏ ਤੇਰਾਂ ਆਏ,
ਸੁਣ ਸੰਤਨ ਕੀ ਬਾਣੀ।
ਰਾਧਾ, ਕ੍ਰਿਸ਼ਨਾ, ਗੋਬਿੰਦਾ,
ਠੇਲ੍ਹ ਦਾਲ ਵਿਚ ਪਾਣੀ।

ਹੁਣ ਦੇ ਪ੍ਰਾਹੁਣੇ ਜ਼ਿਆਦਾ ਦਿਨ ਠਹਿਰ ਜਾਣ ਤਾਂ ਘਰ ਵਾਲੇ ਉਨ੍ਹਾਂ ਨੂੰ ਘਰੋਂ ਕੱਢਣ ਲਈ ਕੋਈ ਨਾ ਕੋਈ ਬਹਾਨਾ ਭਾਲਦੇ ਰਹਿੰਦੇ ਹਨ –

ਪਹਿਲੇ ਦਿਨ ਪ੍ਰਾਹੁਣਾ,
ਦੂਜੇ ਦਿਨ ਧਰਾਹੁਣਾ,
ਤੀਜੇ ਦਿਨ ਦਾਦੇ ਮਘਾਉਣਾ,
ਚੌਥੇ ਦਿਨ ਟਾਹੁਣਾ।

ਅੱਜ ਬਹੁਤੇ ਬੱਚੇ ਆਪਣੇ ਮਾਂ-ਬਾਪ ਦੀ ਸੇਵਾ ਕਰਨ ਨੂੰ ਤਿਆਰ ਨਹੀਂ। ਮਾਂ-ਬਾਪ ਨੂੰ ਵਾਧੂ, ਬੇਲੋੜੇ ਸਮਝਿਆ ਜਾਂਦਾ ਹੈ। ਭਰਾਵਾਂ ਭਰਾਵਾਂ ਵਿਚ ਕੋਈ ਪਿਆਰ ਨਹੀਂ। ਅੱਜ ਸਾਰੇ ਰਿਸ਼ਤੇ ਪੈਸੇ ਨਾਲ ਨਾਪੇ ਜਾਂਦੇ ਹਨ। ਅੱਜ ਪੈਸਾ ਹੀ ਪ੍ਰਧਾਨ ਹੈ। ਪਿਆਰ ਤੇ ਪ੍ਰਾਹੁਣਚਾਰੀ ਹੁਣ ਗੌਂ ਦੇ ਰਹਿ ਗਏ ਹਨ, ਪਿਆਰ ਦੇ ਨਹੀਂ।

0



## ਸੱਥ

ਜਿਸ ਸਾਂਝੀ ਥਾਂ ਤੇ ਲੋਕ ਇਕੱਠੇ ਹੋ ਕੇ ਬੈਠਦੇ ਹਨ, ਉਸ ਨੂੰ ਸੱਥ ਕਿਹਾ ਜਾਂਦਾ ਹੈ। ਮਨੁੱਖ ਇਕ ਸਮਾਜਿਕ ਜੀਵ ਹੈ, ਜਿਹੜਾ ਆਪਣੇ ਭਾਈਚਾਰੇ 'ਚ ਰਹਿਣਾ ਪਸੰਦ ਕਰਦਾ ਹੈ। ਜਿਹੜਾ ਆਪਣੇ ਭਾਈਚਾਰੇ, ਸਮਾਜ ਵਿਚ ਨਹੀਂ ਰਹਿੰਦਾ, ਉਹ ਜਾਂ ਤਾਂ ਦੇਵਤਾ ਹੈ ਜਾਂ ਜਾਨਵਰ। ਏਸ ਲਈ ਮਨੁੱਖ ਦੀ ਮਿਲ ਬੈਠਣ ਦੀ ਰੁਚੀ ਜਮਾਂਦਰੂ ਹੈ।

ਭਾਰਤ ਪਿੰਡਾਂ ਦਾ ਦੇਸ਼ ਹੈ। ਭਾਰਤ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਪਹਿਲੇ ਸਮਿਆਂ ਵਿਚ ਜਦ ਸਾਰੀ ਖੇਤੀ ਬਾਰਸ਼ਾਂ 'ਤੇ ਨਿਰਭਰ ਸੀ, ਉਸ ਸਮੇਂ ਲੋਕਾਂ ਕੋਲ ਵਿਹਲ ਬਹੁਤ ਹੁੰਦੀ ਸੀ। ਇਸ ਲਈ ਲੋਕ ਸੱਥਾਂ ਵਿਚ ਬੈਠੇ ਰਹਿੰਦੇ ਸਨ।



ਉਨ੍ਹਾਂ ਸਮਿਆਂ ਵਿਚ ਖਾਣ ਜੋਗੇ ਦਾਣੇ ਹੀ ਮਸਾਂ ਹੁੰਦੇ ਸਨ। ਆਬਾਦੀ ਵੀ ਥੋੜ੍ਹੀ ਸੀ। ਪਿੰਡਾਂ ਦੇ ਚਾਰ ਚੁਫੇਰੇ ਜੰਗਲ ਹੀ ਹੁੰਦੇ ਸਨ। ਲੋਕ ਲੱਕੜਾਂ ਵੱਢ ਕੇ ਪਿੰਡ ਵਿਚ ਖੁਲ੍ਹੀ ਥਾਂ 'ਤੇ ਰੱਖ ਦਿੰਦੇ ਸਨ। ਫੇਰ ਲੋੜ ਅਨੁਸਾਰ ਵਰਤਦੇ ਰਹਿੰਦੇ ਸਨ। ਸ਼ੁਰੂ ਦੇ ਸਮਿਆਂ ਵਿਚ ਇਨ੍ਹਾਂ ਲੱਕੜਾਂ ਤੇ ਹੀ ਸੱਥ ਵਿਚ ਲੋਕ ਬੈਠਦੇ ਹੁੰਦੇ ਸਨ। ਆਪਣਾ ਟਾਈਮ ਪਾਸ ਕਰਦੇ ਸਨ। ਪਿੰਡ ਦੇ ਮਸਲੇ ਵਿਚਾਰਦੇ ਸਨ। ਇਨ੍ਹਾਂ ਲੱਕੜਾਂ ਵਿਚ ਮੁੰਢ ਵੀ ਪਏ ਹੁੰਦੇ ਸਨ। ਮੁੰਢ ਚਰਚਾ ਸ਼ਬਦ ਦੀ ਈਜਾਦ ਵੀ ਇਨ੍ਹਾਂ ਮੁੰਢਾਂ ਤੋਂ ਹੀ ਸ਼ੁਰੂ ਹੋਈ ਹੈ। ਫੇਰ ਪਿੰਡਾਂ ਵਿਚ ਦਰਵਾਜ਼ੇ ਬਣੇ। ਲੋਕ ਦਰਵਾਜ਼ਿਆਂ ਵਿਚ ਬੈਠਣ ਲੱਗੇ। ਫੇਰ ਧਰਮਸ਼ਾਲਾਂ ਬਣੀਆਂ। ਲੋਕ ਧਰਮਸ਼ਾਲਾ ਵਿਚ ਬੈਠਣ ਲੱਗੇ।



Academy of the Punjab in North America: http://www.apnaorg.com

ਸਿਆਲ ਦੇ ਮਹੀਨਿਆਂ ਵਿਚ ਬੜੀ ਉਮਰ ਵਾਲੇ ਬਜ਼ੁਰਗ ਤੇ ਜੁਆਨ ਵੀ ਇਨ੍ਹਾਂ ਸੱਥਾਂ, ਦਰਵਾਜ਼ਿਆਂ ਅਤੇ ਧਰਮਸ਼ਾਲਾ ਵਿਚ ਬੈਠ ਕੇ ਸਣ ਕੱਢਦੇ ਹੁੰਦੇ ਸਨ। ਘਰੋਂ ਗਰਨੇ ਚੱਕ ਲਿਆਉਣੇ, ਸਣ ਕੱਢ ਕੇ ਤੀਲਾਂ ਦੀ ਹੇਠਾਂ ਧੂਣੀ ਲਾ ਲੈਣੀ। ਫੇਰ ਜਿਵੇਂ ਜਿਵੇਂ ਸਣ ਕੱਢੀ ਜਾਣੀ, ਤੀਲਾਂ ਦੀ ਧੂਣੀ 'ਤੇ ਸਿੱਟੀ ਜਾਣੀਆਂ, ਨਾਲੇ ਸਰਦੀ ਤੋਂ ਬੱਚਤ ਹੁੰਦੀ ਰਹਿੰਦੀ ਸੀ, ਨਾਲੇ ਕੰਮ ਹੁੰਦਾ ਰਹਿੰਦਾ ਸੀ।

ਸੱਥ ਆਮ ਤੌਰ 'ਤੇ ਕਿਸੇ ਚੁਰਾਹੇ ਵਿਚ ਹੁੰਦੀ ਸੀ। ਏਸ ਲਈ ਪਿੰਡ ਵਿਚ ਕੌਣ ਆਉਂਦਾ ਸੀ, ਕੌਣ ਬਾਹਰ ਜਾਂਦਾ ਸੀ, ਸੱਥ ਵਿਚ ਬੈਠੇ ਬੰਦਿਆਂ ਨੂੰ ਸਭ ਪਤਾ ਹੁੰਦਾ ਸੀ। ਗੱਭਰੂ ਮੁੰਡਿਆਂ ਦੀ ਆਪਣੀ ਸੱਥ ਹੁੰਦੀ ਸੀ, ਜਿਥੇ ਉਹ ਦੁਪਹਿਰਾਂ ਨੂੰ ਬੈਠ ਕੇ ਚਿੱਠੇ ਪੜ੍ਹਦੇ ਹੁੰਦੇ ਸਨ। ਇਨ੍ਹਾਂ ਚਿੱਠਿਆਂ ਨੂੰ ਕਿੱਸੇ ਵੀ ਕਹਿੰਦੇ ਸਨ। ਉਨ੍ਹਾਂ ਸਮਿਆਂ ਵਿਚ ਚਿੱਠੇ ਹੀ ਮਨੋਰੰਜਨ ਦਾ ਸਾਧਨ ਹੁੰਦੇ ਸਨ। ਹੀਰ ਰਾਂਝਾ, ਸੱਸੀ ਪੁੰਨੂ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ ਤੇ ਧਾਰਮਿਕ ਕਿੱਸੇ ਵੀ ਪੜ੍ਹੇ ਜਾਂਦੇ ਸਨ। ਜਿਸ ਦਾ ਵੀਰ ਸੱਥ ਵਿਚ ਟੌਹਰ ਕੱਢ ਕੇ ਬੈਠਦਾ ਹੁੰਦਾ ਸੀ, ਉਸ ਦੀ ਭੈਣ ਦੀ ਮੜਕ ਵੀ ਨਹੀਂ ਝੱਲੀ ਜਾਂਦੀ ਸੀ–

ਮੇਰਾ ਵੀਰ ਤਾਂ ਬੈਠਾ ਸੱਥ ਵਿਚ ਨੀ,
ਸੋਨੇ ਦੀ ਮੁੰਦਰੀ ਉਹਦੇ ਹੱਥ ਵਿਚ ਨੀ।

ਉਨ੍ਹਾਂ ਸਮਿਆਂ ਵਿਚ ਸੋਨਾ ਖਰੀਦਣਾ ਹਰ ਇਕ ਦੀ ਪਹੁੰਚ ਵਿਚ ਨਹੀਂ ਹੁੰਦਾ ਸੀ। ਭੈਣਾਂ ਨੂੰ ਆਪਣੇ ਵੀਰਾਂ 'ਤੇ ਬਹੁਤ ਮਾਣ ਹੁੰਦਾ ਸੀ। ਹੁਣ ਤਾਂ ਲਾਲਚ ਨੇ ਸਾਰੇ ਰਿਸ਼ਤਿਆਂ ਵਿਚ ਤੇੜਾਂ ਪਾ ਦਿੱਤੀਆਂ ਹਨ। ਅੱਜ ਸਭ ਨੇ ਪੈਸੇ ਨੂੰ ਪ੍ਰਧਾਨ ਬਣਾਇਆ ਹੋਇਆ ਹੈ। ਪਿਆਰ ਦਿਨੋ ਦਿਨ ਖ਼ਤਮ ਹੁੰਦਾ ਜਾ ਰਿਹਾ ਹੈ।

ਕਿਸੇ ਸਮੇਂ ਸੱਥ ਦੀ ਪਿੰਡ ਵਿਚ ਵਿਸ਼ੇਸ਼ ਥਾਂ ਹੁੰਦੀ ਸੀ। ਪਿੰਡ ਦਾ ਸ਼ਿੰਗਾਰ ਹੁੰਦੀ ਸੀ ਸੱਥ। ਸੱਥਾਂ ਹੀ ਪਿੰਡ ਦੇ ਲੋਕਾਂ ਦਾ ਮਨੋਰੰਜਨ ਸਥਾਨ ਹੁੰਦੀਆਂ ਸਨ। ਸੱਥਾਂ ਵਿਚੋਂ ਹੀ ਸਾਰੇ ਪਿੰਡ ਤੇ ਇਲਾਕੇ ਦੀਆਂ ਖ਼ਬਰਾਂ ਮਿਲ ਜਾਂਦੀਆਂ ਸਨ। ਸੱਥਾਂ ਵਿਚ ਹੀ ਫ਼ੈਸਲੇ ਹੁੰਦੇ ਸਨ। ਸੱਥਾਂ ਸਾਡੇ ਸਭਿਆਚਾਰ ਦਾ ਅਹਿਮ ਹਿੱਸਾ ਹੁੰਦੀਆਂ ਸਨ। ਪਿੱਪਲਾਂ, ਬੋਹੜਾਂ ਹੇਠ ਵੀ ਸੱਥਾਂ ਲੱਗਦੀਆਂ ਸਨ। ਪਿੰਡ ਦੇ ਬਜ਼ੁਰਗ ਸੱਥਾਂ ਵਿਚ ਆਮ ਬੈਠੇ ਰਹਿੰਦੇ ਸਨ। ਲੋਕਾਂ ਵਿਚ ਪ੍ਰੇਮ ਪਿਆਰ ਬਹੁਤ ਹੁੰਦਾ ਸੀ। ਜਦ ਅੰਨ ਸੰਕਟ ਨੂੰ ਦੂਰ ਕਰਨ ਲਈ ਹਰੀ ਕ੍ਰਾਂਤੀ ਆਈ ਤਾਂ ਲੋਕਾਂ ਦਾ ਜ਼ਿਆਦਾ ਸਮਾਂ ਖੇਤੀ ਵਿਚ ਲੱਗਣ ਲੱਗਿਆ। ਖੇਤੀ ਦੀ ਆਮਦਨ ਵਧੀ। ਹੌਲੀ ਹੌਲੀ ਪਿਆਰ ਦੀ ਥਾਂ ਪੈਸੇ ਨੇ ਲੈ ਲਈ। ਸਾਂਝੇ ਟੱਬਰਾਂ ਦੀ ਪ੍ਰਥਾ ਖ਼ਤਮ ਹੋਣ ਲੱਗੀ। ਇਕਹਿਰੇ ਪਰਿਵਾਰ ਬਣਨ ਲੱਗੇ। ਇਕਹਿਰੇ ਪਰਿਵਾਰਾਂ ਨੇ ਆਪਸੀ ਪਿਆਰ ਵਿਚ ਹੋਰ ਫਿੱਕ ਪਾ ਦਿੱਤੀ। ਪੰਚਾਇਤੀ ਸਿਸਟਮ ਸ਼ੁਰੂ ਹੋਣ ਨਾਲ ਪਿੰਡਾਂ ਵਿਚ ਪਾਰਟੀਬਾਜ਼ੀ ਬਹੁਤ ਵਧ ਗਈ ਹੈ। ਪਿੰਡਾਂ ਵਿਚ ਸੱਥ ਦੀ ਜਿਹੜੀ ਪਹਿਲਾਂ ਆਦਰਯੋਗ ਥਾਂ ਹੁੰਦੀ ਸੀ, ਉਹ ਹੁਣ ਨਹੀਂ ਰਹੀ।

ਸੱਥ ਹੁਣ ਸ਼ਰੀਕੇਬਾਜ਼ੀ ਦੀ ਤੇ ਤੋਹਮਤਬਾਜ਼ੀ ਦੀ ਥਾਂ ਬਣ ਕੇ ਰਹਿ ਗਈ ਹੈ।

0

## ਦਰਵਾਜ਼ੇ

ਕੋਈ ਸਮਾਂ ਸੀ ਜਦ ਤਕੜੇ, ਸ਼ਕਤੀਸ਼ਾਲੀ, ਜ਼ੋਰਾਵਰ ਤੇ ਬਾਹੂਬਲ ਵਾਲੇ ਬੰਦਿਆਂ ਦਾ ਬੋਲਬਾਲਾ ਹੁੰਦਾ ਸੀ। ਉਹ ਜ਼ੋਰਦਾਰ ਬੰਦੇ ਸੱਤਾਂ ਬੀਹਾਂ ਦਾ ਸੌ ਗਿਣਦੇ ਹੁੰਦੇ ਸਨ। ਕਿਉਂ ਜੋ ਉਨ੍ਹਾਂ ਅੱਗੇ ਕੋਈ ਕਿੰਤੂ ਪ੍ਰੰਤੂ ਨਹੀਂ ਕਰ ਸਕਦਾ ਸੀ। ਧੱਕੇ ਦਾ ਜ਼ਮਾਨਾ ਸੀ। 20 ਦੀ ਗਿਣਤੀ ਨੂੰ ਬੀਹਾਂ ਕਿਹਾ ਜਾਂਦਾ ਸੀ। ਏਸ ਤਰ੍ਹਾਂ ਸੱਤਾਂ ਬੀਹਾਂ ਦੇ ਬਣਦੇ ਤਾਂ ਇਕ ਸੌ ਚਾਲੀ ਹੁੰਦੇ ਸਨ। ਪਰ ਜ਼ੋਰਾਵਰ ਨਾਲ ਪੰਗਾ ਕੌਣ ਲਵੇ? ਸਪਸ਼ਟ ਸੀ, ਤਕੜਾ ਬੰਦਾ ਆਪਣੀ ਮਨ ਮਰਜ਼ੀ ਕਰਦਾ ਹੁੰਦਾ ਸੀ। ਸਮਾਜ ਵਿਚ ਹਰ ਸਮੇਂ ਹੀ ਜ਼ੋਰਾਵਰ ਤੇ ਬਾਹੂਬਲ ਵਾਲੇ ਬੰਦਿਆਂ ਦਾ ਰਾਜ ਰਿਹਾ ਹੈ। ਅੱਜ ਅਮਰੀਕਾ ਸਾਰੇ ਦੇਸ਼ਾਂ ਨਾਲੋਂ ਤਕੜਾ ਹੋਣ ਕਰਕੇ ਉਸ ਦੀ ਸਾਰੀ ਦੁਨੀਆਂ ਤੇ ਸਰਦਾਰੀ ਹੈ। ਜ਼ੋਰਾਵਰ ਹੋਣ ਲਈ ਬਾਹੂਬਲ ਦੇ ਨਾਲ ਆਰਥਿਕ ਤੌਰ ਤੇ ਵੀ ਸ਼ਕਤੀਸ਼ਾਲੀ ਹੋਣਾ ਜ਼ਰੂਰੀ ਹੁੰਦਾ ਹੈ। ਪਹਿਲੇ ਸਮਿਆਂ ਵਿਚ ਆਰਥਿਕ ਤੌਰ 'ਤੇ ਸ਼ਕਤੀਸ਼ਾਲੀ ਦੂਸਰਿਆਂ ਦੀ ਧਨ ਦੌਲਤ ਨੂੰ ਲੁੱਟ ਕੇ ਹੀ ਹੋਇਆ ਜਾ ਸਕਦਾ ਸੀ। ਏਸ ਤਰ੍ਹਾਂ ਬਾਹੂਬਲ ਵਾਲਾ ਬੰਦਾ ਆਪਣਾ ਇਕ ਧੜਾ ਬਣਾ ਲੈਂਦਾ ਸੀ। ਆਪ ਉਸ ਧੜੇ ਦਾ ਲੀਡਰ ਬਣ ਜਾਂਦਾ ਸੀ। ਲੁੱਟਮਾਰ ਧਨ ਦੌਲਤ ਦੀ ਤੇ ਇਲਾਕੇ ਦੀ ਕਰਨੀ ਸ਼ੁਰੂ ਕਰ ਦਿੰਦਾ ਸੀ। ਉਨ੍ਹਾਂ ਸਮਿਆਂ ਵਿਚ ਇਨ੍ਹਾਂ ਨੂੰ ਧਾੜਵੀ ਕਿਹਾ ਜਾਂਦਾ ਸੀ। ਪਿਛਲੇ ਸਮੇਂ ਦਾ ਇਤਿਹਾਸ ਪੜ੍ਹ ਕੇ ਵੇਖ ਲਵੋ, ਜਿੰਨੇ ਵੀ ਰਾਜੇ, ਮਹਾਰਾਜੇ, ਨਵਾਬ ਹੋਏ ਹਨ, ਉਨ੍ਹਾਂ ਸਾਰਿਆਂ ਦਾ ਪਿਛੋਕੜ ਧਾੜਵੀ, ਲੁਟੇਰਿਆਂ ਅਤੇ ਡਾਕੂਆਂ ਦਾ ਹੈ।

ਮੈਂ ਇਹ ਭੂਮਿਕਾ ਏਸ ਲਈ ਲਿਖੀ ਹੈ ਕਿਉਂ ਜੋ ਉਨ੍ਹਾਂ ਸਮਿਆਂ ਵਿਚ ਧਾੜਵੀਆਂ, ਲੁਟੇਰਿਆਂ ਤੋਂ ਬਚਣ ਲਹੀ ਇਨ੍ਹਾਂ ਦਰਵਾਜ਼ਿਆਂ ਦੀ ਲੋੜ ਸੀ। ਪਹਿਲਾਂ ਪਿੰਡ ਹੋਂਦ ਵਿਚ ਆਏ, ਜਿਥੇ ਲੋਕ ਬੜੀ ਥੋੜ੍ਹੀ ਥੋੜ੍ਹੀ ਗਿਣਤੀ ਵਿਚ ਇਕੱਠੇ ਹੋ ਕੇ ਰਹਿਣ ਲੱਗੇ। ਇਨ੍ਹਾਂ ਧਾੜਵੀਆਂ, ਲੁਟੇਰਿਆਂ ਤੋਂ ਪਿੰਡ ਵਾਸੀਆਂ ਨੂੰ ਬਚਾਣ ਲਈ ਦਰਵਾਜ਼ੇ ਬਣਾਏ ਗਏ। ਪਿੰਡਾਂ ਦੇ ਘਰਾਂ ਦੀ ਬਣਤਰ ਅਜਿਹੀ ਹੁੰਦੀ ਸੀ ਕਿ ਘਰਾਂ ਦੀਆਂ ਪਿੱਠਾਂ ਬਾਹਰ ਵੱਲ ਹੁੰਦੀਆਂ ਸਨ ਤੇ ਮੂੰਹ ਪਿੰਡ ਦੇ ਅੰਦਰ ਵੱਲ ਹੁੰਦੇ ਸਨ। ਪਿੰਡਾਂ ਅੰਦਰ ਸਿਰਫ਼ ਪਿੰਡਾਂ ਵਿਚ ਬਣਾਏ ਦਰਵਾਜ਼ਿਆਂ ਰਾਹੀਂ ਅੰਦਰ ਜਾਇਆ ਜਾ ਸਕਦਾ ਸੀ। ਸ਼ਹਿਰਾਂ ਦੀ ਆਰਥਿਕ ਹਾਲਤ ਚੰਗੀ ਹੁੰਦੀ ਸੀ। ਏਸ ਲਈ ਸ਼ਹਿਰਾਂ ਦੇ ਚਾਰੇ ਪਾਸੇ ਚਾਰ ਦੀਵਾਰੀ ਕੀਤੀ ਹੁੰਦੀ ਸੀ। ਇਸ ਚਾਰ-ਦੀਵਾਰੀ ਵਿਚ ਹੀ ਦਰਵਾਜ਼ੇ





Academy of the Punjab in North America: http://www.apnaorg.com

ਰੱਖੇ ਹੁੰਦੇ ਸਨ, ਜਿਨ੍ਹਾਂ ਰਾਹੀਂ ਸ਼ਹਿਰਾਂ ਅੰਦਰ ਦਾਖ਼ਲ ਹੋਇਆ ਜਾ ਸਕਦਾ ਸੀ। ਹੁਣ ਬਹੁਤੇ ਸ਼ਹਿਰਾਂ ਵਿਚ ਚਾਹੇ ਇਹ ਦਰਵਾਜ਼ੇ ਨਹੀਂ ਰਹੇ, ਪਰ ਤੁਹਾਨੂੰ ਅੱਜ ਵੀ ਇਨ੍ਹਾਂ ਦਰਵਾਜ਼ਿਆਂ ਦੀ ਹੋਂਦ ਬਾਰੇ ਪਤਾ ਲੱਗਦਾ ਹੈ। ਮੇਰੇ ਪਿੰਡ ਦੇ ਨਜ਼ਦੀਕ ਮਲੇਰ ਕੋਟਲਾ ਸ਼ਹਿਰ ਹੈ। ਜਦ ਮੇਰੇ ਪਿੰਡ ਸੰਦੌੜ ਵਾਲੀ ਸੜਕ ਮਲੇਰ ਕੋਟਲੇ ਸ਼ਹਿਰ ਵਿਚ ਪਹੁੰਚਦੀ ਹੈ ਤਾਂ ਉਸ ਦਰਵਾਜ਼ੇ ਦਾ ਨਾਂ ਕੇਲੋਂ ਵਾਲਾ ਦਰਵਾਜ਼ਾ ਹੈ। (ਕੇਲੋਂ ਇਕ ਪਿੰਡ ਦਾ ਨਾਂ ਹੈ) ਜਿਹੜਾ ਦਰਵਾਜ਼ਾ ਬੱਸ ਸਟੈਂਡ ਦੇ ਨਜ਼ਦੀਕ ਹੈ, ਉਸ ਨੂੰ ਸਰਹਿੰਦੀ ਦਰਵਾਜ਼ਾ ਕਹਿੰਦੇ ਹਨ। ਏਸ ਤਰ੍ਹਾਂ ਹਰ ਸ਼ਹਿਰ ਵਿਚ ਦਰਵਾਜ਼ੇ ਹੁੰਦੇ ਸਨ। ਏਸੇ ਤਰ੍ਹਾਂ ਪਿੰਡਾਂ ਦੇ ਦਰਵਾਜ਼ਿਆਂ ਦੇ ਨਾਂ ਪੈਂਦੇ ਸਨ। ਜਿਵੇਂ ਮੇਰੇ ਪਿੰਡ ਦੇ ਦਰਵਾਜ਼ਿਆਂ ਦੇ ਨਾਂ ਬੜਾ ਦਰਵਾਜ਼ਾ, ਛੋਟਾ ਦਰਵਾਜ਼ਾ ਅਤੇ ਹਰੀਜਨਾਂ ਦਾ ਦਰਵਾਜ਼ਾ ਹੈ।



ਇਹ ਦਰਵਾਜ਼ੇ ਆਕਾਰ ਵਿਚ ਆਮ ਤੌਰ ਤੇ 15 ਕੁ ਫੁੱਟ ਡਾਟਦਾਰ, ਨੋਕਦਾਰ ਉੱਚੇ ਅਤੇ 15 ਕੁ ਫੁੱਟ ਚੌੜੇ ਹੁੰਦੇ ਸਨ। ਆਮ ਤੌਰ ਤੇ ਇਨ੍ਹਾਂ ਦਰਵਾਜ਼ਿਆਂ ਦੇ ਅੰਦਰ ਬੜੇ ਬੜੇ ਦਲਾਣ ਬਣੇ ਹੁੰਦੇ ਸਨ। ਦਰਵਾਜ਼ਿਆਂ ਵਿਚ ਦੀ ਲੰਘਣ ਵਾਲੀ ਥਾਂ ਗਲੀ/ਬੀਹੀ ਦੇ ਪੱਧਰ ਦੀ ਹੁੰਦੀ ਸੀ। ਸਾਈਡਾਂ ਤੇ ਆਮ ਤੋਰ ਤੇ ਦੋ ਤੋਂ ਤਿੰਨ ਫੁੱਟ ਉਚੀਆਂ ਚੌਂਕੜੀਆਂ ਬਣੀਆਂ ਹੁੰਦੀਆਂ ਸਨ। ਇਨ੍ਹਾਂ ਦਰਵਾਜ਼ਿਆਂ ਦੇ ਅੰਦਰਲੇ ਤੇ ਬਾਹਰਲੇ ਪਾਸੇ ਵੀ ਆਮ ਤੌਰ 'ਤੇ ਜਗ੍ਹਾ ਪਈ ਹੁੰਦੀ ਸੀ। ਇਹ ਦਰਵਾਜ਼ੇ ਹੀ ਪਿੰਡ ਦੀਆਂ ਸੱਥਾਂ ਹੁੰਦੇ ਸਨ।

ਇਨ੍ਹਾਂ ਦਰਵਾਜ਼ਿਆਂ ਵਿਚ ਹੀ ਪਿੰਡ ਦਾ ਇਕੱਠ ਹੁੰਦਾ ਸੀ। ਗਰਮੀਆਂ ਦੇ ਮੌਸਮ ਵਿਚ ਦੁਪਹਿਰਾਂ ਨੂੰ ਏਥੇ ਕਿੱਸੇ ਵੀ ਪੜ੍ਹੇ ਜਾਂਦੇ ਸਨ। ਲੋਕ ਤਾਸ਼ ਵੀ ਖੇਡਦੇ ਸਨ। ਮੁੰਡੇ ਹੋਰ ਵੀ ਖੇਡਾਂ ਖੇਡਦੇ ਰਹਿੰਦੇ ਸਨ। ਸਰਦੀਆਂ ਦੇ ਮੌਸਮ ਵਿਚ ਲੋਕ ਏਥੇ ਸਣ ਕੱਢਦੇ ਰਹਿੰਦੇ ਸਨ। ਤੀਲਾਂ ਨੂੰ ਧੂਣੀ ਲਾ ਕੇ ਉਨ੍ਹਾਂ ਉਪਰ ਸਿੱਟਦੇ ਰਹਿੰਦੇ ਸਨ।



ਏਸ ਤਰ੍ਹਾਂ ਨਾਲੇ ਤਾਂ ਸਰਦੀ ਤੋਂ ਬਚਾਅ ਹੁੰਦਾ ਰਹਿੰਦਾ ਸੀ ਤੇ ਨਾਲੇ ਕੰਮ ਹੁੰਦਾ ਰਹਿੰਦਾ ਸੀ। ਕਈ ਦਰਵਾਜ਼ਿਆਂ ਦੇ ਅੰਦਰਲੇ ਤੇ ਬਾਹਰਲੇ ਪਾਸੇ ਖੁੰਢ ਵੀ ਬੈਠਣ ਲਈ ਪਏ ਹੁੰਦੇ ਸਨ। ਇਨ੍ਹਾਂ ਖੁੰਢਾਂ ਤੇ ਬੈਠ ਕੇ ਵੀ ਪਿੰਡ ਦੇ ਹਰ ਮਸਲੇ 'ਤੇ ਚਰਚਾ ਕਰਦੇ ਰਹਿੰਦੇ ਸਨ। ਉਨ੍ਹਾਂ ਸਮਿਆਂ ਵਿਚ ਖੇਤੀ ਬਹੁਤੀ ਬਾਰਸ਼ਾਂ 'ਤੇ ਨਿਰਭਰ ਹੁੰਦੀ ਸੀ। ਲੋਕਾਂ ਕੋਲ ਵਿਹਲ ਬਹੁਤ ਹੁੰਦੀ ਸੀ। ਏਸੇ ਕਰਕੇ ਬਹੁਤੇ ਲੋਕ ਇਨ੍ਹਾਂ ਦਰਵਾਜ਼ਿਆਂ ਵਿਚ ਹੀ ਬੈਠੇ ਰਹਿੰਦੇ ਸਨ। ਪਿੰਡ ਵਿਚ ਕਿਸ ਦਾ ਕਿਹੜਾ ਰਿਸ਼ਤੇਦਾਰ ਆਇਆ ਹੈ, ਸਭ ਨੂੰ ਪਤਾ ਹੁੰਦਾ ਸੀ।

ਉਨ੍ਹਾਂ ਸਮਿਆਂ ਵਿਚ ਘਰਾਂ ਦੇ ਦਰਵਾਜ਼ੇ ਵੀ ਏਸੇ ਤਰ੍ਹਾ ਦੇ ਡਾਟਦਾਰ ਹੁੰਦੇ ਸਨ। ਪਰ ਉਨ੍ਹਾਂ ਦਾ ਆਕਾਰ ਇਨ੍ਹਾਂ ਦਰਵਾਜ਼ਿਆਂ ਨਾਲੋਂ ਛੋਟਾ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਲੈ ਦੇ ਕੇ ਬਹੁਤਿਆਂ ਦਾ ਇਕ ਹੀ ਘਰ ਹੁੰਦਾ ਸੀ। ਰਿਹਾਇਸ਼ ਵੀ ਉਸੇ ਘਰ ਵਿਚ ਹੁੰਦੀ ਸੀ। ਪਸ਼ੂ ਵੀ ਉਸੇ ਘਰ ਵਿਚ ਰੱਖੇ ਜਾਂਦੇ ਸਨ। ਊਠ ਪੱਠਿਆਂ ਦੇ ਲੱਦੇ ਲਦਾਏ ਇਨ੍ਹਾਂ ਦਰਵਾਜ਼ਿਆਂ ਵਿਚ ਦੀ ਲੰਘ ਜਾਂਦੇ ਸਨ। ਘਰ ਵੀ ਬਹੁਤ ਖੁਲ੍ਹੇ ਹੁੰਦੇ ਸਨ। ਗਰਮੀਆਂ ਦੇ ਮੌਸਮ ਵਿਚ ਇਨ੍ਹਾਂ ਦਰਵਾਜ਼ਿਆਂ ਵਿਚ ਹੀ ਘਰ ਦੇ ਜੀਆਂ ਦਾ ਜ਼ਿਆਦਾ ਸਮਾਂ ਲੰਘਦਾ ਹੁੰਦਾ ਸੀ। ਮਾੜੀ ਮੋਟੀ ਚਲਦੀ ਹਵਾ ਵੀ ਇਨ੍ਹਾ ਦਰਵਾਜ਼ਿਆਂ ਵਿਚ ਬੈਠਿਆਂ ਨੂੰ ਲੱਗਦੀ ਹੁੰਦੀ ਸੀ। ਕੁੜੀਆ, ਬਹੂਆਂ ਅਤੇ ਬੁੜੀਆ ਇਨ੍ਹਾਂ ਦਰਵਾਜ਼ਿਆਂ ਵਿਚ ਬੈਠ ਕੇ ਹੀ ਕਢਾਈ, ਬੁਣਾਈ ਤੇ ਸਿਲਾਈ ਕਰਦੀਆਂ ਹੁੰਦੀਆਂ ਸਨ। ਚਰਖੇ ਵੀ ਕੱਤਦੀਆਂ ਹੁੰਦੀਆਂ ਸਨ –

ਧੰਨ ਕੁਰ ਸਿਊਂਮੇ ਕੁੜਤੀ ਖੱਦਰ ਦੀ,  
ਮੇਰੀ ਕੱਤਣ ਦੀ ਤਿਆਰੀ।  
ਵਿਚ ਦਰਵਾਜ਼ੇ ਦੇ,  
ਲੱਛੀ ਕੱਢੇ ਫੁਲਕਾਰੀ।  
x x x  
ਆਰੀ ਆਰੀ ਆਰੀ,  
ਵਿਚ ਦਰਵਾਜ਼ੇ ਦੇ,  
ਇਕ ਫੁੱਲ ਕੱਢਦਾ ਫੁਲਕਾਰੀ।

ਉਨ੍ਹਾਂ ਸਮਿਆਂ ਵਿਚ ਨੰਬਰਦਾਰ ਚੰਗੀ ਜ਼ਮੀਨ ਜਾਇਦਾਦ ਵਾਲੇ, ਮਾਣ ਸਤਿਕਾਰ ਵਾਲੇ ਬਣਾਏ ਜਾਂਦੇ ਸਨ। ਜਿਸ ਕਿਸੇ ਨੰਬਰਦਾਰ ਦੀ ਛੋਟੀ ਮੋਟੀ ਡਿਉੜੀ ਤਾਂ ਹੁੰਦੀ ਸੀ, ਪਰ ਦਰਵਾਜ਼ਾ ਨਹੀਂ ਹੁੰਦਾ ਸੀ, ਉਸ ਦੀ ਨੰਬਰਦਾਰੀ ਤੇ ਵਿਅੰਗ ਕਸਿਆ ਜਾਂਦਾ ਸੀ –

ਤੂੰ ਕਾਹਦਾ ਨੰਬਰਦਾਰ?  
ਵੇ ਦਰਵਾਜ਼ਾ ਹੈ ਨੀ?



Academy of the Punjab in North America: http://www.apnaorg.com

ਦਰਵਾਜ਼ਾ ਉਨ੍ਹਾਂ ਸਮਿਆਂ ਵਿਚ ਸਤਿਕਾਰ ਦਾ ਚਿੰਨ੍ਹ ਸਮਝਿਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਲੋਕ ਦੁੱਧ, ਮੱਖਣ, ਘੀ, ਅੱਧ ਰਿੜਕ, ਤਿਊੜਾਂ ਤੇ ਲੱਸੀਆਂ ਪੀਂਦੇ ਹੁੰਦੇ ਸਨ। ਲੋਕਾਂ ਵਿਚ ਅੰਨਾ ਜ਼ੋਰ ਹੁੰਦਾ ਸੀ। ਖੇਤੀ ਦਾ ਸਾਰਾ ਕੰਮ ਹੱਥੀਂ ਕੀਤਾ ਜਾਂਦਾ ਸੀ। ਉਨ੍ਹਾਂ ਸਮਿਆਂ ਦੀਆਂ ਮੁਟਿਆਰਾਂ ਵਿਚ ਵੀ ਲੋਹੜੇ ਦੀ ਜੁਆਨੀ ਹੁੰਦੀ ਸੀ। ਗਿੱਧੇ ਵਿਚ ਨੱਚਦੀਆਂ ਮੁਟਿਆਰਾਂ ਦੀ ਧਮਕ ਦਰਵਾਜ਼ਿਆਂ ਤੱਕ ਸੁਣੀ ਜਾਂਦੀ ਸੀ –

ਗਿੱਧੇ ਵਿਚ ਨੱਚਦੀ ਦੀ,
ਮੇਰੀ ਧਮਕ ਪਵੇ ਦਰਵਾਜ਼ੇ।

ਉਨ੍ਹਾਂ ਸਮਿਆਂ ਵਿਚ ਕੁੜੀਆਂ ਨੂੰ ਪੜ੍ਹਾਇਆ ਨਹੀਂ ਜਾਂਦਾ ਸੀ, ਪਰ ਘਰ ਦੇ ਕੰਮ ਧੰਦੇ ਵਿਚ ਪੂਰਾ ਮਾਹਰ ਕੀਤਾ ਜਾਂਦਾ ਸੀ। ਕੁੜੀਆਂ ਦਾ ਜ਼ਿਆਦਾ ਸਮਾਂ ਕਢਾਈ, ਬੁਣਾਈ, ਕਤਾਈ ਵਿਚ ਲੱਗਦਾ ਹੁੰਦਾ ਸੀ। ਆਮ ਤੌਰ ਤੇ ਹਰ ਘਰ ਵਿਚ ਤਿੰਨ-ਤਿੰਨ, ਚਾਰ-ਚਾਰ ਚਰਖੇ ਹੁੰਦੇ ਸਨ। ਮੁਟਿਆਰਾਂ ਦੇ ਚਰਖੇ ਕੱਤਣ ਦੀਆਂ ਗੂੰਜਾਂ ਵੀ ਦਰਵਾਜ਼ਿਆਂ ਤੱਕ ਸੁਣੀਆਂ ਜਾਂਦੀਆਂ ਸਨ –

ਆ ਵੇ ਦਿਉਰਾ, ਜਾ ਵੇ ਦਿਉਰਾ,
ਬੋਤਾ ਬੰਨ੍ਹ ਦਰਵਾਜ਼ੇ।
ਬੋਤੇ ਤੇਰੇ ਨੂੰ ਘਾਹ ਦਾ ਟੋਕਰਾ,
ਤੈਨੂੰ ਪੰਜ ਪਰਸ਼ਾਦੇ।
ਨਿੰਮ ਹੇਠ ਕੱਤਦੀ ਦੀ,
ਮੇਰੀ ਗੂੰਜ ਸੁਣੇ ਦਰਵਾਜ਼ੇ।

ਦਰਵਾਜ਼ਿਆਂ ਦੀ ਐਨੀ ਮਾਣਤਾ ਹੁੰਦੀ ਸੀ ਕਿ ਕੁੜੀਆਂ ਵਿਛਾਈਆਂ, ਝੋਲਿਆਂ, ਸਰਹਾਣਿਆਂ ਤੇ ਦਰਵਾਜ਼ਿਆਂ ਦੀ ਕਢਾਈ ਕਰਦੀਆਂ ਹੁੰਦੀਆਂ ਸਨ –

ਕੱਢਣਾ ਦਿੱਲੀ ਦਰਵਾਜ਼ਾ,
ਪੱਚੀਆਂ ਦੀ ਲਿਆ ਦੇ ਲੋਗੜੀ।

ਪਹਿਲੇ ਸਮਿਆਂ ਵਿਚ ਪਿੰਡਾਂ ਤੇ ਸ਼ਹਿਰਾਂ ਦੀ ਸਾਰੀ ਆਬਾਦੀ ਇਨ੍ਹਾਂ ਦਰਵਾਜ਼ਿਆਂ ਦੇ ਅੰਦਰ ਰਹਿੰਦੀ ਹੁੰਦੀ ਸੀ। ਹੁਣ ਬਹੁਤੀ ਆਬਾਦੀ ਇਨ੍ਹਾਂ ਦਰਵਾਜ਼ਿਆਂ ਤੋਂ ਬਾਹਰ ਰਹਿੰਦੀ ਹੈ। ਸ਼ਹਿਰਾਂ ਵਿਚਲੇ ਬਹੁਤੇ ਦਰਵਾਜ਼ੇ ਤਾਂ ਸੜਕਾਂ ਖੁਲ੍ਹੀਆਂ ਕਰਨ ਲਈ ਢਾਹ ਦਿੱਤੇ ਗਏ ਹਨ। ਬਹੁਤੇ ਪਿੰਡਾਂ ਵਿਚ ਅਜੇ ਵੀ ਇਹ ਦਰਵਾਜ਼ੇ ਕਾਇਮ ਹਨ। ਪਰ ਹੁਣ ਲੋਕਾਂ ਕੋਲ ਇਨ੍ਹਾਂ ਦਰਵਾਜ਼ਿਆਂ ਵਿਚ ਬੈਠਣ ਲਈ ਵਿਹਲ ਨਹੀਂ ਹੈ। ਹੁਣ ਇਨ੍ਹਾਂ ਦਰਵਾਜ਼ਿਆਂ ਵਿਚ ਪਹਿਲਾਂ ਵਾਲੀਆਂ ਰੌਣਕਾਂ ਨਹੀਂ ਹਨ। ਇਹ ਦਰਵਾਜ਼ੇ ਸਾਡੇ ਸਭਿਆਚਾਰ ਦਾ ਚਿੰਨ੍ਹ ਹਨ, ਜੋ ਹੌਲੀ ਹੌਲੀ ਅਲੋਪ ਹੁੰਦੇ ਜਾ ਰਹੇ ਹਨ।

0



## ਤ੍ਰਿੰਝਣ

ਆਂਢ ਗੁਆਂਢ ਦੀਆਂ ਕੁੜੀਆਂ ਦਾ ਇਕ ਥਾਂ 'ਕੱਠਿਆਂ ਹੋ ਕੇ ਛੋਪ ਪਾ ਕੇ ਕੱਤਣ ਨੂੰ ਤ੍ਰਿੰਝਣ ਕਹਿੰਦੇ ਸਨ/ਹਨ। ਸ਼ੁਰੂ ਸ਼ੁਰੂ ਵਿਚ ਜਦ ਹਰ ਕੰਮ ਹੱਥੀਂ ਕੀਤਾ ਜਾਂਦਾ ਸੀ, ਮਸ਼ੀਨੀ ਯੁੱਗ ਅਜੇ ਨਹੀਂ ਆਇਆ ਸੀ, ਉਸ ਸਮੇਂ ਤਨ ਢਕਣ ਲਈ ਕੱਪੜਾ ਤਿਆਰ ਕਰਨ ਲਈ ਰੂੰ ਵਿਚੋਂ ਧਾਗਾ ਚਰਖਿਆਂ ਰਾਹੀਂ ਕੱਤ ਕੇ ਬਣਾਇਆ ਜਾਂਦਾ ਸੀ। ਹਰ ਘਰ ਕਈ ਕਈ ਚਰਖੇ ਹੁੰਦੇ ਸਨ। ਕੁੜੀਆਂ, ਬਹੂਆਂ ਤੇ ਬੁੜੀਆ ਘਰਾਂ ਵਿਚ ਚਰਖੇ ਕੱਤਦੀਆ ਹੁੰਦੀਆਂ ਸਨ। ਉਨ੍ਹਾਂ ਸਮਿਆਂ ਵਿਚ ਪਿੰਡ ਸਵੈ-ਨਿਰਭਰ ਹੁੰਦੇ ਸਨ। ਬਹੁਤ ਹੀ ਘੱਟ ਵਸਤਾਂ ਸ਼ਹਿਰਾਂ ਵਿਚੋਂ ਲਿਆਂਦੀਆਂ ਜਾਂਦੀਆਂ ਸਨ। ਮਨੁੱਖੀ ਵਸੋਂ ਦੀਆਂ ਮੁਢਲੀਆਂ ਤਿੰਨੇ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਦੀਆਂ ਪਿੰਡਾਂ ਵਿਚ ਹੀ ਪੂਰੀਆਂ ਹੋ ਜਾਂਦੀਆਂ ਸਨ। ਕਪਾਹ ਨੂੰ ਵੇਲ੍ਹ ਕੇ, ਤੁੰਬ ਕੇ ਸੂਤ ਚਰਖਿਆਂ ਰਾਹੀਂ ਕੱਤਿਆ ਜਾਂਦਾ ਸੀ। ਏਸ ਸੂਤ ਤੋਂ ਕੱਪੜਾ ਤਿਆਰ ਕੀਤਾ ਜਾਂਦਾ ਸੀ। ਏਸ ਕੱਪੜੇ ਨੂੰ ਖੱਦਰ ਦਾ ਕੱਪੜਾ ਕਹਿੰਦੇ ਸਨ।



ਪਹਿਲੇ ਸਮਿਆਂ ਵਿਚ ਕੁੜੀਆਂ ਨੂੰ ਪੜ੍ਹਾਇਆ ਨਹੀਂ ਜਾਂਦਾ ਸੀ। ਏਸ ਲਈ ਕੁੜੀਆਂ ਦਾ ਜ਼ਿਆਦਾ ਸਮਾਂ ਘਰ ਦੇ ਕੰਮਾਂ ਕਾਰਾਂ ਵਿਚ ਹੀ ਬੀਤਦਾ ਸੀ। ਸੂਤ ਕੱਤਣਾ, ਦਰੀਆਂ ਬੁਣਨਾ, ਕਢਾਈ ਕਰਨਾ ਤੇ ਬੁਣਾਈ ਕਰਨ ਦੇ ਕੰਮਾਂ ਵਿਚ ਕੁੜੀਆਂ ਨੂੰ ਮਾਹਰ ਕੀਤਾ ਜਾਂਦਾ ਸੀ। ਕੁੜੀਆ ਆਪਣਾ ਦਾਜ ਵੀ ਆਪ ਤਿਆਰ ਕਰਦੀਆਂ ਸਨ। ਦਾਜ ਦੀਆਂ ਬਹੁਤੀਆਂ ਵਸਤਾਂ ਖੱਦਰ ਤੋਂ ਹੀ ਤਿਆਰ ਹੁੰਦੀਆਂ ਸਨ। ਏਸ ਲਈ ਕੁੜੀਆਂ ਦਾ ਸਭ ਤੋਂ ਜ਼ਿਆਦਾ ਸਮਾਂ ਚਰਖਾ ਕੱਤਣ ਤੇ ਹੀ ਲੱਗਦਾ ਸੀ। ਸਭ ਤੋਂ ਵਧੀਆ ਚਰਖਾ ਟਾਹਲੀ ਦੀ ਲੱਕੜ ਦਾ ਗਿਣਿਆ ਜਾਂਦਾ ਸੀ। ਦੂਸਰੀਆਂ ਲੱਕੜਾਂ ਦੇ ਵੀ ਚਰਖੇ ਬਣਾਏ ਜਾਂਦੇ ਸਨ–



Academy of the Punjab in North America: http://www.apnaorg.com

ਕਿੱਕਰ ਦਾ ਮੇਰਾ ਚਰਖਾ ਮਾਏ,
ਟਾਹਲੀ ਦਾ ਕਰਵਾ ਦੇ।
ਏਸ ਚਰਖੇ ਦਾ ਹਿੱਲੇ ਮਝੇਰੂ,
ਮਾਲ੍ਹਾਂ ਬਹੁਤੀਆਂ ਖਾਵੇ।
ਮੇਰੇ ਨਾਲ ਦੀਆਂ ਕੱਤ ਕੇ ਸੌਂ ਗਈਆਂ,
ਮੈਥੋਂ ਕੱਤਿਆ ਨਾ ਜਾਵੇ।
ਚਰਖਾ ਬੂ! ਚੰਦਰਾ!
ਮੇਰੀ ਨੀਂਦ ਗਵਾਵੇ।

ਕਈ ਕੁੜੀਆਂ ਨੂੰ ਆਪਣੇ ਚਰਖੇ ਤੇ ਬੜਾ ਅਭਿਮਾਨ ਹੁੰਦਾ ਸੀ –

ਚਰਖਾ ਤਾਂ ਮੇਰਾ ਤ੍ਰਿੰਝਣ ਦਾ ਸਰਦਾਰ ਨੀ ਮਾਏ
ਜਿਨ੍ਹਾਂ ਤਾਂ ਬੀੜਿਆ ਨੀ ਚਰਖਾ ਮੇਰਾ,
ਜਾਵਾਂ ਉਨ੍ਹਾਂ ਤੋਂ ਬਲਿਹਾਰ ਨੀ ਮਾਏ!

ਗਰਮੀਆਂ ਦੀਆਂ ਦੁਪਹਿਰਾਂ ਨੂੰ ਜਾਂ ਸਰਦੀਆਂ ਦੀਆਂ ਰਾਤਾਂ ਨੂੰ ਆਮ ਤੋਰ ਤੇ ਕਿਸੇ ਖੁਲ੍ਹੇ ਘਰ ਦੇ ਵਿਹੜੇ ਜਾਂ ਸਬਾਤ ਵਿਚ ਤ੍ਰਿੰਝਣ ਲੱਗਦੇ ਹੁੰਦੇ ਸਨ। ਗਲੀ ਗੁਆਂਢ ਦੀਆਂ ਕੁੜੀਆਂ ’ਕੱਠੀਆਂ ਹੋ ਕੇ ਤ੍ਰਿੰਝਣ ਲਾਉਂਦੀਆਂ ਸਨ। ਆਪਣੇ ਆਪਣੇ ਚਰਖੇ, ਬੋਹੀਏ ਵਿਚ ਪੂਣੀਆਂ ਤੇ ਬੈਠਣ ਲਈ ਪੀੜ੍ਹੀਆਂ ਲੈ ਕੇ ਇਕ ਮਿਥੇ ਹੋਏ ਘਰ ਵਿਚ ਪਹੁੰਚ ਜਾਂਦੀਆਂ ਸਨ। ਕੁੜੀਆਂ ਆਪਣੇ ਵਿਚੋਂ ਇਕ ਕੁੜੀ ਨੂੰ ਲੀਡਰ ਮਿਥ ਲੈਂਦੀਆਂ ਸਨ। ਲੀਡਰ ਆਮ ਤੌਰ ਤੇ ਉਸ ਕੁੜੀ ਨੂੰ ਮਿਥਿਆ ਜਾਂਦਾ ਸੀ, ਜਿਹੜੀ ਚਰਖਾ ਕੱਤਣ ਵਿਚ ਤੇਜ਼ ਹੁੰਦੀ ਸੀ। ਫੇਰ ਕੁੜੀਆਂ ਆਪਣੀਆਂ ਆਪਣੀਆਂ ਪੂਣੀਆਂ ਵਿਚੋਂ ਮਿਥੀ ਗਿਣਤੀ ਅਨੁਸਾਰ ਪੂਣੀਆਂ ਲੀਡਰ ਕੁੜੀ ਨੂੰ ਫੜਾਉਂਦੀਆਂ ਹੁੰਦੀਆਂ ਸਨ। ਉਹ ਲੀਡਰ ਕੁੜੀ ਇਕ ਕੁੜੀ ਦੀਆਂ ਪੂਣੀਆਂ ਲੈ ਕੇ ਉਸ ਦੇ ਉਪਰ ਦੂਜੀ ਕੁੜੀ ਦੀਆਂ ਪੂਣੀਆਂ ਕਰਾਸ ਬਣਾ ਕੇ, ਫੇਰ ਉਸ ਉਪਰ ਤੀਜੀ ਕੁੜੀ ਦੀਆਂ ਪੂਣੀਆਂ ਦਾ ਕਰਾਸ ਬਣਾ ਕੇ ਤੇ ਫੇਰ ਏਸੇ ਤਰ੍ਹਾਂ ਸਾਰੀਆਂ ਕੁੜੀਆਂ ਦੀਆਂ ਪੂਣੀਆਂ ’ਕੱਠੀਆਂ ਕਰ ਲੈਂਦੀ ਸੀ। ਇਨ੍ਹਾਂ ’ਕੱਠੀਆਂ ਕੀਤੀਆਂ ਪੂਣੀਆਂ ਦੇ ਗੁੱਛੇ ਛੱਜ ਵਿਚ ਰੱਖੇ ਜਾਂਦੇ ਸਨ। ਇਨ੍ਹਾਂ ’ਕੱਠੀਆਂ ਕੀਤੀਆਂ ਪੂਣੀਆਂ ਨੂੰ ਛੋਪ ਪਾਉਣਾ ਕਹਿੰਦੇ ਸਨ।

ਛੋਪ ਵਾਲੇ ਛੱਜ ਨੂੰ ਉਸ ਲੀਡਰ ਕੁੜੀ ਦੇ ਕੋਲ ਰੱਖ ਦਿੱਤਾ ਜਾਂਦਾ ਸੀ। ਗੋਲ ਘੇਰੇ ਵਿਚ ਚਰਖੇ ਡਾਹੇ ਜਾਂਦੇ ਸਨ। ਫੇਰ ਲੀਡਰ ਕੁੜੀ ਜਿਸ ਤਰਤੀਬ ਅਨੁਸਾਰ ਪੂਣੀਆਂ ਦਾ ਗੁੱਛਾ ਬਣਾਇਆ ਹੁੰਦਾ ਸੀ, ਉਸ ਤਰਤੀਬ ਅਨੁਸਾਰ ਹੀ ਪੂਣੀਆਂ ਦੇ ਇਕ ਗੁੱਛੇ ਨੂੰ ਕੁੜੀਆਂ ਵਿਚ ਵੰਡ ਦਿੰਦੀ ਸੀ। ਪੂਣੀਆਂ ਵੰਡਣ ਤੇ ਕੁੜੀਆਂ ਕੱਤਣਾ ਸ਼ੁਰੂ ਕਰਦੀਆਂ ਹੁੰਦੀਆਂ ਸਨ। ਏਸ ਤਰ੍ਹਾਂ ਛੋਪ ਦੇ ਸਾਰੇ ਪਾਏ ਸਾਰੇ ਗੁੱਛੇ



ਕੁੜੀਆਂ ਕੱਤਦੀਆਂ ਰਹਿੰਦੀਆਂ ਸਨ। ਏਸ ਕੱਤ ਕਤਾਈ ਦੇ ਵਿਚ ਹੀ ਕੁੜੀਆਂ ਦੀ ਆਪਸ ਵਿਚ ਨੋਕ ਝੋਕ ਵੀ ਚਲਦੀ ਰਹਿੰਦੀ ਸੀ। ਗੀਤ ਵੀ ਗਾਉਂਦੀਆਂ ਸਨ। ਭੁੱਜੇ ਦਾਣੇ, ਗੁੜ ਤੇ ਮੂੰਗਫਲੀ ਵੀ ਖਾਂਦੀਆਂ ਰਹਿੰਦੀਆਂ ਸਨ। ਜਦ ਇਨ੍ਹਾਂ ਤ੍ਰਿੰਝਣ ਕੱਤਦੀਆਂ ਕੁੜੀਆਂ ਦੇ ਵਿਆਹ ਹੋ ਜਾਂਦੇ ਸਨ, ਫੇਰ ਤਾਂ ਇਨ੍ਹਾਂ ਦਾ ਕਦੇ ਕਦਾਈਂ ਹੀ ਮੇਲ ਹੁੰਦਾ ਸੀ –

ਬੇੜੀ ਦਾ ਪੂਰ, ਤ੍ਰਿੰਝਣ ਦੀਆਂ ਕੁੜੀਆਂ,
ਸਬੱਬ ਨਾਲ ਹੋਣ ’ਕੱਠੀਆਂ।

ਇਨ੍ਹਾਂ ਤ੍ਰਿੰਝਣਾਂ ਵਿਚ ਕੱਤਦੀਆਂ ਕਈ ਮੁਟਿਆਰਾਂ ਦੇ ਰੰਗ-ਰੂਪ, ਜਵਾਨੀ, ਜੋਬਨ ਦੀ ਚਰਚਾ ਵੀ ਹੁੰਦੀ ਰਹਿੰਦੀ ਸੀ–

ਨਿੱਕੀ ਹੁੰਦੀ ਮੈਂ ਰਹੀ ਨਾਨਕੀਂ,
ਖਾਂਦੀ ਦੁੱਧ ਮਲਾਈਆਂ।
ਤੁਰਦੀ ਦਾ ਲੱਕ ਝੂਟੇ ਖਾਂਦਾ,
ਪੈਰੀਂ ਝਾਂਜਰਾਂ ਪਾਈਆਂ।
ਤ੍ਰਿੰਝਣਾਂ ’ਚ ਕੱਤਦੀ ਦਾ,
ਦੇਵੇ ਰੂਪ ਦੁਹਾਈਆਂ।

ਵਿਆਹ ਤੋਂ ਬਾਅਦ ਕਈ ਵੇਰ ਮਾਵਾਂ ਨੂੰ ਆਪਣੀ ਕੁੜੀ ਦੀਆਂ ਸਹੇਲੀਆਂ ਨੂੰ ਤ੍ਰਿੰਝਣਾਂ ਵਿਚ ਕੱਤਦੀਆਂ ਵੇਖ ਕੇ ਆਪਣੀਆਂ ਧੀਆਂ ਯਾਦ ਆ ਜਾਂਦੀਆਂ ਹਨ –

ਤ੍ਰਿੰਝਣਾਂ ਦੇ ਵਿਚ ਕੱਤਣ ਸਹੇਲੀਆਂ,
ਗੁੱਡੀਆਂ ਨਾਲ ਗੁੱਡੀਆਂ ਜੋੜ।
ਹੁਣ ਕਿਉਂ ਰੋਨੀ ਏਂ,
ਧੀਆਂ ਨੂੰ ਸਹੁਰੇ ਤੋਰ।

ਅੱਜ ਕੋਈ ਵੀ ਖੱਦਰ ਨਹੀਂ ਪਹਿਨਦਾ। ਚਰਖਾ ਕੱਤਣ ਦਾ ਰਿਵਾਜ ਵੀ ਨਾ ਦੇ ਬਰਾਬਰ ਹੀ ਹੈ। ਪਿੰਡਾਂ ਵਿਚ ਕੋਈ ਕੋਈ ਬੁੜੀ ਹੀ ਚਰਖਾ ਕੱਤਦੀ ਨਜ਼ਰ ਆਵੇਗੀ। ਹੁਣ ਪਿੰਡ ਪਿੰਡ ਸਕੂਲ ਖੁਲ੍ਹੇ ਹੋਏ ਹਨ। ਸਾਰੀਆਂ ਕੁੜੀਆਂ ਹੀ ਪੜ੍ਹਦੀਆਂ ਹਨ। ਅੱਜ ਦੀਆਂ ਬਹੁਤੀਆਂ ਕੁੜੀਆਂ ਚਰਖਾ ਕੱਤਣ ਹੀ ਨਹੀਂ ਜਾਣਦੀਆਂ। ਛੋਪ ਪਾ ਕੇ ਤ੍ਰਿੰਝਣ ਕੱਤਣਾ ਕੀ ਹੁੰਦਾ ਸੀ? ਅੱਜ ਦੀ ਕੋਈ ਵੀ ਕੁੜੀ ਨਹੀਂ ਦੱਸ ਸਕੇਗੀ, ਨਾ ਹੀ ਤੁਹਾਨੂੰ ਤ੍ਰਿੰਝਣ ਕਿਤੇ ਨਜ਼ਰ ਆਵੇਗਾ–

ਸੁੰਨੇ ਪਏ ਨੇ ਤ੍ਰਿੰਝਣ ਅੱਜ ਤੇਰੇ,
ਚਰਖੇ ਦੀ ਗੂੰਜ ਨਾ ਸੁਣੇ।

ਸਾਡਾ ਇਹ ਤ੍ਰਿੰਝਣਾਂ ਦਾ ਵਿਰਸਾ ਬਿਲਕੁਲ ਹੀ ਅਲੋਪ ਹੋ ਗਿਆ ਹੈ।



Academy of the Punjab in North America: http://www.apnaorg.com